# ਕੁਝ ਏਧਰੋਂ ਕੁਝ ਓਧਰੋਂ

***ਏਸੇ ਕਲਮ ਤੋਂ :***

- *ਸਚੇ ਦਾ ਸਚਾ ਢੋਆ*
- *ਊਜਲ ਕੈਹਾਂ ਚਿਲਕਣਾਂ*
- *ਯਾਦਾਂ ਭਰੀ ਚੰਗੇਰ*
- *ਬਾਤਾਂ ਬੀਤੇ ਦੀਆਂ*
- *ਜੋ ਵੇਖਿਆ ਸੋ ਆਖਿਆ*
- *ਸਿਧਰੇ ਲੇਖ*
- *ਸਾਦੇ ਸਿਧਰੇ ਲੇਖ*
- *ਜਿੰਨੇ ਮੂੰਹ ਓਨੀਆਂ ਗੱਲਾਂ*

# ਕੁਝ ਏਧਰੋਂ ਕੁਝ ਓਧਰੋਂ

**ਗਿਆਨੀ ਸੰਤੋਖ ਸਿੰਘ**
*ਆਸਟ੍ਰੇਲੀਆ*

*ਪ੍ਰਕਾਸ਼ਕ :*
**ਆਜ਼ਾਦ ਬੁੱਕ ਡਿਪੋ**
ਹਾਲ ਬਾਜ਼ਾਰ, ਅੰਮ੍ਰਿਤਸਰ

KUJH EDHRON KUJH ODHRON

*by*

SANTOKH SINGH

166 Rooty Hill Road
Eastern Creek, Sydney, NSW
Australia 2766

ISBN : 978-93-83116-95-9

ਪਹਿਲੀ ਵਾਰ ਅਕਤੂਬਰ ੨੦੧੯

**ਸਹਿਯੋਗ ਰਾਸ਼ੀ ^ A$ 10-00**
**200-00**

*ਪ੍ਰਕਾਸ਼ਕ :*
**ਆਜ਼ਾਦ ਬੁੱਕ ਡਿਪੋ**
ਹਾਲ ਬਾਜ਼ਾਰ, ਅੰਮ੍ਰਿਤਸਰ
*ਪ੍ਰਿੰਟਰਜ਼ :*
ਪ੍ਰਿੰਟਵੈੱਲ, ੧੪੬, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

# ਸਮਰਪਣ

ਪੰਜਾਬੀ ਪਾਠਕਾਂ ਦੀ ਸੇਵਾ ਵਿਚ,
ਜਿਨ੍ਹਾਂ ਦੇ ਉਤਸ਼ਾਹ ਸਦਕਾ
ਮੈਂ ਅੱਖਰ ਲਿਖਣ ਦੇ ਯੋਗ ਹੋਇਆ ਹਾਂ !

# ਕੋਈ ਕਾਪੀ ਰਾਈਟ ਨਹੀਂ

## ਬਿਨਾ ਆਗਿਆ ਕੋਈ ਵੀ ਛਾਪੇ

ਤਕਰੀਬਨ ਹਰੇਕ ਕਿਤਾਬ ਜਾਂ ਪ੍ਰਕਾਸ਼ਨਾ ਉਪਰ ਲਿਖਿਆ ਹੁੰਦਾ ਹੈ, "ਬਿਨਾ ਆਗਿਆ ਦੇ ਕੋਈ ਨਾ ਛਾਪੇ।" ਕਿਸੇ ਪ੍ਰਕਾਸ਼ਨਾ ਉਪਰ ਲੇਖਕ ਦੀ ਆਗਿਆ ਦੀ ਲੋੜ ਬਾਰੇ ਆਖਿਆ ਗਿਆ ਹੁੰਦਾ ਤੇ ਕਿਤੇ ਪ੍ਰਕਾਸ਼ਕ ਦੀ ਆਗਿਆ ਦੀ ਲੋੜ ਦਰਸਾਈ ਗਈ ਹੁੰਦੀ ਹੈ। ਅਜਿਹੀ ਲਿਖਤ ਤਕਰੀਬਨ ਸਾਰੇ ਹੀ ਲੇਖਕਾਂ ਦੀਆਂ ਕਿਤਾਬਾਂ ਉਪਰ ਅੰਕਤ ਹੁੰਦੀ ਹੈ; ਭਾਵੇਂ ਉਹ ਵੱਡੇ ਸਾਹਿਤਕਾਰ ਹੋਣ ਜਾਂ ਧਰਮ ਦੇ ਵੱਡੇ ਪ੍ਰਚਾਰਕ ਹੀ ਹੋਣ!

ਸਾਲਾਂ ਦੀ ਮੇਹਨਤ, ਖ਼ਰਚ, ਖੇਚਲ਼ ਆਦਿ ਨਾਲ਼ ਪਾਠਕਾਂ ਦੇ ਹੱਥਾਂ ਵਿਚ ਪਹੁੰਚਣ ਯੋਗ ਕੋਈ ਪੁਸਤਕ ਤਿਆਰ ਕਰਨ ਵਾਲ਼ੇ ਦਾ ਇਹ ਪੂਰਾ ਹੱਕ ਬਣਦਾ ਹੈ ਕਿ ਉਹ ਕਿਸੇ ਵਿਅਕਤੀ ਜਾਂ ਪ੍ਰਕਾਸ਼ਕ ਅਦਾਰੇ ਨੂੰ, ਉਸ ਦੀ ਕਿਰਤ ਨੂੰ ਵਰਤਣ ਦੀ ਆਗਿਆ ਦੇਵੇ ਜਾਂ ਨਾ ਦੇਵੇ। ਅਜਿਹੇ ਹੱਕ ਦੀ ਮੰਗ ਕਰਨੀ ਨਾ ਕਿਸੇ ਕਾਨੂੰਨ ਦੇ ਵਿਰੁਧ ਹੈ ਤੇ ਨਾ ਹੀ ਧਰਮ ਦੇ। ਇਸ ਉਪਰ ਉਸ ਦੇ ਲੇਖਕ ਜਾਂ ਪ੍ਰਕਾਸ਼ਕ ਦਾ ਪੂਰਾ ਹੱਕ ਹੈ ਤੇ ਇਸ ਦੀ ਉਲੰਘਣਾ ਕਰਨ ਵਾਲ਼ੇ ਦੇ ਖ਼ਿਲਾਫ਼ ਕਾਨੂੰਨੀ ਚਾਰਾਜੋਈ ਵੀ ਹੋ ਸਕਦੀ ਹੈ।

ਮੇਰੀ ਬੇਨਤੀ ਹੈ ਕਿ ਕੋਈ ਵੀ ਸੱਜਣ ਜਾਂ ਅਦਾਰਾ, ਮੇਰੀ ਕਿਸੇ ਵੀ ਲਿਖਤ ਨੂੰ ਵਰਤਣ ਵਿਚ ਝਿਜਕ ਨਾ ਮਹਿਸੂਸ ਕਰੇ ਤੇ ਬੇਝਿਜਕ ਹੋ ਕੇ, ਜਿਥੇ ਚਾਹੇ ਵਰਤੇ। ਇਸ ਲਈ ਮੈਂ ਵਿਚਾਰ ਬਣਾਇਆ ਹੈ ਕਿ ਅੱਗੇ ਤੋਂ ਆਪਣੀ ਹਰੇਕ ਕਿਤਾਬ ਵਿਚ, ਇਕ ਪੰਨੇ ਉਪਰ ਇਹ ਸੰਦੇਸ਼ ਛਪਵਾਇਆ ਕਰਾਂ ਕਿ ਇਸ ਕਿਤਾਬ ਵਿਚੋਂ ਕੋਈ ਵੀ ਸੱਜਣ ਜਾਂ ਅਦਾਰਾ, ਪੂਰੀ ਕਿਤਾਬ, ਇਸ ਦਾ ਕੋਈ ਇਕ ਲੇਖ ਜਾਂ ਲੇਖ ਦਾ ਕੋਈ ਵੀ ਹਿੱਸਾ ਕਿਸੇ ਵੀ ਰੂਪ ਵਿਚ ਵਰਤ ਸਕਦਾ ਹੈ। ਜੇਕਰ ਉਹ ਉਸ ਲਿਖਤ ਦੇ ਨਾਲ਼ ਮੇਰਾ ਨਾਂ ਤੇ ਉਸ ਕਿਤਾਬ ਦਾ ਨਾਂ, ਜਿਸ ਵਿਚੋਂ ਉਹ ਹਿੱਸਾ ਲਿਆ ਗਿਆ ਹੋਵੇ, ਦਾ ਜ਼ਿਕਰ ਕਰ ਦੇਵੇ ਤਾਂ ਉਸ ਦੀ ਮੇਹਰਬਾਨੀ, ਨਹੀਂ ਤਾਂ ਵੈਸੇ ਹੀ ਮੈਂ ਉਸ ਦਾ ਧੰਨਵਾਦੀ ਹੋਵਾਂਗਾ।

ਪਾਠਕਾਂ ਦਾ ਧੰਨਵਾਦੀ

**ਸੰਤੋਖ ਸਿੰਘ**

gianisantokhsingh@yahoo.com.au
+੬੧ ੨ ੯੮੬੪ ੫੨੬੮

# ਤਤਕਰਾ


*ਆਸਟ੍ਰੇਲੀਆ ਵਾਸੀ ਗਿਆਨੀ ਸੰਤੋਖ ਸਿੰਘ* ੯

*ਆੜ੍ਹਤੀਆਂ ਦਾ ਮੁਨੀਮ ਜਦੋਂ ਪ੍ਰੋਫ਼ੈਸਰ ਲੱਗ ਜਾਵੇ* ੧੦

*ਗਿਆਨੀ ਸੰਤੋਖ ਸਿੰਘ ਸਿਡਨੀ ਵਾਲ਼ਾ* ੧੨

- ਆ ਉਤਰਨਾ ਮੇਰਾ ਵੀ ਆਸਟ੍ਰੇਲੀਆ ਵਿਚ ੨੫
- ਯਾਤਰਾ ਸਿਡਨੀ ਦੇ ਚਾਰ ਹਸਪਤਾਲਾਂ ਦੀ ੩੮
- ਸਿਨੇਮਾ ਤੇ ਮੈਂ ੪੬
- ਪਹਿਲੀ ਯਾਤਰਾ ਸ੍ਰੀ ਪਟਨਾ ਸਾਹਿਬ ਜੀ ਦੀ ੫੧
- ਨੋਟਬੰਦੀ ੬੨
- ਦੁਬਈ ਦੀ ਯਾਤਰਾ ੭੦
- ਕਬਹੂ ਜੀਅੜਾ ਊਭਿ ਚੜਤੁ ਹੈ ਕਬਹੂ ਜਾਇ ਪਇਆਲੇ ੭੫
- ਗੁਰਦੁਆਰਾ ਸਿੱਖ ਸੈਂਟਰ, ਪਾਰਕਲੀ ੭੮
- ਹਰਿ ਹਰਿ ਨਾਮ ਕਥਾ ਨਿਤ ਸੁਣੀਐ ੮੬
- ਜ਼ੁਲਮੀ ਦਿਨਾਂ ਦੀ ਯਾਦ ੮੯
- ਪੀਐਚ.ਡੀ. ੯੧
- ਮੇਰੇ ਸ਼ਬਦ ਜੋੜਾਂ ਵਿਚਲਾ 'ਘੀਚਮਚੋਲਾ ੯੪
- ਧਰਨਾ? ੯੭
- ਲੋਹੜੀ ਦੀ ਇਕ ਯਾਦ ੧੦੨
- ਸਿਡਨੀ ਵਾਲ਼ੀਆਂ ਸਾਲਾਨਾ ਸਿੱਖ ਖੇਡਾਂ ੧੦੩
- ਸ੍ਰੀ ਮਾਨ ਸੰਤ ਚੰਨਣ ਸਿੰਘ ਜੀ ੧੦੭
- ਜਥੇਦਾਰ ਮੋਹਨ ਸਿੰਘ ਤੁੜ ੧੨੧
- ਸ. ਦਵਿੰਦਰ ਸਿੰਘ ਧਾਰੀਆ ੧੩੩
- ਸੁਖਵੰਤ ਕੌਰ ਪੰਨੂ ੧੩੯

- ਅੰਮ੍ਰਿਤਸਰ ਦੀ ੨੦੧੮ ਵਾਲ਼ੀ ਯਾਤਰਾ ੧੪੨
- ਮੁਫ਼ਤ ਭੇਟਾ ਕੀਤੀਆਂ ਗਈਆਂ ਕਿਤਾਬਾਂ ੧੫੮
- ਅਖ਼ਬਾਰਾਂ ਅਤੇ ਮੈਂ ੧੬੦
- ਨਿਊ ਸਾਊਥ ਵੇਲਜ਼ ੧੬੫
- ਆਸਟ੍ਰੇਲੀਆ ਦਾ ਸਭ ਤੋਂ ਵੱਡਾ ਸ਼ਹਿਰ ਸਿਡਨੀ ੧੬੮
- ਹੋ-ਹੱਲਾ ਤੇ ਵਾ-ਵੇਲਾ ੧੭੧
- ਮਾੜੀ ਧਾੜ ਗ਼ਰੀਬਾਂ ਉਤੇ ੧੭੩
- ਅੰਤਿਕਾ

  ਸ. ਬਲਵੰਤ ਸਿੰਘ ਰਾਮੂਵਾਲੀਆ ਜੀ ਨਾਲ਼ ਚਿੱਠੀ-ਪੱਤਰ ੧੭੯

### ਪੰਜਾਬੀ ਸਾਹਿਤ ਨੂੰ ਪ੍ਰਸ਼ਾਦ ਵਾਂਗ ਵੰਡ ਕੇ ਭਰਪੂਰ ਵਧਾਵਾ ਦੇਣ ਵਾਲੇ

# ਆਸਟ੍ਰੇਲੀਆ ਵਾਸੀ ਗਿਆਨੀ ਸੰਤੋਖ ਸਿੰਘ

ਗਿਆਨੀ ਸੰਤੋਖ ਸਿੰਘ ਇਕ ਅਸਲੋਂ ਵਿਲੱਖਣ ਸਰਲ ਤੇ ਸਾਦਗੀ ਵਾਲਾ ਜੀਵਨ ਜਿਉਣ ਵਾਲੀ ਤੇ ਪੰਜਾਬੀ ਸਾਹਿਤ ਨੂੰ ਡੂੰਘਾ ਪਿਆਰ ਕਰਨ ਵਾਲੀ ਸ਼ਖ਼ਸੀਅਤ ਹਨ। ਉਹ ਦਹਾਕਿਆਂ ਤੋਂ ਸੰਸਾਰ ਭਰ ਵਿੱਚ ਵਿਚਰ ਰਹੇ ਹਨ। ਆਪਣੇ ਪੱਲਿਓਂ ਇਮਾਨਦਾਰੀ ਨਾਲ਼ ਕਮਾਇਆ ਧਨ ਲਾ ਕੇ, ਪੰਜਾਬੀ ਭਾਸ਼ਾ ਤੇ ਗੁਰਮੁਖੀ ਅੱਖਰਾਂ 'ਚ ਪ੍ਰਕਾਸ਼ਤ ਕਰਵਾ ਕੇ, ਪੜ੍ਹਨ-ਪੜ੍ਹਾਉਣ ਵਾਲੇ ਪਾਠਕਾਂ ਨੂੰ ਵੰਡ ਕੇ, ਗਿਆਨੀ ਜੀ ਪੰਜਾਬੀ ਮਾਂ-ਬੋਲੀ ਦੇ ਸੱਚੇ ਸਪੂਤ ਵਾਲਾ ਕਾਰਜ ਕਰ ਰਹੇ ਹਨ। ਪੰਜਾਬ ਦੀ ਮਿੱਟੀ ਦੀ ਮਹਿਕ ਉਹਨਾਂ ਨੂੰ ਕੁਝ ਕੁ ਮਹੀਨਿਆਂ ਮਗਰੋਂ ਹੀ ਏਥੇ ਲੈ ਆਉਂਦੀ ਹੈ। ਗਿਆਨੀ ਜੀ ਪੰਜਾਬੀਆਂ ਦੇ ਦਿਲਾਂ 'ਚ ਵੱਸਦੇ ਹਨ। ਫੇਸਬੁੱਕ 'ਤੇ ਉਹਨਾਂ ਦੀਆਂ ਪੇਸ਼ਕਾਰੀਆਂ ਵੇਖਣ ਨੂੰ ਹਲਕੀਆਂ-ਫੁਲਕੀਆਂ ਹੁੰਦੀਆਂ ਹਨ। ਇਹ ਪੜ੍ਹਨ ਵੇਲੇ ਸਾਨੂੰ ਮੁਸਕਾਨਾਂ ਤੇ ਹਾਸੇ ਵੰਡਦੀਆਂ ਹਨ। ਪਰੰਤੂ ਹੁੰਦੀਆਂ ਬਹੁਤ ਹੀ ਕੀਮਤੀ ਹਨ। ਸਾਡੇ ਸਮੇ ਦੇ ਇਸ ਸੁਘੜ ਸਿਆਣੇ ਗੁਰਮੁਖ ਇਨਸਾਨ ਪ੍ਰਤੀ ਮੇਰੇ ਦਿਲ 'ਚ ਡੂੰਘਾ ਸਤਿਕਾਰ ਹੈ।

ਮੈਂ ਗਿਆਨੀ ਜੀ ਦੀ ਸਰੀਰਕ ਸਿਹਤਯਾਬੀ ਤੇ ਲੰਮੀ ਅਰਥ ਭਰਪੂਰ ਉਮਰ ਦੀ ਕਾਮਨਾ ਕਰਦਿਆਂ ਸਮੂਹ ਫੇਸਬੁੱਕ 'ਤੇ ਹਾਜ਼ਰ ਮਿੱਤਰਾਂ ਨੂੰ ਉਨ੍ਹਾਂ ਦੀਆਂ ਪੋਸਟਾਂ ਦਾ ਯੋਗ ਲਾਹਾ ਲੈਣ ਦੀ ਨਿਮਰਤਾ ਸਹਿਤ ਗੁਜ਼ਾਰਸ਼ ਕਰਦਾ ਹਾਂ।

**ਸੁਰਿੰਦਰ ਸਿੰਘ ਨਿਮਾਣਾ**

# ਆੜ੍ਹਤੀਆਂ ਦਾ ਮੁਨੀਮ ਜਦੋਂ ਪ੍ਰੋਫ਼ੈਸਰ ਲੱਗ ਜਾਵੇ

ਤਾਇਆ ਸੰਤੋਖ ਸਿੰਘ ਸੱਪ ਦੀ ਖੱਡ ’ਤੇ ਚਾਹ ਬਣਾ ਕੇ ਪੀਣ ਵਾਲਾ ਬੰਦਾ। ਉਸ ਦੀ ਗੜਵੀ ਚੋਂ ਫੇਰ ਜਿਹੜਾ ਦੋ ਘੁੱਟਾਂ ਪੀ ਲੈਂਦਾ, ਉਹ ਵੀ ਕਿੱਕਰ ’ਤੇ ਚੜ੍ਹੀ ਕਾਟੋ ਵਾਂਗ ਕਲੋਲਾਂ ਕਰਦਾ। ਬਰਸੀਣ ’ਚ ਬੈਠੇ ਖ਼ਰਗੋਸ਼ ਵਾਂਗ ਉਹ ਬਾਹਰ ਤੋਂ ਵੇਖਣ ’ਚ ਬਹੁਤ ਸਿੱਧਾ ਲਗਦਾ ਪਰ ਜਦੋਂ ਉਹ ਸ਼ਿਕਾਰੀਆਂ ਸਾਹਮਣੇ ਦਸ ਦਸ ਫ਼ੁੱਟ ਦੀਆਂ ਛਾਲਾਂ ਮਾਰਦਾ ਤਾਂ ਉਹਨਾਂ ਨੂੰ ਬਾਜ਼ੀਗਰ ਦੀ ਲਾਈ ਸੂਲੀ ਦੀ ਛਾਲ ਯਾਦ ਆ ਜਾਂਦੀ ਐ।

ਖ਼ਾਲੀ ਝੋਲ਼ਾ ਲੈ ਕੇ ਘਰੋਂ ਤੁਰਿਆ ਤਾਇਆ ਜਦੋਂ ਆਪਣੇ ਝੋਲ਼ੇ ’ਚੋਂ ਕੱਢ ਕੇ ਕਿਸੇ ਨੂੰ ਆਪਣੀ ਲਿਖੀ ਕਿਤਾਬ ਫੜਾਉਂਦਾ ਤਾਂ ਇੰਜ ਲਗਦਾ ਜਿਵੇਂ ਆੜ੍ਹਤੀਆਂ ਦਾ ਮੁਨੀਮ ਪ੍ਰੋਫ਼ੈਸਰ ਲੱਗ ਗਿਆ ਹੋਵੇ।

ਸੈਂਟਰਲ ਅਫ਼ਰੀਕਾ ਤੋਂ ਤੁਰਿਆ ਹਾਲੇ ਉਹ ਰੁਕਿਆ ਨਹੀਂ। ਅਸਲ ’ਚ ਇਹਦੇ ਪਿੱਛੇ ਵੀ ਇਕ ਰਾਜ਼ ਐ। ਤਾਏ ਨੂੰ ਪਤਾ ਬਈ ਸੁੱਕੇ ਖਾਲ਼ਾਂ ’ਚ ਤਾਂ ਘਾਹ ਹੀ ਜੰਮਦਾ ਪਰ ਵਗਦਿਆਂ ’ਚ ਲੋਕ ਬੇੜੀਆਂ ਵੀ ਤਾਰ ਦਿੰਦੇ ਐ। ਉਹ ਵੀ ਡਾਲਰਾਂ ਆਲੀਆਂ ਹਾਹਾਹਾ!

ਤਾਇਆ ਜਿੱਥੇ ਵੀ ਰਾਤ ਕੱਟਦਾ, ਉਥੇ ਆਪਣਾ ਕਛਹਿਰਾ ਜ਼ਰੂਰ ਭੁੱਲਦਾ। ਇਹਦੇ ਵਿਚ ਵੀ ਮੈਨੂੰ ਤਾਏ ਦੀ ਕੋਈ ਚਾਲ ਈ ਲਗਦੀ ਐ। ਬਈ ਤਾਏ ਦੇ ਦੁਨੀਆਂ ਤੋਂ ਜਾਣ ਤੋਂ ਬਾਅਦ ਲੋਕ ਕਿਹਾ ਕਰਨਗੇ, ਫ਼ਲਾਣੇ ਦੇ ਘਰ ਤਾਏ ਸੰਤੋਖ ਸਿੰਘ ਦਾ ਕਛਹਿਰਾ ਪਿਆ, ਚਲੋ ਦਰਸ਼ਨ ਕਰਕੇ ਆਈਏ।

ਤਾਏ ਦੇ ਜਗਤ ਤਾਇਆ ਹੋਣਾ ਬਹੁਤ ਰਾਸ ਆਇਆ। ਵਿਆਹ ਆਲ਼ੀ ਪ੍ਰੋਹਤਣੀ ਵਾਂਗ ਉਹ ਜਿਹੜੇ ਵੀ ਚੁਲ੍ਹੇ ’ਤੇ ਬੈਠਦਾ, ਉਸ ਦੇ ਭਤੀਜੇ ਉਸ ਦੁਆਲੇ ਤੀਵੀਂਆਂ ਵਾਂਗ ਘੇਰਾ ਘੱਤ ਕੇ ਬੈਠ ਜਾਂਦੇ ਨੇ। ਫੇਰ ਉਹ ਉਹਨਾਂ ਨੂੰ ਭੁੱਜੇ ਛੋਲਿਆਂ ਵਾਲੇ ਝੋਲ਼ੇ ਨੂੰ ਡਾਲਰਾਂ ਨਾਲ਼ ਭਰਨ, ਗੁਰਦੁਆਰਿਆਂ ’ਚ ਰਾਤਾਂ ਕੱਟਣ, ਸਿੱਖਾਂ ਵੱਲੋਂ ਖੋਤਿਆਂ ਦੀ ਪ੍ਰਧਾਨਗੀ ਵਰਗੇ ਕਿੱਸੇ ਇੰਜ ਸੁਣਾਉਂਦਾ ਜਿਵੇਂ ਡਾਕਟਰ, ਕੰਪੋਡਰ ਨੂੰ ਸੂਆ ਲਾਉਣ ਦਾ ਵੱਲ ਦੱਸ ਰਿਹਾ ਹੋਵੇ।

ਤਾਏ ਦੀਆਂ ਗੱਲਾਂ ਕੜਾਹ ਵਰਗੀਆਂ ਨਹੀਂ, ਗੁਲਗਲਿਆਂ ਵਰਗੀਆਂ, ਜਿਨ੍ਹਾਂ ਨੂੰ ਖਾਣ ਲਈ ਚਮਚੇ ਦੀ ਲੋੜ ਨਹੀਂ ਪੈਂਦੀ। ਤਾਏ ਦੀ ਕਿਤਾਬ ‘ਜਿੰਨੇ ਮੂੰਹ ਓਨੀਆਂ ਗੱਲਾਂ’ ਤਾਏ ਦੀਆਂ ਕਲਾਬਾਜ਼ੀਆਂ ਦੀ ਬਾਤ ਪਾਉਂਦੀ ਐ।

ਤਾਇਆ ਕਿਤਾਬ ’ਚ ਟੋਟਕੇ ਬਹੁਤ ਸੁਣਾਉਂਦਾ। ਕਹਿੰਦੇ, ਇਕ ਵਾਰੀ ਇਕ ਮੀਰਜ਼ਾਦਾ ਗੁੜ ਪਿਆ ਵੰਡੇ। ਲੋਕਾਂ ਨੇ ਗੁੜ ਵੰਡਣ ਦਾ ਕਾਰਨ ਪੁੱਛਿਆ ਤਾਂ ਉਹ ਕਹਿਣ ਲੱਗਾ ਕਿ ਉਸ ਦੀ ਘੋੜੀ ਚੋਰੀ ਹੋ ਗਈ ਐ। ਲੋਕ ਕਹਿੰਦੇ ਕਿ ਇਹਦੇ ਵਿਚ ਖ਼ੁਸ਼ੀ

ਮਨਾਉਣ ਵਾਲੀ ਕਿਹੜੀ ਗੱਲ ਹੋਈ? ਉਹ ਕਹਿੰਦਾ ਕਿ ਸ਼ੁਕਰ ਕਰੋ ਜਦੋਂ ਘੋੜੀ ਚੋਰੀ ਹੋਈ ਤਾਂ ਮੈਂ ਘੋੜੀ ’ਤੇ ਨਹੀਂ ਬੈਠਾ ਸੀ, ਨਹੀਂ ਤਾਂ ਮੈਂ ਵੀ ਚੋਰੀ ਹੋ ਜਾਣਾ ਸੀ।

ਬਾਬੇ ਦੀ ਦਾਲ਼ ਵਿਚ ਘਿਉ ਪਾਉਣ ਵੇਲੇ ਪੁੱਛ ਪੁਛਈਏ ਦੀ ਕੀ ਲੋੜ ਐ! ਪੁੰਨ ਦੀ ਗਾਂ ਦੇ ਦੰਦ ਨਹੀਂ ਗਿਣੀਦੇ ਵਰਗੇ, ਲਫ਼ਜ਼ਾਂ ਦੇ ਘੋੜੇ ਕਿਤਾਬ ਨੂੰ ਭਜਾਈ ਰੱਖਦੇ ਨੇ।

ਚੈਨ ਸਿੰਘ ਸੈਣੀ ਵਰਗੇ ਬੰਦੇ ਪਤਾ ਨਹੀਂ ਕਿਹੜੇ ਪੱਤਣਾਂ ਦੇ ਤਾਰੂ ਸੀ, ਜਿਸ ਨੇ ਦਰਬਾਰ ਸਾਹਿਬ ’ਤੇ ਹਮਲੇ ਬਾਰੇ ਕਈ ਸਾਲ ਪਹਿਲਾਂ ਹੀ ਭਵਿੱਖਬਾਣੀ ਕਰ ਦਿੱਤੀ ਸੀ।

ਨਨਕਾਣਾ ਸਾਹਿਬ ਦੇ ਕਾਤਲਾਂ ਦਾ ਅੰਤ ਕਿਵੇਂ ਹੋਇਆ, ਉਹ ਇਸ ਕਿਤਾਬ ਦਾ ਹਾਸਲ ਐ। ਨਰੈਣੂੰ ਮਹੰਤ ਦੇ ਲਗੌੜਾਂ ਨੂੰ ਸਿੰਘਾਂ ਨੇ ਵਾਹਣਾਂ ’ਚ ਭਜਾ ਭਜਾ ਕੇ ਚਾਹਟਾ ਛਕਾਇਆ।

ਤਾਏ ਦੀ ਕਿਤਾਬ ਪੜ੍ਹ ਕੇ ਲੱਗਿਆ ਬਈ ਅਵੱਲਪੁਣੇ ਤੇ ਝੱਲਪੁਣੇ ਵਿਚ ਜਿਹੜੇ ਨਜ਼ਾਰੇ ਨੇ ਉਹ ਤਾਂ ਘੋੜੀ ਗੁੰਮ ਹੋਣ ’ਤੇ ਮਰਾਸੀ ਦੇ ਗੁੜ ਵੰਡਣ ਵਰਗੇ ਨੇ, ਜਿਨ੍ਹਾਂ ਦਾ ਸਵਾਦ ਚਰ੍ਹੀ ਦੇ ਖੇਤ ਵਿਚ ਆਪ ਮੁਹਾਰੇ ਉਗੀ ਵੇਲ ਨਾਲ਼ੋਂ ਤੋੜ ਕੇ ਖਾਧੇ ਚਿੱਭੜਾਂ ਵਰਗਾ ਐ।

ਤਾਏ ਦੀ ਕਿਤਾਬ ਨੇ ਮੇਰੇ ਬੜੀਆਂ ਚੂੰਢੀਆਂ ਵੱਢੀਆਂ : ਬਈ ਤੂੰ ਏਥੇ ਬੈਠਾ ਕੀ ਮੂੰਗੀ ਦਲ ਰਿੰਅਾਂ! ਐਡਾ ਜਹਾਨ ਅਜੇ ਗਾਹਣ ਨੂੰ ਪਿਆ।

ਮੈਨੂੰ ਤਾਏ ਨਾਲ਼ ਈਰਖਾ ਵੀ ਬਹੁਤ ਐ; ਬਈ ਤਾਇਆ ਕਿੱਕਰਾਂ ਦੀ ਦਾਤਣ ਕਰਦਾ ਕਰਦਾ ਸਾਰੀ ਦੁਨੀਆਂ ਦੇ ਅਖਰੋਟਾਂ ਦਾ ਸੁਆਦ ਵੇਖ ਗਿਆ ਤੇ ਏਥੇ ਰੋਜ਼ ਅਮ੍ਰੀਕਾ ਦੀ ਕੰਪਨੀ ਦਾ ਬੁਰਸ਼ ਕਰਨ ਵਾਲੇ ਘਰ ਦੀ ਚਾਹ ਵਿਚ ਹੀ ਮੁੱਛਾਂ ਲਬੇੜ ਕੇ ਆਪਣੀ ਪਿੱਠ ਥਾਪੜੀ ਜਾਂਦੇ ਐ।

ਤਾਇਆ ਐਦਾਂ ਹੀ ਰੂਹਾਂ ਦੇ ਮੇਲੇ ਲਾ ਕੇ, ਆਪਣੇ ਪੜ੍ਹਨ ਵਾਲਿਆਂ ਨੂੰ ਚਾਵਾਂ ਦੀ ਪੀਂਘ ਝੁਟਾਉਂਦਾ ਰਹੇ! ਏਹੀ ਅਰਦਾਸ ਐ।

ਤਾਏ ਦੇ ਬੋਲ ਰੂਹ ਨੂੰ ਜਿਵੇਂ ਆਪਣੇ ਕਲਾਵੇ ਵਿਚ ਲੈ ਕੇ ਕਹਿੰਦੇ ਨੇ,

**“ਕੱਤ ਲੈ ਕੋਈ ਸੱਧਰਾਂ ਦੀ ਪੂਣੀ,**
**ਕੋਈ ਭਾਂਬੜ ਬਾਲ਼ ਕੇ ਵੇਖ, ਐਵੇਂ ਨਾ ਸੇਕੀ ਜਾਹ ਧੂਣੀ।”**

**ਮਨਜੀਤ ਸਿੰਘ ਰਾਜਪੁਰਾ**

# ਗਿਆਨੀ ਸੰਤੋਖ ਸਿੰਘ ਸਿਡਨੀ ਵਾਲ਼ਾ

੬ ਜੂਨ, ੧੯੯੪ ਵਾਲ਼ਾ ਦਿਨ। ਤਕਰੀਬਨ ਪੰਜ ਦਿਨ ਪਹਿਲਾਂ ਹੀ ਮੈਂ ਮਲੇਸ਼ੀਆ ਤੋਂ ਏਥੇ ਸਿਡਨੀ ਵਿਚ ਉਤਾਰਾ ਕੀਤਾ ਸੀ। ਕਾਫ਼ੀ ਉਦਰੇਵੇਂ ਤੇ ਇਕੱਲਤਾ ਕਾਰਨ ਅਚਵੀ ਜਿਹੀ ਲੱਗੀ ਪਈ ਸੀ। ਜਾਣਾ ਕਿਧਰ ਨੂੰ ਸੀ? ਕਿਸੇ ਨਾਲ਼ ਕੋਈ ਜਾਣ ਪਛਾਣ ਹੀ ਨਹੀਂ ਸੀ। ਬਾਹਰ ਪੀਲ਼ੀ ਧੁੱਪ ਸਿਆਲ਼ ਦੀ। ਖੁਲ੍ਹੇ ਵੇਹੜੇ ਵਿਚ ਥੋਹੜਾ ਵਕਤ ਤੁਰ ਫਿਰ ਕੇ ਅੰਦਰ ਆ ਵੜਿਆ। ਖ਼ਿਆਲਾਂ ਦੀ ਘੜਮੱਸ ਚੱਲ ਰਹੀ ਸੀ। ਮੰਜੇ 'ਤੇ ਡਿੱਗ ਕੇ ਉਸਲਵੱਟੇ ਜਿਹੇ ਲੈਂਦਿਆਂ ਨੂੰ ਅਚਾਨਕ ਪੈਂਦ ਵੱਲ ਪਿਆ ਫ਼ੋਨ ਰੌਲ਼ਾ ਪਾਉਣ ਲੱਗਾ। "ਇਹ ਕੀਹਦਾ ਆ ਗਿਆ?" ਬੁੜਬੁੜਾਉਂਦਿਆਂ ਸੋਚ ਆਈ ਕਿ ਸ਼ਾਇਦ ਕਮੇਟੀ ਦੇ ਕਿਸੇ ਚੌਧਰੀ ਦਾ ਹੋਵੇ! "ਹੈਲੋ ਜੀ" ਮੈਂ ਉਚਰਿਆ ਹੀ ਸੀ ਕਿ ਪਰਿਉਂ ਭਾਰੀ ਤੇ ਮਿੱਠੀ ਆਵਾਜ਼ ਵਿਚ ਗੁਰਫ਼ਤਿਹ ਧਾ ਕੇ ਮਿਲ਼ੀ।

ਇਹ ਸਨ ਗਿਆਨੀ ਸੰਤੋਖ ਸਿੰਘ ਜੀ ਏਸੇ ਹੀ ਸ਼ਹਿਰ ਤੋਂ। ਰਾਜ਼ੀ ਖ਼ੁਸ਼ੀ, ਧੰਨਵਾਦ। ਫਿਰ ਸੰਖੇਪ ਜਿਹੀ ਜਾਣ ਪਛਾਣ। ਕਿਥੋਂ, ਕਿਵੇਂ, ਮੈਂ ਮੇਰਾ, ਧਾਡਾ, ਆਪਣਾ ਆਦਿ ਕਰਦਿਆਂ ਦਸ ਕੁ ਮਿੰਟ ਗੁਜ਼ਰ ਗਏ। ਇਕ ਆਪਣੇਪਣ ਦੀ ਥੋਹੜੀ ਜਿਹੀ ਮਹਿਕ ਮਹਿਸੂਸ ਹੋਈ। ਅੱਧਾ ਕੁ ਘੰਟਾ ਅਸੀਂ ਬੋਲੀ ਗਏ। "ਤੁਹਾਡਾ ਮੁਖ ਵਿਸ਼ਾ ਕੇਹੜਾ ਹੈ? ਕਥਾ ਜਾਂ ਕੀਰਤਨ?" ਗਿਆਨੀ ਜੀ ਨੇ ਠਾਹ ਦੇਣੀ ਪੁੱਛ ਰੂਪੀ ਸੋਟਾ ਮਾਰਿਆ। "ਆਪਾਂ ਜੀ ਕੀਰਤਨ ਕਰਦੇ ਹਾਂ", ਸਾਧਾਰਨ ਜਿਹਾ ਉਤਰ ਸੀ ਮੇਰਾ। ਪਰ ਥੋਹੜੇ ਚਿਰ ਪਿੱਛੋਂ ਜਦੋਂ ਅਸੀਂ ਖੁਲ੍ਹ ਵਿਚਰੇ ਤਾਂ ਉਹਨਾਂ ਇਹ ਗੱਲ ਚਿਤਾਰੀ ਕਿ ਮੈਂ ਕਥਾ, ਲੈਕਚਰ ਵੱਲ ਵਧੇਰੇ ਉਲਾਰ ਹਾਂ।

ਅਚਾਨਕ ਸਾਡਾ ਸੰਪਰਕ ਠੁੱਸ ਹੋ ਗਿਆ। ਇਕ ਹਫ਼ਤੇ ਪਿੱਛੋਂ ਮੈਂ ਪੰਜਾਬ ਨੂੰ ਭੱਜ ਨਿਕਲ਼ਿਆ ਕਿਉਂਕਿ ਕਿਸੇ ਨੇ ਫ਼ੋਨ ਰਾਹੀਂ ਮੈਨੂੰ ਝੂਠੀ ਖ਼ਬਰ ਸੁਣਾ ਦਿਤੀ ਕਿ ਮੇਰੀ ਮਾਂ ਚਲਾਣਾ ਕਰ ਗਈ ਹੈ। ਮੁੜ ਦੋ ਮਹੀਨੇ ਬਾਅਦ ਹੀ ਸਾਡੇ ਸੰਪਰਕ ਫਿਰ ਸਾਧੇ ਗਏ। ਮਲੇਸ਼ੀਆ ਦੀ ਜਜ਼ਬਾਤੀ ਖਿੱਚ ਅਤੇ ਏਥੋਂ ਦਾ ਇਕੱਲਾਪਣ ਮੈਨੂੰ ਭਾਜੜਾਂ ਪਾ ਰਿਹਾ ਸੀ। ਗੁਰਦੁਆਰਾ ਸਾਹਿਬ ਸਿੱਖ ਸੈਂਟਰ ਪਾਰਕਲੀ, ਜੋ ਕਿ ਅਜ ਕਲ੍ਹ ਪਾਰਕਲੀ ਦੀ ਥਾਂ ਗਲੈਨਵੁੱਡ ਬਣ ਗਿਆ ਹੈ, ਓਥੇ ਗਿਆਨੀ ਜੀ, ਦੇਸ ਗਏ ਗ੍ਰੰਥੀ ਸਿੰਘ ਦੀ ਥਾਂ ਡੰਗ ਸਾਰੂ ਗ੍ਰੰਥੀ ਵਜੋਂ ਸੇਵਾ ਨਿਭਾ ਰਹੇ ਸਨ। ਗਿਆਨੀ ਜੀ ਰਾਗੀ ਤਾਂ ਸਨ ਪਰ ਮੈਨੂੰ ਉਹ ਰਾਗੀ ਨਾਲ਼ੋਂ ਭਾਸ਼ਨਕਾਰ ਵਧੇਰੇ ਲੱਗ ਰਹੇ ਸਨ। ਮੈਂ ਸਿਰਫ਼ ਧਾਰਨਾਂ ਤੇ ਸਾਧਾਰਨ ਰੀਤਾਂ ਵਿਚ ਹੀ ਕੀਰਤਨ ਜਾਣਦਾ ਹੋਣ ਕਰਕੇ, ਰਾਗਾਂ ਵਿਚ ਕੀਰਤਨ ਸਿੱਖਣ ਵਾਸਤੇ ਉਹਨਾਂ ਨੂੰ ਬੇਨਤੀ ਕੀਤੀ। "ਭਾਈ ਹਰਮਿੰਦਰ ਸਿੰਘ ਜੀ, ਜੇਹੜਾ ਤੁਸੀਂ ਕੀਰਤਨ ਕਰਦੇ ਹੋ, ਬੜਾ ਵਧੀਆ ਹੈ ਤੇ ਸੰਗਤਾਂ ਵੀ ਤੁਹਾਡੇ ਕੀਰਤਨ 'ਤੇ ਖ਼ੁਸ਼ ਹਨ।" ਪਰ ਮੇਰੀ ਜ਼ਿਦ 'ਤੇ ਉਹਨਾਂ ਨੇ ਮੈਨੂੰ ਰਾਗ

ਵਿਚ ਕੀਰਤਨ ਸਿਖਾਉਣਾ ਸ਼ੁਰੂ ਕਰ ਦਿਤਾ। ਇਕ ਸ਼ਬਦ ਬਿਲਾਵਲ ਰਾਗ ਅਤੇ ਤਿੰਨ ਤਾਲ ਵਿਚ ਉਹਨਾਂ ਨੇ ਮੈਨੂੰ ਸਿਖਾਉਣਾ ਆਰੰਭ ਕਰ ਦਿਤਾ ਪਰ ਇਸ ਸ਼ਬਦ ਤੋਂ ਮੈਂ ਅੱਗੇ ਨਾ ਵਧ ਸਕਿਆ ਕਿਉਂਕਿ ਸਾਡੇ ਦੋਹਾਂ ਦੇ ਸਿਰ ਉਪਰ ਹੀ ਪੰਥ, ਕੌਮ, ਸਿੱਖੀ, ਅਕਾਲੀ ਲੀਡਰਸ਼ਿਪ, ਖਾੜਕੂ ਲਹਿਰ, ਖ਼ਾਲਿਸਤਾਨ, ਪੰਜਾਬੀ, ਗੁਰਮੁਖੀ, ਗੁਰਬਾਣੀ ਆਦਿ ਵਿਸ਼ੇ ਏਨੀ ਸ਼ਿੱਦਤ ਨਾਲ਼ ਸਵਾਰ ਸਨ ਕਿ ਅਸੀਂ ਜਿਉਂ ਗੱਲੀਂ ਪੈਣਾ ਤਾਂ ਪਤਾ ਹੀ ਨਾ ਲੱਗਣਾ ਕਿ ਕਦੋਂ ਰਹਰਾਸਿ ਦਾ ਸਮਾ ਹੋ ਗਿਆ ਤੇ ਮੈਂ 'ਰਾਗ ਰੰਗ' ਵਾਲ਼ਾ ਵਿਸ਼ਾ ਵਿਚੇ ਛੱਡ ਕੇ ਭੱਜ ਪੈਣਾ ਆਪਣੇ ਸਥਾਨ ਵੱਲ ਨੂੰ। ਕੀਰਤਨ ਸਿੱਖਣ ਦੇ ਥਾਂ ਮੈਂ ਗਿਆਨੀ ਜੀ ਦੇ ਇਤਿਹਾਸਕ, ਰਾਜਨੀਤਕ, ਧਾਰਮਿਕ ਵਿਚਾਰਾਂ ਨੂੰ ਚੌਕੜੀ ਮਾਰ ਕੇ ਸੁਣਦੇ ਰਹਿਣਾ।

ਇਕ ਸਾਲ ਪਿੱਛੋਂ ਮੈਂ ਮਲੇਸ਼ੀਆ ਵੱਲ਼ ਦੌੜਨ ਦਾ ਤਹਈਆ ਕਰ ਲਿਆ। ਗਿਆਨੀ ਜੀ ਨੇ ਤਰ੍ਹਾਂ ਤਰ੍ਹਾਂ ਦੀਆਂ ਦਲੀਲਾਂ, ਸਲਾਹਾਂ ਦੇ ਦੇ ਕੇ ਮੈਨੂੰ ਰੋਕਣ ਲਈ ਵਾਹ ਜਹਾਨ ਦੀ ਲਾਈ ਪਰ ਮੈਂ ਟੱਸ ਤੋਂ ਮੱਸ ਨਾ ਹੋਇਆ। ਗਿਆਨੀ ਜੀ ਦੀ ਇਕ ਨਾ ਮੰਨੀ। ਗੁਰਦੁਆਰਾ ਸਾਹਿਬ ਟਰਾਮਰਾ ਵਿਚ, ਮੇਰੀ ਵਿਦਾਇਗੀ ਸਮੇ ਸਜੇ ਦੀਵਾਨ ਵਿਚ ਉਹਨਾਂ ਨੇ ਬੜੀ ਵਧੀਆ ਤਕਰੀਰ ਕੀਤੀ। ਘਰ ਨੂੰ ਮੁੜਦਿਆਂ ਆਪਣੀ ਕਾਲ਼ੀ ਗੁਰਗਾਬੀ ਪਾਉਂਦਿਆਂ ਮੈਨੂੰ ਆਖਣ ਲੱਗੇ, "ਤੇਰਾ ਯਾਰ ਗਰੇਵਾਲ (ਸਿਡਨੀ ਵਾਸੀ ਸਾਡਾ ਸਾਂਝਾ ਮਿੱਤਰ ਸ. ਹਰਚਰਨ ਸਿੰਘ) ਕਹਿੰਦਾ ਸੀ ਕਿ ਇਹਨੇ ਟਿਕਣਾ ਨਹੀਂ। ਇਸ ਨਾਲ਼ ਭਕਾਈ ਮਾਰਨ ਦਾ ਕੋਈ ਲਾਭ ਨਹੀਂ। ਅੰਨ੍ਹੇ ਦੇ ਪੈਰ ਹੇਠ ਬਟੇਰਾ ਆ ਜਾਣ ਵਾਲ਼ੀ ਗੱਲ ਹੈ ਤੇਰੀ। ਦੁਨੀਆਂ ਏਧਰ ਆਉਣ ਲਈ ਹਰ ਵਸੀਲਾ ਵਰਤਣ ਲਈ ਤਿਆਰ ਬੈਠੀ ਹੈ। ਤੇਰੇ ਵਰਗੇ ਨੌਂਤੀ ਸੌਆਂ ਦੇ ਆਏ ਦਿਨ ਫ਼ੋਨ ਆਉਂਦੇ ਰਹਿੰਦੇ ਨੇ ਕਿ ਸਾਨੂੰ ਬੁਲਾ ਲਉ। ਤੇਰੀ ਤੇ ਉਹ ਗੱਲ ਹੈ ਕਿ ਕਿਸੇ ਜਾਨਵਰ ਨੂੰ ਘਿਉ ਦੇਣ ਦਾ ਯਤਨ ਕੀਤਾ ਤਾਂ ਅੱਗੋਂ ਬਣਾ ਸਵਾਰ ਕੇ ਕਹਿੰਦਾ, 'ਛੱਡ ਯਾਰ ਮੇਰੇ ਕੰਨ ਨਾ ਮਰੋੜ।' ਨਾ ਜੁਆਕ ਨਾ ਜਲ੍ਹਾ ਮਲੇਸ਼ੀਆ 'ਚ ਤੇਰਾ। ਨਿਰੋਲ ਜਜ਼ਬਾਤੀਪਣ! ਆਪਣੇ ਪਰਵਾਰ ਦਾ ਭਵਿਖ ਸਵਾਰੋ। ਤੁਸੀਂ ਲੋਕਾਂ ਮਗਰ ਨੱਠੇ ਫਿਰਦੇ ਹੋ। ਚਲੋ, ਜੋ ਭਾਵੇ ਕਰਤਾਰ! ਪਰ ਯਾਦ ਰੱਖੀਂ, ਪਛਤਾਵੇਂਗਾ ਇਕ ਦਿਨ!" ਠਾਹ ਦੇ ਕੇ ਉਹਨਾਂ ਨੇ ਪੈਰ ਜ਼ਮੀਨ 'ਤੇ ਮਾਰਿਆ। ਸ਼ਾਇਦ ਕੋਈ ਸੁੰਡੀ ਗੁਰਗਾਬੀ ਉਪਰ ਬੈਠ ਗਈ ਸੀ! "ਹੁਣ ਵਾਹਿਗੁਰੂ ਕਹੋ ਗਿਆਨੀ ਜੀ! ਭਲਾ ਹੋਇਆ ਮੇਰਾ ਚਰਖਾ ਟੁੱਟਾ...।" ਮੈਂ ਹਵਾਈ ਘੋੜੇ ਉਪਰ ਸਵਾਰ ਸਾਂ। ਅਕਲ ਨੂੰ ਅਲੀਗੜ੍ਹ ਵਾਲ਼ਾ ਤਾਲਾ ਲਾ ਰੱਖਿਆ ਸੀ। ਇਕੱਲੇਪਣ ਦਾ ਭੈ ਮੈਨੂੰ ਭਜਾ ਰਿਹਾ ਸੀ। ਜਜ਼ਬਾਤੀਪਣ ਖਿੱਚ ਕੇ ਲਿਜਾ ਰਿਹਾ ਸੀ।

ਮੈਂ ੯ ਸਾਲ ਦਾ ਸਮਾ ਮਲੇਸ਼ੀਆ, ਪੰਜਾਬ, ਪੰਜਾਬ ਮਲੇਸ਼ੀਆ ਵਿਚ ਫੁੱਟਬਾਲ ਵਾਂਗ ਰਿੜ੍ਹਦਾ ਰਿਹਾ। ਕਦੀ ਕਦਾਈਂ ਸਾਡਾ ਸੰਪਰਕ ਫ਼ੋਨਾਂ ਰਾਹੀਂ ਬਣਿਆ ਰਿਹਾ। ਸਿਡਨੀਉਂ ਜਾ ਕੇ, "ਔਲ਼ੇ ਦਾ ਖਾਧਾ ਤੇ ਸਿਆਣੇ ਦਾ ਕਿਹਾ" ਵਾਲ਼ੀ ਕਹਾਵਤ ਮੁੜ ਮੁੜ ਮੇਰੇ ਜ਼ਿਹਨ ਵਿਚ ਘੁੰਮਣ ਲੱਗੀ। ਜਜ਼ਬਾਤ ਠਰ ਰਹੇ ਸਨ, ਸੋਚਾਂ ਪੱਧਰ ਹੋ ਰਹੀਆਂ ਸਨ। ਗੁਰਦੁਆਰਾ

ਪਾਰਕਲੀ ਦੇ ਉਦਘਾਟਨੀ ਸਮਾਰੋਹ ਵਿਚ ਮੈਨੂੰ ਸ਼ਾਮਲ ਹੋਣ ਲਈ ਸੱਦਾ ਪੱਤਰ ਵੀ ਇਹਨਾਂ ਨੇ, ਕਮੇਟੀ ਵੱਲੋਂ ਭਿਜਵਾਇਆ ਪਰ ਮੇਰਾ ਸਿਡਨੀ ਆਉਣ ਦਾ ਸਬੱਬ ਨਾ ਬਣ ਸਕਿਆ।

੨੦੦੧ ਵਿਚ ਮੈਂ ਕੁਆਲਾਲੰਪੁਰ ਦੇ ਗੁਰਦੁਆਰਾ ਮੈਣ ਦੁਆਬ ਵਿਚ ਸੇਵਾ ਨਿਭਾ ਰਿਹਾ ਸਾਂ। ਅਚਾਨਕ ਇਕ ਦਿਨ ਕੀ ਵੇਖਦਾ ਹਾਂ ਕਿ ਗਿਆਨੀ ਸੰਤੋਖ ਸਿੰਘ ਜੀ ਢਿਚਕੂੰ ਮਾਰਦੇ ਤੁਰੇ ਆ ਰਹੇ ਹਨ। ਮੈਂ ਚਿਰੀ ਵਿਛੁੰਨੇ ਮਿੱਤਰ ਵਾਂਗ ਨੱਠ ਕੇ ਧਾ ਗਲਵੱਕੜੀ ਪਾਈ। ਫ਼ਤਿਹ ਫ਼ਤੂਹੀ ਤੇ ਸੁੱਖ ਸਾਂਦ ਪੁੱਛਣ ਪਿੱਛੋਂ ਮੈਂ, "ਕਿਵੇਂ ਦਰਸ਼ਨ ਦਿਤੇ?" ਪੁੱਛਿਆ ਤਾਂ ਉਹਨਾਂ ਨੇ ਦੱਸਿਆ ਕਿ ਉਹਨਾਂ ਦੇ ਪੁਰਾਣੇ ਮਿੱਤਰ ਸ. ਕੁਲਜੀਤ ਸਿੰਘ ਦੀਆਂ ਦੋ ਭਾਣਜੀਆਂ ਦਾ ਈਪੋ ਵਿਚ ਵਿਆਹ ਹੈ ਤੇ ਉਸ ਵਿਆਹ ਵਿਚ ਸ਼ਾਮਲ ਹੋਣ ਲਈ ਗਿਆਨੀ ਜੀ ਪਧਾਰੇ ਹਨ। ਅਗਲੇ ਦਿਨ ਉਹਨਾਂ ਦੇ ਪਰਮ ਮਿੱਤਰ ਸ. ਕੁਲਜੀਤ ਸਿੰਘ ਨੇ, ਸਮੇਤ ਪਰਵਾਰ ਦਿੱਲੀਉਂ ਆਉਣਾ ਹੈ ਤੇ ਫਿਰ ਸਾਰਿਆਂ ਨੇ ਇਕੱਠੇ ਹੀ ਕੁਆਲਾਲੰਪਰ ਵੱਲ ਨੂੰ ਚਾਲੇ ਪਾਉਣੇ ਹਨ। ਗੁਰਦੁਆਰਾ ਸਾਹਿਬ ਵਿਖੇ ਜੂਨ ੧੯੮੪ ਦੇ ਘੱਲੂਘਾਰੇ ਦਾ ਦਿਵਸ ਮਨਾਇਆ ਜਾ ਰਿਹਾ ਸੀ। ਮੈਂ ਸੈਕਟਰੀ ਸ. ਰਣਜੋਧ ਸਿੰਘ ਜੀ ਨਾਲ਼ ਗਿਆਨੀ ਜੀ ਦੀ ਜਾਣ ਪਛਾਣ ਕਰਵਾਈ। ਉਹਨਾਂ ਨੇ ਗਿਆਨੀ ਜੀ ਨੂੰ ਘੱਲੂਘਾਰੇ ਸਬੰਧੀ ਬੋਲਣ ਲਈ ਪੂਰੇ ਇਕ ਘੰਟੇ ਦਾ ਸਮਾ ਦਿਤਾ। ਗਿਆਨੀ ਜੀ ਨੇ ਲੜੀ ਬੰਨ੍ਹ ਕੇ, ਕਰੁਣਾਮਈ ਅੰਦਾਜ਼ ਵਿਚ, ਧਰਮਯੁੱਧ ਮੋਰਚੇ ਅਤੇ ਘੱਲੂਘਾਰੇ ਉਪਰ ਤੱਥਾਂ ਤੇ ਪ੍ਰਮਾਣਾਂ ਦੀ ਝੜੀ ਲਾਉਂਦਿਆਂ, ਦਰਦ ਵਿਚ ਲਬਰੇਜ਼ ਅਲੰਕਾਰਾਂ ਨਾਲ਼, ਸੰਗਤਾਂ ਨੂੰ ਹੰਝੂ ਕੇਰਨ ਲਾ ਦਿਤਾ। ਗਿਆਨੀ ਜੀ ਦੀ ਮਿਕਨਾਤੀਸੀ ਖਿੱਚ ਵਾਲ਼ੀ ਬਿਆਨ ਯੋਗਤਾ ਤੋਂ, ਸਭ ਤੋਂ ਵਧੇਰੇ ਪ੍ਰਭਾਵਤ ਸੈਕਟਰੀ ਰਣਜੋਧ ਸਿੰਘ ਹੋਇਆ ਤੇ ਉਸ ਨੇ ਆਖਿਆ, "ਮੈਂ ਕਮੇਟੀ ਦੀ ਮੀਟਿੰਗ 'ਚ ਗੱਲ ਕਰਕੇ, ਫੇਰ ਗਿਆਨੀ ਸੰਤੋਖ ਸਿੰਘ ਜੀ ਨੂੰ ਇਕ ਮਹੀਨੇ ਵਾਸਤੇ ਏਥੇ ਬੁਲਾਵਾਂਗਾ।" "ਸਤਿ ਬਚਨ ਜੀ" ਆਖ ਕੇ ਗਿਆਨੀ ਜੀ ਪ੍ਰਸੰਨ ਹੋ ਗਏ।

ਮਸਲਿਆਂ, ਮੁਸ਼ਕਲਾਂ ਅਤੇ ਪਰਵਾਰਕ ਉਦੇਸ਼ਾਂ ਨੂੰ ਮੁੜ ਵਿਚਾਰ ਕੇ ਮੈਂ ਸਿਡਨੀ ਆਉਣ ਦੀ ਝਾਕ ਵਿਚ, ਮੈਲਬਰਨ ਆ ਉਤਰਿਆ। ੨੦੦੪ ਵਾਲ਼ਾ ਸਾਲ ਸੀ। ਪੈਂਦੀ ਸੱਟੇ ਹੀ ਮੈਂ ਗਿਆਨੀ ਜੀ ਨੂੰ ਫ਼ੋਨ ਮਾਰ ਧਰਿਆ। "ਜੀ ਆਇਆਂ ਨੂੰ! ਹੁਣ ਫੇਰ ਤੇ ਨਹੀਂ ਭੱਜਣ ਦਾ ਇਰਾਦਾ?" ਖ਼ੁਸ਼ੀ ਦੀ ਲੋਰ ਵਿਚ ਉਹ ਹੁੰਗਾਰੇ। "ਨਹੀਂ ਨਹੀਂ, ਸੇਵਾ ਕਰਨ ਆਏ ਹਾਂ ਤੁਹਾਡੇ ਆਸਟ੍ਰੇਲੀਆ ਵਿਚ।" ਮੈਂ ਜਵਾਬ ਮੋੜਿਆ। "ਓਦੋਂ ਕੇਹੜਾ ਮੱਕੀ ਗੋਡਣ ਆਇਆ ਸੀ!" "ਤੁਹਾਡੀਆਂ ਮੱਤਾਂ ਥੋਹੜਾ ਲੇਟ ਸਮਝ ਪਈਆਂ, ਗਿਆਨੀ ਜੀ!" "ਥੋਹੜਾ ਲੇਟ ਨਹੀਂ, ਬਹੁਤਾ ਹੀ ਲੇਟ। ਗੋਡੇ ਗਿੱਟੇ ਭਨਾ ਕੇ ਅਕਲ ਆਈ ਤਾਂ ਕੀ ਆਈ! ਪਰ ਤੇਰੇ ਆਉਣ ਨਾਲ਼ ਮੈਨੂੰ ਇਕ ਹੋਰ ਵੀ ਖ਼ੁਸ਼ੀ ਹੋਈ ਹੈ। ਉਹ ਇਹ ਕਿ ਮੈਨੂੰ ਕੁਝ ਲੋਕੀਂ ਆਸਟ੍ਰੇਲੀਆ ਵਿਚ ਇਕ ਨੰਬਰ ਦਾ ਸਿਧਰਾ ਮੰਨਦੇ ਸੀ ਪਰ ਹੁਣ ਇਕ ਨੰਬਰ ਤੇਰਾ ਹੋ

ਗਿਆ ਤੇ ਮੈਂ ਦੂਜੇ ਨੰਬਰ 'ਤੇ ਆ ਗਿਆ। ਇਹ ਨੰਬਰ ਵਾਲ਼ੀ ਖੋਜ ਵੀ ਆਪਣੇ ਸਾਂਝੇ ਮਿੱਤਰ ਗਰੇਵਾਲ ਨੇ ਹੀ ਕੀਤੀ ਹੈ।"

ਅਸੀਂ ਦੋਵੇਂ ਠਹਾਕਾ ਮਾਰ ਕੇ ਹੱਸੇ ਤੇ ਫ਼ੋਨ ਕੱਟ ਦਿਤਾ।

ਗਿਆਨੀ ਜੀ ਦੇ ਮਸਤਕ ਦਾ ਗਿਆਨ ਦੀਵਾ ਘਰ 'ਚੋਂ ਹੀ ਬਲ਼ਿਆ ਹੈ। ਪਿਤਾ ਭਾਈ ਗਿਆਨ ਸਿੰਘ ਜੀ ਨੇ ਪਹਿਲਾਂ ਪਿੰਡ ਵਿਚ ਖੇਤੀ ਕਰਨ ਸਮੇ, ਕਣਕ, ਮਕਈ ਆਦਿ ਗੋਡਦਿਆਂ ਤੇ ਹੋਰ ਖੇਤੀ ਦੇ ਕਾਰਜ ਕਰਨ ਦੌਰਾਨ ਹੀ ਗਿਆਨੀ ਜੀ ਨੂੰ ਗੁਰਮੁਖੀ ਅੱਖਰਾਂ ਅਤੇ ਗੁਰਬਾਣੀ ਦਾ ਗਿਆਨ ਦੇ ਦਿਤਾ। ਫਿਰ ਅੰਮ੍ਰਿਤਸਰ ਆ ਕੇ, ਪਿਤਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁਖ ਗ੍ਰੰਥੀ ਦੀ ਸੇਵਾ ਵਿਚ ਲੱਗ ਗਏ ਤੇ ਇਹਨਾਂ ਨੂੰ ਆਪਣੇ ਨਾਲ਼ ਹੀ ਲੈ ਆਏ। ਏਥੇ ਆ ਕੇ ਇਹਨਾਂ ਦੇ ਸਾਹਮਣੇ ਗਿਆਨ ਦਾ ਸਮੁੰਦਰ ਹੀ ਖੁਲ੍ਹ ਗਿਆ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਲਾਇਬ੍ਰੇਰੀ ਦੀ ਚਾਬੀ ਤਾਂ ਇਹਨਾਂ ਦੇ ਕੋਲ਼ ਹੀ ਹੁੰਦੀ ਸੀ। ਇਸ ਤੋਂ ਇਲਾਵਾ ਸ੍ਰੀ ਗੁਰੂ ਰਾਮ ਦਾਸ ਲਾਇਬ੍ਰੇਰੀ, ਰੋਜ਼ਾਨਾ ਸਜਣ ਵਾਲ਼ੇ ਧਾਰਮਿਕ ਦੀਵਾਨਾਂ ਵਿਚ ਵਿਦਵਾਨਾਂ ਦੇ ਵਿਖਿਆਨ ਸੁਣ ਸੁਣ ਕੇ ਗੁਰਮਤਿ ਗਿਆਨ ਦੇ ਦੀਵੇ ਦੀ ਰੋਸ਼ਨੀ ਵਿਚ ਹੋਰ ਵਾਧਾ ਹੋਇਆ। ਕੁਝ ਵੱਡੇ ਹੋਏ ਤਾਂ ਪਿਤਾ ਦੇ ਰਸੂਖ਼ ਸਦਕਾ, ਛੋਟੀ ਉਮਰ ਅਤੇ ਸਕੂਲੀ ਵਿੱਦਿਆ ਤੋਂ ਵਿਹੀਨ ਹੋਣ ਦੇ ਬਾਵਜੂਦ ਵੀ, ਸ਼ਹੀਦ ਸਿੱਖ ਮਿਸ਼ਨਰੀ ਕਾਲਜ ਵਿਖੇ ਦਾਖ਼ਲਾ ਮਿਲ਼ ਗਿਆ। ਓਥੇ ਪ੍ਰਿੰਸੀਪਲ ਸਾਹਿਬ ਸਿੰਘ ਜੀ ਦੀ ਸਰਪ੍ਰਸਤੀ ਹੇਠ, ਗੁਰਮਤਿ ਸੰਗੀਤ ਅਤੇ ਗੁਰਮਤਿ ਗਿਆਨ ਵਿਚ ਵਾਧਾ ਕੀਤਾ। ਦਮਦਮੀ ਟਕਸਾਲ, ਚੀਫ਼ ਖ਼ਾਲਸਾ ਦੀਵਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਅਕਾਲੀ ਦਲ, ਭਗਤ ਪੂਰਨ ਸਿੰਘ ਜੀ, ਪ੍ਰੋ. ਪ੍ਰੀਤਮ ਸਿੰਘ ਵਰਗੇ ਸਮਾਜ ਸੇਵੀ ਅਤੇ ਵਿਦਵਾਨਾਂ ਦੀ ਸੰਗਤ, ਗੁਰੂ ਨਾਨਕ ਯੂਨੀਵਰਸਿਟੀ ਦੇ ਵਿਦਵਾਨ ਪ੍ਰੋਫ਼ੈਸਰ ਸਾਹਿਬਾਨ ਦਾ ਸੰਗ ਪ੍ਰਾਪਤ ਹੋਣ ਕਰਕੇ, ਬਹੁ ਪੱਖੀ ਵਿੱਦਿਆ ਦੇ ਧਾਰਨੀ ਬਣੇ। ਅੰਮ੍ਰਿਤਸਰ ਦੀ ਰਿਹਾਇਸ਼ ਦਾ ਲਾਭ ਇਹ ਹੋਇਆ ਕਿ ਏਥੇ ਵਿਦਵਾਨਾਂ ਦਾ ਸੰਪਰਕ, ਖੋਜ ਦੇ ਵਸੀਲੇ, ਹਰ ਪ੍ਰਕਾਰ ਦੇ ਸਾਧਨ ਹੋਣ ਕਰਕੇ ਸੋਚ ਦੇ ਪੱਧਰ ਨੂੰ ਉਡਾਰੀਆਂ ਮਾਰਨ ਦਾ ਮੌਕਾ ਮਿਲਦਾ ਰਿਹਾ। ਫਿਰ, "ਕਿਰਤ ਵਿਰਤ ਕਰ ਧਰਮ ਦੀ..." ਅਨੁਸਾਰ, ਸ਼੍ਰੋਮਣੀ ਗੁ. ਪ੍ਰ. ਕਮੇਟੀ ਅਧੀਨ ਹੀ ਸੇਵਾ ਕਰਨ ਦਾ ਸਬੱਬ ਬਣਿਆਂ। ਅਕਾਲੀ ਰਾਜਨੀਤਕ ਨੇਤਾਵਾਂ ਨਾਲ਼ ਪੀ.ਏ. ਵਜੋਂ ਸੇਵਾ ਵੀ ਨਿਭਾਉਂਦੇ ਰਹੇ ਤੇ ਪ੍ਰਚਾਰਕ ਦੀ ਸੇਵਾ ਵੀ ਕੀਤੀ।

ਫਿਰ ਸਮਾ ਆ ਗਿਆ ਬਾਹਰ ਦੀ ਉਡਾਰੀ ਮਾਰਨ ਦਾ। ਭਾਂਤ ਭਾਂਤ ਦੀਆਂ ਧਰਤੀਆਂ ਅਫ਼ਰੀਕਾ, ਯੂਰਪ, ਏਸ਼ੀਆ, ਅਮ੍ਰੀਕਾ, ਕੈਨੇਡਾ, ਇੰਗਲੈਂਡ ਆਦਿ ਮੁਲਕਾਂ ਦੀਆਂ ਉਡਾਰੀਆਂ ਲਾਉਂਦੇ ਰਹੇ। ਬੜਾ ਲੰਮਾ ਚੌੜਾ ਪਸਾਰਾ ਹੈ ਗਿਆਨੀ ਜੀ ਦੀਆਂ ਨੱਠਾਂ ਭੱਜਾਂ ਦਾ। ਕਿਥੇ ਗਏ, ਕਦੋਂ ਗਏ, ਕਿਉਂ ਗਏ? ਕੇਹੜਾ ਮਿਲ਼ਿਆ ਤੇ ਕੇਹੜਾ ਟੱਕਰਿਆ। ਕਿਥੇ ਫੁੱਲਾਂ ਦੇ ਹਾਰ ਪਏ ਤੇ ਕਿਥੇ...? ਤਾਮਰ ਪੱਤਰ ਕਿਥੋਂ ਤੇ ਲਾਹ ਪਾਹ ਕਿਥੋਂ? ਕੇਹੜੇ

ਗੁਰਦੁਆਰੇ ਦੇ ਪ੍ਰਬੰਧਕਾਂ ਤੇ ਸੇਵਾਦਾਰਾਂ ਨੇ 'ਜੀ ਆਇਆਂ' ਆਖਿਆ ਅਤੇ ਪੁੱਠੇ ਪੈਰੀਂ ਕਿਥੋਂ ਨੱਠੇ? ਬੜੇ ਹੀ ਸੰਕੋਚਵੇਂ ਅੱਖਰਾਂ ਵਿਚ ਉਹਨਾਂ ਨੇ ਆਪਣੀਆਂ ਲਿਖਤਾਂ ਵਿਚ ਜ਼ਿਕਰ ਕਰ ਦਿਤਾ ਹੈ। ਆਪਣੇ ਚਲਾਏ ਹਫ਼ਤਾਵਾਰੀ 'ਸਿੱਖ ਸਮਾਚਾਰ ਸਿਡਨੀ' ਰਾਹੀਂ ਅਪ੍ਰੈਲ ੧੯੯੫ ਤੋਂ ਜਿਉਂ ਕਲਮ ਨੂੰ ਵਾਹਣੀਂ ਪਾਇਆ, ਬੱਸ ਅਜੇ ਤੱਕ ਚੱਲ ਸੋ ਚੱਲ ਹੀ ਹੈ। ਲੇਖਕ, ਕਥਾ ਵਾਚਕ, ਗੁਣੀ ਗਿਆਨੀ, ਰਾਗੀ, ਗ੍ਰੰਥੀ, ਕਵੀ, ਪ੍ਰਚਾਰਕ, ਪ੍ਰਬੰਧਕ ਬੇਅੰਤ ਹਨ ਸੰਸਾਰ ਵਿਚ ਪਰ ਗਿਆਨੀ ਸੰਤੋਖ ਸਿੰਘ ਇਹਨਾਂ ਸਭ ਵਸਤੂਆਂ ਦਾ ਰਲ਼-ਗੱਡ ਜਿਹਾ ਹਨ। ਪ੍ਰਬੰਧਕ ਦੇ ਰੂਪ ਵਿਚ ਸਭ ਤੋਂ ਵਧੇਰੇ ਫ਼ੇਹਲ ਹਨ। ਇਹ 'ਪਦਵੀ' ਇਹਨਾਂ ਨੂੰ, ੧੯੭੦ ਵਿਚ ਹੀ ਬਜ਼ੁਰਗ ਅਕਾਲੀ ਆਗੂ, ਸੰਤ ਚੰਨਣ ਸਿੰਘ ਜੀ ਨੇ ਹੀ ਦਿਤੀ ਸੀ, ਇਹ ਆਖਦਿਆਂ, "ਸੰਤੋਖ ਸਿਹਾਂ, ਤੂੰ ਵਿਦਵਾਨ ਤੇ ਬੜਾ ਏਂ ਪਰ ਪ੍ਰਬੰਧਕ ਨਹੀਂ।"

ਇਹਨਾਂ ਦਾ ਪਤਾ ਨਹੀਂ ਲੱਗਦਾ ਕਿ ਕਦੋਂ ਐਡੀਲੇਡ ਤੋਂ, ਰਮਤਿਆਂ ਵਾਂਗ ਮੈਲਬਰਨ ਆ ਵੱਜਣ ਤੇ ਚਾਹ ਖ਼ਾਲੀ ਗਲਾਸ ਸਿੰਕ ਉਪਰ ਸੁੱਟਦਿਆਂ ਮੈਨੂੰ ਆਖਣ, "ਸੁਣਾ ਫਿਰ, ਤੇਰਾ ਖ਼ਾਲਿਸਤਾਨ ਵਾਲ਼ਾ ਬੁਖ਼ਾਰ ਅਜੇ ਉਤਰਿਆ ਕਿ ਨਹੀਂ?" "ਸੰਤ ਜੀ ਦੇ ਬੋਲ ਹਨ ਗਿਆਨੀ ਜੀ, ਜਦੋਂ ਹਰਿਮੰਦਰ ਸਾਹਿਬ ਵਿਚ ਫ਼ੌਜ ਵੜੀ, ਖ਼ਾਲਿਸਤਾਨ ਦੀ ਨੀਂਹ ਰੱਖੀ ਜਾਵੇਗੀ। ਹੁਣ ਮੁੱਕਰ ਕਿਵੇਂ ਸਕਦੇ ਹਾਂ? ਭਗੌੜੇ ਤੇਰੇ 'ਕਾਲੀ ਹਨ, ਅਸੀਂ ਨਹੀਂ। ਸ਼ਹੀਦਾਂ ਨੇ ਲਹੂ ਡੋਹਲ ਕੇ ਗਵਾਹੀ ਪਾਈ ਹੈ।" ਮੈਂ ਫੱਟ ਜਵਾਬ ਮੋੜਿਆ। ਗਿਆਨੀ ਜੀ ਨੇ ਅੱਗੋਂ ਪਾਣੀ ਮਾਰਵੀਂ ਜਿਹੀ ਦਲੀਲ ਦਿੰਦਿਆਂ ਆਖਿਆ, "ਉਹ ਤਾਂ ਜਥੇਦਾਰ ਫ਼ਲਾਣਾ ਸੋਂਹ ਨੇ ਆਖਿਆ ਸੀ ਕਿ ਸੰਤ ਜੀ ਨੇ ਸ਼ਾਇਦ ਸਰਕਾਰ ਨੂੰ ਅਜਿਹੀ ਧਮਕੀ ਦੇ ਕੇ ਫ਼ੌਜੀ ਹਮਲਾ ਰੋਕਣਾ ਚਾਹਿਆ ਹੋਵੇਗਾ! ਅੱਗੇ ਤੇਰੀ ਮਰਜ਼ੀ!" ਆਖ ਕੇ ਗਿਆਨੀ ਜੀ ਨੇ ਮੇਰੀ ਫੂਕ ਕਢ ਦਿਤੀ। ਉਹਨਾਂ ਦੀ ਗੱਲ ਕੱਟਦਿਆਂ ਮੈਂ ਵਿਚਾਰ ਪਲ਼ਟੇ, "ਕਿਉਂ ਸਵੇਰੇ ਸਵੇਰੇ ਆਪਾਂ ਜਾਭਾਂ ਦਾ ਭੇੜ ਕਰਨਾ ਹੈ? ਹਾਲੇ ਹੁਣੇ ਹੁਣੇ ਨਿਤਨੇਮ ਕਰਕੇ ਹਟੇ ਹਾਂ।"

ਮੈਂ ਇਸ ਅਸਹਿਮਤੀ ਵਾਲ਼ੇ ਸਬਜੈਕਟ ਤੋਂ ਖਹਿੜਾ ਛੁਡਾਉਣ ਲਈ ਗੱਲ ਦੂਜੇ ਪਾਸੇ ਪਾਉਂਦਿਆਂ ਆਖਿਆ, "ਚੜ੍ਹਦੀ ਜਵਾਨੀ 'ਚ ਤੁਹਾਨੂੰ ਵਾਹਿਗੁਰੂ ਨੇ ਕਿੰਨਾ ਚੰਗਾ ਪਲੇਟ ਫ਼ਾਰਮ ਦਿਤਾ ਸੀ। ਦੋਹਾਂ ਹੀ ਸਿੱਖ ਜਥੇਬੰਦੀਆਂ ਦੇ ਪ੍ਰਧਾਨਾਂ ਦਾ ਵਾਰੀ ਵਾਰੀ ਪੀ.ਏ. ਬਣਨਾ। ਜੇ ਤੁਹਾਡੇ ਪੈਰ ਵਿਚ ਚੱਕਰ ਨਾ ਹੁੰਦਾ, ਅੰਮ੍ਰਿਤਸਰ ਹੀ ਟਿਕੇ ਰਹਿੰਦੇ। ਅੱਜ ਖ਼ਬਰੇ ਕਿਸੇ ਰਾਜਸੀ ਪਦਵੀ ਉਪਰ ਪਹੁੰਚੇ ਹੁੰਦੇ! ਹੋਰ ਨਹੀਂ ਤਾਂ ਸ਼੍ਰੋਮਣੀ ਕਮੇਟੀ ਦੇ ਅਦਾਰੇ ਵਿਚ ਤਾਂ ਕਿਸੇ ਨਾ ਕਿਸੇ ਪਦਵੀ ਉਪਰ ਜ਼ਰੂਰ ਹੀ ਅੱਪੜ ਜਾਂਦੇ!" "ਸੁਣ ਭਾਈ ਗਿਆਨੀਆ, ਸਾਹ ਲੈ!" ਮੈਨੂੰ ਵਿਚੋਂ ਹੀ ਟੋਕ ਕੇ, ਆਪਣਾ ਲਕਾ ਤੁਕਾ ਸਾਂਭਦਿਆਂ ਉਹ ਬੋਲੇ, "ਵਜ਼ੀਰੀ ਛੱਡ ਚਾਹੇ ਮੈਂ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਵੀ ਬਣ ਜਾਂਦਾ ਪਰ ਫਿਰ ਮੈਂ ਗਿਆਨੀ ਸੰਤੋਖ ਸਿੰਘ ਨਹੀਂ ਸੀ ਹੋਣਾ, ਤੇ ਫਿਰ ਤੂੰ ਸਿਰ ਭਕਾਈ ਕੀਹਦੇ ਨਾਲ਼ ਕਰਦਾ?" ਇਕੋ ਗੱਲ ਆਖ ਕੇ, ਮੇਰੀਆਂ ਸੋਚਾਂ ਦਾ ਕੀਰਤਨ ਸੋਹਿਲਾ ਪੜ੍ਹ ਦਿਤਾ। ਵਰ੍ਹਿਆਂ ਬਧੀ

ਸੰਸਾਰ ਵਿਚ ਵਿਚਰਦਿਆਂ, ਧਰਮ ਸਥਾਨਾਂ ਵਿਚ ਸੇਵਾ ਕਰਦਿਆਂ, ਨਾਲ਼ ਨਾਲ਼ ਘਰ ਪਰਵਾਰ ਦੀਆਂ ਜ਼ੁੰਮੇਵਾਰੀਆਂ ਨੂੰ ਵੀ ਨਿਭਾ ਕੇ, ਲੱਤਾਂ ਪਸਾਰ ਕੇ ਸੌਣ ਦਾ ਸੁਭਾਗ ਉਹਨਾਂ ਦੇ ਕਰਮਾਂ ਵਿਚ ਨਹੀਂ। ਕਲਮ, ਕਦਮ, ਕਰਮ, ਵਿਚਾਰ ਚਰਚਾ ਨਿਰੰਤਰ ਜਾਰੀ ਹੈ। ਬਲੈਕਬਰਨ ਰੇਲਵੇ ਸਟੇਸ਼ਨ ਵੱਲ ਜਾਂਦਿਆਂ ਮੈਂ ਮਿੱਠੀ ਟਕੋਰ ਲਾਈ, "ਕਈ ਵਾਰੀਂ ਮੈਂ ਸੋਚਦਾਂ ਕਿ ਤੁਹਾਡਾ ਕਾਰਟੂਨ ਬਣਾਵਾਂ।

ਪਿਛਲੀ ਸਦੀ ਦੇ ਛੇਵੇਂ-ਸੱਤਵੇਂ ਦਹਾਕੇ ਵਾਲ਼ੇ ਜ਼ਮਾਨੇ ਦਾ ਇਕ ਅਕਾਲੀ ਨੁਮਾ ਜਥੇਦਾਰ, ਧੌਲ਼ੀ ਦਾਹੜੀ, ਸਿਰ 'ਤੇ ਨੀਲੀ ਦਸਤਾਰ, ਪਹਿਲਾਂ ਕਲਮ ਵਾਹੁੰਦਾ, ਫੇਰ ਆਪਣੇ ਲਿਖੇ ਨਿਕ ਸੁਕ ਦਾ ਅਟੈਚੀ ਭਰ ਕੇ, ਅੰਮ੍ਰਿਤਸਰ ਦੇ ਬਾਜ਼ਾਰ ਮਾਈ ਸੇਵਾਂ ਵੱਲ ਭੱਜ ਰਿਹਾ, ਪੱਲਿਉਂ ਪੈਸੇ ਖ਼ਰਚ ਕੇ ਕਿਤਾਬਾਂ ਛਪਵਾਉਂਦਾ, ਫੇਰ ਪਹਿਲਾਂ ਨਾਲ਼ੋਂ ਵੀ ਵੱਡੀ ਪੰਡ ਚੁੱਕੀ, ਪਸੀਨੋ ਪਸੀਨਾ ਹੋਇਆ ਮੋੜੇ ਪਾਉਂਦਾ ਹੈ। ਫਿਰ ਉਸ ਝਰੀਟੇ ਹੋਏ ਨਿਕ ਸੁਕ ਨੂੰ, ਸਾਰੇ ਸ਼ਹਿਰਾਂ ਵਿਚ ਜਣੇ ਖਣੇ ਨੂੰ ਵੰਡਦਾ ਫਿਰਦਾ ਹੈ। ਇਹ ਸਭ ਕੁਝ ਜਾਣਦਿਆਂ ਹੋਇਆਂ ਵੀ, ਹਮਾਤੜ ਲੋਕ ਹੋਰ ਭਾਵੇਂ ਖੂਹ ਖਾਤੇ ਕਿੰਨੇ ਪੈਸੇ ਰੋਹੜ ਛੱਡਣ ਪਰ ਕਿਤਾਬ ਉਪਰ ਪੈਸਾ ਨਹੀਂ ਖ਼ਰਚਣਗੇ।

ਸਟੇਸ਼ਨ 'ਤੇ ਪਹੁੰਚ ਕੇ ਮੈਂ ਕਿਹਾ, "ਘਰ ਫੂਕ ਤਮਾਸ਼ਾ ਵੇਖਣ ਵਾਲ਼ਾ ਜਨੂਨ ਹੈ ਤੁਹਾਡਾ। ਨਾਲ਼ੇ ਕਿਤਾਬਾਂ ਲਿਖੋ, ਛਪਵਾਉ, ਵੰਡੋ। ਫੇਰ ਕੁੱਤੇਖਾਣੀ ਵਾਧੂ ਦੀ। ਕਿੰਤੂ ਪ੍ਰੰਤੂ, ਨੋਕ ਝੋਕ, ਟੋਕਾ ਟਾਕੀ ਤੇ ਜਾਭਾਂ ਦਾ ਭੇੜ ਭੁੰਗੇ ਵਿਚ। ਆਪਣੀਆਂ ਲਿਖਤਾਂ ਬਾਰੇ ਸਪੱਸ਼ਟੀਕਰਣ ਵੱਖਰੇ ਦਿੰਦੇ ਫਿਰੋ। ਨਾਹਰੇ ਬੌਲ਼ਦ ਵਾਂਗ ਚੱਕਵੇਂ ਪੈਰੀਂ ਵਗੀ ਜਾ ਰਹੇ ਹੋ।" "ਬਣਾ ਕਾਰਟੂਨ! ਮੈਂ ਅਗਲੀ ਕਿਤਾਬ ਵਿਚ ਛਾਪਾਂਗਾ।" ਕਹਿੰਦੇ ਹੋਏ ਤੇ ਮੁਸਕ੍ਰਾਉਂਦੇ ਉਹ ਗੱਡੀ ਦੇ ਡੱਬੇ ਦੇ ਬੂਹੇ ਦਾ ਡੰਡਾ ਫੜ ਕੇ ਟਰੇਨ ਦੇ ਅੰਦਰ ਵੜ ਗਏ।

ਕਿਸੇ ਵੀ ਲੇਖਕ ਦੀਆਂ ਰਚਨਾਵਾਂ ਦਾ ਵਿਸ਼ਲੇਸ਼ਣ ਕਰਨਾ ਖਾਲਾ ਜੀ ਦਾ ਵਾੜਾ ਨਹੀਂ। ਹਾਂ, ਮਨ ਮਰਜ਼ੀ ਦੀ ਕਸਵੱਟੀ ਘੜ ਕੇ ਜੋ ਮਰਜ਼ੀ ਰਾਇ ਬਣਾ ਦੇਈਏ! ਆਲੋਚਨਾ ਦੇ ਵੀ ਸਿਧਾਂਤ ਹੁੰਦੇ ਹਨ। ਮਾਨਵੀ ਕਦਰਾਂ ਕੀਮਤਾਂ ਸੂਖਮ ਦ੍ਰਿਸ਼ਟੀ ਦੀ ਉਮੀਦ ਰੱਖਦੀਆਂ ਹਨ। ਜਜ਼ਬਾਤੀ ਵਹਾ ਨੁਕਸਾਨਦਾਇਕ ਹੁੰਦਾ ਹੈ। ਕਈ ਵਾਰੀਂ ਸੋਚ, ਆਦਰਸ਼ ਅਤੇ ਯਥਾਰਥ ਵਿਚਾਲ਼ੇ ਸਮਝੌਤਾ ਕਰਨਾ ਪੈਂਦਾ ਹੈ। ਮਨ ਆਤਮਾ ਦੇ ਵੇਗ ਨੂੰ ਪੁਣ ਕੇ ਗਿਆਨੀ ਜੀ ਨੇ ਜੋ ਰਚਨਾਵਾਂ ਪੰਜਾਬੀ ਸਾਹਿਤ ਨੂੰ ਦਿਤੀਆਂ ਹਨ, ਪਰਦੇਸੀ ਲੇਖਕਾਂ ਤੋਂ ਇਸ ਤੋਂ ਵਧੇਰੇ ਤਵੱਕੋਂ ਕਰਨੀ ਉਹਨਾਂ ਨਾਲ਼ ਧੱਕਾ ਹੋਵੇਗਾ। ਜਿਸ ਮਾਹੌਲ, ਖੇਤਰ, ਸਮਾਜ ਨਾਲ਼ ਜੋੜ ਕੇ ਰਚਨਾ ਦੀ ਸਿਰਜਣਾ ਕਰਨੀ ਤੇ ਫੇਰ ਓਸੇ ਖੇਤਰ ਨਾਲ਼ ਆਥਣ ਸਵੇਰ ਦਾ ਵਾਹ ਵਾਸਤਾ ਪੈਣਾ, ਇਸ ਨਾਲ਼ ਬੜੀਆਂ ਦੁਸ਼ਵਾਰੀਆਂ ਪੈਦਾ ਹੋ ਜਾਂਦੀਆਂ ਹਨ। ਆਮ ਲੇਖਕਾਂ ਦੀ ਪਾਠਕਾਂ ਨਾਲ਼ੋਂ ਸਰੀਰਕ ਦੂਰੀ ਰਹਿੰਦੀ ਹੈ ਪਰ ਗਿਆਨੀ ਜੀ ਆਪਣੇ ਪਾਠਕਾਂ ਦੇ ਵਿਚਾਲ਼ੇ ਜਾ ਖੜ੍ਹਦੇ ਹਨ। ਇਸ ਲਈ ਝੋਲ਼ੀ ਵਿਚ ਕੁਝ ਨਾ ਕੁਝ ਤਾਂ ਪੈਣਾ ਹੀ ਹੈ! ਫੁੱਲ

ਨਹੀਂ ਤਾਂ ਕੰਡੇ। ਠੇਠ ਪੰਜਾਬੀ ਉਸਾਰੂ ਸੋਚ ਨਾਲ਼ ਉਹਨਾਂ ਨੇ ਵੱਖ ਵੱਖ ਪਹਿਲੂਆਂ ਉਪਰ ਆਪਣੀ ਲੇਖਣੀ ਨੂੰ ਸ਼ਿੰਗਾਰਿਆ ਹੈ। ਇਕ ਇਹਨਾਂ ਦੀ ਲਿਖਤ ਦਾ ਵੱਡਾ ਨੁਕਸ ਇਹ ਹੈ ਕਿ ਇਹ ਆਪਣੀ ਲਿਖਤ ਨੂੰ ਏਨੀ ਛੇਤੀ ਖ਼ਤਮ ਕਰ ਦਿੰਦੇ ਹਨ ਕਿ ਪਾਠਕ ਦਾ ਚਾ ਮਧੋਲ਼ਿਆ ਜਾਂਦਾ ਹੈ। ਪਾਠਕ ਹੋਰ ਜਾਨਣਾ ਚਾਹੁੰਦਾ ਹੈ ਤੇ ਇਹ ਉਸ ਦੇ ਅੱਗਿਉਂ ਇਉਂ ਲੋਪ ਹੋ ਜਾਂਦੇ ਹਨ ਜਿਵੇਂ ਗਧੇ ਦੇ ਸਿਰੋਂ ਸਿੰਙ। ਲੇਖਣੀ ਤੇ ਲੈਕਚਰ ਵਿਚ ਫ਼ਰਕ ਨਹੀਂ ਪਾਉਂਦੇ। ਇਹਨਾਂ ਦੀ ਲਿਖਤ ਪੜ੍ਹਦਿਆਂ ਇਉਂ ਲੱਗਦਾ ਹੈ ਜਿਵੇਂ ਗੁਰਪੁਰਬ ਜਾਂ ਮੱਸਿਆ ਦੇ ਦੀਵਾਨ ਵਿਚ ਲੈਕਚਰ ਚੱਲ ਰਿਹਾ ਹੋਵੇ। ਇਸ ਦੇ ਜਮਾ ਉਲ਼ਟ ਗੁਰਬਖਸ਼ ਸਿੰਘ ਪ੍ਰੀਤਲੜੀ, ਕਰਤਾਰ ਸਿੰਘ ਦੁੱਗਲ, ਸ. ਨਾਨਕ ਸਿੰਘ, ਪ੍ਰੋ. ਪ੍ਰੀਤਮ ਸਿੰਘ ਵਰਗੇ ਅਨੇਕਾਂ ਪ੍ਰਵਾਨਤ ਸਾਹਿਤਕਾਰ ਇਕ ਨਿੱਕੇ ਜਿਹੇ ਨੁਕਤੇ ਨੂੰ ਏਨਾ ਖਿੱਚਦੇ ਸਨ ਕਿ ਗੱਲ ਦਾ ਗਲੈਣ ਬਣਾ ਧਰਦੇ ਸਨ ਤੇ ਫਿਰ ਵੀ ਪਾਠਕ ਨੂੰ ਉਕਤਾਉਣ ਨਹੀਂ ਸੀ ਦਿੰਦੇ। ਇਹ ਠੀਕ ਹੈ ਕਿ ਕੱਚੀ ਲੱਸੀ ਨਹੀਂ ਬਣਾਉਣੀ ਚਾਹੀਦੀ ਪਰ ਖੋਏ ਦੀ ਪਿੰਨੀ ਵੀ ਮਾੜੇ ਹਾਜ਼ਮੇ ਵਾਲ਼ੇ ਦੇ ਫਿੱਟ ਨਹੀਂ ਬੈਠਦੀ। ਕਾਲਪਨਿਕ ਵਿਖਿਆਨਾਂ ਜਾਂ ਰਚਨਾਵਾਂ ਵਾਲ਼ੇ ਪਾਸਿਉਂ ਗਿਆਨੀ ਜੀ ਬਿਲਕੁਲ ਕੋਰੇ ਹਨ। ਫਿਰ ਵੀ ਮੇਹਨਤ ਅਤੇ ਲਗਨ ਦੀ ਤਾਰੀਫ਼ ਕਰਨੀ ਬਣਦੀ ਹੈ।

"ਵੇਖੋ ਜੀ, ਸ਼੍ਰੋਮਣੀ ਅਕਾਲੀ ਦਲ ਮੇਰੀ ਮਾਂ ਪਾਰਟੀ ਹੈ। ਕਮੀਆਂ ਤੇ ਹਰੇਕ ਵਿਅਕਤੀ ਅਤੇ ਸੰਸਥਾ ਵਿਚ ਹੁੰਦੀਆਂ ਨੇ। ਹੁਣ ਬੁਢੇ ਵਾਰੇ ਇਸ ਨੂੰ ਛੱਡ ਕੇ ਹੋਰ ਕਿਧਰ ਜਾਈਏ! ਮਾਨ ਸਾਹਿਬ ਦੀ ਵੀ ਕੁਰਬਾਨੀ ਹੈ ਤੇ ਸਿੱਖ ਕੌਮ ਨੇ ਇਸ ਕੁਰਬਾਨੀ ਉਪਰ ਫੁੱਲ ਵੀ ਚੜ੍ਹਾਏ ਸਨ। ਘਰ ਵਾਲ਼ਿਆਂ ਤੇ ਬਾਹਰ ਵਾਲ਼ਿਆਂ ਸਾਰਿਆਂ ਨੇ ਹੀ ਉਹਨਾਂ ਨੂੰ ਸਿੱਖ ਕੌਮ ਦਾ ਆਗੂ ਮੰਨ ਲਿਆ ਸੀ ਪਰ ਉਹ ਸਮੇ ਸਿਰ ਸਹੀ ਸੇਧ ਦੇਣੋਂ ਸ਼ਾਇਦ ਉਕ ਗਏ!" ਅਸੀਂ ਐਡੀਲੇਡ ਦੇ ਇਕ ਮੋਟਲ ਵਿਚ ਜੁੜੇ ਬੈਠੇ ਸਾਂ ਤੇ ਉਹ ਸੁਭਾਵਕ ਹੀ ਆਖ ਰਹੇ ਸਨ। ਹੁਣੇ ਹੁਣੇ ਯੋਗਾ ਦੀ ਕਸਰਤ ਦਾ ਭੋਗ ਪਾਇਆ ਸੀ ਉਹਨਾਂ ਨੇ। "ਮਹਾਰਾਜ ਗਿਆਨੀ ਧਿਆਨੀ ਜੀ, ਕੀ ਇਹ ਬਾਬਾ ਖੜਕ ਸਿੰਘ, ਮਾਸਟਰ ਤਾਰਾ ਸਿੰਘ, ਸੰਤ ਫ਼ਤਿਹ ਸਿੰਘ, ਜਥੇਦਾਰ ਮੋਹਨ ਸਿੰਘ ਤੁੜ ਵਾਲ਼ਾ ਸ਼੍ਰੋਮਣੀ ਅਕਾਲੀ ਦਲ ਹੈ?" ਮੈਂ ਸਰਸਰੀ ਜਿਹਾ ਸਵਾਲ ਉਹਨਾਂ ਦੇ ਅੱਗੇ ਰੇਹੜ ਦਿਤਾ। ਉਹ ਲੰਮੇ ਚੌੜੇ ਵਿਖਿਆਨ ਰਾਹੀਂ ਮੈਨੂੰ ਘੇਰ ਘੇਰ ਕੇ, ਇਕੋ ਮੌਕਾ ਪ੍ਰਸਤ, ਖ਼ੁਦਗ਼ਰਜ਼, ਟੱਬਰ ਪਾਲਕ, ਅਮੀਰ ਅਤੇ ਪੰਥ ਪ੍ਰਸਤੀ ਤੋਂ ਭਗੌੜੇ ਹੋ ਚੁੱਕੇ ਦਲ ਦੀ ਸ਼ਰਨ ਲਈ ਪ੍ਰੇਰਨਾ ਦਿੰਦੇ ਜਾ ਰਹੇ ਸਨ। "ਵੇਖੋ ਗਿਆਨੀ ਜੀ, ਆਪਾਂ ਥੋਡਾ ਆਦਰ ਭਾਉ ਕਰਦੇ ਹਾਂ ਪਰ ਮੇਰੇ ਦਿਲ ਨੂੰ ਅੱਗ ਲੱਗ ਜਾਂਦੀ ਹੈ ਜਦੋਂ ਤੁਸੀਂ ਇਹਨਾਂ ਦਾ ਖ਼ਾਹਮਖ਼ਾਹ ਪੱਖ ਪੂਰੀ ਜਾਂਦੇ ਹੋ। ਸਾਡੇ ਵੀ ਪਿਉ ਦਾਦੇ ਅਕਾਲੀ ਸਨ ਪਰ ਇਹ ਉਹ ਨਹੀਂ ਹਨ ਜਿਨ੍ਹਾਂ ਉਪਰ ਕੌਮ ਫ਼ਖ਼ਰ ਕਰਦੀ ਰਹੀ ਹੈ। ਤੁਸੀਂ ਸਿਧਾਂਤ ਦੀ ਥਾਂ ਮੌਕਾ ਪ੍ਰਸਤਾਂ ਦੀ ਪੁਸ਼ਤ ਪਨਾਹੀ ਕਿਉਂ ਕਰੀ ਜਾਂਦੇ ਹੋ?" "ਸ਼੍ਰੋਮਣੀ ਕਮੇਟੀ ਨਿਰੋਲ ਸਿੱਖਾਂ ਦੀ ਚੁਣੀ ਹੋਈ ਜਮਾਤ ਹੈ। ਜੇਕਰ ਸਿੱਖ ਸੰਗਤਾਂ ਨੂੰ ਇਹਨਾਂ ਉਪਰ ਭਰੋਸਾ ਹੈ ਤਾਂ ਹੀ ਕੌਮ ਨੇ ਜਿੱਤ

ਉਹਨਾਂ ਦੀ ਝੋਲ਼ੀ ਪਾਈ ਹੈ!" ਹਰ ਵਾਰ ਉਹ ਮੇਰੇ ਜਜ਼ਬਾਤੀ ਵਹਾ ਨੂੰ ਦਲੀਲ ਰਾਹੀਂ ਰੱਦ ਕਰ ਦਿੰਦੇ।

ਅਸੀਂ ਅੱਧ ਵਿਚਾਲ਼ਿਉਂ ਰਾਮ ਰੌਲ਼ਾ ਮੁਕਾ ਕੇ ਛੇਤੀ ਛੇਤੀ ਤਿਆਰ ਹੋ ਕੇ ਮੋਟਲੋਂ ਗੁਰਦੁਆਰੇ ਪੁੱਜੇ। ਅਖੰਡਪਾਠ ਸਾਹਿਬ ਦਾ ਭੋਗ ਪੈ ਰਿਹਾ ਸੀ। ਭੋਗ ਪਿੱਛੋਂ ਉਹਨਾਂ ਦੀ ਵਾਰੀ ਵਿਖਿਆਨ ਦੀ ਸੀ।

ਸ਼੍ਰੋਮਣੀ ਅਕਾਲੀ ਦਲ ਅਤੇ ਖ਼ਾਲਿਸਤਾਨ ਦੇ ਪੱਖਾਂ ਉਪਰ ਅਸੀਂ ਦੋਵੇਂ ਪਿਛਲੇ ਬਾਈ ਤੇਈ ਸਾਲਾਂ ਤੋਂ ਗੁੱਥਮ ਗੁੱਥਾ ਹੁੰਦੇ ਆ ਰਹੇ ਹਾਂ। ਕਦੀ ਕਦਾਈਂ ਅੰਦਰੂਨੀ ਖ਼ੁਦ ਮੁਖ਼ਤਿਆਰੀ, ਸ੍ਰੀ ਅਨੰਦਪੁਰ ਸਾਹਿਬ ਦੇ ਮਤੇ ਉਪਰ ਜੇ ਸਾਡੀ ਨੇੜਤਾ ਬਣਨ ਲੱਗਦੀ ਹੈ ਤਾਂ ਉਹ ਫਿਰ ਘੁੰਮਦਿਆਂ ਘੁਮਾਉਂਦਿਆਂ ਸ੍ਰੀ ਗੁਰੂ ਰਾਮ ਦਾਸ ਸਰਾਂ, ਤੇਜਾ ਸਿੰਘ ਸਮੁੰਦਰੀ ਹਾਲ, ਦਫ਼ਤਰ ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ, ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਹਰਿਮੰਦਰ ਸਾਹਿਬ ਵੱਲ ਦੀਆਂ ਤਸਵੀਰਾਂ ਆਪਣੀ ਸੋਚ ਵਿਚ ਲੈ ਆਉਂਦੇ ਹਨ। ਨਾ ਉਹ ਕਿਸੇ ਪਾਰਟੀ ਜਾਂ ਅਕਾਲੀ ਦਲ ਦੇ ਮੈਂਬਰ ਹਨ ਤੇ ਨਾ ਹੀ ਮੈਂ ਕਿਸੇ ਪਾਰਟੀ ਦਾ। ਸਾਡੀ ਗੱਲ ਤਾਂ, 'ਤੰਦ ਨਾ ਤਾਣੀ ਜੁਲਾਹਿਆਂ ਨਾਲ਼ ਡਾਂਗੋ ਡਾਂਗੀ' ਵਾਲ਼ੀ ਹੈ। ਇਕ ਚਾਹ ਦੇ ਕੱਪ ਅਤੇ ਗਾਹੇ ਬਗਾਹੇ ਮਾੜੀ ਮੋਟੀ ਪ੍ਰਸੰਸਾ ਪੱਤਰੀ ਤੋਂ ਵਧ ਗਿਆਨੀ ਸੰਤੋਖ ਸਿੰਘ ਨੇ ਕੁਝ ਨਹੀਂ ਪਾਇਆ। ਮਿਰਗ ਤ੍ਰਿਸ਼ਨਾ ਕਹਿ ਲਵੋ; ਇਹਨਾਂ ਦੀ ਆਤਮਾ ਨੂੰ ਪੰਥ ਵਾਸਤੇ ਜੇਹਲਾਂ ਕੱਟਣ, ਮੋਰਚੇ ਲਾਉਣ ਵਾਲ਼ੀ, ਮਹਾਨ ਪੰਥਕ ਪਾਰਟੀ ਦੇ ਭੁਲੇਖੇ ਵਿਚ, ਪੰਥਕ ਸੋਚ ਤੋਂ ਤਿਲਕ ਕੇ, ਪੰਜਾਬੀ ਪਾਰਟੀ ਬਣੀ ਧਿਰ ਵੱਲ ਉਲਾਰ ਕਰੀ ਫਿਰਦੀ ਹੈ। ਇਹ ਸ਼ਾਇਦ ਕੋਈ ਬਦਲ ਢੂੰਡ ਰਹੇ ਹਨ, ਸਿਰਫ਼ ਤੇ ਸਿਰਫ਼ ਸ਼੍ਰੋਮਣੀ ਅਕਾਲੀ ਦੀ ਛਾਂ ਹੇਠੋਂ। ਇਸ ਭੋਲ਼ੇ ਪਾਤਸ਼ਾਹ ਨੂੰ ਇਹ ਨਹੀਂ ਪਤਾ ਕਿ ਪਿਛਲੀ ਅੱਧੀ ਸਦੀ ਵਿਚ ਕਿੰਨਾ ਪਾਣੀ ਪੁਲ਼ਾਂ ਹੇਠੋਂ ਦੀ ਲੰਘ ਗਿਆ ਹੈ! ਇਹ ਜਦੋਂ ਵੀ ਗੱਲ ਕਰੂ, ਅੱਧੀ ਸਦੀ ਪੁਰਾਣੇ ਪੰਜਾਬ ਅਤੇ ਉਸ ਸਮੇ ਦੇ ਸ਼੍ਰੋਮਣੀ ਅਕਾਲੀ ਦਲ ਦੀ ਹੀ ਕਰੂ। 'ਮੂਰਖਾਂ ਦਾ ਬਹਿਸ਼ਤ' ਹੋਰ ਕਿਸ ਤਰ੍ਹਾਂ ਦਾ ਹੁੰਦਾ ਹੈ!

ਅੱਧੀ ਸਦੀ ਦੇ ਕਰੀਬ ਪੰਜਾਬੋਂ ਦੂਰ ਰਹਿਣ ਦੇ ਬਾਵਜੂਦ ਵੀ ਇਹਨਾਂ ਦੀਆਂ ਆਂਦਰਾਂ ਪੰਜਾਬ ਨੂੰ ਤਰਸਦੀਆਂ ਰਹਿੰਦੀਆਂ ਹਨ। ਚਾਹੇ ਫ਼ੈਕਟਰੀ ਦੀਆਂ ਮਸ਼ੀਨਾਂ ਦੀ ਘੂੰ ਘੂੰ ਹੋਵੇ ਤੇ ਚਾਹੇ ਦਫ਼ਤਰਾਂ ਦੀ ਚਹਿਲ ਪਹਿਲ, ਇਹਨਾਂ ਦੀ ਸੁਰਤੀ ਪਿੰਡ ਸੂਰੋ ਪੱਡਾ, ਸ੍ਰੀ ਦਰਬਾਰ ਸਾਹਿਬ ਕੰਪਲੈਕਸ ਅਤੇ ਪੁਰਾਣੇ ਮਿੱਤਰਾਂ ਦੇ ਦੁਆਲੇ ਹੀ ਘੁੰਮਦੀ ਰਹਿੰਦੀ ਹੈ। ਗੁਰਬਾਣੀ ਤਾਂ ਭਾਵੇਂ, "ਊਠਤ ਬੈਠਤ ਸੋਵਤ ਨਾਮ ॥" ਦੀ ਪ੍ਰੇਰਨਾ ਦਿੰਦੀ ਹੈ ਪਰ ਇਸ ਉਪਦੇਸ਼ ਤੋਂ ਉਲ਼ਟ ਜਾ ਕੇ, ਇਹਨਾਂ ਦੀ ਸੋਚ ਅੰਮ੍ਰਿਤਸਰ ਵਿਚ ਹੀ ਵਿਚਰਦੀ ਹੈ। ਤਕਰੀਬਨ ਹਰੇਕ ਸਿਆਲ਼ ਵਿਚ ਇਹ ਅੰਮ੍ਰਿਤਸਰ ਦੇ ਲਵੇ ਲੌਣੇ ਹੀ ਹੁੰਦੇ ਹਨ। ਫੇਰ ਅਮਕੀ ਮੀਟਿੰਗ, ਢਿਮਕੀ ਕਾਨਫ਼੍ਰੰਸ, ਫ਼ਲਾਣਾ ਗੁਰਪੁਰਬ, ਫ਼ਲਾਣਾ ਟੀ.ਵੀ., ਫ਼ਲਾਣਾ ਰੇਡੀਉ, ਜਲੰਧਰ, ਪਟਿਆਲਾ, ਲੁਧਿਆਣਾ, ਬਟਾਲਾ ਜਾਂ ਗੁਰਦਾਸਪੁਰ ਦੀਆਂ ਸਾਹਿਤਕ ਮਿਲਣੀਆਂ, ਸਾਲ

ਸਾਲ ਛੇ ਛੇ ਮਹੀਨੇ ਪਹਿਲੋਂ ਹੀ ਵਿਉਂਤ ਕੇ ਬੈਠੇ ਹੁੰਦੇ ਹਨ। ਦਸੰਬਰ ੨੦੧੦ ਵਿਚ ਮੇਰੀ ਧੀ ਦਾ ਵਿਆਹ ਸੀ। ਇਹਨਾਂ ਨੂੰ ਸੂਚਤ ਕਰਨ ਵਾਸਤੇ ਘੌਲ਼ 'ਚ ਲੇਟ ਹੋ ਗਏ। ਕਿਸੇ ਸਾਂਝੇ ਮਿੱਤਰ ਨੇ ਸੂਹ ਕੱਢੀ ਕਿ ਇਹ ਆਉਂਦੇ ਐਤਵਾਰ, ਲੁਧਿਆਣੇ ਵਿਚ ਆਪਣੇ ਪੁਰਾਣੇ ਮਿੱਤਰ, ਸ. ਬਲਵੰਤ ਸਿੰਘ ਰਾਮੂਵਾਲ਼ੀਏ ਨੂੰ ਮਿਲਣ ਆ ਰਹੇ ਹਨ। ਮੈਂ ਸੰਪਰਕ ਸਾਧਿਆ। ਇਹ ਤੁਰਦਿਆਂ ਕਰਦਿਆਂ ਲੇਟ ਹੋ ਗਏ। ਫਿਰ ਰਾਹ ਭੁੱਲ ਗਏ। ਗੁਆਂਢੀ ਪਿੰਡ ਦੇ ਖੇਤਾਂ ਵਿਚੋਂ ਰਾਤ ਨੂੰ ਦਸ ਵਜੇ ਠੁਰ ਠੁਰ ਕਰਦਿਆਂ ਨੂੰ ਅਸੀਂ ਲਭ ਹੀ ਲਿਆ। "ਜੇ ਗਵਾਚ ਜਾਂਦੇ! ਜਾਹ ਜਾਂਦੀਏ ਹੋ ਜਾਣੀ ਸੀ। ਥੋਡੇ 'ਕਾਲੀ ਦਲ ਨੇ ਸਾਨੂੰ ਵਾਹਣੀਂ ਪਾਈ ਫਿਰਨਾ ਸੀ", ਮੈਂ ਮਖ਼ੌਲ ਵਜੋਂ ਕਿਹਾ। "ਕਿਹੋ ਜਿਹੇ ਲੋਕ ਨੇ ਤੇਰੇ ਪਿੰਡਾਂ ਦੇ! ਇਕ ਟੁੱਟੇ ਜਿਹੇ ਸਕੂਟਰ ਵਾਲ਼ਾ ਅਮਲੀ ਜਿਹਾ, 'ਆਗੇ ਆਗੇ, ਨੇੜੇ ਈ ਆ ਬੱਸ', ਆਖਦਾ ਆਖਦਾ ਸਾਨੂੰ ਕਈ ਕੋਹ ਅੱਗੇ ਲੈ ਨਿਕਲ਼ਿਆ।" ਅੱਧੀ ਦੁਨੀਆਂ ਪੈਰਾਂ ਥੱਲੇ ਮਿਧਣ ਵਾਲ਼ੇ ਅਸੀਂ ਤੇਰੀ 'ਭੈਣੀ ਅਰੋੜਾਂ' ਲਭਦੇ ਲਭਦੇ ੧੮-੨੦ ਮੀਲ਼ ਦੀ ਘੁੰਮਣਘੇਰੀ ਵਿਚ ਫਸ ਗਏ!" ਉਤਰ ਨਿਕਲ਼ਿਆ ਗਿਆਨੀ ਜੀ ਦੇ ਸੈਮੀ ਦੁਖੀ ਹਿਰਦੇ ਵਿਚੋਂ।

ਇਹਨਾਂ ਦੇ ਪੈਰਾਂ ਵਿਚ ਚੱਕਰ ਹੈ। ਬਗ਼ੈਰ ਅਕੇਵੇਂ ਥਕੇਵੇਂ ਦੇ, ਕਿਸੇ ਵੀ ਵਕਤ ਕਿਸੇ ਵੀ ਪਾਸੇ ਤੁਰਨ ਨੂੰ ਸਦਾ ਤਿਆਰ ਬਰ ਤਿਆਰ ਰਹਿੰਦੇ ਨੇ। ਭਾਵੇਂ ਉਤਰੀ ਤੇ ਭਾਵੇਂ ਦੱਖਣੀ ਧ½ਵ ਵੱਲੋਂ ਸੱਦਾ ਆ ਜਾਵੇ ਤੇ ਭਾਵੇਂ ਨਾ ਵੀ ਆਵੇ, ਇਹ ਪੈਰੀਂ ਜੁੱਤੀ ਪਾਉਣ ਜਿੰਨਾ ਸਮਾ ਵੀ ਨਹੀਂ ਉਡੀਕਦੇ। ਕੋਈ ਲੋਭ ਨਹੀਂ, ਲਾਲਚ ਨਹੀਂ। ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਤੇ ਸ਼੍ਰੋਮਣੀ ਅਕਾਲੀ ਦਲ ਦੀ ਚੜ੍ਹੀ ਗੁਰਮਤੀ ਪਾਣ ਦਾ ਜਨੂਨ ਹੀ ਹੈ, ਜੇਹੜਾ ਗਿਆਨੀ ਜੀ ਨੂੰ ਇਕ ਥਾਂ ਟਿਕ ਕੇ ਬਹਿਣ ਨਹੀਂ ਦਿੰਦਾ।

ਪੰਥਕ ਤ੍ਰਾਸਦੀ ਦਾ ਸੇਕ ਹੋਰਾਂ ਪੰਥਕ ਸੋਚ ਵਾਲ਼ੇ ਲੋਕਾਂ ਵਾਂਗ ਇਹਨਾਂ ਨੇ ਵੀ ਮਹਿਸੂਸਿਆ ਹੈ, ਬਲਕਿ ਬੜੀ ਛਿੱਦਤ ਨਾਲ਼ ਮਹਿਸੂਸਿਆ ਹੈ। ਜ਼ਬਾਨ ਤੋਂ ਤਲਵਾਰ ਵਾਲ਼ਾ ਕੰਮ ਵੀ ਲਿਆ ਹੈ। ਉਮਰ, ਤਜਰਬਾ, ਤੇ ਸਮਾ ਸੋਚਾਂ ਨੂੰ ਨਿਕੰਮਿਆਂ ਬਣਾਉਣ ਦੀ ਥਾਂ ਦਾਰਸ਼ਨਿਕਤਾ ਪ੍ਰਦਾਨ ਕਰ ਦਿੰਦਾ ਹੈ। ਹਮੇਸ਼ਾਂ ਹਮਲਾਵਰ ਪੱਖ ਜਾਇਜ਼ ਨਹੀਂ, ਬਚਾ ਪੱਖ ਵੀ ਚੰਗੇ ਨਤੀਜੇ ਪੈਦਾ ਕਰ ਜਾਂਦਾ ਹੈ। ਗਿਆਨੀ ਸੰਤੋਖ ਸਿੰਘ ਨੂੰ ਯਾਤਰਾਵਾਂ ਤੇ ਚੰਗੇ ਲੋਕਾਂ ਦੀਆਂ ਮਿਲਣੀਆਂ ਨੇ ਬੜਾ ਕੁਝ ਸਿਖਾਇਆ ਹੈ। ਸਾਡੀ ਧੂੜ ਪੱਟਵੀਂ ਬਹਿਸ ਵਿਚੋਂ ਇਹ ਗੱਲ ਮੇਰੇ ਜ਼ਿਹਨ ਵਿਚ ਜਾ ਬੈਠੀ ਕਿ ਪਿਛਲੇ ਤਿੰਨ ਚਾਰ ਦਹਾਕਿਆਂ 'ਚ ਕੌਮ ਨੂੰ ਪ੍ਰਾਪਤੀ ਤਾਂ ਕੋਈ ਹੋਈ ਨਹੀਂ ਪਰ ਨੁਕਸਾਨ ਬਹੁਤ ਹੋਇਆ। ਉਹਨਾਂ ਦਾ ਭਾਸ਼ਨ ਨੁਮਾ ਉਪਦੇਸ਼ ਜਾਰੀ ਸੀ, "ਸ੍ਰੀ ਅਕਾਲ ਤਖ਼ਤ ਸਾਹਿਬ ਸਮੇਤ ਗੁਰਦੁਆਰੇ ਤਬਾਹ ਹੋਏ ਤਾਂ ਸਾਡੇ, ਜਾਨੀ ਤੇ ਮਾਲੀ ਨੁਕਸਾਨ ਹੋਇਆ ਤਾਂ ਸਿੱਖਾਂ ਦਾ, ਦਬਦਬਾ, ਅਦਬ ਸਤਿਕਾਰ ਭੁੰਜੇ ਡਿੱਗਾ ਤਾਂ ਸਿੱਖਾਂ ਦਾ, ਪੁਲਿਸ ਹੱਥੋਂ ਜੁਝਾਰੂ ਜਾਂ ਜੁਝਾਰੂਆਂ ਹੱਥੋਂ ਪੁਲਸੀ ਮਰੇ ਤਾਂ ਦੋਹੀਂ ਪਾਸੀਂ ਸਿੱਖ, ਕਤਲਾਮ ਹੋਇਆ ਤਾਂ ਸਿੱਖਾਂ ਦਾ, ਪਿੰਡਾਂ ਵਿਚ ਖਾਂਦੇ ਪੀਂਦੇ ਪਰਵਾਰਾਂ ਦੀ, ਰਾਤੀਂ ਨਕਲੀ

ਜੁਝਾਰੂਆਂ ਹੱਥੋਂ ਤੇ ਦਿਨੇ ਪੁਲਸੀਆਂ ਦੇ ਹੱਥੋਂ ਧਨ ਅਤੇ ਇਜ਼ਤ ਦੀ ਲੁੱਟ ਹੋਈ ਤਾਂ ਉਹ ਵੀ ਸਿੱਖ ਪਰਵਾਰਾਂ ਦੀ। ਵਿਡੰਬਨਾ ਇਹ ਕਿ ਜੇ ਫਿਰ ਜ਼ੁਲਮ ਦੇ ਦੋਸ਼ ਵਿਚ, ਸ. ਹਰਚਰਨ ਸਿੰਘ ਬਰਾੜ ਦੀ ਚੀਫ਼ ਮਿਨਿਸਟਰੀ ਸਮੇ, ਕੁਝ ਪੁਲਿਸ ਅਫ਼ਸਰਾਂ 'ਤੇ ਮੁਕੱਦਮੇ ਚੱਲੇ ਤਾਂ ਉਹ ਵੀ ਸਿੱਖ ਅਫ਼ਸਰਾਂ 'ਤੇ। ਸਮਾਜੀ, ਸਿਆਸੀ, ਸਭਿਆਚਾਰਕ, ਸਾਹਿਤਕ ਅਤੇ ਧਾਰਮਿਕ ਪੱਖੋਂ ਸਭ ਤੋਂ ਵਧ ਨੁਕਸਾਨ ਹੋਇਆ ਤਾਂ ਉਹ ਪੰਥ ਅਤੇ ਪੰਜਾਬ ਦਾ। ਹਮਦਰਦੀ ਕਿਤਿਉਂ ਵੀ ਨਾ ਮਿਲ਼ੀ ਤੇ ਜੇ ਮਿਲ਼ੇ ਵੀ ਤਾਂ ਉਹ ਫੋਕੀ ਹਮਦਰਦੀ ਰਗੜ ਕੇ ਫੋੜੇ 'ਤੇ ਲਾਉਣੀ ਹੈ! ਸਰਕਾਰ ਕੋਈ ਵੀ ਆ ਜਾਵੇ, ਸਾਡੀ ਖ਼ੈਰ ਨਹੀਂ; ਡੇਰਾਵਾਦ ਨੂੰ ਪੰਥ ਦਾ ਸ਼ਰੀਕ ਬਣਾ ਕੇ ਸਾਨੂੰ ਹੀ ਬਲ਼ਦੀ ਦੇ ਬੁੱਥੇ ਦੇਣ ਦੇ ਰਾਹ ਪਾਏਗੀ।" ਧੌਣ ਸੁੱਟ ਕੇ ਮੈਂ ਉਹਨਾਂ ਦੇ ਵਿਚਾਰਾਂ ਨੂੰ ਪਰਵਾਨ ਕੀਤਾ ਪਰ ਅਖਾਉਤੀ ਸਿੱਖ ਲੀਡਰਸ਼ਿਪ ਨੂੰ ਮੁਆਫ਼ ਕਰ ਦੇਣ ਦੇ ਮੈਂ ਕਤਈ ਹੱਕ ਵਿਚ ਨਹੀਂ। ਹਰੇਕ ਸਿਆਸੀ ਆਗੂ ਆਪਣੇ ਰਾਜਨੀਤਕ ਭਵਿਖ ਉਪਰ ਵੱਡੇ ਤੋਂ ਵੱਡੇ ਸਮਝੌਤੇ ਕਰ ਜਾਂਦਾ ਹੈ। ਆਪਣੇ ਵੋਟ ਬੈਂਕ ਨੂੰ ਉਹ ਕਤਈ ਨਹੀਂ ਕੁਰਬਾਨ ਕਰੇਗਾ। ਇਹ ਲੋਕ ਕਿਸੇ ਧਰਮ ਜਾਂ ਅਸੂਲ ਦੇ ਧਾਰਨੀ ਨਹੀਂ ਹੁੰਦੇ। ਇਹਨਾਂ ਦਾ ਅਸੂਲ 'ਕੋਈ ਅਸੂਲ ਨਹੀਂ' ਹੁੰਦਾ ਹੈ।

"ਚਲੋ, ਇਕ ਮਿੰਟ ਲਈ ਮੈਂ ਮੰਨ ਲੈਂਦਾ ਹਾਂ ਤੁਹਾਡੀ ਗੱਲ ਕਿ ਹੁਣ ਵਾਲ਼ੀ ਲੀਡਰਸ਼ਿਪ ਗ਼ਲਤ ਹੈ ਪਰ ਫੇਰ ਹੋਰ ਕੀਹਨੂੰ ਲਿਆਉਗੇ?" ਉਹ ਫੇਰ ਮੇਰੇ 'ਤੇ ਤਿੱਖਾ ਸਵਾਲ ਦਾਗ਼ ਗਏ। "ਮੇਰਾ ਸਰੋਕਾਰ ਹੋਰਾਂ 'ਚ ਗੁਣ ਲੱਭਣ ਦੀ ਥਾਂ ਇਹਨਾਂ ਦੇ ਬੱਜਰ ਪੱਖ ਦਾ ਭਾਵ ਇਹੋ ਹੈ ਕਿ ਇਹਨਾਂ ਦੀ ਅਗਵਾਈ ਵਿਚ ਪੰਥ ਨੇ ਪਾਇਆ ਕੁਝ ਨਹੀਂ, ਗਵਾਇਆ ਈ ਹੈ। ਸਿੱਖ ਵੱਖਰੀ ਕੌਮ, ਅਨੰਦਪੁਰ ਦਾ ਮਤਾ, ਪੰਜਾਬੀ ਬੋਲਦੇ ਇਲਾਕੇ, ਦਰਿਆਈ ਪਾਣੀ, ਪੰਜਾਬੀ ਬੋਲੀ, ਆਲ ਇੰਡੀਆ ਗੁਰਦੁਆਰਾ ਐਕਟ, ਚੰਡੀਗੜ੍ਹ, ਖ਼ਾਲਸਾ ਜੀ ਕੇ ਬੋਲ ਬਾਲੇ; ਇਹ ਸਭ ਵੋਟ ਰਾਜਨੀਤੀ ਦੀ ਗਰਦਸ਼ ਵਿਚ ਗਵਾਚ ਗਏ। ਇਕ ਘਰ ਦੇ, ਇਕ ਬਾਹਰ ਦੇ, ਦੋ ਦੁਸ਼ਮਣਾਂ ਦੇ ਵਿਚਕਾਰ ਕੌਮ ਫਸ ਗਈ ਹੈ", ਬੋਲ ਕੇ ਮੈਂ ਵੀ ਆਪਣਾ ਗ਼ੁਬਾਰ ਕਢਿਆ।

ਸਾਡੀਆਂ ਇਹ ਗੋਸ਼ਟੀਆਂ ਨਿਰੰਤਰ ਜਾਰੀ ਹਨ, ਉਹਨਾਂ ਲੱਖਾਂ ਪੰਥ ਦਰਦੀਆਂ ਵਾਂਗ ਜੋ ਸ੍ਰੀ ਦਰਬਾਰ ਸਾਹਿਬ ਅਤੇ ਹੋਰ ਗੁਰਦੁਆਰਿਆਂ ਉਪਰ ਹਮਲੇ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਪਮਾਨ, ਸ਼ਹੀਦ ਜੁਝਾਰੂ ਸਿੰਘ, ਧਰਮੀ ਫ਼ੌਜੀ, ਪੰਜਾਬ ਦੀ ਧਾਰਮਿਕ ਆਰਥਕ, ਸਭਿਆਚਾਰਕ ਬਰਬਾਦੀ ਨੂੰ ਪੰਜਾਬ ਅਤੇ ਪੰਥ ਦੇ ਦਰਦ ਨੂੰ ਆਪਣੀ ਆਤਮਾ ਉਪਰ ਹੰਢਾ ਰਹੇ ਹਨ।

ਨਿਜੀ ਤੌਰ 'ਤੇ ਵੈਸੇ ਗਿਆਨੀ ਜੀ ਮਿਲਣਸਾਰ ਹਨ, ਪਿਆਰੇ ਹਨ, ਹਮਦਰਦ ਹਨ। ਕਿਸੇ ਲੋੜਵੰਦ, ਗੁਣਵਾਨ, ਗ੍ਰੰਥੀ ਸਿੰਘ, ਕਥਾਵਾਚਕ, ਰਾਗੀ ਢਾਡੀ ਜਥੇ ਦੀ ਵਿਤ ਮੁਤਾਬਕ ਮਦਦ ਕਰਦੇ ਭੀ ਹਨ ਤੇ ਵਾਹ ਲੱਗਦੀ ਕਰਵਾਉਂਦੇ ਵੀ ਹਨ। ਖ਼ੁਦ ਕਿਸੇ 'ਤੇ ਭਾਰ ਨਹੀਂ

ਪਾਉਂਦੇ। ਆਰਥਕ ਪੱਖੋਂ ਸੰਤੁਸ਼ਟ, ਈਰਖਾ, ਸਾੜੇ, ਦਵੈਸ਼ ਤੋਂ ਕੋਹਾਂ ਦੂਰ, ਆਪਣੇ ਰੰਗ ਵਿਚ ਵਿਚਰਦੇ ਹਨ। ਇਨਾਮਾਂ ਸਨਮਾਨਾਂ ਨੂੰ ਪਾ ਕੇ ਵੀ ਮਸਕੀਨਤਾ ਵਿਚ ਵਿਚਰਨ ਦੀ ਸੋਚ ਦੇ ਧਾਰਨੀ ਹਨ। ਪਰ "ਨਾਲਿ ਕਿਰਾੜਾ ਦੋਸਤੀ" ਦੇ ਗੁਰਵਾਕ ਮੁਤਾਬਕ, ਮੱਲੋ ਮੱਲੀ ਸੁੰਢ ਤੇ ਕਰੇਲੇ ਦੀ ਪੰਜੀਰੀ ਖਾ ਜਾਂਦੇ ਹਨ। ਪੰਜਾਬ ਵਿਧਾਨ ਸਭਾ ੨੦੧੭ ਦੀਆਂ ਚੋਣਾਂ ਦੇ ਮੰਤਵ ਨਾਲ਼ ਕੀਤੀ ਜਾਣ ਵਾਲ਼ੀ ਮੀਟਿੰਗ ਵਿਚ ਅਕਾਲੀ ਦਲ ਦਾ ਇਤਿਹਾਸ ਸੁਣਾਉਣ ਵਾਸਤੇ, ਇਹਨਾਂ ਨੂੰ, ਇਹਨਾਂ ਤੋਂ ਅਗਲੀ ਪੀਹੜੀ ਦੇ ਕੁਝ ਹਿਤਾਇਸ਼ੀ ਨਾਲ਼ ਲੈ ਗਏ। ਇਹ ਜਾਣਦੇ ਹੋਏ ਵੀ 'ਕਾਲੀ ਦਲ ਦਾ ਭੱਠਾ ਬੈਠਣ ਵਾਲ਼ਾ ਹੈ, ਓਧਰ ਨੂੰ ਤੁਰ ਪਏ। ਓਥੇ ਇਹਨਾਂ ਨੂੰ 'ਵੱਡਾ ਰਾਜਨੀਤਕ ਸਲਾਹਕਾਰ' ਥਾਪ ਦਿਤਾ ਗਿਆ। ਥਾਪਣ ਵਾਲ਼ਿਆਂ ਨੂੰ ਤਾਂ ਕੋਈ ਫਰਕ ਨਹੀਂ ਪਿਆ ਲੱਗਦਾ ਪਰ ਗਿਆਨੀ ਜੀ ਘਰੋਂ ਤੇ ਬਾਹਰੋਂ 'ਤੋਇ ਤੋਇ' ਕਰਵਾਈ ਗਏ। 'ਕੋਲ਼ਿਆਂ ਦੀ ਦਲਾਲੀ ਵਿਚ ਮੂੰਹ ਕਾਲ਼ਾ' ਵਾਲ਼ੀ ਗੱਲ ਹੀ ਇਹਨਾਂ ਨਾਲ਼ ਹੋਈ। ਅਖੇ ਤੂੰ ਕੌਣ? ਮੈਂ ਖ਼ਾਹ ਮਖ਼ਾਹ। ਜਿਨ੍ਹਾਂ ਨੇ 'ਉਚ ਪਦਵੀ' ਨਾਲ਼ ਨਿਵਾਜਿਆ ਸੀ, ਉਹ ਨੌਂ ਦੋ ਗਿਆਰਾਂ ਹੋ ਗਏ। ਮੈਂ ਕਲਪਿਆ, "ਭਲਾ ਤੁਸੀਂ ਕੀ ਲੈਣਾ ਸੀ ਇਸ ਪੰਗੇ ਤੋਂ? ਤੁਸੀਂ ਸਮੁਚੇ ਪੰਥ ਦੀ ਆਵਾਜ਼ ਬਣੋ ਨਾ ਕਿ ਚੰਦ ਸਿਆਸਤਦਾਨਾਂ ਦੇ ਹੱਥ ਠੋਕੇ। ਕਿਉਂ ਲਾਸ਼ ਦੇ ਸਿਰਹਾਣੇ ਬੈਠ ਕੇ ਜੱਗ ਹਸਾਈ ਕਰਵਾ ਰਹੇ ਹੋ? ਜਦ ਜ਼ਮੀਰ ਹੀ ਮਰ ਜਾਵੇ..." ਅਗਾਂਹ ਮੈਂ ਚੁੱਪ ਹੋ ਗਿਆ, ਕਿਉਂਕਿ ਕਈ ਵਿਸ਼ਵਾਸ ਅਜਿਹੇ ਹੁੰਦੇ ਹਨ ਜੋ ਅਸੀਂ ਛੱਡ ਨਹੀਂ ਸਕਦੇ। "ਯਾਰਾਂ ਦੀ ਯਾਰੀ ਵੱਲ ਜਾਣਾ ਹੈ, ਅਉਗੁਣਾਂ ਵੱਲ ਨਹੀਂ" ਚਿਤਵ ਕੇ, ਮੇਰਾ ਮਨ ਗਿਆਨੀ ਸੰਤੋਖ ਸਿੰਘ ਤੋਂ ਉਪਰਾਮ ਨਹੀਂ, ਆਸਵੰਦ ਹੈ।

ਮੈਂ ਉਹਨਾਂ ਨਾਲ਼ ਇਸ ਕਰਕੇ ਚਿੱਚੜ ਵਾਂਗ ਚੰਬੜਿਆ ਹੋਇਆ ਹਾਂ ਕਿ ਇਕ ਦਿਨ ਉਹਨਾਂ ਨੂੰ ਇਹ ਯਕੀਨ ਕਰਵਾ ਦੇਵਾਂਗਾ ਕਿ ਸਿੱਖੀ ਗੁਰਮਤਿ ਸਿਧਾਂਤ 'ਤੇ ਖੜ੍ਹੀ ਹੈ। ਨਾ ਗੁਰੂ ਸਾਹਿਬਾਂ ਨੇ ਵਿਚ ਵਿਚਾਲ਼ੇ ਵਾਲ਼ਾ ਸਮਝੌਤਾਵਾਦੀ ਨਜ਼ਰੀਆ ਰੱਖਿਆ ਤੇ ਨਾ ਹੀ ਪੰਥ ਨੇ ਰੱਖਣਾ ਹੈ। ਸਾਡੇ ਆਂਢ ਗਵਾਂਢ ਵਿਚ ਵਿਚਰ ਰਹੀਆਂ ਗ਼ੈਰ ਅਕਾਲੀ ਪਾਰਟੀਆਂ ਪੰਥ ਦੀ ਪ੍ਰਤਿਨਿਧਤਾ ਨਹੀਂ ਕਰ ਸਕਦੀਆਂ। ਬੇਸ਼ਕ ਸ਼੍ਰੋਮਣੀ ਅਕਾਲੀ ਦਲ ਨੂੰ ਢਾਹ ਕੇ ਉਸਰੇ ਪ੍ਰਾਈਵੇਟ ਕੰਪਨੀ ਨੁਮਾ 'ਕਾਲੀ ਦਲ ਦੀ ਹਾਲਤ ਉਸ ਪਿਛੇਤੀ ਕਣਕ ਵਾਲ਼ੀ ਹੈ ਜਿਸ ਨੂੰ ਖਾਦ ਪਾਣੀ ਵੀ ਘੱਟ ਮਿਲ਼ਿਆ ਹੈ। ਫਿਰ ਉਸ ਵਿਚ ਕਾਂਗਿਆਰੀ, ਬਘਾਟ, ਭੱਖੜਾ, ਘੱਬਲ਼, ਰਵਾੜੀ, ਕਰਾੜੀ, ਮੈਣਾ, ਕਸੁੰਭੀ, ਗੁੱਲੀ ਡੰਡਾ ਰੂਪੀ ਬਹੁਤ ਸਾਰੇ ਵਿਗਾੜ ਪੈਦਾ ਹੋ ਚੁੱਕੇ ਹਨ। 'ਪੰਥ ਵੱਸੇ ਮੈਂ ਉਜੜਾਂ, ਮਨ ਚਾਉ ਘਨੇਰਾ' ਵਾਲ਼ਾ ਪੰਥਕ ਵਲਵਲਾ ਏਥੇ ਪੁੱਠਾ ਹੋ ਚੁੱਕਾ ਹੈ।

ਆਸ ਹੈ ਪੂਰੀ ਮੈਨੂੰ ਕਿ ਗਿਆਨੀ ਜੀ ਨਾਲ਼ ਮੇਰੀ ਇਹ ਸਿੰਗ ਫਸਾਊ ਬਹਿਸ, ਇਕ ਨਾ ਇਕ ਦਿਨ ਚੰਗੇ ਨਤੀਜੇ ਪੈਦਾ ਕਰੇਗੀ। ਬੱਸ ਏਸੇ ਗੁਰੂ ਭਰੋਸੇ ਹੀ ਗਿਆਨੀ ਜੀ ਦੀ ਲਿਆਕਤ, ਦਾਨਸ਼ਮੰਦੀ, ਚਿੰਤਕ ਆਤਮਾ ਦੇ ਪਰਛਾਵੇਂ ਕੋਲ਼ ਖੜ੍ਹਾ ਹਾਂ। "ਸਿਰ ਦਿਤਿਆਂ

ਬਾਝ ਨਹੀਂ ਰਹਿਣਾ, ਧਰਮ ਸਿਰ ਦਿਤਿਆਂ ਬਾਝ ਨਹੀਂ ਰਹਿਣਾ।" ਵਾਲ਼ੀ ਸੋਚ ਦੀ ਧਾਰਨੀ, ਕੁਰਬਾਨੀ ਵਾਲ਼ੀ ਪੀਹੜੀ ਸਿੱਖ ਪੰਥ ਵਿਚ ਫਿਰ ਪੈਦਾ ਹੋਵੇਗੀ, ਮੈਨੂੰ ਪੂਰਨ ਯਕੀਨ ਹੈ।

**ਹਰਮੰਦਰ ਸਿੰਘ**

# ਆ ਉਤਰਨਾ ਮੇਰਾ ਵੀ ਆਸਟ੍ਰੇਲੀਆ ਵਿਚ

ਅੱਜ ਪੰਜਾਬੀਆਂ ਵਾਸਤੇ ਆਸਟ੍ਰੇਲੀਆ ਕੋਈ ਓਪਰਾ ਨਾਂ ਨਹੀਂ ਹੈ। ਬੇਅੰਤ ਨੌਜਵਾਨ ਵਿਦਿਆਰਥੀ ਬਣ ਕੇ ਏਥੇ ਪੱਕੇ ਹੋਣ ਆਏ ਹਨ ਤੇ ਨਿਤ ਦਿਨ ਹੋਰ ਆ ਰਹੇ ਹਨ। ਇਸ ’ਤੇ ਕਿਸੇ ਨੂੰ ਵੀ ਕੋਈ ਇਤਰਾਜ਼ ਕਰਨ ਦਾ ਹੱਕ ਨਹੀਂ ਹੈ, ਇਸ ਦੇ ਉਲ਼ਟ ਸਗੋਂ ਸਾਨੂੰ ਖ਼ੁਸ਼ੀ ਹੋਣੀ ਚਾਹੀਦੀ ਹੈ ਕਿ ਏਥੇ ਸਾਡੇ ਭਾਈਚਾਰੇ ਵਿਚ ਵਾਧਾ ਹੋ ਰਿਹਾ ਹੈ। ਇਸ ਸੰਸਾਰ ਦੇ ਮਹਾਨ ਵਾਲੀ ਵਾਹਿਗੁਰੂ ਜੀ ਦੇ ਸਾਜੇ ਵਿਸ਼ਾਲ ਸੰਸਾਰ ਅੰਦਰ ਹਰ ਕੋਈ ਹੀ ਆਪਣੇ ਚੰਗੇਰੇ ਭਵਿਖ ਦੀ ਆਸ ’ਤੇ ਕਿਤੇ ਵੀ ਆ/ਜਾ ਤੇ ਵੱਸ ਸਕਦਾ ਹੈ। ਜਦੋਂ ੧੯੭੯ ਦੇ ਅਕਤੂਬਰ ਮਹੀਨੇ ਦੀ ੨੫ ਤਰੀਕ ਨੂੰ ਮੈਂ ਆਪਣੇ ਨਿੱਕੇ ਭਰਾ, ਸ. ਸੇਵਾ ਸਿੰਘ ਸਮੇਤ, ਪਹਿਲੀ ਵਾਰ ਏਥੇ ਆਇਆ ਸਾਂ ਤਾਂ ਏਥੇ ਕਿਸੇ ਵਿਰਲੇ ਹੀ ਸਿੱਖ ਦੇ ਦਰਸ਼ਨ ਹੁੰਦੇ ਸਨ। ਸਿਡਨੀ ਦੇ ਇਕ ਸਬਅਰਬ ਰੀਵਜ਼ਬੀ ਵਿਚ ਇਕ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਹੁੰਦਾ ਸੀ। ਓਥੇ ਦੀਵਾਨ ਵੀ ਮਹੀਨੇ ਵਿਚ ਦੋ ਵਾਰ ਹੀ ਲੱਗਦਾ ਸੀ ਤੇ ਲੰਗਰ ਵੀ ਤਾਂ ਹੀ ਪੱਕਦਾ ਸੀ ਜੇਕਰ ਕੋਈ ਪਰਵਾਰ ਰਾਸ਼ਨ ਲਿਆਉਣ, ਪਕਾਉਣ, ਵਰਤਾਉਣ, ਛਕਾਉਣ ਆਦਿ ਦੀ ਖ਼ੁਦ ਜ਼ੁੰਮੇਵਾਰੀ ਲਵੇ ਤਾਂ। ਅੱਜ ਗੁਰੂ ਜੀ ਦੀ ਕਿਰਪਾ ਸਦਕਾ ਸਿਡਨੀ ਵਿਚ ਹੀ ਛੇ ਗੁਰਦੁਆਰੇ ਹਨ ਜਿਥੇ ਰੌਣਕਾਂ ਹੀ ਰੌਣਕਾਂ ਹੁੰਦੀਆਂ ਹਨ। ਇਹ ਕੁਝ ਏਥੇ ਵੱਡੀ ਗਿਣਤੀ ਵਿਚ ਸਿੱਖ ਸੰਗਤਾਂ ਦੇ ਆਉਣ ਸਦਕਾ ਹੀ ਸੰਭਵ ਹੋਇਆ ਹੈ।



ਮੁਲਕ ਆਸਟ੍ਰੇਲੀਆ ਧਰਤੀ ਦੇ ਦੱਖਣ ਵਾਲ਼ੇ ਪਾਸੇ, ਇੰਡੋਨੇਸ਼ੀਆ ਤੋਂ ਥੱਲੇ ਅਤੇ ਨਿਊਜ਼ੀਲੈਂਡ ਦੇ ਤਕਰੀਬਨ ਬਰਾਬਰ ਵਾਕਿਆ ਹੈ। ਇਸਦੀ ਧਰਤੀ ਭਾਰਤ ਨਾਲ਼ੋਂ ਤਕਰੀਬਨ ਢਾਈ ਗੁਣਾ ਵੱਡੀ ਹੈ ਤੇ ਆਬਾਦੀ ਸਿਰਫ਼ ਬਾਈ ਮਿਲੀਅਨ; ਅਥਵਾ ਸਵਾ ਦੋ ਕਰੋੜ ਨਾਲੋਂ ਵੀ ਘੱਟ। ਸਮੁੰਦਰ ਦੇ ਕਿਨਾਰੇ ਕਿਨਾਰੇ ਪੰਜ ਸੱਤ ਸ਼ਹਿਰਾਂ ਵਿਚ ਹੀ ਲੋਕ ਵੱਸਦੇ ਹਨ, ਅੰਦਰ ਸਾਰਾ ਮੁਲਕ ਖ਼ਾਲੀ ਪਿਆ ਹੈ ਜਿਥੇ ਰੇਤ ਦੇ ਟਿੱਬੇ, ਝਾੜੀਆਂ, ਪੱਥਰ ਆਦਿ ਸੋਭਾ ਪਾ ਰਹੇ ਹਨ। ਖੇਤੀ ਪ੍ਰਧਾਨ ਦੇਸ ਹੋਣ ਕਰਕੇ ਤਕਰੀਬਨ ਹਰੇਕ ਫ਼ਸਲ ਦੇ ਵੱਡੇ ਵੱਡੇ ਫ਼ਾਰਮ ਹਨ। ਕਈ ਫ਼ਾਰਮ ਤਾਂ ਹਜ਼ਾਰਾਂ ਏਕੜਾਂ ਵਿਚ ਵੀ ਹਨ।

ਏਥੋਂ ਦੇ ਅਸਲੀ ਵਸਨੀਕ, ਦੱਸਿਆ ਜਾਂਦਾ ਹੈ ਕਿ ਪੰਜਾਹ ਹਜ਼ਾਰ ਸਾਲਾਂ ਤੋਂ ਏਥੇ ਦੱਖਣੀ ਏਸ਼ੀਆ ਤੋਂ ਆ ਕੇ ਵੱਸ ਰਹੇ ਹਨ। ਇਹਨਾਂ ਨੂੰ ਐਬੋਰੀਜੀਨਲ (Aboriginal) ਆਖਦੇ ਹਨ। ਇਹ ੩੦੦ ਗਰੁਪਾਂ ਵਿਚ ਵੰਡੇ ਹੋਏ ਸਨ ਤੇ ੨੫੦ ਜ਼ਬਾਨਾਂ ਤੇ ੭੦੦ ਡਾਇਲੈਕਟਾਂ ਵਿਚ ਬੋਲਦੇ ਸਨ। ਅੱਜ ਕਲ੍ਹ ਇਹਨਾਂ ਦੀ ਆਬਾਦੀ, ਆਸਟ੍ਰੇਲੀਆ ਦੀ ਸਮੁਚੀ ਆਬਾਦੀ ਵਿਚ ਦੋ ਕੁ ਫ਼ੀ ਸਦੀ ਸਮਝੀ ਜਾਂਦੀ ਹੈ। ਕਈ ਗੱਲਾਂ ਵਿਚ ਬਾਕੀ ਦੇ ਵਸਿੰਦਿਆਂ ਨਾਲ਼ੋਂ ਇਹਨਾਂ ਦੇ ਕੁਝ ਵਿਸ਼ੇਸ਼ ਅਧਿਕਾਰ ਹਨ।

ਭਾਵੇਂ ਕਿ ਇਸ ਦੀ ਖੋਜ ਪਹਿਲਾਂ ਵੀ ਹੋ ਚੁੱਕੀ ਹੋਈ ਸੀ ਪਰ ਜਦੋਂ ਜਾਰਜ ਵਾਸ਼ਿੰਗਟਨ ਦੀ ਅਗਵਾਈ ਹੇਠ ਅਮ੍ਰੀਕਾ ਨੇ ਲੰਮੀ ਲੜਾਈ ਲੜ ਕੇ ਵਲੈਤੀ ਅੰਗ੍ਰੇਜ਼ਾਂ ਤੋਂ ਆਜ਼ਾਦੀ ਪ੍ਰਾਪਤ ਕਰ ਲਈ ਤਾਂ ਅੰਗ੍ਰੇਜ਼ਾਂ ਨੂੰ ਫਿਰ ਆਪਣੇ ਅਣਚਾਹੇ ਬੰਦੇ ਸੁੱਟਣ ਲਈ ਹੋਰ ਥਾਂ ਦੀ ਭਾਲ਼ ਕਰਨੀ ਪਈ ਤੇ ਇਸ ਕਾਰਜ ਲਈ ਉਹਨਾਂ ਨੇ ਆਸਟ੍ਰੇਲੀਆ ਨੂੰ ਵਰਤਣਾ ਆਰੰਭ ਦਿਤਾ। ਸਤਾਰ੍ਹਵੀਂ ਸਦੀ ਤੋਂ ਹੀ ਉਹ ਆਸਟ੍ਰੇਲੀਆ ਨੂੰ ਨਿਊ ਹਾਲੈਂਡ ਕਰਕੇ ਜਾਣਦੇ ਤਾਂ ਸਨ ਪਰ ਵਲੈਤੋਂ ਤੁਰ ਕੇ ਪਹਿਲਾ ਜਹਾਜ਼ ਕੈਪਟਨ ਜੇਮਜ਼ ਕੁਕ ਦੀ ਅਗਵਾਈ ਹੇਠ ੧੭੭੦ ਵਿਚ ਹੀ ਆਇਆ ਸੀ। ਫਿਰ ੨੬ ਜਨਵਰੀ ੧੭੮੮ ਨੂੰ, ੧੧ ਜਹਾਜ਼ਾਂ ਵਿਚ, ੧੫੦੦ ਅਣਚਾਹੇ ਬੰਦੇ ਏਥੇ ਲਿਆਂਦੇ ਗਏ। ਇਹ ਜਹਾਜ਼ ਸਿਡਨੀ ਹਾਰਬਰ ਆ ਕੇ ਲੱਗੇ ਸਨ। ੧੮੬੮ ਤੱਕ ੧,੬੦,੦੦੦ ਦੋਸ਼ੀ ਬੰਦੇ ਬੰਦੀਆਂ ਏਥੇ ਪਹੁੰਚ ਚੁੱਕੇ ਸਨ। ਨਵੇਂ ਆਇਆਂ ਨੇ ਏਥੇ ਦੇ ਵਸਨੀਕ ਐਬੋਰੀਜੀਨਲ ਲੋਕਾਂ ਦਾ ਸ਼ਿਕਾਰ ਖੇਡ ਖੇਡ ਕੇ ਕੁਝ ਭਜਾ ਦਿਤੇ, ਕੁਝ ਮਾਰ ਦਿਤੇ ਤੇ ਕੁਝ ਪਹਿਲਾਂ ਅਣਜਾਣੀਆਂ ਬੀਮਾਰੀਆਂ ਦੇ, ਨਵੇਂ ਆਇਆਂ ਨੇ, ਸ਼ਿਕਾਰ ਬਣਾ ਦਿਤੇ। ਅੱਜ ਆਸਟ੍ਰੇਲੀਆ ਵਿਚ ਸ਼ਾਇਦ ਹੀ ਕੋਈ ਸੌ ਫ਼ੀ ਸਦੀ ਸ਼ੁਧ ਐਬੋਰੀਜੀਨਲ ਬੰਦਾ ਜਾਂ ਬੰਦੀ ਮਿਲ਼ ਸਕੇ।

੧੯ਵੀਂ ਸਦੀ ਦੇ ਸ਼ੁਰੂ ਦੇ ਸਾਲਾਂ ਵਿਚ ਬਹੁਤ ਸਾਰੇ ਫ਼ੌਜੀ, ਅਫ਼ਸਰ, ਦੋਸ਼ੀ ਆਦਿ ਨੇ ਸਰਕਾਰੋਂ ਜ਼ਮੀਨ ਪ੍ਰਾਪਤ ਹੋਈ ਨੂੰ ਆਬਾਦ ਕਰ ਕੇ ਫ਼ਾਰਮ ਬਣਾ ਲਏ। ਇਹ ਵੇਖ ਕੇ ਬਹੁਤ ਸਾਰੇ ਵਲੈਤੋਂ ਹੋਰ ਉਦਮੀ ਵਿਅਕਤੀ ਜਹਾਜ਼ ਭਰ ਭਰ ਕੇ ਆ ਗਏ। ਇਹ ਲੋਕ ਮਾਰੂ ਹਥਿਆਰਾਂ ਸਹਿਤ ਹੋਰ ਅੰਦਰ ਐਬੋਰੀਜੀਨਲ ਲੋਕਾਂ ਦੇ ਵਸੇਬੇ ਵਾਲ਼ੀ ਧਰਤੀ ਵੱਲ

ਵਧਣੇ ਸ਼ੁਰੂ ਹੋ ਗਏ ਤੇ ਇਸ ਤਰ੍ਹਾਂ ਇਹਨਾਂ ਨਵੇਂ ਆਇਆਂ ਨੇ, ਹੋਰ ਕਈ ਸ਼ਹਿਰ ਵਸਾ ਲਏ। ਫਿਰ ਸੋਨਾ ਲਭਣ ਕਰਕੇ ਵੀ ਬਹੁਤ ਸਾਰੇ ਜਵਾਨ ਲੋਕੀਂ ਵਲੈਤੋਂ ਏਧਰ ਨੂੰ ਭੱਜ ਆਏ। ਬੇੜੀਆਂ ਭਰ ਭਰ ਕੇ ਚੀਨੇ ਵੀ ਏਥੇ ਆ ਵਸੇ। ਕਈ ਮਾੜੇ ਸਮਝੇ ਜਾਣ ਵਾਲ਼ੇ ਧੰਦੇ ਕਰਨ ਵਾਲ਼ੇ ਹੋਰ ਲੋਕ ਵੀ ਏਥੇ ਆ ਗਏ। ਦੋਹਾਂ ਸੰਸਾਰ ਜੰਗਾਂ ਤੋਂ ਉਪ੍ਰੰਤ ਲੋੜਵੰਦ, ਰਫ਼ਿਊਜੀ ਆਦਿ ਵੀ ਏਥੇ ਆ ਟਿਕੇ।

ਪਹਿਲਾਂ ਆਸਟ੍ਰੇਲੀਆ ਦੀਆਂ ਛੇ ਸਟੇਟਾਂ ਵੱਖ ਵੱਖ ਸਨ। ਫਿਰ ਇਹਨਾਂ ਨੇ ੧ ਜਨਵਰੀ ੧੯੦੧ ਵਾਲ਼ੇ ਦਿਨ, ਇਕ ਸੰਵਿਧਾਨ ਅਧੀਨ 'ਕਾਮਨਵੈਲਥ ਆਫ਼ ਆਸਟ੍ਰੇਲੀਆ' ਦੇ ਨਾਂ ਥੱਲੇ ਇਕ ਮੁਲਕ ਵਜੂਦ ਵਿਚ ਲੈ ਆਂਦਾ। ਹੁਣ ਸਟੇਟਾਂ ਦੀਆਂ ਸਰਕਾਰਾਂ ਤੋਂ ਉਪਰ ਸਾਰੇ ਮੁਲਕ ਦੀ ਆਪਣੀ ਇਕ ਸੰਘੀ ਸਰਕਾਰ ਹੈ ਜਿਸਦਾ ਹੈਡ ਕੁਆਰਟਰ, ਨਵੇਂ ਵਸਾਏ ਸ਼ਹਿਰ ਕੈਨਬਰਾ ਵਿਚ ਹੈ। ਇਸ ਦੀ ਪਾਰਲੀਮੈਂਟ ਦੇ ਦੋ ਸਦਨ ਹਨ। ਹੇਠਲੇ ਸਦਨ ਵਿਚ ਬਹੁ ਸੰਮਤੀ ਪ੍ਰਾਪਤ ਆਗੂ, ਸਾਡੀ ਲੋਕ ਸਭਾ ਵਾਂਗ ਹੀ, ਪ੍ਰਧਾਨ ਮੰਤਰੀ ਬਣਦਾ ਹੈ। ਨਾਮ ਮਾਤਰ ਰਾਜ ਦੀ ਮੁਖੀ ਵਲੈਤੀ ਰਾਣੀ ਹੈ ਅਤੇ ਨੋਟਾਂ ਤੇ ਸਿੱਕਿਆਂ ਉਪਰ ਉਸਦੀ ਫੋਟੋ ਛਪਦੀ ਹੈ ਪਰ ਸਿਧਾ ਦਖ਼ਲ ਉਸਦਾ ਪ੍ਰਬੰਧ ਵਿਚ ਕੋਈ ਨਹੀਂ। ਪ੍ਰਧਾਨ ਮੰਤਰੀ ਗਵਰਨਰ ਜਨਰਲ ਦਾ ਨਾਂ ਰਾਣੀ ਨੂੰ ਭੇਜਦਾ ਹੈ ਤੇ ਉਹ ਉਸ ਉਪਰ ਮੋਹਰ ਲਾ ਦਿੰਦੀ ਹੈ। ਫ਼ੌਜੀ ਤੌਰ 'ਤੇ ਆਸਟ੍ਰੇਲੀਆ ਦਾ ਅਮ੍ਰੀਕਾ ਨਾਲ਼ ਗੱਠ ਜੋੜ ਹੈ।



ਅਮ੍ਰੀਕਾ ਦੇ ਸਾਬਕਾ ਪ੍ਰਧਾਨ ਮਿਸਟਰ ਨਿਕਸਨ ਨੇ ਇਸ ਨੂੰ ਆਪਣੀ ਕਿਤਾਬ ਵਿਚ ਭਵਿਖ ਦਾ ਦੇਸ ਆਖਿਆ ਸੀ। ਕੁਝ ਲੋਕੀਂ ਇਸ ਦੇ ਵਸਨੀਕਾਂ ਦੀ ਮਾਨਸਿਕਤਾ ਨੂੰ ਵੇਖਦੇ ਹੋਏ 'ਨੇਸ਼ਨ ਆਫ਼ ਥਰੋ ਅਵੇਜ਼' ਅਤੇ 'ਕੰਟਰੀ ਆਫ਼ ਗੈਂਬਲਰਜ਼' ਵੀ ਆਖਦੇ ਹਨ। ਅਰਥਾਤ ਪੁਰਾਣੀਆਂ ਵਸਤਾਂ ਦੀ ਮੁਰੰਮਤ ਕਰ ਕੇ ਵਰਤਣ ਦੀ ਖੇਚਲ਼ ਕਰਨ ਦੀ ਬਜਾਇ ਉਹਨਾਂ ਨੂੰ ਬਾਹਰ ਸੁੱਟ ਕੇ ਨਵੀਆਂ ਖ਼ਰੀਦ ਲੈਂਦੇ ਹਨ ਅਤੇ ਹਰੇਕ ਸਾਲ ਨਵੰਬਰ ਦੇ ਪਹਿਲੇ ਮੰਗਲਵਾਰ ਨੂੰ ਏਥੇ ਘੋੜਿਆਂ ਦੀ ਦੌੜ ਦੇ ਜੂਏ ਵਿਚ ਪੈਸੇ ਲਾਉਣ ਤੋਂ ਸ਼ਾਇਦ ਹੀ ਕੋਈ ਮੇਰੇ ਵਰਗਾ ਵਾਂਝਾ ਰਹਿੰਦਾ ਹੋਵੇ।

੧੯੭੨ ਵਿਚ ਗਫ਼ ਵਿਟਲਮ ਦੀ ਅਗਵਾਈ ਹੇਠ ਲੇਬਰ ਪਾਰਟੀ ਦੀ ਸਰਕਾਰ ਨੇ ਕਈ ਹੋਰ ਚੰਗੇ ਕੰਮ ਕਰਨ ਦੇ ਨਾਲ਼ ਨਾਲ਼ 'ਵਾਈਟ ਆਸਟ੍ਰੇਲੀਆ' ਦੀ ਨੀਤੀ ਨੂੰ ਤਿਲਾਂਜਲੀ ਦੇ ਕੇ ਬਹੁ ਸਭਿਆਚਾਰਕ ਆਸਟ੍ਰੇਲੀਆ ਲਈ ਰਾਹ ਖੋਹਲ ਦਿਤਾ। ਇਸ ਕਾਰਨ ਹੁਣ ਏਥੇ ੨੦੦ ਤੋਂ ਉਪਰ ਮੁਲਕਾਂ ਦੇ ਵਿਅਕਤੀ ਵੱਸਦੇ ਹਨ। ਬਹੁਤੇ ਦੇਸਾਂ ਦੇ ਵਿਅਕਤੀਆਂ ਦਾ ਏਥੇ ਵਸੇਬਾ ਹੋਣ ਕਰਕੇ ਇਸਨੂੰ 'ਕੰਟਰੀ ਆਫ਼ ਮਾਈਗਰੈਂਟਸ' ਵੀ ਆਖਦੇ ਹਨ।

ਜਦੋਂ ਦਾ ਮੈਂ ਏਥੇ ਆਇਆ ਹਾਂ ਓਦੋਂ ਦਾ ਹੀ ਆਸਟ੍ਰੇਲੀਆ ਵਿਚ ਸਿੱਖਾਂ ਤੇ ਪੰਜਾਬੀ ਬੋਲਣ ਵਾਲ਼ਿਆਂ ਦੀ ਵਸੋਂ ਦਾ ਪਤਾ ਲਾਉਣ ਦੇ ਯਤਨਾਂ ਵਿਚ ਹਾਂ ਪਰ ਇਸ ਦਾ ਸਹੀ ਪਤਾ ਮੇਰੇ ਕੋਲ਼ੋਂ ਨਹੀਂ ਲੱਗ ਸਕਿਆ। ਕਾਰਨ ਸ਼ਾਇਦ ਇਹ ਹੈ ਕਿ ਹਰੇਕ ਮਰਦਮਸ਼ੁਮਾਰੀ ਸਮੇ ਧਰਮ ਦੇ ਖ਼ਾਨੇ ਵਿਚ ਸਿੱਖਾਂ ਦੀ ਗਿਣਤੀ ਉਹਨਾਂ ਦੀ ਅਸਲ ਗਿਣਤੀ ਦੇ ਮੁਕਾਬਲੇ ਕਈ ਗੁਣਾ ਘੱਟ ਹੁੰਦੀ ਹੈ ਤੇ ਪੰਜਾਬੀ ਬੋਲਣ ਵਾਲ਼ਿਆਂ ਦੀ ਤੇ ਉਸ ਤੋਂ ਵੀ ਕਿਤੇ ਘਟ ਹੁੰਦੀ ਹੈ। ਮੇਰੇ ਅੰਦਾਜ਼ੇ ਅਨੁਸਾਰ ਸਿੱਖਾਂ ਦੀ ਗਿਣਤੀ ਏਥੇ ਲੱਖਾਂ ਵਿਚ ਹੈ ਜਦੋਂ ਕਿ ਮਰਦਮ ਸ਼ੁਮਾਰੀ ਵਿਚ ਕੁਝ ਹਜ਼ਾਰ ਹੀ ਦਿਖਾਈ ਦਿੰਦੇ ਹਨ। ਇਸ ਦੇ ਕਈ ਕਾਰਨ ਹੋ ਸਕਦੇ ਹਨ। ਸਭ ਤੋਂ ਵੱਡਾ ਤਾਂ ਸ਼ਾਇਦ ਇਹ ਕਾਰਨ ਹੀ ਹੋਵੇ ਕਿ ਅਸੀਂ ਮਰਦਮ ਸ਼ੁਮਾਰੀ ਸਮੇ ਆਪਣੇ ਧਰਮ ਤੇ ਬੋਲੀ ਦਾ ਪ੍ਰਗਟਾਵਾ ਕਰਨ ਦੀ ਕਿਸੇ ਕਾਰਨ ਕਰਕੇ ਲੋੜ ਹੀ ਨਹੀਂ ਸਮਝਦੇ।

੧੯੮੮ ਵਿਚ ਏਥੋਂ ਦੀ ਸਰਕਾਰ ਨੇ ਬਾਹਰੋਂ ਵਿਦਿਆਰਥੀ ਫ਼ੀਸਾਂ ਦੇ ਕੇ ਪੜ੍ਹਨ ਲਈ ਆਉਣ ਹਿਤ ਪ੍ਰਚਾਰ ਕੀਤਾ। ਇਸ ਦੇ ਕਈ ਕਾਰਨ ਸਨ। ਓਦੋਂ ਤੋਂ ਲੈ ਕੇ ਵਿਦਿਆਰਥੀਆਂ ਦਾ ਹੜ੍ਹ ਹੀ ਆ ਗਿਆ ਹੈ। ਚਾਰ ਚੌਫੇਰੇ ਵਿਦਿਆਰਥੀਆਂ ਦਾ ਬੋਲ ਬਾਲਾ ਹੈ। ਇਹਨਾਂ ਵਿਚ ਪੰਜਾਬੀ ਨੌਜਵਾਨਾਂ ਦੀ ਵੀ ਸੱਬਰਕੱਤੀ ਗਿਣਤੀ ਹੈ। ਇਹਨਾਂ ਵਿਚ ਬਹੁਤ ਸਾਰੇ ਸਾਬਤ ਸੂਰਤ ਵੀ ਹਨ। ਪੰਜਾਬੀ ਨੌਜਵਾਨ ਬੱਚੇ ਬੱਚੀਆਂ ਜੋ ਕਿ ਆਪਣਾ ਆਰਥਿਕ ਭਵਿਖ ਸੁਧਾਰਨ ਦੀ ਤਸਵੀਰ ਲੈ ਕੇ ਏਥੇ ਆਉਂਦੇ ਹਨ, ਉਹਨਾਂ ਦੇ ਦਰਸ਼ਨ ਕਰ ਕੇ ਬੜਾ ਹੀ ਮਨ ਪ੍ਰਸੰਨ ਹੁੰਦਾ ਹੈ। ਸ਼ੁਰੂ ਵਿਚ ਉਹਨਾਂ ਵਿਚੋਂ ਬਹੁਤਿਆਂ ਨੂੰ ਬਹੁਤ ਸਾਰੀਆਂ ਮੁਸ਼ਕਲਾਂ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ ਪ੍ਰੰਤੂ ਅੰਤ ਵਿਚ 'ਸਭ ਭਲਾ' ਹੀ ਹੋ

ਨਿੱਬੜਦਾ ਹੈ। ਕੋਈ ਵਿਰਲਾ ਹੀ ਮੁਸ਼ਕਲਾਂ ਦਾ ਸਾਹਮਣਾ ਨਾ ਕਰ ਸਕਣ ਕਰਕੇ ਵਾਪਸ ਮੁੜਦਾ ਹੈ। ਇਹਨਾਂ ਵਿਦਿਆਰਥੀਆਂ ਕਰਕੇ ਹੀ ਸਾਰੇ ਸ਼ਹਿਰਾਂ ਵਿਚਲੇ ਗੁਰਦੁਆਰਾ ਸਾਹਿਬਾਨ ਵਿਚ ਰੌਣਕਾਂ ਹੁੰਦੀਆਂ ਹਨ। ਕਿਸੇ ਵੀ ਗੁਰਦੁਆਰੇ ਵਿਚ ਦੀਵਾਨਾਂ ਤੇ ਲੰਗਰਾਂ ਦੀ ਕੋਈ ਤੋਟ ਨਹੀਂ। ਸੰਸਥਾਵਾਂ ਦੇ ਸੀਮਤ ਵਸੀਲਿਆਂ ਰਾਹੀਂ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਕ ਵੀ ਸਮੇ ਸਮੇ ਇਹਨਾਂ ਵਿਦਿਆਰਥੀਆਂ, ਹੋਰ ਯਾਤਰੂਆਂ ਅਤੇ ਲੋੜਵੰਦਾਂ ਦੀ ਸਹਾਇਤਾ ਕਰਨ ਦਾ ਯਤਨ ਕਰਦੇ ਹਨ। ਸੰਗਤਾਂ ਰਾਸ਼ਨ ਲਿਆਉਂਦੀਆਂ ਹਨ, ਪਕਾਉਂਦੀਆਂ ਹਨ, ਵਰਤਾਉਂਦੀਆਂ ਹਨ, ਖ਼ੁਦ ਛਕਦੀਆਂ ਤੇ ਹੋਰਨਾਂ ਨੂੰ ਛਕਾਉਂਦੀਆਂ ਹਨ। ਲੰਗਰ ਦੀ ਸੇਵਾ ਕਰਨ ਵਾਲ਼ਿਆਂ ਨੂੰ ਕਈ ਵਾਰ ਵਾਰੀ ਨਹੀਂ ਮਿਲਦੀ। ਲੰਗਰ ਦੀ ਸੇਵਾ ਲੈਣ ਵਾਸਤੇ ਕਈ ਕਈ ਮਹੀਨੇ ਵਾਰੀ ਲੈਣ ਲਈ ਵੀ ਉਡੀਕਣਾ ਪੈਂਦਾ ਹੈ। ਸਾਰੇ ਆਸਟ੍ਰੇਲੀਆ ਵਿਚ ਪੰਝੀ ਕੁ ਦੇ ਕਰੀਬ ਗੁਰਦੁਆਰੇ ਬਣ ਚੁੱਕੇ ਹਨ ਜਿਥੇ ਹਰ ਵੀਕ ਐਂਡ ’ਤੇ ਸੰਗਤਾਂ ਦੀ ਗਹਿਮਾ ਗਹਿਮੀ ਹੁੰਦੀ ਹੈ।

ਹੁਣ ਮੈਂ ਆਪਣੇ ਆਸਟ੍ਰੇਲੀਆ ਆਉਣ ਦੀ ਗੱਲ ਵੀ ਕਰ ਹੀ ਲਵਾਂ।

ਗੱਲ ਇਹ ੧੯੬੪ ਦੀਆਂ ਗਰਮੀਆਂ ਦੀ ਹੈ। ਮੈਂ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਪਟਿਆਲਾ ਵਿਖੇ ਕੀਰਤਨ ਦੀ ਸੇਵਾ ਕਰਨ ਦੇ ਨਾ਼ਲ ਨਾ਼ਲ ਪੜ੍ਹਾਈ ਕਰਨ ਦੇ ਯਤਨਾਂ ਵਿਚ ਵੀ ਸਾਂ। ਮੇਰੇ ਮਿੱਤਰ ਰਾਗੀ ਸਿੰਘ ਭਾਈ ਕਰਮ ਸਿੰਘ ਦੇ ਕਮਰੇ ਦੀ ਕੰਧ ਉਪਰ ਦੁਨੀਆ ਦਾ ਨਕਸ਼ਾ ਲੱਗਾ ਹੋਇਆ ਮੈਨੂੰ ਦਿਸਿਆ। ਐਵੇਂ ਆਪਣੀ ਅੱਖਰਾਂ ਨਾ਼ਲ ਮੱਥਾ ਮਾਰੀ ਜਾਣ ਦੀ ਆਦਤ ਵੱਸ ਮੈਂ ਉਹ ਵੇਖਣ ਲਗ ਪਿਆ। ਹੋਰ ਤਾਂ ਸਭ ਆਮ ਵਾਂਗ ਹੀ ਸੀ ਪਰ ਜਦੋਂ ਦੁਨੀਆ ਤੋਂ ਬਿਲਕੁਲ ਨਿਵੇਕਲੇ ਜਿਹੇ ਇਕ ਹਰੇ ਹਰੇ ਹਿੱਸੇ ਉਪਰ ਨਿਗਾਹ ਗਈ ਤਾਂ ਲਿਖਿਆ ਪੜ੍ਹਿਆ : ਆਸਟ੍ਰੇਲੀਆ। ਇਸ ਨਕਸ਼ੇ ਦੀ ਲਿਖਤ ਹਿੰਦੀ ਵਿਚ ਸੀ ਨਹੀਂ ਤਾਂ ਅੰਗ੍ਰੇਜ਼ੀ ਵਿਚ ਹੋਣ ਕਰਕੇ ਸ਼ਾਇਦ ਮੈਂ ਪੜ੍ਹ ਹੀ ਨਾ ਸਕਦਾ ਕਿਉਂਕਿ ਓਦੋਂ ਅਜੇ ਅੰਗ੍ਰੇਜ਼ੀ ਦੇ ਅੱਖਰ ਉਠਾ਼ਲ ਸਕਣ ਦੇ ਮੈਂ ਕਾਬਲ ਨਹੀਂ ਸਾਂ ਹੋਇਆ। ਇਕ ਤਾਂ ਹਰੇ ਰੰਗ ਨੇ ਮੇਰਾ ਧਿਆਨ ਖਿੱਚਿਆ। ਪਤਾ ਨਹੀਂ ਕਿਉਂ ਚਿੱਟਾ, ਗੂਹੜਾ ਨੀਲਾ ਤੇ ਗੂਹੜਾ ਹੀ ਹਰਾ ਰੰਗ ਮੈਨੂੰ ਬਚਪਨ ਤੋਂ ਹੀ ਪ੍ਰਭਾਵਤ ਕਰਦੇ ਆ ਰਹੇ ਹਨ। ਇਹ ਮੇਰੀ ‘ਕਮਜ਼ੋਰੀ’ ਹੁਣ ਵੀ ਮੇਰਾ ਪੂਰਾ ਸਾਥ ਦੇ ਰਹੀ ਹੈ; ਕਾਰਨ ਦਾ ਪਤਾ ਨਹੀਂ। ਇਸ ਤੋਂ ਵੀ ਵਧ ਮੈਨੂੰ ਧਰਤੀ ਦੇ ਇਸ ਭੂ ਭਾਗ ਨੇ ਜਿਸ ਗੱਲ ਦੀ ਖਿੱਚ ਪਾਈ, ਉਹ ਇਹ ਸੀ ਕਿ ਇਸਦੀਆਂ ਵੱਖ ਵੱਖ ਸਟੇਟਾਂ ਦਰਮਿਆਨ ਇਹਨਾਂ ਨੂੰ ਵਖਰਿਆਉਣ ਵਾ਼ਲੀਆਂ ਲੀਕਾਂ ਬਿਲਕੁਲ ਸਿਧੀਆਂ ਵਾਹੀਆਂ ਹੋਈਆਂ ਸਨ। ਆਮ ਦੇਸ਼ਾਂ ਦੀ ਤੇ ਉਹਨਾਂ ਦੇ ਸੂਬਿਆਂ ਦੀ ਵੰਡ ਕਰਦੀਆਂ ਲਕੀਰਾਂ ਬੜੀਆਂ ਉਧੜ ਗੁਧੜ ਜਿਹੀਆਂ ਨਕਸ਼ਿਆਂ ਉਪਰ ਦਿਸਦੀਆਂ ਹਨ ਪਰ ਆਸਟ੍ਰੇਲੀਆ ਦੀਆਂ ਸਟੇਟਾਂ ਦੀ ਇਸ ਵੰਡ ਨੇ ਮੈਨੂੰ ਬੜਾ ਪ੍ਰਭਾਵਤ ਕੀਤਾ। ਜਦੋਂ ਵੀ ਭਾਈ ਕਰਮ ਸਿੰਘ ਦੇ ਕਮਰੇ ਵਿਚ ਜਾਣਾ ਜ਼ਿਆਦਾ ਸਮਾ ਮੇਰਾ ਉਸ ਨਕਸ਼ੇ ਨੂੰ ਵੇਖਣ ਉਤੇ

ਅਤੇ ਸਭ ਤੋਂ ਵਧ ਆਸਟ੍ਰੇਲੀਆ ਵਾਲ਼ੇ ਹਿੱਸੇ ਉਪਰ ਹੀ ਧਿਆਨ ਕੇਂਦ੍ਰਿਤ ਰਹਿਣਾ। ਇਹ ਵੀ ਮੈਨੂੰ ਯਾਦ ਹੈ ਕਿ ਉਸ ਨਕਸ਼ੇ ਉਪਰ ਸਮੁੰਦਰੀ ਜਹਾਜ਼ ਦੀ ਫੋਟੋ ਬਣਾ ਕੇ ਇਕ ਰੂਟ ਇਹ ਵੀ ਦਰਸਾਇਆ ਹੁੰਦਾ ਸੀ ਜਿਸ ਉਪਰ, ਹਿੰਦੀ ਵਿਚ ਬੰਬੇ ਸੇ ਸਿਡਨੀ ਤੇ ਸਿਡਨੀ ਸੇ ਬੰਬੇ ਲਿਖਿਆ ਹੋਇਆ ਹੁੰਦਾ ਸੀ।

ਗੱਲ ਆਈ ਗਈ ਹੋ ਗਈ।

ਜਦੋਂ ਮੈਂ ਮਲਾਵੀ ਤੋਂ ੧੯੭੭ ਦੇ ਮਾਰਚ ਮਹੀਨੇ ਵਿਚ ਰੁਖ਼ਸਤ ਲਈ ਤਾਂ ਦੁਨੀਆ ਦੇ ਦੁਆਲ਼ੇ ਦੀ ਟਿਕਟ ਇਸ ਤਰ੍ਹਾਂ ਬਣਵਾਈ : ਮਲਾਵੀ ਤੋਂ ਨੈਰੋਬੀ, ਕੰਪਾਲਾ, ਕੈਰੋ, ਏਥਨਜ਼, ਰੋਮ, ਫ਼ਟੈਂਕਫ਼ਟ, ਲਕਸਮ ਬਰਗ, ਪੈਰਿਸ, ਐਮਸਟਰਡੈਮ, ਲੰਡਨ, ਨਿਊ ਯਾਰਕ, ਵੈਨਕੂਵਰ, ਹੋਨੋਲੋਲੋ, ਔਕਲੈਂਡ, ਸਿਡਨੀ, ਸਿੰਘਾਪੁਰ, ਬੰਬਈ, ਦਿੱਲੀ, ਅੰਮ੍ਰਿਤਸਰ। ਪਰ ਲੰਡਨ ਪਹੁੰਚ ਕੇ ਸੱਤ ਕੁ ਮਹੀਨੇ ਓਥੇ ਹੀ ਕਿਸੇ ਖ਼ਾਸ ਕਾਰਨ ਰੁਕਿਆ ਰਿਹਾ। ਇਸ ਦੌਰਾਨ ਮੇਰਾ ਕੀਤਾ ਖ਼ਰਚ ਪੱਠਾ ਵੀ ਲੰਡਨੋਂ ਪੂਰਾ ਹੋ ਗਿਆ। ਇਕ ਦਿਨ ਏਥੇ ਲੰਡਨ ਸਥਿਤ ਆਸਟ੍ਰੇਲੀਅਨ ਹਾਈ ਕਮਿਸ਼ਨ ਦੇ ਜਾ ਕੇ ਵੀਜ਼ੇ ਆਦਿ ਬਾਰੇ ਜਾਣਕਾਰੀ ਵੀ ਪ੍ਰਾਪਤ ਕੀਤੀ। ਜਾਣ ਦਾ ਪ੍ਰਯੋਜਨ ਕਵੀਨਜ਼ਲੈਂਡ ਵਿਚ ਪੁਰਾਣੇ ਫ਼ਾਰਮਰ ਸਿੱਖਾਂ ਨਾਲ਼ ਮੇਲ਼ ਮਿਲ਼ਾਪ ਕਰਨਾ ਦੱਸਿਆ। ਉਹਨਾਂ ਆਖਿਆ ਕਿ ਮੈਂ ਵੀਜ਼ੇ ਲਈ ਅਪਲਾਈ ਕਰਾਂ ਪਰ ਮੈਂ ਫਿਰ ਅੰਮ੍ਰਿਤਸਰ ਜਾ ਵੜਿਆ। ਓਥੋਂ ਫਿਰ ਲੰਡਨ ਆ ਕੇ ਵੰਨ ਵੇ ਸਟੈਂਡ ਬਾਈ ਸਸਤੀ ੬੪ ਪੌਂਡ ਦੀ ਟਿਕਟ ਲੈ ਕੇ, ੧੩ ਅਪ੍ਰੈਲ ੧੯੭੮ ਵਾਲ਼ੇ ਦਿਨ, ਨਿਊਯਾਰਕ ਜਾ ਉਤਰਿਆ। ਇਮੀਗ੍ਰੇਸ਼ਨ ਅਫ਼ਸਰ ਵੱਲੋਂ ਅੱਗੇ ਦੀ ਟਿਕਟ ਪੁੱਛਣ 'ਤੇ ਆਖ ਦਿਤਾ ਕਿ ਮੇਰੇ ਪਾਸ ਪੈਸੇ ਹੈਗੇ ਨੇ; ਮੈਂ ਜਦੋਂ ਮੁੜਨਾ ਜਾਂ ਅੱਗੇ ਜਾਣਾ ਹੋਊ ਤਾਂ ਏਥੋਂ ਖ਼ਰੀਦ ਲਊਂਗਾ।

ਪੌਣਾ ਕੁ ਸਾਲ ਅਮ੍ਰੀਕਾ ਤੇ ਕੈਨੇਡਾ ਦੇ ਦੋਹਾਂ ਮੁਲਕਾਂ ਦੇ ਪੂਰਬੀ ਸਿਰੇ ਤੋਂ ਲੈ ਕੇ ਪੱਛਮੀ ਸਿਰੇ ਤੱਕ ਬੱਸਾਂ ਤੇ ਕਾਰਾਂ ਰਾਹੀਂ ਯਾਤਰਾ ਕੀਤੀ। ਇਸ ਯਾਤਰਾ ਦੌਰਾਨ ਕੈਲੇਫ਼ੋਰਨੀਆ ਦੇ ਸ਼ਹਿਰ, ਸਨ ਫ਼੍ਰਾਂਸਿਸਕੋ ਸਥਿਤ ਆਸਟ੍ਰੇਲੀਅਨ ਕੌਂਸੂਲੇਟ ਵਿਚ ਜਾ ਕੇ, ਵੀਜ਼ੇ ਬਾਰੇ ਫਿਰ ਗੱਲ ਕੀਤੀ ਤਾਂ ਰੀਸੈਪਸ਼ਨਿਸਟ ਲੜਕੀ ਮੇਰਾ ਪਾਸਪੋਰਟ ਲੈ ਕੇ ਅੰਦਰ ਗਈ ਤੇ ਕੁਝ ਮਿੰਟਾਂ ਪਿਛੋਂ ਮੈਨੂੰ ਪਾਸਪੋਰਟ ਮੋੜਦਿਆਂ ਆਖਿਆ ਕਿ ਮੈਂ ਟਿਕਟ ਤੇ ਪੈਸੇ ਲੈ ਕੇ ਆ ਜਾਵਾਂ ਤੇ ਵੀਜ਼ਾ ਲੈ ਜਾਵਾਂ। ਲਾਸ ਏਂਜਲਸ ਵਿਖੇ ਸ੍ਰੀ ਸਿੰਘ ਸਾਹਿਬ ਭਾਈ ਸਾਹਿਬ ਯੋਗੀ ਹਰਿਭਜਨ ਸਿੰਘ ਖ਼ਾਲਸਾ ਜੀ ਨੇ ਮੇਰਾ ਵਿਚਾਰ ਬਦਲ ਦਿਤਾ। ਉਹਨਾਂ ਨੇ ਮੈਨੂੰ ਪ੍ਰੇਰ ਕੇ ਅੱਗੇ ਜਾਣ ਦੀ ਬਜਾਇ 'ਯੂ ਟਰਨ' ਕਰਵਾ ਕੇ ਮੇਰਾ ਮੂੰਹ ਅੰਮ੍ਰਿਤਸਰ ਵੱਲ ਮੋੜ ਦਿਤਾ। ਇਸਦਾ ਵੀ ਖ਼ਾਸ ਕਾਰਨ ਸੀ। ੨੫ ਜਨਵਰੀ ੧੯੭੯ ਨੂੰ ਮੈਂ ਲਾਸ ਏਂਜਲਸ ਤੋਂ ੧੨੫ ਡਾਲਰ ਦੀ ਵਨ ਵੇ ਟਿਕਟ ਲੈ ਕੇ ਲੰਡਨ ਜਾ ਉਤਰਿਆ ਤੇ ਓਥੋਂ ਇਕ ਮਹੀਨੇ ਪਿਛੋਂ ੮੦ ਪੌਂਡ ਦੀ ਆਰੀਆਨਾ ਏਅਰਵੇਜ਼ ਦੀ ਵਨ ਵੇ ਟਿਕਟ ਲੈ ਕੇ ਫ਼ਰਵਰੀ ਵਿਚ ਅੰਮ੍ਰਿਤਸਰ ਜਾ ਉਤਰਿਆ।



ਚੌਥੀ ਵਾਰ ਦੇਸੋਂ ਬਾਹਰ ਨਿਕਲ਼ਨ ਵਾਸਤੇ ਫਿਰ ਤਿਆਰੀਆਂ ਆਰੰਭੀਆਂ। ਆਪਣੇ ਨਿੱਕੇ ਭਰਾ ਸ. ਸੇਵਾ ਸਿੰਘ ਨੂੰ ਨਾਲ਼ ਲੈ ਕੇ, ੨੯ ਅਪ੍ਰੈਲ ੧੯੭੯ ਨੂੰ ਦਿੱਲੀ ਤੋਂ ਜਹਾਜ਼ ਰਾਹੀਂ ਅਸੀਂ ਦੋਵੇਂ ਬੈਂਕਾਕ ਆ ਉਤਰੇ। ਦੋ ਹਫ਼ਤੇ ਥਾਈਲੈਂਡ ਵਿਚ ਵਿਚਰਨ ਉਪ੍ਰੰਤ ਸੜਕ ਰਸਤੇ ਹੀ ਥਾਈਲੈਂਡ ਤੇ ਮਲੇਸ਼ੀਆ ਦੇ ਸ਼ਹਿਰਾਂ ਵਿਚ ਦੀ ਹੁੰਦੇ ਹੋਏ ਸਿੰਘਾਪੁਰ ਆ ਰੁਕੇ। ਇਹ ਗੱਲ ਸ਼ਾਇਦ ਪਾਠਕਾਂ ਨੂੰ ਅਜੀਬ ਲੱਗੇ ਪਰ ਮੇਰੇ ਨਾਲ਼ ਤਾਂ ਵਾਪਰੀ ਹੋਣ ਕਰਕੇ ਅਜੀਬ ਨਹੀਂ ਲੱਗਦੀ। ਜਦੋਂ ਮੈਂ ਏਧਰ ਦਾ ਚੱਕਰ ਲਾਉਣ ਦੀ ਉਧੇੜ ਬੁਣ ਜਿਹੀ ਵਿਚ ਸਾਂ ਤਾਂ ਇਕ ਰਾਤ ਸੁਪਨਾ ਆਇਆ ਕਿ ਇਸ ਆਪਣੀ ਚੌਥੀ ਸੰਸਾਰ ਯਾਤਰਾ ਸਮੇ ਮੈਂ ਦੱਖਣ ਦੇ ਦੇਸਾਂ ਵੱਲ ਗਿਆ ਹਾਂ ਤੇ ਓਥੇ ਹੀ ਰਹਿ ਗਿਆ ਹਾਂ। ਜਦੋਂ ਮਾਰਚ ੧੯੭੭ ਵਿਚ ਮਲਾਵੀ ਤੋਂ ਤੁਰਨ ਦਾ ਪ੍ਰੋਗਰਾਮ ਬਣਾ ਰਿਹਾ ਸਾਂ ਤਾਂ ਇਕ ਨੌਜਵਾਨ ਇੰਜੀਨੀਅਰ ਨੇ ਐਵੇਂ ਹੀ ਮੇਰਾ ਹੱਥ ਫੜ ਕੇ ਗਹੁ ਨਾਲ਼ ਵੇਖਦਿਆਂ ਹੋਇਆਂ ਆਖਿਆ ਕਿ ਮੈਂ ਦੁਨੀਆ ਦੇ ਉਤਰੀ ਖਿੱਤੇ ਦੇ ਕਿਸੇ ਮੁਲਕ ਵਿਚ ਨਹੀਂ ਟਿਕਾਂਗਾ; ਦੱਖਣੀ ਹਿੱਸੇ ਵਿਚ ਹੀ ਟਿਕ ਸਕਦਾ ਹਾਂ। ਗੱਲ ਮੈਂ ਉਸਦੀ ਕੋਈ ਗੌਲ਼ੀ ਨਾ।

ਅੰਮ੍ਰਿਤਸਰੋਂ ਤੁਰਨ ਸਮੇ ਸੋਚ ਵਿਚ ਨਿਸ਼ਾਨਾ ਸੀ ਕਿ ਵਧ ਤੋਂ ਵਧ ਦੇਸ਼ਾਂ ਤੇ ਸਥਾਨਾਂ ਥਾਣੀ ਹੁੰਦੇ ਹੋਏ ਧਰਤੀ ਦੇ ਨਾਲ਼ ਨਾਲ਼ ਹੀ ਈਸਟ ਤੀਮੋਰ ਦੀ ਰਾਜਧਾਨੀ ਦਿੱਲੀ ਤੋਂ ਕੋਈ ਬੋਟ ਜਾਂ ਸਮੁੰਦਰੀ ਜਹਾਜ਼ ਫੜ ਕੇ ਆਸਟ੍ਰੇਲੀਆ ਦੇ ਉਤਰੀ ਸ਼ਹਿਰ ਡਾਰਵਿਨ ਜਾ ਕੇ ਫਿਰ ਅੱਗੋਂ ਸੜਕਾਂ ਰਾਹੀਂ ਹੀ ਆਸਟ੍ਰੇਲੀਆ ਘੁੰਮਿਆ ਜਾਵੇ ਪਰ ਜਦੋਂ ਇਸ ਕਾਰਜ ਲਈ ਇੰਡੋਨੇਸ਼ੀਆ ਦੇ ਵੀਜ਼ੇ ਲਈ ਅਪਲਾਈ ਕੀਤਾ ਤਾਂ ਅਗਲੇ ਦਿਨ ਮੇਰਾ ਵੀਜ਼ਾ ਲੱਗਿਆ ਹੋਇਆ ਤੇ ਭਰਾ ਦਾ ਖ਼ਾਲੀ ਪਾਸਪੋਰਟ ਤੇ ਨਾਲ਼ ਹੀ ਉਸਦੇ ਵੀਜ਼ੇ ਵਾਲੀ ਫ਼ੀਸ ਦੇ ਪੈਸੇ ਮੈਨੂੰ

ਫੜਾ ਦਿਤੇ ਗਏ। ਵੀਜ਼ਾ ਨਾ ਮਿਲ਼ਣ ਦਾ ਕਾਰਨ ਪੁਛਣ ’ਤੇ ਐਂਬੈਸੀ ਦੇ ਨੌਜਵਾਨ ਕਰਮਚਾਰੀ ਵਹਾਬ ਨੇ, “ਸੇਵਾ ਸਿੰਘ ਇਜ਼ ਗੱਬਰ ਸਿੰਘ ਟੂ ਇੰਡੋਨੇਸ਼ੀਆ।” (ਸੇਵਾ ਸਿੰਘ ਇੰਡੋਨੇਸ਼ੀਆ ਵਾਸਤੇ ਗੱਬਰ ਸਿੰਘ ਹੈ।) ਆਖ ਕੇ ਗੱਲ ਮੁਕਾ ਦਿਤੀ। ਓਹਨੀਂ ਦਿਨੀਂ ਸ਼ੋਅਲੇ ਫ਼ਿਲਮ ਦੇ ਖਲ ਨਾਇਕ ਗੱਬਰ ਸਿੰਘ ਦੇ ਡਾਇਲਾਗ ਬੜੇ ਪ੍ਰਸਿਧ ਸਨ। ਗੱਲ ਇਹ ਸੀ ਕਿ ਸੇਵਾ ਸਿੰਘ ਨਾਂ ਦਾ ਕੋਈ ਬਹੁਰੂਪੀਆ ਓਥੇ ਸ਼ਾਇਦ ਕੋਈ ਠੱਗੀ ਠੁੱਗੀ ਮਾਰ ਆਇਆ ਹੋਣ ਕਰਕੇ, ਇਸ ਨਾਂ ਦੇ ਬੰਦਿਆਂ ਲਈ ਇੰਡੋਨੇਸ਼ੀਆ ਦਾ ਵੀਜ਼ਾ ਬੰਦ ਸੀ। ਉਸਦੀ ਰਾਜਧਾਨੀ ਜਕਾਰਤਾ ਤੋਂ ਮਿਲ਼ ਮਿਲ਼ਾ ਕੇ ਭਰਾ ਦੇ ਵੀਜ਼ੇ ਦੀ ਪ੍ਰਾਪਤੀ ਦੀ ਆਸ ’ਤੇ ਮੈਂ ਰੂਸੀ ਸਮੁੰਦਰੀ ਜਹਾਜ਼ ਰਾਹੀਂ ਜਕਾਰਤਾ ਜਾ ਅੱਪੜਿਆ। ਕੁਝ ਸੱਜਣਾਂ ਨਾਲ਼ ਗੱਲ ਬਾਤ ਕੀਤੀ ਪਰ ਸਭ ਨੇ ਨਾਕਾਰਤਮਿਕ ਹੁੰਗਾਰਾ ਹੀ ਭਰਿਆ। ਮੈਂ ਇਹ ਸਲਾਹ ਛੱਡ ਕੇ ਓਥੋਂ ਸ਼ਿਪ ਰਾਹੀਂ ਇੰਡੋਨੇਸ਼ੀਆ ਦੇ ਵੱਡੇ ਟਾਪੂ ਸੁਮਾਤਰਾ ਦੀ ਰਾਜਧਾਨੀ ਮੈਦਾਨ ਜਾਣ ਦਾ ਵਿਚਾਰ ਬਣਾ ਲਿਆ। ਓਥੇ ਇਕ ਸਿੰਧੀ ਪ੍ਰੇਮੀ ਦੇ ਘਰ ਟਿਕਾਣਾ ਕਰਨ ਉਪ੍ਰੰਤ ਸ. ਮਹਿੰਦਰ ਸਿੰਘ ਜੀ ਨੇ ਆਪਣੀ ਵੈਨ ਵਿਚ ਕਈ ਸ਼ਹਿਰਾਂ ਦੀ ਯਾਤਰਾ ਕਰਵਾ ਦਿਤੀ। ਮੈਦਾਨੋਂ ਜਹਾਜ਼, ਬੱਸਾਂ ਆਦਿ ਰਾਹੀਂ ਫਿਰ ਸਿੰਘਾਪੁਰ ਪਹੁੰਚ ਗਿਆ।

ਸਾਨ ਫ੍ਰਾਂਸਿਸਕੋ ਦੇ ਕੌਂਸੂਲੇਟ ਵਾਲ਼ੀ ਲੜਕੀ ਨੇ ਮੇਰੇ ਪਾਸਪੋਰਟ ਨਾਲ਼ ਅੰਦਰ ਜਾ ਕੇ ਕੀ ਕੀਤਾ, ਇਸ ਗੱਲ ਦਾ ਪਤਾ ਸਿੰਘਾਪੁਰ ਵਿਚਲੇ ਆਸਟ੍ਰੇਲੀਅਨ ਹਾਈ ਕਮਿਸ਼ਨ ਵਿਚੋਂ ਵੀਜ਼ਾ ਮੰਗਣ ਸਮੇ ਲੱਗਾ। ਉਸ ਬੀਬੀ ਨੇ ਮੇਰੇ ਪਾਸਪੋਰਟ ਉਪਰ ਇਕ ਨਿਸ਼ਾਨੀ ਲਾ ਦਿਤੀ ਸੀ ਜਿਸ ਕਰਕੇ ਸਿੰਘਾਪੁਰ ਵਾਲ਼ੇ ਹਾਈ ਕਮਿਸ਼ਨ ਵਾਲ਼ਿਆਂ ਨੇ ਮੈਨੂੰ ਵੀਜ਼ਾ ਦੇਣ ਤੋਂ ਪਹਿਲਾਂ ਦਿੱਲੀ ਦੇ ਨਾਲ਼ ਨਾਲ਼ ਓਥੋਂ ਵੀ ਮੇਰੇ ਬਾਰੇ ਪਤਾ ਮੰਗਾਇਆ। ਨਿਸ਼ਾਨੀ ਸੀ SFO ੭੯। ਇਸ ਤਰ੍ਹਾਂ ਵੀਜ਼ਾ ਦੇਣ ਲਈ ਦੋ ਦਿਨ ਲੱਗਣ ਦੀ ਬਜਾਇ ਸਾਨੂੰ ਤੇਰ੍ਹਵੇਂ ਦਿਨ ਫ਼ਸਟ ਸੈਕਟਰੀ ਨੇ ਸੱਦ ਕੇ, ਦੋਹਾਂ ਭਰਾਵਾਂ ਨੂੰ ਆਪਣੇ ਦਫ਼ਤਰ ਅੰਦਰ ਕੁਰਸੀਆਂ ’ਤੇ ਬਹਾ ਕੇ, ਵੀਜ਼ੇ ਤੋਂ ਕੁਝ ਕਾਰਨ ਦੱਸ ਕੇ ਨਾਂਹ ਕਰ ਦਿਤੀ। ਮੇਰੇ ਵਿਆਖਿਆ ਕਰਨ ’ਤੇ ਉਸ ਨੇ ਫਿਰ ਸਾਨੂੰ ਦੋ ਮਹੀਨੇ ਦਾ ਵੀਜ਼ਾ ਦੋਹਾਂ ਭਰਾਵਾਂ ਨੂੰ ਲਾ ਦਿਤਾ। ਇਹ ਕਰਾਮਾਤ ਹੀ ਵਾਪਰੀ ਕਿ ਮੇਰੇ ਭਰਾ ਸ. ਸੇਵਾ ਸਿੰਘ ਨੂੰ ਇੰਡੋਨੇਸ਼ੀਆ ਨੇ ਤਾਂ ਵੀਜ਼ਾ ਦੇਣ ਤੋਂ ਨਾਂਹ ਕਰ ਦਿਤੀ ਪਰ ਆਸਟ੍ਰੇਲੀਆ ਤੇ ਨਿਊਜ਼ੀਲੈਂਡ ਵਾਲ਼ਿਆਂ ਨੇ ਵੀਜ਼ੇ ਦੇ ਦਿਤੇ।

ਅਖ਼ੀਰ ਸਿੰਘਾਪੁਰੋਂ ਫ਼ਰਾਂਸ ਦੀ ਯੂਨਾਈਟਡ ਏਅਰ ਲਾਈਨ ਰਾਹੀਂ, ਫ੍ਰਾਂਸੀਸੀ ਇਲਾਕਾ ਨੌਮੀਆਂ ਤੋਂ ਹੁੰਦੇ ਹੋਏ ਅਸੀਂ ਦੋਵੇਂ ਭਰਾ, ੨੫ ਅਕਤੂਬਰ ੧੯੭੯ ਦੀ ਸ਼ਾਮ ਨੂੰ ਸਿਡਨੀ ਆ ਉਤਰੇ। ਹਵਾਈ ਅੱਡੇ ਦੇ ਇਨਫ਼ਰਮੇਸ਼ਨ ਡੈਸਕ ਤੋਂ ਯੂਥ ਸੈਂਟਰ ਦਾ ਪਤਾ ਪੁੱਛ ਕੇ ਬਸ ਫੜ ਕੇ ਓਥੇ ਜਾ ਡੇਰਾ ਲਾਇਆ। ਉਹ ਅਲੈਜ਼ਬੈਥ ਬੇ, ਕਿੰਗ ਕਰਾਸ ਦੇ ਨੇੜੇ ਸਥਾਨ ਸੀ। ਦੋ ਕੁ ਰਾਤਾਂ ਏਥੇ ਰਹਿਣਾ ਪਿਆ। ਫੇਰ ਓਥੋਂ ਸਿੰਘ ਸਭਾ ਦੇ ਸਕੱਤਰ ਸ. ਚਰਨ ਸਿੰਘ ਕੂੰਨਰ ਹੋਰਾਂ ਦੇ ਭੇਜੇ ਹੋਏ, ਸਿੰਘ ਸਭਾ ਦੇ ਖ਼ਜ਼ਾਨਚੀ ਸ. ਬਾਵਾ ਸਿੰਘ ਜਗਦੇਵ

ਜੀ, ਸਾਨੂੰ ਚੁੱਕ ਕੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਰੀਵਜ਼ਬੀ ਲੈ ਗਏ। ਏਥੇ ਨਿਰੰਕਾਰੀ ਗੁਰਪੁਰਬ ਸਮੇ ਅਖੰਡ ਪਾਠ ਤੇ ਦੀਵਾਨ ਵਿਚ ਹਾਜ਼ਰੀ ਭਰੀ। ਦੋ ਮਹੀਨੇ ਦਾ ਸਾਡੇ ਪਾਸ ਵਿਜ਼ਟਰ ਵੀਜ਼ਾ ਸੀ। ਦੋ ਮਹੀਨੇ ਪਿਛੋਂ ਮੇਰਾ ਭਰਾ ਤੇ ਅੱਗੇ ਨਿਊਜ਼ੀਲੈਂਡ ਨੂੰ ਤੁਰ ਗਿਆ ਤੇ ਮੇਰੇ ਲਈ ਗੁਰੂ ਨਾਨਕ ਫ਼ਾਉਂਡੇਸ਼ਨ ਵਾਲ਼ਿਆਂ ਨੇ ਪੱਕੇ ਵੀਜ਼ੇ ਲਈ ਅਪਲਾਈ ਕਰ ਦਿਤਾ।

ਇਸ ਤਰ੍ਹਾਂ ਪੰਜ ਮਹੀਨੇ ਹੋਰ ਕੁੱਲ ਸੱਤ ਮਹੀਨੇ ਮੈਨੂੰ ਬਿਨਾ ਕਿਸੇ ਕੰਮ ਦੇ ਏਥੇ ਵੇਹਲੇ ਹੀ ਰਹਿਣਾ ਪਿਆ, ਜਿਸ ਕਰਕੇ ਮੇਰਾ ਮਨ ਏਥੋਂ ਉਪ੍ਰਾਮ ਹੋ ਗਿਆ। ਫਿਰ ਇਸ ਸਮੇ ਦੌਰਾਨ ਦੋ ਅੰਗ੍ਰੇਜ਼ੀ ਦੀਆਂ ਕਿਤਾਬਾਂ ਨੇ ਮੇਰੀ ਇਸ ਉਪਰਾਮਤਾ ਵਿਚ ਹੋਰ ਵੀ ਵਾਧਾ ਕਰ ਦਿਤਾ। ਉਹ ਦੋ ਕਿਤਾਬਾਂ ਸਨ ਇਕ *ਦ ਰੂਟਸ* ਅਤੇ ਦੂਜੀ *ਦ ਆਸਟ੍ਰੇਲੀਅਨ ਐਟ ਰਿਸਕ*। *ਦ ਰੂਟਸ* ਇਕ ਅਫ਼੍ਰੀਕਨ ਮੂਲ ਦੇ ਅਮ੍ਰੀਕਨ ਦਾ ਲਿਖਿਆ ਹੋਇਆ ਜਗਤ ਪ੍ਰਸਿਧ ਨਾਵਲ ਹੈ ਜਿਸ ਵਿਚ ਅਮ੍ਰੀਕਾ ਵਿਚ ਰਹਿਣ ਵਾਲ਼ੇ ਕਾਲ਼ੇ ਗ਼ੁਲਾਮਾਂ ਦੀ ਹਾਲਤ ਦਾ ਵਰਨਣ ਹੈ। ਦੂਜੀ ਕਿਤਾਬ *ਦਾ ਆਸਟ੍ਰੇਲੀਅਨ ਐਟ ਰਿਸਕ* ਆਸਟ੍ਰੇਲੀਆ ਦੀ ਇਕ ਸਟੇਟ ਕਵੀਨਜ਼ਲੈਂਡ ਦੀ ਸਰਕਾਰ ਵੱਲੋਂ ਸਥਾਪਤ ਕਮਿਸ਼ਨ ਦੀ ਰੀਪੋਰਟ ਹੈ। ਇਸ ਵਿਚ ਆਸਟ੍ਰੇਲੀਅਨ ਲੋਕਾਂ ਦੇ ਵੱਖ ਵੱਖ ਸਮੂਹਾਂ ਦਾ ਹਨੇਰਾ ਪੱਖ ਦੱਸਿਆ ਹੋਇਆ ਹੈ। ਇਸ ਲਈ ਮੈਂ ੩੦ ਮਈ ੧੯੮੦ ਨੂੰ ਬਿਨਾ ਵੀਜ਼ੇ ਤੇ ਬਿਨਾ ਅੱਗੇ ਕਿਸੇ ਮੁ਼ਲਕ ਦੀ ਟਿਕਟ ਦੇ ਸਿਡਨੀ ਤੋਂ ਨਿਊਜ਼ੀਲੈਂਡ ਨੂੰ ਉਡਾਰੀ ਮਾਰ ਗਿਆ। ਇਹ ਯਾਤਰਾ ਨਿਊਜ਼ੀਲੈਂਡ ਦੇ ਵੀਜ਼ੇ ਤੋਂ ਬਿਨਾ ਹੀ ਕਰਨੀ ਪਈ। ਦੋ ਵਾਰ ਪਹਿਲਾਂ ਵੀਜ਼ਾ ਨਿਊਜ਼ੀਲੈਂਡ ਦਾ ਪ੍ਰਾਪਤ ਕੀਤਾ ਸੀ ਪਰ ਉਹ ਦੋਵੇਂ ਵਾਰ ਆਪਣੀ ਮਿਆਦ ਪੁਗਾ ਚੁੱਕਾ ਸੀ। ਤੀਜੀ ਵਾਰ ਸਿਡਨੀ ਵਿਖੇ ਉਹਨਾਂ ਦੇ ਕੌਂਸੂਲੇਟ ਵਿਚਲੀ ਵੀਜ਼ੇ ਦੀ ਇਨਚਾਰਜ ਬੀਬੀ ਨੇ ਵੀਜ਼ਾ ਦੇਣ ਤੋਂ ਨਾਂਹ ਕਰ ਦਿਤੀ। ਓਦੋਂ ਮੈਂ ਹੁਣ ਨਾਲ਼ੋਂ ਦਲੇਰ ਹੁੰਦਾ ਸਾਂ। ਉਸ ਦੇ ਦਫ਼ਤਰ ਵਿਚ ਹੀ ਉਸ ਵੱਲ ਉਂਗਲ਼ ਕਰ ਕੇ, ਉਹਨੂੰ ਕੁਝ ਇਸ ਤਰ੍ਹਾਂ, "ਭਲਕੇ ਮੈਂ ਨਿਊਜ਼ੀਲੈਂਡ ਜਾ ਰਿਹਾ ਹਾਂ ਅਤੇ ਇਕ ਹਫ਼ਤਾ ਓਥੇ ਰੁਕਾਂਗਾ। ਵੇਖਦਾ ਹਾਂ ਮੈਨੂੰ ਕੌਣ ਰੋਕਦਾ ਹੈ!" ਆਖਦਾ ਹੋਇਆ, ਉਸਦੇ ਦਫ਼ਤਰੋਂ ਬਾਹਰ ਆ ਗਿਆ। ਉਹ ਵਿਚਾਰੀ ਹੈਰਾਨੀ ਨਾਲ਼ ਮੇਰੇ ਵੱਲ ਵੇਖਦੀ ਹੀ ਰਹਿ ਗਈ। ਨੇੜੇ ਹੀ ਕਾਂਟਾਜ਼ ਏਅਰ ਲਾਈਨ ਦਾ ਦਫ਼ਤਰ ਸੀ। ਓਥੇ ਜਾ ਕੇ ਕਾਊਂਟਰ ਵਾਲੀ ਬੀਬੀ ਨੂੰ 'ਟਿਮ' ਨਾਮੀ ਕਿਤਾਬ ਖੋਹਲ ਕੇ, ਇੰਡੀਅਨ ਸਿਟੀਜ਼ਨ ਲਈ ਨਿਊਜ਼ੀਲੈਂਡ ਦਾ ਇਮੀਗ੍ਰੇਸ਼ਨ ਕਾਨੂੰਨ ਵੇਖਣ ਲਈ ਆਖਿਆ। ਮੇਰੇ ਇਸ ਸਵਾਲ ਕਿ ਮੈਂ ਓਥੇ ਵੀਜ਼ੇ ਬਿਨਾ ਕਿੰਨੇ ਘੰਟੇ ਰੁਕ ਸਕਦਾ ਹਾਂ, ਦੇ ਜਵਾਬ ਵਿਚ ਕਿਤਾਬ ਵੇਖ ਕੇ ਉਸ ਨੇ ਜਦੋਂ ੪੮ ਘੰਟੇ ਆਖਿਆ ਤਾਂ ਮੈਂ ਇਕ ਰਾਤ ਦੀ ਰੁਕਾਵਟ ਪਾ ਕੇ ਅੱਗੇ ਦੀ ਨੰਦੀ ਵਾਸਤੇ ਸੀਟ ਬੁੱਕ ਕਰਵਾ ਕੇ ਔਕਲੈਂਡ ਜਾ ਉਤਰਿਆ। ਸਿਡਨੀ ਹਵਾਈ ਅੱਡੇ 'ਤੇ ਇਕ ਦਿਲਚਸਪ ਘਟਨਾ ਘਟੀ। ਮੈਂ ਆਪਣੇ ਪਾਸਪੋਰਟ 'ਤੇ ਏਥੋਂ ਨਿਕ਼ਲਨ ਵਾਲ਼ੀ ਇਮੀਗ੍ਰੇਸ਼ਨ ਵੱਲੋਂ ਲੱਗੀ ਮੋਹਰ ਵੇਖੀ ਤਾਂ ਉਸ ਦੇ ਸ਼ਬਦ departed ਵਿਚਲਾ a ਚੰਗੀ ਤਰ੍ਹਾਂ ਨਾ ਪੜ੍ਹਿਆ ਜਾਣ ਕਰਕੇ ਮੈਨੂੰ ਭੁਲੇਖਾ ਲੱਗ

ਗਿਆ ਕਿ ਇਹ ਕਿਤੇ ਡੀਪਾਰਟਡ Departed ਨਾ ਹੋ ਕੇ ਡੀਪੋਰਟਡ Deported ਨਾ ਲੱਗਾ ਹੋਵੇ! ਮੈਂ ਤਸੱਲੀ ਲਈ ਵਾਪਸ ਜਾ ਕੇ ਸੰਬੰਧਤ ਅਫ਼ਸਰ ਪਾਸੋਂ ਜਦੋਂ ਪੁਛਿਆ ਤਾਂ ਉਸਨੇ ਹੱਸ ਕੇ ਆਖਿਆ ਕਿ ਨਹੀਂ ਇਹ ਡੀਪਾਰਟਡ Departed ਹੀ ਹੈ; ਡੀਪੋਰਟਡ Deported ਨਹੀਂ। ਜਦੋਂ ਉਸ ਦੇ ਦੂਜੇ ਸਾਥੀਆਂ ਨੂੰ ਪਤਾ ਲੱਗਾ ਤਾਂ ਉਹ ਵੀ ਹੱਸ ਪਏ। ਮੈਨੂੰ ਸ਼ੱਕ ਦੋ ਗੱਲਾਂ ਕਰਕੇ ਪਿਆ। ਇਕ ਤਾਂ ਮੈਂ ਦੋ ਮਹੀਨੇ ਦੇ ਵੀਜ਼ੇ ਦੀ ਬਜਾਇ ਸੱਤ ਮਹੀਨੇ ਰਹਿ ਲਿਆ ਸੀ ਤੇ ਇਸ ਦਾ ਜ਼ਿਕਰ ਮੇਰੇ ਪਾਸਪੋਰਟ ਉਪਰ ਨਹੀਂ ਸੀ ਕਿ ਮੈਂ ਏਥੇ ਗ਼ੈਰ ਕਾਨੂੰਨੀ ਨਹੀਂ ਹਾਂ ਤੇ ਦੂਜਾ 'a' ਅੱਖਰ ਕੁਝ ਘਸਿਆ ਜਿਹਾ ਹੋਣ ਕਰਕੇ 'o' ਦਾ ਭੁਲੇਖਾ ਪਾਉਂਦਾ ਸੀ।

ਖ਼ੈਰ, ਸਿਡਨੀ ਤੋਂ ਔਕਲੈਂਡ ਲਈ ੩੦ ਮਈ ਨੂੰ ਜਹਾਜ਼ੇ ਚੜ੍ਹ ਗਿਆ। ਓਥੇ ਦੇ ਇਮੀਗ੍ਰੇਸ਼ਨ ਵਾਲ਼ਿਆਂ ਜਦੋਂ ਮੈਨੂੰ ਵੀਜ਼ਾ ਨਾ ਹੋਣ ਬਾਰੇ ਸਵਾਲ ਕੀਤਾ ਤਾਂ ਮੈਂ ਆਖਿਆ ਕਿ ਭਲਕੇ ਮੈਂ ਅੱਗੇ ਤੁਰ ਜਾਣਾ ਹੈ। ਇਸ ਲਈ ਵੀਜ਼ੇ ਦੀ ਕੋਈ ਲੋੜ ਨਹੀਂ। ਦੋ ਚਾਰ ਦਿਨ ਪਿਛੋਂ ਜਦੋਂ ਮੈਂ ਹਵਾਈ ਅੱਡੇ ਉਪਰ ਅੱਗੇ ਫਿਜੀ ਜਾਣ ਲਈ ਗਿਆ ਤਾਂ ਮੈਨੂੰ ਕੋਈ ਜਹਾਜ਼ ਨਾ ਚੁੱਕੇ। ਭੁਲੇਖੇ ਵਿਚ ਇਕ ਜਹਾਜ਼ ਵਾਲ਼ਿਆਂ ਨੇ ਮੇਰਾ ਸਾਮਾਨ ਅੰਦਰ ਭੇਜ ਦਿਤਾ ਪਰ ਜਦੋਂ ਉਹਨਾਂ ਨੇ ਵੇਖਿਆ ਕਿ ਮੇਰੇ ਪਾਸ ਅੱਗੇ ਦੀ ਕੋਈ ਟਿਕਟ ਨਹੀਂ ਤੇ ਨਾ ਹੀ ਕਿਸੇ ਮੁਲਕ ਦਾ ਵੀਜ਼ਾ, ਤਾਂ ਉਹਨਾਂ ਫ਼ੌਰਨ ਸਾਮਾਨ ਵਾਪਸ ਮੰਗਵਾ ਕੇ ਮੈਨੂੰ ਠੁੱਠ ਵਿਖਾ ਦਿਤਾ। ਇਸ ਲਈ ਮੈਨੂੰ ਓਥੇ ਦਸ ਦਿਨ ਤੱਕ ਰੁਕਣਾ ਪੈ ਗਿਆ। ਪਹਿਲਾਂ ਮੇਰਾ ਵਿਚਾਰ ਦੋ ਚਾਰ ਦਿਨ ਰੁਕਣ ਦਾ ਹੀ ਸੀ।

ਕਾਰਨ ਇਹ ਸੀ ਕਿ ਜਦੋਂ ਤੱਕ ਓਥੋਂ ਦੀ ਸਵਾਰੀ ਕੋਲ਼ ਟਿਕਟ ਨਾ ਹੋਵੇ ਜਿਸ ਮੁਲਕ ਦਾ ਉਹ ਵਸਨੀਕ ਹੈ, ਜਹਾਜ਼ ਵਾਲ਼ੇ ਨਹੀਂ ਚੁੱਕਦੇ। ਜੇਕਰ ਉਹ ਅਜਿਹੀ ਗ਼ਲਤੀ ਕਰ ਲੈਣ ਤਾਂ ਜੇਕਰ ਅਗਲਾ ਮੁਲਕ ਉਸ ਨੂੰ ਆਪਣੇ ਦੇਸ਼ ਵਿਚ ਨਾ ਵੜਨ ਦੇਵੇ ਤਾਂ ਹਵਾਈ ਜਹਾਜ਼ ਵਾਲ਼ਿਆਂ ਨੂੰ, ਉਸ ਸਵਾਰੀ ਨੂੰ ਆਪਣੇ ਖ਼ਰਚ 'ਤੇ, ਜਿਥੋਂ ਲਿਆਂਦੀ ਹੈ ਓਥੇ ਵਾਪਸ ਲਿਜਾਣਾ ਪੈਂਦਾ ਹੈ। ਇਹ ਜਾਣਕਾਰੀ ਭਾਵੇਂ ਮੇਰੇ ਮਿੱਤਰ ਲੰਡਨ ਵਾਸੀ ਪ੍ਰਸਿੱਧ ਰਾਗੀ ਭਾਈ ਭਗਵੰਤ ਸਿੰਘ ਜੀ ਨੇ ੧੯੭੭ ਵਿਚ ਲੰਡਨ ਵਿਖੇ ਮੈਨੂੰ ਦਿਤੀ ਸੀ ਪਰ ਮੈਂ ਇਸ 'ਤੇ ਯਕੀਨ ਨਹੀਂ ਸੀ ਕੀਤਾ ਕਿਉਂਕਿ ਮੈਂ ਤਾਂ ਸਦਾ ਹੀ ਅਜਿਹੀ ਲਾਪਰਵਾਹੀ ਨਾਲ਼ ਸਾਰੀ ਦੁਨੀਆਂ 'ਤੇ ਤੁਰਿਆ ਫਿਰਦਾ ਸਾਂ ਤੇ ਕਦੀ ਕਿਤੇ ਇਸ ਕਾਰਨ ਰੁਕਾਵਟ ਨਹੀਂ ਸੀ ਪਈ। ਇਸ ਲਈ ਮੈਂ ਉਹਨਾਂ ਦੀ ਗੱਲ ਕਿਵੇਂ ਮੰਨ ਲੈਂਦਾ! ਹੁਣ ਵੀ ਮੇਰਾ ਏਹੋ ਹਾਲ ਹੈ। ਫਿਰ ੧੯੮੦ ਦੇ ਜੂਨ ਮਹੀਨੇ ਸਮੇ ਨਿਊਜ਼ੀਲੈਂਡ ਵਿਚ ਆ ਕੇ ਉਹਨਾਂ ਦੀ ਗੱਲ ਦੀ ਅਸਲੀਅਤ ਦਾ ਪਤਾ ਲੱਗਾ। ਠੀਕ ਹੀ ਸਿਆਣੇ ਆਖਦੇ ਨੇ, "ਔਲ਼ੇ ਦਾ ਖਾਧਾ ਤੇ ਸਿਆਣੇ ਦਾ ਆਖਿਆ ਬਾਅਦ ਵਿਚ ਸਵਾਦ ਦਿੰਦਾ ਹੈ।"

ਅਖ਼ੀਰ ਇਕ ਪੰਜਾਬੀ ਟ੍ਰੈਵਲ ਏਜੰਟ ਮਿਸਰ ਬਜਾਜ ਦੀ ਪ੍ਰੋਫ਼ੈਸਨਲ ਯੋਗਤਾ ਦਾ ਸਦਕਾ ਮੈਨੂੰ ਜਹਾਜ਼ ਨੇ ਫਿਜੀ ਲਈ ਚੁੱਕ ਹੀ ਲਿਆ। ਉਸ ਨੇ ਮੇਰੇ ਲਈ ਨਵੀਂ ਟਿਕਟ, ਮੇਰੀ ਪਹਿਲੀ ਟਿਕਟ ਨੂੰ ਵਿਚ ਲੈ ਕੇ ਇਸ ਤਰ੍ਹਾਂ ਬਣਾ ਦਿਤੀ : ਔਕਲੈਂਡ ਤੋਂ ਨੰਦੀ, ਨੰਦੀ ਤੋਂ ਸਿਆਟਲ ਤੇ ਸਿਆਟਲ ਤੋਂ ਵੈਨਕੂਵਰ। ਨਾਲ਼ ਆਖਿਆ ਕਿ ਮੈਂ ਸਿਆਟਲ ਤੋਂ ਜਹਾਜ਼ ਦੀ ਬਜਾਇ ਬਸ ਰਾਹੀਂ ਵੈਨਕੂਵਰ ਚਲਿਆ ਜਾਵਾਂ। ਇਸ ਬਾਰੇ ਮੈਂ ਉਸਨੂੰ ਆਖਿਆ ਕਿ ਉਹ ਕੋਈ ਫ਼ਿਕਰ ਨਾ ਕਰੇ। ਮੈਂ ਉਸ ਪਾਸੇ ਬੱਸਾਂ ਰਾਹੀਂ ਵਿਚਰਦਾ ਰਿਹਾ ਹਾਂ। ਇਸ ਸਾਰੇ ਕੁਝ ਦੇ ਉਸਨੇ ੫੨੫ ਡਾਲਰ ਲਏ। ਖ਼ੈਰ, ਰੱਬ ਰੱਬ ਕਰਕੇ ਮੈਂ ਔਕਲੈਂਡ ਤੋਂ, ਦਸ ਦਿਨ ਪਿਛੋਂ, ੮ ਜੂਨ ਨੂੰ, ਫਿਜੀ ਲਈ ਜਹਾਜ਼ 'ਤੇ ਬੈਠ ਗਿਆ। ਜਦੋਂ ਜਹਾਜ਼ ਨੇ ਔਕਲੈਂਡ ਅੱਡੇ ਤੋਂ ਉਡ ਕੇ, ਆਸਮਾਨ ਵਿਚ ਮਛਲੀ ਤਾਰੀ ਲਾਉਣੀ ਸ਼ੁਰੂ ਕਰ ਦਿਤੀ ਤਾਂ ਮੈਨੂੰ ਖ਼ਿਆਲ ਆਇਆ ਕਿ ਮੇਰਾ ਉਹ ਸੁਪਨਾ, ਜੋ ਮੈਨੂੰ ਅਪ੍ਰੈਲ ੧੯੭੯ ਵਿਚ ਅੰਮ੍ਰਿਤਸਰ ਵਿਚ ਆਇਆ ਸੀ, ਉਹ ਝੂਠਾ ਹੋ ਗਿਆ; ਅਰਥਾਤ ਮੈਂ ਇਹਨਾਂ ਦੋਹਾਂ ਦੱਖਣੀ ਮੁਲਕਾਂ ਵਿਚ ਨਹੀਂ ਰਿਹਾ ਤੇ ਹੁਣ ਅੱਗੇ ਤੋਂ ਮੈਨੂੰ ਕਦੀ ਵੀ ਆਸਟ੍ਰੇਲੀਆ ਤੇ ਨਿਊਜ਼ੀਲੈਂਡ ਦੇ ਵਿਜ਼ਟਰ ਵੀਜ਼ੇ ਵੀ ਨਹੀਂ ਮਿਲ਼ਨਗੇ ਕਿਉਂਕਿ ਮੈਂ ਦੋਹਾਂ ਮੁਲਕਾਂ ਦੇ ਇਮੀਗ੍ਰੇਸ਼ਨ ਕਰਮਚਾਰੀਆਂ ਨਾਲ਼ ਕੀਤੇ ਇਕਰਾਰ ਨਿਭਾਏ ਨਹੀਂ ਅਤੇ ਦਿਤੇ ਗਏ ਸਮੇ ਤੋਂ ਵੱਧ ਸਮਾ ਇਹਨਾਂ ਮੁਲਕਾਂ ਵਿਚ ਠਹਿਰ ਗਿਆ ਸਾਂ। ਆਸਟ੍ਰੇਲੀਆ ਵਿਚ ਦੋ ਮਹੀਨੇ ਦੀ ਬਜਾਇ ਸੱਤ ਮਹੀਨੇ ਤੇ ਨਿਊਜ਼ੀਲੈਂਡ ਵਿਚ ਇਕ ਰਾਤ ਦੀ ਬਜਾਇ ਦਸ ਦਿਨ ਰਿਹਾ।

ਓਥੋਂ ਤਿੰਨ ਹਫ਼ਤਿਆਂ ਪਿਛੋਂ ਫੇਰ ਦੋ ਹਫ਼ਤਿਆਂ ਦਾ ਵਿਜ਼ਟਰ ਵੀਜ਼ਾ ਲੈ ਕੇ ਵਾਪਸ ਸਿਡਨੀ ਆ ਗਿਆ। ਫ਼ਾਰਮ ਭਰਦਿਆਂ ਏਧਰੋਂ ਓਧਰੋਂ ਕਾਗ਼ਜ਼ ਪੂਰੇ ਕਰਦਿਆਂ ਸੱਤ ਕੁ ਮਹੀਨੇ ਦਾ ਸਮਾ ਹੋਰ ਵੇਹਲੇ ਰਹਿਣਾ ਪਿਆ; ਜਿਸ ਵੇਹਲ ਤੋਂ ਉਕਤਾ ਕੇ ਮੈਂ ਆਸਟ੍ਰੇਲੀਆ ਤਿਆਗਿਆ ਸੀ। ਅਖ਼ੀਰ, "ਕੁਫ਼ਰ ਟੂਟਾ ਖ਼ੁਦਾ ਖ਼ੁਦਾ ਕਰਕੇ।" ਅਨੁਸਾਰ ੧੯ ਦਸੰਬਰ ੧੯੮੦ ਨੂੰ ਮੇਰੇ ਅੱਠ ਖੂੰਜੀ ਪੱਕੀ ਮੋਹਰ ਲੱਗ ਗਈ ਪਰ ਕੁਝ ਸ਼ਰਤਾਂ ਸਮੇਤ। ਇਹ ਵੀ ਤਾਂ ਲੱਗੀ ਜਦੋਂ ਮੈਂ ਉਹਨਾਂ ਦੇ ਦਫ਼ਤਰ ਜਾ ਕੇ ਗ਼ੁੱਸੇ ਨਾਲ਼ ਆਖਿਆ ਕਿ ਮੈਨੂੰ ਨਹੀਂ ਤੁਹਾਡੀ ਇਮੀਗ੍ਰੇਸ਼ਨ ਚਾਹੀਦੀ। ਮੇਰਾ ਪਾਸਪੋਰਟ ਦੇ ਦਿਓ; ਮੈਂ ਵਾਪਸ ਚਲੇ ਜਾਣਾ ਹੈ। ਮੇਰੀ ਦਾਦੀ ਮਾਂ ਬੀਮਾਰ ਹੈ। ਅਫ਼ਸਰ ਵਿਚਾਰਾ ਭਲਾ ਲੋਕ ਸੀ। ਉਹ ਅੰਦਰ ਗਿਆ ਤੇ ਕੁਝ ਮਿੰਟਾਂ ਬਾਅਦ ਮੋਹਰ ਲੱਗਾ ਪਾਸਪੋਰਟ ਮੇਰੇ ਹੱਥ ਫੜਾਉਂਦਾ ਹੋਇਆ ਵਧਾਈ ਦੇ ਕੇ ਆਖਣ ਲੱਗਾ, "ਪਰ ਇਹ ਮੋਹਰ ਲਾਗੂ ੩੦ ਜਨਵਰੀ ੧੯੮੧ ਤੋਂ ਹੀ ਸਮਝੀ ਜਾਵੇਗੀ; ਲਾ ਭਾਵੇਂ ਮੈਂ ਹੁਣ ਦਿਤੀ ਹੈ।"

ਫਿਰ ਗੁਜ਼ਾਰੇ ਲਈ ਨੌਕਰੀ ਲੱਭਣ ਤੁਰਿਆ। "ਵੇਲ਼ੇ ਦਾ ਰਾਗ ਤੇ ਕੁਵੇਲ਼ੇ ਦੀਆਂ ਟੱਕਰਾਂ।" ਅਨੁਸਾਰ ਆਪਣੇ ਦਾਇਰੇ ਤੋਂ ਬਾਹਰ ਕੰਮ ਲਭਣਾ ਬੜਾ ਮੁਸ਼ਕਲ ਹੋਇਆ। ਠੀਕ ਹੈ, "ਤਾਲੋਂ ਘੁੱਥੀ ਡੂਮਣੀ ਗਾਵੇ ਆਲ ਬੇਤਾਲ।" ਵਾਲ਼ੀ ਹੀ ਮੇਰੇ ਨਾਲ਼ ਹੋਈ। ਏਧਰ

ਓਧਰ ਕਈ ਥਾਵਾਂ 'ਤੇ ਝਖਾਂ ਮਾਰੀਆਂ। ਕਦੀ ਕਿਸੇ ਫ਼ੈਕਟਰੀ ਵਿਚ ਤੇ ਕਦੀ ਕਿਸੇ ਹੋਰ ਫ਼ੈਕਟਰੀ ਵਿਚ। ਦੋ ਵਾਰੀਂ ਡਾਕਖ਼ਾਨੇ ਵਿਚ, ਬਸ ਕੰਡਕਟਰੀ, ਰੇਲਵੇ ਵਿਚ। ੨੮ ਮਾਰਚ ੧੯੮੧ ਨੂੰ ਚਾਰ ਮੈਂਬਰੀ ਪਰਵਾਰ ਵੀ ਏਥੇ ਆ ਗਿਆ। ਛੇ ਕੁ ਸਾਲ ਦਾ ਪੁੱਤਰ ਸੰਦੀਪ ਤੇ ਪੰਜ ਕੁ ਸਾਲ ਦੀ ਬੱਚੀ ਰਵੀਨ ਤੇ ਦਸ ਕੁ ਮਹੀਨਿਆਂ ਦੀ ਦੂਜੀ ਬੱਚੀ ਕੁਲਬੀਰ ਏਥੇ ਆ ਪਹੁੰਚੇ। ਫਿਰ ਇਹਨਾਂ ਵਾਸਤੇ ਰੈਣ ਬਸੇਰੇ ਹਿਤ ਸਿਰ ਦੀ ਛੱਤ ਦਾ ਪ੍ਰਬੰਧ ਕਰਨ ਦਾ ਫ਼ਿਕਰ ਲੱਗਾ। ਚੌਥਾ ਬੱਚਾ ਗੁਰਬਾਲ, ਜੂਨ ੧੯੮੩ ਵਿਚ ਏਥੇ ਪੈਦਾ ਹੋਇਆ ਸੀ। ਕੁਝ ਪੈਸੇ ਮੈਂ ੧੯੭੭ ਤੋਂ ਟਰੈਵਲ ਚੈਕਾਂ ਦੇ ਰੂਪ ਵਿਚ ਪੱਲੇ ਬੰਨ੍ਹੀ ਫਿਰਦਾ ਸਾਂ, ਜਿਨ੍ਹਾਂ ਦੇ ਹਾਥੀ ਦੇ ਬਾਹਰਲੇ ਸੋਹਣੇ ਦੰਦਾਂ ਵਾਂਗ ਵਿਖਾਵੇ ਨਾਲ਼, ਮੈਨੂੰ ਹਰੇਕ ਮੁਲਕ ਦਾ ਵੀਜ਼ਾ ਮਿਲ਼ ਜਾਂਦਾ ਸੀ। ਕੁਝ ਹੋਰ ਏਥੇ ਮਜ਼ਦੂਰੀ ਵਿਚੋਂ ਬਚਾਏ ਸਨ। ੩੦੦੦੦ ਬੈਂਕ ਤੋਂ ਕਰਜ਼ਾ ਮਿਲ਼ ਗਿਆ। ਇਸ ਤਰ੍ਹਾਂ ਉਸ ਸਮੇ ਪੰਜਾਹ ਕੁ ਹਜ਼ਾਰ ਦਾ ਘਰ ਖ਼ਰੀਦ ਕੇ ਇਸ ਵਿਚ ਝੰਡੇ ਬੁੰਗੇ ਗੱਡ ਲਏ। ਟੱਬਰੀ ਦੇ ਸਿਰ 'ਤੇ ਛੱਤ ਦਾ ਸਾਇਆ ਮਿਲ਼ ਜਾਣ ਕਰਕੇ ਏਧਰੋਂ ਬੇਫ਼ਿਕਰ ਹੋ ਗਿਆ। ਕਰਜ਼ਾ ਆਪੇ ਕਿਸ਼ਤਾਂ ਵਿਚ ਲਹਿੰਦਾ ਰਹੇਗਾ ਸੋਚ ਲਿਆ। ਭਾਵੇਂ ਕਿ ਪਹਿਲੀ ਵਾਰ ਵਿਆਜੀ ਕਰਜ਼ਾ ਬੈਂਕ ਤੋਂ ਲੈਣ ਕਰਕੇ ਤੇ ਉਸਨੂੰ ਭਾਰਤੀ ਕਰੰਸੀ ਵਿਚ ਦਸ ਗੁਣਾ ਵਾਲ਼ੀ ਸੋਚ ਹੋਣ ਕਰਕੇ, ਇਸ ਦਾ ਫ਼ਿਕਰ ਤਾਂ ਸੀ ਪਰ ਇਸ ਤੋਂ ਬਿਨਾ ਹੋਰ ਚਾਰਾ ਕੋਈ ਨਹੀਂ ਸੀ।

੯ ਨਵੰਬਰ ੧੯੮੧ ਦਾ ਦਿਨ ਮੇਰੇ ਸੰਸਾਰਕ ਤੇ ਪਰਵਾਰਕ ਜੀਵਨ ਲਈ ਖ਼ਾਸ ਹੋ ਨਿੱਬੜਿਆ। ਇਕ ਤਾਂ ਇਸ ਦਿਨ ਮੈਨੂੰ ਸਿੱਖ ਸੰਸਾਰ ਤੋਂ ਬਾਹਰ ਜਾ ਕੇ ਬਿਲਕੁਲ ਆਪਣੇ ਪਿਛੋਕੜ, ਵਿਦਿਆ, ਤਜਰਬਾ ਆਦਿ ਤੋਂ ਵੱਖਰੀ ਨੌਕਰੀ 'ਵੈਸਟਪੈਕ' ਬੈਂਕ ਵਿਚ ਮਿਲ਼ ਗਈ। ਓਦੋਂ ਇਸ ਦਾ ਨਾਂ 'ਬੈਂਕ ਆਫ਼ ਵੇਲਜ਼' ਹੁੰਦਾ ਸੀ। ਇਹ ਮੇਰੇ ਪੈਰ ਹੇਠ ਬਟੇਰਾ ਆਉਣ ਵਾਂਗ ਹੀ ਸੀ। ਏਸੇ ਦਿਨ ਹੀ ਜੀਵਨ ਵਿਚ ਮੈਂ ਸਭ ਤੋਂ ਪਹਿਲਾਂ ਤੇ ਹੁਣ ਤੱਕ ਆਖ਼ਰੀ ਘਰ ਖ਼ਰੀਦਿਆ। ਉਹ ਵੀ ਆਸਟ੍ਰੇਲੀਆ ਦੇ ਸਭ ਤੋਂ ਮਹਿੰਗੇ ਸ਼ਹਿਰ ਸਿਡਨੀ ਵਿਚ। ਅਜਿਹਾ ਕੁਝ ਹੋ ਜਾਣ ਦੀ ਮੇਰੇ ਵਾਸਤੇ ਕੋਈ ਸੋਚ ਅੰਦਰ ਆ ਸਕਣ ਵਾਲ਼ੀ ਗੱਲ ਵੀ ਨਹੀਂ ਸੀ। ਭਾਵੇਂ ਕਿ ਬੈਂਕ ਦੀ ਚੰਗੀ ਨੌਕਰੀ ਮਿਲ਼ ਗਈ ਪਰ ਮਨ ਕਿਤੇ ਵੀ ਨਾ ਟਿਕਿਆ। ਦੋ ਢਾਈ ਸਾਲ ਏਥੇ ਕੰਮ ਕੀਤਾ। ਇਸ ਨਾਲ਼ ਆਸਟ੍ਰੇਲੀਆ ਵਿਚ ਮੇਰੇ ਪਰਵਾਰਕ ਤੌਰ 'ਤੇ ਤਾਂ ਪੈਰ ਬਝ ਗਏ ਪਰ ਮਾਨਸਿਕ ਪੱਖੋਂ ਮੈਂ ਚਾਵਾਂ ਚੁਲ੍ਹਾ ਹੀ ਰਿਹਾ। ਕਦੀ ਅੰਗ੍ਰੇਜ਼ੀ ਪੜ੍ਹਨ ਤੇ ਕੰਪਿਊਟਰ ਸਿੱਖਣ ਲਈ ਨੌਕਰੀਆਂ ਦਾ 'ਚੱਕਰ' ਛੱਡ ਕੇ, ਕਦੀ ਕਿਸੇ ਯੂਨੀਵਰਸਿਟੀ ਤੇ ਕਦੀ ਕਿਸੇ ਕਾਲਜ ਵਿਚ 'ਪੜ੍ਹਨ' ਲਈ ਜਾ ਬੈਠਦਾ। ਘਰ ਵਾਲ਼ੀ ਨੇ ਏਥੇ ਵਾਹਵਾ ਚਿਰ ਚੰਗੀ ਨੌਕਰੀ ਕਰ ਲਈ। ਹੌਲ਼ੀ ਹੌਲ਼ੀ ਮਕਾਨ ਦੀਆਂ ਕਿਸ਼ਤਾਂ ਵੀ ਉਤਰ ਗਈਆਂ ਅਤੇ ਬੱਚੇ ਵੀ ਹੁਸ਼ਿਆਰ ਹੋ ਕੇ ਨੌਕਰੀਆਂ 'ਤੇ ਲੱਗ ਗਏ। ਇਸ ਤਰ੍ਹਾਂ ਸਭ

ਪਾਸੇ ਤੋਂ ਵੇਹਲੇ ਹੋ ਕੇ ਹੁਣ ਫਿਰ ਘੁਮੱਕੜਪੁਣਾ ਕਰਨਾ ਅਤੇ ਇਹ ਝਰੀਟਾਂ ਵਾਹੁਣੀਆਂ ਹੀ ਸ਼ੁਰੂ ਕੀਤੀਆਂ ਹੋਈਆਂ ਹਨ।

ਆਸਟ੍ਰੇਲੀਆ ਵਿਚ ਰਿਹਾਇਸ਼ ਦੇ ਸਮੇ ਦੌਰਾਨ ਹੀ ਸਾਢੇ ਕੁ ਛੇ ਸਾਲ "ਘਰੋਂ ਘਰ ਗਵਾ ਕੇ ਬਾਹਰੋਂ ਭੜੂਆ" ਅਖਵਾਉਣ ਵਾਂਗ, ਪੰਜਾਬੀ ਤੇ ਅੰਗ੍ਰੇਜ਼ੀ ਦਾ ਪਰਚਾ ਵੀ ਚਲਾਇਆ। ਡੇਢ ਕੁ ਸਾਲ ਸਪਤਾਹਿਕ ਤੇ ਫਿਰ ਮਾਸਕ ਪਰ ਇਹ ਪੰਗਾ ਸਮੇ ਤੋਂ ਬਹੁਤ ਪਹਿਲਾਂ ਲੈ ਲੈਣ, ਵਸੀਲਿਆਂ ਦੀ ਪੂਰੀ ਦੀ ਪੂਰੀ ਥੁੜ ਅਤੇ ਇਸ ਪਾਸੇ ਦਾ ਕੋਈ ਗਿਆਨ ਨਾ ਹੋਣ ਕਰਕੇ, ਅੰਨ੍ਹੇ ਦੇ ਸੌਣ ਵਾਂਗ, ਇਹ ਵੀ ਚੁੱਪ ਹੀ ਹੋ ਗਿਆ।

ਚਾਰਾਂ ਵਿਚੋਂ ਤਿੰਨ ਬੱਚੇ ਵਿਆਹੇ ਹੋਏ, ਨੌਕਰੀਆਂ ਕਰਦੇ, ਆਪੋ ਆਪਣੇ ਘਰਾਂ ਤੇ ਪਰਵਾਰਾਂ ਵਿਚ, ਸਤਿਗੁਰਾਂ ਦੀ ਅਪਾਰ ਕਿਰਪਾ ਸਦਕਾ ਰਹਿ ਰਹੇ ਹਨ। ਚੌਥਾ ਬੱਚਾ ਗੁਰਬਾਲ ਸਿੰਘ ਯੂਨੀ ਤੋਂ ਡਿਗਰੀ ਕਰ ਕੇ, ਆਪਣੀ ਵਿੱਦਿਆ ਵਾਲੀ ਹੀ ਨੌਕਰੀ ਉਪਰ ਲੱਗਾ ਹੋਇਆ ਸੀ, ਸਭ ਕੁਝ ਛੱਡ ਕੇ ਲੰਡਨ ਜਾ ਬੈਠਾ ਸੀ। ਹੁਣ ਕੁਝ ਸਾਲਾਂ ਤੋਂ ਵਾਪਸ ਆ ਕੇ ਫ਼ੈਡਰਲ ਸਰਕਾਰ ਦੀ ਨੌਕਰੀ ਵਿਚ ਹੈ। ਮੇਰੇ ਵਾਂਗ ਹੀ ਘੁਮੱਕੜ ਜਿਹੀ ਸੋਚ ਵਾਲਾ ਹੈ। ਜਿਵੇਂ ਰੱਬ ਨੂੰ ਮਨਜ਼ੂਰ! "ਜਿਉ ਜਿਉ ਤੇਰਾ ਹੁਕਮੁ ਤਿਵੈ ਤਿਉ ਹੋਵਣਾ ॥" ਦੇ ਮਹਾਂਵਾਕ ਅਨੁਸਾਰ, ਉਸ ਦੇ ਹੁਕਮ ਦੇ ਅੰਦਰ ਰਹਿਣ ਦੇ ਯਤਨਾਂ ਵਿਚ ਹਾਂ।

ਉਪ੍ਰੋਕਤ ਤੋਂ ਇਲਾਵਾ ਦੋ ਛੋਟੇ ਭਰਾ ਵੀ ਆਪੋ ਆਪਣੇ ਪਰਵਾਰਾਂ ਸਮੇਤ ਏਥੇ ਵੱਸ ਰਹੇ ਹਨ। ਸਭਨਾਂ ਉਪਰ ਰੱਬ ਦੀ ਰਹਿਮਤ ਦਾ ਸਾਇਆ ਹੈ। ਉਸ ਦਾਤਾਰ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਹ ਬਾਕੀ ਸੰਸਾਰ ਦੇ ਜੀਆਂ ਵਾਂਗ ਇਹਨਾਂ ਸਾਰਿਆਂ ਦੇ ਸਿਰਾਂ ਉਪਰ ਵੀ ਆਪਣੀ ਮੇਹਰ ਦਾ ਹੱਥ ਰੱਖੇ!

# ਯਾਤਰਾ ਸਿਡਨੀ ਦੇ ਚਾਰ ਹਸਪਤਾਲਾਂ ਦੀ

ਕਦੀ ਉਹ ਵੀ ਦਿਨ ਸਨ ਜਦੋਂ ਮੈਂ ਹਸਪਤਾਲ ਨੂੰ ਡਾਕਖ਼ਾਨਾ ਆਖਿਆ ਕਰਦਾ ਸਾਂ। ਹੋ ਸਕਦਾ ਹੈ ਕਿ ਇਹ ਸ਼ਬਦ ਦਵਾਖ਼ਾਨਾ ਤੋਂ ਘਸਦਾ ਘਸਦਾ ਡਾਕਖ਼ਾਨਾ ਬਣ ਗਿਆ ਹੋਵੇ!

ਇਸ ਸਾਲ ੨੦੧੭ ਦੇ ਮਾਰਚ ਮਹੀਨੇ ਦੇ ਇਕ ਦਿਨ ਮੈਂ ਆਪਣੀ ਡਾਕਟਰ ਕੋਲੋਂ, ਡਾਇਆਫ਼ੌਰਮਨ ਦੀ ਪ੍ਰਿਸਕਿਪਸ਼ਨ ਲੈਣ ਗਿਆ ਤਾਂ ਸਹਿਜ ਸੁਭਾ ਹੀ ਆਖ ਬੈਠਾ ਕਿ ਬਚਪਨ ਅਤੇ ਚੜ੍ਹਦੀ ਜਵਾਨੀ ਸਮੇ ਨੱਠਣ ਸਮੇ ਜੋ ਕੁਝ ਅਜੀਬ ਜਿਹਾ ਮੈਨੂੰ ਆਪਣੀ ਛਾਤੀ ਵਿਚ ਮਹਿਸੂਸ ਹੁੰਦਾ ਸੀ ਉਹ ਕੁਝ ਹੁਣ ਤੁਰਨ ਸਮੇ ਵੀ ਹੋਣ ਲੱਗ ਪਿਆ ਹੈ। ਉਸ ਨੇ ਕੁਝ ਕੁ ਅਜਿਹੇ ਸਵਾਲ ਪੁੱਛੇ ਕਿ ਕੀ ਸਾਹ ਚੜ੍ਹਦਾ ਹੈ? ਦਿਲ ਧੜਕਦਾ ਹੈ? ਮੈਂ ਆਖਿਆ ਇਹਨਾਂ ਵਿਚੋਂ ਕੁਝ ਵੀ ਨਹੀਂ ਹੁੰਦਾ। ਪਰ ਜੋ ਕੁਝ ਹੁੰਦਾ ਹੈ ਮੈਂ ਉਸ ਨੂੰ ਕੋਈ ਨਾਂ ਨਹੀਂ ਦੇ ਸਕਦਾ। ਉਸ ਨੇ ਫਟਾ ਫਟ ਦਿਲ ਦੇ ਮਾਹਰ ਡਾਕਟਰ ਵੱਲ ਚਿੱਠੀ ਲਿਖ ਦਿਤੀ।

ਸ਼ਾਇਦ ਕਿਸੇ ਸ਼ੁਭਚਿੰਤਕ ਸੱਜਣ ਦੇ ਦਿਲ ਵਿਚ ਆਵੇ ਕਿ ਏਥੇ ਏਨੇ ਪੰਜਾਬੀ ਡਾਕਟਰਾਂ ਨੂੰ ਛੱਡ ਕੇ ਮੈਂ ਕਿਸੇ ਗ਼ੈਰ ਪੰਜਾਬੀ ਲੇਡੀ ਡਾਕਟਰ ਕੋਲ਼ ਕਿਉਂ ਜਾਂਦਾ ਹਾਂ! ਬੇਨਤੀ ਇਉਂ ਹੈ ਕਿ ਮੈਨੂੰ ਆਪਣੀ ਅੰਗ੍ਰੇਜ਼ੀ ਬਾਰੇ ਊਣੇ ਗਿਆਨ ਦਾ ਵਹਿਮ ਜਿਹਾ ਹੋਣ ਕਰਕੇ, ਮੈਂ ਪੰਜਾਬੀ, ਹਿੰਦੀ ਜਾਂ ਉਰਦੂ ਬੋਲ ਸਕਣ ਵਾਲ਼ੇ ਸੱਜਣਾਂ ਨਾਲ਼ ਹੀ ਵਾਹ ਪਾ ਕੇ ਖ਼ੁਸ਼ ਹਾਂ। ਡਾ. ਸੁਰਜੀਤ ਸਿੰਘ ਰਾਣਾ ਜੀ ਇਸ ਮੈਡੀਕਲ ਸੈਂਟਰ ਵਿਚ ਹੁੰਦੇ ਸਨ। ਮੈਂ ਉਹਨਾਂ ਪਾਸ ਜਾਣਾ ਸ਼ੁਰੂ ਕਰ ਦਿਤਾ। ਕੁਝ ਸਾਲਾਂ ਬਾਅਦ ਇਕ ਦਿਨ ਓਥੇ ਜਾਣ ’ਤੇ ਸੈਂਟਰ ਦੀ ਰੀਸੈਪਸ਼ਨਿਸਟ ਤੋਂ ਪਤਾ ਲੱਗਾ ਕਿ ਉਹ ਤਾਂ ਰਿਟਾਇਰ ਹੋ ਗਏ ਹਨ। ਫਿਰ ਓਥੇ ਇਕ ਅਫ਼੍ਰੀਕਨ ਡਾਕਟਰ ਡੇਮੀਅਨ ਨੂੰ ਵੇਖਣਾ ਸ਼ੁਰੂ ਕਰ ਦਿਤਾ ਪਰ ਸਾਨੂੰ ਇਕ ਦੂਜੇ ਦੀ ਗੱਲ ਸਮਝਣ ਵਿਚ ਸੌਖ ਨਾ ਰਿਹਾ। ਉਂਜ ਉਹ ਡਾਕਟਰ ਬੜਾ ਭਲਾ ਲੋਕ ਹੈ ਤੇ ਉਸ ਨੂੰ ਛੱਡਣ ਬਾਰੇ ਮੈਂ ਨਾ ਸੋਚਿਆ। ਇਕ ਦਿਨ ਉਹ ਸੈਂਟਰ ਵਿਚ ਮੌਜੂਦ ਨਾ ਹੋਣ ਕਰਕੇ ਮੈਂ ਆਖਿਆ ਕਿ ਕਿਸੇ ਇੰਡੀਅਨ ਡਾਕਟਰ ਪਾਸ ਭੇਜ ਦਿਓ। ਉਹਨਾਂ ਨੇ ਇਸ ਬੰਗਲਾ ਦੇਸ਼ੀ ਲੇਡੀ ਡਾਕਟਰ ਵੱਲ ਭੇਜ ਦਿਤਾ। ਉਹ ਉਰਦੂ ਜਾਣਦੀ ਹੈ ਤੇ ਰਵੱਈਆ ਵੀ ਉਸ ਦਾ ਮੈਨੂੰ ਭਾਇਆ ਤੇ ਫਿਰ ਮੈਂ ਲੋੜ ਪੈਣ ’ਤੇ ਉਸ ਵੱਲ ਹੀ ਜਾਣਾ ਸ਼ੁਰੂ ਕਰ ਦਿਤਾ ਤੇ ਡਾਕਟਰ ਡੇਮੀਅਨ ਨੂੰ ਇਸ ਦਾ ਕਾਰਨ ਵੀ ਦੱਸ ਦਿਤਾ।

ਉਸ ਦੀ ਚਿੱਠੀ ਲੈ ਕੇ ਮੈਂ ਦਿਲ ਦੇ ਮਾਹਰ ਡਾਕਟਰ ਕੋਲ਼ ਚਲਿਆ ਗਿਆ। ਉਸ ਦੀਆਂ ਸਹਾਇਕਾਂ ਨੇ ਦਿਲ ਦੇ ਮਾਮਲੇ ਨੂੰ ਜਾਨਣ ਵਾਸਤੇ, ਮੈਨੂੰ ਮਸ਼ੀਨਾਂ ਉਪਰ ਚਾਹੜ ਕੇ ਆਪਣੀ ਤਸੱਲੀ ਕੀਤੀ ਪਰ ਉਹਨਾਂ ਦੇ ਚੇਹਰਿਆਂ ਉਪਰ ਕੋਈ ਉਤਸ਼ਾਹ ਨਾ ਮੈਨੂੰ ਦਿਸਿਆ। ਮੇਰੇ ਇਹ ਪੁੱਛਣ ’ਤੇ ਕੀ ਸਭ ਕੁਝ ਠੀਕ ਹੈ, ਉਹਨਾਂ ਨੇ ਕਿਹਾ ਕਿ ਡਾਕਟਰ

ਹੀ ਤੁਹਾਨੂੰ ਦੱਸੂਗਾ। ਮੈਨੂੰ ਆਪਣੇ ਤੰਦਰੁਸਤ ਹੋਣ ’ਤੇ ਏਨਾ ਯਕੀਨ ਸੀ ਕਿ ਮੈਂ ਸਮਝਦਾ ਸਾਂ ਕਿ ਸਭ ਕੁਝ ਠੀਕ ਠਾਕ ਹੈ; ਮੈਨੂੰ ਕੁਝ ਵੀ ਨਹੀਂ ਹੋਇਆ। ਡਾਕਟਰ ਨੇ ਫ਼ੌਰਨ ਹੀ ਮੈਨੂੰ ਐਂਜੋਗਰਾਫ਼ੀ ਕਰਨ ਵਾਸਤੇ ਨੇਪੀਅਨ ਹਸਪਤਾਲ ਭੇਜ ਦਿਤਾ। ਸਮੇ ਸਿਰ ਮੇਰਾ ਵੱਡਾ ਪੁੱਤਰ ਮੈਨੂੰ ਵੱਡੀ ਸਾਰੀ ਕਾਰ ਵਿਚ ਹਸਪਤਾਲ ਲੈ ਗਿਆ। ਮੈਂ ਏਹੀ ਸੋਚਦਾ ਰਿਹਾ ਕਿ ਇਹ ਆਪਣਾ ਰਾਂਝਾ ਰਾਜ਼ੀ ਕਰ ਲੈਣ; ਅਖ਼ੀਰ ਵਿਚ ਇਹਨਾਂ ਨੇ ਏਹੀ ਆਖਣਾ ਹੈ ਕਿ ਤੂੰ ਠੀਕ ਹੈਂ। ਉਹਨਾਂ ਨੇ ਮੇਰੇ ਤੋਂ ਆਗਿਆ ਲੈ ਲਈ ਕਿ ਜੇ ਲੋੜ ਹੋਵੇ ਤਾਂ ਤੇਰੀ ਬੇਹੋਸ਼ੀ ਦੌਰਾਨ ਲੋੜ ਪੈਣ ’ਤੇ ਅਸੀਂ ਤੇਰੇ ਦਿਲ ਵਿਚ ਸਟੰਟ ਪਾ ਸਕਦੇ ਹਾਂ। ਮੈਂ ਤੇ ਹਮੇਸ਼ਾਂ ਹੀ ਡਾਕਟਰਾਂ ਨੂੰ ਏਹੀ ਜਵਾਬ ਦਿੰਦਾ ਹਾਂ ਕਿ ਜੋ ਉਹ ਠੀਕ ਸਮਝਣ ਕਰ ਸਕਦੇ ਹਨ।

ਉਹਨਾਂ ਨੇ ਮੈਨੂੰ ਬੇਹੋਸ਼ ਕਰਕੇ ਜੋ ਕਰਨਾ ਸੀ ਕਰ ਲਿਆ। ਹੋਸ਼ ਆਉਣ ’ਤੇ ਉਹਨਾਂ ਨੇ ਦੱਸਿਆ ਕਿ ਤਿੰਨ ਨਾੜਾਂ ੭੦% ਬੰਦ ਹਨ ਤੇ ਚੌਥੀ ਦੋ ਥਾਵਾਂ ਤੋਂ ਡੈਮੇਜ ਹੈ। ਮੇਰੇ ਇਹ ਪੁੱਛਣ ’ਤੇ ਕੀ ਕਰੋਗੇ ਤਾਂ ਉਹਨਾਂ ਨੇ ਆਖਿਆ ਕਿ ਬਾਰਾਂ/ਤੇਰਾਂ ਡਾਕਟਰਾਂ ਦਾ ਪੈਨਲ ਬੈਠੇਗਾ ਤੇ ਉਹ, ਮੇਰੀ ਉਮਰ ਤੇ ਸ਼ੂਗਰ ਦਾ ਮਰੀਜ਼ ਹੋਣਾ, ਧਿਆਨ ਵਿਚ ਰੱਖ ਕੇ ਫ਼ੈਸਲਾ ਕਰੇਗਾ ਕਿ ਕੀ ਓਪ੍ਰੇਸ਼ਨ ਕਰਨਾ ਸਫਲ ਰਹੇਗਾ ਕਿ ਨਹੀਂ। ਇਹਨਾਂ ਦੋ ਕਾਰਨਾਂ ਕਰਕੇ ਓਪ੍ਰੇਸ਼ਨ ਕਰਨਾ ਏਨਾ ਸੌਖਾ ਨਹੀਂ ਹੈ।

ਮੇਰੇ ਸਪੈਸ਼ਲਿਸਟ ਨੇ ਦੱਸਿਆ ਕਿ ਵੀਰਵਾਰ ਨੂੰ ਡਾਕਟਰਾਂ ਦਾ ਬੋਰਡ ਬੈਠੇਗਾ ਤੇ ਉਹ ਫ਼ੈਸਲਾ ਕਰਨਗੇ। ਮੈਂ ਸ਼ੁੱਕਰਵਾਰ ਨੂੰ ਪਤਾ ਕਰਾਂ। ਚਾਰ ਦਵਾਈਆਂ ਤੇ ਇਕ ਪਫ਼ ਖ਼ਰੀਦਣ ਵਾਲੇ ਕਾਗ਼ਜ਼ ਮੇਰੇ ਹੱਥ ਫੜਾਏ ਤੇ ਤੋਰ ਦਿਤਾ।

ਸ਼ੁਕਰਵਾਰ ਮੈਂ ਸਵੇਰ ਤੋਂ ਸ਼ਾਮ ਤੱਕ ਫ਼ੋਨ ਦੇ ਕੋਲ਼ ਵੀ ਬੈਠਾ ਰਿਹਾ ਤੇ ਖ਼ੁਦ ਵੀ ਰਿੰਗ ਕਰਦਾ ਰਿਹਾ। ਅਖ਼ੀਰ ਸ਼ਾਮ ਨੂੰ ਰਿਸੈਪਸ਼ਨਿਸਟ ਨੇ ਦੱਸਿਆ ਕਿ ਕੁਝ ਨਹੀਂ ਕਰਨਾ ਪੈਣਾ। ਮੈਂ ਤੇ ਇਕ ਦਮ ਬੇਫ਼ਿਕਰ ਹੋ ਗਿਆ ਤੇ ਜੇਹੜੀ ਰੋਜ਼ਾਨਾ ਕਰਨ ਵਾਲ਼ਾ ਫੇਰਾ ਤੋਰਾ ਤੇ ਕਸਰਤ, ਡਰ ਕਾਰਨ ਬੰਦ ਕਰ ਦਿਤੀ ਹੋਈ ਸੀ, ਉਹ ਵੀ ਸ਼ੁਰੂ ਕਰ ਦਿਤੀ। ਇਹ ਥੋਹੜ ਚਿਰੀ ਹੀ ਖ਼ੁਸ਼ੀ ਸੀ। ਪਤਾ ਲੱਗਾ ਕਿ ਉਸ ਵੀਰਵਾਰ ਨਹੀਂ ਉਸ ਤੋਂ ਅਗਲੇ ਵੀਰਵਾਰ ਬੋਰਡ ਨੇ ਬੈਠਣਾ ਸੀ। ਅਗਲੇ ਹਫ਼ਤੇ ਸ਼ੁਕਰਵਾਰ ਸ਼ਾਮ ਨੂੰ ਪਤਾ ਲੱਗਾ ਕਿ ਡਾਕਟਰਾਂ ਦੇ ਬੋਰਡ ਨੇ ਓਪ੍ਰੇਸ਼ਨ ਕਰਨ ਦਾ ਫ਼ਤਵਾ ਦਿਤਾ ਹੈ।

ਅਜੇ ਇਸ ਪੱਖ ’ਤੇ ਵਿਚਾਰ ਚੱਲ ਹੀ ਰਿਹਾ ਸੀ ਕਿ ਓਪ੍ਰੇਸ਼ਨ ਕਦੋਂ ਕਰਵਾਇਆ ਜਾਵੇ! ਕੁਝ ਦਿਨਾਂ ਬਾਅਦ ਇਕ ਰਾਤ ਨੂੰ ਮੈਨੂੰ ਬੜਾ ਤੇਜ਼ ਬੁਖ਼ਾਰ ਚੜ੍ਹਿਆ ਤੇ ਸਵੇਰੇ ਹਟ ਗਿਆ। ਅਗਲੀ ਰਾਤ ਫਿਰ ਚੜ੍ਹਿਆ। ਤੀਜੀ ਰਾਤ ਫਿਰ ਚੜ੍ਹਿਆ। ਚੌਥੇ ਦਿਨ ਮੈਂ ਡਾਕਟਰ ਕੋਲ਼ ਗਿਆ ਤੇ ਉਸ ਨੇ ਮੈਨੂੰ ਮਾਊਂਟ ਡਰੂਟ ਹਸਪਤਾਲ ਭੇਜ ਦਿਤਾ। ਓਥੇ ਸ਼ਾਮ ਪੈਂਦਿਆਂ ਹੀ ਫਿਰ ਚੜ੍ਹ ਗਿਆ। ਉਹਨਾਂ ਨੇ ਪੈਨਾਡੋਲ ਦੇ ਦਿਤੀ ਤੇ ਮੈਂ ਸੌਂ ਗਿਆ। ਉਸ ਤੋਂ ਬਾਅਦ ਬੁਖ਼ਾਰ ਨਹੀਂ ਚੜ੍ਹਿਆ। ਫਿਰ ਡਾਕਟਰਾਂ ਦੀ ਦੌੜ ਭੱਜ ਸ਼ੁਰੂ ਹੋਈ ਕਿ ਬੁਖ਼ਾਰ ਨੇ

ਇਹ ਕਿਉਂ ਚੜ੍ਹਨਾ ਤੇ ਉਤਰਨਾ ਕੀਤਾ। ਜਦੋਂ ਉਹਨਾਂ ਦੇ ਪੱਲੇ ਕੁਝ ਨਾ ਪਿਆ ਤਾਂ ਉਹਨਾਂ ਨੇ ਮੈਨੂੰ ਆਪਣੇ ਗਲ਼ੋਂ ਲਾਹੁਣ ਲਈ ਬਲੈਕਟਾਊਨ ਹਸਪਤਾਲ ਭੇਜ ਦਿਤਾ। ਏਥੇ ਨੌਂ ਦਿਨ ਮੈਨੂੰ ਕਦੀ ਇਕ ਮਸ਼ੀਨ ਵਿਚੋਂ ਕੱਢਣ ਤੇ ਦੂਜੀ ਵਿਚ ਪਾ ਦੇਣ। ਓਥੋਂ ਕੁਝ ਨਾ ਲਭੇ ਤੇ ਫੇਰ ਤੀਜੀ ਵਿਚ ਪਾ ਦੇਣ। ਅਖ਼ੀਰ ਡਾਕਟਰ ਗਿੱਲ ਸਾਹਿਬ ਕਹਿਣ ਲੱਗੇ ਕਿ ਜੇਹੜੀ ਜੇਹੜੀ ਗੱਲ ਦਾ ਸਾਨੂੰ ਸ਼ੱਕ ਸੀ, ਉਸ ਬਾਰੇ ਅਸੀਂ ਦੋ ਦੋ ਵਾਰ ਚੈਕ ਕਰ ਲਿਆ ਹੈ ਪਰ ਸਾਨੂੰ ਕੁਝ ਨਹੀਂ ਲਭਿਆ। ਹੁਣ ਇਕ ਟੈਸਟ ਹੋਰ ਰਹਿ ਗਿਆ ਹੈ ਪਰ ਉਸ ਦੇ ਕਰਨ ਦਾ ਇਸ ਹਸਪਤਾਲ ਵਿਚ ਕੋਈ ਪ੍ਰਬੰਧ ਨਹੀਂ, ਇਸ ਲਈ ਮੈਨੂੰ ਅਗਲੇ ਸ਼ੁੱਕਰਵਾਰ ਵੈਸਟਮੀਡ ਹਸਪਤਾਲ ਵਿਚ ਐਂਜੋਗਰਾਫ਼ੀ ਕਰਵਾਉਣ ਵਾਸਤੇ ਜਾਣਾ ਪਵੇਗਾ। ਡਾਕਟਰ ਜੀ ਨੇ ਓਥੇ ਦੀ ਐਪਾਇੰਟ ਬਣਾ ਦਿਤੀ ਤੇ ਨੌਵੇਂ ਦਿਨ ਮੈਨੂੰ ਘਰ ਨੂੰ ਤੋਰ ਦਿਤਾ।

ਦਿਤੇ ਸਮੇ ’ਤੇ ਵੈਸਟਮੀਡ ਪਹੁੰਚ ਗਏ। ਉਹਨਾਂ ਨੇ ਮੈਨੂੰ ਕਿਹਾ ਕਿ ਮੇਰੇ ਲਿਵਰ ਦੀ ਪਰਖ ਕੀਤੀ ਜਾਵੇਗੀ। ਜੇ ਲਿਵਰ ਵਿਚ ਸਟੰਟ ਪਾਉਣ ਦੀ ਲੋੜ ਹੋਵੇ ਤਾਂ ਕੀ ਉਹ, ਮੇਰੀ ਬੇਹੋਸ਼ੀ ਦੌਰਾਨ ਪਾ ਸਕਦੇ ਹਨ! ਮੈਂ ਸਦਾ ਵਾਂਗ ਹੀ ਆਖਿਆ ਕਿ ਜੋ ਕਰਨਾ ਜ਼ਰੂਰੀ ਸਮਝੋ ਕਰੋ। ਤੁਸੀਂ ਮੇਰੇ ਨਾਲ਼ੋਂ ਵਧੇਰੇ ਜਾਣਦੇ ਹੋ। ਮੈਨੂੰ ਬੇਹੋਸ਼ ਕਰ ਕੇ ਉਹਨਾਂ ਨੇ ਆਪਣੀ ਕਾਰਵਾਈ ਪੂਰੀ ਕਰ ਲਈ ਤੇ ਮੈਨੂੰ ਦੱਸਿਆ ਕਿ ਮੇਰੇ ਲਿਵਰ ਵਿਚ ਕੁਝ ਕਮੀ ਦਿਸੀ ਸੀ ਤੇ ਉਸ ਵਿਚ ਸਟੰਟ ਪਾ ਦਿਤਾ ਗਿਆ ਹੈ।

ਇਸ ‘ਸਟੰਟਬਾਜ਼ੀ’ ਦਾ ਲਾਭ ਇਹ ਹੋਇਆ ਕਿ ਜੇਹੜੀ ਡੇਢ ਦੋ ਸਾਲ ਤੋਂ ਮੇਰੀ ਭੁੱਖ ਮਰ ਚੁੱਕੀ ਹੋਈ ਸੀ ਤੇ ਮੈਂ ਰੋਟੀ ਨਹੀਂ ਸੀ ਖਾ ਰਿਹਾ, ਉਹ ਮਸਲਾ ਹੱਲ ਹੋ ਗਿਆ। ਮੈਂ ਇਕ ਜਾਂ ਦੋ ਰੋਟੀਆਂ ਖਾਣ ਲੱਗ ਪਿਆ। ਕੁਝ ਸਮੇ ਤੋਂ ਹਰੇਕ ਸ਼ੁਭਚਿੰਤਕ ਮੇਰੇ ਵੱਲ ਵੇਖ ਕੇ ਆਖਿਆ ਕਰਦਾ ਸੀ ਕਿ ਮੈਂ ਬਹੁਤ ਮਾੜਾ ਹੋਈ ਜਾ ਰਿਹਾ ਹਾਂ, ਕੁਝ ਕਰਾਂ। ਮੈਨੂੰ ਸਮਝ ਨਾ ਆਵੇ ਕਿ ਮੈਂ ਕੀ ਕਰਾਂ। ਉਹ ਆਖਣ ਕਿ ਮੈਂ ਸੁੰਗੜਦਾ ਜਾ ਰਿਹਾ ਹਾਂ। ਮੈਂ ਅੱਗੋਂ ਹੱਸ ਕੇ ਆਖਣਾ ਕਿ ਸਗੋਂ ਮੇਰਾ ਭਾਰ ਹੌਲ਼ਾ ਹੋ ਰਿਹਾ ਹੈ। ਉਹ ਵੀ ਸੱਚੇ ਸਨ; ਇਸ ਗੱਲ ਦਾ ਗਿਆਨ ਮੈਨੂੰ ਬਲੈਕਟਾਊਨ ਹਸਪਤਾਲ ਵਿਚੋਂ ਹੀ ਹੋਇਆ ਕਿ ਜਦੋਂ ਦਾਖ਼ਲੇ ਸਮੇ ਉਹਨਾਂ ਨੇ ਮੇਰਾ ਭਾਰ ਜੋਖਿਆ ਤਾਂ ਉਹ ਸੱਠ ਕਿਲੋ ਤੋਂ ਵੀ ਘਟ ਹੋਇਆ ਜਦੋਂ ਕਿ ਮੈਂ ਕਈ ਸਾਲਾਂ ਤੋਂ ਆਪਣਾ ਭਾਰ ੬੭ ਕਿਲੋ ਸਮਝਦਾ ਸਾਂ।

ਡਾਕਟਰ ਗਿੱਲ ਨੇ ਦਿਤੀ ਤਰੀਕ ਉਪਰ ਜਦੋਂ ਮੇਰਾ ਐਕਸ-ਰੇ ਵੇਖਿਆ ਤਾਂ ਸਟੈਂਟ ਅਜੇ ਲਿਵਰ ਵਿਚ ਹੀ ਪਿਆ ਸੀ ਜੋ ਕਿ ਦੋ ਕੁ ਹਫ਼ਤਿਆਂ ਬਾਅਦ ਆਪੇ ਹੀ ਨਿਕਲ਼ ਜਾਣਾ ਚਾਹੀਦਾ ਸੀ। ਉਸ ਨੇ ਫਿਰ ਦਿਤੀ ਤਰੀਕ ’ਤੇ ਮੈਨੂੰ ਬੇਹੋਸ਼ ਕਰਕੇ ਉਹ ਸਟੈਂਟ ਕੱਢ ਕੇ ਮੇਰਾ ਇਸ ‘ਸਟੰਟਬਾਜ਼ੀ’ ਤੋਂ ਖਹਿੜਾ ਛੁਡਾਇਆ ਪਰ ਇਹ ਕਿਸੇ ਹਸਪਤਾਲ ਦੀ ਮਸ਼ੀਨ ਨਹੀਂ ਲੱਭ ਸਕੀ ਕਿ ਮੈਨੂੰ ਬੁਖ਼ਾਰ ਚੜ੍ਹਨਾ ਸ਼ੁਰੂ ਹੋਇਆ ਤੇ ਕਿਉਂ ਚੜ੍ਹਨੋਂ ਹਟ

ਗਿਆ! ਬੁਖ਼ਾਰ ਵਾਸਤੇ ਹੋਰ ਕੋਈ ਦਵਾਈ ਨਾ ਦਿਤੀ ਗਈ ਸਿਵਾਇ ਪਹਿਲੀ ਸ਼ਾਮ ਨੂੰ ਦੋ ਡਿਸਪ੍ਰੀਨ ਦੀਆਂ ਗੋਲ਼ੀਆਂ ਤੋਂ।

ਇਹ ਤਾਂ ਗੱਲ ਵਿਚੋਂ ਗੱਲ ਨਿਕਲਣ ਵਾਂਗ, ਬੀਮਾਰੀ ਵਿਚੋਂ ਬੀਮਾਰੀ ਨਿਕਲ਼ ਆਈ, ਅਸਲੀ ਮਸਲਾ ਤਾਂ ਦਿਲ ਦਾ ਮਾਮਲਾ ਸੀ। ਮਾਰਚ ਮਹੀਨੇ ਤੋਂ ਸ਼ੁਰੂ ਹੋਈ ਇਸ ਦਿਲ ਦੇ ਮਾਮਲੇ ਵਾਲ਼ੀ ਕਵਾਇਦ ਦੇ ਚੱਲਦਿਆਂ ਮਈ ਆ ਗਿਆ। ਮੈਂ ਆਪ ਹੀ ਇਸ ਨੂੰ ਅੱਗੇ ਤੋਂ ਅੱਗੇ ਪਾਈ ਜਾਂਦਾ ਸਾਂ ਕਿਉਂਕਿ ਐਡੀਲੇਡ ਵਾਲ਼ੀਆਂ ਸਾਲਾਨਾ ਸਿੱਖ ਖੇਡਾਂ ’ਤੇ ਮੈਂ ਜਾ ਨਹੀ ਸੀ ਸਕਿਆ। ਉਸ ਸਮੇ ਮੈਂ ਬਲੈਕਟਾਊਨ ਹਸਪਤਾਲ ਵਿਚ ਦਾਖ਼ਲ ਸਾਂ। ਫ਼ੋਨ ਉਪਰ ਹੀ ਅਮਨਦੀਪ ਸਿੰਘ ਸਿਧੂ ਅਤੇ ਮਿੰਟੂ ਬਰਾੜ ਰਾਹੀਂ ਉਹਨਾਂ ਗੇਮਾਂ ਬਾਰੇ ਹਸਪਤਾਲ ਵਿਚੋਂ ਹੀ ਜਾਣਕਾਰੀ ਲੈ ਕੇ ਦਿਲ ਨੂੰ ਧਰਵਾਸ ਦਿੰਦਾ ਰਿਹਾ ਸਾਂ ਪਰ, ‘ਅੰਬਾਂ ਦੀ ਭੁੱਖ ਅੰਬਾਕੜੀਆਂ ਨਾਲ਼ ਥੋਹੜੀ ਲਹਿ ਜਾਂਦੀ ਹੈ!’ ਇਸ ਲਈ ਜੂਨ ਦੇ ਪਹਿਲੇ ਹਫ਼ਤੇ ਗ੍ਰਿਫ਼ਿਥ ਵਿਚ ਹੋਣ ਵਾਲ਼ੇ ਸ਼ਹੀਦੀ ਟੂਰਨਾਮੈਂਟ ਤੋਂ ਮੈਂ ਵਾਂਝਾ ਨਹੀਂ ਸੀ ਰਹਿਣਾ ਚਾਹੁੰਦਾ।

ਗ੍ਰਿਫ਼ਿਥ ਵਾਲ਼ੇ ਸ਼ਹੀਦੀ ਮੇਲੇ ਵਿਚ ਹਾਜ਼ਰੀ ਭਰਨ ਪਿੱਛੋਂ, ਦਿਲ ਦੀ ਚੀਰ ਫਾੜ ਕਰਨ ਵਾਲ਼ੇ ਡਾਕਟਰ ਈਅਨ ਨਿਕਲਸਨ ਨਾਲ਼ ਬਣਾਈ ਹੋਈ ਅਪਾਇੰਟਮੈਂਟ ਵੀ ਜੂਨ ਦੇ ਅਖ਼ੀਰ ਜਿਹੇ ਵਿਚ ਆ ਗਈ। ਉਸ ਨੂੰ ਮਿਲ਼ੇ। ਉਸ ਨੇ ਕੁਝ ਕਾਗ਼ਜ਼ਾਂ ’ਤੇ ਘੁੱਗੀ ਮਾਰੀ। ਕੁਝ ਹੌਸਲਾ ਵਧਾਊ ਗੱਲਾਂ ਕੀਤੀਆਂ ਤੇ ਪੁੱਛਿਆ ਕਿ ਕਦੋਂ ਓਪ੍ਰੇਸ਼ਨ ਕਰਾਂ! ਮੈਂ ਆਖਿਆ ਕਿ ਜਿੰਨੀ ਛੇਤੀ ਹੋ ਸਕੇ। ਉਸ ਨੇ ਆਖਿਆ ਕਿ ਚਾਰ ਤੋਂ ਛੇ ਹਫ਼ਤੇ ਲੱਗ ਜਾਣਗੇ। ੨੦੦ ਡਾਲਰ ਆਪਣੀ ਫ਼ੀਸ ਲਈ ਤੇ ਸਾਨੂੰ ਹੌਸਲਾ ਦੇ ਕੇ ਘਰ ਨੂੰ ਤੋਰ ਦਿਤਾ।

੨੪ ਜੁਲਾਈ ਦੀ ਤਰੀਕ ਮਿਲ਼ ਗਈ। ਉਸ ਤੋਂ ਪਹਿਲਾਂ ਇਕ ਦਿਨ ਵੈਸਟਮੀਡ ਹਸਪਤਾਲੋਂ ਸੱਦਾ ਆਇਆ ਕਿ ਆਓ ਤੇ ਓਪ੍ਰੇਸ਼ਨ ਤੋਂ ਪਹਿਲਾਂ ਵਾਸਤੇ ਜਾਣਕਾਰੀ ਹਾਸਲ ਕਰੋ। ਸਵੇਰ ਤੋਂ ਲੈ ਕੇ ਸ਼ਾਮ ਤੱਕ ਉਹਨਾਂ ਨੇ ਮੇਰੀ ਤੇ ਕੁਝ ਹੋਰਨਾਂ ਦੀ ਖ਼ੂਬ ਪਰੇਡ ਕਰਵਾਈ। ਇਕ ਹਿਦਾਇਤ ਤੋਂ ਬਾਅਦ ਦੂਜੀ ਤੇ ਇਕ ਮਸ਼ੀਨ ਤੋਂ ਬਾਅਦ ਦੂਜੀ। ਅਖ਼ੀਰ ਸ਼ਾਮ ਦੇ ਪੰਜ ਕੁ ਵਜੇ ਵਾਹਵਾ ਸਾਰੇ ਛਪੇ ਹੋਏ ਕਾਗ਼ਜ਼ ਦੇ ਕੇ ਸਾਨੂੰ ਤੋਰ ਦਿਤਾ।

ਓਪ੍ਰੇਸ਼ਨ ਵਾਲ਼ੀ ਤਰੀਕ ਤੋਂ ਕੁਝ ਦਿਨ ਪਹਿਲਾਂ, ਰਾਤ ਸੱਤ ਵਜੇ ਤੋਂ ਪਿੱਛੋਂ ਹਸਪਤਾਲੋਂ ਇਕ ਲੇਡੀ ਦਾ ਫ਼ੋਨ ਆਇਆ ਕਿ ਸਵੇਰੇ ਮੇਰਾ ਓਪ੍ਰੇਸ਼ਨ ਹੈ ਤੇ ਮੈਂ ਸਭ ਤਿਆਰੀਆਂ ਕਰ ਕੇ ਅੱਠ ਵਜੇ ਪਹੁੰਚ ਜਾਵਾਂ। ਮੈਂ ਤਾਂ ਖ਼ੁਦ ਨੂੰ ਚੌਵੀ ਤਰੀਕ ਵਾਸਤੇ ਮਾਨਸਿਕ ਤੌਰ ’ਤੇ ਤਿਆਰ ਕਰ ਰਿਹਾ ਸੀ; ਇਹ ਕੀ ਹੋ ਗਿਆ! ਮੈਂ ਸੋਚਾਂ ਕਿ ਸ਼ਾਇਦ ਸਾਡੀ ਗੱਲ ਇਕ ਦੂਜੇ ਦੇ ਸਮਝ ਵਿਚ ਨਹੀਂ ਆ ਰਹੀ। ਇਹ ਕਿਵੇਂ ਹੋ ਸਕਦਾ ਹੈ ਕਿ ਦਿਤੀ ਤਰੀਕ ਤੋਂ ਪਹਿਲਾਂ ਅਚਾਨਕ ਸਵੇਰੇ ਓਪ੍ਰੇਸ਼ਨ ਕਰਨਾ ਪੈ ਗਿਆ! ਮੈਂ ਫ਼ੋਨ ਘਰ ਵਾਲ਼ੀ ਨੂੰ ਫੜਾ ਦਿਤਾ ਕਿ ਸ਼ਾਇਦ ਏਹੀ ਉਸ ਬੀਬੀ ਨੂੰ ਸਮਝਾਵੇ ਕਿ ਮੇਰੀ ਅਪਾਇੰਟਮੈਂਟ ੨੪ ਤਰੀਕ ਦੀ ਹੈ ਪਰ ਲੰਮਾ ਸਮਾ “ਬਕ ਬਕ ਝਕ ਝਕ” ਤੋਂ ਵੀ ਉਹ ਬੀਬੀ ਟੱਸ ਤੋਂ

ਮੱਸ ਨਾ ਹੋਈ। ਏਸੇ ਹੀ ਗੱਲ ’ਤੇ ਅੜੀ ਰਹੀ ਕਿ ਮੇਰੇ ਕੋਲ਼ ਆਈ ਲਿਸਟ ਵਿਚ ਤੁਹਾਡਾ ਨਾਂ ਹੈ ਤੇ ਜੇ ਤੁਸੀਂ ਨਹੀਂ ਆਉਣਾ ਤਾਂ ਮੈਂ ਕੈਂਸਲ ਕਰ ਦਿਆਂ? ਬਾਕੀ ਸਵਾਲ ਜਵਾਬ ਤੁਸੀਂ ਸਵੇਰੇ ਡਾਕਟਰ ਨਾਲ਼ ਕਰ ਲੈਣੇ। ਆਖ਼ਰ ਸੋਚ ਸੋਚ ਕੇ ਘਰ ਵਾਲ਼ੀ ਨੇ ਆਖਿਆ ਕਿ ਸ਼ਾਇਦ ਕਿਸੇ ਹੋਰ ਮਰੀਜ਼ ਨੇ ਆਪਣੇ ਓਪ੍ਰੇਸ਼ਨ ਦੀ ਤਰੀਕ ਕੈਂਸਲ ਕਰ ਦਿਤੀ ਹੋਵੇ ਤੇ ਉਸ ਦੀ ਖ਼ਾਲੀ ਥਾਂ ’ਤੇ ਮੇਰੀ ਵਾਰੀ ਲਾ ਦਿਤੀ ਹੋਵੇ! ਇਹ ਦਲੀਲ ਮੈਨੂੰ ਮੰਨਣ ਯੋਗ ਲੱਗੀ।

ਅਸੀਂ ਪੂਰੀ ਤਿਆਰੀ ਸਹਿਤ, ਡਾਕਟਰਾਂ ਵੱਲੋਂ ਕੀਤੀ ਜਾਣ ਵਾਲ਼ੀ ਚੀਰ ਫਾੜ ਲਈ ਤਿਆਰ ਹੋ ਕੇ, ਸਵੇਰੇ ਹਸਪਤਾਲ ਪਹੁੰਚ ਗਏ। ਲਉ, ‘ਪੁੱਟਿਆ ਪਹਾੜ ਤੇ ਨਿਕਲ਼ਿਆ ਚੂਹਾ!’ ਓਥੇ ਸਾਨੂੰ ਕੁਝ ਹਿਦਾਇਤਾਂ ਦੇਣ ਲਈ ਸੱਦਿਆ ਗਿਆ ਸੀ ਨਾ ਕਿ ਓਪ੍ਰੇਸ਼ਨ ਲਈ।

“ਦੂਰ ਸੁਣੀਦੇ ਨੇੜੇ ਆਏ।” ਉਡੀਕ ਉਡੀਕ ਕੇ ਆਖ਼ਰ ਉਹ, ਚੌਵੀ ਜੁਲਾਈ ੨੦੧੨ ‘ਭਾਗਾਂ ਭਰਿਆ’ ਦਿਨ ਵੀ ਆ ਪੁੱਜਾ। ਅੱਠ ਵਜੇ ਸਵੇਰੇ ਅਸੀਂ ਵੈਸਟਮੀਡ ਹਸਪਤਾਲ ਵਿਚ ਪਹੁੰਚ ਗਏ? ਮੈਨੂੰ ਸਵੇਰੇ ਨੌਂ ਵਜੇ ਅੰਦਰ ਵਾੜ ਲਿਆ ਗਿਆ। ਉਹ ਆਪਣੀ ਕਾਰਵਾਈ ਕਰਦੇ ਰਹੇ ਤੇ ਅਗਲੇ ਦਿਨ ੩ ਵਜੇ ਲੌਢੇ ਵੇਲ਼ੇ ਤੋਂ ਪਿੱਛੋਂ ਓਦੋਂ ਮੈਨੂੰ ਜਾਗ ਆਈ ਜਦੋਂ ਮੈਨੂੰ ਮਹਿਸੂਸ ਹੋਇਆ ਕਿ ਕੋਈ ਜਣਾ ਮੇਰਾ ਸੱਜਾ ਹੱਥ ਪਲੋਸ ਰਿਹਾ ਹੈ। ਗਹੁ ਨਾਲ਼ ਮਹਿਸੂਸ ਕੀਤਾ ਤਾਂ ਉਹ ਮੇਰੀ ਵੱਡੀ ਧੀ ਰਵੀਨ ਕੌਰ ਸੀ। ਕੁਝ ਹੀ ਮਿੰਟਾਂ ਪਿੱਛੋਂ ਮੇਰਾ ਖੱਬਾ ਹੱਥ ਵੀ ਪਲੋਸਿਆ ਜਾਣ ਲੱਗਾ ਤਾਂ ਪਤਾ ਲੱਗਾ ਕਿ ਉਹ ਮੇਰੀ ਘਰ ਵਾਲ਼ੀ ਸੀ। ਜਦੋਂ ਹਸਪਤਾਲ ਵਾਲ਼ਿਆਂ ਨੂੰ ਪਤਾ ਲੱਗਾ ਕਿ ਮੇਰੀ ਅੱਖ ਖੁਲ੍ਹ ਗਈ ਹੈ ਤਾਂ ਇਕ ਬੀਬੀ ਆ ਕੇ ਮੇਰੇ ਦੁਆਲ਼ੇ ਹੋ ਗਈ। ਉਸ ਨੇ ਮੇਰੇ ਉਪਰ ਸਵਾਲਾਂ ਦੀ ਬੁਛਾੜ ਸ਼ੁਰੂ ਕਰ ਦਿਤੀ। ਤੂੰ ਕਿਥੇ ਹੈਂ, ਤੇਰਾ ਨਾਂ ਕੀ ਹੈ, ਤੇਰੀ ਜਨਮ ਤਰੀਕ ਕੀ ਹੈ, ਅੱਜ ਦਿਨ ਕੀ ਹੈ। ਤਰੀਕ ਮਹੀਨਾ ਅਤੇ ਸਾਲ ਕੇਹੜਾ ਹੈ ਆਦਿ ਪਰ ਹਰੇਕ ਸਵਾਲ ਦਾ ਜਵਾਬ ਲੈ ਕੇ ਹੀ ਉਹ ਦੂਜਾ ਸਵਾਲ ਕਰਦੀ ਰਹੀ। ਜਦੋਂ ਮੈਂ ਦਿਨ ਤੇ ਸਮਾ ਦੱਸਿਆ ਤਾਂ ਉਹ ਹਾਸੇ ਵਿਚ ਬੋਲ ਉਠੀ, “ਯੂ ਆਰ ਚੀਟਿੰਗ।” ਕਾਰਨ ਇਹ ਸੀ ਕਿ ਤਰੀਕ, ਸਮਾ ਤੇ ਦਿਨ ਸਾਹਮਣੀ ਕੰਧ ਉਪਰ ਵੀ ਲਿਖਿਆ ਹੋਇਆ ਸੀ ਜੋ ਮੈਂ ਪੜ੍ਹ ਸਕਦਾ ਸੀ ਤੇ ਉਸ ਸਮੇ ਪੜ੍ਹ ਵੀ ਰਿਹਾ ਸੀ।

ਅਜਿਹੇ ਸਵਾਲ ਇਸ ਲਈ ਪੁੱਛੇ ਜਾ ਰਹੇ ਸਨ ਕਿ ਏਡੇ ਵੱਡੇ ਓਪ੍ਰੇਸ਼ਨ ਪਿਛੋਂ ਵੀ ਮੈਂ ਹੋਸ਼ ਵਿਚ ਹੀ ਹਾਂ ਤੇ ਪੁੱਛੇ ਜਾ ਰਹੇ ਸਵਾਲਾਂ ਦੇ ਸਹੀ ਜਵਾਬ ਦੇ ਸਕਦਾ ਹਾਂ ਕਿ ਨਹੀਂ! ਉਸ ਨੂੰ ਯਕੀਨ ਹੋ ਗਿਆ ਕਿ ਮੇਰੀ ਮੱਤ ਅਜੇ ਟਿਕਾਣੇ ਹੀ ਹੈ।

ਤਿੰਨ ਦਿਨ ਇਨਟੈਂਸਿਵ ਕੇਅਰ ਯੂਨਿਟ ਵਿਚ ਰੱਖ ਕੇ ਫਿਰ ਮੈਨੂੰ ਵਾਰਡ ਵਿਚ ਭੇਜ ਦਿਤਾ ਗਿਆ। ਸੇਵਾ ਸੰਭਾਲ਼ ਤਾਂ ਉਹਨਾਂ ਨੇ ਬਹੁਤ ਕੀਤੀ ਪਰ ਮੈਂ ਘਰੋਂ ਆਈ ਖਿਚੜੀ ਹੀ ਕੁਝ ਚਿਮਚੇ ਖਾਂਦਾ ਰਿਹਾ। ਜਾਂ ਫਿਰ ਕੋਈ ਮਿੱਠੀ ਵਸਤੂ ਨੂੰ ਮੂੰਹ ਮਾਰ ਲੈਣਾ। ਵਾਰਡ ਵਿਚ

ਦੋ ਨੌਜਵਾਨ ਡਾਕਟਰ ਹਰ ਰੋਜ਼ ਹਾਜ਼ਰ ਰਹਿੰਦੇ ਸਨ। ਇਕ ਤਾਂ ਲਾਹੌਰ ਤੋਂ ਸੁਐਬ ਨਾਮੀ ਡਾਕਟਰ ਸੀ ਜੋ ਕਿ ਲਾਹੌਰੀ ਹੁੰਦਾ ਹੋਇਆ ਵੀ ਪੰਜਾਬੀ ਨਹੀਂ ਸੀ ਬੋਲ ਸਕਦਾ; ਉਰਦੂ ਤੇ ਅੰਗ੍ਰੇਜ਼ੀ ਹੀ ਬੋਲਦਾ ਸੀ। ਮੇਰੇ ਪੁੱਛਣ 'ਤੇ ਉਸ ਨੇ ਦੱਸਿਆ ਕਿ ਉਸ ਦੇ ਮਾਪੇ ਪੰਜਾਬੀ ਬੋਲਦੇ ਹਨ ਪਰ ਉਹ ਨਹੀਂ। ਦੂਸਰਾ ਡਾ. ਤੇਜਪਾਲ ਸਿੰਘ ਜੀ ਦਾ ਪੋਤਰਾ ਤੇ ਸ. ਗੁਰਵਿਜੈ ਸਿੰਘ ਦਾ ਪੁੱਤਰ ਸੀ। ਸਾਰੀਆਂ ਨਰਸਾਂ ਦੇ ਉਪਰ ਇਕ ਸਰਦਾਰ ਅਤੇ ਸਰਦਾਰਨੀ ਗੁਰਦਿਆਲ ਸਿੰਘ ਜੀ ਦੀ ਸਪੁੱਤਰੀ, ਬੀਬਾ ਦਵਿੰਦਰ ਕੌਰ ਵੀ ਸੀ ਜੋ ਕਿ ਮੇਰਾ ਹਾਲ ਚਾਲ ਪੁੱਛ ਕੇ ਹੌਸਲਾ ਅਫ਼ਜ਼ਾਈ ਕਰਦੀ ਰਹੀ। ਸੱਜਣਾਂ ਮਿੱਤਰਾਂ ਅਤੇ ਪਰਵਾਰਕ ਜੀਆਂ ਤੋਂ ਇਲਾਵਾ, ਹਰਮਨ ਫ਼ਾਊਂਡੇਸ਼ਨ ਦੀ ਇਨਚਾਰਜ ਬੀਬਾ ਹਰਿੰਦਰ ਕੌਰ ਅਤੇ ਡਾ. ਮਨਿੰਦਰ ਸਿੰਘ ਜੀ ਦੇ ਭੇਜੇ ਹੋਏ, ਸ. ਮੁਖਤਿਆਰ ਸਿੰਘ ਜੀ ਵੀ ਆਏ। ਪਹਿਲਾਂ ਉਹ ਮੇਰੀ ਅਰਧ ਬੇਹੋਸ਼ੀ ਸਮੇ ਆਏ ਅਤੇ ਮੇਰੀ ਤੰਦਰੁਸਤੀ ਵਾਸਤੇ ਅਰਦਾਸ ਕਰ ਕੇ ਗਏ। ਫੇਰ ਵੀ ਆਉਂਦੇ ਰਹੇ।

ਇਸ ਸਮੇ ਦੌਰਾਨ ਇਕ ਦਿਲਚਸਪ ਬੰਦੇ ਨਾਲ਼ ਵਾਹ ਪਿਆ। ਹਰ ਰੋਜ਼ ਸਾਨੂੰ ਵਾਰਡ ਵਿਚ ਹੀ ਤੁਰਨ ਲਈ ਆਖਿਆ ਜਾਂਦਾ ਸੀ। ਇਕ ਮਧਰੇ ਕੱਦ ਅਤੇ ਫੁਰਤੀਲੇ ਸਰੀਰ ਵਾਲ਼ਾ, ਕਿਸੇ ਯੂਰਪੀ ਮੁਲਕ ਤੋਂ ਏਥੇ ਆਇਆ ਹੋਇਆ ਸੱਜਣ, ਜੋ ਕਿ ਮੇਰੇ ਨਾਲ਼ ਹੀ ਭਰਤੀ ਹੋਇਆ ਸੀ ਤੇ ਕਸਰ ਵੀ ਉਸ ਨੂੰ ਮੇਰੇ ਵਾਲ਼ੀ ਹੀ ਸੀ, ਉਹ ਮੇਰੇ ਨਾਲ਼ੋਂ ਬਹੁਤ ਤੇਜ਼ ਤੁਰਿਆ ਕਰੇ। ਪਤਲੇ ਜਿਹੇ ਸਰੀਰ ਅਤੇ ਕਤਰੀਆਂ ਹੋਈਆਂ ਚਿੱਟੀਆਂ ਮੁਛਾਂ ਉਸ ਦੇ ਨਿੱਕੇ ਮੂੰਹ ਦੀ ਬਣਤਰ ਨਾਲ਼ ਢੁਕਦੀਆਂ ਸਨ। ਇਕ ਸ਼ਾਮ ਨੂੰ ਆਪਣੀ ਘਰ ਵਾਲ਼ੀ ਨਾਲ਼ ਬੈਠਾ ਵ੍ਹੀਲ ਚੇਅਰ ਦੀ ਉਡੀਕ ਕਰ ਰਿਹਾ ਸੀ ਤਾਂ ਕਿ ਉਹ ਉਸ ਉਪਰ ਬੈਠ ਕੇ, ਥੱਲੇ ਜਾ ਕੇ ਆਪਣੇ ਘਰ ਜਾ ਸਕੇ। ਉਸ ਨੂੰ ਛੁੱਟੀ ਮਿਲ਼ ਗਈ ਸੀ। ਮੈਂ ਤੇ ਮੇਰੀ ਘਰ ਵਾਲ਼ੀ ਵੀ ਤੁਰਦੇ ਹੋਏ ਓਧਰ ਗਏ। ਉਸ ਨੂੰ ਮੈਂ ਮੇਰੇ ਨਾਲ਼ੋਂ ਵਾਹਵਾ ਤੇਜ਼ ਤੁਰਨ ਦਾ ਕਾਰਨ ਪੁੱਛਿਆ ਤਾਂ ਉਸ ਨੇ ਕਿਹਾ, "ਕੋਈ ਸੋਹਣੀ ਕੁੜੀ ਲੱਭੋ ਤੇ ਉਸ ਦਾ ਪਿੱਛਾ ਕਰੋ। ਆਪੇ ਤੇਜ਼ ਤੁਰਨ ਲੱਗ ਪਵੋਗੇ।" ਨਾਲ਼ ਬੈਠੀ ਉਸ ਦੀ ਘਰ ਵਾਲ਼ੀ ਵੀ ਮੁਸਕਰਾ ਪਈ ਤੇ ਅਸੀਂ ਦੋਵੇਂ ਵੀ ਮੁਸਕਰਾਉਂਦੇ ਹੋਏ ਅੱਗੇ ਨੂੰ ਤੁਰ ਪਏ। ਇਹ ਉਸ ਦੀ ਸੈਂਸ ਆਫ਼ ਹਿਊਮਰ ਸਮਝ ਲਵੋ।

ਇਕ ਸ਼ਾਮ ਨੂੰ ਵੱਡੀ ਡਾਕਟਰ ਆਈ। ਮੇਰਾ ਓਪ੍ਰੇਸ਼ਨ ਕਰਨ ਵਾਲ਼ਾ ਡਾਕਟਰ ਈਅਨ ਨਿਕਲਸਨ ਤਾਂ, ਮੇਰੀ ਚੀੜ ਫਾੜ ਕਰ ਕੇ ਅਤੇ ਸਰੀਰ ਨੂੰ ਤੋਪੇ ਲਾ ਕੇ ਸਮੁੰਦਰੋਂ ਪਾਰ ਜਾ ਚੁੱਕਾ ਸੀ। ਉਸ ਵੱਡੀ ਡਾਕਟਰ ਨੇ ਦੱਸਿਆ ਕਿ ਭਲ਼ਕੇ ਮੈਨੂੰ ਘਰ ਭੇਜ ਦੇਣਾ ਹੈ। ਅਗਲੇ ਦਿਨ ਇਕ ਯੰਗ ਲੇਡੀ ਜੋ ਮਰੀਜ਼ਾਂ ਨੂੰ ਸਰੀਰਕ ਕਸਰਤ ਕਰਵਾਉਂਦੀ ਸੀ, ਉਸ ਨੇ ਮੇਰੀ ਹਾਲਤ ਵੇਖ ਕੇ ਆਖਿਆ ਕਿ ਜਿੰਨਾ ਚਿਰ ਮਰੀਜ਼ ਖ਼ੁਦ ਮੰਜੇ ਤੋਂ ਨਹੀਂ ਉਠ ਸਕਦਾ ਓਨਾ ਚਿਰ ਘਰ ਨਹੀਂ ਭੇਜਿਆ ਜਾ ਸਕਦਾ। ਉਸ ਤੋਂ ਅਗਲੇ ਦਿਨ ਉਸ ਲੇਡੀ ਦੇ ਥਾਂ ਉਹਨਾਂ ਨੇ ਲੇਡਾ ਭੇਜ ਦਿਤਾ ਜਿਸ ਨੇ ਮੈਨੂੰ ਮੰਜੇ ਤੋਂ ਉਠਣ ਦੀ ਜਾਚ ਸਿਖਾ ਦਿਤੀ ਤੇ ਅਗਲੇ ਦਿਨ,

ਨੌਵੇਂ ਦਿਨ ਮੈਨੂੰ ਹਸਪਤਾਲੋਂ ਕਢ ਦਿਤਾ ਗਿਆ। ਮੈਨੂੰ ਇਉਂ ਲੱਗੇ ਕਿ ਜਿਵੇਂ ਉਹ ਦਿਲੋਂ ਆਖਦੇ ਹੋਣ ਕਿ ਅੱਗੇ ਨੂੰ ਤੇ ਤੂੰ ਤੁਰਦਾ ਨਹੀਂ, ਹੁਣ ਪਿੱਛੇ ਨੂੰ ਹੀ ਤੁਰ ਜਾਹ ਤਾਂ ਕਿ ਤੇਰਾ ਮੰਜਾ ਅਸੀਂ ਕਿਸੇ ਹੋਰ ਨੂੰ ਦੇ ਸਕੀਏ!

ਇਸ ਸਾਰੇ ਸਮੇ ਦੌਰਾਨ ਹਸਪਤਲ ਦਾ ਸਟਾਫ਼, ਪਰਵਾਰਕ ਜੀ ਅਤੇ ਸੱਜਣਾਂ ਮਿੱਤਰਾਂ ਨੇ ਬਹੁਤ ਸੇਵਾ, ਸੰਭਾਲ਼ ਅਤੇ ਹੌਸਲਾ ਅਫ਼ਜ਼ਾਈ ਕੀਤੀ। ਇਹਨਾਂ ਸਾਰਿਆਂ ਦਾ ਮੈਂ ਤਹਿ ਦਿਲੋਂ ਧੰਨਵਾਦੀ ਹਾਂ। ਡਾਕਟਰ ਅਤੇ ਬਾਕੀ ਸਟਾਫ਼ ਮੈਂਬਰ ਵੀ, ਇਉਂ ਆਖ ਕੇ ਮੇਰਾ ਹੌਸਲਾ ਵਧਾਉਂਦਾ ਰਿਹਾ ਕਿ ਕੰਪੈਰਿਟਿਵਲੀ ਮੇਰੀ ਪ੍ਰਾਗਰੈਸ ਆਮ ਨਾਲ਼ੋਂ ਚੰਗੇਰੀ ਹੈ।

ਘਰ ਆਣ ਕੇ ਪਹਿਲੇ ਛੇ ਹਫ਼ਤੇ ਤਾਂ ਜਿਵੇਂ ਛਿਲੇ ਵਾਂਗ ਹੀ ਕੱਟੇ। ਨਾਲ਼ ਰੀਹੈਬਲੀਟੇਸ਼ਨ ਦੇ ਛੇ ਹਫ਼ਤੇ ਵੀ ਚੱਲਦੇ ਰਹੇ। ਅਖ਼ੀਰ ਉਹ ਵੀ ਪੂਰੇ ਹੋ ਗਏ ਤੇ ਉਹਨਾਂ ਨੇ ਮੈਨੂੰ ਸੰਪੂਰਣਤਾ ਦਾ ਸਰਟੀਫ਼ਿਕੇਟ ਅਤੇ ਬਹੁਤ ਸਾਰਾ ਹੌਸਲਾ ਦੇ ਕੇ ਘਰ ਨੂੰ ਤੋਰ ਦਿਤਾ। ਸਾਵਧਾਨੀ ਵਰਤਣ ਲਈ ਵੀ ਆਖ ਦਿਤਾ। ਡਾਕਟਰਾਂ ਦੇ ਦੱਸਣ ਅਨੁਸਾਰ ਛੇ ਮਹੀਨੇ ਲੱਗ ਜਾਣ ਪਿੱਛੋਂ ਹੀ ਮੈਂ ਪਹਿਲੇ ਵਾਂਗ ਉਛਲ ਕੁੱਦ ਕਰਨ ਦੇ ਕਾਬਲ ਹੋ ਸਕਾਂਗਾ।

ਮੇਰੀ ਬੇਹੋਸ਼ੀ ਦੌਰਾਨ ਹੀ ਡਾਕਟਰ ਨਿਕਲਸਨ ਅਤੇ ਉਸ ਦੀ ਟੀਮ ਨੇ ਆਰੀ ਨਾਲ਼ ਮੇਰੀ ਹਿੱਕ ਦੀਆਂ ਹੱਡੀਆਂ ਚੀਰ ਕੇ, ਛਾਤੀ ਵਿਚੋਂ ਕਾਲਜਾ ਕਢ ਕੇ, ਉਸ ਨੂੰ ਸਾਫ਼ ਕੀਤਾ ਤੇ ਮੇਰੇ ਖੱਬੇ ਪੱਟ ਵਿਚੋਂ ਚਾਰ ਨਾੜਾਂ ਕਢ ਕੇ, ਕਲੇਜੇ ਵਿਚ ਪਾ ਕੇ, ਫਿਰ ਉਸ ਨੂੰ ਉਸ ਦੇ ਸਥਾਨ ਉਪਰ ਫਿੱਟ ਕਰ ਦਿਤਾ। ਫਿਰ ਵੱਢੀਆਂ ਗਈਆਂ ਛਾਤੀ ਦੀਆਂ ਹੱਡੀਆਂ ਨੂੰ ਸੁਪਰ ਗਲੂ ਲਾ ਕੇ ਜੋੜ ਦਿਤਾ ਤੇ ਉਪਰੋਂ ਤਾਰਾਂ ਨਾਲ਼ ਜਕੜਬੰਦ ਮਾਰ ਦਿਤੇ। ਉਪਰਲੀ ਚਮੜੀ ਨੂੰ ਸੀਂ ਕੇ ਸਟਿੱਕੀ ਟੇਪ ਲਾ ਦਿਤੀ ਗਈ।

ਹੋਸ਼ ਆਉਣ ’ਤੇ ਆਖਿਆ ਕਿ ਮੇਰਾ ਉਹਨਾਂ ਨੇ ਇੰਜਣ ਬੰਨ੍ਹ ਦਿਤਾ ਹੈ ਤੇ ਹੁਣ ਮੈਂ ਇਕ ਦਹਾਕਾ ਹੋਰ ਨਹੀਂ ਲਈਦਾ।

ਹੈਰਾਨੀ ਹੋਈ ਮੈਨੂੰ ਇਸ ਗੱਲ ਦੀ ਕਿ ਓਪ੍ਰੇਸ਼ਨ ਤੋਂ ਪਹਿਲਾਂ, ਅਰਥਾਤ ੨੩ ਜੁਲਾਈ ਦੀ ਰਾਤ ਨੂੰ ਮੈਨੂੰ ਸੁਪਨਾ ਆਇਆ ਸੀ ਕਿ ਹਸਪਤਾਲ ਵਿਚ, ਮੇਰੇ ਦਿਲ ਵਿਚ ਪਾਉਣ ਵਾਸਤੇ ਨਾੜਾਂ ਕੱਢਣ ਲਈ, ਮੇਰਾ ਖੱਬਾ ਪੱਟ ਡਾਕਟਰ ਨੇ ਪਾੜਿਆ ਹੋਇਆ ਹੈ ਤੇ ਖ਼ੂਨ ਨੂੰ ਪੂੰਝ ਕੇ, ਕੁਝ ਕੁ ਉਚੇ ਇਕ ਕਮਰੇ ਵਿਚੋਂ ਕੁਝ ਲੈਣ ਲਈ ਗਿਆ ਹੈ। ਫਿਰ ਸੁਪਨਾ ਮੁੱਕ ਗਿਆ। ਮੌਕਾ ਮੇਲ ਵੇਖੋ ਕਿ ਮੇਰੇ ਖੱਬੇ ਪੱਟ ਨੂੰ ਹੀ ਅੱਠ ਥਾਵਾਂ ’ਤੇ ਟੱਕ ਲਾ ਕੇ ਚਾਰ ਨਾੜਾਂ ਕੱਢੀਆਂ ਗਈਆਂ। ਦਲੀਲ ਦਿਤੀ ਜਾ ਸਕਦੀ ਹੈ ਕਿ ਮੈਂ ਸੁਣਦਾ ਆ ਰਿਹਾ ਸਾਂ ਕਿ ਇਉਂ ਹੋਵੇਗਾ ਤੇ ਓਸੇ ਗੱਲ ਦਾ ਸੁਪਨਾ ਆ ਗਿਆ। ਇਹ ਦਲੀਲ ਆਪਣੀ ਥਾਂ ’ਤੇ ਸਹੀ ਹੋ ਸਕਦੀ ਹੈ ਪਰ ਸਵਾਲ ਇਹ ਉਠਦਾ ਹੈ ਕਿ ਮੈਂ ਤੇ ਸੁਣਦਾ ਆ ਰਿਹਾ ਸਾਂ ਕਿ ਨਾੜਾਂ ਲੱਤ ਵਿਚੋਂ ਕੱਢ ਕੇ ਪਾਈਆਂ ਜਾਂਦੀਆਂ ਨੇ ਤੇ ਸ. ਪ੍ਰਭਜੋਤ ਸਿੰਘ ਸੰਧੂ ਦੀਆਂ ਬਾਂਹ ਵਿਚੋਂ ਕੱਢ ਕੇ ਪਾਈਆਂ ਗਈਆਂ ਸਨ ਪਰ ਪੱਟ ਵਿਚੋਂ ਕੱਢਣ ਬਾਰੇ ਕਦੀ ਨਹੀਂ ਸੀ ਸੁਣਿਆ।

ਇਹ ਤੇ ਪਤਾ ਹੀ ਸੀ ਕਿ ਬੀਮਾਰੀ ਤਾਂ ਆਪਣੀਆਂ ਕੁਦਰਤ ਦੇ ਖ਼ਿਲਾਫ਼ ਕੀਤੀਆਂ ਗਈਆਂ ਗ਼ਲਤੀਆਂ/ਦਰੁਸਤੀਆਂ ਜਾਂ ਪੁਰਖਿਆਂ ਦੀ ਵਿਰਾਸਤ ਦਾ ਨਤੀਜਾ ਹੈ ਜੋ ਕਿ ਸਰੀਰ ਨੂੰ ਭੁਗਤਣਾ ਹੀ ਪੈਣਾ ਹੈ। ਇਸ ਦਾ ਇਲਾਜ ਡਾਕਟਰਾਂ ਨੇ ਕਰਨਾ ਹੈ ਤੇ ਸੇਵਾ ਸੰਭਾਲ਼ ਦੀ ਖੇਚਲ ਪਰਵਾਰਕ ਮੈਂਬਰਾਂ ਅਤੇ ਸ਼ੁਭਚਿੰਤਕ ਸੱਜਣਾਂ ਨੂੰ ਕਰਨੀ ਪੈਣੀ ਹੈ। ਸਾਹ ਤਾਂ ਓਨੇ ਲੈਣੇ ਹੀ ਪੈਣੇ ਹਨ ਜਿੰਨੇ ਕਰਤੇ ਦੀ ਕੁਦਰਤ ਦੇ ਨੇਮਾਂ ਅਨੁਸਾਰ ਸਰੀਰ ਵਿਚ ਪਾ ਕੇ ਇਸ ਸੰਸਾਰ 'ਤੇ ਭੇਜਿਆ ਗਿਆ ਹੈ; ਫਿਰ ਫ਼ਿਕਰ ਕਾਹਦਾ?

ਇਸ ਦੌਰਾਨ ਇਕ ਹੋਰ ਗੱਲ ਵੀ ਸਾਬਤ ਹੋ ਗਈ ਜੇਹੜੀ ਹਾਸੇ ਦੇ ਰਉਂ ਵਿਚ ਮੈਂ ਅਕਸਰ ਹੀ ਆਖਿਆ ਕਰਦਾ ਹਾਂ ਕਿ ਡਾਕਟਰਾਂ ਤੇ ਤਖਾਣਾਂ ਦਾ ਕਾਰਜ ਇਕੋ ਜਿਹਾ ਹੀ ਹੈ। ਉਹ ਲੱਕੜ ਨੂੰ ਕੱਟ ਵਢ ਕੇ ਜੋੜ ਦਿੰਦੇ ਹਨ ਤੇ ਡਾਕਟਰ ਸਰੀਰ ਨੂੰ। ਇਹ ਮਰੀਜ਼ ਦੀ ਖ਼ੁਸ਼ਕਿਸਮਤੀ ਹੈ ਕਿ ਉਸ ਦਾ ਸਰੀਰ ਠੀਕ ਥਾਂ 'ਤੇ ਜੁੜ ਜਾਵੇ ਜਾਂ ਨਾ ਜੁੜੇ। ਜੇ ਨਾ ਜੁੜੇ ਤਾਂ ਤਖਾਣਾਂ ਦੇ ਕਾਣੋ ਕੱਢਣ ਵਾਂਗ ਡਾਕਟਰ ਵੀ ਦੋਬਾਰਾ ਕੱਟ ਵਢ ਕਰ ਕੇ, ਜੋੜਨ ਦਾ ਯਤਨ ਕਰਦੇ ਹਨ। ਮੇਰੇ ਕੇਸ ਵਿਚ ਤਾਂ ਨਿਰੰਕਾਰ ਨੇ ਡਾ. ਨਿਕਲਸਨ ਦੇ ਹੱਥਾਂ ਵਿਚ ਆਪ ਵਰਤ ਕੇ ਕਾਰਜ ਰਾਸ ਕੀਤਾ ਹੈ :

**ਅਉਖਦ ਆਏ ਰਾਸਿ ਵਿਚਿ ਆਪ ਖਲੋਇਆ ॥**

# ਸਿਨੇਮਾ ਤੇ ਮੈਂ

ਬਚਪਨ ਤੋਂ ਘਰੋਂ ਅਤੇ ਆਲ਼ੇ ਦੁਆਲ਼ਿਉਂ ਕੰਨਾਂ ਵਿਚ ਆਵਾਜ਼ ਪੈਂਦੀ ਰਹਿੰਦੀ ਸੀ ਕਿ ਸਿਨੇਮਾ ਵੇਖਣਾ ਮਾੜਾ ਹੁੰਦਾ ਹੈ। ਉਹਨੀਂ ਦਿਨੀਂ ਇਕ ਗਾਣਾ ਵੀ ਵਾਹਵਾ ਪੇਂਡੂ ਸਮਾਜ ਵਿਚ ਮਸ਼ਹੂਰ ਹੁੰਦਾ ਸੀ, "ਭਾਪਾ ਮੁੰਨੀ ਦਿਆ ਮੁੰਨੀ ਮੋਢੇ ਲਾ ਆ, ਸਿਨਮੇ ਨੂੰ ਮੈਂ ਜਾਨੀ ਆਂ।" ਅੱਗੋਂ ਮੁੰਨੀ ਦਾ ਭਾਪਾ ਆਂਹਦਾ ਹੁੰਦਾ ਸੀ, "ਆਖੇ ਲੱਗ ਜਾ ਤੇ ਪੈ ਜਾ ਸਿਧੇ ਰਾਹ ਆ, ਸਿਨਮੇ ਨੂੰ ਨਾ ਜਾਈਂ ਨੀ।"

ਅਜਿਹੀਆਂ ਵਾਪਰਨਾਵਾਂ ਪਿਛਲੀ ਸਦੀ ਦੇ ਪੰਜਾਹਵੇਂ ਦਹਾਕੇ ਦੀਆਂ ਹਨ। ੧੯੫੩ ਦੇ ਸ਼ੁਰੂ ਵਿਚ, ਭਾਈਆ ਜੀ ਪਿੰਡੋਂ ਖੇਤੀ ਛੱਡ ਕੇ, ਅੰਮ੍ਰਿਤਸਰ ਵਿਚ ਆ ਕੇ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ, ਗ੍ਰੰਥੀ ਦੀ ਸੇਵਾ ਉਪਰ ਲੱਗ ਗਏ ਸਨ। ਬਾਕੀ ਪਰਵਾਰ ਤਾਂ ਭਾਵੇਂ ਪਿੰਡ ਵਿਚ ਹੀ ਰਹਿੰਦਾ ਸੀ ਪਰ ਮੈਨੂੰ ਆਪਣੇ ਨਾਲ਼ ਲੈ ਆਏ ਸਨ ਤਾਂ ਕਿ ਮੇਰੇ ਢਿਡ ਵਿਚ ਚਾਰ ਗੁਰਬਾਣੀ ਦੇ ਅੱਖਰ ਪੈ ਜਾਣ। ਸਕੂਲੇ ਜਾਣੋਂ ਤਾਂ ਮੈਂ ਵੇਹਰ ਗਿਆ ਸਾਂ ਤੇ ਪਹਿਲੀ ਵਿਚੋਂ ਹੀ ਹਟ ਗਿਆ ਸਾਂ। ਇਸ ਦਾ ਵਿਸਥਾਰ ਮੈਂ ਆਪਣੀ ਚੌਥੀ ਕਿਤਾਬ *ਬਾਤਾਂ ਬੀਤੇ ਦੀਆਂ* ਵਿਚ ਦੱਸ ਚੁੱਕਾ ਹਾਂ। ਇਸ ਲਈ ਭਾਈਆ ਜੀ ਨੇ ਵਿਚਾਰਿਆ ਕਿ ਮੈਂ ਗੁਰਮਤਿ ਦੀ ਵਿੱਦਿਆ ਪ੍ਰਾਪਤ ਕਰਾਂ; ਖ਼ਾਸ ਕਰਕੇ ਕੀਰਤਨ ਸਿੱਖ ਕੇ ਗੁਰੂ ਘਰ ਦਾ ਕੀਰਤਨੀਆ ਬਣਾਂ। ਭਾਈਆ ਜੀ ਦੀ ਖ਼ੁਦ ਕੀਰਤਨੀਆਂ ਬਣਨ ਦੀ ਪ੍ਰਬਲ ਖ਼ਾਹਸ਼ ਸੀ ਜੋ ਕਿ ਪਿੰਡ ਵਿਚ ਪੂਰੀ ਨਾ ਹੋ ਸਕੀ ਤੇ ਉਹ ਮੇਰੇ ਦੁਆਰਾ ਇਸ ਚਿਰਕਾਲੀ ਇੱਛਾ ਦੀ ਪੂਰਤੀ ਵੇਖਦੇ ਸਨ।

ਭਾਈਆ ਜੀ ਦੀ ਸੇਵਾ ਤਾਂ ਭਾਵੇਂ ਗੁਰਦੁਆਰਾ ਸ੍ਰੀ ਸੰਤੋਖਸਰ ਸਾਹਿਬ ਵਿਖੇ ਸੀ ਪਰ ਰਿਹਾਇਸ਼ ਉਹਨਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਪਿਛਵਾੜੇ ਬਣੇ ਸਟਾਫ਼ ਕੁਆਰਟਰਾਂ ਵਿਚ ਮਿਲ਼ੀ ਹੋਈ ਸੀ। ਇਹ ਕੁਆਰਟਰ ਹੁਣ ਏਥੇ ਨਹੀਂ ਹਨ। ੧੯੮੪ ਦੇ ਘੱਲੂਘਾਰੇ ਪਿੱਛੋਂ ਬੜਾ ਕੁਝ ਪੁਰਾਣਾ ਤੇ ਇਤਿਹਾਸਕ ਨਸ਼ਟ ਹੋ ਕੇ ਨਵਾਂ ਉਸਰ ਚੁੱਕਿਆ ਹੈ।

ਇਹਨੀਂ ਦਿਨੀਂ ਮੇਰੇ ਛੋਟੇ ਚਾਚਾ ਜੀ ਆਪਣੇ ਕੁਝ ਸਾਥੀਆਂ ਨਾਲ਼ ਪਿੰਡੋਂ ਸ਼ਹਿਰ ਆਏ। ਭਾਈਆ ਜੀ ਵਾਂਗ ਹੀ ਚਾਚਾ ਜੀ ਵੀ ਚਿੱਟਾ ਕੁੜਤਾ ਪਜਾਮਾ ਪਾ ਕੇ ਉਪਰ ਦੀ ਕਾਲ਼ਾ ਗਾਤਰਾ ਪਹਿਨਦੇ ਅਤੇ ਖੱਟੀ ਫਿਫਟੀ ਉਪਰ ਨੀਲੀ ਪੱਗ ਬੰਨ੍ਹਿਆਂ ਕਰਦੇ ਸਨ। ਉਹਨਾਂ ਦੇ ਮਿੱਤਰਾਂ ਨੇ ਸਲਾਹ ਬਣਾਈ ਕਿ ਸ਼ਹਿਰ ਆਏ ਹੋਏ ਹਾਂ, 'ਸਿਲਮਾ' ਵੇਖਿਆ ਜਾਵੇ। ਮੈਂ ਵੇਖਿਆ ਕਿ ਚਾਚਾ ਜੀ ਨੂੰ ਵੀ, ਉਹਨਾਂ ਦੇ ਜ਼ੋਰ ਦੇਣ 'ਤੇ, ਨਾਲ਼ ਜਾਣਾ ਪਿਆ ਪਰ ਜਾਣ ਤੋਂ ਪਹਿਲਾਂ ਉਹਨਾਂ ਨੇ ਪਜਾਮਾ ਲਾਹ ਕੇ ਤੇੜ ਚਾਦਰ ਬੱਧੀ, ਨੀਲੀ ਪੱਗ ਦੀ ਥਾਂ

ਬਦਾਮੀ ਰੰਗ ਦੀ ਪੱਗ ਬਧੀ ਤੇ ਗਾਤਰਾ ਝੱਗੇ ਦੇ ਥੱਲਿਉਂ ਦੀ ਪਾਇਆ। ਮਤਲਬ ਕਿ ਉਹਨਾਂ ਨੇ ਧਾਰਮਿਕ ਪਹਿਰਾਵੇ ਨਾਲ਼ ਸਿਨਮੇ ਜਾਣਾ ਯੋਗ ਨਾ ਜਾਤਾ ਤੇ ਧਾਰਮਿਕ ਭੇਸ ਬਦਲ ਕੇ ਪੇਂਡੂ ਕਿਸਾਨੀ ਵਾਲ਼ਾ ਬਣਾ ਲਿਆ।

ਕੁਝ ਸਮੇ ਬਾਅਦ, ਅਕਤੂਬਰ ੧੯੫੩ ਵਿਚ, ਭਾਈਆ ਜੀ ਦੀ ਬਦਲੀ ਸ੍ਰੀ ਮੁਕਤਸਰ ਸਾਹਿਬ ਹੋ ਗਈ। ਉਸ ਦੇ ਨੇੜੇ ਭਾਈਆ ਜੀ ਦੇ ਤਾਏ ਦੇ ਪੁੱਤਾਂ ਦੀ ਸਕੀਰੀ ਸੀ। ਸ਼ਾਇਦ ਉਹਨਾਂ ਦੇ ਸਹੁਰੇ ਪਾਕਿਸਤਾਨੋਂ ਆ ਕੇ ਓਥੇ ਨੇੜੇ ਕਿਸੇ ਪਿੰਡ ਵਿਚ ਵਸੇ ਹੋਏ ਸਨ ਪਰ ਮੈਨੂੰ ਪੂਰਾ ਪਤਾ ਨਹੀਂ। ਭਾਈਆ ਜੀ ਦੇ ਵੱਡੇ ਤੋਂ ਛੋਟੇ ਤਾਇਆ ਜੀ ਮਿਲਟਰੀ ਵਿਚ ਹੌਲਦਾਰ ਸਨ ਤੇ ਉਹਨਾਂ ਨੂੰ ਪਾਕਿਸਤਾਨ ਵਿਚ, ਉਹਨਾਂ ਦੀਆਂ ਚੰਗੀਆਂ ਸੇਵਾਵਾਂ ਕਰਕੇ, ਇਕ ਮੁਰੱਬਾ ਜ਼ਮੀਨ ਮਿਲ਼ੀ ਹੋਈ ਸੀ। ਇਹ ਜ਼ਮੀਨ ਇਤਿਹਾਸਕ ਨਗਰ ਬਾਬਾ ਬਕਾਲਾ ਸਾਹਿਬ ਦੇ ਨੇੜੇ, ਭਲਾਈਪੁਰ ਪਿੰਡ ਵਿਚ ਅਲਾਟ ਹੋਈ ਸੀ ਤੇ ਉਹ ਸਾਰਾ ਪਰਵਾਰ ਏਥੇ ਹੀ ਵੱਸਦੇ ਸਨ ਪਰ ਸ੍ਰੀ ਮੁਕਤਸਰ ਸਾਹਿਬ ਨੇੜੇ ਆਪਣੇ ਰਿਸ਼ਤੇਦਾਰਾਂ ਕੋਲ਼ ਜਾਂਦੇ ਆਉਂਦੇ ਸਨ। ਸ੍ਰੀ ਮੁਕਤਸਰ ਸਾਹਿਬ ਦੀ ਮਾਘੀ ਵਾਲ਼ਾ ਮੇਲਾ ਪੰਜਾਬ ਦੇ ਪ੍ਰਸਿਧ ਮੇਲਿਆਂ ਵਿਚੋਂ ਇਕ ਹੈ। ਇਹ ਚਾਲ਼ੀ ਮੁਕਤਿਆਂ ਦੀ ਯਾਦ ਵਿਚ ਹਰ ਸਾਲ ਮਨਾਇਆ ਜਾਂਦਾ ਹੈ। ਸ਼ਹੀਦ ਤਾਂ ਭਾਵੇਂ ਚਾਲ਼ੀ ਮੁਕਤੇ ਮਈ ਵਿਚ ਹੋਏ ਸਨ ਪਰ ਯਾਦ ਉਹਨਾਂ ਦੀ ਮਾਘੀ ਸਮੇ ਮਨਾਈ ਜਾਂਦੀ ਹੈ। ਸ਼ਾਇਦ ਉਸ ਸਮੇ ਉਸ ਇਲਾਕੇ ਵਿਚ ਪਾਣੀ ਦੀ ਕਿੱਲਤ ਹੋਣ ਕਰਕੇ, ਸਿਆਣਿਆਂ ਨੇ ਅਜਿਹਾ ਫ਼ੈਸਲਾ ਕੀਤਾ ਹੋਵੇ!

੧੯੫੪ ਦੀ ਮਾਘੀ ਦੇ ਮੇਲੇ ਸਮੇ ਭਾਈਆ ਜੀ ਦੇ ਤਾਏ ਦੇ ਪੁੱਤ, ਜੋ ਮੇਰੇ ਚਾਚੇ ਲੱਗੇ, ਮਾਘੀ ’ਤੇ ਸਾਡੇ ਕੋਲ਼ ਆਏ। ਅਜਿਹੇ ਮੇਲਿਆਂ ਸਮੇ ਬਹੁਤ ਸਾਰੇ ਰੰਗ ਤਮਾਸ਼ੇ ਹੋਇਆ ਕਰਦੇ ਸਨ, ਜੋ ਕਿ ਮੇਲਾ ਵੇਖਣ ਆਏ ਪੇਂਡੂ ਦਰਸ਼ਕਾਂ ਦਾ ਮਨੋਰੰਜਨ ਕਰਿਆ ਕਰਦੇ ਸਨ; ਸ਼ਾਇਦ ਅਜੇ ਵੀ ਕਰਦੇ ਹੋਣ! ਓਥੇ ਉਸ ਸਮੇ ਸਰਕਸ ਆਦਿ ਕਈ ਹੋਰ ਤਰ੍ਹਾਂ ਦੇ ਤਮਾਸ਼ਿਆਂ ਨਾਲ਼ ਸ਼ਹੀਦ ਭਗਤ ਸਿੰਘ ਦੀ ਮੂਵੀ ਵੀ ਲੱਗੀ ਸੀ ਜਿਸ ਨੂੰ ਵੇਖਣ ਲਈ ਚਾਚਿਆਂ ਨੇ ਪ੍ਰੋਗਰਾਮ ਬਣਾਇਆ ਤੇ ਮੈਂ ਸੁਣ ਲਿਆ। ਮੈਂ ਜਿਦ ਕੀਤੀ ਕਿ ਮੈਂ ਵੀ ਉਹਨਾਂ ਦੇ ਨਾਲ਼ ‘ਸਿਲਮਾ’ ਵੇਖਣ ਜਾਣਾ ਹੈ। ਉਹਨਾਂ ਨੇ ਮੈਨੂੰ ਲਾਰਾ ਲਾ ਦਿਤਾ ਕਿ ਖੜਾਂਗੇ ਪਰ ਜਾਣ ਸਮੇ ਚੁੱਪ ਚੁਪੀਤੇ ਹੀ ਚਲੇ ਗਏ ਪਰ ਮੇਰੇ ਟਿਕਟ ਦੇ ਲੱਗਣ ਵਾਲ਼ੇ ਪੈਸਿਆਂ ਵਾਸਤੇ ਇਕ ਰੁਪਇਆ ਕਿਸੇ ਨੂੰ ਫੜਾ ਗਏ ਤਾਂ ਕਿ ਮੈਂ ਇਹ ਨਾ ਸਮਝਾਂ ਕਿ ਉਹ ਮੇਰੀ ਟਿਕਟ ਖ਼ਰਚਣ ਤੋਂ ਜਕ ਕੇ ਮੈਨੂੰ ਛੱਡ ਗਏ ਹਨ। ਅਸਲ ਗੱਲ ਇਹ ਸੀ ਕਿ ਉਹ ਮੈਨੂੰ ਨਿੱਕਾ ਸਮਝ ਕੇ ਸਿਨੇਮਾ ਵੇਖਣ ਵਾਸਤੇ, ਆਪਣੇ ਨਾਲ਼ ਨਹੀਂ ਸਨ ਖੜਨਾ ਚਾਹੁੰਦੇ।

ਫਿਰ ਇਹ ਫ਼ਿਲਮ ਮੈਂ ਸ੍ਰੀ ਅੰਮ੍ਰਿਤਸਰ ਦੇ ਲਿਬਰਟੀ ਸਿਨਮੇ ਵਿਚ, ੧੯੫੭ ਵਿਚ ਵੇਖੀ। ਉਸ ਫ਼ਿਲਮ ਵਿਚ ਭਗਤ ਸਿੰਘ ਦਾ ਰੋਲ ਪ੍ਰੇਮ ਅਦੀਬ ਐਕਟਰ ਨੇ ਕੀਤਾ ਸੀ। ਫ਼ਿਲਮ ਬਹੁਤ ਪੁਰਾਣੀ ਹੋਣ ਕਰਕੇ ਘੜੀ ਮੁੜੀ ਟੁੱਟ ਜਾਂਦੀ ਸੀ। ਹੁਣ ਤਾਂ ਸ਼ਹੀਦ ਭਗਤ

ਸਿੰਘ ਬਾਰੇ ਸ਼ਾਇਦ ਕਈ ਫ਼ਿਲਮਾਂ ਬਣ ਚੁੱਕੀਆਂ ਹਨ! ਚਾਟੀਵਿੰਡ ਗੇਟ, ਜਿਥੇ ਬਾਬਾ ਦੀਪ ਸਿੰਘ ਜੀ ਦਾ ਸ਼ਹੀਦ ਗੰਜ ਹੈ। ਤਰਨ ਤਾਰਨ ਸਾਹਿਬ ਨੂੰ ਬੱਸਾਂ ਵੀ ਏਥੇ ਰੁਕ ਕੇ ਜਾਂਦੀਆਂ ਹਨ। ਪਹਿਲਾਂ ਏਥੇ ਸੰਧੂ ਬੱਸ ਦਾ ਅੱਡਾ ਵੀ ਹੁੰਦਾ ਸੀ। ਅਜ ਕਲ੍ਹ ਏਥੇ, ਸ਼ਹਿਰ ਦੇ ਅੰਦਰ ਨੂੰ ਜਾਣ ਵਾਲ਼ੇ ਬਾਜ਼ਾਰ ਦੇ ਸ਼ੁਰੂ ਵਿਚ ਸਵਾਗਤੀ ਗੇਟ ਉਸਾਰਿਆ ਗਿਆ ਹੈ। ਇਸ ਤੋਂ ਅੱਗੇ ਸਕੱਤਰੀ ਬਾਗ਼ ਦੇ ਨਾਲ਼ ਨਾਲ਼, ਭਗਤਾਂ ਵਾਲ਼ੇ ਨਾਂ ਦੇ ਰੇਲਵੇ ਸਟੇਸ਼ਨ ਅਤੇ ਏਸੇ ਨਾਂ ਦੇ ਗੇਟ ਵੱਲ ਸੜਕ ਜਾਂਦੀ ਹੈ। ਇਹ ਸੜਕ ਪੁਰਾਣੇ ਅੰਮ੍ਰਿਤਸਰ ਸ਼ਹਿਰ ਦੇ ਆਲ਼ੇ ਦੁਆਲ਼ੇ ਚੱਲਦੀ ਹੋਈ ਸ਼ਹਿਰ ਨੂੰ ਆਪਣੀ ਲਪੇਟ ਵਿਚ ਲੈਂਦੀ ਹੈ। ਸ਼ਾਇਦ ਇਸ ਦਾ ਨਾਂ ਸਰਕੂਲਰ ਰੋਡ ਹੋਵੇ! ਇਸ ਸੜਕ ਉਪਰ ਉਸ ਸਮੇ, ਪੰਜਾਹਵਿਆਂ ਵਾਲ਼ੇ ਦਹਾਕੇ ਦੌਰਾਨ, ਤਿੰਨ ਸਿਨਮੇ ਹੁੰਦੇ ਸਨ ਜਿਨ੍ਹਾਂ ਨੂੰ ਉਹਨਾਂ ਦਿਨਾਂ ਵਿਚ ਟਾਕੀ ਆਖਿਆ ਜਾਂਦਾ ਸੀ। ਬਾਅਦ ਵਿਚ ਨਿਸ਼ਾਤ ਅਤੇ ਕਿRਸ਼ਨਾ ਟਾਕੀ ਦੇ ਦਰਮਿਆਨ, ਇਕ ਹੋਰ ਰਾਜ ਨਾਮੀ ਟਾਕੀ ਬਣਨ ਨਾਲ ਚਾਰ ਹੋ ਗਈਆਂ ਸਨ। ਸਭ ਤੋਂ ਪਹਿਲੇ ਦਾ ਨਾਂ ਨਿਸ਼ਾਤ ਸੀ ਅਤੇ ਇਸ ਤੋਂ ਥੋਹੜਾ ਹੀ ਅੱਗੇ ਜਾ ਕੇ ਕ੍ਰਿਸ਼ਨਾ ਨਾਂ ਦਾ ਸਿਨਮਾ ਸੀ। ਫਿਰ ਕੁਝ ਹੋਰ ਵਾਹਵਾ ਅੱਗੇ ਜਾ ਕੇ, ਲਿਬਰਟੀ ਸਿਨਮਾ ਹੁੰਦਾ ਸੀ। ਇਹ ਭਗਤਾਂ ਵਾਲ਼ੇ ਦਰਵਾਜ਼ੇ ਅਤੇ ਏਸੇ ਨਾਂ ਦੇ ਸਟੇਸ਼ਨ ਤੋਂ ਨੇੜੇ ਪੈਂਦਾ ਸੀ। ਮੈਂ ਜਦੋਂ ਵੀ ਫ਼ਿਲਮ ਵੇਖਣੀ ਤਾਂ ਇਸ ਸਿਨਮੇ ਵਿਚ ਹੀ ਵੇਖਣੀ। ਕਾਰਨ ਉਸ ਦਾ ਇਹ ਸੀ ਕਿ ਦੂਜੇ ਸਿਨਮਿਆਂ ਵਿਚ ਟਿਕਟ ਮਹਿੰਗੀ ਵੀ ਹੁੰਦੀ ਸੀ ਤੇ ਮੈਂ ਲਾਈਨ ਵਿਚ ਲੱਗ ਕੇ ਖ਼ਰੀਦ ਵੀ ਨਹੀਂ ਸਾਂ ਸਕਦਾ। ਮਾਰ ਧੱਕੇ ਤੇ ਧੱਕਾ ਪੈਂਦਾ ਹੁੰਦਾ ਸੀ ਤੇ ਜਾਨ ਵਾਲ਼ਾ ਹੀ ਜਵਾਨ ਬੰਦਾ ਸਵਾ ਯਾਰਾਂ ਆਨਿਆਂ ਵਾਲ਼ੀ ਟਿਕਟ ਖ਼ਰੀਦ ਸਕਦਾ ਹੁੰਦਾ ਸੀ। ਸਵਾ ਯਾਰਾਂ ਆਨਿਆਂ ਵਾਲ਼ੀ ਟਿਕਟ ਦੇ ਮੁਕਾਬਲੇ ਵਿਚ, ਇਸ ਸਿਨਮੇ ਵਿਚ ਸਵਾ ਪੰਜ ਆਨਿਆਂ ਦੀ ਟਿਕਟ ਵੀ ਹੁੰਦੀ ਸੀ। ਇਸ ਤੋਂ ਵਧ ਕੇ ਬੱਚਿਆਂ ਵਾਸਤੇ ਅੰਦਰ ਵਾਰ ਵੱਖਰੀ ਕਤਾਰ ਲੱਗਦੀ ਹੁੰਦੀ ਸੀ ਜਿਥੇ ਵੱਡੀ ਉਮਰ ਦਾ ਬੰਦਾ ਟਿਕਟ ਨਹੀਂ ਸੀ ਖ਼ਰੀਦ ਸਕਦਾ ਤੇ ਇਹ ਕਤਾਰ ਕੇਵਲ ਬੱਚਿਆਂ ਵਾਸਤੇ ਹੀ ਹੁੰਦੀ ਸੀ। ਓਹੀ ਪੰਜਾਂ ਆਨਿਆਂ ਵਾਲ਼ੀ ਟਿਕਟ ਸਾਨੂੰ ਬੱਚਿਆਂ ਨੂੰ ਤਿੰਨ ਆਨਿਆਂ ਦੀ ਮਿਲ਼ਦੀ ਹੁੰਦੀ ਸੀ। ਤਕਰੀਬਨ ਹਰੇਕ ਸ਼ੁੱਕਰਵਾਰ ਨੂੰ ਪਹਿਲੀ ਫ਼ਿਲਮ ਹਟ ਕੇ ਦੂਜੀ ਲੱਗ ਜਾਂਦੀ ਸੀ ਤੇ ਮੈਂ ਤਕਰੀਬਨ ਓਥੇ ਲੱਗਣ ਵਾਲ਼ੀਆਂ ਸਾਰੀਆਂ ਫ਼ਿਲਮਾਂ ਹੀ ਵੇਖ ਲੈਂਦਾ ਸਾਂ। ਇਉਂ ਇਕ ਹਫ਼ਤੇ ਵਿਚ ਤਿੰਨ ਆਨਿਆਂ ਦਾ ਪ੍ਰਬੰਧ ਕਰਨ ਵਿਚ ਬਹੁਤੀ ਔਖਿਆਈ ਨਹੀਂ ਸੀ ਹੁੰਦੀ। ਫਿਰ ਮੇਰੇ ਪਸੰਦ ਦੀਆਂ ਪੁਰਾਣੀਆਂ ਫ਼ਿਲਮਾਂ ਹੀ ਓਥੇ ਲੱਗਦੀਆਂ ਹੁੰਦੀਆਂ ਸਨ ਜਿਨ੍ਹਾਂ ਵਿਚ ਵਧੇਰੇ ਤਲਵਾਰਬਾਜ਼ੀ, ਜਾਦੂ ਟੂਣਾ, ਹਾਸਾ ਮਖ਼ੌਲ ਆਦਿ ਵਧੇਰੇ ਹੁੰਦਾ ਸੀ ਜਦੋਂ ਕਿ ਦੂਜੀਆਂ ਟਾਕੀਆਂ ਵਿਚ ਨਵੀਆਂ ਫ਼ਿਲਮਾਂ ਲੱਗਿਆ ਕਰਦੀਆਂ ਸਨ। ਉਹਨਾਂ ਵਿਚ ਕਹਾਣੀ ਦੀ ਪ੍ਰਧਾਨਤਾ, ਨਾਚ ਗਾਣੇ, ਪ੍ਰੇਮ ਮੁਹੱਬਤ ਤੇ ਨਵੇਂ ਨਵੇਂ ਮਸ਼ਹੂਰ ਐਕਟਰ ਹੁੰਦੇ ਸਨ ਜੋ ਕਿ ਮੇਰੀ ਪਸੰਦ ਨਹੀਂ

ਸਨ ਹੁੰਦੇ; ਸਭ ਤੋਂ ਵਧ ਚੰਗੀ ਗੱਲ ਤਾਂ ਲਿਬਰਟੀ ਸਿਨਮੇ ਵਿਚ ਇਹ ਹੁੰਦੀ ਸੀ ਕਿ ਸਭ ਤੋਂ ਸਸਤੀ ਤੇ ਬਿਨਾ ਧੱਕਾ ਮੁੱਕੀ ਸਹੇ ਦੇ, ਆਰਾਮ ਨਾਲ਼ ਟਿਕਟ ਮਿਲ਼ ਜਾਂਦੀ ਹੁੰਦੀ ਸੀ।

੧੯੭੦ ਜਾਂ ਇਕ ਦੋ ਸਾਲ ਅੱਗੇ ਪਿੱਛੇ ਦੀ ਗੱਲ ਹੈ। ਮੈਂ ਇਕ ਫ਼ਿਲਮ ਵੇਖੀ ਜਿਸ ਨੂੰ 'ਏ' ਸਰਟੀਫ਼ੀਕੇਟ ਮਿਲ਼ਿਆ ਹੋਇਆ ਸੀ। ਮੈਂ ਆਪਣੇ ਤੋਂ ਸਿਆਣੇ ਮਿੱਤਰ ਨੂੰ ਪੁੱਛਿਆ ਕਿ ਇਹ ਕਿਉਂ ਮਿਲ਼ਿਆ ਹੈ। ਤਾਂ ਉਸ ਦਾ ਜਵਾਬ ਸੀ ਕਿ ਉਸ ਵਿਚ ਇਕ ਸੀਨ ਅੰਦਰ ਹੀਰੋਇਨ ਨੇ ਆਪਣੀ ਲੱਤ ਦੀ ਪਿੰਜਣੀ ਜੋ ਵਿਖਾਈ ਸੀ; ਇਸ ਕਰਕੇ ਮਿਲ਼ਿਆ ਸੀ।

ਅਧੀ ਕੁ ਸਦੀ ਪਹਿਲਾਂ ਕਿਸੇ ਫ਼ਿਲਮੀ ਆਲੋਚਕ ਦੀ ਕੋਈ ਲਿਖਤ ਕਿਸੇ ਪਰਚੇ ਵਿਚੋਂ ਪੜ੍ਹੀ ਸੀ। ਉਸ ਨੇ ਸ਼ਾਂਤਾ ਰਾਮ ਵੱਲੋਂ ਬਣਾਈ ਗਈ ਇਕ ਫ਼ਿਲਮ ਬਾਰੇ ਲਿਖਿਆ ਸੀ ਕਿ ਉਸ ਨੇ ਫ਼ਲਾਣੀ ਫ਼ਿਲਮ ਵਿਚ ਹੀਰੋਇਨ ਦੀ ਧੁੰਨੀ ਵਿਖਾ ਦਿਤੀ ਸੀ ਜਿਸ ਕਰਕੇ ਸ਼ਾਂਤਾ ਰਾਮ ਦੇ ਫ਼ਿਲਮੀ ਕਿਰਦਾਰ ਉਪਰ ਵਾਹਵਾ ਚਰਚਾ ਹੋਈ ਸੀ। ਅੱਜ ਕੇਹੜੀ ਬੀਬੀ ਹੈ ਜੋ ਸਾਹੜੀ ਪਾਉਂਦੀ ਹੋਵੇ ਤੇ ਉਸ ਦੀ ਧੁੰਨੀ ਨਾ ਦਿਸਦੀ ਹੋਵੇ! ਬਲਕਿ ਪਰਵਾਰ ਵਿਚ, ਬਾਜ਼ਾਰ ਵਿਚ ਸਾਂਝੇ ਸਥਾਨ ਉਪਰ, ਪਾਰਟੀਆਂ ਵਿਚ, ਗੱਲ ਕੀ ਹਰੇਕ ਸਮੇ ਹੀ ਸਾਹੜੀ ਪਹਿਨਣ ਸਮੇ, ਇਕੱਲੀ ਧੁੰਨੀ ਦੀ ਬਜਾਇ ਸਾਰਾ ਲੱਕ ਹੀ ਦਿਖਾਈ ਦਿੰਦਾ ਹੁੰਦਾ ਹੈ।

ਜਦੋਂ ਮੈਂ ਆਪਣੇ ਛੋਟੇ ਭਰਾ ਸ. ਸੇਵਾ ਸਿੰਘ ਨੂੰ ਨਾਲ਼ ਲੈ ਕੇ, ੨੯ ਅਪ੍ਰੈਲ ੧੯੭੯ ਨੂੰ ਦਿੱਲੀਉਂ ਹਵਾਈ ਜਹਾਜ਼ ਉਪਰ ਬੈਂਕਾਕ ਜਾ ਕੇ ਉਤਰਿਆ ਤੇ ਦੋ ਹਫ਼ਤਿਆਂ ਬਾਅਦ ਅਸੀਂ ਰੇਲ ਗੱਡੀ ਰਾਹੀਂ ਮਲੇਸ਼ੀਆ ਵਿਚ ਦਾਖ਼ਲ ਹੋਏ। ਘੁੰਮਦੇ ਘੁਮਾਉਂਦੇ ਇਸ ਦੀ ਰਾਜਧਾਨੀ ਕੁਆਲਾਲੰਪਰ ਵਿਚ ਅੱਪੜ ਗਏ। ਓਥੇ ਵਿਚਰਦਿਆਂ ਪਤਾ ਲੱਗਾ ਕਿ ਮੁਸਲਮਾਨਾਂ ਦੇ ਧਾਰਮਿਕ ਆਗੂਆਂ ਨੇ, ਮੁਸਲਮਾਨਾਂ ਉਪਰ ਟੀ.ਵੀ. ਵੇਖਣ 'ਤੇ ਪਾਬੰਦੀ ਲਾਈ ਹੋਈ ਹੈ। ਇਹ ਜਾਣ ਕੇ ਬੜੀ ਹੈਰਾਨੀ ਹੋਈ ਕਿ ਜਾਣਕਾਰੀ ਅਤੇ ਗਿਆਨ ਵਿਚ ਵਾਧਾ ਕਰਨ ਵਾਲ਼ਾ ਇਹ ਅਤੀ ਆਧੁਨਿਕ ਅਜਿਹਾ ਵਸੀਲਾ ਹੈ ਜੇਹੜਾ ਦੁਨੀਆਂ ਦੇ ਕਿਸੇ ਵੀ ਕੋਨੇ ਵਿਚ ਵਾਪਰਨ ਵਾਲ਼ੀ ਘਟਨਾ ਨੂੰ, ਓਸੇ ਸਮੇ ਸਾਨੂੰ ਵਾਪਰਦੀ ਆਪਣੇ ਘਰ ਵਿਚ ਵਿਖਾ ਦਿੰਦਾ ਹੈ। ਸੋਚ ਵਿਚ ਆਈ ਕਿ ਇਹ ਲੋਕ ਕਿੰਨੇ ਪੱਛੜੇ ਹੋਏ ਹਨ ਜੋ ਆਪਣੇ ਭਾਈਚਾਰੇ ਨੂੰ ਤਾਜ਼ੀ ਜਾਣਕਾਰੀ ਪ੍ਰਾਪਤ ਕਰਨ ਤੋਂ ਰੋਕਦੇ ਹਨ! ਪਰ ਜਿਉਂ ਜਿਉਂ ਸਮਾ ਬੀਤਦਾ ਗਿਆ ਇਸ ਖ਼ਿਆਲ ਵਿਚ ਤਬਦੀਲ਼ੀ ਆਈ ਗਈ ਕਿ ਸ਼ਾਇਦ ਉਹਨਾਂ ਨੇ ਟੀ.ਵੀ. ਵੇਖਣ ਉਪਰ ਪਾਬੰਦੀ ਲਾ ਕੇ ਠੀਕ ਹੀ ਕੀਤਾ ਹੋਵੇ! ਅੱਜ ਜਦੋਂ ਕਿ ਇਸ ਮਾਧਿਅਮ ਦਾ ਏਨਾ ਦੁਰਉਪਯੋਗ ਹੋ ਰਿਹਾ ਹੈ ਕਿ ਹਰ ਪੱਖੋਂ ਹੀ ਇਹ ਮਨੁੱਖੀ ਭਾਈਚਾਰੇ ਲਈ ਨੁਕਸਾਨ ਦੇਹ ਸਾਬਤ ਹੋ ਰਿਹਾ ਹੈ। ਸਮੇ ਤੇ ਸੇਹਤ ਦੀ ਹਾਨੀ ਅਤੇ ਪਰਵਾਰਕ ਮੇਲ ਜੋਲ਼ ਵਿਚ ਰੁਕਾਵਟ ਪਾ ਰਿਹਾ ਹੈ; ਤੇ ਜਾਣਕਾਰੀ? ਉਹ ਤਾਂ ਸਗੋਂ ਹੋਰ ਵੀ ਅਗਿਆਨਤਾ

ਵਿਚ ਵਾਧਾ ਕਰਨ ਦਾ ਕਾਰਨ ਬਣਦੀ ਹੈ। ਸੱਚੀ ਗੱਲ ਤਾਂ ਦਰਸ਼ਕਾਂ ਪਾਸ ਪਹੁੰਚਦੀ ਹੀ ਨਹੀਂ ਸਗੋਂ ਤੋੜ ਮਰੋੜ ਕੇ ਮਾਲਕਾਂ ਦੇ ਲਾਭ ਵਾਲ਼ੀ ਗੱਲ ਹੀ ਪਰੋਸੀ ਜਾਂਦੀ ਹੈ।

ਪਰ ਹੁਣ ਤਾਂ, ਇੰਟਰਨੈਟ ਦੇ ਆਉਣ ਨਾਲ਼, ਜੱਗੋਂ ਤੇਹਰਵੀਂ ਹੋ ਗਈ ਹੈ; ਤੇ ਹੋਰ ਵੀ ਹੋਈ ਜਾ ਰਹੀ ਹੈ। ਪਤਾ ਨਹੀਂ ਇਹ ਕਿੱਥੇ ਜਾ ਕੇ ਰੁਕੇਗੀ! ਪੰਜਾਹਵਿਆਂ ਵਾਲ਼ੇ ਦਹਾਕੇ ਵਿਚ ਸਿਨੇਮੇ ਨੂੰ ਕਿੰਨਾ ਅਸ਼ਲੀਲ ਸਮਝਿਆ ਜਾਂਦਾ ਸੀ ਕਿ ਕੋਈ ਭਲਾਮਾਣਸ ਅਖਵਾਉਣ ਵਾਲ਼ਾ ਬੰਦਾ ਖੁਲ੍ਹਮ ਖੁਲ੍ਹਾ ਸਿਨੇਮਾ ਵੇਖਣ ਜਾਣ ਦੀ ਹਿੰਮਤ ਨਹੀਂ ਸੀ ਕਰਦਾ ਤੇ ਬੱਚਿਆਂ ਨੂੰ ਤਾਂ ਵੇਖਣ ਦੇਣ ਜਾਣ ਬਾਰੇ ਸੋਚਿਆ ਹੀ ਨਹੀਂ ਸੀ ਜਾ ਸਕਦਾ। ਇਹਨੀਂ ਦਿਨੀਂ ਸਿਨੇਮੇ ਵਾਲ਼ੀ ਗੱਲ ਜਾਂ ਟੀ.ਵੀ. ਵਾਲ਼ੀਆਂ ਗੱਲਾਂ ਤਾਂ ਬਹੁਤ ਪਿੱਛੇ ਰਹਿ ਗਈਆਂ ਨੇ। ਹੁਣ ਤਾਂ ਇੰਟਰਨੈਟ ਰਾਹੀਂ ਸਾਡੇ ਜੀਵਨ ਵਿਚ ਪ੍ਰਵੇਸ਼ ਕਰ ਚੁੱਕੇ, ਵੀਹਵੀਂ ਸਦੀ ਦੇ 'ਜੰਘ-ਪਲਾਂਘੇ' ਜਿਹੇ : ਫ਼ੇਸਬੁੱਕ, ਈ-ਮੇਲ, ਵਹਟਸਐਪ, ਟਵਿਟਰ ਆਦਿ, ਹਰੇਕ ਬੱਚੇ ਬੁਢੇ ਦੇ ਹੱਥ ਵਿਚਲੇ ਆਈ ਪੈਡ, ਮੋਬਾਇਲ ਚੌਵੀ ਘੰਟੇ ਮੌਜੂਦ ਰਹਿੰਦੇ ਹਨ। ਇਹਨਾਂ ਵਿਚ ਦੁਨੀਆਂ ਭਰ ਵਿਚ ਵਾਪਰਨ ਵਾਲ਼ੀ ਹਰ ਚੰਗੀ ਮੰਦੀ ਘਟਨਾ ਪਲ ਭਰ ਵਿਚ ਵਾਪਰਦੀ ਵੇਖੀ ਜਾ ਸਕਦੀ ਅਤੇ ਵੇਖੀ ਜਾਂਦੀ ਹੈ। ਕੇਹੜਾ ਅਸ਼ਲੀਲ ਤੋਂ ਅਸ਼ਲੀਲ ਵਾਪਰ ਸਕਦਾ ਦ੍ਰਿਸ਼, ਇਹਨਾਂ ਉਪਰ ਅਸੀਂ ਜਾਂ ਸਾਡੇ ਬੱਚੇ ਨਹੀਂ ਵੇਖ ਸਕਦੇ? ਸਾਡੇ ਵੇਖਦੇ ਵੇਖਦੇ ਹੀ, "ਦੇਖੋ, ਜ਼ਮਾਨਾ ਚਾਲ ਕਿਆਮਤ ਕੀ ਚੱਲ ਗਇਆ!"

# ਪਹਿਲੀ ਯਾਤਰਾ ਸ੍ਰੀ ਪਟਨਾ ਸਾਹਿਬ ਜੀ ਦੀ

ਪਾਠਕ ਜੀ,

ਜੋ ਬੇਮਿਸਾਲ, ਬਿਹਾਰ ਦੇ ਮੁਖ ਮੰਤਰੀ ਸ਼੍ਰੀ ਨਿਤੀਸ਼ ਕੁਮਾਰ ਜੀ ਵੱਲੋਂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ੩੫੦ ਸਾਲਾ ਪ੍ਰਕਾਸ਼ ਦਿਵਸ ਸੰਬੰਧੀ, ਬਿਹਾਰ ਦੇ ਸਰਕਾਰੀ ਖ਼ਜ਼ਾਨੇ ਵਿਚੋਂ ਬੇਅੰਤ ਧਨ ਖ਼ਰਚ ਕਰਕੇ, ੨੧ ਸਤੰਬਰ ੨੦੧੬ ਤੋਂ ਲੈ ਕੇ ੭ ਜਨਵਰੀ ੨੦੧੬ ਤੱਕ ਸਮਾਗਮ ਕੀਤੇ ਗਏ ਹਨ, ਉਹਨਾਂ ਦੀਆਂ ਖ਼ਬਰਾਂ ਆਪ ਜੀ ਨੇ ਸੰਸਾਰ ਭਰ ਦੇ ਮੀਡੀਏ ਤੋਂ ਸੁਣ ਅਤੇ ਵੇਖ ਹੀ ਲਈਆਂ ਹਨ। ਮੈਂ ਇਹਨਾਂ ਸਤਰਾਂ ਰਾਹੀਂ ਕੇਵਲ ਏਨਾ ਹੀ ਦੱਸਣਾ ਚਾਹੁੰਦਾ ਹਾਂ ਕਿ ਇਸ ਵਿਸ਼ਾਲ ਸਮਾਗਮ ਦੇ ਜਿੰਨੇ ਹਿੱਸੇ ਵਿਚ ਮੈਂ ਸ਼ਾਮਲ ਹੋਇਆ ਅਤੇ ਜੋ ਕੁਝ ਮੇਰੀਆਂ ਅੱਖਾਂ ਦੇ ਸਾਹਮਣੇ ਵਾਪਰਿਆ, ਉਸ ਦੀ ਇਕ ਛੋਟੀ ਜਿਹੀ ਝਲਕ ਆਪ ਜੀ ਦੀ ਸੇਵਾ ਵਿਚ ਪੇਸ਼ ਕਰ ਸਕਾਂ। ਇਹ ਝਲਕ ਉਹਨਾਂ ਸਾਰੇ ਸਮਾਗਮਾਂ ਵਿਚੋਂ ਚੌਲ਼ਾਂ ਦੀ ਦੇਗ ਵਿਚੋਂ ਕੇਵਲ ਇਕ ਦਾਣਾ ਟੋਹਣ ਸਮਾਨ ਹੀ ਹੈ ਜਿਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਸ਼੍ਰੀ ਨਿਤੀਸ਼ ਕੁਮਾਰ ਜੀ ਦੀ ਧਰਮ ਨਿਰਪੱਖ ਅਤੇ ਸੁਚੱਜੀ ਅਗਵਾਈ ਹੇਠ, ਬਿਹਾਰ ਸਰਕਾਰ ਨੇ, ਇਹਨਾਂ ਸਾਰੇ ਸਮਾਗਮਾਂ ਦੀ ਆਰੰਭਤਾ ਅਤੇ ਸੰਪੂਰਨਤਾ ਕਿਸ ਸ਼ਰਧਾ, ਉਤਸ਼ਾਹ ਅਤੇ ਕਾਬਲੀਅਤ ਨਾਲ਼ ਸਿਰੇ ਚੜ੍ਹਾਈ ਹੈ। ਇਤਿਹਾਸ ਵਿਚ ਇਹ ਇਕ ਅਨੋਖੀ ਘਟਨਾ ਘਟੀ ਹੈ ਜਿਸ ਦੀ ਮਿਸਾਲ ਆਉਣ ਵਾਲ਼ੀਆਂ ਪੀਹੜੀਆਂ ਵੀ ਦਿੰਦੀਆਂ ਰਹਿਣਗੀਆਂ।

ਵਾਰੀ ਵਾਰੀ *ਪੰਜਾਬ ਟਾਈਮਜ਼* ਵਾਲ਼ੇ ਸ. ਹਰਪ੍ਰੀਤ ਸਿੰਘ, *ਪੰਜਾਬੀ ਟ੍ਰਿਬਿਊਨ* ਵਾਲ਼ੇ ਸ. ਗੁਰਚਰਨ ਸਿੰਘ ਕਾਹਲੋਂ ਅਤੇ ਸ. ਹਰਮੋਹਨ ਸਿੰਘ ਵਾਲੀਆ ਜੀ ਦੇ ਫ਼ੋਨ ਆਏ ਕਿ ਕੈਨਬਰਾ ਤੋਂ ਭਾਰਤ ਦੇ ਹਾਈ ਕਮਿਸ਼ਨਰ ਵੱਲੋਂ ਪੁੱਛਿਆ ਗਿਆ ਹੈ ਕਿ ਬਿਹਾਰ ਸਰਕਾਰ ਵੱਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ, ੩੫੦ਵੇਂ ਪ੍ਰਕਾਸ਼ ਉਤਸਵ ਸੰਬੰਧੀ ਰਚਾਏ ਜਾ ਰਹੇ 'ਸਿੱਖ ਕਨਕਲੇਵ' ਵਿਚ ਸ਼ਾਮਲ ਹੋਣ ਵਾਸਤੇ, ਆਸਟ੍ਰੇਲੀਆ ਵਿਚੋਂ ਕਿਸ ਵਿਦਵਾਨ ਦਾ ਨਾਂ ਭੇਜਿਆ ਜਾਵੇ! ਉਸ ਸਮਾਗਮ ਦੀਆਂ ਤਿਆਰੀਆਂ ਵਾਸਤੇ, ਸਾਰੇ ਸੰਸਾਰ ਤੋਂ ਸਿੱਖ ਵਿਦਵਾਨਾਂ ਨੂੰ ਸ਼ਾਮਲ ਹੋਣ ਵਾਸਤੇ ਸੱਦਿਆ ਜਾ ਰਿਹਾ ਹੈ। ਉਹਨਾਂ ਤਿੰਨਾਂ ਸੱਜਣਾਂ ਨੇ ਮੇਰਾ ਨਾਂ ਸੁਝਾਇਆ ਹੈ।

ਓਥੇ ਪਹੁੰਚੇ ਪੰਜਾਬੀ ਯੂਨੀਵਰਸਿਟੀ ਦੇ ਵਿਦਵਾਨਾਂ ਨਾਲ਼ ਸੰਪਰਕ ਹੋਇਆ ਤਾਂ ਉਹਨਾਂ ਨੇ ਦੱਸਿਆ ਕਿ ਉਹਨਾਂ ਵੱਲੋਂ ਮੇਰਾ ਨਾਂ ਸੁਝਾਇਆ ਗਿਆ ਸੀ। ਫਿਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੱਜਣਾਂ ਨੇ ਦੱਸਿਆ ਕਿ ਉਹਨਾਂ ਵੱਲੋਂ ਦਿਤੀ ਗਈ ਲਿਸਟ ਅਨੁਸਾਰ ਹੀ ਵਿਦਵਾਨ ਬੁਲਾਏ ਗਏ ਸਨ ਤੇ ਮੇਰਾ ਨਾਂ ਵੀ ਉਸ ਲਿਸਟ ਵਿਚ ਸ਼ਾਮਲ ਸੀ।

ਮੈਂ ਸੋਚਦਾ ਸੀ ਕਿ ਉਹਨੀਂ ਦਿਨੀਂ ਏਥੇ ਭਾਰਤ ਦੇ ਹਾਈ ਕਮਿਸ਼ਨਰ, ਪ੍ਰਸਿਧ ਪੰਜਾਬੀ ਸਾਹਿਤਕਾਰ, ਸ. ਨਾਨਕ ਸਿੰਘ ਜੀ ਦੇ ਪੋਤਰੇ ਸ. ਨਵਦੀਪ ਸਿੰਘ ਸੂਰੀ ਸਨ। ਪਿਛਲੇਰੀ ਮੇਰੀ ਅੰਮ੍ਰਿਤਸਰ ਦੀ ਯਾਤਰਾ ਦੌਰਾਨ, ਨਾਰੀ ਚੇਤਨਾ ਮੰਚ ਅੰਮ੍ਰਿਤਸਰ ਵੱਲੋਂ, ਅੰਮ੍ਰਿਤਸਰ ਦੀਆਂ ਵਿਦਵਾਨ ਅਤੇ ਸੁਘੜ ਬੀਬੀਆਂ ਦਾ ਇਕੱਠ ਕਰ ਕੇ, ਮੇਰੇ ਨਾਲ਼ ਰੂ-ਬ-ਰੂ ਕੀਤਾ ਗਿਆ ਸੀ। ਉਸ ਮੰਚ ਦੀ ਮੁਖੀਆ ਬੀਬੀ ਅਤਰਜੀਤ ਕੌਰ ਜੀ ਨਾਲ਼ ਗੱਲ ਬਾਤ ਦੌਰਾਨ ਪਤਾ ਲੱਗਾ ਕਿ ਉਹ ਸ. ਨਾਨਕ ਸਿੰਘ ਜੀ ਦੀ ਨੂੰਹ ਹਨ। ਮੈਂ ਕਿਹਾ ਕਿ ਸ. ਨਾਨਕ ਸਿੰਘ ਜੀ ਦੇ ਪੋਤਰੇ ਸਾਡੇ ਦੇਸ਼ ਵਿਚ ਹਾਈ ਕਮਿਸ਼ਨਰ ਹਨ ਤਾਂ ਉਹਨਾਂ ਨੇ ਦੱਸਿਆ ਕਿ ਉਹ ਉਹਨਾਂ ਦਾ ਹੀ ਪੁੱਤਰ ਹੈ। ਮੈਂ ਸੋਚਿਆ ਕਿ ਸ਼ਾਇਦ ਉਸ ਬੀਬੀ ਜੀ ਵੱਲੋਂ ਆਪਣੇ ਪੁੱਤਰ ਨੂੰ ਮੇਰੀ ਦੱਸ ਪਾਈ ਗਈ ਹੋਵੇ ਤੇ ਉਹਨਾਂ ਨੇ ਬਿਹਾਰ ਸਰਕਾਰ ਨੂੰ ਮੇਰਾ ਨਾਂ ਭੇਜ ਦਿਤਾ ਹੋਵੇ!

ਕਿਸੇ ਵੀ ਤਰ੍ਹਾਂ ਹੋਇਆ ਤੇ ਜਿਸ ਕਿਸੇ ਵੀ ਸੰਸਥਾ ਜਾਂ ਸੱਜਣ ਨੇ ਇਸ ਮਹਾਨ ਸਮਾਗਮ ਵਿਚ ਸ਼ਾਮਲ ਹੋਣ ਵਾਸਤੇ ਮੇਰੇ ਨਾਂ ਦੀ ਪ੍ਰਬੰਧਕਾਂ ਨੂੰ ਦੱਸ ਪਾਈ, ਉਹਨਾਂ ਸਾਰਿਆਂ ਦਾ ਤਹਿ ਦਿਲੋਂ ਧੰਨਵਾਦ। ਇਸ ਤੋਂ ਇਹ ਤਾਂ ਪਤਾ ਲੱਗ ਗਿਆ ਕਿ ਏਨੇ ਲੋਕ ਅਤੇ ਸੁਪ੍ਰੀਮ ਸੰਸਥਾਵਾਂ ਵੱਲੋਂ ਮੈਨੂੰ ਅਜਿਹੇ ਸਮਾਗਮ ਵਿਚ ਹਿੱਸਾ ਲੈਣ ਦੇ ਯੋਗ ਸਮਝਿਆ ਗਿਆ।

ਵਾਹਵਾ ਸਮਾ ਬੀਤ ਗਿਆ। ਗੱਲ ਆਈ ਗਈ ਹੋ ਗਈ। ਸੋਚ ਵੀ ਸੀ, "ਆਹ ਮੂੰਹ ਤੇ ਮਸਰਾਂ ਦੀ ਦਾਲ਼?" ਮੇਰੇ ਵਰਗੇ 'ਚੱਕੀਰਾਹ' ਦੀ ਅਜਿਹੇ ਮਹੱਤਵਪੂਰਨ ਮੇਲੇ ਵਿਚ ਕੀ ਵੱਟੀ ਜਾਵੇਗੀ! ਇਸ ਲਈ ਇਸ ਆਸ ਨੂੰ 'ਹੁੜਕ' ਸਮਝ ਕੇ ਭੁਲਾ ਛੱਡਣ ਵਿਚ ਹੀ ਭਲਾ ਜਾਣਿਆਂ। ਇਸ ਗੱਲ ਬਾਤ ਹੋਈ ਨੂੰ ਵਾਹਵਾ ਦਿਨ ਲੰਘ ਗਏ ਤਾਂ ਇਕ ਦਿਨ, ਬ੍ਰਿਜ਼ਬਿਨ ਦੇ ਵਾਸੀ ਸ. ਗੁਰਜੀਤ ਸਿੰਘ ਬੈਂਸ ਦਾ ਫ਼ੋਨ ਆਇਆ ਕਿ ਬਿਹਾਰ ਸਰਕਾਰ ਦੇ ਮਹਿਕਮਾ ਸੈਰ ਸਪਾਟਾ ਦੀ ਪ੍ਰਿੰਸੀਪਲ ਸੈਕਟਰੀ, ਬੀਬੀ ਹਰਜੋਤ ਕੌਰ ਆਈ.ਏ.ਐਸ. ਜੀ, ਮੇਰਾ ਸਿਰਨਾਵਾਂ ਲਭ ਰਹੇ ਨੇ ਤਾਂ ਕਿ ਮੈਨੂੰ ਉਸ ਮਹਾਨ ਸਮਾਗਮ ਵਿਚ ਭਾਗ ਲੈਣ ਲਈ, ਬਿਹਾਰ ਸਰਕਾਰ ਵੱਲੋਂ ਸੱਦਾ-ਪੱਤਰ ਭੇਜਿਆ ਜਾ ਸਕੇ ਪਰ ਉਹਨਾਂ ਨੂੰ ਲਭ ਨਹੀਂ ਰਿਹਾ। ਇਹ ਸੁਘੜ ਅਤੇ ਉਤਸ਼ਾਹੀ ਬੀਬਾ ਜੀ, ਬਿਹਾਰ ਸਰਕਾਰ ਦੇ ਮਹਿਕਮਾ, ਸੈਰ ਸਪਾਟਾ ਵਿਚ ਪ੍ਰਿੰਸੀਪਲ ਸੈਕਟਰੀ ਹੋਣ ਦੇ ਨਾਲ਼ ਨਾਲ਼, ਇਸ ਸਾਰੇ ਸਮਾਗਮ ਦੇ ਪ੍ਰਬੰਧਾਂ ਦੇ ਮੁਖੀ ਵਜੋਂ, ਡਾਇਰੈਕਟਰ ਦੇ ਰੂਪ ਵਿਚ ਸਾਰੇ ਸਮਾਗਮਾਂ ਨੂੰ ਨੇਪਰੇ ਚਾੜ੍ਹਨ ਦਾ ਕਾਰਜ ਕਰ ਰਹੇ ਸਨ। ਬੈਂਸ ਸਾਹਿਬ ਨੇ ਉਹਨਾਂ ਨੂੰ ਮੇਰਾ ਪਤਾ ਤੇ ਉਹਨਾਂ ਦਾ ਮੈਨੂੰ ਦੇ ਦਿਤਾ। ਉਹਨਾਂ ਵੱਲੋਂ ਬੜੇ ਸਨਮਾਨ ਪੂਰਤ ਸ਼ਬਦਾਂ ਵਿਚ ਲਿਖੇ ਗਏ ਸੱਦਾ-ਪੱਤਰ ਵਿਚ, ੨੨ ਤੋਂ ੨੪ ਸਤੰਬਰ ਤੱਕ ਦੇ ਸਮਾਗਮਾਂ ਵਿਚ ਭਾਗ ਲੈਣ ਵਾਸਤੇ ਮੈਨੂੰ ਸੱਦਿਆ ਗਿਆ ਤੇ ਨਾਲ਼ ਹੀ ਗੁਰੂ ਸਾਹਿਬਾਨ ਬਾਰੇ ਸਰੋਤਿਆਂ ਨਾਲ਼ ਕੁਝ ਸ਼ਬਦੀ ਸਾਂਝ ਪਾਉਣ ਲਈ ਵੀ ਆਖਿਆ ਗਿਆ।

ਇਹ ਵੀ ਜਾਣਕਾਰੀ ਮੰਗੀ ਗਈ ਕਿ ਮੈਂ ਕਿਸ ਸਮੇ ਤੇ ਕਿਸ ਦਿਨ ਆਵਾਂਗਾ ਤੇ ਕਿਸ ਵਿਸ਼ੇ ਬਾਰੇ ਬੋਲਾਂਗਾ! ਇਸ ਦੇ ਜਵਾਬ ਵਿਚ ਮੈਂ ਉਹਨਾਂ ਨੂੰ ਜਾਣਕਾਰੀ ਭੇਜ ਦਿਤੀ ਤੇ ਫਿਰ ਭੁੱਲ ਗਿਆ ਕਿ ਉਹਨਾਂ ਦੇ ਜਵਾਬ ਵਿਚ ਮੈਂ ਇਹ ਜਾਣਕਾਰੀ ਲਿਖ ਦਿਤੀ ਸੀ।

ਮੈਂ ਇਤਿਹਾਦ ਏਅਰ ਲਾਈਨ ਦੇ ਜਹਾਜ਼ ਉਪਰ ਸਵਾਰ ਹੋ ਕੇ, ਸਿਡਨੀ ਤੋਂ ੧੮ ਸਤੰਬਰ ਨੂੰ ਚੱਲ ਕੇ ਆਬੂਧਾਬੀ ਰਾਹੀਂ, ੧੯ ਨੂੰ ਦਿੱਲੀ ਤੇ ਦਿੱਲੀਉਂ ਪਟਨੇ ਵਾਲ਼ੇ ਜਹਾਜ਼ ’ਤੇ ਜਾ ਬੈਠਾ। ਮੇਰੇ ਨਾਲ਼ ਦੀ ਸੀਟ ਉਪਰ ਇਕ ਚੰਗੀ ਸ਼ਖ਼ਸੀਅਤ ਵਾਲ਼ਾ ਬਿਹਾਰੀ ਸੱਜਣ ਬੈਠਾ ਹੋਇਆ ਸੀ। ਚੱਲਦੀ ਵਾਰਤਾ ਵਿਚ ਉਸ ਨੇ ਪੁੱਛਿਆ ਕਿ ਕੀ ਅੱਗੋਂ ਮੈਨੂੰ ਕੋਈ ਲੈਣ ਲਈ ਆ ਰਿਹਾ ਹੈ! ਫਿਰ ਮੈਨੂੰ ਖ਼ਿਆਲ ਆਇਆ ਕਿ ਇਹ ਸਮੱਸਿਆ ਵੀ ਆ ਸਕਦੀ ਹੈ! ਇਸ ਪਿੱਛੋਂ ਮੈਂ ਸੋਚਿਆ ਕਿ ਪਹਿਲਾਂ ਪਟਨਾ ਸਾਹਿਬ ਗੁਰਦੁਆਰੇ ਵਿਚ ਚਲਿਆ ਜਾਵਾਂਗਾ ਤੇ ਓਥੋਂ ਫਿਰ ਪਤਾ ਕਰ ਕੇ, ੨੨ ਸਤੰਬਰ ਤੋਂ ਪਹਿਲਾਂ ਪਹਿਲਾਂ ਹਰਜੋਤ ਕੌਰ ਜੀ ਨਾਲ਼ ਸੰਪਰਕ ਕਰ ਕੇ, ਜਿਥੇ ਆਖਣਗੇ ਓਥੇ ਪਹੁੰਚ ਜਾਵਾਂਗਾ।

ਪਟਨਾ ਹਵਾਈ ਅੱਡੇ ਉਪਰ ਉਤਰ ਕੇ, ਬਿਨਾ ਆਲ਼ੇ ਦੁਆਲ਼ੇ ਵੇਖਣ ਦੇ, ਸਾਮਾਨ ਵਾਲ਼ੀ ਬੈਲ਼ਟ ਵੱਲ ਸਿਧਾ ਹੀ ਚਲਿਆ ਗਿਆ। ਜਹਾਜ਼ ਵਾਲ਼ਾ ਸਾਥੀ ਸੱਜਣ ਹਿੰਦੀ ਵਿਚ ਬੋਲਿਆ, “ਸਰਦਾਰ ਜੀ, ਆਹ ਤੁਹਾਨੂੰ ਰਸੀਵ ਕਰਨ ਲਈ ਖੜ੍ਹੇ ਨੇ।” ਅਟੈਚੀ ਲੈ ਕੇ ਜਦੋਂ ਮੈਂ ਓਧਰ ਵਧਿਆ ਤਾਂ ਬਿਹਾਰ ਸਰਕਾਰ ਦੇ ਤਿੰਨ ਕਰਮਚਾਰੀ ਖਲੋਤੇ ਦਿਸੇ। ਦੋਹਾਂ ਦੇ ਹੱਥਾਂ ਵਿਚ ਗੁਲਦਸਤੇ ਅਤੇ ਇਕ ਡਰਾਈਵਰ ਬਿਨਾ ਗੁਲਦਸਤੇ ਤੋਂ। ਗੁਲਦਸਤੇ ਮੈਨੂੰ ਫੜਾ ਕੇ ਕੁਝ ਸਵਾਗਤੀ ਸ਼ਬਦ ਬੋਲ਼ ਕੇ ਮੈਨੂੰ ਬਾਹਰ ਲੈ ਆਏ। ਓਥੇ ਕਾਰ ਲਾਗੇ ਇਕ ਉਚੇਰਾ ਅਫ਼ਸਰ ਹੋਰ ਗੁਲਦਸਤਾ ਲੈ ਕੇ ਖਲੋਤਾ ਸੀ। ਉਸ ਨੇ ਗੁਲਦਸਤਾ ਮੈਨੂੰ ਫੜਾ ਕੇ ਕਾਰ ਦਾ ਦਰਵਾਜ਼ਾ ਖੋਹਲ ਦਿਤਾ ਤੇ ਮੈਂ ਕਾਰ ਵਿਚ ਬੈਠ ਗਿਆ। ਉਹ ਤਿੰਨੇ ਸਰਕਾਰੀ ਅਧਿਕਾਰੀ ਇਕ ਹੋਰ ਕਾਰ ਵਿਚ ਬੈਠ ਗਏ। ਡਰਾਈਵਰ ਮੈਨੂੰ ਮੌਰੀਆ ਹੋਟਲ ਵਿਚ ਲੈ ਆਇਆ। ਓਥੇ ਇਕ ਸਾਹੜੀਧਾਰੀ ਬੀਬੀ ਗੁਲਦਸਤਾ ਲਈ ਖਲੋਤੀ ਸੀ। “ਜੀ ਆਇਆਂ ਨੂੰ” ਆਖ ਕੇ ਤੇ ਗੁਲਦਸਤਾ ਮੈਨੂੰ ਫੜਾ ਕੇ, ਉਸ ਨੇ ਹੋਟਲ ਦੇ ਕਰਮਚਾਰੀਆਂ ਨੂੰ ਹਿਦਾਇਤ ਕਰ ਦਿਤੀ ਕਿ ਸਰਦਾਰ ਜੀ ਦਾ ਸਾਮਾਨ ੪੦੬ ਨੰਬਰ ਕਮਰੇ ਵਿਚ ਲੈ ਜਾਓ। ਮਤਲਬ ਕਿ ਚੌਥੀ ਮੰਜ਼ਲ ਉਪਰ ੬ ਨੰਬਰ ਵਾਲ਼ਾ ਕਮਰਾ।

ਜਾਂ ਮੈਂ ਕਮਰੇ ਵਿਚ ਪ੍ਰਵੇਸ਼ ਕੀਤਾ ਤਾਂ ਵੇਖ ਕੇ ਹੈਰਾਨ ਰਹਿ ਗਿਆ ਕਿ ਕੇਹੜੀ ਲੋੜੀਂਦੀ ਚੀਜ਼ ਸੀ ਜੇਹੜੀ ਕਿ ਓਥੇ ਮੌਜੂਦ ਨਹੀਂ ਸੀ! ਇਕ ਇਕ ਵਸਤੂ ਦਾ ਜੇ ਵੇਰਵਾ ਵਰਨਿਆ ਜਾਵੇ ਤਾਂ ਇਸ ਉਪਰ ਸਮਾ ਵੀ ਲੱਗੇਗਾ ਤੇ ਸ਼ਾਇਦ ਉਹ ਬੇਲੋੜਾ ਵੀ ਲੱਗੇ। ਚਾਹ ਬਣਾਉਣ ਦਾ ਸਾਮਾਨ ਤੇ ਨਾਲ਼ ਛਕਣ ਵਾਸਤੇ ਹਰੇਕ ਪ੍ਰਕਾਰ ਦਾ ਨਿਕ ਸੁਕ ਕਮਰੇ ਵਿਚ ਮੌਜੂਦ ਸੀ। ਇਹ ਵੀ ਦੱਸਿਆ ਗਿਆ ਕਿ ਚਾਹ ਏਥੇ ਵੀ ਬਣਾਈ ਜਾ ਸਕਦੀ ਹੈ ਤੇ ਥੱਲਿਉਂ ਰੈਸਟੋਰੈਂਟ ਤੋਂ ਵੀ ਕਮਰੇ ਵਿਚ ਮੰਗਵਾਈ ਜਾ ਸਕਦੀ ਹੈ ਤੇ ਓਥੇ ਜਾ ਕੇ ਵੀ ਪੀਤੀ

ਜਾ ਸਕਦੀ ਹੈ। ਲੰਚ ਤੇ ਡਿਨਰ ਚਾਹੋ ਤਾਂ ਕਮਰੇ ਵਿਚ ਮੰਗਵਾ ਲਵੋ ਤੇ ਚਾਹੋ ਤਾਂ ਓਥੇ ਜਾ ਕੇ ਖਾ ਲਵੋ। ਲੰਚ ਡਿਨਰ ਵਾਸਤੇ ਮੈਂ ਦੂਜਾ ਵਿਕਲਪ ਹੀ ਚੁਣਿਆਂ।

ਮੈਂ ਸਭ ਤੋਂ ਪਹਿਲਾਂ ਜਾਣ ਵਾਲ਼ਾ ਹੋਣ ਕਰਕੇ ਤੇ ਏਨੀ ਅਣਕਿਆਸੀ ਆਉ ਭਗਤ ਮਿਲ਼ੀ ਹੋਣ ਕਰਕੇ, ਦੋ ਕੁ ਦਿਨ ਤਾਂ ਉਦਾਸ ਜਿਹਾ ਹੀ ਰਿਹਾ। ਫਿਰ ਹੌਲ਼ੀ ਹੌਲ਼ੀ ਦੂਜੇ ਮੁਲਕਾਂ ਤੋਂ ਸੱਜਣ ਆਉਣ ਲੱਗ ਪਏ ਤੇ ਉਹਨਾਂ ਨਾਲ਼ ਗੱਪ ਸ਼ਪ ਮਾਰਨ ਨਾਲ਼ ਕੁਝ ਧਰਵਾਸ ਜਿਹਾ ਮਹਿਸੂਸ ਹੋਣ ਲੱਗ ਪਿਆ।

ਗਰਾਊਂਡ ਫ਼ਲੋਰ ਤੇ ਵਿਸ਼ਾਲ ਰੈਸਟੋਰੈਂਟ ਵਿਚ ਕਈ ਪ੍ਰਕਾਰ ਦਾ ਭੋਜਨ ਮੌਜੂਦ ਹੁੰਦਾ ਸੀ ਜੋ ਖ਼ੁਦ ਵੀ ਪਲੇਟਾਂ ਵਿਚ ਪਾਇਆ ਜਾ ਸਕਦਾ ਸੀ ਤੇ ਟੇਬਲ ਉਪਰ ਵੀ ਸਰਵ ਕੀਤਾ ਜਾਂਦਾ ਸੀ। ਮੈਨੂੰ ਜਦੋਂ ਬਟਲਰ (ਸੀਨੀਅਰ ਮੋਸਟ ਸਰਵਿਸ ਕਰਨ ਵਾਲ਼ਾ) ਨੇ ਕੀ ਖਾਵਾਂਗਾ ਬਾਰੇ ਪੁੱਛਿਆ ਤਾਂ ਮੈਂ ਇਕ ਰੋਟੀ ਤੇ ਦਾਲ਼ ਦੀ ਮੰਗ ਕੀਤੀ। ਨੌਂ ਦਿਨ ਮੈਂ ਓਥੇ ਰਿਹਾ ਤੇ ਨੌਂਵਾਂ ਦਿਨਾਂ ਵਿਚ ਪਹਿਲਾਂ ਦਾਲ਼ ਤੇ ਇਕ ਰੋਟੀ ਖਾਂਦਾ ਰਿਹਾ ਤੇ ਫਿਰ ਜਦੋਂ ਪਤਾ ਲੱਗਾ ਕਿ ਸੂਪ ਵੀ ਮਿਲ਼ਦਾ ਹੈ ਤਾਂ ਫਿਰ ਦਾਲ਼ ਦੀ ਥਾਂ ਸੂਪ ਦੇ ਪਿਆਲੇ ਵਿਚ ਭੇਂ ਭੇਂ ਕੇ ਇਕ ਰੋਟੀ ਖਾ ਲੈਣੀ। ਉਹ ਭਲਾ ਪੁਰਸ਼ ਹੈਰਾਨੀ ਨਾਲ਼ ਬਾਕੀ ਸਟਾਫ਼ ਨੂੰ ਤੇ ਹੋਰਨਾਂ ਗੈਸਟਾਂ ਨੂੰ ਇਹ ਹੈਰਾਨੀ ਭਰੀ ਖ਼ਬਰ ਹਰ ਰੋਜ਼ ਦਿੰਦਾ ਰਿਹਾ, "ਇਹ ਸਰਦਾਰ ਜੀ ਸਿਰਫ਼ ਦਾਲ਼ ਨਾਲ਼ ਇਕ ਰੋਟੀ ਖਾਂਦੇ ਹਨ, ਉਹ ਵੀ ਦਿਹਾੜੀ ਵਿਚ ਇਕ ਵਾਰ!" ਇਹ ਸੁਣ ਕੇ ਕਿਸੇ ਨੇ ਹੈਰਾਨ ਹੋਣਾ ਤੇ ਕਿਸੇ ਨੇ ਨਜ਼ਰਅੰਦਾਜ਼ ਕਰ ਛੱਡਣਾ।

ਨੌਂ ਦਿਨ ਓਥੇ ਰਿਹਾ ਤੇ ਸਾਰੇ ਦਿਨ ਹੀ ਸਵੇਰੇ ੬ ਵਜੇ ਡਰਾਈਵਰ ਨੇ ਕਾਰ ਲੈ ਆਉਣੀ ਤੇ ਬਿਹਾਰ ਵਿਚ ਕਿਸੇ ਵੀ ਥਾਂ ਜਾਣਾ ਹੋਵੇ, ਉਸ ਨੇ ਲੈ ਜਾਣਾ। ਰਾਤ ਨੂੰ ਅੱਠ ਨੌਂ ਵਜੇ ਦੱਸ ਕੇ ਜਾਣਾ। ਜਾਣਾ ਮੈਂ ਕਿਥੇ ਸੀ, ਹਰ ਰੋਜ਼ ਵੱਡਾ ਗੁਰਦੁਆਰਾ ਸਾਹਿਬ ਮੱਥਾ ਟੇਕਣ ਚਲੇ ਜਾਣਾ ਤੇ ਇਕ ਇਕ ਵਾਰ ਕੁਝ ਹੋਰ ਗੁਰਦੁਆਰਿਆਂ ਦੀ ਯਾਤਰਾ ਕੀਤੀ। ਨਾਲੰਦਾ ਯੂਨੀਵਰਸਿਟੀ ਦੇ ਖੰਡਰਾਤ, ਕੁਝ ਹੋਰ ਬੁੱਧ ਧਰਮ ਤੇ ਸਿੱਖ ਧਰਮ ਨਾਲ਼ ਸੰਬੰਧਤ ਸਥਾਨਾਂ ਦੀ ਯਾਤਰਾ ਕੀਤੀ। ਪਟਨੇ ਸ਼ਹਿਰ ਤੋਂ ਬਾਹਰਵਾਰ ਉਹ ਖੂਹ ਵੀ ਵੇਖਿਆ ਜਿਸ ਦਾ ਨਾਂ 'ਅਗਮ ਕੂਆਂ' ਹੈ ਤੇ ਗਾਈਡ ਨੇ ਦੱਸਿਆ ਕਿ ਇਸ ਖੂਹ ਦਾ ਥੱਲਾ ਨਹੀਂ ਲਭਦਾ। ਇਸ ਖੂਹ ਵਿਚ ਮਹਾਨ ਅਸ਼ੋਕ ਨੇ ਆਪਣਾ ਆਖ਼ਰੀ ਤੇ ਨੜ੍ਹਿਨਵਾਂ ਭਰਾ ਵੱਢ ਕੇ ਸੁੱਟਿਆ ਸੀ ਤੇ ਫਿਰ ਮਗਧ ਦੀ ਰਾਜ ਗੱਦੀ ਉਪਰ ਬੈਠਾ ਸੀ। ਇਉਂ ਕੁਝ ਸਮਾ ਸਿੱਖ ਧਰਮ ਤੇ ਬੁੱਧ ਧਰਮ ਅਤੇ ਪੁਰਾਤਨ ਵਿਦਿਅਕ ਸਥਾਨਾਂ ਦੀ ਯਾਤਰਾ ਵਿਚ ਬੀਤਿਆ।

੨੧ ਸਤੰਬਰ ਨੂੰ ਬਿਹਾਰ ਦੇ ਮੁਖ ਮੰਤਰੀ ਸ਼੍ਰੀ ਨਿਤੀਸ਼ ਕੁਮਾਰ ਜੀ ਨੇ, ਮੌਰੀਆ ਹੋਟਲ ਦੇ ਗਰਾਊਂਡ ਫ਼ਲੋਰ ਉਪਰ ਮੀਡੀਆ ਕਾਨਫ਼੍ਰੰਸ ਬੁਲਾਈ। ਉਸ ਸਟੇਜ ਉਪਰ ਬਿਹਾਰ ਦੇ ਤਤਕਾਲੀ ਰਾਜਪਾਲ ਅਤੇ ਮੌਜੂਦਾ ਰਾਸ਼ਟਰਪਤੀ ਰਾਮਨਾਥ ਕੋਵਿੰਦ ਜੀ ਵੀ ਬਿਰਾਜਮਾਨ ਸਨ। ਪ੍ਰੋਫ਼ੈਸ਼ਨਲ ਪੱਤਰਕਾਰਾਂ ਨੇ ਮੁਖ ਮੰਤਰੀ ਉਪਰ ਕਈ ਤਿੱਖੇ ਤਿੱਖੇ ਸਵਾਲ ਕੀਤੇ ਅਤੇ

ਉਹਨਾਂ ਨੇ ਬੜੇ ਸਹਿਜ ਨਾਲ਼ ਪੱਤਰਕਾਰਾਂ ਨੂੰ ਜਵਾਬ ਦਿਤੇ। ਜਦੋਂ ਮੇਰੀ ਵਾਰੀ ਆਈ ਤਾਂ ਮੈਂ ਆਪਣੀ ਜਾਣਕਾਰੀ ਦੇਣ ਪਿੱਛੋਂ ਏਨਾ ਹੀ ਆਖਿਆ ਕਿ ਮੈਂ ਸਵਾਲ ਕੋਈ ਨਹੀਂ ਕਰਨਾ। ਸਿਰਫ਼ ਤੁਹਾਨੂੰ ਸ਼ਾਵਾਸ਼ੇ ਹੀ ਦੇਣੀ ਹੈ ਇਸ ਬਹੁਤ ਹੀ ਚੰਗੇ ਉਦਮ ਦੀ ਤੇ ਆਸਟ੍ਰੇਲੀਆ ਵਾਪਸ ਜਾ ਕੇ ਮੈਂ ਓਥੋਂ ਦੇ ਮੀਡੀਆ ਰਾਹੀਂ, ਦੂਸਰੇ ਲੋਕਾਂ ਤੱਕ ਵੀ ਇਸ ਚੰਗੇ ਉਦਮ ਬਾਰੇ ਜਾਣਕਾਰੀ ਪੁੱਜਦੀ ਕਰਾਂਗਾ। ਕਾਨਫ੍ਰੰਸ ਦੇ ਅੰਤ ਉਪਰ ਮੈਂ ਵੀ ਬਣੀ ਸਟੇਜ ਉਪਰ ਚੜ੍ਹ ਗਿਆ ਤੇ ਜਦੋਂ ਮੈਂ ਸ਼੍ਰੀ ਨਿਤੀਸ਼ ਕੁਮਾਰ ਵੱਲ ਹੱਥ ਵਧਾਇਆ ਤਾਂ ਉਹਨਾਂ ਨੇ ਮੈਨੂੰ ਜੱਫੀ ਵਿਚ ਲੈ ਲਿਆ। ਇਸ ਜੱਫੀ ਦੌਰਾਨ ਹੀ ਮੈਂ ਉਹਨਾਂ ਦੇ ਕੰਨ ਕੋਲ਼ ਮੂੰਹ ਲਿਜਾ ਕੇ ਕਿਹਾ, "ਵਾਪਸ ਜਾ ਕਰ ਬੜੇ ਗੌਰਵ ਸੇ ਅਪਨੇ ਬੱਚੋਂ ਕੋ ਬਤਾਊਂਗਾ ਕਿ ਮੈਂ ਭ੍ਹਾਰਤ ਕੇ ਭ੍ਹਾਵੀ ਪ੍ਰਧਾਨ ਮੰਤਰੀ ਸੇ ਮਿਲ ਕਰ ਆਇਆ ਹੂੰ।" ਅੰਦਰੋਂ ਤਾਂ ਨਿਤਿਸ਼ ਜੀ ਨੇ ਖ਼ੁਸ਼ ਹੀ ਹੋਣਾ ਸੀ ਪਰ ਉਪਰੋਂ ਬੁਲ੍ਹਾਂ ਉਪਰ ਉਂਗਲ਼ ਰੱਖ ਕੇ ਮੈਨੂੰ ਚੁੱਪ ਰਹਿਣ ਦਾ ਇਸ਼ਾਰਾ ਕਰ ਦਿਤਾ।

ਅਗਲੇ ਦਿਨ ੨੨ ਸਤੰਬਰ ਨੂੰ, ਖਚਾ ਖਚ ਭਰੇ ਵਿਸ਼ਾਲ ਹਾਲ ਵਿਚ 'ਸਿੱਖ ਕਨਕਲੇਵ' ਦਾ ਉਦਘਾਟਨੀ ਸਮਾਗਮ ਹੋਇਆ। ਇਸ ਵਿਚ ਸਾਰੇ ਸੰਸਾਰ ਤੋਂ ਆਏ ਹੋਏ ਬੁੱਧੀਜੀਵੀ, ਸਿਆਸਤਦਾਨ, ਵਿਦਵਾਨ, ਪੱਤਰਕਾਰ, ਸਮਾਜ ਸੇਵੀ, ਧਾਰਮਿਕ ਮੁਖੀਆਂ ਨੇ ਹਾਜ਼ਰੀ ਭਰੀ। ਹੋਸਟ ਬਿਹਾਰ ਦੇ ਮੁਖ ਮੰਤਰੀ ਜੀ ਸਨ ਤੇ ਇਹਨਾਂ ਤੋਂ ਇਲਾਵਾ ਉਪ ਮੁਖ ਮੰਤਰੀ ਅਤੇ ਦੂਜੇ ਅਧਿਕਾਰੀ ਵੀ ਹਾਜ਼ਰ ਸਨ। ਫਿਰ ਵੱਖ ਵੱਖ ਸੂਬਾਈ ਸਰਕਾਰਾਂ ਦੇ ਆਗੂਆਂ ਨੇ ਹਾਜ਼ਰੀ ਲਵਾਈ। ਪੰਜਾਬ ਤੋਂ ਮੁਖ ਮੰਤਰੀ ਸ. ਪਰਕਾਸ਼ ਸਿੰਘ ਬਾਦਲ ਨੇ ਅਗਵਾਈ ਕੀਤੀ। ਉਹਨਾਂ ਨੇ ਸ਼੍ਰੀ ਨਿਤਿਸ਼ ਕੁਮਾਰ ਦੀ ਇਸ ਉਦਮ ਦੀ ਪ੍ਰਸੰਸਾ ਕਰਦਿਆਂ ਆਖਿਆ ਕਿ ਜੋ ਇਹਨਾਂ ਨੇ ਕੀਤਾ ਹੈ, ਮੈਂ ਵੀ ਨਹੀਂ ਕਰ ਸਕਿਆ। ਪੰਜਾਬ ਸਰਕਾਰ ਵੱਲੋਂ ਬਾਦਲ ਜੀ ਨੇ ਇਸ ਸਮਾਗਮ ਦੇ ਖ਼ਰਚਾਂ ਵਿਚ ਪੰਜਾਬ ਵੱਲੋਂ ਹਿੱਸਾ ਪਾਉਣ ਵਾਸਤੇ, ਦਸ ਕਰੋੜ ਰੁਪਏ ਦੇਣ ਦਾ ਐਲਾਨ ਵੀ ਕੀਤਾ। ਯੂ.ਪੀ. ਸਰਕਾਰ ਦੀ ਪ੍ਰਤਿਨਿਧਤਾ ਸ. ਬਲਵੰਤ ਸਿੰਘ ਰਾਮੂਵਾਲੀਆ ਜੀ ਨੇ ਕੀਤੀ। ਸਾਰੇ ਮੁਖੀ ਸੱਜਣਾਂ ਦੀਆਂ ਸਪੀਚਾਂ 'ਚੋਂ ਸਭ ਤੋਂ ਵਧੇਰੇ ਪ੍ਰਭਾਵਸ਼ਾਲੀ ਸਪੀਚ ਸ. ਬਲਵੰਤ ਸਿੰਘ ਰਾਮੂਵਾਲੀਆ ਦੀ ਸੀ। ਉਹਨਾਂ ਦੀ ਸਪੀਚ ਦੌਰਾਨ ਤਾਂ ਵਿਸ਼ਾਲ ਹਾਲ ਤਾੜੀਆਂ ਅਤੇ ਜੈਕਾਰਿਆਂ ਨਾਲ਼ ਗੂੰਜ ਉਠਿਆ ਸੀ। ਭਾਸ਼ਨ ਤੋਂ ਪਿਛੋਂ ਰਾਮੂਵਾਲੀਆ ਜੀ ਨੇ ਮੈਨੂੰ ਪੁੱਛਿਆ, "ਸੰਤੋਖ ਜੀ, ਮੇਰਾ ਲੈਕਚਰ ਕੈਸਾ ਰਿਹਾ?" ਮੈਂ ਕਿਹਾ, "ਤੇਰੇ ਪੀਸੇ ਦਾ ਕੀ ਛਾਨਣਾ ਬਾਈ ਜੀ, ਤੁਸੀਂ ਤਾਂ ਅਧੀ ਸਦੀ ਪਹਿਲਾਂ ਤਰਨ ਤਾਰਨ ਦੀ ਮੱਸਿਆ ਦੀ ਚੌਦੇਂ ਵਾਲ਼ੀ ਰਾਤ ਚੇਤੇ ਕਰਵਾ ਦਿਤੀ। ਏਸੇ ਤਰ੍ਹਾਂ ਓਥੇ ਵੀ ਜੈਕਾਰੇ ਛਡਵਾਉਂਦੇ ਹੁੰਦੇ ਸੀ ਸਰੋਤਿਆਂ ਤੋਂ ਤੇ ਅੱਜ ਏਥੇ ਵੀ ਜੈਕਾਰੇ ਛਡਵਾ ਕੇ ਹਾਲ ਵਿਚ ਗੂੰਜਾਂ ਪਵਾ ਦਿਤੀਆਂ।"

ਇਸ ਉਦਘਾਟਨੀ ਦੀਵਾਨ ਦੀ ਸਮਾਪਤੀ 'ਤੇ ਸਾਰੇ ਲੋਕਾਂ ਨੇ ਵਿਸ਼ਾਲ ਸ਼ਾਮਿਆਨਿਆਂ ਰਾਹੀਂ ਸਿਰਜੇ ਗਏ ਸਥਾਨ ਉਪਰ ਰਾਤ ਦਾ ਪ੍ਰਸ਼ਾਦਾ ਛਕਿਆ। ਉਪ੍ਰੰਤ ਸਾਰੇ ਆਪੋ ਆਪਣੇ

ਟਿਕਾਣਿਆਂ ਉਪਰ ਚਲੇ ਗਏ। ਇਸ ਡਿੱਨਰ ਦੌਰਾਨ ਬਹੁਤ ਸਾਰੇ ਵਿਦਵਾਨਾਂ ਨਾਲ਼ ਸੰਪਰਕ ਹੋਇਆ; ਖਾਸ ਕਰਕੇ ਇਕ ਸਰਦਾਰ ਜੀ, ਜੋ ਕਿ ਮਗਧ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਸਨ ਤੇ ਇਸ ਸਮੇ ਦਿੱਲੀ ਵਿਚ ਰਹਿ ਰਹੇ ਹਨ, ਵੀ ਮਿਲ਼ੇ। ਅਗਲੇ ਦਿਨ ਸੈਮੀਨਾਰ ਵਿਚ ਇਹਨਾਂ ਨੇ ਮੈਨੂੰ ਆਪਣੀ ਇਕ ਬਹੁਮੁੱਲੀ ਕਿਤਾਬ ਭੇਟਾ ਕੀਤੀ। ਮੇਰੇ ਇਹ ਪੁੱਛਣ 'ਤੇ ਕਿ ਏਨੇ ਧੁਰੰਤਰ ਵਿਦਵਾਨਾਂ ਨੂੰ ਛੱਡ ਕੇ ਤੁਸੀਂ ਕਿਸ ਪ੍ਰੇਰਨਾ ਅਧੀਨ ਮੇਰੇ 'ਤੇ ਇਹ ਕਿਰਪਾ ਕੀਤੀ ਹੈ ਤਾਂ ਉਹਨਾਂ ਦਾ ਉਤਰ ਸੀ, "ਜਦੋਂ ਮੈਂ ਤੁਹਾਨੂੰ ਰਾਤ ਦੇ ਖਾਣੇ ਸਮੇ ਮਿਲ਼ਿਆ ਸਾਂ ਤਾਂ ਓਦੋਂ ਹੀ ਵਿਚਾਰ ਬਣਾ ਲਿਆ ਸੀ ਕਿ ਤੁਹਾਨੂੰ ਕਿਤਾਬ ਭੇਟਾ ਕੀਤੀ ਜਾਵੇ।"

ਅਗਲੇ ਦਿਨ ੨੩ ਸਤੰਬਰ ਨੂੰ ਸਾਰੀ ਦੁਨੀਆਂ ਦੇ ਦੇਸਾਂ ਤੋਂ ਆਏ ਵੱਖ ਵੱਖ ਵਿਦਵਾਨਾਂ ਦਾ ਸੈਮੀਨਾਰ, ਮੌਰੀਆ ਹੋਟਲ ਦੇ ਗਰਾਊਂਡ ਫ਼ਲੋਰ ਦੇ ਵਿਸ਼ਾਲ ਹਾਲ ਵਿਚ ਹੋਇਆ। ਸਵੇਰ ਦੇ ਸਮਾਗਮ ਦੀ ਪ੍ਰਧਾਨਗੀ, ਪ੍ਰਸਿਧ ਵਿਦਵਾਨ ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ, ਡਾ. ਜਸਪਾਲ ਸਿੰਘ ਜੀ ਨੇ ਕੀਤੀ ਅਤੇ ਪ੍ਰਸ਼ਾਦੇ ਛਕਣ ਉਪ੍ਰੰਤ, ਪਿਛਲੇ ਪਹਿਰ ਦੇ ਸਮਾਗਮ ਦੀ ਆਰੰਭਤਾ, ਸਾਰੇ ਸਮਾਗਮਾਂ ਵਾਂਗ, ਇਹਨਾਂ ਸਮਾਗਮਾਂ ਦੇ ਸਾਰੇ ਪ੍ਰੋਗਰਾਮ ਦੀ ਡਾਇਰੈਕਟਰ, ਬੀਬਾ ਹਰਜੋਤ ਕੌਰ ਜੀ, ਮਾਈਕ ਉਪਰ ਆ ਗਏ। ਉਹਨਾਂ ਨੇ ਪ੍ਰਧਾਨਗੀ ਮੰਡਲ ਵਾਸਤੇ ਸਭ ਤੋਂ ਪਹਿਲਾਂ ਮੇਰਾ ਨਾਂ ਲਿਆ ਤਾਂ ਮੋਹਰਲੀ ਕਤਾਰ ਵਿਚ ਬੈਠੇ ਹੋਣ ਦੇ ਬਾਵਜੂਦ ਵੀ ਮੈਨੂੰ ਪਤਾ ਨਾ ਲੱਗਿਆ। ਇਸ ਦੇ ਦੋ ਕਾਰਨ ਸਨ : ਇਕ ਤਾਂ ਇਹ ਸੀ ਕਿ ਮੇਰੀ ਸੁਣਨ ਸ਼ਕਤੀ ਵੀ ਕਾਫ਼ੀ ਕਮਜ਼ੋਰ ਹੈ; ਦੂਜੀ ਗੱਲ ਇਹ ਕਿ ਮੈਂ ਤਾਂ ਕਦੀ ਇਹ ਸੋਚ ਵੀ ਨਹੀਂ ਸੀ ਸਕਦਾ ਕਿ ਮੈਨੂੰ ਏਨਾ ਮਾਣ ਮਿਲ਼ ਸਕਦਾ ਹੈ! ਮੈਂ ਤੇ ਮੰਚ ਉਪਰ ਬੋਲਣ ਦਾ ਸਮਾ ਮਿਲ਼ਣ ਦੀ ਵੀ ਆਸ ਨਹੀਂ ਸੀ ਰੱਖਦਾ ਭਾਵੇਂ ਕਿ ਦਿਲੋਂ ਮੈਂ ਇਸ ਦਾ ਇੱਛਕ ਹੀ ਸਾਂ। ਇਹ ਤਾਂ ਮੇਰੇ ਵਾਸਤੇ ਮੇਰੇ ਪਾਤਿਸ਼ਾਹ ਸਤਿਗੁਰੂ ਦੀ ਅਪਾਰ ਕਿਰਪਾ ਅਤੇ ਪ੍ਰਬੰਧਕਾਂ ਦੀ ਉਦਾਰਤਾ ਹੀ ਸੀ। ਜਦੋਂ ਆਲ਼ੇ ਦੁਆਲ਼ੇ ਬੈਠੇ, ਵਿਦਵਾਨ ਸੱਜਣਾਂ ਵੱਲੋਂ ਮੈਨੂੰ ਕੂਹਣੀਆਂ ਵੱਜਣੀਆਂ ਸ਼ੁਰੂ ਹੋਈਆਂ ਤੇ ਨਾਲ਼ੇ ਆਖਿਆ ਗਿਆ ਕਿ ਤੈਨੂੰ ਸੱਦਿਆ ਜਾ ਰਿਹਾ ਹੈ; ਤਾਂ ਮੈਨੂੰ ਸਮਝ ਆਈ ਤੇ ਮੈਂ ਉਠ ਕੇ ਮੰਚ ਦੀਆਂ ਪਉੜੀਆਂ ਚੜ੍ਹਿਆ ਤੇ ਉਹ ਵੀ ਡਰਦਾ ਡਰਦਾ। ਮੰਚ ਸੰਚਾਲਕ ਬੀਬੀ ਹਰਜੋਤ ਕੌਰ ਜੀ ਦੇ ਇਸ਼ਾਰੇ 'ਤੇ ਮੰਚ ਉਪਰ ਡਠੀਆਂ ਕੁਰਸੀਆਂ ਵਿਚੋਂ ਵਿਚਕਾਰਲੀ ਕੁਰਸੀ 'ਤੇ ਸੁੰਗੜ ਕੇ ਬੈਠ ਗਿਆ। ਫਿਰ ਪ੍ਰਧਾਨਗੀ ਮੰਡਲ ਨੂੰ ਭਾਗ ਲਾਉਣ ਲਈ ਅੰਮ੍ਰਿਤਸਰੋਂ ਡਾ. ਜਸਬੀਰ ਸਿੰਘ ਸਾਬਰ, ਸ. ਗੁਰਜੀਤ ਸਿੰਘ ਬੈਂਸ, ਪ੍ਰੋ. ਕੁਲਵੰਤ ਸਿੰਘ, ਡਾਕਟਰ ਚੀਮਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਧਾਰਮਿਕ ਵਿਭਾਗ ਦੇ ਮੁਖੀ ਦੇ ਨਾਂ ਬੋਲੇ ਗਏ। ਮੈਨੂੰ ਪੁੱਛ ਕੇ ਇਸ ਸਮਾਗਮ ਦੇ ਮੰਚ ਸੰਚਾਲਣ ਦੀ ਸੇਵਾ, ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਆਏ, ਡਾ. ਚੀਮਾ ਜੀ ਨੂੰ ਸੌਂਪੀ ਗਈ। ਸਦਾ ਦੀ ਤਰ੍ਹਾਂ, ਮੰਚ ਨੂੰ, ਮੰਚ ਸੰਚਾਲਕ ਦੇ ਹਵਾਲੇ ਕਰ ਕੇ, ਬੀਬਾ

ਹਰਜੋਤ ਕੌਰ ਜੀ ਸਾਹਮਣੇ ਸਰੋਤਿਆਂ ਦੀ ਮੋਹਰਲੀ ਕਤਾਰ ਵਾਲ਼ੀਆਂ ਕੁਰਸੀਆਂ ਵਿਚੋਂ ਇਕ ਉਪਰ ਜਾ ਸਜੇ। ਉਹ ਹਰੇਕ ਸਮਾਗਮ ਸਮੇ, ਸਮਾਗਮ ਸ਼ੁਰੂ ਕਰ ਕੇ ਪ੍ਰਧਾਨਗੀ ਮੰਡਲ ਵਿਚੋਂ ਇਕ ਵਿਦਵਾਨ ਨੂੰ ਮੰਚ ਸੰਚਾਲਣ ਦੀ ਜੁੰਮੇਵਾਰੀ ਸੌਂਪ ਕੇ ਆਪ ਸਰੋਤਿਆਂ ਵਿਚ ਜਾ ਬੈਠਦੇ ਸਨ।

ਦੂਰੋਂ ਦੂਰੋਂ ਆਏ ਵਿਦਵਾਨਾਂ ਨੇ ਸਦਾ ਦੀ ਤਰ੍ਹਾਂ ਹੀ ਆਪਣੇ ਤਿਆਰ ਕੀਤੇ ਹੋਏ ਲਿਖਤੀ ਭਾਸ਼ਨ ਪੜ੍ਹਨੇ ਸ਼ੁਰੂ ਕਰ ਦਿਤੇ। ਇਹ ਸਾਰਾ ਕਾਰਜ ਫਿੱਕਾ ਫਿੱਕਾ ਜਿਹਾ ਲੱਗ ਰਿਹਾ ਸੀ। ਕਾਰਨ ਇਹ ਸੀ ਕਿ ਜਿਸ ਵੀ ਵਿਦਵਾਨ ਨੂੰ ਸੱਦਾ ਗਿਆ ਸੀ ਉਸ ਨੇ ਏਹੀ ਸਮਝਿਆ ਕਿ ਉਸ ਨੂੰ ਹੀ ਸੁਣਨ ਲਈ ਬਾਕੀ ਸਾਰੇ ਲੋਕ ਆਏ ਹਨ ਤੇ ਇਸ ਲਈ ਮਹੀਨਿਆਂ ਦਾ ਸਮਾ ਲਾ ਕੇ, ਦਰਜਨਾਂ ਕਿਤਾਬਾਂ ਫੋਲ ਫੋਲ ਕੇ, ਉਹਨਾਂ ਨੇ ਆਪਣੇ ਭਾਸ਼ਨ/ਪਰਚੇ ਤਿਆਰ ਕਰ ਕੇ ਲਿਆਂਦੇ ਸਨ ਤੇ ਕਲਾਸ ਵਿਚ ਪੜ੍ਹਾਉਣ ਵਾਲ਼ੀ ਪੱਕੀ ਹੋਈ ਆਦਤ ਅਨੁਸਾਰ, ਚਾਲ਼ੀ ਮਿੰਟ ਤੋਂ ਘੱਟ ਕਿਸੇ ਦਾ ਵੀ ਪਰਚਾ ਨਹੀਂ ਸੀ, ਜਦੋਂ ਕਿ ਉਹਨਾਂ ਨੂੰ ਬੋਲਣ ਵਾਸਤੇ ਪੰਜ ਤੋਂ ਸੱਤ ਮਿੰਟ ਦਿਤੇ ਜਾ ਰਹੇ ਸਨ। ਇਕ ਕੁਰਕਸ਼ੇਤਰ ਯੂਨੀਵਰਸਿਟੀ ਤੋਂ ਆਏ ਪ੍ਰੋਫ਼ੈਸਰ ਨੇ ਤਾਂ ਮੈਨੂੰ ਦੱਸਿਆ ਕਿ ਉਸ ਨੇ ਤਾਂ ਇਕ ਘੰਟਾ ਬੋਲਣ ਵਾਸਤੇ ਤਿਆਰੀ ਕੀਤੀ ਹੋਈ ਸੀ। ਨਤੀਜਾ ਕੀ ਹੋਣਾ ਸੀ! ਨਾ ਤੇ ਬੋਲਣ ਵਾਲ਼ਾ ਕੁਝ ਦੱਸ ਸਕਿਆ ਤੇ ਨਾ ਹੀ ਸਰੋਤਿਆਂ ਦੇ ਕੁਝ ਪੱਲੇ ਪੈ ਰਿਹਾ ਸੀ। ਲਿਖਤੀ ਭਾਸ਼ਨ ਪੜ੍ਹਨ ਵਾਲ਼ਿਆਂ ਵਾਸਤੇ ਇਹ ਮੁਸ਼ਕਲ ਹੋ ਜਾਂਦਾ ਹੈ ਕਿ ਉਹ ਤਿਆਰ ਕੀਤੇ ਗਏ ਭਾਸ਼ਨ ਵਿਚੋਂ ਕੀ ਛੱਡਣ ਤੇ ਕੀ ਬੋਲਣ! ਇਸ ਲਈ ਨਾ ਤੇ ਬੋਲਣ ਵਾਲ਼ਾ ਕੋਈ ਖ਼ੁਸ਼ ਸੀ ਤੇ ਨਾ ਹੀ ਸਰੋਤੇ। ਸਰੋਤਿਆਂ ਵਿਚ ਊਂਘਣ ਜਿਹੀ ਵਾਲ਼ੀ ਅਵਸਥਾ ਛਾ ਰਹੀ ਸੀ।

ਇਹੋ ਜਿਹੇ ਵਾਤਾਵਰਣ ਵਿਚ ਮੇਰਾ ਨਾਂ ਬੋਲਿਆ ਗਿਆ। ਆਪਣੇ ਦਲਿੱਦਰੀ ਸੁਭਾ ਕਾਰਨ ਮੈਂ ਕੋਈ ਆਪਣਾ ਲਿਖਤੀ ਭਾਸ਼ਨ ਜਾਂ ਉਚੇਚੀ ਤਿਆਰੀ ਕਰ ਕੇ ਨਹੀਂ ਸੀ ਗਿਆ ਕਿਉਂਕਿ ਜੇ ਬੋਲਣ ਦੀ ਤਿਆਰੀ ਕੀਤੀ ਹੋਵੇ ਤੇ ਫਿਰ ਬੋਲਣ ਲਈ ਸਮਾ ਨਾ ਮਿਲ਼ੇ ਤਾਂ ਨਿਰਾਸਤਾ ਹੁੰਦੀ ਹੈ। ਪਹਿਲਾਂ ਤਾਂ ਮੈਨੂੰ ਆਸ ਹੀ ਨਹੀਂ ਸੀ ਕਿ ਓਥੇ ਮੇਰਾ ਨਾਂ ਵੀ ਸਟੇਜੀ ਬੁਲਾਰਿਆਂ ਵਿਚ ਆ ਸਕਦਾ ਹੈ ਤੇ ਜੇ ਫਿਰ ਕਿਤੇ ਕਿਸੇ ਨੇ ਗ਼ਲਤੀ ਨਾਲ਼ ਮੇਰਾ ਨਾਂ ਲੈ ਵੀ ਦਿਤਾ ਤਾਂ ਫਿਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ੩੦੦ ਸਾਲਾ ਪ੍ਰਕਾਸ਼ ਪੁਰਬ ਸਮੇ, ੧੯੬੬ ਵਿਚ ਲਿਖੇ ਗਏ ਆਪਣੇ ਲੇਖ ਉਪਰ ਆਧਾਰਤ ਕੁਝ ਗੱਲਾਂ, ਸਰੋਤਿਆਂ ਨਾਲ਼ ਸਾਂਝੀਆਂ ਕਰ ਕੇ ਡੰਗ ਸਾਰ ਲਵਾਂਗਾ। ਹੋਰ ਵੀ ਹੈਰਾਨੀ ਵਾਲ਼ੀ ਗੱਲ ਹੋਈ ਕਿ ਇਕ ਨੌਜਵਾਨ ਸੱਜਣ ਨੇ ਸਟੇਜ ਸਕੱਤਰ ਦੇ ਕੰਨ ਵਿਚ ਫੂਕ ਮਾਰੀ ਕਿ ਉਸ ਦਾ ਸਮਾ ਇਕ ਪ੍ਰਸਿੱਧ ਹਸਤੀ ਨੂੰ ਦੇ ਦਿਤਾ ਜਾਵੇ। ਸਟੇਜ ਸਕੱਤਰ ਨੇ ਮੰਨ ਲਿਆ ਤੇ ਉਸ ਪ੍ਰਸਿਧ ਸਿੱਖ ਘਰਾਣੇ ਦੇ ਮੁਖੀ ਦਾ ਨਾਂ ਬੋਲ ਦਿਤਾ ਤੇ ਸਿਰਫ਼ ਪੰਜ ਮਿੰਟ ਦਾ ਸਮਾ ਹੀ ਉਸ ਨੂੰ ਦਿਤਾ ਪਰ ਜਦੋਂ ਮਾਈਕ ਹੱਥ ਵਿਚ ਆ ਗਿਆ ਤੇ ਫਿਰ ਉਸ ਨੇ ਹਟਣਾ ਕਾਹਨੂੰ ਸੀ! ਇਕ ਤੋਂ ਵਧੇਰੇ ਵਾਰ ਸਲਿੱਪਾਂ ਵੀ

ਉਸ ਦੇ ਅੱਗੇ ਰੱਖੀਆਂ ਗਈਆਂ ਪਰ ਉਹ ਟੱਸ ਤੋਂ ਮੱਸ ਨਾ ਹੋਇਆ। ਜਦੋਂ ਉਹ ਨਾ ਹੀ ਹਟਿਆ ਤਾਂ ਮੈਂ ਸਟੇਜ ਸਕੱਤਰ ਨੂੰ ਕਿਹਾ ਕਿ ਇਸ ਨੂੰ ਹਟਾਉ। ਸਕੱਤਰ ਬਿਲਕੁਲ ਉਸ ਦੇ ਨਾਲ਼ ਲੱਗ ਕੇ ਖਲੋ ਗਿਆ ਪਰ ਉਹ ਫਿਰ ਵੀ ਨਾ ਹਟਿਆ। ਉਸ ਦੇ ਅੱਗੋਂ ਮਾਈਕ ਹਟਾਉਣਾ ਪਿਆ ਤੇ ਫਿਰ ਉਹ ਕੁਰਸੀ 'ਤੇ ਬੈਠਾ। ਉਸ ਦੇ ਚੇਲੇ ਨੇ ਵੀ ਆਪਣਾ ਸਮਾ ਨਹੀਂ ਛੱਡਿਆ; ਉਸ ਨੇ ਵੀ ਪੂਰੇ ਤੋਂ ਵਧੇਰੇ ਸਮਾ ਲਿਆ। ਉਹ ਬਜ਼ੁਰਗ ਸੱਜਣ ਫਿਰ ਕਿਸੇ ਕਾਰਨ ਮਾਈਕ ਵੱਲ ਅਹੁਲ਼ਿਆ ਪਰ ਮੈਂ ਸਖ਼ਤੀ ਨਾਲ਼ ਸਟੇਜ ਸਕੱਤਰ ਨੂੰ ਆਖ ਦਿਤਾ ਕਿ ਉਹ ਇਸ ਨੂੰ ਮਾਈਕ ਦੇ ਨੇੜੇ ਨਾ ਲੱਗਣ ਦੇਵੇ। ਅਜਿਹੇ ਵਾਤਾਵਰਣ ਵਿਚ ਮੰਚ ਸੰਚਾਲਕ ਵੱਲੋਂ ਮੇਰਾ ਨਾਂ ਬੋਲ ਦਿਤਾ ਗਿਆ। ਮੈਂ ਮਾਈਕ 'ਤੇ ਜਾਂਦਿਆਂ ਹੀ ਮੰਚ ਉਪਰ ਬੈਠੇ ਸੱਜਣਾਂ ਵੱਲ਼ ਇਸ਼ਾਰਾ ਕਰਕੇ ਆਖਿਆ, "ਮੇਰੇ ਏਧਰ ਖੱਬੇ ਪਾਸੇ ਕੁਰਸੀਆਂ ਉਪਰ ਸੁਭਾਇਮਾਨ ਵਿਦਵਾਨ ਸੱਜਣੋ ਅਤੇ ਮੇਰੇ ਸਾਹਮਣੇ ਸੁਸ਼ੋਭਤ, ਕਿਸੇ ਤਰ੍ਹਾਂ ਵੀ ਇਹਨਾਂ ਨਾਲ਼ੋਂ ਨਾ ਘੱਟ ਵਿਦਵਾਨੋਂ, ਸਾਰਿਆਂ ਨੂੰ ਦੋਵੇਂ ਹੱਥ ਜੋੜ ਕੇ, "ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਿਹ ॥" ਮੇਰੇ ਇਸ ਤਰ੍ਹਾਂ ਦੂਜੇ ਬੁਲਾਰਿਆਂ ਨਾਲ਼ੋਂ ਹਟਵੇਂ ਤਰੀਕੇ ਨਾਲ਼ ਸੰਬੋਧਨ ਕਰਨ ਕਰ ਕੇ ਹੀ ਸਾਰਿਆਂ ਦਾ ਧਿਆਨ ਮੇਰੇ ਵੱਲ ਖਿੱਚਿਆ ਗਿਆ। ਮੈਂ ਕੁਝ ਇਉਂ ਆਪਣੀ ਗੱਲ ਸ਼ੁਰੂ ਕੀਤੀ :

ਸਾਰੇ ਸਜਣਾਂ ਦਾ ਬਹੁਤ ਬਹੁਤ ਧੰਨਵਾਦ ਕਿ ਏਨੇ ਵਿਦਵਾਨਾਂ ਦੀ ਸੰਗਤ ਦੇ ਸਾਹਮਣੇ ਮੈਨੂੰ ਬੋਲਣ ਦਾ ਸ਼ੁਭ ਅਵਸਰ ਪ੍ਰਾਪਤ ਕਰਵਾਇਆ ਜਾ ਰਿਹਾ ਹੈ। ਦੁਨੀਆਂ ਦੇ ਦੂਰ ਦੁਰਾਡੇ ਦੇਸ਼ਾਂ ਤੋਂ, ਵੱਖ ਵੱਖ ਵੱਡੇ ਵੱਡੇ ਵਿੱਦਿਅਕ ਅਹੁਦਿਆਂ ਉਪਰ ਬਿਰਾਜ ਚੁੱਕੇ ਅਤੇ ਬਿਰਾਜਮਾਨ ਸੱਜਣ ਏਥੇ ਬਿਹਾਰ ਸਰਕਾਰ ਦੇ ਸੱਦੇ ਉਪਰ ਆਏ ਹਨ। ਸੱਦਾ ਪੱਤਰ ਪ੍ਰਾਪਤ ਹੋਣ ਪਿੱਛੋਂ, ਵਿਦਵਾਨਾਂ ਨੇ ਮਹੀਨਿਆਂ ਬਧੀ, ਦਰਜਨਾਂ ਕਿਤਾਬਾਂ ਦੀ ਫੋਲਾ ਫਾਲੀ ਕਰਨ ਉਪ੍ਰੰਤ, ਨਿਚੋੜ ਕੱਢ ਕੇ ਸਰੋਤਿਆਂ ਸਾਹਮਣੇ ਪ੍ਰੋਸਣ ਦਾ ਯਤਨ ਕੀਤਾ ਹੈ। ਇਹਨਾਂ ਵਿਦਵਾਨਾਂ ਦੀ ਸੰਗਤ ਵਿਚ, "ਇਕ ਦੂ ਇਕਿ ਚੜੰਦੀਆ ਕਉਣੁ ਜਾਣੈ ਮੇਰਾ ਨਾਉ ਜੀਉ ॥" ਵਾਲ਼ੀ ਗੱਲ ਹੈ। ਸਾਰੇ ਹੀ ਵਿਦਵਾਨਾਂ ਨੇ, ਬਾਵਜੂਦ ਸਮੇ ਦੀ ਘਾਟ ਦੇ ਆਪਣੇ ਆਪਣੇ ਪਰਚੇ ਪੜ੍ਹਨ ਦਾ ਯਤਨ ਕੀਤਾ ਹੈ। ਅਜਿਹੀ ਸਮੇ ਦੀ ਘਾਟ ਕਾਰਨ ਅਧੂਰੇ ਪੜ੍ਹੇ ਗਏ ਪਰਚਿਆਂ ਵਿਚੋਂ ਸਰੋਤਿਆਂ ਦੇ ਪੱਲੇ ਘੱਟ ਹੀ ਕੁਝ ਪਿਆ ਹੈ। ਇਸ ਕਾਰਨ ਇਹਨਾਂ ਨੂੰ ਸੁਣਦੇ ਹੋਏ ਮੈਂ ਤਾਂ ਥੱਕ ਗਿਆ ਹਾਂ ਤੇ ਤੁਹਾਡਾ ਵੀ ਏਹੀ ਹਾਲ ਹੋਇਆ ਹੋਵੇਗਾ।

ਅਸੀਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਾਢੇ ਤਿੰਨ ਸੌ ਸਾਲਾ ਪ੍ਰਕਾਸ਼ ਉਤਸਵ ਦੇ ਸੰਬੰਧ ਵਿਚ, ਉਹਨਾਂ ਦੀਆਂ ਸਿਫ਼ਤਾਂ, ਕੁਰਬਾਨੀਆਂ, ਇਤਿਹਾਸਕ ਸਾਖੀਆਂ ਆਦਿ ਨੂੰ ਦੁਹਰਾ ਕੇ, ਆਪਣੀ ਸ਼ਰਧਾ ਦੇ ਫੁੱਲ ਅਰਪਣ ਕਰਨ ਵਾਸਤੇ ਆਏ ਹਾਂ। ਸਾਰੇ ਵਿਦਵਾਨਾਂ ਨੇ ਉਹਨਾਂ ਦੀਆਂ ਕੁਰਬਾਨੀਆਂ ਦਾ ਜ਼ਿਕਰ ਕਰਨ ਦਾ ਯਤਨ ਕੀਤਾ ਹੈ ਪਰ ਗੁਰੂ ਜੀ ਦੇ ਸਮਕਾਲੀ, ਸ਼ਰਧਾਵਾਨ ਕਵੀ ਦਾ ਕਿਸੇ ਵਿਦਵਾਨ ਦੇ ਪਰਚੇ ਵਿਚ ਜ਼ਿਕਰ ਨਹੀਂ ਹੋਇਆ।

ਉਹ ਕਵੀ ਸਨ ਭਾਈ ਨੰਦ ਲਾਲ ਜੀ ਗੋਇਆ। ਉਹਨਾਂ ਨੇ ਗੁਰੂ ਜੀ ਦੀਆਂ ਸਿਫ਼ਤਾਂ ਦਾ ਵਰਨਣ ਕਰਦਿਆਂ ਹੋਇਆਂ ਸਤਾਈ ਸੌ ਸਿਫ਼ਤਾਂ ਬਿਆਨੀਆਂ ਹਨ ਤੇ ਫਿਰ ਆਖਿਆ ਹੈ ਕਿ ਏਨੀਆਂ ਕੁ ਦੀ ਉਹਨਾਂ ਨੂੰ ਸਮਝ ਆਈ ਹੈ। ਏਥੇ ਸਿਫ਼ਤਾਂ ਦੀ ਸਮਾਪਤੀ ਨਹੀਂ ਹੋ ਜਾਂਦੀ। ਏਥੇ ਮੈਂ ਭਾਈ ਨੰਦ ਲਾਲ ਜੀ ਦੀ ਕਵਿਤਾ, "ਨਾਸਰੋ ਮਨਸੂਰ ਗੁਰ ਗੋਬਿੰਦ ਸਿੰਘ ॥ ਏਜ਼ਦੀ ਮਨਜ਼ੂਰ ਗੁਰ ਗੋਬਿੰਦ ਸਿੰਘ ॥..." ਵਾਲ਼ੀਆਂ ਦਸ ਪੰਦਰਾਂ ਲਾਈਨਾਂ ਦੁਹਰਾ ਦਿਤੀਆਂ। ਫਿਰ ਆਖਿਆ ਕਿ ਅਸੀਂ ਇਸ ਤੋਂ ਵਧੇਰੇ ਗੁਰੂ ਜੀ ਦੀ ਵਡਿਆਈ ਕੀ ਕਰ ਸਕਦੇ ਹਾਂ! ਜਿਥੋਂ ਤੱਕ ਕਿਸੇ ਦੀ ਸਮਝ ਦੀ ਪਹੁੰਚ ਹੈ ਹਰੇਕ ਯਤਨ ਕਰਦਾ ਹੈ ਤੇ ਇਹਨਾਂ ਵਿਦਵਾਨਾਂ ਨੇ ਕੀਤਾ ਵੀ ਹੈ। ਇਸ ਲਈ ਉਹਨਾਂ ਗੱਲਾਂ ਨੂੰ ਮੈਂ ਵੀ ਦੁਹਰਾਵਾਂ ਇਸ ਦਾ ਲਾਭ ਕੋਈ ਨਹੀਂ।

ਮੈਨੂੰ ਮਿਲ਼ਿਆ ਪੰਜ ਤੋਂ ਸੱਤ ਮਿੰਟ ਦਾ ਸਮਾ ਅਧੇ ਤੋਂ ਵਧੇਰੇ ਬੀਤ ਚੁੱਕਿਆ ਸੀ ਤੇ ਮੈਂ ਆਪਣੇ ਹਸਮੁਖੀ ਸੁਭਾ ਅਨੁਸਾਰ ਹਲਕੀ ਫੁਲਕੀ ਗੱਲ ਕਰਨ ਬਾਰੇ ਸੋਚਿਆ ਤੇ ਕੁਝ ਇਹੋ ਜਿਹੇ ਸ਼ਬਦ ਬੋਲੇ :

ਆਓ ਆਪਾਂ ਕੁਝ ਲੀਹ ਤੋਂ ਹੱਟ ਕੇ ਵੱਖਰੀ ਗੱਲ ਕਰ ਲਈਏ : ਦੁਨੀਆ ਭਰ ਦੇ ਪੰਜਾਬੀ ਮੀਡੀਆ ਦੇ ਐਂਕਰਾਂ ਨੇ ਕੁਝ ਸਾਲਾਂ ਤੋਂ ਮੈਨੂੰ ਤਾਇਆ ਆਖਣਾ ਸ਼ੁਰੂ ਕਰ ਦਿਤਾ ਹੋਇਆ ਹੈ ਕਿਉਂਕਿ ਮੈਂ ਆਪਣੇ ਸਾਰੇ ਭਤੀਜੇ ਭਤੀਜੀਆਂ ਦਾ ਤਾਇਆ ਲੱਗਦਾ ਹਾਂ ਤੇ ਇਸ ਰਿਸ਼ਤੇ ਵੱਜੋਂ ਹੀ, ਆਪਣੀਆਂ ਸਾਰੀਆਂ ਭਰਜਾਈਆਂ ਦਾ ਜੇਠ। ਮੇਰੀ ਗੱਲ ਸੁਣ ਕੇ ਹਾਲ ਵਿਚ ਹਾਸਾ ਪੈ ਗਿਆ। ਆਪਣੀ ਗੱਲ ਜਾਰੀ ਰੱਖਦਿਆਂ ਮੈਂ ਅੱਗੇ ਕਿਹਾ : ਆਪਣੇ ਇਸ ਦਰਜੇ ਅਤੇ ਉਮਰ ਦਾ ਨਾਜਾਇਜ਼ ਲਾਭ ਉਠਾਉਂਦਾ ਹੋਇਆ ਮੈਂ ਅੱਜ ਖ਼ੁਦ ਨੂੰ ਬੀਬਾ ਹਰਜੋਤ ਕੌਰ ਜੀ ਦਾ ਵੀ ਤਾਇਆ ਡਿਕਲੇਅਰ ਕਰਦਾ ਹਾਂ। ਇਸ 'ਤੇ ਹਾਲ ਹਾਸਿਆਂ ਅਤੇ ਤਾੜੀਆਂ ਨਾ਼ਲ ਗੂੰਜ ਉਠਿਆ। ਬੀਬਾ ਜੀ ਤਾਂ ਆਪਣੀ ਕੁਰਸੀ ਉਪਰ ਹੀ ਹਾਸੇ ਨਾ਼ਲ ਲੋਟ ਪੋਟ ਹੋ ਗਏ ਤੇ ਉਚੀ ਸਾਰੀ ਬੋਲ ਉਠੇ : ਤਾਇਆ ਜੀ, ਯੂ ਆਰ ਇੰਟਰਨੈਸ਼ਨਲ ਤਾਇਆ; ਯੂ ਆਰ ਗਲੋਬਲ ਤਾਇਆ।"

ਏਨਾ ਕੁਝ ਆਖ ਕੇ, ਹਾਸੇ ਦੀ ਛਹਿਬਰ ਦੌਰਾਨ ਹੀ ਮੈਂ ਫ਼ਤਿਹ ਬੁਲਾ ਕੇ ਆਪਣੀ ਕੁਰਸੀ ਉਪਰ ਜਾ ਬੈਠਾ। ਹਾਲ ਵਿਚੋਂ ਅਜੇ ਵੀ ਹਾਸੇ ਦੀਆਂ ਫੁਹਾਰਾਂ ਆ ਰਹੀਆਂ ਸਨ। ਮੰਚ ਸੰਚਾਲਕ ਡਾਕਟਰ ਚੀਮਾ ਜੀ ਉਠ ਕੇ ਹੱਸਦੇ ਹੋਏ ਕੁਝ ਇਉਂ ਬੋਲੇ, "ਤੁਸੀਂ ਤਾਂ ਗਿਆਨੀ ਸੰਤੋਖ ਸਿੰਘ ਜੀ, ਸਟੇਜ ਦਾ ਰੁਖ਼ ਹੀ ਬਦਲ ਦਿਤਾ ਹੈ। ਹੁਣ ਅਸੀਂ ਅੱਗੇ ਕੀ ਗੱਲ ਕਰੀਏ!" ਆਦਿ?

ਖ਼ੈਰ ਸਮਾਗਮ ਖ਼ੁਸ਼ੀ ਖ਼ੁਸ਼ੀ ਸਮਾਪਤ ਹੋਇਆ। ਅੰਤ 'ਤੇ ਬੀਬਾ ਹਰਜੋਤ ਕੌਰ ਜੀ ਵੱਲੋਂ ਸਭ ਦਾ ਧੰਨਵਾਦ ਕਰਦਿਆਂ ਹੋਇਆਂ ਅਗਲੇ ਦਿਨ, ੨੪ ਸਤੰਬਰ ਦਾ ਪ੍ਰੋਗਰਾਮ ਅਨਾਊਂਸ ਕੀਤਾ। ਉਹਨਾਂ ਨੇ ਦੱਸਿਆ ਕਿ ਭਲਕੇ ਸਵੇਰ ਵੇਲੇ ਦਾ ਸੈਸ਼ਨ ਏਥੇ ਹੀ ਲੱਗੇਗਾ

ਅਤੇ ਲੰਚ ਪਿੱਛੋਂ ਨਾਲੰਦਾ ਯੂਨੀਵਰਸਿਟੀ ਅਤੇ ਕੁਝ ਹੋਰ ਬੋਧੀ ਅਤੇ ਸਿੱਖ ਧਾਰਮਿਕ ਸਥਾਨਾਂ ਦੀ ਯਾਤਰਾ ਵਾਸਤੇ ਜਾਇਆ ਜਾਵੇਗਾ। ਸਿਰੋਪੇ, ਮੋਮੈਂਟੋ ਆਦਿ ਪ੍ਰਦਾਨ ਕੀਤੇ ਗਏ। ਫ਼ੋਟੋ ਲਈਆਂ ਗਈਆਂ। ਇਕ ਦੂਜੇ ਨੂੰ ਸਟੇਜ ਉਪਰ ਖ਼ੁਸ਼ੀ ਖ਼ੁਸ਼ੀ ਮਿਲ਼ੇ।

ਬਾਅਦ ਵਿਚ ਸਰੋਤੇ ਮੈਨੂੰ ਆਖਣ ਕਿ ਜਦੋਂ ਤੁਹਾਨੂੰ ਬੋਲਣੋਂ ਹਟਣ ਲਈ ਆਖਿਆ ਨਹੀਂ ਸੀ ਕਿਹਾ ਗਿਆ, ਤੁਸੀਂ ਕਿਉਂ ਹਟੇ! ਤੁਸੀਂ ਤਾਂ ਸਾਡੀ ਸਾਰੀ ਥਕਾਵਟ ਹੀ ਲਾਹ ਦਿਤੀ। ਸਾਨੂੰ ਤਰੋਤਾਜ਼ਾ ਕਰ ਦਿਤਾ। ਮੈਂ ਕਿਹਾ ਕਿ ਮੇਰਾ ਸੁਭਾਅ ਹੀ ਹੈ ਕਿ ਦਿਤੇ ਸਮੇ ਅਨੁਸਾਰ ਹੀ ਮੈਂ ਆਪਣੀ ਗੱਲ ਸਮਾਪਤ ਕਰ ਦਿੰਦਾ ਹਾਂ ਤਾਂ ਕਿ ਸਟੇਜ ਸਕੱਤਰ ਨੂੰ ਉਠ ਕੇ ਮੈਨੂੰ ਹਟਾਉਣਾ ਨਾ ਪਵੇ।

ਅੰਗ੍ਰੇਜ਼ੀ ਤੇ ਹਿੰਦੀ ਮੀਡੀਏ ਵਾਲ਼ੇ ਵੀ ਪੁੱਛਣ ਲੱਗੇ ਕਿ ਮੈਂ ਕੀ ਬੋਲਿਆ ਸੀ, ਕਿਉਂਕਿ ਮੇਰੇ ਬੋਲਣ ਸਮੇ ਸਰੋਤਿਆਂ ਵਿਚ ਹਿੱਲ ਜੁੱਲ ਹੋਈ ਹੋਣ ਕਰਕੇ, ਉਹਨਾਂ ਵਿਚ ਦਿਲਚਸਪੀ ਜਾਗੀ ਕਿ ਪਤਾ ਨਹੀਂ ਇਹ ਕੀ ਬੋਲਿਆ ਜਿਸ ਦਾ ਸਰੋਤਿਆਂ ’ਤੇ ਏਨਾ ਚੰਗਾ ਅਸਰ ਹੋਇਆ।

ਅਗਲੇ ਦਿਨ ਦੁਪਹਿਰ ਤੋਂ ਬਾਅਦ ਸਾਨੂੰ ਬੱਸਾਂ ਉਪਰ ਨਾਲੰਦਾ ਯੂਨੀਵਰਸਿਟੀ ਵਗ਼ੈਰਾ ਦੀ ਯਾਤਰਾ ਕਰਵਾਉਣ ਲਈ ਲੈ ਗਏ, ਪਰ ਮੀਂਹ ਅਤੇ ਹਨੇਰਾ ਹੋ ਜਾਣ ਕਾਰਨ ਬਹੁਤਾ ਕੁਝ ਨਾ ਵੇਖ ਸਕੇ। ਅਗਲੇ ਦਿਨ ਫਿਰ ਮੈਂ ਇਕੱਲਾ ਹੀ ਕਾਰ ’ਤੇ ਜਾ ਕੇ, ਇਹਨਾਂ ਵਿਚੋਂ ਕੁਝ ਸਥਾਨਾਂ ਦੀ ਯਾਤਰਾ ਕਰ ਆਇਆ। ਸਾਰਿਆਂ ਸਿੱਖ, ਹਿੰਦੂ, ਬੋਧੀ ਧਾਰਮਿਕ ਅਤੇ ਪੁਰਾਤਨ ਵਿੱਦਿਅਕ ਸਥਾਨਾਂ ਦਾ ਵੇਰਵਾ ਦੇਣਾ ਏਥੇ ਸੌਖਾ ਕਾਰਜ ਨਹੀਂ ਹੈ। ਇਕ ਇਕ ਸਥਾਨ ਬਾਰੇ ਕਈ ਕਿਤਾਬਾਂ ਲਿਖੀਆਂ ਜਾ ਸਕਦੀਆਂ ਹਨ ਤੇ ਫਿਰ ਵੀ ਸਾਰਾ ਕੁਝ ਨਹੀਂ ਦੱਸਿਆ ਜਾ ਸਕਦਾ।

‘ਸਿੱਖ ਕਨਕਲੇਵ’ ਦਾ ਕਾਰਜ ਤਾਂ ਭਾਵੇਂ ੨੪ ਸਤੰਬਰ ਨੂੰ ਹੀ ਸੰਪੂਰਨ ਹੋ ਗਿਆ ਸੀ ਤੇ ਆਏ ਹੋਏ ਵਿਦਵਾਨ ੨੫ ਤੋਂ ਹੀ ਵਾਪਸ ਜਾਣੇ ਸ਼ੁਰੂ ਹੋ ਗਏ ਸਨ ਪਰ ਮੈਨੂੰ ੨੭ ਸਤੰਬਰ ਤੱਕ ਰਹਿਣਾ ਪਿਆ। ੨੬ ਤੱਕ ਸਾਰੇ ਜਾ ਚੁੱਕੇ ਸਨ ਤੇ ਇਸ ਲਈ ਅਖ਼ੀਰਲਾ ੨੬ ਵਾਲ਼ਾ ਦਿਨ ਮੇਰੇ ਲਈ ਕੱਟਣਾ ਔਖਾ ਹੋ ਗਿਆ। ਰਹਿਣ ਦਾ ਕਾਰਨ ਸੀ ਕਿ ਪ੍ਰਬੰਧਕਾਂ ਵੱਲੋਂ ਕਿਹਾ ਗਿਆ ਸੀ ਕਿ ਕੁਝ ਵਿਚਾਰਾਂ ਵਾਸਤੇ ੨੬ ਦੀ ਰਾਤ ਦੀ ਰੋਟੀ ਉਪਰ ਇਕੱਠੇ ਹੋਣਾ ਹੈ, ਇਸ ਲਈ ਮੈਂ ਰੁਕਾਂ। ਇਹ ਰਾਤ ਦੀ ਰੋਟੀ ਵਾਲ਼ਾ ਕਾਰਜ ਵੀ ਨਿੱਬੜ ਗਿਆ। ਸਤਾਈ ਸਤੰਬਰ ਨੂੰ ਭਾਵੇਂ ਕਿ ਮੇਰੀ ਦਿੱਲੀ ਵਾਲ਼ੀ ਫ਼ਲਾਈਟ ਦੋ ਵਜੇ ਦੀ ਸੀ ਪਰ ਮੈਂ ਸਵੇਰੇ ਹੀ ਡਰਾਈਵਰ ਨੂੰ ਆਉਣ ਲਈ ਆਖ ਦਿਤਾ। ਉਹ ਸਮੇ ਸਿਰ ਆ ਗਿਆ। ਮੈਂ ਚਾਹ ਪੀ ਕੇ ਉਸ ਨੂੰ ਕਿਹਾ ਕਿ ਵੱਡੇ ਗੁਰਦੁਆਰਾ ਸਾਹਿਬ ਤੋਂ ਮੱਥਾ ਟੇਕਣ ਪਿੱਛੋਂ ਮੈਨੂੰ ਹਵਾਈ ਅੱਡੇ ’ਤੇ ਛੱਡ ਦੇਹ ਤੇ ਫਿਰ ਤੈਨੂੰ ਛੁੱਟੀ। ਉਹ ਮੈਨੂੰ ਛੇਤੀ ਹੀ ਅੱਡੇ ਉਪਰ ਲੈ

ਗਿਆ। ਮੈਂ ਉਸ ਨੂੰ ਬੱਚਿਆਂ ਵਾਸਤੇ ਥੋਹੜੀ ਕੁ ਮਾਇਆ ਦਿਤੀ। ਨਾਂਹ ਨਾਂਹ ਕਰਦੇ ਨੇ ਉਸ ਨੇ ਲੈ ਲਈ।

ਓਥੋਂ ਛੇਤੀ ਉਪ੍ਰਾਮ ਹੋਣ ਦਾ ਕਾਰਨ ਇਹ ਸੀ ਕਿ ਮੈਂ ੧੯ ਸਤੰਬਰ ਦਾ ਗਿਆ ਹੋਇਆ ਸਾਂ, ੨੭ ਨੂੰ ਓਥੋਂ ਅੰਮ੍ਰਿਤਸਰ ਨੂੰ ਜਾਣ ਦਾ ਸਬੱਬ ਬਣਿਆਂ। ਇਸ ਤਰ੍ਹਾਂ ਨੌਂ ਦਿਨ ਇਕ ਸਥਾਨ ਉਪਰ ਹੀ ਰੁਕਣਾ ਪਿਆ।

ਦੇਸ ਦੀ ਇਸ ਯਾਤਰਾ ਦੀਆਂ ਅਗਲੀਆਂ ਗੱਲਾਂ ਫਿਰ ਕਿਸੇ ਲੇਖ ਵਿਚ ਸਾਂਝੀਆਂ ਕਰਾਂਗੇ। ਕਿਵੇਂ ਮੋਦੀ ਨੇ ਨੋਟਬੰਦੀ ਕਰਕੇ ਦੇਸ਼ ਦੇ ਤਬਲੇ ਮੂਧੇ ਮਾਰੇ ਤੇ ਉਸ ਦਾ ਮੇਰੇ ’ਤੇ ਕੀ ਅਸਰ ਪਿਆ! ਹਾਲੀ ਏਨਾ ਹੀ ਠੀਕ ਰਹੇਗਾ।

# ਨੋਟਬੰਦੀ

ਇਸ ਤੋਂ ਪਹਿਲੇ ਲੇਖ ਵਿਚ ਪਟਨਾ ਸਾਹਿਬ ਵਿਚਲੀਆਂ ਸਰਗਰਮੀਆਂ ਦਾ ਸੰਖੇਪ ਵਿਚ ਜ਼ਿਕਰ ਕੀਤਾ ਜਾ ਚੁੱਕਾ ਹੈ। ਨੌਂ ਦਿਨ ਓਥੋਂ ਦੀਆਂ ਸਰਗਰਮੀਆਂ ਵਿਚ ਸ਼ਾਮਲ ਰਹਿਣ ਪਿੱਛੋਂ ਅੰਮ੍ਰਿਤਸਰ ਨੂੰ ਚਾਲੇ ਪਾ ਦਿਤੇ। ਦੋ ਕਿਤਾਬਾਂ ਛਪਵਾਉਣ ਦਾ ਉਦਮ ਕੀਤਾ। 'ਉਮਰੇ ਦਰਾਜ਼ ਮਾਂਗ ਕਰ ਲਾਏ ਥੇ ਚਾਰ ਦਿਨ, ਦੋ ਆਰਜ਼ੂ ਮੇਂ ਗੁਜ਼ਰ ਗਏ ਦੋ ਇੰਤਜ਼ਾਰ ਮੇਂ।' ਵਾਲ਼ੀ ਗੱਲ ਤਾਂ ਭਾਵੇਂ ਮੇਰੇ ਨਾਲ਼ ਨਹੀਂ ਵਾਪਰਦੀ ਪਰ ਅੰਮ੍ਰਿਤਸਰ ਕਿਆਮ ਦੌਰਾਨ ਕਿਤਾਬਾਂ ਦੀ 'ਛਾਪਾ ਛਪਾਈ' ਵਿਚ ਏਨੇ ਦਿਨ ਲੰਘ ਜਾਂਦੇ ਹਨ ਕਿ ਫੇਰ ਹੋਰ ਸਮਾ ਘੱਟ ਹੀ ਬਚਦਾ ਹੈ ਸੱਜਣਾਂ ਮਿੱਤਰਾਂ ਨੂੰ ਮਿਲਣ ਮਿਲਾਉਣ ਦਾ। ਹੋਰ ਵੀ ਚੰਗਾ ਕਾਰਜ ਇਕ ਇਸ ਵਾਰੀ ਇਹ ਹੋ ਗਿਆ ਕਿ ਬਹੁਤ ਸਾਲਾਂ ਤੋਂ ਹਰਭਜਨ ਸਿੰਘ ਬਾਜਵਾ ਫ਼ੋਟੋਗਰਾਫ਼ਰ ਆਖ ਰਿਹਾ ਸੀ ਕਿ ਮੈਨੂੰ ਉਸ ਨੇ ਕੁੱਲੂ ਵਾਲ਼ਾ ਦੁਸਹਿਰਾ ਵਿਖਾਲਣਾ ਹੈ। ਇਸ ਵਾਰ ਇਹ ਇੱਛਾ ਵੀ ਸਾਡੀ ਦੋਹਾਂ ਦੀ ਪੂਰੀ ਹੋ ਗਈ। ਦੋ ਹੋਰ ਸੱਜਣਾਂ ਨਾਲ਼ ਅਸੀਂ ਚਾਰ ਜਣਿਆਂ ਨੇ ਹਿਮਾਚਲ ਦੀ ਸੈਰ ਕਰ ਲਈ ਤੇ ਕੁੱਲੂ ਦੇ ਦੁਸਹਿਰੇ ਦੀਆਂ ਰੌਣਕਾਂ ਵੀ ਵੇਖ ਲਈਆਂ। ਅੰਮ੍ਰਿਤਸਰ ਦੇ ਪ੍ਰਸਿਧ ਪੱਤਰਕਾਰ ਅਤੇ ਸੁਹਿਰਦ ਸੱਜਣ ਵੱਲੋਂ, ਪਟਨਾ ਸਾਹਿਬ ਦੇ ਸਮਾਗਮ ਦੌਰਾਨ ਖਿੱਚ ਕੇ ਮੈਨੂੰ ਦਿਤੀਆਂ ਗਈਆਂ ਬਹੁਤ ਸਾਰੀਆਂ ਫ਼ੋਟੋਜ਼ ਵਾਂਗ ਹੀ, ਬਹੁਤ ਸਾਰੀਆਂ ਬਾਜਵਾ ਜੀ ਨੇ ਵੀ, ਹਿਮਾਚਲ ਦੀ ਯਾਤਰਾ ਦੀਆਂ ਖਿੱਚੀਆਂ ਹੋਈਆਂ ਫ਼ੋਟੋਜ਼ ਮੈਨੂੰ ਦਿਤੀਆਂ ਪਰ ਮੈਂ ਪਤਾ ਨਹੀਂ ਉਹਨਾਂ ਦੋਹਾਂ ਸੱਜਣਾਂ ਦੀਆਂ ਫ਼ੋਟੋਜ਼ ਨੂੰ ਕਿੱਥੇ ਰੱਖ ਬੈਠਾ ਹਾਂ। ਹੋ ਸਕਦਾ ਹੈ ਇਹ ਮੇਰੇ ਬੁਢੇ ਹੋ ਜਾਣ ਕਰਕੇ, ਭੁਲੱਕੜਪੁਣੇ ਦੀ ਨਿਸ਼ਾਨੀ ਹੋਵੇ ਜਾਂ ਮੁਫ਼ਤ ਮਿਲਣ ਵਾਲ਼ੀ ਵਸਤੂ ਪ੍ਰਤੀ ਸਾਡੀ ਅਣਗਹਿਲੀ ਵਾਲ਼ੀ ਸੋਚ ਇਸ ਦਾ ਕਾਰਨ ਹੋਵੇ!

ਖ਼ੈਰ, ਮੈਂ ਗੁਰਧਾਮਾਂ ਦੀ ਯਾਤਰਾ ਦਾ ਆਰੰਭ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਕੀਤਾ। ਆਸ਼ਾ ਇਹੀ ਹੁੰਦੀ ਹੈ ਕਿ ਅਜਿਹੀ ਯਾਤਰਾ ਦੌਰਾਨ ਧਾਰਮਿਕ ਸਥਾਨਾਂ ਦੀ ਯਾਤਰਾ ਦੇ ਨਾਲ਼ ਨਾਲ਼ ਨਵੇਂ ਪੁਰਾਣੇ ਸੱਜਣਾਂ ਮਿੱਤਰਾਂ ਨਾਲ਼ 'ਸਾਹਬ ਸਲਾਮਤ' ਹੋ ਜਾਂਦੀ ਹੈ ਤੇ ਨਾਲ਼ੇ ਉਹਨਾਂ ਨੂੰ ਆਪਣੀਆਂ ਨਵੀਆਂ ਛਪੀਆਂ ਕਿਤਾਬਾਂ ਭੇਟਾ ਹੋ ਜਾਂਦੀਆਂ ਹਨ। ਗੁਰਦੁਆਰਾ ਸਾਹਿਬ ਦੀ ਸਰਾਂ ਵਿਚ ਠਹਿਰਾ ਸਮੇ ਮੇਰੀ ਨਿਗਾਹ ਇਕ ਅਜਿਹੇ ਵਿਅਕਤੀ ਦੇ ਫ਼ੋਨ ਨੰਬਰ 'ਤੇ ਪੈ ਗਈ ਜੋ ਇਸ ਸਮੇ ਚੰਡੀਗੜ੍ਹ ਵਿਚ, ਬਹੁਤ ਵੱਡੀ ਸਰਕਾਰੀ ਪਦਵੀ ਉਪਰ ਸੇਵਾ ਕਰ ਰਿਹਾ ਹੈ ਤੇ ਮੇਰੀਆਂ ਲਿਖਤਾਂ ਦਾ, ਅੰਮ੍ਰਿਤਸਰ ਦੇ ਸਮੇ ਤੋਂ ਹੀ ਪ੍ਰਸੰਸਕ ਹੈ। ਉਮਰ ਵਿਚ ਮੇਰੇ ਤੋਂ ਅਗਲੀ ਪੀਹੜੀ ਦਾ ਹੈ। ਮੈਂ ਫ਼ੋਨ ਕੀਤਾ ਤਾਂ ਅੱਗੋਂ ਉਹ ਸੱਜਣ ਖ਼ੁਦ ਹੀ ਬੋਲ ਪਏ। ਫ਼ਤਿਹ ਤੋਂ ਬਾਅਦ ਕਹਿਣ ਲੱਗੇ ਕਿ ਮੈਂ ਤਾਂ ਤੁਹਾਡੀਆਂ ਕਿਤਾਬਾਂ ਲੈਣ ਵਾਸਤੇ ਉਚੇਚਾ ਅੰਮ੍ਰਿਤਸਰ ਜਾਣਾ ਸੀ। ਚੰਗਾ ਹੋਇਆ ਤੁਸੀਂ ਨੇੜੇ ਹੀ ਆ ਗਏ ਹੋ ਤੇ ਹੁਣ ਜ਼ਰੂਰ ਮਿਲ਼ ਕੇ ਜਾਓ। ਅਗਲੇ ਦਿਨ ਮੈਂ ਬੱਸ 'ਤੇ ਬੈਠ ਕੇ ਅਨੰਦਪੁਰ ਸਾਹਿਬ ਤੋਂ ਚੰਡੀਗੜ੍ਹ

ਪਹੁੰਚ ਗਿਆ। ਅੱਗੇ ਬੱਸ ਅੱਡੇ ਉਪਰ ਉਹਨਾਂ ਦਾ ਭੇਜਿਆ ਹੋਇਆ ਇਕ ਅਫ਼ਸਰ ਉਡੀਕ ਰਿਹਾ ਸੀ। ਅਸੀਂ ਉਸ ਸੱਜਣ ਦੇ ਦਫ਼ਤਰ ਪਹੁੰਚ ਗਏ। ਅੱਗੇ ਉਹ ਲੰਚ ਕਰਨ ਲਈ ਘਰ ਗਏ ਹੋਏ ਸਨ। ਸਟਾਫ਼ ਨੇ ਮੈਨੂੰ ਚਾਹ ਪਾਣੀ ਪੁੱਛਿਆ ਪਰ ਮੈਂ ਕਿਹਾ ਕਿ ਉਹਨਾਂ ਦੇ ਆਉਣ 'ਤੇ ਹੀ ਪੀਆਂਗੇ। ਨਾਂ ਮੈਂ ਉਸ ਚੰਗੇ ਸੱਜਣ ਦਾ ਜਾਣ ਬੁਝ ਕੇ ਨਹੀਂ ਲਿਖ ਰਿਹਾ।

ਥੋਹੜੇ ਸਮੇ ਪਿੱਛੋਂ ਲੰਚ ਕਰ ਕੇ ਉਹ ਵੀ ਆ ਗਏ। ਚਾਹ ਪਾਣੀ ਸਮੇ ਵਿਚਾਰ ਵਟਾਂਦਰਾ ਹੋਇਆ। ਮੈਂ ਆਪਣੀਆਂ ਨਵੀਆਂ ਛਪੀਆਂ ਦੋਵੇਂ ਕਿਤਾਬਾਂ ਉਹਨਾਂ ਦੀ ਸੇਵਾ ਵਿਚ ਭੇਟਾ ਕਰ ਦਿਤੀਆਂ। ਸਦਾ ਵਾਂਗ ਉਹਨਾਂ ਨੇ ਆਪਣੇ ਇਕ ਸੁਬਾਰਡੀਨੇਟ ਤੋਂ ਲਫ਼ਾਫ਼ੇ ਵਿਚ ਪੰਜ ਸੌ ਰੁਪਇਆ ਪੁਆਇਆ ਤੇ ਮੈਨੂੰ ਦੇ ਦਿਤਾ ਜੋ ਮੈਂ ਸਦਾ ਹੀ ਉਹਨਾਂ ਕੋਲ਼ੋਂ, ਬਿਨਾ ਨਾਂਹ ਨੁੱਕਰ ਕਰਨ ਦੇ ਲੈ ਲੈਂਦਾ ਹਾਂ; ਇਸ ਵਾਰੀ ਵੀ ਲੈ ਲਿਆ। ਫਿਰ ਮੈਂ ਆਖਿਆ ਕਿ ਅਧੀ ਸਦੀ ਬਾਅਦ ਚੰਡੀਗੜ੍ਹ ਆਇਆ ਹਾਂ ਤੇ ਭਲ਼ਕੇ ਸਾਰਾ ਦਿਨ ਮੈਂ ਏਥੇ ਘੁੰਮਣਾ ਹੈ। ਮੇਰਾ ਰਾਤ ਰਹਿਣ ਦਾ ਪ੍ਰਬੰਧ ਕਰ ਦਿਓ। ਉਸ ਸੋਹਣੇ ਸੱਜਣ ਨੇ ਪੋਲੀਸ ਆਫ਼ੀਸਰਜ਼ ਮੈਸ ਵਿਚ ਮੇਰਾ ਟਿਕਾਣਾ ਕਰਵਾ ਦਿਤਾ ਤੇ ਇਕ ਕਾਰ ਵਾਲ਼ੇ ਦੀ ਡਿਊਟੀ ਲਗਾ ਦਿਤੀ ਕਿ ਉਹ ਸਵੇਰੇ ਮੈਨੂੰ ਸਾਰੀ ਦਿਹਾੜੀ ਚੰਡੀਗੜ੍ਹ ਦੀ ਯਾਤਰਾ ਕਰਵਾਏਗਾ। ਇਹ ਰਿਹਾਇਸ਼ ਵੀ ਪਟਨੇ ਸਾਹਿਬ ਵਾਲ਼ੇ, ਪਤਾ ਨਹੀਂ ਕਿੰਨੇ ਤਾਰਾ ਹੋਟਲ 'ਮੌਰੀਆ' ਵਰਗੀ ਹੀ ਸੀ।

ਅੱਠ ਨਵੰਬਰ ਦੀ ਰਾਤ ਨੂੰ ਮੈਸ ਵਿਚੋਂ ਰੋਟੀ ਖਾ ਕੇ ਮੈਂ ਜਦੋਂ ਮੰਜੇ ਉਪਰ ਪਿਆ ਟੀਵੀ ਤੋਂ ਖ਼ਬਰਾਂ ਵੇਖ ਰਿਹਾ ਸਾਂ ਤਾਂ ਸਵਾ ਕੁ ਅੱਠ ਵਜੇ ਮੋਦੀ ਸਾਹਿਬ ਨੇ, ਇਕੋ ਝਟਕੇ ਨਾਲ਼ ਮੈਨੂੰ ਕੰਗਾਲ ਕਰ ਦਿਤਾ। ਉਸ ਨੇ ਪੰਜ ਸੌ ਤੇ ਹਜ਼ਾਰ ਰੁਪਏ ਵਾਲ਼ੇ ਨੋਟਾਂ ਉਪਰ ਲਾਲ ਲਕੀਰ ਫੇਰ ਦਿਤੀ। ਸਵੇਰੇ ਜੇਬ ਵਿਚ ਬਾਕੀ ਪੈਸੇ ਗਿਣੇ ਤਾਂ ਉਹ ਕੁੱਲ ਇਕ ਸੌ ਕੁਝ ਹੀ ਰੁਪਏ ਮਿਲ਼ੇ। ਮੇਹਰਬਾਨ ਸੱਜਣ ਜੀ ਦਾ ਭੇਜਿਆ ਹੋਇਆ ਕਾਰ ਵਾਲ਼ਾ ਸੱਜਣ ਵੀ ਆ ਗਿਆ ਜਿਸ ਨੇ ਮੈਨੂੰ ਸਾਰਾ ਦਿਨ ਚੰਡੀਗੜ੍ਹ ਵਿਚ ਘੁਮਾਉਣਾ ਸੀ। ਚਲੋ, ਕਾਰ ਤਾਂ ਮੁਫ਼ਤ ਸੀ ਤੇ ਸ਼ਾਇਦ ਪੈਟਰੌਲ ਵੀ ਇਸ ਵਿਚ ਨਾ ਪਾਉਣਾ ਪੈਂਦਾ ਪਰ ਸਾਰਾ ਦਿਨ ਖਾਣਾ, ਪੀਣਾ, ਰੋਟੀ, ਕੁਝ ਸਥਾਨਾਂ ਦੀਆਂ ਟਿਕਟਾਂ ਦੇ ਪੈਸੇ ਤਾਂ ਲੋੜੀਂਦੇ ਹੀ ਸਨ! ਇਸ ਲਈ ਕਾਰ ਵਾਲ਼ੇ ਸੱਜਣ ਨੂੰ ਤਾਂ ਮੈਂ ਵਿਦਾ ਕਰ ਦਿਤਾ ਪਰ ਉਸ ਨੇ ਆਖਿਆ ਕਿ ਉਹ ਮੈਨੂੰ ਬੱਸ ਅੱਡੇ ਉਪਰ ਛੱਡ ਦਿੰਦਾ ਹੈ। ਜਲੰਧਰ ਵਾਲ਼ੀ ਬੱਸ ਦੀ ਉਡੀਕ ਵਿਚ, ਸਿਡਨੀ ਵਿਚ ਆਪਣੇ ਪੁੱਤਰ ਕੋਲ਼ ਆਏ ਹੋਏ ਵਿਦਵਾਨ ਲੇਖਕ, ਖੱਬੇ ਪੱਖੀ ਵਿਚਾਰਧਾਰਾ ਵਾਲ਼ੇ ਸੱਜਣ, ਸ. ਨਿਰਮਲ ਸਿੰਘ ਨੋਕਵਾਲ਼ ਨੇ, ਪੰਚਕੂਲਾ ਦੇ ਵਸਨੀਕ ਆਪਣੇ ਦਾਮਾਦ ਦਾ ਫ਼ੋਨ ਮੈਨੂੰ ਦਿਤਾ ਹੋਇਆ ਸੀ ਤੇ ਆਖਿਆ ਸੀ ਉਸ ਨੂੰ ਜ਼ਰੂਰ ਮਿਲਣਾ। ਉਹ ਮੈਨੂੰ ਸਾਰੇ ਪਾਸੇ ਘੁਮਾ ਦੇਵੇਗਾ। ਉਸ ਨੂੰ ਬੱਸ ਅੱਡੇ ਤੋਂ ਫ਼ੋਨ ਲਾਇਆ ਤੇ ਉਸ ਦਾ ਜਵਾਬ ਆਇਆ, "ਉਡੀਕੋ, ਮੈਂ ਹੁਣੇ ਆਇਆ।" ਪਰ ਮੈਂ ਜੇਬੋਂ ਖ਼ਾਲੀ ਹੋਣ ਕਰਕੇ ਉਸ ਬੱਚੇ ਨੂੰ ਖੇਚਲ ਦੇਣੀ ਠੀਕ ਨਾ ਸਮਝੀ ਤੇ ਉਸ ਨੂੰ

ਆਉਣ ਤੋਂ ਰੋਕ ਦਿਤਾ ਤੇ ਆਖਿਆ ਕਿ ਫੇਰ ਕਿਸੇ ਸਮੇ ਸਹੀ। ਇਹ ਪੈਸੇ, ਜਿਸ ਨੂੰ ਮਾਇਆ ਵੀ ਆਖਿਆ ਜਾਂਦਾ ਹੈ ਤੋਂ ਬਿਨਾ ਕਿਤੇ ਵੀ ਨਹੀਂ ਸਰਦਾ। ਇਸ ਦੌਲਤ ਦੇ ਹੌਸਲੇ ਨਾਲ਼ ਹੀ ਮਨੁੱਖ ਤੁਰਿਆ ਫਿਰਦਾ ਹੈ ਤੇ ਮੈਂ ਵੀ ਇਸ ਮਸਲੇ ਵਿਚ ਕੋਈ ਅਪਵਾਦ ਨਹੀਂ ਹਾਂ। ਧਨ ਚਾਹੇ ਤਿਜੌਰੀ ਵਿਚ ਹੋਵੇ ਤੇ ਚਾਹੇ ਜ਼ਮੀਨ ਵਿਚ ਦੱਬਿਆ ਹੋਇਆ ਜਾਂ ਬੈਂਕ ਵਿਚ ਜਮ੍ਹਾਂ ਹੋਵੇ, ਮਨੁੱਖ ਦੇ ਚੇਹਰੇ, ਤੋਰੇ ਫੇਰੇ, ਬੋਲ ਚਾਲ ਤੇ ਡੀਲ ਡੌਲ ਤੋਂ ਹੀ ਪਰਗਟ ਹੋ ਜਾਂਦਾ ਹੈ। ਗੁਰਬਾਣੀ ਵੀ ਆਖਦੀ ਹੈ, "ਨਿਰਧਨ ਆਦਰੁ ਕੋਈ ਨ ਦੇਇ ॥" ਸੱਜਣ ਠੱਗ ਨੇ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚੇਹਰੇ ਦੀ ਆਭਾ ਵੇਖ ਕੇ ਹੀ ਗੁਰੂ ਜੀ ਦੇ ਧੰਨਵਾਨ ਹੋਣ ਦਾ ਅੰਦਾਜ਼ਾ ਲਾ ਕੇ, ਉਹਨਾਂ ਨੂੰ ਲੁੱਟਣ ਲਈ ਉਚੇਚਾ ਤਰੱਦਦ ਕੀਤਾ ਸੀ ਪਰ ਉਸ ਭੋਲ਼ੇ ਨੂੰ ਨਹੀਂ ਸੀ ਪਤਾ ਕਿ ਗੁਰੂ ਜੀ ਦੇ ਮੁਖ ਦੀ ਇਹ ਆਭਾ ਨਾਮ ਧਨ ਦੀ ਹੈ ਨਾ ਕਿ ਸੰਸਾਰੀ ਧਨ ਦੀ।

ਮੇਰੀ ਤਾਂ ਮੋਦੀ ਨੇ ਸਾਰੀ ਫੂਕ ਹੀ ਕੱਢ ਦਿਤੀ। ਮੈਂ ਤਾਂ ਜਦੋਂ ਹਿੰਦੁਸਤਾਨ, ਪਾਕਿਸਤਾਨ ਤੇ ਅਫ਼ਰੀਕਨ ਮੁਲਕਾਂ ਦੀ ਯਾਤਰਾ 'ਤੇ ਹੋਵਾਂ ਤਾਂ ਪੈਸੇ ਵਰਤਣ ਸਮੇ ਗਿਣਤੀਆਂ ਮਿਣਤੀਆਂ ਵਿਚ ਨਹੀਂ ਪੈਂਦਾ। ਉਤਲੀਆਂ ਜੇਬਾਂ ਵਿਚ ਲੋਕਲ ਕਰੰਸੀ ਗਿਣਤੀ ਤੋਂ ਬਿਨਾ ਹੀ ਰੱਖਦਾ ਹਾਂ। ਜਿਥੇ ਲੋੜ ਹੋਵੇ, ਬੇਫ਼ਿਕਰੀ ਨਾਲ਼ ਵਰਤ ਲਈ ਜਾਂਦੀ ਹੈ। ਕਾਰਨ ਇਹ ਹੈ ਕਿ ਸਾਡੇ ਇਕ ਡਾਲਰ ਦੇ ਉਹਨਾਂ ਮੁਲਕਾਂ ਵਿਚ ਬਹੁਤ ਸਾਰੇ ਰੁਪਏ ਬਣ ਜਾਂਦੇ ਹਨ ਤੇ ਖ਼ਰਚਣ ਸਮੇ ਅਸੀਂ ਡਾਲਰ ਹੀ ਗਿਣਦੇ ਹਾਂ। ਏਥੇ ਭਾਵੇਂ ਖ਼ਰਚਣ ਸਮੇ ਅਸੀਂ ਉਹਨਾਂ ਦਾ ਤਸੱਵਰ ਰੁਪਇਆਂ ਵਿਚ ਕਰਦੇ ਹਾਂ। ਇਹ ਵੀ ਕਾਰਨ ਹੈ ਕਿ ਸਾਡੇ ਵਿਚੋਂ ਬਹੁਤੇ ਲੋਕ ਬਾਹਰੋਂ ਆਪਣੇ ਦੇਸ ਜਾ ਕੇ, ਖ਼ੁਦ ਨੂੰ ਖੁਲ੍ਹਾ ਖ਼ਰਚ ਕਰ ਸਕਣ ਦੇ ਸਮਰੱਥ ਸਮਝਦੇ ਹਨ। ਜਦੋਂ ਮੈਂ ਆਪਣੇ ਸੱਜਣਾਂ ਤੇ ਰਿਸ਼ਤੇਦਾਰਾਂ ਕੋਲ਼ ਜਾਂਦਾ ਹਾਂ ਤਾਂ ਇਹ ਉਲ਼ਟ ਹੋ ਜਾਂਦਾ ਹੈ। ਉਹ ਮੈਨੂੰ, ਗੁਰੂ ਦੀ ਕਿਰਪਾ ਸਦਕਾ, ਮਾਇਕ ਪੱਖੋਂ ਮੇਰੇ ਨਾਲ਼ੋਂ ਕਿਤੇ ਵਧੇਰੇ ਸਮਰੱਥਾਵਾਨ ਦਿਸਦੇ ਹਨ ਤੇ ਮੈਂ ਉਹਨਾਂ ਦੇ ਸਾਹਮਣੇ ਖ਼ੁਦ ਨੂੰ ਕਿਤੇ ਘੱਟ।

ਮੁੱਕਦੀ ਗੱਲ ਕਿ ਮੈਂ ਚੰਡੀਗੜ੍ਹੋਂ ਜਲੰਧਰ ਵਾਲ਼ੀ ਬੱਸ ਵਿਚ ਬਹਿ ਗਿਆ। ਕੰਡਕਟਰ ਨਾਲ਼ ਵੱਡੇ ਛੋਟੇ ਨੋਟਾਂ ਬਾਰੇ ਕੁਝ ਤਕਰਾਰ ਹੋਇਆ। ਮੈਂ ਉਸ ਨੂੰ ਜਦੋਂ ਪੰਜ ਸੌ ਦਾ ਨੋਟ ਜਲੰਧਰ ਦੀ ਟਿਕਟ ਲੈਣ ਵਾਸਤੇ ਦਿਤਾ ਤਾਂ ਉਹ ਛੋਟੇ ਨੋਟ ਮੰਗੇ ਜੋ ਕਿ ਮੇਰੇ ਕੋਲ਼ ਇਕ ਸੌ ਕੁਝ ਰੁਪਏ ਹੀ ਸਨ ਤੇ ਮੈਂ ਕੰਜੂਸ ਵਾਂਗ ਉਹਨਾਂ ਨੂੰ ਹੱਥੋਂ ਛੱਡਣਾ ਨਹੀਂ ਸੀ ਚਾਹੁੰਦਾ। ਅਖ਼ੀਰ ਉਸ ਵਿਚਾਰੇ ਨੇ ਪੰਜ ਸੌ ਦਾ ਨੋਟ ਮੇਰੇ ਤੋਂ ਲੈ ਲਿਆ ਤੇ ਟਿਕਟ ਦੇ ਨਾਲ਼ ਭਾਨ ਵੀ ਮੋੜ ਦਿਤਾ। ਏਥੋਂ ਤੱਕ ਕਿ ਪੰਜਾਬ ਦੇ ਕੰਡਕਟਰਾਂ ਵੱਲੋਂ ਵਰਤੇ ਜਾਂਦੇ ਆਮ ਰਿਵਾਜ ਅਨੁਸਾਰ, ਉਸ ਨੇ ਮੇਰੇ ਟਿਕਟ ਉਪਰ ਵੀ ਨਹੀਂ ਲਿਖਿਆ, ਬਚਦੇ ਰੁਪਏ ਓਸੇ ਸਮੇ ਟਿਕਟ ਦੇ ਨਾਲ਼ ਹੀ ਮੋੜ ਦਿਤੇ। ਸ਼ਾਇਦ ਉਸ ਨੇ ਮੇਰੀ ਚਿੱਟੀ ਦਾਹੜੀ ਤੇ ਨੀਲੀ ਪੱਗ ਦਾ ਲਿਹਾਜ਼ ਕਰ ਲਿਆ ਜਾਂ ਵੈਸੇ ਹੀ ਇਹ ਉਸ ਦੀ ਸ਼ਰਾਫ਼ਤ ਸੀ। ਉਹਨਾਂ ਦਿਨਾਂ ਵਿਚ

ਸਰਕਾਰ ਵੀ ਪੰਜਾਬ ਵਿਚ ਨੀਲਿਆਂ ਦੀ ਹੀ ਸੀ। ਜਲੰਧਰ ਜਾ ਕੇ ਅੰਮ੍ਰਿਤਸਰ ਦੀ ਬੱਸ ਵਿਚ ਵੀ ਏਹੋ ਕੁਝ ਦੁਹਰਾਇਆ ਗਿਆ। ਨੌਂ ਨਵੰਬਰ ਨੂੰ ਮੈਂ ਅੰਮ੍ਰਿਤਸਰ ਛੋਟੇ ਭਰਾ ਸ. ਸੇਵਾ ਸਿੰਘ ਦੇ ਘਰ ਪਹੁੰਚ ਗਿਆ।

ਘਰ ਪਹੁੰਚ ਕੇ ਛੋਟੇ ਭਰਾ ਨਾਲ਼ ਇਸ ਨੋਟਬੰਦੀ ਵਾਲ਼ੀ ਅਲੋਕਾਰੀ ਰੱਬੋਂ ਪਈ ਮੁਸੀਬਤ ਬਾਰੇ ਵਿਚਾਰ ਵਟਾਂਦਰਾ ਹੋਇਆ। ਉਸ ਦਾ ਵਿਚਾਰ ਸੀ ਕਿ ਇਸ ਦਾ ਕੁਝ ਵੀ ਲਾਭ ਨਹੀਂ ਹੋਣਾ। ਮੇਰੇ ਵਿਚਾਰ ਸਨ ਕਿ ਜੇਹੜੇ ਨਕਲੀ ਇਸ ਸਮੇ ਨੋਟ ਚੱਲ ਰਹੇ ਹਨ ਉਹ ਤਾਂ ਇਕ ਦਮ ਬੇਕਾਰ ਹੋ ਗਏ ਨਾ! ਉਸ ਦਾ ਵਿਚਾਰ ਸੀ ਕਿ ਫੇਰ ਨਾ ਨਕਲੀ ਛਪਣਗੇ! ਮੇਰਾ ਵਿਚਾਰ ਸੀ ਕਿ ਕੁਝ ਸਮਾ ਤਾਂ ਲੱਗੇਗਾ ਹੀ ਨਵੇਂ ਨਕਲੀ ਨੋਟ ਛਾਪਣ ਵਿਚ ਪਰ ਭਰਾ ਦੀਆਂ ਦਲੀਲਾਂ ਇਸ ਨੋਟਾਂ ਦੀ ਬਦਲੀ ਵਾਲ਼ੇ ਨਿਕੰਮੇ ਕੰਮ ਦੇ ਪੂਰੀ ਤਰ੍ਹਾਂ ਵਿਰੁੱਧ ਸਨ। ਬੱਸ ਦੋ ਚਾਰ ਦਿਨਾਂ ਵਿਚ ਹੀ ਮਿਲੀਅਨਜ਼ ਦੀ ਗਿਣਤੀ ਵਿਚ ਨਵੇਂ ਦੋ ਹਜ਼ਾਰ ਦੇ ਨਕਲੀ ਨੋਟਾਂ ਦੇ ਫੜੇ ਜਾਣ ਦੀਆਂ ਖ਼ਬਰਾਂ ਛਪਣ ਲੱਗ ਪਈਆਂ। ਨਵੇਂ ਨੋਟ ਵੀ ਪੰਜ ਸੌ ਜਾਂ ਇਕ ਹਜ਼ਾਰ ਦੇ ਛਪਣ ਦੀ ਬਜਾਇ, ਦੋ ਹਜ਼ਾਰ ਦੇ ਹੀ ਸ਼ੁਰੂ ਹੋਏ ਤੇ ਉਹ ਵੀ, ਦਿਹਾੜੀਆਂ ਭੰਨ ਕੇ, ਭੁੱਖੇ ਤਿਹਾਏ ਕਤਾਰਾਂ ਵਿਚ ਖਲੋ ਕੇ, ਕਿਸੇ ਵਿਰਲੇ ਹੀ ਸ਼ਰੀਫ਼ ਬੰਦੇ ਦੇ ਹਿੱਸੇ ਆਉਂਦੇ। ਜੇ ਮਿਲ਼ ਵੀ ਜਾਣ ਤਾਂ ਉਸ ਨੇ ਦੋ ਜਾਂ ਤਿੰਨ ਸੌ ਰੁਪਏ ਦੀ ਸਬਜ਼ੀ ਜੇ ਖ਼ਰੀਦਣੀ ਹੋਵੇ ਤਾਂ ਬਾਕੀ ਸਤਾਰਾਂ ਅਠਾਰਾਂ ਸੌ ਦੁਕਾਨਦਾਰ ਉਸ ਨੂੰ ਕਿਥੋਂ ਮੋੜੂ! ਹਾਂ, ਬੇਈਮਾਨਾਂ ਦੀ ਚਾਂਦੀ ਨਹੀਂ, ਸੋਨਾ ਬਣ ਗਈ। ਉਹਨਾਂ ਪਾਸ ਨਕਲੀ ਵੀ ਤੇ ਅਸਲੀ ਵੀ ਨੋਟਾਂ ਦੀ ਭਰਮਾਰ ਹੋ ਗਈ। ਉਹਨਾਂ ਆਪਣਾ ਸਾਰਾ ਕਾਲ਼ਾ ਧਨ ਚਿੱਟਾ ਕਰ ਲਿਆ। ਕੇਹੜੇ ਕੇਹੜੇ ਤਰੀਕਿਆਂ ਨਾਲ਼ ਕੀਤਾ, ਇਹ ਵਰਨਣ ਬਹੁਤ ਵਿਸਥਾਰ ਮੰਗਦਾ ਹੈ।

ਆਲ਼ੇ ਦੁਆਲ਼ੇ ਵੀ ਇਸ ਦਾ ਮਾਰੂ ਅਸਰ ਵੇਖਣ ਵਿਚ ਆਇਆ। ਬਾਜ਼ਾਰਾਂ ਦੀ ਸਾਰੀ ਰੌਣਕ ਹੀ ਜਾਂਦੀ ਰਹੀ। ਰਿਕਸ਼ੇ ਵਾਲ਼ਿਆਂ, ਰੇਹੜੀਆਂ, ਫੜ੍ਹੀਆਂ, ਛੋਟੇ ਦੁਕਾਨਦਾਰਾਂ, ਫੇਰੀ ਵਾਲ਼ਿਆਂ, ਮੰਗਤਿਆਂ, ਆਦਿ ਨਾਲ਼ ਗ਼ਰੀਬ ਮਾਰ ਹੋ ਗਈ। ਧਰਮਸਥਾਨ ਵੀ ਇਸ ਦੀ ਮਾਰ ਤੋਂ ਨਾ ਬਚ ਸਕੇ। ਮੇਰੇ ਭਰਾ ਦੇ ਘਰ ਨੂੰ ਜਾਣ ਸਮੇ ਰਾਹ ਵਿਚ ਸਬਜ਼ੀਆਂ ਤੇ ਫਲ ਵੇਚਣ ਵਾਲ਼ਿਆਂ ਦੀਆਂ ਰੇਹੜੀਆਂ ਤੇ ਫੜ੍ਹੀਆਂ ਦੀ ਭਰਮਾਰ ਹੁੰਦੀ ਸੀ। ਦੁਪਹਿਰ ਤੋਂ ਬਾਅਦ ਓਥੇ ਮੇਲੇ ਵਰਗਾ ਮਾਹੌਲ ਹੁੰਦਾ ਸੀ। ਰੋਜ਼ ਸ਼ਾਮ ਨੂੰ ਲੋਕ ਸਬਜ਼ੀ ਤੇ ਫਲ ਖ਼ਰੀਦਦੇ ਸਨ। ਓਥੇ ਹੁਣ ਚੁੱਪ ਚਾਂਦ ਹੋ ਗਈ। ਜਦੋਂ ਖ਼ਰੀਦਣ ਵਾਲ਼ਾ ਹੀ ਨਾ ਆਇਆ ਤਾਂ ਵੇਚਣ ਵਾਲ਼ੇ ਵਿਚਾਰੇ ਕਿਸ ਵਾਸਤੇ ਆਉਂਦੇ! ਗਾਹਕ ਕੋਈ ਤਾਂ ਹੀ ਆਉਂਦਾ ਜੇ ਉਸ ਕੋਲ਼ ਕੁਝ ਖ਼ਰੀਦਣ ਲਈ ਪੈਸੇ ਹੁੰਦੇ। ਪੈਸੇ ਤਾਂ ਇਕੋ ਐਲਾਨ ਨਾਲ਼ ਮੋਦੀ ਨੇ ਸਾਰੇ ਰੱਦੀ ਕਾਗਤ ਬਣਾ ਦਿਤੇ ਸਨ। ਮੈਂ ਆਪਣੀ ਮਿਸਾਲ ਦਿੰਦਾ ਹਾਂ ਕਿ ਜਦੋਂ ਵੀ ਮੈਂ ਅੰਮ੍ਰਿਤਸਰ ਜਾਂਦਾ ਹਾਂ ਤੇ ਓਥੇ ਟਿਕਣ ਸਮੇ ਸਵੇਰੇ ਦਰਬਾਰ ਸਾਹਿਬ ਜਾਂਦਾ ਹਾਂ। ਕੁਝ ਨਾ ਕੁਝ ਤਿਲ ਫੁੱਲ ਮੱਥਾ ਵੀ ਟੇਕਣਾ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਪ੍ਰਸੰਗ ਸੁਣਾ ਰਹੇ ਢਾਡੀ ਜਥੇ ਅੱਗੇ ਵੀ ਸੌ/ਪੰਜਾਹ

ਦਾ ਨੋਟ ਰੱਖਣਾ। ਫਿਰ ਮੁੜਦਿਆਂ ਹੋਇਆਂ ਕੋਈ ਮਨਪਸੰਦ ਫਲ਼ ਜਾਂ ਸਬਜ਼ੀ ਵੀ ਖ਼ਰੀਦਣੀ। ਇਹ ਸਭ ਕੁਝ ਬੰਦ ਹੋ ਗਿਆ ਤੇ ਇਉਂ ਹੀ ਬਾਕੀ ਲੋਕਾਂ ਦਾ ਹਾਲ ਵੀ ਹੋਇਆ ਹੋਵੇਗਾ। ਲੋਕੀਂ ਰਿਕਸ਼ੇ ਦੇ ਵੀ ਦਸ ਦਸ ਵੀਹ ਵੀਹ ਰੁਪਏ ਬਚਾਉਣ ਲੱਗ ਪਏ। ਮੇਰਾ ਇਕ ਆਰਥਿਕ ਪੱਖੋਂ ਸਮਰੱਥਾਵਾਨ ਮਿੱਤਰ ਹੈ ਜੋ ਕਿ ਮੇਰੀ ਹਰੇਕ ਦੇਸ ਯਾਤਰਾ ਸਮੇ, ਖਾਣ ਪੀਣ ਤਾਂ ਕਿਧਰੇ ਰਿਹਾ, ਕਾਰ ਤੱਕ ਵੀ ਉਹਨਾਂ ਦੀ ਡਰਾਈਵਰ ਸਣੇ ਮੈਂ ਸਮੇ ਸਮੇ ਵਰਤ ਲੈਂਦਾ ਸਾਂ। ਉਹ ਕਿਤੇ ਵੀ ਮੈਨੂੰ ਕੁਝ ਖ਼ਰਚਣ ਨਹੀਂ ਸਨ ਦਿੰਦੇ। ਮੋਦੀ ਦੀ ਕਿਰਪਾ ਦਾ ਇਹ ਅਸਰ ਹੋਇਆ ਕਿ ਇਕ ਦਿਨ ਅਸੀਂ ਦੋਵੇਂ ਘੰਟਾਘਰ ਤੋਂ ਰਿਕਸ਼ੇ ਉਪਰ ਬੈਠ ਕੇ ਸੁਲਤਾਨ ਵਿੰਡ ਗੇਟ ਤੱਕ ਆਏ ਤੇ ਰਿਕਸ਼ੇ ਦੇ ਵੀਹ ਰੁਪਏ ਬਣੇ। ਮੈਂ ਆਖਿਆ ਕਿ ਮੇਰੇ ਪਾਸ ਭੱਜੇ ਹੋਏ ਹਨ, ਮੈਂ ਦੇ ਦਿੰਦਾ ਹਾਂ। ਉਸ ਨੇ ਇਕ ਵਾਰ ਵੀ ਨਹੀਂ ਆਖਿਆ ਕਿ ਉਹ ਦੇ ਦਿੰਦਾ ਹੈ। ਉਸ ਦੇ ਘਰ ਦੀ ਰਸੋਈ ਗੁਰੂ ਕੇ ਲੰਗਰ ਵਾਂਗ ਹੀ ਖੁਲ੍ਹੀ ਚੱਲਦੀ ਹੈ। ਮੈਂ ਇਕ ਦਿਨ ਰਸੋਈ ਉਪਰ ਰੋਜ਼ਾਨਾ ਆਉਣ ਵਾਲ਼ੇ ਖ਼ਰਚ ਬਾਰੇ ਪੁੱਛਿਆ ਤਾਂ ਉਸ ਨੇ ਦੱਸਿਆ ਕਿ ਉਸ ਦੀ ਨੌਕਰਾਣੀ ਦਾ ਜਵਾਈ ਬੈਂਕ ਵਿਚ ਨੌਕਰੀ ਕਰਦਾ ਹੈ ਤੇ ਉਹ ਹਰ ਰੋਜ਼ ਬੈਂਕ ਵਿਚ ਜਾ ਕੇ ਦੋ ਹਜ਼ਾਰ ਰੁਪਏ ਉਸ ਦੀ ਰਾਹੀਂ ਲਿਆ ਕੇ ਦਿੰਦੀ ਹੈ। ਤੀਹ ਰੁਪਏ ਉਸ ਨੂੰ, ਬੈਂਕ ਵਿਚ ਜਾਣ ਆਉਣ ਲਈ ਰਿਕਸ਼ੇ ਦਾ ਕਰਾਇਆ ਵੀ ਦਿਤਾ ਜਾਂਦਾ ਹੈ। ਕਰਿਆਨੇ ਵਾਲ਼ੇ ਦੁਕਾਨਦਾਰਾਂ ਨਾਲ਼ ਦਹਾਕਿਆਂ ਤੋਂ ਬਣੀ ਹੋਈ ਹੋਣ ਕਰਕੇ, ਰਾਸ਼ਨ ਆਦਿ ਵਸਤਾਂ ਦਾ ਕੁਝ ਹੁਦਾਰ ਵੀ ਚੱਲ ਜਾਂਦਾ ਹੈ।

ਮੇਰਾ ਭਰਾ ਤੇ ਉਸ ਦਾ ਪੁੱਤਰ ਸਵੇਰੇ ਸਵੇਰੇ ਘਰੋਂ ਨਿਕਲ਼ ਜਾਇਆ ਕਰਨ। ਜਦੋਂ ਇਕ ਤਕਾਲ਼ਾਂ ਨੂੰ ਮੁੜੇ ਤਾਂ ਮੈਂ ਪੁੱਛਿਆ ਕਿ ਉਹ ਸਾਰੀ ਦਿਹਾੜੀ ਕਿਥੇ ਰਹਿੰਦੇ ਹਨ! ਤਾਂ ਭਰਾ ਨੇ ਜਵਾਬ ਦਿਤਾ, "ਅਸੀਂ ਰਾਸ਼ਣ ਦਾ ਪ੍ਰਬੰਧ ਕਰਨ ਜਾਂਦੇ ਹਾਂ। ਤੂੰ ਤੇ ਭਾਊ ਕਿਤਾਬਾਂ ਪੜ੍ਹੀ ਜਾਂਦਾ ਹੈਂ; ਅਸੀਂ ਦੋਵੇਂ ਪਿਉ ਪੁੱਤ ਸਵੇਰ ਤੋਂ ਬੈਂਕ ਦੀ ਕਤਾਰ ਵਿਚ ਖਲੋਂਦੇ ਹਾਂ।" ਮੈਂ ਸੋਚਿਆ ਕਿ ਪੰਜਾਬ ਐਂਡ ਸਿੰਧ ਬੈਂਕ ਵਿਚ ਜਾ ਕੇ ਮੈਂ ਵੀ ਆਪਣੀ ਕਿਸਮਤ ਅਜਮਾਈ ਕਰਾਂ ਪਰ ਜਦੋਂ ਓਥੇ ਜਾ ਕੇ ਸ਼ੈਤਾਨ ਦੀ ਆਂਤ ਜਿੰਨੀ ਲੰਮੀ ਕਤਾਰ ਵੇਖੀ ਤਾਂ ਹੌਸਲਾ ਹੀ ਨਾ ਪਿਆ ਉਸ ਵਿਚ ਖਲੋਣ ਦਾ। ਹਰ ਰੋਜ਼ ਪਿਓ ਪੁੱਤਾਂ ਨੂੰ ਤੀਸਰੇ ਦਿਨ ਸ਼ਾਮ ਸਮੇ ਬੈਂਕ ਵਿਚੋਂ ਦੋ ਹਜ਼ਾਰ ਰੁਪਏ ਮਿਲ਼ੇ। ਇਕ ਦਿਨ ਮੈਂ ਡਾਲਰ ਤੁੜਵਾਉਣ ਬੈਂਕ ਵਿਚ ਗਿਆ ਤਾਂ ਡੀਲ ਕਰਨ ਵਾਲ਼ੀ ਕੁੜੀ ਨੇ ਨਾਂਹ ਕਰ ਦਿਤੀ। ਨਾਲ਼ ਹੀ ਆਖਿਆ ਕਿ ਉਸ ਦਾ ਭਰਾ ਬਾਹਰੋਂ ਆਇਆ ਹੈ। ਉਸ ਨਾਲ਼ ਬੈਂਕ ਤੋਂ ਬਾਹਰੋ ਬਾਹਰ ਵਟਾਂਦਰਾ ਕਰ ਲਵਾਂ। ਇਹ ਕੁਝ ਮੈਂ ਕਰ ਨਾ ਸਕਿਆ। ਸ਼ਾਇਦ ਇਸ ਲਈ ਨਾ ਇਸ ਪੰਗੇ ਵਿਚ ਪਿਆ ਕਿ ਭਰਾ ਦੀ ਹਿੰਮਤ ਨਾਲ਼ ਮੈਨੂੰ ਖ਼ਰਚ ਪੱਠੇ ਦੀ ਕੋਈ ਮਜਬੂਰੀ ਨਹੀਂ ਸੀ ਕਿਉਂਕਿ ਭਰਾ ਦੇ ਘਰੋਂ ਪ੍ਰਸ਼ਾਦਾ ਪਾਣੀ ਮਿਲ਼ਦਾ ਸੀ। ਬਾਕੀ ਜੋ ਮੈਂ ਬਾਹਰ ਖ਼ਰਚ ਕਰਦਾ ਸੀ, ਉਸ ਤੋਂ ਆਪਣਾ ਹੱਥ ਖਿੱਚ ਲਿਆ।

ਇਹਨਾਂ ਦਿਨਾਂ ਵਿਚ ਹੀ ਮੇਰੇ ਮਿੱਤਰ ਸਿਡਨੀ ਦੇ ਵਸਨੀਕ, ਸ. ਸੁਰਿੰਦਰ ਸਿੰਘ ਸੋਹੀ ਜੀ ਦੇ ਪਰਵਾਰਕ ਘਰ ਜਗਰਾਉਂ ਵਿਖੇ, ਸਾਲਾਨਾ ਧਾਰਮਿਕ ਸਮਾਗਮ ਸੀ। ਸ. ਸੁਰਿੰਦਰ ਸਿੰਘ ਜੀ ਆਪਣੇ ਗੁਰਸਿੱਖ ਪਰਵਾਰ ਤੇ ਦੋ ਭਰਾਵਾਂ ਸਮੇਤ ਸਿਡਨੀ ਵਿਚ ਵਸਦੇ ਹਨ ਤੇ ਮੇਰੇ ਨਾਲ਼ ਸਨੇਹ ਰੱਖਦੇ ਹਨ। ਸਾਡੀ ਵਿਚਾਰਾਂ ਦੀ ਸਾਂਝ ਹੈ। ਉਸ ਸਮਾਗਮ ਵਿਚ ਜਾਣ ਲਈ ਮੈਂ ਭਰਾ ਕੋਲ਼ੋਂ ਪਹਿਲਾਂ ਦੀ ਤਰ੍ਹਾਂ ਹੀ ਖੁਲ੍ਹੇ ਗੱਫੇ ਦੀ ਆਸ ਰੱਖਦਾ ਸੀ ਪਰ ਉਸ ਨੇ ਪੈਸੇ ਦੇਣ ਸਮੇ ਵਾਹਵਾ ਝਿਜਕ ਵਿਖਾਈ। ਕਾਰਨ ਮੋਦੀ ਜੀ ਦੀ ਕਿਰਪਾ ਨਾਲ਼ ਹੋਈ ਨੋਟਬੰਦੀ ਹੀ ਸੀ। ਗਿਆਨੀ ਇਕਬਾਲ ਸਿੰਘ ਜੀ ਮੀਰਾਂਕੋਟ, ਸਾਬਕਾ ਹੈਡ ਪ੍ਰਚਾਰਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਤ, ਅਸੀਂ ਸਮੇ ਸਿਰ ਉਹਨਾਂ ਦੇ ਘਰ ਜਗਰਾਉਂ ਪਹੁੰਚ ਗਏ। ਧਾਰਮਿਕ ਸਮਾਗਮ ਦੀ ਹਾਜਰੀ ਭਰੀ। ਸ. ਸੁਰਿੰਦਰ ਸਿੰਘ ਜੀ ਦੇ ਘਰੋਂ ਸਤਿਕਾਰ ਯੋਗ ਭੈਣ ਜੀ, ਮਨਜੀਤ ਕੌਰ ਅਤੇ ਵੱਡੇ ਭਰਾ ਭਰਜਾਈ, ਸਰਦਾਰਨੀ ਪਰਮਜੀਤ ਕੌਰ ਅਤੇ ਸ. ਮਹਿੰਦਰ ਸਿੰਘ ਜੀ ਨੇ ਬਹੁਤ ਹੀ ਆਦਰ ਮਾਣ ਕੀਤਾ। 'ਧੰਨਵਾਦ' ਸ਼ਬਦ ਐਵੇਂ ਰਸਮੀ ਜਿਹਾ ਹੀ ਹੈ ਏਥੇ। ਧਾਰਮਿਕ ਸਮਾਗਮ ਦੀ ਸਮਾਪਤੀ ਪਿੱਛੋਂ ਮੀਰਾਂਕੋਟ ਜੀ ਨੇ ਤਾਂ ਵਾਪਸ ਅੰਮ੍ਰਿਤਸਰ ਨੂੰ ਚਾਲੇ ਪਾ ਦਿਤੇ ਪਰ ਮੈਂ ਅੱਗੇ ਰਾਜਪੁਰੇ ਨੂੰ ਜਾਣਾ ਸੀ।

ਸਵੇਰੇ ਸ. ਸੁਰਿੰਦਰ ਸਿੰਘ ਜੀ ਤੋਂ ਵਿਦਿਆ ਲੈਣ ਸਮੇ ਉਹਨਾਂ ਨੇ ਮਾਇਆ ਦੀ ਗੱਲ ਕੀਤੀ ਤਾਂ, "ਅੰਨ੍ਹਾ ਕੀ ਭਾਲ਼ੇ, ਦੋ ਅੱਖਾਂ?" ਮੈਂ ਖ਼ੁਸ਼ੀ ਸਹਿਤ ਆਖਿਆ ਕਿ ਜੇ ਨਵੀਂ ਕਰੰਸੀ ਵਿਚ ਕੁਝ ਮਾਇਆ ਦਾ ਪ੍ਰਬੰਧ ਹੋ ਸਕੇ ਤਾਂ ਕਿਆ ਕਹਿਣੇ! ਸ. ਸੁਰਿੰਦਰ ਸਿੰਘ ਜੀ ਨੇ ਇਕ ਦੁਕਾਨਦਾਰ ਦੇ ਕੰਨ ਵਿਚ ਪਤਾ ਨਹੀਂ ਕੀ ਫੂਕ ਮਾਰੀ ਕਿ ਉਸ ਨੇ ਦਸ ਦਸ ਵਾਲ਼ੇ ਨੋਟਾਂ ਦੇ ਡੇਢ ਹਜ਼ਾਰ ਰੁਪਏ ਉਹਨਾਂ ਨੂੰ ਫੜਾ ਦਿਤੇ ਤੇ ਉਹਨਾਂ ਨੇ ਅੱਗੋਂ ਮੈਨੂੰ ਫੜਾ ਕੇ ਕਿਹਾ, "ਲਵੋ, ਇਹਨਾਂ ਨਾਲ਼ ਚੱਲੂਗਾ ਕਿ ਹੋਰ ਪ੍ਰਬੰਧ ਕਰਾਂ!" ਮੈਂ ਆਖਿਆ, "ਦੌੜੂਗਾ।" ਹੈਰਾਨੀ ਇਸ ਗੱਲ ਦੀ ਹੈ ਕਿ ਆਮ ਹਾਲਤ ਵਿਚ ਦੁਕਾਨਦਾਰ, ਸਵੇਰ ਦੇ ਸਮੇ ਕਿਸੇ ਨੂੰ ਹੁਦਾਰ ਸੌਦਾ ਨਹੀਂ ਦਿੰਦਾ ਕਿ ਅਜੇ ਬੋਹਣੀ ਨਹੀਂ ਕੀਤੀ; ਸਵੇਰੇ ਸਵੇਰੇ ਪੰਦਰਾਂ ਸੌ ਰੁਪਏ ਸ. ਸੁਰਿੰਦਰ ਸਿੰਘ ਨੂੰ ਗੱਲੇ ਵਿਚੋਂ ਕੱਢ ਕੇ ਫੜਾ ਦਿਤੇ ਤੇ ਦੂਜੀ ਗੱਲ ਹੀ ਨਹੀਂ ਕੀਤੀ। ਭਾਵੇਂ ਕਿ ਸ. ਸੁਰਿੰਦਰ ਸਿੰਘ ਜੀ ਨੇ ਇਹ ਪੈਸੇ ਹੁਦਾਰ ਵਜੋਂ ਨਹੀਂ ਸਨ ਦਿਤੇ ਪਰ ਆਪਣੇ ਦਿਲੋਂ ਮੈਂ ਇਹ ਪੰਦਰਾਂ ਸੌ ਰੁਪਏ ਹੁਦਾਰ ਸਮਝ ਕੇ ਹੀ ਲਏ ਜੋ ਕਿ ਡੁਬਈ ਪਹੁੰਚ ਕੇ, ਓਥੋਂ ਦੀ ਕਰੰਸੀ ਵਿਚ ਮੋੜ ਦਿਤੇ।

ਜਗਰਾਵਾਂ ਤੋਂ ਬੱਸ ਫੜੀ ਤੇ ਮੈਂ ਰਾਜਪੁਰੇ ਜਾ ਉਤਰਿਆ। ਓਥੇ "ਲੋਕ ਸਾਹਿਤ ਸੰਗਮ (ਰਜਿ.) ਰਾਜਪੁਰਾ" ਵੱਲੋਂ ਮੈਨੂੰ ਉਚੇਚਾ ਸੱਦਿਆ ਗਿਆ ਸੀ। ਮੈਨੂੰ ਸੱਦਣ ਵਾਲ਼ੇ ਭੈਣ ਜੀ, ਮਨਜੀਤ ਕੌਰ ਅੰਬਾਲਵੀ ਰਾਜਪੁਰੇ ਨਹੀਂ, ਅੰਬਾਲ਼ੇ ਰਹਿੰਦੇ ਹੋਣ ਕਰਕੇ, ਮੈਂ ਆਪਣੇ ਪੁਰਾਣੇ ਮਿੱਤਰ, ਪੰਡਿਤ ਸੱਤ ਦੇਵ ਸ਼ਰਮਾ ਸ਼ਾਸਤਰੀ ਜੀ ਦੇ ਘਰ ਡੇਰਾ ਲਾਇਆ। ਏਥੇ ਪਿਛਲੀ ਯਾਤਰਾ ਸਮੇ ਮੈਂ ਆਪਣਾ ਕਛਹਿਰਾ, ਬੁਨੈਣ ਤੇ ਪਰਨਾ ਭੁੱਲ ਆਇਆ ਸਾਂ।

ਉਹ ਤਾਂ ਨਹੀਂ ਮਿਲਣੇ ਸਨ ਕਿਉਂਕਿ ਮੈਂ ਓਦੋਂ ਹੀ, ਜਦੋਂ ਉਹਨਾਂ ਨੇ ਮੈਨੂੰ ਇਹਨਾਂ ਬਸਤਰਾਂ ਦੇ, ਉਹਨਾਂ ਦੇ ਘਰ ਰਹਿ ਜਾਣ ਦੀ ਫ਼ੋਨ ਰਾਹੀਂ, ਸੂਚਨਾ ਦਿਤੀ ਤਾਂ ਸੱਤ ਦੇਵ ਜੀ ਨੂੰ ਆਖ ਦਿਤਾ ਸੀ ਕਿ ਕਿਵੇਂ ਉਹਨਾਂ ਨੂੰ ਬਿਲੇ ਲਾਇਆ ਜਾਵੇ। ਮੈਨੂੰ ਬੱਸ ਅੱਡੇ ਤੋਂ ਲੱਭ ਕੇ ਘਰ ਲਿਆਉਣ ਵਾਸਤੇ ਸੱਤ ਦੇਵ ਜੀ ਨੂੰ ਬੀਮਾਰੀ ਦੀ ਹਾਲਤ ਵਿਚ ਖਾਸੀ ਜਦੋ ਜਹਿਦ ਕਰਨੀ ਪਈ। ਯਾਦ ਰਹੇ ਕਿ ਉਮਰ ਵਿਚ ਵੀ ਉਹ ਮੇਰੇ ਤੋਂ ਬਹੁਤੇ ਛੋਟੇ ਨਹੀਂ ਹਨ ਐਵੇਂ ਦੋ ਚਾਰ ਸਾਲ ਦਾ ਹੀ ਫ਼ਰਕ ਹੋਵੇਗਾ। ਸੱਤ ਦੇਵ ਜੀ ਆਪਣੀ ਕਾਰ ’ਤੇ ਮੈਨੂੰ ਸਮਾਗਮ ਵਾਲ਼ੇ ਸਥਾਨ ’ਤੇ ਲੈ ਗਏ। ਮੇਰੇ ਸਨਮਾਨ ਅਤੇ ਰੂਬਰੂ ਵਾਲ਼ੇ ਸਮਾਗਮ ਵਿਚ, “ਕਿਛੁ ਸੁਣੀਐ ਕਿਛੁ ਕਹੀਐ” ਅਨੁਸਾਰ, ਲੋਕ ਸਾਹਿਤ ਸੰਗਮ ਵਾਲ਼ੇ ਸਮਾਗਮ ਦਾ ਸਮਾ ਭੁਗਤਾ ਕੇ ਰਾਤ ਮਿੱਤਰ ਜੀ ਦੇ ਘਰ ਆ ਗਏ। ਏਥੇ ਹੀ ਪੁਆਧੀ ਲੇਖਕ ਸ. ਮਨਜੀਤ ਸਿੰਘ ਜੀ, ਅਲੀ ਰਾਜਪੁਰਾ ਜੀ ਆਦਿ ਸੱਜਣਾਂ ਨੇ ਦਰਸ਼ਨ ਦਿਤੇ। ਅਗਲੇ ਦਿਨ, ਪਟਿਆਲੇ ਜਾਣ ਦੀ ਪ੍ਰਬਲ ਇੱਛਾ ਨੂੰ ਅੰਦਰ ਹੀ ਅੰਦਰ ਦਬਾ ਕੇ, ਅੰਮ੍ਰਿਤਸਰ ਦੀ ਬੱਸ ਉਪਰ ਸਵਾਰੀ ਕਰ ਲਈ ਕਿਉਂਕਿ ਕਰਾਏ ਜੋਗੇ ਪੈਸੇ ਤਾਂ ਮੇਰੇ ਕੋਲ਼ ਸਨ ਪਰ ਹੋਰ ਏਧਰ ਓਧਰ ਖ਼ਰਚ ਕਰਨ ਲਈ ਖੁਲ੍ਹੀ ਮਾਇਆ ਨਹੀਂ ਸੀ ਹੈਗੀ।

ਅੰਮ੍ਰਿਤਸਰ ਪਹੁੰਚ ਕੇ ਦੋ ਕਿਤਾਬਾਂ ਦੇ ਪ੍ਰਕਾਸ਼ਕ ਸ. ਕੁਲਦੀਪ ਸਿੰਘ ਆਜ਼ਾਦ ਬੁੱਕ ਡਿਪੋ, ਹਾਲ ਬਾਜ਼ਾਰ ਅੰਮ੍ਰਿਤਸਰ, ਨਾਲ਼ ਕਿਤਾਬਾਂ ਦੀ ਪ੍ਰਕਾਸ਼ਨਾ ਅਤੇ ਸਿਡਨੀ ਭੇਜਣ ਦਾ ਡਾਕ ਖ਼ਰਚ ਵਗ਼ੈਰਾ ਦਾ ਹਿਸਾਬ ਕੀਤਾ। ਚੰਗੀ ਗੱਲ ਇਹ ਹੋਈ ਕਿ ਉਹਨਾਂ ਨੇ ਮੇਰੇ ਕੋਲ਼ੋਂ ਪੁਰਾਣੀ ਕਰੰਸੀ ਵਿਚ ਹੀ ਪੈਸੇ ਲੈਣ ਦੀ ਕਿਰਪਾ ਕਰ ਦਿਤੀ। ਜੇਹੜੀਆਂ ਮੈਂ ਹਰੇਕ ਵਾਰ ਅਧੀਆਂ ਕਿਤਾਬਾਂ ਪੰਜਾਬ ਦੇ ਕੁਝ ਸ਼ਹਿਰਾਂ ਅਤੇ ਪਿੰਡਾਂ ਵਿਚਲੇ ਸੱਜਣਾਂ, ਪਾਠਕਾਂ, ਵਿਦਵਾਨਾਂ, ਲਾਇਬ੍ਰੇਰੀਆਂ ਆਦਿ ਵਿਚ ਭੇਟਾ ਕਰ ਆਉਂਦਾ ਸਾਂ, ਨਵੇਂ ਨੋਟਾਂ ਦੀ ਅਣਹੋਂਦ ਕਾਰਨ ਉਹ ਕਾਰਜ ਸਿਰਫ਼ ਅੰਮ੍ਰਿਤਸਰ ਸ਼ਹਿਰ ਤੱਕ ਹੀ ਸੀਮਤ ਰਹਿ ਗਿਆ। ਸਦਾ ਦੀ ਤਰ੍ਹਾਂ, ਸ਼ਹੀਦ ਸਿੱਖ ਮਿਸ਼ਨਰੀ ਕਾਲਜ ਦੇ ਸੁਘੜ ਪ੍ਰਿੰਸੀਪਲ ਸਾਹਿਬ ਸ. ਬਲਦੇਵ ਸਿੰਘ ਜੀ ਵੱਲੋਂ ਦਿਤੇ ਗਏ ਉਤਸ਼ਾਹ ਸਦਕਾ, ਵਿਦਿਆਰਥੀਆਂ ਦੇ ਸਨਮੁਖ ਹੋਣ ਦਾ ਸੁਭਾਗ ਪ੍ਰਾਪਤ ਹੋਇਆ। ਕੁਝ ਨਵੀਆਂ ਦੋਹਾਂ ਕਿਤਾਬਾਂ ਦੀਆਂ ਕਾਪੀਆਂ ਮੈਂ ਆਪਣੇ ਨਾਲ਼ ਲੈ ਗਿਆ ਸਾਂ ਤੇ ਉਹ ਓਥੇ, ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਭੇਟਾ ਕਰ ਦਿਤੀਆਂ ਤੇ ਨਾਲ਼ ਇਹ ਵੀ ਆਖ ਦਿਤਾ ਕਿ ਆਜ਼ਾਦ ਬੁੱਕ ਡਿਪੋ ਹਾਲ ਬਾਜ਼ਾਰ ਜਾਂ ਬਾਜ਼ਾਰ ਮਾਈ ਸੇਵਾਂ ਵਿਚਲੇ ਸਿੰਘ ਬ੍ਰਦਰਜ਼ ਦੀ ਦੁਕਾਨ ਤੋਂ, ਪੜ੍ਹਨ ਦਾ ਸ਼ੌਕ ਰੱਖਣ ਵਾਲ਼ੇ ਵਿਦਿਆਰਥੀ ਮੇਰਾ ਨਾਂ ਲੈ ਕੇ, ਭੇਟਾ ਰਹਿਤ ਕਿਤਾਬ ਪ੍ਰਾਪਤ ਕਰ ਸਕਦੇ ਹਨ। ਇਹਨਾਂ ਦੋ ਦੁਕਾਨਾਂ ’ਤੇ ਮੈਂ ਕੁਝ ਕਾਪੀਆਂ ਯੋਗ ਪਾਠਕਾਂ ਨੂੰ, ਭੇਟਾ ਰਹਿਤ ਭੇਟਾ ਕਰਨ ਵਾਸਤੇ ਸਦਾ ਵਾਂਗ ਰੱਖ ਆਇਆ।

ਇਸ ਵਾਰ ਦੋ ਕਿਤਾਬਾਂ ਇਕੱਠੀਆਂ ਸ. ਕੁਲਦੀਪ ਸਿੰਘ ਜੀ ਨੇ ਕੋਰੀਅਰ ਰਾਹੀਂ ਭੇਜ ਦਿਤੀਆਂ। ਬਹੁਤ ਸਮਾ ਉਡੀਕਣ ਪਿੱਛੋਂ ਵੀ ਉਹ ਮੇਰੇ ਤੱਕ ਨਾ ਪਹੁੰਚੀਆਂ ਤਾਂ ਮੈਂ ਸ.

ਕੁਲਦੀਪ ਸਿੰਘ ਪਾਸ ਇਸ ਬਾਰੇ ਫ਼ੋਨ ਰਾਹੀਂ ਚਿੰਤਾ ਪ੍ਰਗਟਾਈ ਤਾਂ ਉਹਨਾਂ ਨੇ ਖੋਜ ਕਰਕੇ ਪਤਾ ਕੀਤਾ ਕਿ ਉਹ ਸਾਰੇ ਬਾਰਾਂ ਬੰਡਲ ਸਿਡਨੀ ਦੇ ਕਸਟਮ ਵਾਲਿ਼ਆਂ ਕੋਲ਼ ਪਏ ਹਨ। ਫਿਰ ਮੈਂ ਉਹਨਾਂ ਦੇ ਮਗਰ ਪਿਆ ਤਾਂ ਉਹਨਾਂ ਨੇ ਕਈ ਤਰ੍ਹਾਂ ਦੇ ਸਵਾਲ ਕਰ ਕੇ ਸਬੂਤ ਮੰਗੇ। ਮੈਂ ਉਹਨਾਂ ਦੀ ਹਰ ਪ੍ਰਕਾਰ ਤਸੱਲੀ ਕਰਵਾਈ ਪਰ ਕਿਤਾਬਾਂ ਫੇਰ ਵੀ ਨਾ ਆਈਆਂ। ਫਿਰ ਉਹਨਾਂ ਦੇ ਸੇਂਟ ਮੇਰੀ ਸਥਿਤ ਗੋਦਾਮ ਤੋਂ ਜਾ ਕੇ ਖ਼ੁਦ ਲਿਆਂਦੀਆਂ ਪਰ ਬਾਰਾਂ ਦੀ ਥਾਂ ਯਾਰਾਂ ਬੰਡਲ ਹੀ ਲੱਭੇ ਤੇ ਯਾਰਾਂ ਨੰਬਰ ਦਾ ਇਕ ਬੰਡਲ ਕਿਧਰੇ ਗੁੰਮ ਹੋ ਗਿਆ ਪਰ ਮੈਂ ਉਹਨਾਂ ਦੇ ਮਗਰ ਪਿਆ ਰਿਹਾ। ਅਖ਼ੀਰ ਵਾਹਵਾ ਸਮੇ ਪਿੱਛੋਂ ਉਹ ਯਾਰਾਂ ਨੰਬਰ ਵਾਲ਼ਾ ਬੰਡਲ ਵੀ ਲੱਭ ਕੇ ਮੇਰੇ ਘਰ ਦੇ ਗਏ। ਮੇਰਾ ਖ਼ਿਆਲ ਹੈ ਕਿ ਇਸ ਵਾਰੀ ਕਿਤਾਬਾਂ ਦਾ ਭਾਰ ਅਤੇ ਗਿਣਤੀ ਵਧ ਜਾਣ ਕਰਕੇ, ਸ਼ਾਇਦ ਕਸਟਮ ਵਾਲਿ਼ਆਂ ਦੇ ਮਨ ਵਿਚ ਕੋਈ ਸ਼ੱਕ ਪੈਦਾ ਹੋ ਗਿਆ ਹੋਵੇ ਕਿ ਮੈਂ ਏਨੀ ਮਾਤਰਾ ਵਿਚ ਕਿਤਾਬਾਂ ਮੰਗਵਾ ਕੇ, ਆਸਟ੍ਰੇਲੀਆ ਦੇ ਕਿਸੇ ਕਾਨੂੰਨ ਦੀ ਉਲੰਘਣਾ ਨਾ ਕਰ ਰਿਹਾ ਹੋਵਾਂ! ਮੈਂ ਬਹੁਤ ਸਾਲਾਂ ਤੋਂ ਕਿਤਾਬਾਂ ਆਪਣੇ ਵਾਸਤੇ ਵੀ ਅਤੇ ਦੂਸਰਿਆਂ ਵਾਸਤੇ ਵੀ ਮੰਗਵਾਉਂਦਾ ਆ ਰਿਹਾ ਹਾਂ ਪਰ ਪਹਿਲਾਂ ਕਦੀ ਅਜਿਹੀ ਸਮੱਸਿਆ ਨਹੀਂ ਸੀ ਆਈ।

ਇਸ ਯਾਤਰਾ ਦੀ ਸਮਾਪਤੀ ’ਤੇ ਫਿਰ ਵਾਪਸੀ ਚਾਲੇ ਪਾ ਦਿਤੇ ਗਏ। ਤੁਰਨ ਤੋਂ ਪਹਿਲਾਂ ਸ. ਸੁਰਿੰਦਰ ਸਿੰਘ ਜੀ ਨਾਲ਼ ਵਿਚਾਰ ਬਣਿਆ ਕਿ ਅਸੀਂ ਦੋਵੇਂ, ਉਹਨਾਂ ਦੇ ਗੁਰਸਿੱਖ ਮਿੱਤਰ, ਸ. ਹਰਜਿੰਦਰ ਸਿੰਘ ਜੀ ਹੋਰਾਂ ਪਾਸ ਕੁਝ ਦਿਨ ਲਈ ਡੁਬਈ ਰੁਕੀਏ। ਵਾਹਵਾ ਸਮੇ ਤੋਂ ਸ. ਸੁਰਿੰਦਰ ਸਿੰਘ ਹੋਰੀਂ ਮੇਰੇ ਨਾਲ਼ ਵਿਚਾਰਾਂ ਕਰਦੇ ਸਨ ਕਿ ਉਸ ਇਲਾਕੇ ਵਿਚ ਕੁਝ ਦਿਨ ਇਕੱਠੇ ਵਿਚਰੀਏ। ਮੈਂ ਵੀ ਦਿੱਲੀ ਤੋਂ ਯੂ.ਏ.ਈ. ਦੀ ਰਾਜਧਾਨੀ ਆਬੂ ਧਾਬੀ ਵਾਲ਼ੇ ਜਹਾਜ਼ ਉਪਰ ਸਵਾਰ ਹੋ ਗਿਆ ਤੇ ਉਹ ਵੀ ਡੁਬਈ ਵਾਲ਼ੇ ਜਹਾਜ਼ ਉਪਰ ਸਵਾਰ ਹੋ ਕੇ ਓਥੇ ਪਹੁੰਚ ਗਏ। ਪੁੱਜੇ ਤਾਂ ਭਾਵੇਂ ਅਸੀਂ ਇਕੋ ਦਿਨ ਹੀ, ਪਰ ਵੱਖ ਵੱਖ ਜਹਾਜ਼ਾਂ ਵਿਚ ਜਾ ਕੇ ਵੱਖ ਵੱਖ ਹਵਾਈ ਅੱਡਿਆਂ ਉਪਰ ਉਤਰੇ। ਸ. ਸੁਰਿੰਦਰ ਸਿੰਘ ਜੀ ਨੂੰ ਤੇ ਓਥੋਂ ਦੇ ਪ੍ਰਸਿਧ ਕਾਰੋਬਾਰੀ ਗੁਰਸਿੱਖ, ਸ. ਸੁਰਿੰਦਰ ਸਿੰਘ ਗੌਰੀ ਜੀ ਲੈਣ ਆ ਗਏ ਤੇ ਮੇਰੇ ਵਾਸਤੇ ਗੌਰੀ ਜੀ ਨੇ ਇਕ ਹੋਰ ਸਿੰਘ ਦੀ ਡਿਊਟੀ ਲਗਾ ਦਿਤੀ ਗਈ ਜੋ ਮੈਨੂੰ ਹਵਾਈ ਅੱਡੇ ਤੋਂ ਲੈਣ ਆ ਗਿਆ। ਇਸ ਤਰ੍ਹਾਂ ਅਸੀਂ ਸ. ਹਰਜਿੰਦਰ ਸਿੰਘ ਜੀ ਹੋਰਾਂ ਦੇ ਕੈਂਪ ਵਿਚ ਪਹੁੰਚ ਗਏ ਜਿਥੇ ਸੈਂਕੜੇ ਵਰਕਰਾਂ ਵਾਸਤੇ ਬੈਰਕਾਂ, ਲੰਗਰ ਅਤੇ ਗੁਰਦੁਆਰਾ ਸਾਹਿਬ ਬਣੇ ਹੋਏ ਸਨ। ਨਾਲ਼ ਹੀ ਸਰਦਾਰ ਜੀ ਨੇ ਸਮੇ ਸਮੇ ਆਪਣੇ ਠਹਿਰਨ ਵਾਸਤੇ ਅਤੇ ਆਏ ਮਹਿਮਾਨਾਂ ਵਾਸਤੇ ਯੋਗ ਰਿਹਾਇਸ਼ ਅਤੇ ਰਸੋਈ ਦਾ ਵੱਖਰਾ ਪ੍ਰਬੰਧ ਕੀਤਾ ਹੋਇਆ ਹੈ। ਅਜਿਹੇ ਪ੍ਰਬੰਧ ਉਹਨਾਂ ਦੇ ਹਰੇਕ ਕੈਂਪ ਵਿਚ ਹੀ ਹੁੰਦੇ ਹਨ।

# ਦੁਬਈ ਦੀ ਯਾਤਰਾ

ਉਂਜ ਤਾਂ ਭਾਵੇਂ ਪਹਿਲਾਂ ਵੀ ਮੈਂ ਤਿੰਨ ਵਾਰ ਦੁਬਈ ਜਾ ਚੁੱਕਾ ਸਾਂ। ਇਕ ਵਾਰ ਵਲੈਤ ਨੂੰ ਜਾਣ ਸਮੇ ਰਾਹ ਵਿਚ ਦੋ ਕੁ ਦਿਨ ਰੁਕਿਆ ਤੇ ਸ. ਹਰਜਿੰਦਰ ਸਿੰਘ ਜੀ ਹੋਰਾਂ ਨੇ ਮੈਨੂੰ ਹਵਾਈ ਅੱਡੇ ਤੋਂ ਲੈ ਕੇ ਅਬੂ ਧਾਬੀ, ਆਪਣੇ ਸਥਾਨ 'ਤੇ ਲੈ ਜਾ ਕੇ ਰੱਖਿਆ। ਓਥੇ ਉਹ ਆਪਣੇ ਕੈਂਪ ਵਿਚਲੇ ਗੁਰਦੁਆਰਾ ਸਾਹਿਬ ਵਿਚ, ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਗੁਰਪੁਰਬ ਮਨਾ ਰਹੇ ਸਨ। ਗੁਰਪੁਰਬ ਦੇ ਸਮਾਗਮ ਤੋਂ ਬਾਅਦ ਅਗਲੇ ਦਿਨ ਮੈਨੂੰ ਗੁਰਦੁਆਰਾ ਗੁਰੂ ਨਾਨਕ ਦਰਬਾਰ ਦੀ ਯਾਤਰਾ ਕਰਵਾ ਕੇ, ਜਹਾਜ਼ੇ ਚੜ੍ਹਾ ਗਏ। ਉਹਨਾਂ ਨਾਲ਼ ਸੰਪਰਕ, ਸਿਡਨੀ ਵਾਸੀ ਸ. ਸੁਰਿੰਦਰ ਸਿੰਘ ਜਗਰਾਉਂ ਜੀ ਰਾਹੀਂ ਹੋਇਆ ਸੀ। ਇਸ ਦਾ ਸੰਖੇਪ ਵਰਨਣ ਮੈਂ ਇਕ ਹੋਰ ਲੇਖ 'ਗੁਰਦੁਆਰਾ, ਜਿਥੇ ਮੈਂ ਰਾਤ ਨਾ ਰਹਿ ਸਕਿਆ' ਵਿਚ ਕਰ ਚੁੱਕਾ ਹਾਂ। ਅਗਲੀ ਵਾਰ ਦੀ ਫੇਰੀ ਸਮੇ ਮੈਂ ਉਹਨਾਂ ਨੂੰ ਖੇਚਲ਼ ਦੇਣੀ ਠੀਕ ਨਾ ਸਮਝੀ, ਇਹ ਸੋਚ ਕੇ ਕਿ ਉਹ ਡੇਢ ਸੌ ਕਿਲੋ ਮੀਟਰ ਤੋਂ ਆ ਕੇ ਮੈਨੂੰ ਚੁੱਕਣ ਦੀ ਖੇਚਲ਼ ਕਰਨਗੇ। ੩੬ ਘੰਟੇ ਦੀ ਸਾਰੀ ਏਥੇ ਸਟੇਅ ਹੈ, ਇਹ ਸਮਾ ਮੈਂ ਗੁਰਦੁਆਰੇ ਵਿਚ ਕੱਟ ਲਵਾਂਗਾ ਪਰ ਜਿਵੇਂ ਕਿ ਮੈਂ ਪਹਿਲਾਂ ਕਿਸੇ ਲੇਖ ਵਿਚ ਦੱਸ ਚੁੱਕਾ ਹਾਂ ਕਿ ਗੁਰਦੁਆਰਾ ਸਾਹਿਬ ਵਿਚ ਰਾਤ ਕੱਟਣ ਦੀ ਮੈਨੂੰ ਆਗਿਆ ਨਾ ਮਿਲ਼ੀ ਤੇ ਫਿਰ ਮੈਨੂੰ ਨਾ ਚਾਹੁੰਦਿਆਂ ਹੋਇਆਂ ਵੀ ਰਾਤ ਰਹਿਣ ਲਈ, ਸ. ਹਰਜਿੰਦਰ ਸਿੰਘ ਜੀ ਹੋਰਾਂ ਨੂੰ ਹੀ ਖੇਚਲ਼ ਦੇਣੀ ਪਈ। ਉਹਨਾਂ ਨੇ ਫ਼ੌਰਨ ਤੋਂ ਵੀ ਪਹਿਲਾਂ ਆਪਣਾ ਡਰਾਈਵਰ ਭੇਜ ਕੇ ਮੈਨੂੰ ਗੁਰਦੁਆਰਿਉਂ ਲੈ ਲਿਆ ਤੇ ਆਪਣੇ ਨੇੜਲੇ ਕੈਂਪ ਵਿਚ ਹੀ ਮੇਰਾ ਡੇਰਾ ਲਵਾ ਦਿਤਾ, ਜਿਥੇ ਇੰਟਰਨੈੱਟ ਸਮੇਤ ਹਰ ਸਹੂਲਤ ਮੌਜੂਦ ਸੀ। ਅਗਲੇ ਦਿਨ ਮੇਰੀ ਇੱਛਾ ਅਨੁਸਾਰ ਮੈਨੂੰ ਗੁਰਦੁਆਰਾ ਸਾਹਿਬ ਵਿਚ ਪੁਚਾ ਦਿਤਾ। ਉਸ ਸ਼ਾਮ ਨੂੰ ਮੇਰੀ ਦਿੱਲੀ ਦੀ ਫ਼ਲਾਈਟ ਤੇ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਨੇ ਮੈਨੂੰ ਹਵਾਈ ਅੱਡੇ ਉਪਰ ਪੁੱਜਦਾ ਕਰ ਦਿਤਾ।



ਤੀਜੀ ਵਾਰ, ਸਤੰਬਰ ੨੦੧੬ ਵਿਚ, ਬਿਹਾਰ ਸਰਕਾਰ ਦੇ ਸੱਦੇ ਉਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ੩੫੦ਵੇਂ ਪ੍ਰਕਾਸ਼ ਉਤਸਵ ਦੇ ਸਮਾਗਮਾਂ ਵਿਚ ਹਿੱਸਾ ਲੈਣ ਲਈ ਓਥੇ ਜਾਣ ਸਮੇ, ਸਿਡਨੀ ਵਾਲ਼ੀ ਫ਼ਲਾਈਟ ਪੁੱਜਣ ਅਤੇ ਅੱਗੋਂ ਦੁਬਈ ਤੋਂ ਦਿੱਲੀ ਵਾਲ਼ੀ ਫ਼ਲਾਈਟ ਉਡਣ ਵਿਚਲਾ ਸਮਾ, ਹਵਾਈ ਅੱਡੇ ਉਪਰ ਹੀ ਬਿਤਾ ਲਿਆ। ਇਉਂ ਕਰਨਾ ਮੇਰੇ ਲਈ ਕੋਈ ਨਵੀਂ ਗੱਲ ਨਹੀਂ ਹੈ। ਅਜਿਹਾ ਕੁਝ ਮੇਰੇ ਨਾਲ਼ ਆਮ ਹੀ ਵਾਪਰ ਜਾਂਦਾ ਹੈ ਤੇ ਮੈਂ ਮਾਨਸਿਕ ਤੌਰ ’ਤੇ ਅਜਿਹੀ ਹਾਲਤ ਦਾ ਸਾਹਮਣਾ ਕਰਨ ਲਈ ਤਿਆਰ ਹੀ ਰਹਿੰਦਾ ਹਾਂ।

ਏਥੇ ਸਿਡਨੀ ਵਿਚ, ਸ. ਸੁਰਿੰਦਰ ਸਿੰਘ ਜਗਰਾਉਂ ਹੋਰੀਂ ਬਹੁਤ ਸਮੇ ਤੋਂ ਮੈਨੂੰ ਆਖ ਰਹੇ ਸਨ ਕਿ ਉਸ ਦੇਸ਼ ਵਿਚ ਆਪਾਂ ਇਕੱਠੇ ਘੁੰਮਾਂਗੇ। ਤੁਹਾਨੂੰ ਵਿਸ਼ਾਲ ਰੇਤ ਦੇ ਟਿੱਬੇ, ਖਜੂਰਾਂ ਦੇ ਆਕਾਸ਼ ਨਾਲ਼ ਗੱਲਾਂ ਕਰਦੇ ਦਰੱਖ਼ਤ, ਊਠਾਂ ਦੀਆਂ ਡਾਰਾਂ, ਦੌੜਾਂ, ਮੰਡੀ ਤੇ ਊਠਾਂ ਦਾ ਦੁੱਧ ਚੋਂਦੀਆਂ ਅਰਬਣਾਂ ਵਿਖਾਵਾਂਗਾ। ਜਿਥੇ ਗਾਂ, ਮੱਝ ਆਦਿ ਜਾਨਵਰਾਂ ਨੂੰ ਧਰਤੀ ਉਤੇ ਬੈਠ ਕੇ ਅਤੇ ਗੋਡਿਆਂ ਵਿਚ ਬਾਲ਼ਟੀ ਫਸਾ ਕੇ ਚੋਈਦਾ ਹੈ, ਓਥੇ ਊਠਣੀ ਨੂੰ ਖਲੋ ਕੇ ਚੋਣਾ ਪੈਂਦਾ ਹੈ। ਇਸ ਕਿਰਿਆ ਦੌਰਾਨ ਚੋਣ/ਵਾਲ਼ੀ ਵਾਲ਼ੇ ਤੋਂ ਇਲਾਵਾ ਇਕ ਜਣਾ ਹੋਰ ਵੱਡਾ ਬਰਤਨ ਫੜ ਕੇ ਖਲੋਂਦਾ ਹੈ। ਕਈ ਯੂਰਪੀਨ ਟੂਰਿਸਟ ਆਪਣੀ ਯਾਤਰਾ ਦੌਰਾਨ ਊਠਣੀ ਦਾ ਦੁੱਧ ਪੀਂਦੇ ਹਨ ਕਿਉਂਕਿ ਉਹ ਸਮਝਦੇ ਹਨ ਕਿ ਇਹ ਸ਼ੂਗਰ ਵਾਸਤੇ ਗੁਣਕਾਰੀ ਹੁੰਦਾ ਹੈ।

ਇਸ ਯਾਤਰਾ ਸਮੇ, ਲੰਮੇ ਸਮੇ ਦੇ ਇਹ ਵਿਚਾਰ ਸਿਰੇ ਲਾਉਣ ਦਾ ਸਮਾ ਆ ਗਿਆ। ਇਸ ਵਾਰੀਂ ਅਸੀਂ ਦੋਵੇਂ ਹੀ ਪੰਜਾਬ ਗਏ ਹੋਏ ਸਾਂ। ਜਗਰਾਉਂ ਵਿਚ ਸ. ਸੁਰਿੰਦਰ ਸਿੰਘ ਹੋਰਾਂ ਦੇ ਘਰ ਵਿਚ ਧਾਰਮਿਕ ਸਮਾਗਮ ਸਮੇ ਇਹ ਪ੍ਰੋਗਰਾਮ ਬਣ ਗਿਆ ਕਿ ਉਹਨਾਂ ਚਿਰਕਾਲੀ ਵਿਚਾਰਾਂ ਨੂੰ ਅਮਲੀ ਰੂਪ ਦਿਤਾ ਜਾਵੇ। ਮੇਰੀ ਤਾਂ ਸਿਡਨੀ ਵਾਲ਼ੀ ਫ਼ਲਾਈਟ ਦੀ ਅਬੂ ਧਾਬੀ ਵਿਚ ਸਟੇਅ ਸੀ ਤੇ ਉਹਨਾਂ ਨੇ ਦਿੱਲੀ ਤੋਂ ਦੁਬਈ ਤੇ ਦੁਬਈ ਤੋਂ ਵਾਪਸ ਦਿੱਲੀ ਦੀ ਟਿਕਟ ਲੈ ਲਈ ਤੇ ਅਸੀਂ ਦੋਵੇਂ, ੨੧ ਨਵੰਬਰ ੨੦੧੭ ਵਾਲ਼ੇ ਇਕੋ ਦਿਨ ਪਰ ਵੱਖ-ਵੱਖ ਫ਼ਲਾਈਟਾਂ ’ਤੇ, ਉਸ ਮੁਲਕ ਦੇ ਵੱਖ-ਵੱਖ ਹਵਾਈ ਅੱਡਿਆਂ ਉਪਰ ਜਾ ਉਤਰੇ; ਸ. ਸੁਰਿੰਦਰ ਸਿੰਘ ਜੀ ਦੁਬਈ ਤੇ ਮੈਂ ਆਬੂ ਧਾਬੀ। ਹਵਾਈ ਅੱਡਿਆਂ ਤੋਂ ਦੁਬਈ ਦੇ ਪ੍ਰਸਿੱਧ ਕਾਰੋਬਾਰੀ, ਗੁਰਮੁਖ ਪਿਆਰੇ ਸ. ਸੁਰਿੰਦਰ ਸਿੰਘ ਗੌਰੀ ਜੀ ਨੇ ਸ. ਸੁਰਿੰਦਰ ਸਿੰਘ ਜੀ ਨੂੰ ਅਤੇ ਮੈਨੂੰ ਉਹਨਾਂ ਦੁਆਰਾ ਭੇਜੇ ਗਏ ਸੱਜਣ ਨੇ, ਸ. ਹਰਜਿੰਦਰ ਸਿੰਘ ਜੀ ਦੇ ਕੈਂਪ ਵਿਚ ਪੁਚਾ ਦਿਤਾ।

ਇਕ ਦਿਨ ਤਾਂ ਅਸੀਂ ਉਸ ਕੈਂਪ ਵਿਚ ਆਰਾਮ ਹੀ ਫ਼ੁਰਮਾਉਂਦੇ ਰਹੇ ਤੇ ਫਿਰ ਸੋਚਿਆ ਕਿ ਅਸੀਂ ਏਥੇ ਮੰਜੇ ਤੋੜਨ ਤੇ ਫੁਲਕੇ ਪਾੜਨ ਲਈ ਹੀ ਤਾਂ ਨਹੀਂ ਆਏ। ਇਹ ਦੋਵੇਂ ਵਸਤੂਆਂ ਤਾਂ ਜਿਥੇ ਵੀ ਹੋਈਏ ਓਥੇ ਹੀ ਦਾਤੇ ਦੀ ਦਇਆ ਸਦਕਾ ਮਿਲ਼ ਜਾਂਦੀਆਂ

ਹਨ। ਅਸੀਂ ਤਾਂ ਫਿਰ ਤੁਰ ਕੇ ਮੇਲਾ ਵੇਖਣ ਆਏ ਹਾਂ। ਸਾਡੇ ਦੋਹਾਂ ਵਿਚ ਅਜਿਹੇ ਵਿਚਾਰ ਚੱਲ ਹੀ ਰਹੇ ਸਨ ਕਿ, ਜਿਵੇਂ ਕਿਤੇ ਸ. ਹਰਜਿੰਦਰ ਸਿੰਘ ਜੀ ਅੰਤਰਜਾਮੀ ਹੋਣ, ਸਾਡੇ ਆਖਣ ਤੋਂ ਬਿਨਾ ਹੀ, ਉਹਨਾਂ ਨੇ ਆਪਣਾ ਡਰਾਈਵਰ ਭੇਜ ਦਿਤਾ ਜੋ ਕਿ ਕਾਰ ਲੈ ਕੇ ਆ ਹਾਜ਼ਰ ਹੋਇਆ ਤੇ ਸਾਨੂੰ, ਜਿਵੇਂ ਜਿਵੇਂ ਸ. ਸੁਰਿੰਦਰ ਸਿੰਘ ਜੀ ਆਖੀ ਗਏ, ਅਗਲੇ ਸਾਰੇ ਦਿਨਾਂ ਲਈ ਉਹ ਵੱਖ-ਵੱਖ ਸਥਾਨਾਂ 'ਤੇ ਲਈ ਫਿਰਿਆ।

ਗੱਲ ਇਹ ੧੯੭੪ ਦੀ ਹੈ। ਮੈਂ ਸੈਂਟਰਲ ਅਫ਼ਰੀਕਾ ਦੇ ਇਕ ਛੋਟੇ ਜਿਹੇ ਮੁਲਕ ਮਲਾਵੀ ਵਿਚ ਹੁੰਦਾ ਸੀ। ਓਥੇ ਦਸ ਬਾਰਾਂ ਕੁ ਘਰ ਸਿੱਖਾਂ ਦੇ ਸਨ ਤੇ ਬਹੁਤੇ ਗੁਜਰਾਤੀ ਲੋਕ ਹੀ ਰਹਿੰਦੇ ਸਨ। ਇਕ ਦਿਨ ਗੱਲਾਂ ਬਾਤਾਂ ਕਰਦਿਆਂ ਇਕ ਗੁਜਰਾਤੀ ਸੱਜਣ ਨੇ ਹਾਸੇ ਵਿਚ ਆਖਿਆ ਕਿ ਰੱਬ ਵੀ ਬੜਾ ਬੇਅੰਤ ਹੈ। ਉਹ ਹਰ ਵਸਤੂ ਨੂੰ ਬੈਲੈਂਸ ਵਿਚ ਰੱਖਦਾ ਹੈ। ਵੇਖੋ, ਉਸ ਨੇ ਮਸ਼ੀਨਰੀ ਪੱਛਮ ਵਾਲ਼ਿਆਂ ਨੂੰ ਦੇ ਦਿਤੀ ਹੈ ਤੇ ਤੇਲ ਅਰਬਾਂ ਨੂੰ। ਮਸ਼ੀਨਰੀ ਤੇਲ ਤੋਂ ਬਿਨਾ ਚੱਲ ਨਹੀਂ ਸਕਦੀ, ਇਸ ਲਈ ਅਰਬਾਂ ਤੋਂ ਤੇਲ ਖ਼ਰੀਦਣਾ ਪੈਂਦਾ ਹੈ। ਅਰਬਾਂ ਕੋਲ਼ ਮਸ਼ੀਨਰੀ ਹੈ ਨਹੀਂ ਤੇ ਉਹ ਆਪਣੇ ਤੇਲ ਨੂੰ ਵਰਤ ਨਹੀਂ ਸਕਦੇ। ਉਹਨਾਂ ਕੋਲ਼ ਜਾਂ ਊਠ ਹਨ ਤੇ ਜਾਂ ਖੋਤੇ। ਤੇਲ ਨਾ ਊਠਾਂ ਵਿਚ ਪੈਂਦਾ ਹੈ ਤੇ ਨਾ ਹੀ ਖੋਤਿਆਂ ਵਿਚ। ਇਸ ਲਈ ਉਹਨਾਂ ਨੂੰ ਤੇਲ ਵੇਚਣਾ ਹੀ ਪੈਂਦਾ ਹੈ ਤੇ ਪੱਛਮ ਨੂੰ ਖ਼ਰੀਦਣਾ। ਦੋਵੇਂ ਇਕ ਦੂਜੇ ਉਪਰ ਨਿਰਭਰ ਹਨ।

ਅਜਿਹੇ ਤੇਲ ਤੋਂ ਅਮੀਰ ਬਣੇ ਇਸ ਦੇਸ਼ ਦੀ ਨੌਂ ਕੁ ਦਿਨ ਦੀ ਯਾਤਰਾ ਕਰਨ ਦਾ ਸਾਨੂੰ ਵੀ ਸੁਭਾਗ ਪ੍ਰਾਪਤ ਹੋ ਗਿਆ। ਇਸ ਮੁਲਕ ਦਾ ਨਾਂ ਯੂ.ਏ.ਈ. ਹੈ। ਇਹ ਯੂਨਾਈਟਡ ਅਰਬ ਅਮੀਰਾਤ (UAE) ਨਾਮੀ ਦੇਸ਼, ਜੋ ਕਿ ਆਪਣੇ ਕਾਰੋਬਾਰੀ ਸ਼ਹਿਰ ਦੁਬਈ ਕਰਕੇ ਵਧੇਰੇ ਜਾਣਿਆਂ ਜਾਂਦਾ ਹੈ, ਅਰੇਬੀਅਨ ਪੈਨਿਨਸੁਲਾ ਉਪਰ, ਪਰਸ਼ੀਅਨ ਗਲਫ਼ ਤੇ ਓਮਾਨ ਗਲਫ਼ ਦੇ ਉਤਰ-ਪੂਰਬੀ ਕਿਨਾਰੇ ਉਪਰ ਵਾਕਿਆ ਹੈ। ਇਹ ਸੱਤਾਂ ਵੱਖ-ਵੱਖ ਸਟੇਟਾਂ ਨੇ ਮਿਲ਼ ਕੇ, ੨ ਦਸੰਬਰ, ੧੯੭੧ ਵਾਲ਼ੇ ਦਿਨ, ਫ਼ੈਡ੍ਰੇਸ਼ਨ ਦੇ ਰੂਪ ਵਿਚ ਇਕ ਮੁਲਕ ਬਣਾਇਆ। ਛੇ ਸਟੇਟਾਂ ਤੇ ਉਸ ਦਿਨ ਇਕੱਠੀਆਂ ਹੋਈਆਂ, ਜਿਨ੍ਹਾਂ ਦੇ ਨਾਂ ਅਬੂ ਧਾਬੀ, ਦੁਬਈ, ਸ਼ਾਰਜਾਹ, ਅਜਮਨ, ਉਮਾਨ ਅਲ ਕੁਵੈਨ ਅਤੇ ਫੁਜੀਆਹ ਹਨ। ਸੱਤਵੀਂ ਰਾਸ ਅਲ ਖੈਮਾਹ, ੧੦ ਫ਼ਰਵਰੀ, ੧੯੭੨ ਵਾਲ਼ੇ ਦਿਨ ਇਸ ਫ਼ੈਡ੍ਰੇਸ਼ਨ ਵਿਚ ਸ਼ਾਮਲ ਹੋਈ। ਇਹ ਅਰਬੀ ਸ਼ੇਖ਼ਾਂ ਦੀਆਂ ਸੱਤ ਅਮੀਰਾਤ ਪਹਿਲਾਂ 'ਟਰੁਸੀਅਲ ਸਟੇਟਾਂ' ਕਰਕੇ ਜਾਣੀਆਂ ਜਾਂਦੀਆਂ ਸਨ। ਇਹ ਜਾਣਕਾਰੀ ੧੯ਵੀਂ ਸਦੀ ਦੌਰਾਨ, ਅੰਗ੍ਰੇਜ਼ਾਂ ਨਾਲ਼ ਹੋਏ ਇਕ ਸਮਝੌਤੇ ਤੋਂ ਮਿਲ਼ਦੀ ਹੈ।

ਮਿਲਣ ਵਾਲ਼ੇ ਨਿਸ਼ਾਨਾਂ ਤੋਂ ਪਤਾ ਲੱਗਦਾ ਹੈ ਕਿ ਇਸ ਇਲਾਕੇ ਵਿਚ ਬਹੁਤ ਸਮੇ ਤੋਂ ਮਨੁੱਖ ਵੱਸਦੇ ਸਨ ਤੇ ਉਹਨਾਂ ਦਾ ਵਾਪਾਰ ਦੂਰ ਦੁਰਾਡੇ, ਸਮੇਤ ਮੈਸੋਪਟੇਮੀਆਂ ਦੇ, ਹੁੰਦਾ ਸੀ। ਉਸ ਸਮੇ ਵੀ ਸਮੁੰਦਰੀ ਕਿਨਾਰੇ ਅਤੇ ਅੰਦਰੂਨੀ ਇਲਾਕਿਆਂ ਵਿਚ, ਵਾਹਵਾ ਗਿਣਤੀ

ਵਿਚ ਕਬੀਲਿਆਂ ਦਾ ਏਥੇ ਵਾਸਾ ਸੀ। ਸੱਤਵੀਂ ਸਦੀ ਵਿਚ ਏਥੇ ਇਸਲਾਮ ਮਜ਼ਹਬ ਆਇਆ।

ਜਦੋਂ ਅਲਬਰਕ ਦੀ ਅਗਵਾਈ ਵਿਚ ਪੁਰਤਗਾਲ ਨੇ ਇਸ ਇਲਾਕੇ ਉਪਰ ਹਮਲਾ ਕੀਤਾ ਤਾਂ ਬਹੁਤ ਸਾਰੀਆਂ ਖ਼ੂਨ ਡੋਹਲਵੀਆਂ ਲੜਾਈਆਂ ਹੋਈਆਂ। ੧੯ਵੀਂ ਸਦੀ ਵਿਚ ਅੰਗ੍ਰੇਜ਼ਾਂ ਨੇ ਏਥੇ ਕਾਬੂ ਪਾ ਕੇ, ਏਥੋਂ ਦੇ ਹੁਕਮਰਾਨ ਸ਼ੇਖ਼ਾਂ ਨਾਲ਼ ਸਮਝੌਤਾ ਕਰ ਕੇ, ਅਮਨ ਕਾਇਮ ਕੀਤਾ। ਜਦੋਂ ੧੯੬੮ ਵਿਚ ਅੰਗ੍ਰੇਜ਼ਾਂ ਨੇ ਇਸ ਇਲਾਕੇ, ਜਿਸ ਨੂੰ ਟਰੁਸੀਅਲ ਸਟੇਟਸ ਆਖਿਆ ਜਾਂਦਾ ਸੀ, ਨੂੰ ਛੱਡਣ ਦਾ ਵਿਚਾਰ ਬਣਾਇਆ ਤਾਂ ਇਹਨਾਂ ਸਟੇਟਾਂ ਨੂੰ ਇਕ ਮੁਲਕ ਵਿਚ ਸ਼ਾਮਲ ਕਰ ਕੇ, ਫ਼ੈਡ੍ਰੇਸ਼ਨ ਬਣਾਉਣ ਦਾ ਉਦਮ ਕੀਤਾ ਗਿਆ। ਇਸ ਕਾਰਜ ਲਈ ਦੋ ਤਾਕਤਵਰ ਸ਼ੇਖ਼ਾਂ, ਅਬੂ ਧਾਬੀ ਦੇ ਸ਼ੇਖ਼, ਜ਼ਾਈਦ ਬਿਨ ਸੁਲਤਾਨ ਅਲ ਨਾਹੀਅਨ ਅਤੇ ਦੁਬਈ ਦੇ ਸ਼ੇਖ਼ ਰਸ਼ੀਦ ਬਿਨ ਸਈਦ ਅਲ ਮਖ਼ਤੂਮ ਨੇ ਦੂਜੀਆਂ ਸਟੇਟਾਂ ਦੇ ਮਾਲਕਾਂ ਨੂੰ ਫ਼ੈਡ੍ਰੇਸ਼ਨ ਵਿਚ ਸ਼ਾਮਲ ਹੋਣ ਲਈ ਸੱਦਿਆ। ਇਕ ਸਮੇ ਇਉਂ ਲੱਗਦਾ ਸੀ ਕਿ ਬਾਹਰੀਨ ਅਤੇ ਕਤਰ ਨਾਮੀ ਦੋ ਸਟੇਟਾਂ ਵੀ ਇਸ ਫ਼ੈਡ੍ਰੇਸ਼ਨ ਵਿਚ ਸ਼ਾਮਲ ਹੋਣਗੀਆਂ ਪਰ ਉਹਨਾਂ ਦੋਹਾਂ ਨੇ ਆਖ਼ਰ ਵਿਚ ਵੱਖ ਰਹਿਣ ਦਾ ਹੀ ਫ਼ੈਸਲਾ ਕਰ ਲਿਆ। ਅੱਜ ਇਹ ਮੁਲਕ UAE, ਆਧੁਨਿਕ ਮੁਲਕਾਂ ਵਿਚ ਗਿਣਿਆਂ ਜਾਂਦਾ ਹੈ। ਬਹੁ ਪੱਖੀ ਆਰਥਿਕਤਾ, ਜਿਵੇਂ ਕਿ ਤੇਲ ਦੇ ਨਿਰਯਾਤ ਅਤੇ ਵਾਪਾਰੀ ਸਾਮਾਨ ਦੇ ਆਯਾਤ ਦੇ ਨਾਲ਼ ਨਾਲ਼, ਦੁਬਈ ਸ਼ਹਿਰ ਟੂਰਿਜ਼ਮ, ਰੀਟੇਲ, ਫ਼ਾਈਨੈਂਸ ਵਜੋਂ, ਗਲੋਬਲ ਹੱਬ ਦੇ ਰੂਪ ਵਿਚ ਉਨਤ ਹੋ ਰਿਹਾ ਹੈ। ਇਹ ਸੰਸਾਰ ਦੀ ਸਭ ਤੋਂ ਉਚੀ ਇਮਾਰਤ ਅਤੇ ਮਨੁੱਖ ਸਾਜੀ ਸਭ ਤੋਂ ਵੱਡੀ ਬੰਦਰਗਾਹ ਦਾ ਮਾਲਕ ਹੈ।

ਤੇਲ ਦੀ ਕਮਾਈ ਨਾਲ਼ ਇਸ ਦੇਸ਼ ਵਿਚ ਬਹੁਤ ਸਾਰੀਆਂ ਹੋਰ ਵਰਨਣ ਯੋਗ ਇਮਾਰਤਾਂ ਵਿਚੋਂ, ਗੁਰਦੁਆਰਾ ਗੁਰੂ ਨਾਨਕ ਦਰਬਾਰ ਦੇ ਨੇੜਲੇ ਮੈਟਰੋ ਸਟੇਸ਼ਨ ਤੋਂ ਬਾਹਰ ਨਿਕਲ਼ਦਿਆਂ ਹੀ, ਇਬਨ ਬਬੂਤਾ ਵਿਸ਼ਾਲ ਸ਼ਾਪਿੰਗ ਸੈਂਟਰ ਹੈ। ਏਥੋਂ ਤੁਰ ਕੇ ਜਾਂ ਟੈਕਸੀ ਰਾਹੀਂ ਗੁਰਦੁਆਰਾ ਸਾਹਿਬ ਜਾਇਆ ਜਾਂਦਾ ਹੈ। ਦੁਬਈ ਵਿਚ ੨੦੦੮ ਤੋਂ ਲੈ ਕੇ ਹੁਣ ਤੱਕ, ਦੁਨੀਆਂ ਦੀ ਸਭ ਤੋਂ ਉਚੀ ਇਮਾਰਤ 'ਬੁਰਜ ਖ਼ਲੀਫ਼ਾ' ਹੈ। ਐਨਟੀਨੇ ਤੋਂ ਬਿਨਾ ਇਸ ਦੀ ਉਚਾਈ ੮੨੯.੮ ਮੀਟਰ ਹੈ। ਇਹ ੨੦੦੪ ਵਿਚ ਬਣਨਾ ਸ਼ੁਰੂ ਹੋਇਆ ਤੇ ੨੦੧੦ ਵਿਚ ਮੁਕੰਮਲ ਹੋਇਆ। ਇਹ ਡਾਊਨ ਟਾਊਨ ਦੁਬਈ ਵਿਚ ਵਾਕਿਆ ਹੈ। ਜਿਥੇ ਬੁਰਜ ਖ਼ਲੀਫ਼ਾ ਵਾਪਾਰਕ ਕੇਂਦਰ ਹੈ ਓਥੇ ਇਹ ਸੈਰ ਸਪਾਟਾ ਕਰਨ ਆਇਆਂ ਵਾਸਤੇ ਵੇਖਣ ਵਾਲ਼ਾ ਥਾਂ ਹੈ। ਬੁਰਜ ਖ਼ਲੀਫ਼ਾ 'ਤੇ ਹਰੇਕ ਸ਼ਾਮ ਨੂੰ ਰੋਸ਼ਨੀਆਂ ਦੇ ਕਰਤਬ ਵਿਖਾਏ ਜਾਂਦੇ ਹਨ। ਤਰ੍ਹਾਂ ਤਰ੍ਹਾਂ ਦੀਆਂ ਰੋਸ਼ਨੀਆਂ ਖੇਲ੍ਹ ਕਰਦੀਆਂ ਹਨ ਤੇ ਦਰਸ਼ਕਾਂ ਦੇ ਮਨ ਮੋਂਹਦੀਆਂ ਹਨ। ਇਹ ਮਨੁੱਖ ਸਿਰਜਿਆ ਅਦਭੁਤ ਨਜ਼ਾਰਾ ਵੇਖਣ ਲਈ, ਦੂਰ ਦੁਰਾਡੇ ਦੇਸਾਂ ਦੇ ਯਾਤਰੂ ਆਉਂਦੇ ਹਨ।

ਇਸ ਤਰ੍ਹਾਂ ਨੌਂ ਦਿਨ ਅਸੀਂ ਸ. ਸੁਰਿੰਦਰ ਸਿੰਘ ਜੀ ਦੇ ਮਿੱਤਰ, ਗੁਰਸਿੱਖ ਸ. ਹਰਜਿੰਦਰ ਸਿੰਘ ਜੀ ਹੋਰਾਂ ਦੀ ਖੁੱਲ੍ਹ ਦਿਲੀ ਨਾਲ਼ ਕੀਤੀ ਗਈ ਪ੍ਰਾਹੁਣਾਚਾਰੀ ਦਾ ਅਨੰਦ ਮਾਣਦੇ ਹੋਏ, ੨੯ ਨਵੰਬਰ ਵਾਲ਼ੇ ਦਿਨ, ਸ. ਸੁਰਿੰਦਰ ਸਿੰਘ ਜੀ ਦਿੱਲੀ ਅਤੇ ਮੈਂ ਸਿਡਨੀ ਵਾਲ਼ੇ ਜਹਾਜ਼ਾਂ ’ਤੇ ਸਵਾਰ ਹੋ ਕੇ, ਇਸ ਮੁਲਕ ਨੂੰ, ਮੁੜ ਕੇ ਵੀ ਫੇਰਾ ਪਾਉਣ ਦੀ ਆਸ ਰੱਖਦੇ ਹੋਏ, ਅਲਵਿਦਾ ਕਹਿ ਆਏ।

# ਕਬਹੂ ਜੀਅੜਾ ਊਭਿ ਚੜਤੁ ਹੈ
# ਕਬਹੂ ਜਾਇ ਪਇਆਲੇ

ਕਦੀ ਤਾਂ ਮਨੁੱਖ ਦੀ ਸੋਚ ਹਿਮਾਲੀਆ ਪਰਬਤ ਵਾਂਗ ਉਚੀ ਹੋ ਜਾਂਦੀ ਹੈ ਪਰ ਓਸੇ ਮਨੁੱਖ ਦੀ ਸੋਚ ਕਿਸੇ ਸਮੇ ਪਾਤਾਲ ਜਿੰਨੀ ਨੀਵੀਂ ਹੋ ਜਾਂਦੀ ਹੈ। ਕਦੀ ਤੇ ਮਨੁੱਖ ਦੂਸਰੇ ਲਈ ਆਪਣੀ ਜਾਨ ਤੱਕ ਵਾਰ ਦਿੰਦਾ ਹੈ ਤੇ ਕਦੀ ਤੜਫਦੇ ਦੇ ਮੂੰਹ ਵਿਚ ਪਾਣੀ ਵੀ ਨਹੀਂ ਪਾਉਂਦਾ। ਮਤਲਬ ਕਿ ਕਦੀ ਧਰਮੀ ਬਣ ਜਾਂਦਾ ਹੈ ਤੇ ਕਦੀ ਪਾਪੀ; ਇਸ ਦਾ ਵਿਸਾਹ ਕੋਈ ਨਹੀਂ।

ਬਹੁਤ ਸਮਾ ਪਹਿਲਾਂ ਈਸਰ ਸਿੰਘ ਭਾਈਆ ਜੀ ਦੀ ਇਕ ਕਵਿਤਾ ਸੀ ਕਿ ਭਾਈਏ ਦੇ ਘਰ ਵਾਲ਼ੀ ਵੱਲੋਂ, ਭਾਈਏ ਨੂੰ ਬਾਜ਼ਾਰੋਂ ਧੜੀ ਆਲੂ ਲੈਣ ਭੇਜਿਆ ਗਿਆ। ਰਸਤੇ ਵਿਚ ਉਸ ਨੂੰ ਕਿਸੇ ਦੀ ਡਿੱਗੀ ਹੋਈ ਥੈਲੀ ਲੱਭੀ। ਵੇਖਿਆ ਤਾਂ ਉਸ ਵਿਚ ਪੰਜ ਸੌ ਚਾਂਦੀ ਦੇ ਰੁਪਏ ਸਨ। ਭਾਈਆ ਉਹ ਥੈਲੀ ਲੈ ਕੇ ਠਾਣੇ ਚਲਿਆ ਗਿਆ। ਅੱਗੇ ਓਥੇ ਠਾਣੇ ਵਿਚ ਭਾਈਏ ਦੇ ਸਾਲ਼ੇ ਦਾ ਸਾਲ਼ਾ ਮੁਣਸ਼ੀ ਦੀ ਕੁਰਸੀ ਉਪਰ ਬੈਠਾ ਸੀ। ਭਾਈਏ ਨੇ ਜਾ ਥੈਲੀ ਉਸ ਦੇ ਅੱਗੇ ਰੱਖੀ ਤੇ ਆਖਿਆ, "ਆਹ ਥੈਲੀ ਮੈਨੂੰ ਰਾਹ ਵਿਚੋਂ ਲੱਭੀ ਹੈ ਤੇ ਇਸ ਨੂੰ ਤੁਸੀਂ ਜਮ੍ਹਾ ਕਰ ਲਵੋ ਤੇ ਜਿਸ ਦੀ ਹੋਵੇ ਉਸ ਨੂੰ ਦੇ ਦੇਣੀ।"

ਅੱਗੋਂ ਮੁਣਸ਼ੀ ਆਖਣ ਲੱਗਾ, "ਓਇ ਭਾਈਆ, ਤੇਰੀ ਮੱਤ ਮਾਰੀ ਗਈ ਹੈ? ਚੁੱਪ ਕਰਕੇ ਇਸ ਨੂੰ ਚੁੱਕ ਤੇ ਘਰ ਵਾਲ਼ੀ ਨੂੰ ਜਾ ਕੇ ਫੜਾ; ਨਾਲ਼ੇ ਉਹ ਖ਼ੁਸ਼। ਵੇਖਿਆ ਤੈਨੂੰ ਕਿਸੇ ਨੇ ਨਹੀਂ।" ਭਾਈਆ ਆਂਹਦਾ, "ਨਾ ਮੁਣਸ਼ੀ ਜੀ, ਇਹ ਮੇਰੇ ਨਹੀਂ ਹਨ ਤੇ ਮੈਂ ਆਪਣੇ ਘਰ ਵਾਸਤੇ ਨਹੀਂ ਖੜਨੇ।" ਹਾਰ ਕੇ, ਭਾਈਏ ਦੀ ਅੜੀ ਅੱਗੇ ਕੋਈ ਚਾਰਾ ਨਾ ਚੱਲਦਾ ਵੇਖ ਕੇ ਮੁਣਸ਼ੀ ਨੇ ਉਹ ਥੈਲੀ ਜਮ੍ਹਾਂ ਕਰ ਲਈ।

ਥੈਲੀ ਜਮ੍ਹਾ ਕਰਵਾ ਕੇ ਭਾਈਆ ਸਬਜ਼ੀ ਵਾਲ਼ੀ ਦੁਕਾਨ 'ਤੇ ਚਲਿਆ ਗਿਆ। ਦੋ ਆਨੇ ਦੇ ਧੜੀ ਆਲੂ ਜੁਖਵਾ ਕੇ ਚਾਦਰ ਵਿਚ ਪਵਾ ਲਏ ਤੇ ਦੁਕਾਨ ਵਾਲ਼ੇ ਨੂੰ ਇਕ ਰੁਪਇਆ ਫੜਾਇਆ ਤੇ ਚੌਦਾਂ ਆਨੇ ਵਾਪਸ ਲੈਣ ਲਈ ਰੁਕਿਆ। ਜਦੋਂ ਦੁਕਾਨਦਾਰ ਰੁਪਇਆ ਆਪਣੇ ਗਲੇ ਵਿਚ ਪਾਉਣ ਲੱਗਾ ਤਾਂ ਉਸ ਦਾ ਧਿਆਨ ਲਾਂਭੇ ਹੋਇਆ ਵੇਖ ਕੇ, ਭਾਈਏ ਨੇ ਆਲੂਆਂ ਦੀ ਢੇਰੀ ਵਿਚੋਂ ਇਕ ਆਲੂ ਚੁੱਕ ਕੇ ਆਪਣੀ ਝੋਲ਼ੀ ਵਿਚ ਪਾ ਲਿਆ। ਦੁਕਾਨਦਾਰ ਨੇ ਭਾਈਏ ਨੂੰ ਓਸੇ ਸਮੇ ਗੁੱਟੋਂ ਫੜ ਲਿਆ। ਬੁਰਾ ਭਲਾ ਬੋਲਦਾ ਹੋਇਆ ਭਾਈਏ ਨੂੰ ਠਾਣੇ ਲੈ ਆਇਆ ਤੇ ਮੁਣਸ਼ੀ ਕੋਲ਼ ਭਾਈਏ ਦੀ ਸ਼ਿਕਾਇਤ ਲਾਈ। ਮੁਣਸ਼ੀ ਮੰਨੇ ਨਾ ਕਿ ਭਾਈਆ, ਜੇਹੜਾ ਕਿ ਹੁਣੇ ਹੁਣੇ ਪੰਜ ਸੌ ਰੁਪਏ ਜਮ੍ਹਾਂ ਕਰਵਾ ਕੇ ਗਿਆ ਹੈ, ਉਹ ਇਕ ਆਲੂ ਦੀ ਚੋਰੀ ਕਰ ਸਕਦਾ ਹੈ! ਅਖ਼ੀਰ ਆਲੂ ਜੋਖੇ ਗਏ ਤਾਂ ਇਕ ਆਲੂ ਧੜੀ

ਤੋਂ ਵੱਧ ਨਿਕਲ਼ਿਆ। ਪੰਜ ਸੌ ਦੀ ਈਮਾਨਦਾਰੀ ਵਾਲ਼ਾ ਇਕ ਆਲੂ 'ਤੇ ਡੁਲ੍ਹ ਗਿਆ। ਨਤੀਜਾ ਇਹ ਨਿਕਲ਼ਿਆ ਕਿ ਕੋਈ ਪਤਾ ਨਹੀਂ ਬੰਦੇ ਦੀ ਮਾਨਸਿਕ ਅਵਸਥਾ ਕਿਸ ਸਮੇ ਕਿਹੋ ਜਿਹੀ ਹੋ ਜਾਵੇ!

ਬਹੁਤ ਸਾਲਾਂ ਦੀ ਗੱਲ ਹੈ : ਓਦੋਂ ਮੇਰੀ ਘਰ ਵਾਲ਼ੀ ਕੰਮ ਕਰਦੀ ਸੀ ਤੇ ਮੈਂ ਵੇਹਲਾ ਸਾਂ। ਇਕ ਮੈਂਬਰ ਦੀ ਕਮਾਈ ਨਾਲ਼, ਮਕਾਨ ਦੀ ਕਿਸ਼ਤ ਭਰ ਕੇ, ਛੇ ਜੀਆਂ ਦੇ ਟੱਬਰ ਦੀ ਮਸਾਂ ਦਾਲ਼ ਰੋਟੀ ਹੀ ਚੱਲਦੀ ਸੀ। ਜਿਵੇਂ ਮੇਰਾ ਅੰਗ੍ਰੇਜ਼ੀ ਵੱਲੋਂ ਹੱਥ ਤੰਗ ਹੈ ਓਵੇਂ ਓਹਨੀਂ ਦਿਨੀਂ ਮਾਇਆ ਵੱਲੋਂ ਵੀ ਮੇਰੇ ਨਾਲ਼ ਅਜਿਹਾ ਹੀ ਵਰਤਾ ਕੀਤਾ ਜਾਂਦਾ ਸੀ। ਹੁਣ ਤਾਂ ਗੁਰੂ ਦੀ ਕਿਰਪਾ ਨਾਲ਼ ਬੁਢੇਪੇ ਦੀ ਪੈਨਸ਼ਨ ਮਿਲਦੀ ਹੈ ਪਰ ਓਦੋਂ ਮਾਇਆ ਪੁਰਾਣੇ ਸਮੇ ਦਾ ਜੇਠ ਸਮਝ ਕੇ, ਮੇਰੇ ਕੋਲ਼ੋਂ ਘੁੰਡ ਹੀ ਕੱਢੀ ਰੱਖਦੀ ਸੀ। ਓਦੋਂ ਅਜੇ ਕੰਧ ਵਿਚੋਂ ਪੈਸੇ ਕੱਢਣ ਵਾਲ਼ੀ ਮਸ਼ੀਨ ਦੀ ਵਰਤੋਂ ਦਾ ਬਹੁਤਾ ਰਿਵਾਜ ਨਹੀਂ ਸੀ ਚੱਲਿਆ। ਕਿਤੇ ਕਿਤੇ ਇਹ ਮਸ਼ੀਨ ਹੁੰਦੀ ਸੀ!

ਇਸ ਮਸ਼ੀਨ ਤੋਂ ਗੱਲ ਪੁਰਾਣੀ ਗੱਲ ਚੇਤੇ ਆ ਗਈ। ੧੯੭੮ ਵਿਚ ਮੈਂ ਵਲੈਤ, ਅਮ੍ਰੀਕਾ ਤੇ ਕੈਨੇਡਾ ਵਿਚਾਲ਼ੇ ਘੁੰਮਦਿਆਂ ਹੋਇਆਂ, ਵੈਨਕੂਵਰ ਸ਼ਹਿਰ ਵਿਚ ਆਪਣੇ ਪਰਮ ਮਿੱਤਰ, ਸ. ਹਰਦਿਆਲ ਸਿੰਘ ਜੌਹਲ ਪਾਸ ਠਹਿਰਿਆ ਹੋਇਆ ਸਾਂ। ਦੋਹਾ ਦੇਸਾਂ ਦੀ ਸਰਹੱਦ ਤੋਂ ਦੂਜੇ ਪਾਸੇ ਸਿਆਟਲ ਸ਼ਹਿਰ ਪੈਂਦਾ ਹੈ। ਓਥੇ ਸ. ਹਰਦਿਆਲ ਸਿੰਘ ਦੇ ਭੂਆ ਜੀ ਦੀ ਧੀ ਭੈਣ ਜੀ ਨਵੇਂ ਨਵੇਂ ਹੀ ਮਾਈਗਰੇਟ ਹੋ ਕੇ ਆਏ ਸਨ। ਇਕ ਦਿਨ ਲੌਢੇ ਵੇਲ਼ੇ ਉਹਨਾਂ ਪਾਸ ਜਾਣ ਦਾ ਪ੍ਰੋਗਰਾਮ ਬਣ ਗਿਆ ਤੇ ਸਿਆਟਲ ਪਹੁੰਚ ਗਏ। ਸ਼ਾਮ ਦਾ ਸਮਾ ਸੀ। ਹਰਦਿਆਲ ਸਿੰਘ ਜੀ ਨੇ ਬਾਜ਼ਾਰ ਵਿਚ ਕਾਰ ਰੋਕੀ ਤੇ ਆਖਿਆ ਕਿ ਉਹ ਬੈਂਕ 'ਚੋਂ ਪੈਸੇ ਕਢਵਾ ਕੇ ਆਉਂਦਾ ਹੈ ਤੇ ਅਸੀਂ ਥੋਹੜਾ ਉਡੀਕੀਏ। ਹਨੇਰਾ ਹੋ ਚੁੱਕਾ ਸੀ ਮੈਨੂੰ ਹੈਰਾਨੀ ਹੋ ਰਹੀ ਸੀ ਕਿ ਇਸ ਸਮੇ ਕੇਹੜੀ ਬੈਂਕ ਖੁਲ੍ਹੀ ਹੋਵੇਗੀ! ਮੇਰੀਆਂ ਅੱਖਾਂ ਨੇ ਉਸ ਦਾ ਪਿੱਛਾ ਕੀਤਾ। ਮੈਂ ਕੀ ਵੇਖਦਾ ਹਾਂ ਕਿ ਉਸ ਨੇ ਬੈਂਕ ਦੀ ਕੰਧ ਵਿਚ ਇਕ ਕਾਰਡ ਪਾਇਆ ਤੇ ਪੈਸੇ ਕੱਢ ਕੇ ਸਾਡੇ ਵੇਂਹਦੇ ਵੇਂਹਦੇ ਹੀ ਮੁੜ ਆਇਆ। ਮੈਨੂੰ ਬੜੀ ਹੈਰਾਨੀ ਹੋਈ ਕਿ ਅਮ੍ਰੀਕਾ ਵਿਚ ਕੰਧ ਵਿਚੋਂ ਵੀ ਪੈਸੇ ਨਿਕਲ਼ ਆਉਂਦੇ ਹਨ! ਮੇਰਾ ਤਾਂ ਵਾਹ ਰਿਹਾ ਸੀ ਉਹਨਾਂ ਬੈਂਕਈ ਲੋਕਾਂ ਨਾਲ਼ ਜੇਹੜੇ ਸਾਡੇ ਆਪਣੇ ਪੈਸੇ ਤੇ ਸਾਡੇ ਕੋਲ਼ ਪਾਸਬੁੱਕ ਹੋਣ 'ਤੇ ਵੀ, ਪੈਸੇ ਕਢਵਾਉਣ ਸਮੇ, ਆਖਿਆ ਕਰਦੇ ਸਨ ਕੋਈ ਅਜਿਹਾ ਬੰਦਾ ਲਿਆਓ ਜੇਹੜਾ ਤੁਹਾਨੂੰ ਵੀ ਤੇ ਸਾਨੂੰ ਵੀ ਜਾਣਦਾ ਹੋਵੇ। ਪਰ ਏਥੇ ਨਾ ਕਿਸੇ ਨੇ ਵਾਕਫ਼ੀ ਮੰਗੀ, ਨਾ ਦਸਤਖ਼ਤਾਂ ਦੇ ਅੱਖਰਾਂ ਨੂੰ ਮੇਲ਼ਿਆ ਤੇ ਫਟਾ ਫਟ ਕੰਧ ਰਾਹੀਂ ਪੈਸੇ ਦੇ ਦਿਤੇ; ਉਹ ਵੀ ਬੈਂਕ ਬੰਦ ਹੋ ਜਾਣ ਪਿੱਛੋਂ।

ਮੈਂ ਫਿਰ ਜਦੋਂ ੯ ਨਵੰਬਰ ੧੯੮੧ ਨੂੰ ਏਥੇ ਸਿਡਨੀ ਵਿਚ ਬੈਂਕ ਦੀ ਨੌਕਰੀ 'ਤੇ ਲੱਗਾ ਤਾਂ ਸਭ ਤੋਂ ਪਹਿਲਾਂ ਮੈਂ ਕੰਧ ਵਿਚੋਂ ਪੈਸੇ ਕਢਣ ਵਾਲ਼ਾ ਕਾਰਡ ਬਣਵਾਇਆ।

ਹਾਂ, ਓਥੇ ਚੱਲੀਏ। ਰੂਟੀ ਹਿੱਲ ਰੋਡ ਸਾਊਥ ਦੇ ਸ਼ੁਰੂ ਵਿਚ ਹੀ ਕਾਮਨਵੈਲ਼ਥ ਬੈਂਕ ਦੀ ਬਰਾਂਚ ਹੁੰਦੀ ਸੀ। ਮਸ਼ੀਨ ਹੁਣ ਯਾਦ ਨਹੀਂ ਉਸ ਦੀ ਕੰਧ ਵਿਚ ਹੁੰਦੀ ਸੀ ਜਾਂ ਨਹੀਂ। ਇਕ ਦਿਨ ਮੈਂ ਇਸ ਬਰਾਂਚ ਵਿਚੋਂ ਕੁਝ ਡਾਲਰ ਕਢਵਾਏ। ਬੈਂਕ ਦੇ ਅੰਦਰੋਂ ਡਾਲਰ ਗਿਣਦਾ ਤੇ ਤੁਰਦਾ ਤੁਰਦਾ ਬਾਹਰ ਆ ਗਿਆ। ਜਦੋਂ ਵੀ ਮੈਂ ਡਾਲਰ ਗਿਣਾਂ ਤਾਂ ਇਕ ਪੰਜਾਹਾਂ ਦਾ ਨੋਟ ਵਧ ਜਾਵੇ। ਮੁੜ ਮੁੜ ਗਿਣਾਂ ਇਹ ਸੋਚ ਕੇ ਕਿ ਜ਼ਰੂਰ ਮੈਨੂੰ ਭੁਲੇਖਾ ਲੱਗ ਰਿਹਾ ਹੈ, ਬੈਂਕ ਵਾਲੇ ਕਿਵੇਂ ਗ਼ਲਤੀ ਕਰ ਸਕਦੇ ਹਨ! ਮੁੜ ਮੁੜ ਗਿਣਨ ’ਤੇ ਵੀ ਜਦੋਂ ਹਰ ਵਾਰ ਇਕ ਪੰਜਾਹਾਂ ਦਾ ਨੋਟ ਵਧ ਨਿਕਲ਼ਿਆ ਤਾਂ ਯਕੀਨ ਹੋ ਗਿਆ ਕਿ ਬੈਂਕ ਵਾਲ਼ੀ ਬੀਬੀ ਨੇ ਗ਼ਲਤੀ ਨਾਲ਼ ਮੈਨੂੰ ਪੰਜਾਹ ਡਾਲਰ ਵਧ ਦੇ ਦਿਤੇ ਹਨ। ਹੁਣ ਮੇਰੇ ਲਈ ‘ਧਰਮ ਸੰਕਟ’ ਖੜ੍ਹਾ ਹੋ ਗਿਆ। ਜਿਵੇਂ ਕਿ ਪਹਿਲਾਂ ਦੱਸਿਆ ਹੈ ਕਿ ਉਸ ਸਮੇ ਮੇਰਾ ਮਾਇਆ ਵੱਲੋਂ ਹੱਥ ਤੰਗ ਹੀ ਰਹਿੰਦਾ ਸੀ। ਸੋਚਿਆ ਕਿ ਮੈਨੂੰ ਕਿਸੇ ਨੇ ਵੇਖਿਆ ਤੇ ਹੈ ਨਹੀਂ ਤੇ ਬਾਹਰ ਸੜਕ ਉਪਰ ਵੀ ਮੈਂ ਆ ਗਿਆ ਹਾਂ। ਚੁੱਪ ਕਰਕੇ ਇਸ ਨੂੰ ‘ਮਾਲੇ ਗ਼ਨੀਮਤ’ ਸਮਝ ਕੇ ਹਜਮ ਕਰ ਜਾਵਾਂ। ਫਿਰ ਵਿਚਾਰ ਆਇਆ ਕਿ ਮੇਰਾ ਤਾਂ ਏਨੇ ਨਾਲ਼ ਮਕਾਨ ਫ਼੍ਰੀ ਨਹੀਂ ਹੋ ਜਾਣਾ ਪਰ ਉਸ ਵਿਚਾਰੀ ਦੀ ਨੌਕਰੀ ਗਵਾਚ ਸਕਦੀ ਹੈ। ਬੈਂਕ ਵਿਚ ਇਸ ਗ਼ਲਤੀ ਨੂੰ ਬੜੀ ਗੰਭੀਰਤਾ ਨਾਲ਼ ਲਿਆ ਜਾਂਦਾ ਹੈ। ਕੁਦਰਤੀ ਸ਼ਕਲੋਂ ਉਹ ਬੀਬੀ ਲੱਗਦੀ ਵੀ ਹਿੰਦੁਸਤਾਨੀ ਸੀ। ਮੈਂ ਸੜਕ ਤੋਂ ਮੁੜਿਆ ਤੇ ਲਾਈਨ ਵਿਚ ਨਾ ਲੱਗ ਕੇ, ਸਿੱਧਾ ਹੀ ਉਸ ਦੇ ਸਾਹਮਣੇ ਜਾ ਕੇ ਉਸ ਨੂੰ ਪੰਜਾਹਾਂ ਦਾ ਨੋਟ ਦੇ ਕੇ ਆਖਿਆ ਕਿ ਇਹ ਤੁਸੀਂ ਗ਼ਲਤੀ ਨਾਲ਼ ਮੈਨੂੰ ਵਧ ਦੇ ਦਿਤਾ ਹੈ। ਉਸ ਸਮੇ ਉਸ ਵਿਚਾਰੀ ਦਾ ਚੇਹਰਾ ਵੇਖਣ ਹੀ ਵਾਲ਼ਾ ਸੀ; ਮੈਂ ਉਸ ਨੂੰ ਸ਼ਬਦਾਂ ਵਿਚ ਬਿਆਨ ਨਹੀਂ ਕਰ ਸਕਦਾ। ਉਹ ਮੇਰੇ ਮੂੰਹ ਵੱਲ ਹੀ ਵੇਖਦੀ ਰਹਿ ਗਈ ਤੇ ਏਥੋਂ ਦੇ ਰਿਵਾਜ ਅਨੁਸਾਰ ਮੇਰਾ ਧੰਨਵਾਦ ਵੀ ਨਾ ਕਰ ਸਕੀ। ਮੈਂ ਨੋਟ ਉਸ ਦੇ ਸਾਹਮਣੇ ਕਾਊਂਟਰ ਉਪਰ ਰੱਖ ਕੇ ਬੈਂਕੋਂ ਬਾਹਰ ਆ ਗਿਆ।

# ਗੁਰਦੁਆਰਾ ਸਿੱਖ ਸੈਂਟਰ, ਪਾਰਕਲੀ

ਸਾਲ ੧੯੬੯ ਵਿਚ, ਸਾਰੇ ਸੰਸਾਰ ਅੰਦਰ, ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪੰਜ ਸੌ ਸਾਲਾ ਪ੍ਰਕਾਸ਼ ਦਿਵਸ ਬੜੇ ਉਤਸ਼ਾਹ ਨਾਲ਼, ਮਨਾਇਆ ਗਿਆ। ਉਸ ਸਮੇ ਸਿਡਨੀ ਵਿਚ ਬਹੁਤ ਥੋਹੜੇ ਸਿੱਖ ਰਹਿੰਦੇ ਸਨ। ਇਹਨਾਂ ਨੇ ਵੀ ਆਪਣੀ ਹੈਸੀਅਤ ਅਨੁਸਾਰ ਇਸ ਸ਼ੁਭ ਅਵਸਰ ਨੂੰ ਮਨਾਉਣ ਦਾ ਉਦਮ ਕੀਤਾ। ਇਹ ਪ੍ਰੋਗਰਾਮ ਪਿੱਟ ਸਟਰੀਟ, ਸਿਡਨੀ ਦੇ ਇਕ ਚਰਚ ਵਿਚ ਮਨਾਇਆ ਗਿਆ। ਭਾਰਤ ਸਰਕਾਰ ਦੇ ਦਫ਼ਤਰ ਕੌਂਸੂਲੇਟ ਜਨਰਲ ਅਤੇ ਏਅਰ ਇੰਡੀਆ ਦੇ ਸਟਾਫ਼ ਨੇ ਵੀ ਇਸ ਉਦਮ ਵਿਚ ਸਹਿਯੋਗ ਦਿਤਾ। ਬਾਰਾਂ ਸਿੱਖ ਪਰਵਾਰਾਂ ਨੇ ਹਿੱਸਾ ਲਿਆ ਜਿਨ੍ਹਾਂ ਵਿਚੋਂ ਅੱਧਿਆਂ ਦੀਆਂ ਪਤਨੀਆਂ ਆਸਟ੍ਰੇਲੀਅਨ ਮੇਮਾਂ ਸਨ। ਮੋਹਰੀ ਹਿੱਸਾ, ਏਥੇ ਕੋਲੰਬੋ ਪਲਾਨ ਅਧੀਨ ਪੜ੍ਹਨ ਆਏ, ਡਾ. ਗੁਰਚਰਨ ਸਿੰਘ ਸਿੱਧੂ ਨੇ ਪਾਇਆ, ਜੋ ਕਿ ਪਹਿਲਾਂ ਆਪਣੀ ਪੜ੍ਹਾਈ ਪੂਰੀ ਕਰ ਕੇ ਵਾਪਸ ਚਲੇ ਗਏ ਸਨ ਤੇ ਦੇਸ ਜਾ ਕੇ ਲੁਧਿਆਣਾ ਯੂਨੀਵਰਸਟੀ ਵਿਚ ਡੀਨ ਦੀ ਪਦਵੀ ਉਪਰ ਸੇਵਾ ਕਰ ਰਹੇ ਸਨ ਅਤੇ ਆਪਣੀ ਵਿਦਿਅਕ ਯੋਗਤਾ ਦਾ ਸਦਕਾ, ਏਥੇ ਦੁਬਾਰਾ ਮਾਈਗ੍ਰੈਂਟ ਹੋ ਕੇ ਆਏ ਸਨ। ਸਿੱਖ, ਹਿੰਦੂ, ਆਸਟ੍ਰੇਲੀਅਨ, ਸਾਰੇ ਮਿਲਾ ਕੇ ਇਸ ਵਿਚ ਕੁੱਲ ਸਾਢੇ ਕੁ ਤਿੰਨ ਸੌ ਵਿਅਕਤੀਆਂ ਨੇ ਸ਼ਮੂਲੀਅਤ ਕੀਤੀ।

ਇਸ ਉਤਸ਼ਾਹਤ ਪ੍ਰੋਗਰਾਮ ਦੀ ਸਮਾਪਤੀ ’ਤੇ, ਸਾਰਾ ਖ਼ਰਚ ਕਰਨ ਉਪ੍ਰੰਤ, ੮੬ ਡਾਲਰ ਬਚ ਗਏ। ਕਿਸੇ ਸੱਜਣ ਦੇ ਸੁਝਾਅ ਦੇਣ ’ਤੇ ਇਹ ਡਾਲਰ, ‘ਸਿੱਖ ਕਲਚਰਲ ਸੋਸਾਇਟੀ’ ਦੇ ਨਾਂ ਹੇਠ, ਬੈਂਕ ਵਿਚ ਅਕਾਊਂਟ ਖੋਹਲ ਕੇ ਜਮ੍ਹਾਂ ਕਰਵਾ ਦਿਤੇ ਗਏ। ਡਾਕਟਰ ਸਿੱਧੂ ਜੀ, ਇਸ ਸੋਸਾਇਟੀ ਦੇ ਮੁੱਢਲੇ ਪ੍ਰਧਾਨ ਚੁਣੇ ਗਏ ਅਤੇ ਸੋਸਾਇਟੀ, ਨਿਊ ਸਾਊਥ ਵੇਲਜ਼ ਸਰਕਾਰ ਨਾਲ਼, ਨਾਨ-ਪ੍ਰੋਫ਼ਿਟੇਬਲ ਚੈਰਿਟੇਬਲ ਐਸੋਸੀਏਸ਼ਨ, ੧੯੭੧-੭੨ ਦੇ ਕਾਨੂੰਨ ਅਧੀਨ, ਰਜਿਸਟਰ ਕਰਵਾ ਦਿਤੀ ਗਈ।

ਇਹ ਮੁੱਢਲੀ ਸੰਸਥਾ ਸੀ, ਜਿਸ ਤੋਂ ਫਿਰ ਸਿਡਨੀ ਦੇ ਬਾਕੀ ਸਾਰੇ ਗੁਰਦੁਆਰੇ ਹੋਂਦ ਵਿਚ ਆਏ। ੧੯੭੨ ਵਿਚ, ਗਫ਼ ਵਿਟਲਮ ਦੀ ਅਗਵਾਈ ਹੇਠ, ਲੇਬਰ ਸਰਕਾਰ ਨੇ ‘ਵਾਈਟ ਓਨਲੀ’ ਪਾਲਿਸੀ, ਕਾਨੂੰਨੀ ਤੌਰ ’ਤੇ ਸਮਾਪਤ ਕਰ ਦਿਤੀ ਤਾਂ ਫਿਰ ਅਫ਼੍ਰੀਕਾ ਤੇ ਇੰਗਲੈਂਡੋਂ ਕੁਝ ਹੋਰ ਸਿੱਖ ਪਰਵਾਰ ਆਏ। ਕਿਉਂਕਿ ‘ਸਿੱਖ ਕਲਚਰਲ ਸੋਸਾਇਟੀ’ ਦਾ ਅਸਲੀ ਨਿਸ਼ਾਨਾ ਕਲਚਰਲ ਸਰਗਮੀਆਂ ਨੂੰ ਚਲਾਉਣ ਦਾ ਸੀ ਤੇ ਧਾਰਮਿਕ ਸਰਗਰਮੀਆਂ ਨੂੰ ਪਹਿਲ ਨਹੀਂ ਸੀ ਦਿਤੀ ਜਾਂਦੀ, ਇਸ ਲਈ ਇਸ ਤੋਂ ਵੱਖ ਹੋ ਕੇ, ੧੯੭੮ ਵਿਚ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਰੀਵਜ਼ਬੀ ਸਬਅਰਬ ਅੰਦਰ, ਹੋਂਦ ਵਿਚ ਆਇਆ। ਫਿਰ ੧੯੯੦ ਦੇ ਜਨਵਰੀ ਮਹੀਨੇ ਵਿਚ ਗੁਰਦੁਆਰਾ ਤਾਰਾਮਾਰਾ ਸਬਅਰਬ ਵਿਚ ਸ਼ੁਰੂ

ਹੋਇਆ। ਦੋ ਜਥੇਬੰਦੀਆਂ ਹੋਰ ਬਣਨ ਨਾਲ਼ ਸਿੱਖ ਕਲਚਰਲ ਸੋਸਾਇਟੀ ਦੀ ਮੈਂਬਰਸ਼ਿਪ ਅਤੇ ਸਰਗਮੀਆਂ ਵਿਚ ਖ਼ਾਸੀ ਕਮੀ ਆ ਗਈ। ਸੋਸਾਇਟੀ ਦੇ ਆਗੂਆਂ ਨੇ ਅਖ਼ੀਰ ਜਦੋਂ ਵੇਖਿਆ ਕਿ ਸਿੱਖਾਂ ਦਾ ਰੁਝਾਨ ਮੁੱਖ ਤੌਰ 'ਤੇ ਗੁਰਦੁਆਰਾ ਬਣਾਉਣ ਵਾਲ਼ੇ ਪਾਸੇ ਹੈ ਤਾਂ ਉਹਨਾਂ ਨੇ, ਪਾਰਕਲੀ ਸਬਅਰਬ ਵਿਚ ਦੋ ਬਲਾਕਾਂ ਦੇ ਇਕ ਪੁਰਾਣੇ ਘਰ, ਦਾ ਬਿਆਨਾ ਦੇ ਕੇ ਗੁਰਦੁਆਰਾ ਬਣਾਉਣ ਵੱਲ ਧਿਆਨ ਦਿਤਾ। ਇਸ ਥਾਂ ਦੀ ਕੀਮਤ ੬੫੦੦੦ ਡਾਲਰ ਸੀ। ਫਿਰ ਥਾਂ ਦੀ ਕੀਮਤ ਦੇਣ ਵਾਸਤੇ ਫ਼ੰਡ ਇਕੱਠੇ ਨਾ ਹੋ ਸਕੇ ਤੇ ਬਿਆਨਾ ਵੀ ਜ਼ਬਤ ਜੋ ਜਾਣ ਦੀ ਸੰਭਾਵਨਾ ਹੋ ਗਈ। ਉਸ ਸਮੇ ਵਿਚਾਰ ਕਰਨ ਉਪ੍ਰੰਤ, ਸੋਸਾਇਟੀ ਦੀ ਅਗਵਾਈ, ਡਾ. ਗੁਰਚਰਨ ਸਿੰਘ ਸਿੱਧੂ ਨੂੰ ਸੌਂਪੀ ਗਈ। ਡਾਕਟਰ ਸਾਹਿਬ ਨੇ ਅੱਗੇ ਲੱਗ ਕੇ ਮਾਇਆ ਦਾ ਪ੍ਰਬੰਧ ਕੀਤਾ। ਸਿਡਨੀ ਵਿਚ ਹੀ ਸਿੱਖ ਕਲੱਬ ਦੇ ਨਾਂ ਹੇਠ ਇਕ ਹੋਰ ਸੰਸਥਾ ਤਾਜ਼ੀ ਹੀ ਬਣੀ ਸੀ। ਉਹਨਾਂ ਪਾਸ ਸੱਤ ਹਜ਼ਾਰ ਡਾਲਰ ਬੈਂਕ ਵਿਚ ਜਮ੍ਹਾ ਸਨ। ਉਹਨਾਂ ਨੂੰ ਪ੍ਰੇਰ ਕੇ, ਕਲੱਬ ਨੂੰ ਸੋਸਾਇਟੀ ਦੇ ਵਿਚ ਮਰਜ ਕਰ ਕੇ, ਨਵੀਂ ਜਥੇਬੰਦੀ, 'ਆਸਟ੍ਰੇਲੀਅਨ ਸਿੱਖ ਐਸੋਸੀਏਸ਼ਨ' ਦੇ ਨਾਂ ਹੇਠ ਰਜਿਸਟਰ ਕਰਵਾਈ ਗਈ। ੩੦੦੦੦ ਡਾਲਰ ਬੈਂਕ ਕੋਲ਼ੋਂ ਕਰਜ਼ਾ ਲਿਆ ਗਿਆ, ਜੋ ਕਿ ਤਿੰਨ ਸਾਲਾਂ ਵਿਚ ਵਾਪਸ ਕਰਨਾ ਸੀ। ਮੇਰੀ ਜਾਣਕਾਰੀ ਵਿਚ ਇਹ ਪਹਿਲੀ ਹੀ ਕਰਾਮਾਤ ਹੋਈ ਕਿ ਦੋ ਜਥੇਬੰਦੀਆਂ ਮਿਲ਼ ਕੇ ਇਕ ਬਣੀ; ਨਹੀਂ ਤਾਂ ਹਮੇਸ਼ਾਂ ਹੀ ਇਕ ਤੋਂ ਦੋ, ਦੋ ਤੋਂ ਤਿੰਨ...ਬਣਦੀਆਂ ਰਹੀਆਂ ਹਨ। ਇਸ ਗੱਲ ਦਾ ਜ਼ਿਕਰ ਕਰ ਕੇ ਵਧਾਈ, ਮੈਂ ਨਵੀਂ ਜਥੇਬੰਦੀ ਦੀ ਪਹਿਲੀ ਜਨਰਲ ਮੀਟਿੰਗ ਵਿਚ ਹੀ ਦਿਤੀ ਤੇ ਨਾਲ਼ ਹੀ ਆਸ ਪਰਗਟ ਕੀਤੀ ਕਿ ਭਵਿਖ ਵਿਚ ਇਕੋ ਕਾਰਜ ਕਰਨ ਵਾਸਤੇ, ਇਕੋ ਸ਼ਹਿਰ ਵਿਚ, ਵਧੇਰੇ ਜਥੇਬੰਦੀਆਂ ਬਣਾਉਣ ਤੋਂ ਗੁਰੇਜ਼ ਕੀਤਾ ਜਾਵੇ ਤੇ ਬਣੀਆਂ ਹੋਈਆਂ ਆਪਸ ਵਿਚ ਵਿਰੋਧ ਦੇ ਥਾਂ, ਮਿਲਵਰਤਣ ਨਾਲ਼ ਭਲਾਈ ਦੇ ਕਾਰਜ ਕਰਨ।

ਕਲੱਬ ਦੇ ਮੁਖੀਆਂ ਨੇ ਨਵੀਂ ਬਣੀ ਜਥੇਬੰਦੀ ਦੀ ਤਰੱਕੀ ਵਾਸਤੇ ਗਾੜ੍ਹੀ ਲੱਗ ਕੇ, ਬਹੁਤ ਉਦਮ ਕੀਤਾ। ਭਾਵੇਂ ਕਿ ਇਸ ਸਭ ਕਾਸੇ ਪਿੱਛੇ ਪ੍ਰੇਰਨਾ ਦੇਣ ਵਾਲ਼ੀ ਸ਼ਖ਼ਸੀਅਤ ਡਾ. ਗੁਰਚਰਨ ਸਿੰਘ ਸਿੱਧੂ ਹੀ ਸੀ ਪਰ ਉਦਮ ਸਾਰੀ ਸੰਗਤ ਦਾ ਅਤੇ ਬਖ਼ਸ਼ਿਸ਼ ਗੁਰੂ ਜੀ ਦੀ ਸੀ।

ਸਬੱਬ ਨਾਲ਼ ਉਹਨੀਂ ਦਿਨੀਂ, ਮੇਰੇ ਛੋਟੇ ਭਰਾ, ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਦੇ ਹਜ਼ੂਰੀ ਰਾਗੀ, ਗਿ. ਹਰਜੀਤ ਸਿੰਘ ਜੀ ਏਥੇ ਮੇਰੇ ਕੋਲ਼ ਆਏ ਹੋਏ ਸਨ। ਡਾਕਟਰ ਜੀ ਨੇ ਮੇਰੇ ਰਾਹੀਂ ਉਹਨਾਂ ਨੂੰ ਪਰੇਰ ਕੇ, ਬਿਨਾ ਤਨਖ਼ਾਹ ਅਤੇ ਕਿਸੇ ਤਰ੍ਹਾਂ ਦੇ ਹੋਰ ਮਾਇਕ ਇਵਜ਼ਾਨੇ ਤੋਂ ਬਿਨਾ ਹੀ, ਆਨਰੇਰੀ ਗ੍ਰੰਥੀ ਦੀ ਸੇਵਾ ਵਾਸਤੇ ਮਨਾ ਲਿਆ। ਆਪਣੇ ਨਿੱਜੀ ਖ਼ਰਚ ਵਾਸਤੇ ਗਿਆਨੀ ਜੀ ਇਕ ਫ਼ੈਕਟਰੀ ਵਿਚ ਪੰਜ ਦਿਨ ਮਜ਼ਦੂਰੀ ਕਰਨ ਵਾਸਤੇ ਜਾਇਆ ਕਰਦੇ ਸਨ। ਉਹਨਾਂ ਨੇ ਤਕਰੀਬਨ ਸਾਢੇ ਅੱਠ ਸਾਲ ਦਾ ਸਮਾ ਇਹ ਸੇਵਾ

ਨਿਭਾਈ। ਇਸ ਤਰ੍ਹਾਂ ਗ੍ਰੰਥੀ ਸਿੰਘ ਦੀ ਸੇਵਾ ਪ੍ਰਾਪਤ ਹੋ ਜਾਣ ’ਤੇ ਫਿਰ ਇਸ ਸਥਾਨ ਉਪਰ ਮਹੀਨੇ ਵਿਚ ਦੋ ਐਤਵਾਰ ਦੀਵਾਨ ਲੱਗਣਾ ਸ਼ੁਰੂ ਹੋ ਗਿਆ।

੧੯੮੪ ਦੇ ਜੂਨ ਮਹੀਨੇ ਵਿਚ ਸ੍ਰੀ ਦਰਬਾਰ ਸਾਹਿਬ ਉਪਰ ਹਿੰਦ ਸਰਕਾਰ ਵੱਲੋਂ ਫ਼ੌਜੀ ਹਮਲਾ ਹੋਣ ਦਾ ਮਾੜਾ ਅਸਰ ਸਾਰੀ ਦੁਨੀਆਂ ਵਿਚ ਵੱਸਣ ਵਾਲ਼ੀ ਸਿੱਖ ਕੌਮ ਉਪਰ ਪਿਆ। ਆਸਟ੍ਰੇਲੀਆ ਦੀ ਸਿੱਖ ਸੰਗਤ ਵੀ ਇਸ ਤੋਂ ਬਚ ਨਾ ਸਕੀ। ਇਸ ਦੇ ਅਸਰ ਵਜੋਂ ਤਾਰਾਮਾਰਾ ਗੁਰਦੁਆਰਾ ਸਾਹਿਬ ਬੰਦ ਹੋ ਗਿਆ ਤੇ ਓਥੋਂ ਦੀ ਸੰਗਤ ਵੀ ਏਥੇ ਆਉਣੀ ਸ਼ੁਰੂ ਹੋ ਗਈ।

ਉਸ ਸਮੇ ਇਸ ਸੰਸਥਾ ਵਿਰੁੱਧ ਵਿਰੋਧੀਆਂ ਵੱਲੋਂ ਲਗਾਤਾਰ ਬਹੁਤ ਗ਼ਲਤ ਪ੍ਰਚਾਰ ਕੀਤਾ ਗਿਆ। ਝੂਠੀਆਂ ਅਫ਼ਵਾਹਾਂ ਉਡਾਈਆਂ ਗਈਆਂ, ਜਿਨ੍ਹਾਂ ਵਿਚੋਂ ਇਕ ਇਹ ਵੀ ਸੀ ਕਿ ਗੁਰਦੁਆਰੇ ਦੀ ਜ਼ਮੀਨ ਦੇ ਵਿਚਕਾਰੋਂ ਦੀ ਹਾਈਵੇ ਨਿਕਲ ਜਾਣਾ ਹੈ, ਜਿਸ ਨਾਲ਼ ਹਾਈਵੇ ਦੇ ਦੋਹੀਂ ਪਾਸੀਂ ਦੋ ਲੀਰਾਂ ਜ਼ਮੀਨ ਦੀਆਂ ਬਚਣਗੀਆਂ, ਜਿਨ੍ਹਾਂ ਦੋ ਟੋਟਿਆਂ ਵਿਚ ਕੁਝ ਨਹੀਂ ਬਣ ਸਕੇਗਾ। ਇਸ ਵਸਤੇ ਸੰਗਤਾਂ ਨੂੰ ਇਹ ਯਕੀਨ ਨਹੀਂ ਸੀ ਕਿ ਏਥੇ ਗੁਰਦੁਆਰਾ ਬਣਾਇਆ ਜਾਵੇਗਾ ਜਾਂ ਬਣ ਵੀ ਸਕੇਗਾ। ਬੈਂਕ ਦੇ ਕਰਜ਼ੇ ਦੀ ਕਿਸ਼ਤ ਦੇਣ ਵਿਚ ਵੀ ਮੁਸ਼ਕਲਾਂ ਆਈਆਂ। ਫਿਰ ਬੈਂਕ ਨਾਲ਼ ਰੀ-ਨੈਗੋਸ਼ੀਏਟ ਕਰ ਕੇ, ਤਿੰਨ ਸਾਲਾਂ ਦੀ ਥਾਂ ਕਰਜ਼ਾ ੧੦ ਸਾਲਾਂ ਵਿਚ ਮੋੜਨਾ ਕੀਤਾ। ਇਸ ਨਾਲ਼ ਕਿਸ਼ਤ ਦੇ ਪੈਸੇ ਘੱਟ ਮੋੜਨ ਦੀ ਸਹੂਲਤ ਮਿਲ਼ ਗਈ।

੧੯੮੫ ਵਿਚ ਐਸੋਸੀਏਸ਼ਨ ਦੇ ਅਧੀਨ ਚੈਰੀਟੇਬਲ ਕੌਂਸਲ ਵੀ ਰਜਿਸਟਰ ਕਰਵਾਈ ਗਈ, ਜਿਸ ਕਰਕੇ ਭੇਟਾ ਅਤੇ ਉਗਰਾਹੀ ਦੇਣ ਵਾਲ਼ਿਆਂ ਨੂੰ ਸਰਕਾਰ ਨੇ ਇਨਕਮ ਟੈਕਸ ਦੀ ਛੋਟ ਦੇ ਦਿਤੀ।

ਇਸ ਦੇ ਨਾਲ਼ੋਂ ਹਾਈਵੇ ਤਾਂ ਲੰਘਿਆ ਪਰ ਉਸ ਨੇ ਇਕ ਪਾਸਿਉਂ ਬਹੁਤ ਹੀ ਥੋਹੜਾ ਥਾਂ ਮੱਲਿਆ ਤੇ ਉਸ ਦੇ ਚੰਗੇ ਪੈਸੇ ਵੀ ਸੰਸਥਾ ਨੂੰ ਦਿਤੇ। ਵਲੈਤੋਂ ਆਏ ਪਰਵਾਰਾਂ ਅਤੇ ਸਿੱਖ ਕਲੱਬ ਵਾਲ਼ੇ ਸੱਜਣਾਂ ਨੇ ਬੜੀ ਹਿੰਮਤ ਨਾਲ਼, ਪੁਰਾਣੇ ਮਕਾਨ ਨੂੰ ਰੈਨੋਵੇਟ ਰਾਹੀਂ, ਇਸ ਵਿਚ ਬਹੁਤ ਸਾਰਾ ਵਾਧਾ ਕਰਕੇ, ਇਸ ਨੂੰ ਦੀਵਾਨ ਲਾਉਣ ਦੇ ਯੋਗ ਬਣਾਇਆ। ਜਿਵੇਂ ਜਿਵੇਂ ਸੰਗਤ ਵੱਧਦੀ ਗਈ, ਇਸ ਦੀ ਇਮਾਰਤ ਵਿਚ ਓਵੇਂ ਸਮੇ ਸਮੇ ਹੋਰ ਵਾਧਾ ਕੀਤਾ ਜਾਂਦਾ ਰਿਹਾ।

ਡਾਕਟਰ ਸਿੱਧੂ ਜੀ ਅਮ੍ਰੀਕਾ, ਕੈਨੇਡਾ ਦੀ ਯਾਤਰਾ ਉਪਰ ਗਏ ਤਾਂ ਆਪਣੇ ਸ਼ਾਗਿਰਦਾਂ ਪਾਸੋਂ 70000 (ਸੱਤਰ ਹਜ਼ਾਰ ਡਾਲਰ) ਉਗਰਾਹ ਕੇ ਲੈ ਆਏ। ਡਾਕਟਰ ਸਿੱਧੂ, ਸ. ਅਜਾਇਬ ਸਿੰਘ ਸਿੱਧੂ ਤੇ ਸ. ਕ੍ਰਿਪਾਲ ਸਿੰਘ ਪੰਨੂੰ ਨੇ ਆਪਣੇ ਘਰਾਂ ਦੀ ਗਰੰਟੀ ਦੇ ਕੇ, ਬੈਂਕ ਤੋਂ ਕਰਜ਼ਾ ਲਿਆ ਤੇ ਨਾਲ਼ ਲਗਵੀਂ ਤਿੰਨ ਏਕੜ ਜ਼ਮੀਨ ਹੋਰ ਖ਼ਰੀਦ ਲਈ, ਜਿਥੇ ਹੁਣ ਗੁਰਦੁਆਰਾ ਸਾਹਿਬ ਦਾ ਵਿਸ਼ਾਲ ਹਾਲ ਉਸਾਰਿਆ ਗਿਆ। ਇਸ ਜਿੱਡਾ ਹਾਲ

ਆਸਟ੍ਰੇਲੀਆ ਵਿਚ ਹੋਰ ਕਿਸੇ ਗੁਰਦੁਆਰਾ ਸਾਹਿਬ ਦਾ ਤਾਂ ਕੀ, ਕਿਸੇ ਹੋਰ ਚਰਚ ਦਾ ਵੀ ਏਡਾ ਵੱਡਾ ਹਾਲ ਸ਼ਾਇਦ ਨਹੀਂ ਹੈ।

ਇਸ ਵਿਸ਼ਾਲ ਬਿਲਡਿੰਗ ਦੀਆਂ ਨੀਹਾਂ ਪੁੱਟੀਆਂ ਜਾ ਰਹੀਆਂ ਸਨ ਕਿ ਇਕ ਦਿਨ ਐਤਵਾਰ ਦੇ ਦੀਵਾਨ ਸਮੇ, ਠਕਰਾਲ ਪਰਵਾਰ ਆਇਆ। ਲੈਮੋਜ਼ੀਨ ਕਾਰਾਂ, ਗੋਰੇ ਸ਼ੋਫ਼ਰ, ਗੋਰੇ ਹੀ ਸੈਕਿਉਰਟੀ ਗਾਰਡਾਂ ਨਾਲ਼ ਉਹ ਪੁੱਜੇ ਅਤੇ ਗੁਰੂ ਜੀ ਅੱਗੇ ਮੱਥਾ ਟੇਕ ਕੇ ਦੀਵਾਨ ਵਿਚ ਸੱਜ ਗਏ। ਲੰਗਰ ਛਕਣ ਸਮੇ, ਇਕ ਪਾਸੇ ਪੁੱਟੀ ਹੋਈ ਮਿੱਟੀ ਦੇ ਲੱਗੇ ਹੋਏ ਢੇਰਾਂ ਨੂੰ ਵੇਖ ਕੇ, ਉਹਨਾਂ ਦੇ ਪੁੱਛਣ 'ਤੇ ਜਦੋਂ ਪ੍ਰਬੰਧਕਾਂ ਨੇ ਦੱਸਿਆ ਕਿ ਗੁਰਦੁਆਰਾ ਸਾਹਿਬ ਦੀ ਇਮਾਰਤ ਉਸਾਰੀ ਜਾ ਰਹੀ ਹੈ ਤਾਂ ਉਹਨਾਂ ੫੧੦੦੦ ਡਾਲਰ ਦੇਣ ਦਾ ਇਕਰਾਰ ਕੀਤਾ। ਆਸਟ੍ਰੇਲੀਆ ਵਿਚ ਉਹਨਾਂ ਦੇ ਮੈਨੇਜਰ, ਸ. ਮਨਜੀਤ ਸਿੰਘ ਗਿੱਲ ਨੇ ਚੱਲ ਰਹੇ ਕੰਮ ਦੀਆਂ ਫ਼ੋਟੋ ਲਾਹ ਕੇ ਭੇਜੀਆਂ ਤਾਂ ਉਹਨਾਂ ਵੱਲੋਂ ੫੧੦੦੦ ਦਾ ਚੈੱਕ ਵੀ ਆ ਗਿਆ। ਫਿਰ ਇਕ ਦਿਨ ਸਮੇਤ ਪਰਵਾਰ ਆਏ ਤਾਂ ਅੱਗੋਂ ਕੰਧਾਂ ਉਸਰੀਆਂ ਵੇਖ ਕੇ ਉਹਨਾਂ ਨੇ ਹੈਰਾਨੀ ਭਰੀ ਖ਼ੁਸ਼ੀ ਪਰਗਟ ਕੀਤੀ ਤੇ ੩੫੦੦੦੦ ਦਾ ਚੈਕ ਹੋਰ ਭੇਟਾ ਕਰ ਗਏ। ਗੁਰਦੁਆਰਾ ਸਾਹਿਬ ਦੀ ਓਪਨਿੰਗ ਵੇਲ਼ੇ ੧੦੦੦੦੦ ਹੋਰ ਦੇ ਗਏ। ਇਸ ਤਰ੍ਹਾਂ ਇਕੋ ਪਰਵਾਰ ਵੱਲੋਂ ੫੦੧੦੦੦ (ਪੰਜ ਲੱਖ ਇਕ ਹਜ਼ਾਰ ਡਾਲਰ), ਗੁਰਦੁਆਰਾ ਸਾਹਿਬ ਦੀ ਉਸਾਰੀ ਦੀ ਸੇਵਾ ਵਿਚ ਪਾਏ ਗਏ। ਇਸ ਗੁਰਦੁਅਰਾ ਸਾਹਿਬ ਦੀ ਇਮਾਰਤ ਦੀ ਉਸਾਰੀ ਬਾਰੇ ਸੰਗਤਾਂ ਵਿਚ ਏਨਾ ਉਤਸ਼ਾਹ ਸੀ ਕਿ ਹਰੇਕ ਸਿੱਖ ਨੇ, ਆਪਣੀ ਕਿਰਤ ਕਮਾਈ ਵਿਚੋਂ, ਹੈਸੀਅਤ ਅਨੁਸਾਰ ਹਿੱਸਾ ਪਾਇਆ। ਕੁਝ ਸੱਜਣਾਂ ਨੇ ਤਾਂ ਦਸ ਦਸ ਹਜ਼ਾਰ ਡਾਲਰ ਤੱਕ ਵੀ ਉਗਰਾਹੀ ਦਿਤੀ। ਮੈਲਬਰਨ ਤੋਂ ਉਪਲ ਪਰਵਾਰ ਨੇ ੨੫੦੦੦ ਡਾਲਰ ਭੇਟਾ ਕੀਤੇ।

ਠਕਰਾਲ ਕੰਪਨੀ ਦਾ ਹੈੱਡ ਕੁਆਰਟਰ ਤੇ ਭਾਵੇਂ ਸਿੰਗਾਪੁਰ ਵਿਚ ਹੈ ਪਰ ਬਹੁਤ ਸਾਰੇ ਮੁਲਕਾਂ ਵਿਚ ਇਹਨਾਂ ਦਾ ਕਾਰੋਬਾਰ ਹੈ। ਉਸ ਸਮੇ ਆਸਟ੍ਰੇਲੀਆ ਵਿਚ ਇਹਨਾਂ ਦੀਆਂ ਸਤਾਰਾਂ ਜਾਇਦਾਦਾਂ ਸਨ ਜਿਨ੍ਹਾਂ ਦਾ ਪ੍ਰਬੰਧ ਸ. ਮਨਜੀਤ ਸਿੰਘ ਗਿੱਲ ਕਰਦੇ ਸਨ। ਇਹਨਾਂ ਆਸਟ੍ਰੇਲੀਆ ਵਿਚਲੇ ਹੋਰ ਵੀ ਕਈ ਗੁਰਦੁਆਰਾ ਸਾਹਿਬਾਨ ਨੂੰ ਸਮੇ ਸਮੇ ਚੋਖੀ ਮਾਇਆ ਭੇਟਾ ਕੀਤੀ ਸੀ।

ਸ਼ਾਇਦ ਇਸ ਘਟਨਾ ਦਾ ਏਥੇ ਵਰਨਣ ਪਾਠਕਾਂ ਨੂੰ ਹੈਰਾਨ ਕਰੇ। ਗੁਰਦੁਆਰਾ ਸਾਹਿਬ ਦੀ ਇਮਾਰਤ ਦੀ ਉਸਾਰੀ ਸਮੇ, ਚੈਰਿਟੇਬਲ ਕੌਂਸਲ ਦੇ ਚੇਅਰਮੈਨ, ਸ. ਮਹਿੰਦਰ ਸਿੰਘ ਮਿਨਹਾਸ ਸਨ। ਉਹਨਾਂ ਦਾ ਉਚ ਪਾਏ ਦਾ ਆਪਣਾ ਰੈਸਟੋਰੈਂਟ ਸੀ। ਸਮੇ ਸਮੇ ਉਸ ਵਿਚ ਪ੍ਰਸ਼ਾਦੇ ਛਕਣ ਹਰੇਕ ਪ੍ਰਕਾਰ ਦੇ ਗਾਹਕ ਆਇਆ ਕਰਦੇ ਸਨ। ਇਸ ਕਰਕੇ ਉਹਨਾਂ ਦੀ ਵੱਡੇ ਵੱਡੇ ਵਿਅਕਤੀਆਂ ਨਾਲ਼ ਜਾਣ ਪਛਾਣ ਅਤੇ ਮੂੰਹ ਮੁਲਾਹਜ਼ਾ ਸੀ। ਗੁਰਦੁਆਰਾ ਸਾਹਿਬ ਦੀ ਇਮਾਰਤ ਵਾਸਤੇ ਉਹਨਾਂ ਨੇ ਇਕ ਬੈਂਕ ਮੈਨੇਜਰ ਨਾਲ਼ ਗੱਲ ਕਰ ਕੇ ਕਰਜ਼ਾ ਮਨਜ਼ੂਰ ਕਰਵਾ ਲਿਆ। ਸਾਰੀ ਕਾਗ਼ਜ਼ੀ ਕਾਰਵਾਈ ਪੂਰੀ ਹੋ ਕੇ, ਇਕ ਕਿਸ਼ਤ ਦਾ ਬੈਂਕ ਨੇ

ਭੁਗਤਾਨ ਵੀ ਕਰ ਦਿਤਾ। ਪਤਾ ਨਹੀਂ ਕਿਸ ਭਾਨੀਮਾਰ ਸੱਜਣ ਨੇ ਭਾਨੀ ਵਾਲ਼ਾ ਤੀਰ ਏਨਾ ਕੱਸ ਕੇ ਨਿਸ਼ਾਨੇ ਉਪਰ ਮਾਰਿਆ ਕਿ ਉਸ ਮੈਨੇਜਰ ਨੂੰ ਬੌਂਦਲਾ ਕੇ ਰੱਖ ਦਿਤਾ। ਉਸ ਨੇ ਸ. ਮਹਿੰਦਰ ਸਿੰਘ ਨੂੰ ਸੱਦ ਕੇ, ਅੱਗੋਂ ਕਰਜ਼ਾ ਜਾਰੀ ਰੱਖਣ ਤੋਂ ਦ੍ਰਿੜ੍ਹਤਾ ਨਾਲ਼ ਕੋਰੀ ਨਾਂਹ ਕਰ ਦਿਤੀ ਤੇ ਇਹ ਵੀ ਆਖਿਆ ਕਿ ਜੇਹੜੀ ਕਿਸ਼ਤ ਮੈਂ ਦਿਤੀ ਹੈ ਉਹ ਵੀ ਤੁਹਾਨੂੰ ਛੱਡੀ; ਅੱਗੇ ਤੋਂ ਤੁਸੀਂ ਮੈਨੂੰ ਮੁਆਫ਼ੀ ਦਿਓ। ਕਰਜ਼ਾ ਕਿਸੇ ਹਾਲਤ ਵਿਚ ਵੀ ਨਹੀਂ ਦਿਤਾ ਜਾ ਸਕਦਾ। ਕਰਜ਼ੇ ਤੋਂ ਨਾਂਹ ਹੋ ਜਾਣ 'ਤੇ ਉਸਾਰੀ ਰੁਕ ਜਾਣੀ ਸੀ।

ਸ. ਮਹਿੰਦਰ ਸਿੰਘ ਨੇ ਕਿਸੇ ਹੋਰ ਨਾਲ਼ ਇਹ ਭੇਤ ਸਾਂਝਾ ਕਰਨ ਤੋਂ ਪਹਿਲਾਂ ਮੇਰੇ ਨਾਲ਼ ਇਹ ਗੱਲ ਕਰ ਦਿਤੀ ਤੇ ਮੇਰੀ ਸਲਾਹ ਪੁੱਛੀ। ਮੈਂ ਜੋ ਉਸ ਨੂੰ ਕਿਹਾ ਉਸ ਦਾ ਸਾਰਅੰਸ਼ ਕੁਝ ਇਸ ਪ੍ਰਕਾਰ ਸੀ :

ਮੈਨੂੰ ਤਾਂ ਇਹ ਗੱਲ ਦੱਸ ਦਿਤੀ, ਹੋਰ ਕਿਸੇ ਕੋਲ਼ ਇਸ ਦੀ ਭਿਣਖ ਵੀ ਨਾ ਕਢੀਂ। ਸੰਗਤ ਵਿਚ ਹਫ਼ੜਾ ਦਫ਼ੜੀ ਮੱਚ ਜਾਵੇਗੀ। ਹੁਣ ਤੁਸੀਂ ਕਾਮਨਵੈਲਥ ਬੈਂਕ ਕੋਲ਼ ਜਾਓ। ਉਸ ਦੇ ਮੈਨੇਜਰ ਨੂੰ ਆਖੋ ਕਿ ਫ਼ਲਾਣੀ ਬੈਂਕ ਨੇ ਕਰਜ਼ਾ ਤਾਂ ਮਨਜ਼ੂਰ ਕਰ ਦਿਤਾ ਹੈ ਪਰ ਸਾਡਾ ਭਾਈਚਾਰਾ ਸਾਡੇ ਨਾਲ਼ ਨਾਰਾਜ਼ਗੀ ਪਰਗਟ ਕਰ ਰਿਹਾ ਹੈ ਕਿ ਜਦੋਂ ਏਨੇ ਸਾਲਾਂ ਤੋਂ ਸੰਸਥਾ ਦਾ ਅਕਾਊਂਟ ਕਾਮਨਵੈਲਥ ਬੈਂਕ ਨਾਲ਼ ਹੈ ਤਾਂ ਤੁਸੀਂ ਕਰਜ਼ਾ ਕਿਸੇ ਹੋਰ ਬੈਂਕ ਤੋਂ ਕਿਉਂ ਲਿਆ! ਇਸ ਲਈ ਮੈਨੂੰ ਸਾਡੀ ਕਮੇਟੀ ਨੇ ਤੁਹਾਡੇ ਕੋਲ਼ ਭੇਜਿਆ ਹੈ ਕਿ ਜੇਕਰ ਤੁਸੀਂ ਇਹ ਕਰਜ਼ਾ ਆਪਣੀ ਬੈਂਕ ਵੱਲ ਟ੍ਰਾਂਸਫ਼ਰ ਕਰ ਲਵੋ ਤਾਂ ਸਾਡੀ ਕਮਿਊਨਿਟੀ ਨੂੰ ਬੜੀ ਖ਼ੁਸ਼ੀ ਹੋਵੇਗੀ।

ਸ. ਮਹਿੰਦਰ ਸਿੰਘ ਨੇ ਪਤਾ ਨਹੀਂ ਜਾ ਕੇ ਕੀ ਤੇ ਕਿਵੇਂ ਕਿਹਾ ਤੇ ਬੈਂਕ ਮੈਨੇਜਰ ਦੇ ਕੰਨ ਵਿਚ ਕਿਵੇਂ ਫੂਕ ਮਾਰੀ ਕਿ ਉਸ ਨੇ ਫ਼ੌਰਨ ਹੀ ਸਾਰਾ ਕਰਜ਼ਾ ਆਪਣੀ ਬੈਂਕ ਵੱਲ ਟ੍ਰਾਂਸਫ਼ਰ ਕਰ ਲਿਆ ਤੇ ਟ੍ਰਾਂਸਫ਼ਰ ਕਰਨ ਦੀ ਬਣਦੀ ਫ਼ੀਸ ਵੀ ਨਾ ਲਈ।

ਇਸ ਤਰ੍ਹਾਂ ਇਹ ਕਿਸੇ ਸੱਜਣ ਪੁਰਸ਼ ਦੀ ਕਿਰਪਾ ਨਾਲ਼ ਆਇਆ 'ਕਰਜ਼ਾਈ ਸੰਕਟ' ਟਲ਼ ਗਿਆ।

ਆਖ਼ਰ ੩੦ ਨਵੰਬਰ, ੧੯੯੭ ਵਾਲ਼ਾ ਉਹ ਭਾਗਾਂ ਭਰਿਆ ਸਮਾ ਆਇਆ, ਜਦੋਂ ਭਾਰਤੀਆਂ ਦੇ ਵਿਸ਼ਾਲ ਜਨ ਸਮੂੰਹ ਨੇ, ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ ਵਿਚ ਦੀਵਾਨ ਲੱਗੇ ਦੇ ਦਰਸ਼ਨ ਕੀਤੇ। ਸੰਗਤ ਵਿਚ ਬਹੁਤ ਭਾਰੀ ਉਤਸ਼ਾਹ ਵੇਖਣ ਵਿਚ ਆਇਆ। ਤਿੰਨ ਦਿਨ ਸੰਗਤਾਂ ਨੇ ਬੜੇ ਉਤਸ਼ਾਹ ਨਾਲ਼, ਹਰ ਪ੍ਰਕਾਰ ਦੀ ਸੇਵਾ ਵਿਚ ਹਿੱਸਾ ਪਾਇਆ। ਗੁਰਦੁਆਰਾ ਸਾਹਿਬ ਦੇ ਉਦਘਾਟਨ ਸਮੇ ਜਿੰਨਾ ਇਕੱਠ ਹੋਇਆ, ਓਨਾ ਅੱਜ ਤੱਕ ਵੀ ਭਾਰਤੀ ਸਮਾਜ ਦਾ ਆਸਟ੍ਰੇਲੀਆ ਵਿਚ ਨਹੀਂ ਹੋਇਆ। ਸਿੱਖਾਂ ਨਾਲ਼ੋਂ ਕਿਤੇ ਵਧੇਰੇ ਦੂਸਰੇ ਧਰਮਾਂ ਨੂੰ ਮੰਨਣ ਵਾਲ਼ੇ ਪ੍ਰੇਮੀਆਂ ਨੇ ਵੀ ਵਧ ਚੜ੍ਹ ਕੇ, ਇਸ ਯਾਦਗਾਰੀ ਮਹਾਨ ਸਮਾਗਮ ਵਿਚ ਸ਼ਾਮਲ ਹੋ ਕੇ ਤੇ ਰੌਣਕਾਂ ਵਧਾ ਕੇ, ਗੁਰੂ ਕੀਆਂ ਖ਼ੁਸ਼ੀਆਂ ਪ੍ਰਾਪਤ ਕੀਤੀਆਂ।

੧੯੮੨ ਦੌਰਾਨ ਮਹੀਨੇ ਵਿਚ ਦੋ ਦਿਨ ਵਾਸਤੇ ਦੀਵਾਨ ਸਜਣ ਤੋਂ ਆਰੰਭ ਹੋ ਕੇ, ਅੱਜ ਇਸ ਸਥਾਨ ਉਪਰ ਹਰ ਰੋਜ਼ ਦੀਵਾਨ ਸਜਦਾ ਹੈ ਤੇ ਸਾਰਾ ਦਿਨ ਹੀ ਲੰਗਰ ਵਰਤਦਾ ਹੈ। ੧੯੮੨ ਵਿਚ ਇਕ ਆਨਰੇਰੀ ਗ੍ਰੰਥੀ, ਜੋ ਆਪਣੇ ਗੁਜ਼ਾਰੇ ਵਾਸਤੇ ਪੰਜ ਦਿਨ ਫ਼ੈਕਟਰੀ ਵਿਚ ਮਜ਼ਦੂਰੀ ਕਰਨ ਜਾਂਦਾ ਸੀ, ਤੋਂ ਆਰੰਭ ਹੋ ਕੇ, ਅੱਜ ਇਕ ਹੈਡ ਗ੍ਰੰਥੀ, ਇਕ ਮੈਨੇਜਰ, ਦੋ ਲਾਂਗਰੀ, ਦੋ ਲਾਇਬ੍ਰੇਰੀਅਨ, ਛੇ ਰਾਗੀ ਸਿੰਘ, ੩੦ ਤੋਂ ਉਪਰ ਪੰਜਾਬੀ ਟੀਚਰ ਤਨਖ਼ਾਹ ’ਤੇ ਸੇਵਾ ਕਰ ਰਹੇ ਹਨ। ਜੇਹੜੇ ਬਿਨਾ ਤਨਖ਼ਾਹੋਂ ਸੇਵਾ ਕਰਦੇ ਹਨ ਉਹਨਾਂ ਦੀ ਗਿਣਤੀ ਹੋਰ ਵੀ ਵਧੇਰੇ ਹੈ। ਇਹਨਾਂ ਤੋਂ ਇਲਾਵਾ ਸੰਸਾਰ ਭਰ ਵਿਚੋਂ ਵਿਦਵਾਨ, ਕਥਾਵਾਚਕ, ਪ੍ਰਚਾਰਕ, ਰਾਗੀ ਜੱਥੇ, ਢਾਡੀ ਜੱਥੇ, ਕਵੀਸ਼ਰੀ ਜਥੇ, ਸੰਤ ਮਹਾਂ ਪੁਰਸ਼ ਵੀ ਆ ਕੇ, ਸੰਗਤਾਂ ਨੂੰ ਗੁਰੂ ਜਸ ਸੁਣਾ ਕੇ ਨਿਹਾਲ ਕਰਦੇ ਹਨ। ਇਕ ਢੁੱਕਵੀਂ ਭਾਈ ਗੁਰਦਾਸ ਲਾਇਬ੍ਰੇਰੀ, ਪੰਜਾਬੀ ਸਕੂਲ ਆਦਿ ਬਹੁਤ ਸਾਰੀਆਂ ਹੋਰ ਸੇਵਾਵਾਂ ਵੀ ਚੱਲ ਰਹੀਆਂ ਹਨ। ਰਿਟਾਇਰ ਵਿਅਕਤੀਆਂ ਦੇ ਰੁਝੇਵੇਂ ਵਾਸਤੇ ਵੀ ਢੁਕਵੇਂ ਪ੍ਰਬੰਧ ਕੀਤੇ ਜਾਂਦੇ ਹਨ। ਬਾਬਾ ਬੁੱਢਾ ਹਾਲ ਅਤੇ ਇਸ ਦੇ ਨਾਲ਼ ਲੱਗਵੇਂ ਕਮਰਿਆਂ ਵਿਚ ਧਾਰਮਿਕ, ਸਾਹਿਤਕ, ਭਾਈਚਾਰਕ ਸਮਾਗਮਾਂ ਵਾਸਤੇ ਵੀ ਢੁਕਵਾਂ ਪ੍ਰਬੰਧ ਹੈ। ਉਸ ਸਮੇ ਗੈਰਾਜ ਵਿਚ ਆਰਜ਼ੀ ਜਿਹਾ ਲੰਗਰ ਬਣਾਉਣ ਦਾ ਪ੍ਰਬੰਧ ਹੁੰਦਾ ਸੀ। ਅੱਜ ਢੁਕਵਾਂ ਵਿਸ਼ਾਲ ਲੰਗਰ ਹੈ। ਇਸ ਵਿਚ ਆਟਾ ਗੁੰਨ੍ਹਣ ਅਤੇ ਰੋਟੀਆਂ ਪਕਾਉਣ ਵਾਲ਼ੀਆਂ ਮਸ਼ੀਨਾਂ ਸਮੇਤ ਹਰੇਕ ਲੋੜੀਂਦੀ ਵਸਤੂ ਮੌਜੂਦ ਹੈ। ਲੰਗਰ ਦੀ ਇਮਾਰਤ ਦਾ ਹੋਰ ਵਿਸਥਾਰ ਕਰਨ ਬਾਰੇ ਵੀ ਉਦਮ ਕੀਤਾ ਜਾ ਰਿਹਾ ਹੈ।

ਕੁਝ ਸਾਲਾਂ ਤੋਂ ਸਰਕਾਰ ਵੱਲੋਂ ਕਮੇਟੀ ਨੂੰ ਲਿਖਿਆ ਜਾ ਰਿਹਾ ਸੀ ਕਿ ਐਸੋਸੀਏਸ਼ਨ ਦਾ ਬਜਟ, ਆਮਦਨ, ਵਸੀਲੇ ਆਦਿ ਏਨੇ ਵੱਧ ਗਏ ਹਨ ਕਿ ਇਹ ਹੁਣ, ਕਾਨੂੰਨ ਅਨੁਸਾਰ, ਐਸੋਸੀਏਸ਼ਨ ਨਹੀਂ ਰਹਿ ਸਕਦੀ; ਇਸ ਨੂੰ ਕੰਪਨੀ ਵਿਚ ਤਬਦੀਲ ਕਰਨਾ ਪਵੇਗਾ। ਕਈ ਕਾਰਨਾਂ ਕਰਕੇ ਇਹ ਕਾਰਜ ਪਿੱਛੇ ਪੈਂਦਾ ਆ ਰਿਹਾ ਸੀ, ਜਿਨ੍ਹਾਂ ਵਿਚੋਂ ਮੈਂਬਰਾਂ ਵਿਚ ਇਕ ਕੰਪਨੀ ਦੇ ਕਾਂਸਟੀਚਿਊਸ਼ਨ ਦੀਆਂ ਕੁਝ ਮੱਦਾਂ ਬਾਰੇ ਵੀ ਮੱਤਭੇਦਾਂ ਦਾ ਹੋਣਾ ਵੀ ਸੀ। ਅੰਤ ਵਿਚ ਗੁਰਦੁਆਰਾ ਸਾਹਿਬ ਵਿਖੇ ਹੋਈ ਇਕ ਸ਼ਾਮ ਦੀ ਇਕੱਤਰਤਾ ਵਿਚ ਇਹ ਮਸਲਾ ਵੀ ਨਜਿੱਠਿਆ ਗਿਆ ਤੇ ਕਾਂਸਟੀਚਿਊਸ਼ਨ ਪਾਸ ਹੋ ਗਿਆ।

ਇਸ ਵੇਲ਼ੇ ਸੰਸਥਾ ਪਾਸ ਨਾਲ਼ ਲੱਗਵੇਂ ਤਿੰਨ ਮਕਾਨ ਵੀ ਹਨ ਜਿਥੇ ਸਟਾਫ਼ ਅਤੇ ਬਾਹਰੋਂ ਆਏ ਵਿਦਵਾਨਾਂ ਦੇ ਠਹਿਰਨ ਦਾ ਪ੍ਰਬੰਧ ਹੈ। ਨਾਲ਼ ਲੱਗਵਾਂ ਇਕ ਡਾਕਟਰ ਦਾ ਮਕਾਨ ਖ਼ਰੀਦ ਕੇ, ਉਸ ਨੂੰ ਢੁਕਵਾਂ ਬਣਾ ਕੇ, ਓਥੇ ਪੰਜਾਬੀ ਸਕੂਲ਼ ਲੱਗਦਾ ਹੈ। ਇਸ ਤੋਂ ਇਲਾਵਾ ਬਹੁਤ ਦੂਰ, ਵਾਹਵਾ ਸਾਲ ਹੋ ਗਏ, ਕੁਝ ਜ਼ਮੀਨ ਵੀ ਖ਼ਰੀਦੀ ਹੋਈ ਹੈ। ਵੇਖੋ, ਉਹ ਜ਼ਮੀਨ ਕਿਸ ਕਾਰਜ ਵਾਸਤੇ ਵਰਤੀ ਜਾਵੇਗੀ!

ਹੁਣ ਇਹ ਜਥੇਬੰਦੀ ਐਸੋਸੀਏਸ਼ਨ ਨਾ ਰਹਿ ਕੇ, ਕੰਪਨੀ ਬਣ ਗਈ ਹੈ। ਇਸ ਦਾ ਪ੍ਰਬੰਧ ਕਰਨ ਵਾਸਤੇ, ਤਿੰਨਾਂ ਕਮੇਟੀਆਂ : ਗੁਰਦੁਆਰਾ ਪ੍ਰਬੰਧਕ ਕਮੇਟੀ, ਬੋਰਡ ਆਫ਼ ਟ੍ਰੱਸਟੀਜ਼ ਅਤੇ ਚੈਰਿਟੇਬਲ ਕੌਂਸਲ ਦੇ, ੨੭ ਮੈਂਬਰਾਂ ਦੀ ਬਜਾਇ, ਹੁਣ ੧੫ ਡਾਇਰੈਕਟਰ ਚੁਣੇ ਜਾਣੇ ਸਨ। ਪਿਛਲੇ ਦਿਨੀਂ ਇਹਨਾਂ ਪੰਦਰਾਂ ਡਾਇਰੈਕਟਰਾਂ ਦੀ ਇਲੈਕਸ਼ਨ ਬੜੇ ਜੋਸ਼ੋ ਖਰੋਸ਼ ਅਤੇ ਧੂਮ ਧੜੱਕੇ ਨਾਲ਼ ਹੋ ਗਈ ਹੈ। ਇਸ ਕੰਪਨੀ ਦੇ ਪ੍ਰਬੰਧ ਉਪਰ ਕਬਜ਼ਾ ਕਰਨ ਵਾਸਤੇ, ਜਿਵੇਂ ਕਿ ਇਲੈਕਸ਼ਨ ਸਮੇ ਹੁੰਦਾ ਹੀ ਹੈ, ਕਿਸੇ ਪਾਸਿਉਂ ਵੀ ਕੋਈ ਕਸਰ ਨਹੀਂ ਛੱਡੀ ਗਈ। "ਸਭਨੀ ਛਾਲਾ ਮਾਰੀਆ ਕਰਤਾ ਕਰੇ ਸੁ ਹੋਇ ॥" (੪੬੯)। ਅਖ਼ੀਰ ਗੁਰੂ ਫੁਰਮਾਣ, "ਜਾ ਕੈ ਮਸਤਕਿ ਭਾਗ ਸਿ ਸੇਵਾ ਲਾਇਆ ॥" (੪੫੭) ਅਨੁਸਾਰ, ਜਿਨ੍ਹਾਂ ਸੱਜਣਾਂ ਤੇ ਬੀਬੀਆਂ ਪਾਸੋਂ ਗੁਰੂ ਜੀ ਨੇ ਸੇਵਾ ਲੈਣੀ ਸੀ, ਉਹਨਾਂ ਨੂੰ ਜਿੱਤ ਪ੍ਰਾਪਤ ਹੋ ਗਈ। ੧੫ ਡਾਇਰੈਕਟਰ ਇਲੈਕਸ਼ਨ ਜਿੱਤ ਗਏ ਤੇ ਉਹਨਾਂ ਨੇ ਕੰਪਨੀ ਦਾ ਪ੍ਰਬੰਧ ਸੰਭਾਲ਼ ਲਿਆ ਹੈ। ਗੁਰਦੁਆਰਾ ਸਾਹਿਬ ਦਾ ਕਾਰਜ ਪਹਿਲੇ ਵਾਂਗ ਹੀ ਚੱਲ ਰਿਹਾ ਹੈ; ਇਸ ਵਿਚ ਕੋਈ ਰੁਕਾਵਟ ਜਾਂ ਅਦਲਾ ਬਦਲੀ ਨਹੀਂ ਹੋਈ। ੧੫ ਡਾਇਰੈਕਟਰ ਮੁਕਾਬਲਤਨ ਨੌਜਵਾਨ ਚੁਣੇ ਗਏ ਹਨ। ਇਹਨਾਂ ਵਿਚੋਂ, ਇਕ ਤੋਂ ਇਲਾਵਾ, ਸ਼ਾਇਦ ਹੀ ਕੋਈ ਹੋਰ ਹੋਵੇ ਜਿਸ ਨੇ ਇਸ ਸੰਸਥਾ ਦੇ ਹੋਂਦ ਵਿਚ ਆਉਣ ਦੇ ਮੁੱਢਲੇ ਸਮੇ ਨੂੰ ਹੰਢਾਇਆ ਹੋਵੇ! ਪਰ ਤਬਦੀਲੀ ਕੁਦਰਤ ਦਾ ਕਾਨੂੰਨ ਹੈ ਅਤੇ ਹਰੇਕ ਤਬਦੀਲੀ ਤੋਂ ਚੰਗੇਰੇ ਦੀ ਆਸ ਕੀਤੀ ਜਾਂਦੀ ਹੈ। ਇਸ ਮੁਕਾਬਲਤਨ ਨੌਜਵਾਨ ਗਰੁੱਪ ਪਾਸੋਂ ਵੀ ਆਸ ਹੈ ਕਿ ਇਹ ਆਪਣੇ ਨਿੱਤ ਦੇ ਰੁਝੇਵਿਆਂ ਵਿਚੋਂ ਸਮਾ ਕੱਢ ਕੇ, ਇਸ ਸੰਸਥਾ ਨੂੰ ਹੋਰ ਵੀ ਅਗੇਰੇ ਲੈ ਕੇ ਜਾਣਗੇ। ਇਹਨਾਂ ਦੀ ਅਗਵਾਈ ਹੇਠ ਇਸ ਗੁਰਦੁਆਰਾ ਸਾਹਿਬ ਦੇ ਪ੍ਰਬੰਧਕ ਸਿੱਖੀ ਦੀ ਉਨਤੀ ਅਤੇ ਮਨੁੱਖਤਾ ਦੀ ਭਲਾਈ ਵਾਸਤੇ ਹੋਰ ਵੀ ਅੱਗੇ ਉਦਮ ਕਰਨਗੇ। ਅਜੇ ਬਹੁਤ ਸਾਰੇ ਕਾਰਜ ਹੋਰ ਵੀ ਕਰਨ ਵਾਲ਼ੇ ਪਏ ਹਨ, ਜਿਨ੍ਹਾਂ ਵਿਚੋਂ ਇਕ ਅਤੀ ਮਹੱਤਵਪੂਰਨ 'ਓਲਡ ਪੀਪਲ ਹੋਮ' ਵਾਲ਼ਾ ਵੀ ਜ਼ਰੂਰੀ ਹੈ। ਇਸ ਬਾਰੇ ਕੁਝ ਸਾਲ ਪਹਿਲਾਂ ਮੈਂ ਇਕ ਲੇਖ ਵੀ ਲਿਖਿਆ ਸੀ ਜਿਸ ਵਾਸਤੇ ਕੁਝ ਸੱਜਣਾਂ ਵੱਲੋਂ ਹਾਮੀ ਭਰੀ ਗਈ ਸੀ ਪਰ ਕਿਸੇ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਵੱਲੋਂ ਇਸ ਗੱਲ ਦਾ ਨੋਟਿਸ ਨਹੀਂ ਗਿਆ ਸੀ। ਇਸ ਦਾ ਸ਼ਾਇਦ ਕਾਰਨ ਉਹਨਾਂ ਦੀ ਮੁਕਾਬਲਤਨ ਜਵਾਨ ਉਮਰ ਦਾ ਹੋਣਾ ਹੋਵੇ!

ਫ਼ੋਨ ਰਾਹੀਂ ਖ਼ਬਰ ਮਿਲੀ ਹੈ ਕਿ ਸਤੰਬਰ, ੨੦੧੯ ਦੇ ਅਖ਼ੀਰ ਵਿਚ, ਕੰਪਨੀ ਦੇ ਡਾਇਰੈਕਟਰਾਂ ਦੀ ਚੋਣ, ਬਿਨਾ ਵੋਟਾਂ ਤੋਂ ਸਰਬ-ਸੰਮਤੀ ਨਾਲ ਕਰ ਲਈ ਗਈ ਹੈ। ਚਾਰ ਧੜੇ ਸਨ; ਚੌਹਾਂ ਧੜਿਆਂ ਦੇ ਆਗੂਆਂ ਨੇ ਇਕ ਥਾਂ ਬੈਠ ਕੇ, ਸਰਬ-ਸੰਮਤੀ ਨਾਲ ਫ਼ੈਸਲਾ ਕਰ ਲਿਆ। ਕਿਸੇ ਨੇ ਵੀ ਖ਼ੁਦ ਨੂੰ ਚੋਣ ਲੜਨ ਲਈ ਪੇਸ਼ ਨਹੀਂ ਕੀਤਾ। ਪੰਦਰਾਂ ਦੇ ਪੰਦਰਾਂ ਡਾਇਰੈਕਟਰ ਹੀ ਨਵੇਂ ਸਰਬ-ਸੰਮਤੀ ਨਾਲ ਨਿਯੁਕਤ ਕਰ ਲਏ। ਪਹਿਲਿਆਂ ਵਿਚੋਂ ਦੋ

ਸਾਲ ਲਈ ਸਾਰਿਆਂ ਨੂੰ ਹੀ ਆਪ ਆਪਣੇ ਪਰਵਾਰਾਂ ਵੱਲ ਵਧੇਰੇ ਧਿਆਨ ਦੇਣ ਲਈ ਛੁੱਟੀ ਦੇ ਦਿਤੀ ਗਈ।

ਰੱਬ ਕਰੇ, ਏਸੇ ਤਰ੍ਹਾਂ ਹੀ ਸਾਰੀਆਂ ਸਿੱਖ ਸੰਸਥਾਵਾਂ ਦਾ ਪ੍ਰਬੰਧ ਕਰਨ ਵਾਸਤੇ ਪ੍ਰਬੰਧਕ ਚੁਣੇ ਜਾਇਆ ਕਰਨ। (ਅਕਤੂਬਰ, ੨੦੧੯)

# ਹਰਿ ਹਰਿ ਨਾਮ ਕਥਾ ਨਿਤ ਸੁਣੀਐ

ਭਾਵੇਂ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਨੇ ਲਿਖਿਆ ਹੈ, "ਸਭ ਤੇ ਊਤਮ ਹਰਿ ਕੀ ਕਥਾ ॥"' (੨੬੫) ਪਰ ਸਿੱਖਾਂ ਵਿਚ ਇਕ ਜਥੇਬੰਦੀ ਅਜਿਹੀ ਵੀ ਹੈ ਜੇਹੜੀ ਕਥਾ ਕਰਨ ਅਤੇ ਸੁਣਨ ਦੇ ਵਿਰੁੱਧ ਹੈ।

੧੯੭੭ ਦੀ ਆਪਣੀ ਵਲੈਤ ਦੀ ਯਾਤਰਾ ਦੌਰਾਨ ਇਕ ਰਾਗੀ ਸਿੰਘ ਪਾਸੋਂ ਸੁਣਿਆ ਸੀ ਕਿ ਇਹ ਜਥੇਬੰਦੀ ਕਥਾ ਨੂੰ...ਆਖਦੀ ਹੈ ਪਰ ਇਸ ਗੱਲ ਨੂੰ ਮੈਂ ਐਵੇਂ ਹਾਸੇ ਜਿਹੇ ਵਿਚ ਹੀ ਲਿਆ ਤੇ ਇਸ ਮਸਲੇ ਉਪਰ ਕੋਈ ਖ਼ਾਸ ਗਹੁ ਨਾ ਕੀਤੀ; ਕਿਉਂਕਿ ਬਚਪਨ ਤੋਂ ਹੀ ਤੇ ਇਤਿਹਾਸਕ ਗੁਰਦੁਆਰਾ ਸਾਹਿਬਾਨ ਵਿਚ, ਸੁਬ੍ਹਾ ਮੁਖਵਾਕ ਅਤੇ ਸ਼ਾਮ ਨੂੰ ਇਤਿਹਾਸਕ ਗ੍ਰੰਥਾਂ ਦੀ ਕਥਾ ਹੁੰਦੀ ਸੁਣੀ ਜਾਂਦੀ ਰਹੀ ਹੈ। ਸਮਾ ਲੰਘ ਗਿਆ। ਫਿਰ ਇਕ ਧਾਰਮਿਕ ਪੁਰਸ਼ ਨੇ ਦੱਸਿਆ ਕਿ ਉਸ ਦੇ ਉਸ ਖ਼ਾਸ ਜਥੇਬੰਦੀ ਪਾਸੋਂ ਅੰਮ੍ਰਿਤ ਛਕਣ ਸਮੇ, ਪੰਜਾਂ ਪਿਆਰਿਆਂ ਵਿਚੋਂ ਇਕ ਸਿੰਘ ਨੇ ਪੁੱਛਿਆ ਕਿ ਮੈਂ ਕੰਮ ਕੀ ਕਰਦਾ ਹਾਂ ਤਾਂ ਮੇਰੇ ਵੱਲੋਂ ਗ੍ਰੰਥੀ ਦੀ ਸੇਵਾ ਕਰਨ ਦਾ ਜਵਾਬ ਸੁਣ ਕੇ ਇਕ ਦਮ ਬੋਲਿਆ, "ਤੂੰ ਕਿਤੇ ਕਥਾ ਤਾਂ ਨਹੀਂ ਕਰਦਾ ਹੁੰਦਾ?"

ਫਿਰ ਵੀ ਇਸ ਬਾਰੇ ਕੋਈ ਖ਼ਾਸ ਵਿਚਾਰ ਨਾ ਬਣਿਆ। ਕੁਝ ਸਾਲਾਂ ਦੀ ਗੱਲ ਹੈ ਕਿ ਇਕ ਮੁਲਕ ਵਿਚ ਮੈਂ ਆਪਣੀ ਚੌਥੀ ਕਿਤਾਬ *ਬਾਤਾਂ ਬੀਤੇ ਦੀਆਂ* ਨੂੰ ਪੰਜਾਬੀ ਪਾਠਕਾਂ ਦੇ ਹੱਥੀਂ ਅਪੜਾਉਣ ਵਾਸਤੇ ਗਿਆ ਤਾਂ ਇਕ ਗੁਰਦੁਆਰਾ ਸਾਹਿਬ ਵਿਚ, ਬਿਨਾ ਕਮੇਟੀ ਨਾਲ਼ ਗੱਲ ਬਾਤ ਕੀਤੇ ਦੇ ਹੀ, ਆਪਣਾ ਟਿੰਡ ਫਹੁੜੀ ਟਿਕਾ ਕੇ, ਵੱਖ-ਵੱਖ ਸ਼ਹਿਰਾਂ ਅਤੇ ਸੰਸਥਾਵਾਂ ਵਿਚ ਜਾ ਕੇ, ਕਿਤਾਬਾਂ ਦੇਣ ਵਾਸਤੇ ਪਾਠਕਾਂ ਤੱਕ ਪਹੁੰਚ ਕਰਨੀ ਸ਼ੁਰੂ ਕਰ ਦਿਤੀ। ਹਾਲਾਂ ਕਿ ਮੇਰੇ ਭਤੀਜਿਆਂ ਵਰਗੇ ਤੇ ਮੈਨੂੰ ਤਾਇਆ ਆਖ ਕੇ ਪਿਆਰ ਸਤਿਕਾਰ ਨਾਲ਼ ਸੰਬੋਧਨ ਕਰਨ ਵਾਲ਼ੇ, ਇਕ ਨੌਜਵਾਨ ਨੇ ਬਹੁਤ ਜ਼ੋਰ ਲਾਇਆ ਆਪਣੇ ਘਰ ਵਿਚ ਠਹਿਰਨ ਲਈ ਪਰ ਮੈਂ, "ਮੈਂ ਨਾ ਮਾਨੂੰ" ਵਾਲ਼ੀ ਆਪਣੀ ਆਦਤ ਤੋਂ ਮਜਬੂਰ ਗੁਰਦੁਆਰਾ ਸਾਹਿਬ ਵਿਖੇ ਹੀ ਡੇਰਾ ਲਾਇਆ। ਕਮੇਟੀ ਦੇ ਪ੍ਰਬੰਧਕ ਮੈਨੂੰ ਜਾਣਦੇ ਤਾਂ ਸਨ ਪਰ ਉਹਨਾਂ ਨੇ ਮੈਨੂੰ ਮੁਕੰਮਲ ਤੌਰ 'ਤੇ ਮੇਰੇ ਹਾਲ ਉਪਰ ਹੀ ਛੱਡ ਦਿਤਾ। ਇਸ ਦਾ ਕਾਰਨ ਸ਼ਾਇਦ ਉਹ ਇਹ ਸਮਝਦੇ ਹੋਣ ਕਿ ਮੈਂ ਉਹਨਾਂ ਦੇ ਧੜੇ ਵਿਚ ਸ਼ਾਮਲ ਨਹੀਂ ਹਾਂ। ਤਕਰੀਬਨ ਸਾਰੀਆਂ ਸਭਾ, ਸੰਸਥਾਵਾਂ, ਭਾਵੇਂ ਉਹ ਸਿੱਖਾਂ ਦੇ ਗੁਰਦੁਆਰੇ ਹੀ ਹੋਣ, ਵਿਚੋਂ ਆਪੋ ਆਪਣੇ ਧੜੇ ਦੇ ਆਦਮੀਆਂ ਨੂੰ ਹੀ ਸਹਾਇਤਾ ਮਿਲ਼ਦੀ ਹੈ। ਨਿਰਪੱਖ ਬੰਦੇ ਦੀ ਹਾਲਤ ਲਾਵਾਰਸਾਂ ਵਰਗੀ ਹੀ ਹੋ ਜਾਂਦੀ ਹੈ। ਉਹਨਾਂ ਨੇ ਮੈਨੂੰ ਗੁਰਦੁਆਰੇ ਵਿਚੋਂ ਚਲੇ ਜਾਣ ਲਈ ਤਾਂ ਨਾ ਆਖਿਆ ਪਰ ਜਿਥੋਂ ਤਕ ਹੋ ਸਕਦਾ ਸੀ ਨਜ਼ਰਅੰਦਾਜ਼ ਕਰੀ ਰਖਿਆ। ਉਸ ਗੁਰਦੁਆਰਾ ਸਾਹਿਬ ਵਿਖੇ ਕੁਝ ਸਮੇ ਲਈ ਦੇਸੋਂ ਆਏ ਇਕ ਗਿਆਨੀ ਜੀ ਰੋਜ਼ਾਨਾ ਸ਼ਾਮ ਨੂੰ ਕਥਾ

ਕਰਿਆ ਕਰਦੇ ਸਨ। ਉਹਨਾਂ ਨੇ ਦੇਸ ਮੁੜਨ ਸਮੇ ਮੈਨੂੰ ਆਖਿਆ ਕਿ ਕੁਝ ਮਾਈਆਂ, ਬੀਬੀਆਂ ਅਤੇ ਬਜ਼ੁਰਗ ਕਥਾ ਸੁਣਨ ਆਉਂਦੇ ਹਨ ਤੇ ਤੁਸੀਂ ਕਥਾ ਸੁਣਾ ਦਿਆ ਕਰੋ। ਮੈਂ 'ਧੰਨਭਾਗ' ਆਖ ਕੇ ਉਹਨਾਂ ਦੀ ਇਹ ਆਗਿਆ ਮੰਨ ਲਈ। ਸੁਬ੍ਹਾ ਉਹ ਕੜਾਹ ਪ੍ਰਸ਼ਾਦ ਵੀ ਬਣਾਇਆ ਕਰਦੇ ਸਨ; ਉਹ ਵੀ ਮੈਂ ਦੋ ਕੁ ਦਿਨ ਬਣਾਇਆ ਪਰ ਉਸ ਗੁਰਦੁਆਰਾ ਸਾਹਿਬ ਵਿਖੇ ਰਹਿ ਰਹੇ ਇਕ ਨੌਜਵਾਨ ਵਿਦਿਆਰਥੀ ਨੇ ਮੇਰੇ ਤੋਂ ਪਹਿਲਾਂ ਹੀ ਲੰਗਰ ਵਿਚ ਜਾ ਕੇ ਇਹ ਬਣਾਉਣਾ ਸ਼ੁਰੂ ਕਰ ਦਿਤਾ। ਬਾਬੇ ਬੁੱਲ੍ਹੇ ਸ਼ਾਹ ਦੇ ਸ਼ਬਦ, "ਭਲਾ ਹੋਇਆ ਮੇਰਾ ਚਰਖਾ ਟੁੱਟਾ..." ਆਖ ਕੇ, ਉਸ ਬਹੁਤ ਹੀ ਪੱਕੇ ਵਿਚਾਰਾਂ ਦੇ ਮਾਲਕ ਦਿਸਣ ਵਾਲੇ ਨੌਜਵਾਨ ਨੂੰ, ਇਹ ਸੇਵਾ ਕਰਦਾ ਵੇਖ ਕੇ ਮਨ ਪ੍ਰਸੰਨ ਹੋ ਗਿਆ। ਇਸ ਬਾਰੇ ਉਂਜ ਪਹਿਲਾਂ ਥੋਹੜਾ ਕੁ ਮਹਿਸੂਸ ਜ਼ਰੂਰ ਹੋਇਆ ਕਿ ਮੇਰੇ ਨਾਲ਼ ਗੱਲ ਕੀਤਿਆਂ ਤੋਂ ਬਿਨਾ ਹੀ ਇਸ ਨੌਜਵਾਨ ਨੇ ਮੇਰੀ ਇਹ ਸੇਵਾ ਮੈਥੋਂ ਖੋਹ ਲਈ ਹੈ; ਸ਼ਾਇਦ ਮੇਰੇ ਕੋਲ਼ੋਂ ਕੁਝ ਖੁਨਾਮੀ ਹੋ ਗਈ ਹੋਵੇ! ਫਿਰ ਉਸ ਨੇ ਗੱਲ ਗੱਲ 'ਤੇ ਮੇਰੀ ਟੋਕਾ ਟਾਕੀ ਵੀ ਕਰਨੀ ਸ਼ੁਰੂ ਕਰ ਦਿਤੀ। ਵੈਸੇ ਉਹ ਇਮਾਨਦਾਰ ਅਤੇ ਰਹਿਤਵਾਨ ਨੌਜਵਾਨ ਸੀ/ਹੈ। ਇਕ ਗੱਲ ਦੀ ਮੈਨੂੰ ਸਮਝ ਨਹੀਂ ਆਈ ਕਿ ਗੁਰਦੁਆਰਾ ਸਾਹਿਬ ਦੇ ਅੰਦਰ ਉਹ ਸਿੱਧੀ ਦਸਤਾਰ ਸਜਾਉਂਦਾ ਸੀ ਤੇ ਬਾਹਰ ਜਾਣ ਸਮੇ ਫਿਰ ਆਮ ਸਿੱਖਾਂ ਵਾਲੀ ਪੱਗ ਬੰਨ੍ਹ ਲੈਂਦਾ ਸੀ।

ਓਥੇ ਇਕ ਸਿਆਣੀ ਉਮਰ ਦਾ ਗੁਰਸਿੱਖ ਰੋਜ਼ਾਨਾ ਸ਼ਾਮ ਨੂੰ ਰਹਰਾਸਿ ਦਾ ਪਾਠ ਕਰਦਾ ਹੁੰਦਾ ਸੀ ਤੇ ਉਸ ਦੀ ਕੋਸ਼ਿਸ਼ ਹੁੰਦੀ ਸੀ ਕਿ ਰਹਰਾਸਿ ਦਾ ਪਾਠ ਲੇਟ ਤੋਂ ਲੇਟ ਸ਼ੁਰੂ ਕਰੇ ਤਾਂ ਕਿ ਬਾਅਦ ਵਿਚ ਕਥਾ ਦਾ ਸਮਾ ਨਾ ਰਹੇ। ਸਵਾਈ ਸੰਗਤ ਬੜੀ ਸ਼ਰਧਾ ਨਾਲ਼ ਰੋਜ਼ਾਨਾ ਕਥਾ ਸੁਣਨ ਆਉਂਦੀ ਸੀ ਪਰ ਇਸ ਬਜ਼ੁਰਗ ਨੇ ਹਰ ਯਤਨ ਕਰਨਾ ਜਿਸ ਨਾਲ਼ ਕਥਾ ਵਾਸਤੇ ਸਮਾ ਨਾ ਬਚੇ। ਮੈਨੂੰ ਵੀ ਹਰ ਰੋਜ਼ ਇਉਂ ਹੀ ਪ੍ਰੇਰਨਾ ਦੇਣੀ, "ਬਾਣੀ ਪੜ੍ਹਿਆ ਕਰੋ, ਬਾਣੀ ਪੜ੍ਹਿਆ ਕਰੋ।" ਹਰ ਉਪਦੇਸ਼ ਅਤੇ ਹਰਕਤ ਅਜਿਹੀ ਕਰਨੀ ਜਿਸ ਨਾਲ਼ ਕਥਾ ਨੂੰ ਛੁਟਿਆਇਆ ਜਾ ਸਕੇ। ਇਕ ਦਿਨ ਮੈਂ ਇਉਂ ਆਖ ਦਿਤਾ, "ਜਿਸ ਨੋ ਕਥਾ ਸੁਣਾਇਹਿ ਆਪਣੀ ਸਿ ਗੁਰਦੁਆਰੈ ਸੁਖੁ ਪਾਵਹਿ ॥" (੯੧੯)। ਉਸ ਵਾਰਤਾਲਾਪ ਤੋਂ ਪਿੱਛੋਂ ਉਹ ਸੱਜਣ ਇਸ ਬਾਰੇ ਮੇਰੇ ਨਾਲ਼ ਗੱਲ ਕਰਨੋਂ ਹੱਟ ਗਿਆ। ਮੇਰੇ ਮਨ ਵਿਚ ਵਹਿਮ ਜਿਹਾ ਹੀ ਰਿਹਾ ਕਿ ਸ਼ਾਇਦ ਇਹ ਦੋਵੇਂ ਸੱਜਣ ਕਿਸੇ ਕਾਰਨ ਮੇਰਾ ਉਸ ਗੁਰਦੁਆਰਾ ਸਾਹਿਬ ਵਿਚ ਠਹਿਰਨਾ ਪਸੰਦ ਨਾ ਕਰਦੇ ਹੋਣ, ਪਰ ਕਾਰਨ ਦੀ ਕੋਈ ਪੂਰੀ ਸਮਝ ਨਾ ਮੈਨੂੰ ਆਈ।

ਕਥਾ ਪਦ, ਵੱਖ-ਵੱਖ ਰੂਪਾਂ ਵਿਚ, ੧੪੫ ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਇਆ ਹੈ। ਜਿੰਨੇ ਵੀ ਥਾਵਾਂ ਉਪਰ ਇਹ ਪਦ ਬਾਣੀ ਵਿਚ ਅੰਕਤ ਹੈ, ਉਸ ਦਾ ਸਾਰੇ ਸਥਾਨਾਂ ਉਪਰ ਇਹ ਇਕੋ ਹੀ ਭਾਵ ਹੈ ਕਿ ਕਥਾ ਕਰਨੀ ਤੇ ਸੁਣਨੀ। ਪੁਰਾਤਨ ਭਾਰਤੀ ਧਾਰਮਿਕ ਸਾਹਿਤ ਵਿਚ ਗੁਰੂ ਤੇ ਰੱਬ ਦੀ ਭਗਤੀ ਨੌਂ ਪ੍ਰਕਾਰ ਦੀ ਅੰਕਤ ਹੈ। ਗੁਰਬਾਣੀ

ਵਿਚ "ਭਗਤਿ ਨਵੈ ਪਰਕਾਰਾ ॥" (੭੧) ਦੇ ਰੂਪ ਵਿਚ ਉਹਨਾਂ ਨੌਂ ਪ੍ਰਕਾਰ ਦੀ ਭਗਤੀ ਦਾ ਜ਼ਿਕਰ ਹੈ। ਉਹਨਾਂ ਵਿਚੋਂ ਇਕ ਪ੍ਰਕਾਰ ਕਥਾ ਵੀ ਵਰਨਿਆ ਗਿਆ ਹੈ। ਫਿਰ ਪਤਾ ਨਹੀਂ ਇਕ ਚੜ੍ਹਦੀਕਲਾ ਵਾਲ਼ੀ ਸਿੰਘਾਂ ਦੀ ਜਥੇਬੰਦੀ ਕਿਉਂ ਕਥਾ ਵਾਲ਼ੀ ਭਗਤੀ ਦੀ ਸਮਾਪਤੀ ਕਰਨੀ ਚਾਹੁੰਦੀ ਹੈ!

ਥੋਹੜਾ ਹੀ ਸਮਾ ਹੋਇਆ, ਫਿਰ ਆਸਟ੍ਰੇਲੀਆ ਦੇ ਇਕ ਗੁਰਦੁਆਰਾ ਸਾਹਿਬ ਦੀ ਲਾਇਬ੍ਰੇਰੀ ਵਿਚੋਂ ਇਕ ਕਿਤਾਬ ਮੇਰੇ ਹੱਥ ਲੱਗੀ। ਉਹ ਕਿਸੇ ਬਹੁਤ ਪ੍ਰਸਿੱਧ ਸਵਰਗਵਾਸੀ ਸਿੱਖ ਦੀ ਲਿਖੀ ਹੋਈ ਹੈ। ਉਸ ਕਿਤਾਬ ਦੀ ਸਾਰੀ ਦੀ ਸਾਰੀ ਲਿਖਤ ਕਥਾ ਦੇ ਖ਼ਿਲਾਫ਼ ਹੈ। ਫਿਰ ਮੈਨੂੰ ਸਮਝ ਆਈ ਕਿ ਉਹ ਬਜ਼ੁਰਗ ਸੱਜਣ ਮੇਰੇ ਕਥਾ ਕਰਨ 'ਤੇ ਕਿਉਂ ਏਨੇ ਤਰਲੋਮੱਛੀ ਹੁੰਦੇ ਸਨ ਤੇ ਹਰ ਸੰਭਵ ਯਤਨ ਕਰਦੇ ਸਨ ਕਿ ਕਥਾ ਵਾਸਤੇ ਸਮਾ ਨਾ ਬਚੇ ਕਿਉਂਕਿ ਕਮੇਟੀ ਵੱਲੋਂ ਸਖ਼ਤ ਹਿਦਾਇਤ ਸੀ ਕਿ ਕਿਸੇ ਵੀ ਹਾਲਤ ਵਿਚ ਨਿਸਚਤ ਸਮੇ ਤੋਂ ਦੀਵਾਨ ਦੀ ਸਮਾਪਤੀ ਜ਼ਰਾ ਵੀ ਲੇਟ ਨਹੀਂ ਹੋਣੀ ਚਾਹੀਦੀ। ਇਸ ਲਈ ਰਹਰਾਸਿ ਅਤੇ ਸਮਾਪਤੀ ਦੇ ਵਿਚਕਾਰ ਸਮਾ ਕਥਾ ਵਾਸਤੇ ਬਹੁਤ ਮਾਮੂਲੀ ਜਿਹਾ ਹੀ ਬਚਦਾ ਸੀ ਤੇ ਇਹੋ ਹੀ ਉਸ ਗੁਰਮੁਖ ਸੱਜਣ ਦਾ ਯਤਨ ਸੀ ਕਿ ਕਥਾ ਵਾਸਤੇ ਸਮਾ ਨਾ ਬਚੇ ਤੇ ਕਥਾ ਨਾ ਹੋਵੇ।

ਸਿੱਖ ਪੰਥ ਵਿਚ ਬਾਣੀ ਦਾ ਪਾਠ, ਕਥਾ ਅਤੇ ਕੀਰਤਨ ਕਰਨ ਦੀ ਮਰਯਾਦਾ ਹੈ। "ਕਲਜੁਗ ਮਹਿ ਕੀਰਤਨੁ ਪਰਧਾਨਾ ॥" (੧੦੭੫) ਕਹਿ ਕੇ, ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਜਿਥੇ ਕੀਰਤਨ ਦੀ ਵਡਿਆਈ ਦਰਸਾਈ ਹੈ ਓਥੇ, "ਸਭ ਤੇ ਊਤਮ ਹਰਿ ਕੀ ਕਥਾ ॥" (੨੬੫) ਨੂੰ ਵੀ ਸਭ ਤੋਂ ਉਤਮ ਆਖਿਆ ਹੈ; ਤੇ ਫਿਰ, "ਕਥਾ ਕੀਰਤਨੁ ਸੁਖਦਾਈ ॥" (੬੧੬) ਉਚਾਰ ਕੇ, ਦੋਹਾਂ ਦਾ ਮਹੱਤਵ ਦਰਸਾਇਆ ਹੈ, ਪਰ ਪਤਾ ਨਹੀਂ ਇਹ ਜਥਾ ਕਥਾ ਦੇ ਏਨਾ ਵਿਰੁਧ ਕਿਉਂ ਹੈ! ਸ੍ਰੀ ਅਕਾਲ ਤਖ਼ਤ ਸਾਹਿਬ ਜੀ ਤੋਂ ਜਾਰੀ ਹੋਈ ਪੰਥਕ 'ਸਿੱਖ ਰਹਿਤ ਮਰਯਾਦਾ' ਵਿਚ ਵੀ ਗੁਰਦੁਆਰਾ ਸਾਹਿਬਾਨ ਵਿਖੇ ਸਜਣ ਵਾਲ਼ੇ ਦੀਵਾਨਾਂ ਵਿਚ ਗੁਰਬਾਣੀ ਦਾ ਪਾਠ, ਕਥਾ ਅਤੇ ਕੀਰਤਨ ਹੋਵੇ, ਦਾ ਜ਼ਿਕਰ ਹੈ। ਇਹ ਵੀ ਨਾਲ਼ ਹਿਦਾਇਤ ਹੈ ਕਿ ਸੰਗਤ ਵਿਚ ਗੁਰਬਾਣੀ ਦਾ ਪਾਠ, ਕਥਾ ਤੇ ਕੀਰਤਨ ਕੇਵਲ ਸਿੱਖ ਹੀ ਕਰ ਕੇ ਸੁਣਾਵੇ; ਆਪਣੇ ਲਈ ਬਾਣੀ ਕੋਈ ਵੀ ਪੜ੍ਹ ਸਕਦਾ ਹੈ। ਫਿਰ ਇਸ ਪੱਖੋਂ ਵੀ ਸਾਵਧਾਨ ਕੀਤਾ ਹੈ ਕਿ ਕਥਾ ਦਾ ਉਦੇਸ਼ ਗੁਰਮਤਿ ਦ੍ਰਿੜ੍ਹਾਉਣਾ ਹੋਵੇ।

# ਜ਼ੁਲਮੀ ਦਿਨਾਂ ਦੀ ਯਾਦ

ਉਹਨਾਂ ਦਿਨਾਂ ਵਿਚ ਕੋਈ ਪਤਾ ਨਹੀਂ ਸੀ ਲੱਗਦਾ ਕਿ ਕੌਣ ਕਿਸ ਦੇ ਇਸ਼ਾਰੇ 'ਤੇ ਕਿਸ ਨੂੰ ਕਤਲ ਕਰ ਰਿਹਾ ਹੈ। ਅੰਨ੍ਹੀ ਪੀਹੀ ਜਾਂਦੀ ਸੀ ਤੇ ਕੁੱਤੇ ਚੱਟੀ ਜਾਂਦੇ ਸਨ। ਜੇ ਕੋਈ ਜੁਝਾਰੂ ਪੁਲਸ ਹੱਥੋਂ ਮਰਿਆ ਤਾਂ ਸਿੱਖ, ਜੇ ਕੋਈ ਜੁਝਾਰੂ ਹੱਥੋਂ ਪੁਲਸੀਆ ਮਰਿਆ ਤਾਂ ਸਿੱਖ, ਜੇ ਕੋਈ ਦੂਜਾ ਮਰਿਆ ਤਾਂ ਉਹ ਵੀ ਪਿੰਡਾਂ ਵਿਚ ਰਹਿਣ ਵਾਲ਼ਾ, ਖਾਂਦਾ ਪੀਂਦਾ ਇਜ਼ਤਦਾਰ ਸਿੱਖ। ਫਿਰ ਜੇ ਬਰਾੜ ਦੀ ਕੁਝ ਦਿਨਾਂ ਦੀ ਮੁਖ ਮੰਤਰੀਸ਼ਿਪ ਦੇ ਸਮੇ, ਨਿਹੱਥੇ ਸਿੱਖਾਂ ਉਪਰ ਹੋਏ ਜ਼ੁਲਮ ਦੇ ਦੋਸ਼ ਵਿਚ ਕਿਸੇ ਪੁਲਸ ਅਫ਼ਸਰ ਦੀ ਪੇਟੀ ਲੱਥ ਕੇ ਮੁਕੱਦਮਾ ਚੱਲਿਆ ਤਾਂ ਉਹ ਵੀ ਸਿੱਖਾਂ ਉਪਰ। ਜੇ ਕੋਈ ਹਿੰਦੂ ਮਰਿਆ ਤਾਂ ਉਹ ਵੀ ਬੇਦੋਸ਼ਾ ਪੰਜਾਬੀ। ਦਿੱਲੀ ਤੋਂ ਰਾਜ ਕਰਨ ਵਾਲ਼ੇ ਆਰਾਮ ਨਾਲ਼ ਰਾਜ ਕਰਦੇ ਰਹੇ। ਰੋਮ ਸੜਦਾ ਰਿਹਾ ਤੇ ਨੀਰੋ ਬੰਸਰੀ ਵਜਾਉਂਦਾ ਰਿਹਾ।

ਇਸ ਘੜਮੱਸ ਚੌਦੇਂ ਦੇ ਦਿਨਾਂ ਦੌਰਾਨ, ਇਕ ਸ਼ਰੀਫ਼ ਐਮ.ਐਲ.ਏ, ਗੁਰਦਾਸਪੁਰ ਜ਼ਿਲ੍ਹੇ ਦੇ, ਮੇਰੇ ਮਿੱਤਰ ਨੌਜਵਾਨ ਤੇ ਸ਼ਰੀਫ਼ ਅਕਾਲੀ ਆਗੂ, ਸ. ਮਹਿੰਦਰ ਸਿੰਘ ਸਰੂਪਵਾਲ਼ੀ ਦਾ ਕਤਲ ਹੋ ਗਿਆ। ਉਸ ਦੇ ਭੋਗ 'ਤੇ ਅਕਾਲੀ ਆਗੂ, ਬੀਬੀ ਰਾਜਿੰਦਰ ਕੌਰ ਜੀ ਐਕਸ ਐਮ.ਪੀ. ਗਏ ਤਾਂ ਓਥੋਂ ਮੁੜ ਕੇ ਉਹਨਾਂ ਨੇ ਆਪਣੇ ਰਸਾਲੇ *ਸੰਤ ਸਿਪਾਹੀ* ਵਿਚ ਲਿਖੇ ਆਪਣੇ ਇਕ ਲੇਖ ਵਿਚ ਲਿਖਿਆ ਕਿ ਓਥੇ ਉਹਨਾਂ ਨੇ ਕਿਸੇ ਦੇ ਮੂੰਹੋਂ ਸੁਣਿਆ ਕਿ ਅਜਿਹੇ ਅਕਾਲੀ ਵਰਕਰਾਂ ਦੇ ਕਤਲ ੨੫ ਹੋਣੇ ਹਨ, ਪਰ ਬੀਬੀ ਜੀ ਨੂੰ ਇਸ ਗੱਲ ਦਾ ਇਲਮ ਨਹੀਂ ਸੀ ਕਿ ਉਹਨਾਂ ਪੰਝੀਆਂ ਦੀ ਸੂਚੀ ਵਿਚ ਉਹਨਾਂ ਦਾ ਆਪਣਾ ਨਾਂ ਵੀ ਸ਼ਾਮਲ ਹੈ।

ਬੀਬੀ ਜੀ ਬਠਿੰਡੇ ਦੇ ਇਕ ਸਕੂਲ ਵਿਚ ਭਾਸ਼ਨ ਕਰ ਕੇ ਜਦੋਂ ਵਾਪਸ ਮੁੜਨ ਲਈ ਆਪਣੀ ਕਾਰ ਵਿਚ ਬੈਠੇ ਤਾਂ ਕਿਸੇ ਨੇ ਜੁਝਾਰੂ ਦੇ ਭੇਸ ਵਿਚ ਗੋਲ਼ੀਆਂ ਮਾਰ ਕੇ ਉਹਨਾਂ ਨੂੰ ਥਾਂ ਹੀ ਢੇਰੀ ਕਰ ਦਿਤਾ। ਪਿਛਲੀ ਸੀਟ 'ਤੇ ਬੈਠੇ ਪੰਥਕ ਕਵੀ ਸ. ਪਿਆਰਾ ਸਿੰਘ ਨਿਰਛਲ ਲੰਮੇ ਪੈ ਕੇ ਬਚ ਗਏ।

ਬੀਬੀ ਰਾਜਿੰਦਰ ਕੌਰ ਜੀ ਸਵਰਗੀ ਪੰਥ ਰਤਨ ਮਾਸਟਰ ਤਾਰਾ ਸਿੰਘ ਜੀ ਦੀ ਸਪੁੱਤਰੀ ਸਨ। ਡਾਕਟ੍ਰੇਟ ਤੱਕ ਵਿੱਦਿਆ ਪ੍ਰਾਪਤ ਕਰਤਾ ਸਨ। ਛੇ ਸਾਲ ਰਾਜ ਸਭਾ ਦੇ ਮੈਂਬਰ ਰਹੇ ਸਨ। ਚੌਹਾਂ ਜ਼ਬਾਨਾਂ ਵਿਚ ਲਿਖ ਤੇ ਬੋਲ ਕੇ ਸਿੱਖਾਂ ਦਾ ਕੇਸ ਦੁਨੀਆਂ ਦੇ ਸਾਹਮਣੇ ਰੱਖਣ ਦੀ ਯੋਗਤਾ ਦੇ ਮਾਲਕ ਸਨ ਤੇ ਆਪਣੇ ਰਸਾਲੇ ਰਾਹੀਂ, ਅਕਾਲੀ ਦਲ ਦੇ ਪੱਖ ਤੋਂ, ਨਿਰੋਲ ਪੰਥਕ ਵਿਚਾਰਧਾਰਾ ਦੇ ਪ੍ਰਚਾਰਕ ਸਨ। ਕਿਸੇ ਇਕ ਜਥੇਬੰਦੀ, ਟਕਸਾਲ, ਜਥਾ, ਡੇਰਾ, ਇਸ ਗਰੁੱਪ ਜਾਂ ਉਸ ਗਰੁੱਪ ਵਿਚ ਸ਼ਾਮਲ ਨਹੀਂ ਸਨ ਤੇ ਪੰਥਕ ਦ੍ਰਿਸ਼ਟੀਕੋਣ ਤੋਂ ਹੀ ਸਮੁੱਚੇ ਪੰਥ ਦੀ ਗੱਲ ਕਰਦੇ ਸਨ। ਉਹਨਾਂ ਦਾ, ਪੰਥਕ ਮਸਲਿਆਂ ਅਤੇ ਸ਼੍ਰੋਮਣੀ

ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਾਰਜਾਂ ਵਿਚ ਵੀ, ਸ. ਅਬਿਨਾਸ਼ੀ ਸਿੰਘ ਜੀ ਨਾਲ਼ ਵਾਹਵਾ ਸਹਿਚਾਰ ਸੀ।

ਕੁਝ ਦਿਨ ਮੀਡੀਏ ਵਿਚ ਰੌਲ਼ਾ ਪਿਆ ਤੇ ਫਿਰ ਇਕ ਦਿਨ ਅਖ਼ਬਾਰ ਵਿਚ ਖ਼ਬਰ ਛਪ ਗਈ ਕਿ ਬੀਬੀ ਰਾਜਿੰਦਰ ਕੌਰ ਦਾ ਕਾਤਲ, ਅੱਤਵਾਦੀ ਗੁਰਮੀਤ ਸਿੰਘ ਮਚਾਕੀ। ਮੁਕਤਸਰ ਦੇ ਠਾਣੇ ਦੀ ਹਵਾਲਾਤ ਵਿਚ ਬੰਦ ਸੀ। ਰਾਤ ਨੂੰ ਭੂਰੇ ਰੰਗ ਦਾ ਸੱਪ ਆਇਆ ਤੇ ਉਸ ਨੂੰ ਲੜ ਗਿਆ ਜਿਸ ਨਾਲ਼ ਉਸ ਦੀ ਮੌਤ ਹੋ ਗਈ। ਇਸ ਖ਼ਬਰ ਨਾਲ਼ ਬੀਬੀ ਜੀ ਦੇ ਕਤਲ ’ਤੇ ਵੀ ਪਰਦਾ ਪਾ ਦਿਤਾ ਗਿਆ ਤੇ ਇਕ ਜੁਝਾਰੂ ਨੌਜਵਾਨ ਨੂੰ ਵੀ ਸ਼ਹੀਦ ਕਰ ਦਿਤਾ ਗਿਆ।

# ਪੀਐਚ.ਡੀ.

ਬਹੁਤ ਸਾਲ ਲੰਘ ਗਏ, ਕਿਤੇ ਕਿਸੇ ਵਿਦਵਾਨ ਦਾ ਲਿਖਿਆ ਪੜ੍ਹਿਆ ਸੀ ਕਿ ਹੁਣ ਤੱਕ ਸਾਰੇ ਸੰਸਾਰ ਦੀਆਂ ਸਾਰੀਆਂ ਯੂਨੀਵਰਸਿਟੀਆਂ ਵਿਚ ਜਿੰਨੇ ਵੀ ਖੋਜ ਪੱਤਰ ਲਿਖੇ ਗਏ ਹਨ, ਉਹਨਾਂ ਸਾਰਿਆਂ ਨੂੰ ਜੇ ਇਕੋ ਵਾਰ ਸਮੁੰਦਰ ਵਿਚ ਡੋਬ ਦਿਤਾ ਜਾਵੇ ਤਾਂ ਵੀ ਮਨੁੱਖਤਾ ਦਾ ਕੋਈ ਨੁਕਸਾਨ ਨਹੀਂ ਹੁੰਦਾ।

ਬਹੁਤ ਸਾਰੀਆਂ ਹੋਰ ਪੜ੍ਹੀਆਂ ਹੋਈਆਂ ਗੱਲਾਂ ਵਾਂਗ ਇਹ ਗੱਲ ਵੀ ਆਈ ਗਈ ਹੋ ਗਈ।

ਕੁਝ ਸਾਲ ਹੋਏ, ਮੈਂ ਅੰਮ੍ਰਿਤਸਰ ਵਿਚ ਆਪਣੇ ਛੋਟੇ ਭਰਾ ਦੇ ਘਰ ਵਿਚ, *ਟਾਈਮਜ਼ ਆਫ਼ ਇੰਡੀਆ* ਨੂੰ ਐਵੇਂ ਮੂੰਹ ਜਿਹਾ ਮਾਰ ਰਿਹਾ ਸਾਂ। ਮੈਂ ਭਰਾ ਨੂੰ ਪੁੱਛਿਆ ਕਿ *ਅਜੀਤ* ਪੜ੍ਹਨ ਲਈ ਤੇ ਤੇਰੇ ਪਾਸ ਸਮਾ ਨਹੀਂ ਤੇ ਨਾ ਹੀ ਤੈਨੂੰ ਅਖ਼ਬਾਰਾਂ ਪੜ੍ਹਨ ਦਾ ਸ਼ੌਕ ਹੈ ਤੇ ਤੂੰ *ਅਜੀਤ* ਦੇ ਨਾਲ਼ ਨਾਲ਼ ਇਹ *ਟਾਈਮਜ਼ ਆਫ਼ ਇੰਡੀਆ* ਵੀ ਕਿਉਂ ਲਵਾਈ ਹੋਈ ਆ? ਉਸ ਨੇ ਦੱਸਿਆ ਕਿ ਪੁੱਤਰ ਦੀ ਅੰਗ੍ਰੇਜ਼ੀ ਦੇ ਗਿਆਨ ਵਿਚ ਵਾਧੇ ਵਾਸਤੇ। ਮੈਂ ਫਿਰ ਕਿਹਾ ਕਿ ਲੋਕੀਂ ਤਾਂ ਵਧੇਰੇ *ਟ੍ਰਿਬਿਊਨ* ਹੀ ਪੜ੍ਹਦੇ ਹਨ ਤੇ ਤੂੰ ਉਹ ਕਿਉਂ ਨਹੀਂ ਲਵਾਈ ਤਾਂ ਉਸ ਨੇ ਕਿਹਾ ਕਿ ਉਹ ਦੂਜੇ ਭਰਾ ਦੇ ਘਰ ਆਉਂਦੀ ਹੈ ਤੇ ਲੋੜ ਪੈਣ ’ਤੇ ਓਥੋਂ ਪੜ੍ਹ ਲਈਦੀ ਹੈ।

ਮੇਰੇ ਵਿਸਤ੍ਰਿਤ ਪਰਵਾਰ ਦੀ ਐਮ.ਏ. ਪਾਸ ਟੀਚਰ ਬੱਚੀ ਨੇ ਇਕ ਦਿਨ ਬੜੀ ਖ਼ੁਸ਼ੀ ਨਾਲ਼ ਮੇਰੀਆਂ ਲਿਖਤਾਂ ਦੀ ਤਾਰੀਫ਼ ਕਰਦਿਆਂ ਆਖਿਆ, “ਮਾਸੜ ਜੀ, ਮੈਨੂੰ ਤੇ ਹੁਣ ਸਮਝ ਆਈ ਹੈ ਤੁਹਾਡੇ ਗਿਆਨ ਦੀ, ਪੰਜਾਬੀ ਦੀ ਐਮ.ਏ. ਕਰਨ ਪਿਛੋਂ। ਪਹਿਲਾਂ ਤੇ ਮੈਂ ਸਮਝਦੀ ਹੁੰਦੀ ਸੀ ਕਿ ਮਾਸੜ ਜੀ ਪਤਾ ਨਹੀਂ ਕੀ ਅਬ਼ਲੀਆਂ ਟਬ਼ਲੀਆਂ ਮਾਰੀ ਜਾਂਦੇ ਨੇ! ਮੈਂ ਤੁਹਾਡੇ ’ਤੇ ਪੀਐਚ.ਡੀ. ਕਰਨੀ ਹੈ। ਬੱਸ ਤੁਸੀਂ ਮੇਰੇ ਵਾਸਤੇ ਦੋ ਕਿਤਾਬਾਂ ਲਿਖ ਕੇ ਛਪਵਾ ਲਵੋ।” ਮੈਨੂੰ ਕੁਝ ਕੁਝ ਝਾਉਲ਼ਾ ਜਿਹਾ ਸੀ ਕਿ ਡਾਕਟ੍ਰੇਟ ਕਰਨ ਵਿਚ ਵਾਹਵਾ ਝਮੇਲੇ ਜਿਹੇ ਹੁੰਦੇ ਹਨ। ਮੇਰੇ ਮਰਹੂਮ ਮਿੱਤਰ ਡਾ. ਗੁਰਮਖ ਸਿੰਘ ਟ੍ਰਿਪਲ ਐਮ.ਏ. ਨੇ ਆਪਣੀ ਡਾਕਟ੍ਰੇਟ ਕਰਨ ਦੀ ਦਾਸਤਾਨ ਵੀ ਮੈਨੂੰ ਸੁਣਾਈ ਹੋਈ ਸੀ ਕਿ ਕਿਵੇਂ ਉਸ ਦੇ ਗਾਈਡ ਨੇ ਉਸ ਦੇ ਲਿਖੇ ਨੂੰ ਹੱਥ ਵਿਚ ਤੋਲਦਿਆਂ ਹੋਇਆਂ ਆਖਿਆ, “ਥੋਹੜਾ ਹੈ, ਕੁਝ ਹੋਰ ਵਧਾਉ।” ਕੁਝ ਦਿਨਾਂ ਬਾਅਦ ਉਹ ਵਿਸਥਾਰ ਕਰ ਕੇ ਲੈ ਗਿਆ ਤੇ ਗਾਈਡ ਦੇ ਟੇਬਲ ਉਤੇ ਜਾ ਰੱਖਿਆ। ਗਾਈਡ ਨੇ ਉਸ ਵੱਲ ਧਿਆਨ ਹੀ ਨਾ ਦਿਤਾ। ਥੋਹੜਾ ਚਿਰ ਖਲੋ ਕੇ ਉਸ ਨੇ ਫਿਰ ਨਿਮਰਤਾ ਨਾਲ਼ ਬੇਨਤੀ ਕੀਤੀ, “ਡਾਕਟਰ ਸਾਹਿਬ ਜੀ, ਜ਼ਰਾ ਝਾਤੀ ਮਾਰ ਲੈਣੀ ਸੀ ਜੀ!” ਗਾਈਡ ਨੇ ਆ ਵੇਖਿਆ ਨਾ ਤਾ, ਤੇ ਇਹ ਕਹਿੰਦਿਆਂ ਹੋਇਆਂ, “ਤੂੰ ਸਾਲ਼ਿਆ ਕੇਹੜਾ ਕੁਰਾਨ ਸ਼ਰੀਫ਼ ਲਿਖ ਲਿਆਇਆਂ”, ਉਸ ਦਾ ਪਲੰਦਾ ਚੁੱਕ ਕੇ

ਵਗਾਹ ਕਰਦਾ ਮਾਰਿਆ ਤੇ ਉਹ ਸਾਰੇ ਕਾਗ਼ਜ਼ ਦਫ਼ਤਰ ਵਿਚ ਖਿੱਲਰ ਗਏ। ਮੈਨੂੰ ਉਸ ਮਿੱਤਰ ਨੇ ਦੱਸਿਆ ਕਿ ਫਿਰ ਜੋ ਉਸ ਤੋਂ ਹੋਇਆ, ਉਸ ਨੇ ਵੀ ਕੋਈ ਕਸਰ ਨਹੀਂ ਛੱਡੀ ਉਸ ਵਡੇ ਧਾਰਮਿਕ ਵਿਦਵਾਨ ਦਿਸਣ ਵਾਲ਼ੇ ਗੁਰਮੁਖ ਜਿਹੇ ਪ੍ਰੋਫ਼ੈਸਰ ਦੀ। ਨਤੀਜਾ ਇਹ ਹੋਇਆ ਕਿ ਡਾਕਟ੍ਰੇਟ ਤੇ ਉਸ ਨੇ ਕਿਸੇ ਹੋਰ ਸਬਜੈਕਟ ਦੀ ਕਿਸੇ ਹੋਰ ਗਾਈਡ ਰਾਹੀਂ ਕਰ ਲਈ ਪਰ ਬਾਵਜੂਦ ਮੁੜ ਮੁੜ ਸਾਰੇ ਯਤਨਾਂ ਦੇ ਵੀ, ਉਸ ਨੂੰ ਉਸ ਯੂਨੀਵਰਸਿਟੀ ਵਿਚ ਨੌਕਰੀ ਨਹੀਂ ਲੈਣ ਦਿਤੀ ਗਈ। ਸਵਾ ਸੌ ਛਪ ਚੁੱਕੀਆਂ ਕਿਤਾਬਾਂ ਦਾ ਸੰਪਾਦਕ ਤੇ ਲੇਖਕ ਵਿਚਾਰਾ ਭਾਸ਼ਾ ਵਿਭਾਗ ਦੀ ਨੌਕਰੀ ’ਤੇ ਹੀ ਸਾਰੀ ਉਮਰ ਗੁਜ਼ਾਰਾ ਕਰਦਾ ਰਿਹਾ।

ਇਕ ਦਿਨ ਕੀ ਵੇਖਦਾ ਹਾਂ ਕਿ ਉਸ ਅਖ਼ਬਾਰ ਦੇ ਪਹਿਲੇ ਪੰਨੇ ਉਪਰ ਅੰਗ੍ਰੇਜ਼ੀ ਵਿਚ ਖ਼ਬਰ ਸੀ : ਅੱਠ ਹਜ਼ਾਰ ਵਿਚ ਪੀਐਚ.ਡੀ.। ਮੈਂ ਬੜੀ ਹੈਰਾਨੀ ਨਾਲ਼ ਇਹ ਖ਼ਬਰ ਪੜ੍ਹ ਕੇ ਆਪਣੇ ਕਿਸੇ ਮਿੱਤਰ ਨੂੰ ਦੱਸੀ। “ਮੈਂ ਤੇ ਨਹੀਂ ਸੱਠ ਹਜ਼ਾਰ ਤੋਂ ਘੱਟ ਲੈਂਦਾ!” ਜਵਾਬ ਸੀ ਮਿੱਤਰ ਦਾ। ਸੋ ਗੱਲ ਸਪੱਸ਼ਟ ਹੋ ਗਈ ਕਿ ਅੱਠ ਹਜ਼ਾਰ ਹੋਏ ਜਾਂ ਸੱਠ ਹਜ਼ਾਰ, ਡਿਗਰੀ ਮੁੱਲ ਤਾਂ ਲਈ ਹੀ ਜਾ ਸਕਦੀ ਹੈ ਨਾ!

ਫਿਰ ਪਤਾ ਲੱਗਾ ਕਿ ਅੱਠ ਹਜ਼ਾਰ ਵਾਲ਼ੀ ਡਿਗਰੀ, ਕਿਸੇ ਹੋਰ ਦੇ ਥੀਸਿਸ ਵਿਚਲੀਆਂ ਕੁਝ ਗੱਲਾਂ ਏਧਰ ਓਧਰ ਕਰ ਕੇ ਪੇਸ਼ ਕਰ ਦਿਤਾ ਜਾਂਦਾ ਹੈ। ਸੱਠ ਹਜ਼ਾਰ ਵਾਲ਼ਾ ਥੀਸਿਸ ਨਵੇਂ ਸਿਰੇ ਲਿਖ ਕੇ ਸਬਮਿਟ ਕੀਤਾ ਜਾਂਦਾ ਹੈ।

ਸੱਤਰਵਿਆਂ ਵਾਲ਼ੇ ਦਹਾਕੇ ਦੌਰਾਨ, ਸ਼੍ਰੋਮਣੀ ਕਮੇਟੀ ਦੇ ਰੀਸਰਚ ਸਕਾਲਰ ਹੁੰਦੇ ਸਨ ਸ. ਸ਼ਮਸ਼ੇਰ ਸਿੰਘ ਅਸ਼ੋਕ ਜੀ । ਮੇਰਾ ਉਹਨਾਂ ਨਾਲ਼ ਵੀ ਬੜਾ ਸਹਿਚਾਰ ਹੁੰਦਾ ਸੀ। ਲੋਕੀਂ ਦੱਸਦੇ ਹੁੰਦੇ ਸਨ ਕਿ ਕੁਝ ਸੱਜਣ ਅਸ਼ੋਕ ਜੀ ਪਾਸੋਂ ਥੀਸਿਸ ਲਿਖਵਾ ਕੇ ਪੀਐਚ.ਡੀ. ਕਰ ਲੈਂਦੇ ਸਨ ਪਰ ਮੈਂ ਇਸ ਬਾਰੇ ਉਹਨਾਂ ਕੋਲੋਂ ਕਦੀ ਕੁਝ ਨਹੀਂ ਸੀ ਪੁੱਛਿਆ। ਕਈ ਲਿਖਾਰੀ ਆਪਣੀ ਕਿਤਾਬ ਦੇ ਰਿਵਿਊ ਲਿਖਣ ਵਾਸਤੇ ਉਹਨਾਂ ਨੂੰ ਕਿਤਾਬਾਂ ਭੇਜਿਆ ਕਰਦੇ ਸਨ। ਇਕ ਲੇਖਿਕਾ ਦੀ ਕਿਤਾਬ ਵਿਚ ਫ਼ੁੱਟਨੋਟ ਆਮ ਨਾਲ਼ੋਂ ਕੁਝ ਵਡੇਰੇ ਸਨ। ਉਹਨਾਂ ਨੇ ਰੀਮਾਰਕ ਦਿਤਾ, “ਫ਼ੁੱਟਨੋਟ ਦਾ ਮਤਲਬ ਬੀਬੀ, ਫ਼ੁੱਟ ਫ਼ੁੱਟ ਦੇ ਨੋਟ ਨਹੀਂ ਹੁੰਦਾ।” ਅਸ਼ੋਕ ਜੀ ਆਪ ਬੀ.ਏ ਪਾਸ ਨਹੀਂ ਸਨ ਤੇ ਸੰਤਾਂ ਦੇ ਡੇਰਿਆਂ ਵਿਚੋਂ ਹੀ ਪੜ੍ਹੇ ਹੋਏ ਸਨ। ਭਾਈ ਕਾਹਨ ਸਿੰਘ ਨਾਭਾ ਜੀ ਦੇ *ਮਹਾਨ ਕੋਸ਼* ਦੀ ਤਿਆਰੀ ਵਿਚ ਵੀ ਉਹਨਾਂ ਨੇ ਹਿੱਸਾ ਪਾਇਆ ਸੀ। ਤੇ ਭਾਸ਼ਾ ਵਿਭਾਗ ਵਿਚ ਵੀ ਉਹ ਬਤੌਰ ਸਕਾਲਰ ਨੌਕਰੀ ਕਰ ਚੁੱਕੇ ਸਨ।

ਏਥੇ ਸਿਡਨੀ ਵਿਚ ਵੀ ਦਿੱਲੀ ਯੂਨੀਵਰਸਿਟੀ ਤੋਂ ਇਕ ਰਿਟਾਇਰ ਪ੍ਰੋਫ਼ੈਸਰ ਵਾਹਵਾ ਸਾਲ ਪਹਿਲਾਂ ਆਏ ਸਨ। ਸਾਡੀ ਆਪਸ ਵਿਚੀਂ ਆਮ ਹੀ ਗੁਫ਼ਤਗੂ ਹੁੰਦੀ ਰਹਿੰਦੀ ਸੀ। ਉਹਨਾਂ ਨੇ ਡਾਕਟ੍ਰੇਟ ਦੀ ਡਿਗਰੀ ਅਮ੍ਰੀਕਨ ਕਵਿਤਾ ਉਪਰ ਕੀਤੀ ਸੀ। ਗੱਲ ਕਰਦਿਆਂ ਮੈਂ ਇਕ ਦਿਨ ਪੁੱਛ ਲਿਆ, “ਤੁਹਾਡਾ ਪਿਛੋਕੜ ਧਾਰਮਿਕ ਤੇ ਪੰਜਾਬੀ। ਗਿਆਨੀ ਪਾਸ ਕਰਕੇ ਸ਼੍ਰੋਮਣੀ ਕਮੇਟੀ ਦੇ ਸਕੂਲ ਵਿਚ ਟੀਚਰ ਰਹੇ। ਇਹ ਪੀਐਚ.ਡੀ. ਕਰਨ ਲਈ ਤੁਸੀਂ ਕਿਧਰ

ਔਝੜੇ ਪੈ ਗਏ!" ਉਹ ਸ਼ੁਰੂ ਹੋ ਗਏ ਡਾਕਟ੍ਰੇਟ ਕਰਨ ਤੇ ਕਰਵਾਉਣ ਵਾਲ਼ਿਆਂ ਦੇ ਆਪਸੀ ਸੰਬੰਧਾਂ ਉਪਰ। ਇਕ ਇਕ ਦਾ ਨਾਂ ਲੈ ਲੈ ਕੇ ਉਹਨਾਂ ਨੇ ਗਾਈਡਾਂ ਦੀਆਂ ਕਰਤੂਤਾਂ ਦਾ ਕੱਚਾ ਚਿਠਾ ਫੋਲਣਾ ਸ਼ੁਰੂ ਕਰ ਦਿਤਾ, "ਫ਼ਲਾਣੇ ਬੰਦੇ ਨੇ ਤਾਂ ਕਿਸੇ ਨੂੰ ਪੰਜਾਬੀ ਵਿਚ ਇਹ ਡਿਗਰੀ ਪਾਸ ਕਰਨ ਹੀ ਨਹੀਂ ਦਿਤੀ। ਫ਼ਲਾਣੇ ਨੇ ਤਾਂ...? ਮੇਰੇ ਪੰਜਾਬੀ ਵਿਚ ਕਿਸੇ ਨੇ ਪੈਰ ਹੀ ਨਹੀਂ ਲੱਗਣ ਦਿਤੇ। ਇਕ ਤੋਂ ਵਧੇਰੀ ਵਾਰ ਮੈਂ ਖੋਜ ਪੱਤਰ ਦਾ ਸ਼ੁਰੂ ਕੀਤਾ ਹੋਇਆ ਕੰਮ ਅਧਵਾਟੇ ਹੀ ਛੱਡਿਆ।"

ਹੁਣ ਡਾ. ਘੁੰਮਣ ਸਾਹਿਬ ਜੀ ਵੱਲੋਂ, ਫੇਸਬੁੱਕ ਉਪਰ ਲਿਖੀਆਂ ਜਾ ਰਹੀਆਂ ਆਪਣੀਆਂ ਯਾਦਾਂ ਵਿਚ ਵੀ ਅਜਿਹਾ ਕੁਝ ਹੀ ਵਰਨਣ ਕੀਤਾ ਗਿਆ ਹੈ। ਬੀਜ ਨਾਸ ਕਿਸੇ ਚੀਜ਼ ਦਾ ਨਹੀਂ ਹੁੰਦਾ। ਮੰਨ ਲਿਆ ਕਿ ਇਸ ਮੈਦਾਨ ਵਿਚ ਵੀ ਕੁਝ ਸੱਜਣ ਇਮਾਨਦਾਰ ਹੋਣਗੇ ਪਰ "ਹੈਨਿ ਵਿਰਲੇ ਨਾਹੀ ਘਣੇ...॥"

ਅਜਿਹਾ ਵਰਤਾਰਾ ਇਸ ਮੈਦਾਨ ਵਿਚ ਵਰਤੀਂਦਾ ਸੁਣ ਪੜ੍ਹ ਕੇ ਮੈਂ ਆਪਣੀ ਬੱਚੀ ਨੂੰ ਪੀਐਚ.ਡੀ. ਕਰਨ ਲਈ ਉਤਸ਼ਾਹਤ ਨਹੀਂ ਕੀਤਾ।

# ਮੇਰੇ ਸ਼ਬਦ ਜੋੜਾਂ ਵਿਚਲਾ 'ਘੀਚਮਚੋਲਾ

ਸਭ ਤੋਂ ਪਹਿਲਾਂ ਤਾਂ ਦੋਵੇਂ ਹੱਥ ਜੋੜ ਕਰ ਚਰਨ ਬੰਦਨਾ ਸਵੀਕਾਰੋ ਜੀ। ਉਪ੍ਰੰਤ ਸਮਾਚਾਰ ਇਹ ਹੈ ਕਿ ਮੈਂ ਮਸ਼ਕੂਰ ਹਾਂ ਤੁਹਾਡਾ ਕਿ ਤੁਸੀਂ ਮੇਰੀਆਂ 'ਝੱਲ-ਵਲੱਲੀਆਂ' ਜਿਹੀਆਂ ਨੂੰ, ਲੇਖ ਸਮਝ ਕੇ, ਏਨੇ ਉਚ ਕੋਟੀ ਦੇ ਸਾਹਿਤਕ ਪੱਤਰ ਵਿਚ ਸਥਾਨ ਦੇ ਕੇ, ਮੈਨੂੰ ਵੀ 'ਪੰਜਾਂ ਸਵਾਰਾਂ' ਵਿਚ ਸ਼ਾਮਲ ਹੋਣ ਦਾ ਭਰਮ ਪਾਉਣ ਵਿਚ, ਕਿਸੇ ਹੱਦ ਤੱਕ ਸਫਲ ਹੋ ਰਹੇ ਹੋ।

ਇਸ ਵਾਰੀ ਦੇ ਪਰਚੇ ਦੇ ਤਤਕਰੇ ਵਿਚ ਜਦੋਂ ਮੈਂ ਆਪਣੀ ਪੁਰਾਣੀ ਫ਼ੋਟੋ ਸਮੇਤ, ਆਪਣੇ ਲੇਖ ਦਾ ਸਿਰਲੇਖ ਪੜ੍ਹਿਆ ਤਾਂ ਪਹਿਲਾਂ ਤਾਂ ਖ਼ੁਦ 'ਤੇ ਗ਼ੁੱਸਾ ਆਇਆ ਕਿ ਮੈਂ ਅੱਧਕ ਦੇ ਦੁਰਉਪਯੋਗ ਬਾਰੇ ਹਮੇਸ਼ਾਂ ਦੂਸਰਿਆਂ ਨੂੰ ਟੋਕਦਾ ਰਹਿੰਦਾ ਹਾਂ ਤੇ ਖ਼ੁਦ ਮੈਂ 'ਸਾਜੇ' ਦਾ ਕੰਨਾ ਕੱਟ ਕੇ ਤੇ ਉਸ ਉਪਰ ਬੇਲੋੜਾ ਅੱਧਕ ਜੜ ਕੇ, ਆਪਣੀ ਸੂਝ ਦਾ ਦੀਵਾਲਾ ਕਿਉਂ ਕੱਢਿਆ! ਇਹ ਤਾਂ ਇਉਂ ਹੀ ਹੋਇਆ :

*ਔਰੋਂ ਕੋ ਨਸੀਹਤ। ਖ਼ੁਦ ਮੀਆਂ ਫ਼ਜ਼ੀਹਤ।*

ਸੱਚ ਜਾਣੋ ਕਿ ਪਹਿਲਾਂ ਤਾਂ ਮੈਨੂੰ ਖ਼ੁਦ 'ਤੇ ਗ਼ੁੱਸਾ ਆਇਆ ਤੇ ਫਿਰ ਸਮਝ ਵਿਚ ਆਇਆ ਕਿ ਇਹ ਤਬਦੀਲੀ ਮੇਰੀ 'ਸਮਝ' ਦਾ ਚਮਤਕਾਰ ਨਹੀਂ ਬਲਕਿ ਇਹ ਸੰਪਾਦਕ ਨੇ ਮੇਰੀ ਗ਼ਲਤੀ ਸਮਝ ਕੇ, ਉਸ ਵਿਚ 'ਸੁਧਾਰ' ਕੀਤਾ ਹੈ। ਫਿਰ ਹੌਲ਼ੀ ਹੌਲ਼ੀ ਇਹ ਵੀ ਸਮਝ ਵਿਚ ਆਉਣਾ ਸ਼ੁਰੂ ਹੋ ਗਿਆ ਕਿ ਸ਼ਾਇਦ ਸੰਪਾਦਕ ਏਨਾ ਗ਼ਲਤ ਨਾ ਹੋਵੇ ਤੇ ਉਸ ਨੇ ਮੇਰੇ ਹਿੰਦੀ ਉਚਾਰਣ 'ਸਾਜੇ' ਨੂੰ ਗ਼ਲਤ ਸਮਝ ਕੇ, ਇਸ ਨੂੰ 'ਸਜੇ' ਬਣਾਉਣ ਦਾ ਉਦਮ ਕੀਤਾ ਹੋਵੇ! ਪਰ ਇਸ ਦੇ ਬਾਵਜੂਦ ਵੀ ਮੈਨੂੰ 'ਸਜੇ' ਉਪਰ ਅੱਧਕ ਲਾ ਕੇ ਉਸ ਦਾ 'ਸੱਜੇ' ਬਣਾਉਣਾ ਕਿਸੇ ਤਰ੍ਹਾਂ ਵੀ ਨਹੀਂ ਜਚਿਆ। 'ਸਜੇ' ਤਾਂ ਸਜਣ (ਸੱਜਣ ਨਹੀਂ) ਨਾਲ਼ ਸੰਬੰਧ ਰੱਖਦਾ ਹੈ, ਜੋ ਕਿ ਇਸ ਅਰਥ ਵਿਚ ਹੀ ਏਥੇ ਵਰਤਿਆ ਗਿਆ ਹੈ ਤੇ 'ਸੱਜੇ' 'ਖੱਬੇ' ਦਾ ਉਲ਼ਟ ਹੈ।

ਲੋਕੋਕਤੀ ਤਾਂ ਬਚਪਨ ਤੋਂ ਇਉਂ ਹੀ ਸੁਣਦਾ ਆ ਰਿਹਾ ਹਾਂ :

*ਜਿਸ ਕਾ ਕਾਮ ਉਸੀ ਕੋ ਸਾਜੇ। ਔਰ ਕਰੇ ਤੋਂ ਠੇਂਗਾ ਬਾਜੇ।*

ਤੇ ਮੈਂ ਓਸੇ ਤਰ੍ਹਾਂ ਹੀ, ਬਿਨਾ ਬੋਲੀ ਤੇ ਉਸ ਦੇ ਵਿਆਕਰਣ ਵਿਚਾਰਨ ਦੇ, ਲਿਖ ਦਿਤੀ। ਇਸ ਵਿਚ ਸਿਰਫ਼ ਚਾਚਾ ਜੀ ਦੇ 'ਠੇਂਗਾ' ਨੂੰ ਸਮੇ ਅਨੁਸਾਰ 'ਢੂੰਗਾ' ਵਿਚ ਬਦਲ ਦੇਣ ਵਾਲਾ ਨੁਕਤਾ ਹੀ ਵੱਖਰਾ ਰੱਖਿਆ ਸੀ, ਬਾਕੀ ਦਾ ਸਾਰਾ ਕੁਝ ਜਿਉਂ ਦਾ ਤਿਉਂ ਹੀ ਲਿਖਿਆ ਸੀ।

ਇਹ ਕੁਝ ਪਰਚੇ ਦੇ ਪਰੂਫ਼ ਰੀਡਰ ਨੇ ਹੀ ਨਹੀਂ ਮੇਰੇ ਨਾਲ਼ ਕੀਤਾ ਬਲਕਿ ਬਹੁਸੰਮਤੀ ਪੱਤਰਾਂ ਅਤੇ ਪ੍ਰਕਾਸ਼ਕਾਂ ਦੇ ਪਰੂਫ਼ ਰੀਡਰ ਮੇਰੇ ਨਾਲ਼ ਅਜਿਹੀ 'ਟਿੱਚਰ' ਕਰਦੇ ਹੀ ਰਹਿੰਦੇ ਹਨ। ਖ਼ੁਦ ਅੰਮ੍ਰਿਤਸਰ ਜਾ ਕੇ, ਕੋਲ਼ ਖਲੋ ਕੇ ਬਾਵਜੂਦ ਸਾਰਾ ਯਤਨ ਕਰਨ ਦੇ ਵੀ ਮੈਂ ਆਪਣੀਆਂ ਕਿਤਾਬਾਂ ਦੇ ਸ਼ਬਦ ਜੋੜ, ਆਪਣੀ ਤਸੱਲੀ ਅਨੁਸਾਰ 'ਠੀਕ' ਨਹੀਂ ਰਖਵਾ ਸਕਦਾ। ਇਸ ਦੇ ਉਲ਼ਟ ਮੇਰੀਆਂ ਕਿਤਾਬਾਂ ਵਿਚ ਦੂਜੇ ਲੇਖਕਾਂ ਦੀਆਂ ਕਿਤਾਬਾਂ ਨਾਲ਼ੋਂ ਵਧੇਰੇ ਗ਼ਲਤੀਆਂ ਰਹਿ ਜਾਂਦੀਆਂ ਹਨ। ਕਾਰਨ ਇਸ ਦਾ ਇਹ ਹੁੰਦਾ ਹੈ ਕਿ ਜੋ ਟਾਈਪ ਕਰਦਿਆਂ ਮੇਰੇ ਕੋਲ਼ੋਂ ਗ਼ਲਤੀਆਂ ਰਹਿ ਜਾਂਦੀਆਂ ਨੇ, ਉਹ ਤਾਂ ਪਰੂਫ਼ ਰੀਡਰ ਸੋਧਦੇ ਨਹੀਂ ਪਰ ਜੋ ਮੈਂ ਸ਼ਬਦ ਜੋੜਾਂ ਨੂੰ ਸਹੀ ਸਮਝ ਕੇ, ਟਾਈਪਦਾ ਅਤੇ ਉਹਨਾਂ ਉਪਰ ਜ਼ੋਰ ਦਿੰਦਾ ਹਾਂ, ਉਹਨਾਂ ਨੂੰ ਉਹ ਆਪਣੀ ਸਮਝ ਅਨੁਸਾਰ ਸੋਧ ਕੇ, ਆਪਣੀ ਸਮਝ ਅਨੁਸਾਰ ਸਹੀ ਪਰ ਮੇਰੀ ਸਮਝ ਅਨੁਸਾਰ ਗ਼ਲਤ ਕਰ ਦਿੰਦੇ ਹਨ। ਇਸ ਤਰ੍ਹਾਂ ਦੂਜਿਆਂ ਨਾਲ਼ੋਂ ਮੇਰੀ ਕਿਤਾਬ ਵਿਚ ਵਧੇਰੇ ਗ਼ਲਤੀਆਂ ਰਹਿ ਜਾਂਦੀਆਂ ਹਨ। ਇਸ ਗੱਲੋਂ ਡਰਦਾ ਮੈਂ ਆਪਣੀ ਛਪੀ ਕਿਤਾਬ ਨੂੰ ਖੋਹਲ ਕੇ ਵੇਖਣ ਤੋਂ ਵੀ ਝਕਦਾ ਹਾਂ ਕਿ ਉਸ ਵਿਚ ਗ਼ਲਤੀਆਂ ਹੋਣੀਆਂ ਨੇ ਤੇ ਮੈਨੂੰ ਗ਼ੁੱਸਾ ਆਉਣਾ ਹੈ।

ਮਿਸਾਲ ਵਜੋਂ ਕੁਝ ਕੁ ਉਹਨਾਂ ਸ਼ਬਦਾਂ ਦਾ ਏਥੇ ਜ਼ਿਕਰ ਕਰਨਾ ਸ਼ਾਇਦ ਕੁਥਾਂ ਨਹੀਂ ਹੋਵੇਗਾ ਜੋ ਮੇਰੇ ਵਾਰ ਵਾਰ ਜ਼ੋਰ ਦੇਣ 'ਤੇ ਵੀ ਪ੍ਰਕਾਸ਼ਕਾਂ ਦੇ ਪਰੂਫ਼ ਰੀਡਰ ਉਚੇਚੀ ਖੇਚਲ ਕਰ ਕੇ ਬਦਲ ਦਿੰਦੇ ਹਨ :

ਪਹਿਲੀ ਤਾਂ ਗੱਲ ਇਹ ਹੈ ਕਿ ਮੈਂ ਵਿਸ਼ਰਾਮ ਚਿੰਨ੍ਹ ਲਾਉਣ ਤੋਂ ਪਹਿਲਾਂ ਸ਼ਬਦ ਅਤੇ ਚਿੰਨ੍ਹ ਵਿਚ ਸਪੇਸ ਨਹੀਂ ਛੱਡਦਾ ਪਰ ਹਰੇਕ ਵਿਸ਼ਰਾਮ ਚਿੰਨ੍ਹ ਦੇ ਪਿਛੋਂ ਇਕ ਸਪੇਸ ਜ਼ਰੂਰ ਛੱਡਦਾ ਹਾਂ ਪਰ ਕਈ ਵਾਰੀ ਮੇਰੀ ਛਪੀ ਕਿਤਾਬ ਦੇ ਵਿਚੋਂ ਇਹ ਗੁੰਮ ਹੁੰਦੀ ਹੈ।

ਮੇਰੇ ਵੱਲੋਂ ਮੈਰਾ (ਟਿੱਬਾ) ਲਿਖੇ ਨੂੰ, ਗ਼ਲਤ ਸਮਝ ਕੇ, ਮੇਰਾ ਬਣਾ ਧਰਦੇ ਨੇ। ਮੈਂ ਯੂ.ਐਨ. ਲਿਖਦਾ ਹਾਂ ਤੇ ਉਹ ਯੂ.ਐਨ.ਓ. ਬਣਾ ਦਿੰਦੇ ਨੇ। ਉਹ ਸਮਝਦੇ ਨੇ ਕਿ ਮੈਂ ਓ. ਪਾਉਣਾ ਭੁੱਲ ਗਿਆ ਹਾਂ। ਉਹਨਾਂ ਨੂੰ ਇਸ ਗੱਲ ਦਾ ਪਤਾ ਨਹੀਂ ਕਿ ਯੂ.ਐਨ. ਨੇ ਚਾਰ ਪੰਜ ਦਹਾਕੇ ਪਹਿਲਾਂ, ਉਚੇਚਾ ਮਤਾ ਪਾਸ ਕਰਕੇ, ਆਪਣੇ ਨਾਂ ਨਾਲ਼ੋਂ ਓ. ਨੂੰ ਹਟਾ ਕੇ, ਯੂ.ਐਨ. ਬਣਾ ਲਿਆ ਹੋਇਆ ਹੈ।

ਛਨਿਛਰਵਾਰ ਨੂੰ ਸ਼ਨਿੱਚਰਵਾਰ ਬਣਾ ਲੈਂਦੇ ਨੇ। ਕੁਝ ਦਾ ਕੁੱਝ ਤੇ ਸਭ ਦਾ ਸੱਭ ਬਣਾ ਲੈਂਦੇ ਨੇ। ਮੇਰੇ ਵੱਲੋਂ ਲਿਖੇ ਬੁੱਲਾ ਵਾਲ਼ੇ ਲੱਲੇ ਦੇ ਪੈਰਾਂ ਵਿਚ ਅੱਧਾ ਹ ਲਾ ਕੇ ਬੁਲ੍ਹਾ ਤੇ ਏਸੇ ਤਰ੍ਹਾਂ ਬੁੱਲੇ ਨੂੰ ਬੁਲ੍ਹੇ ਵਿਚ ਬਦਲ ਦਿੰਦੇ ਨੇ।

ਉਹਨਾਂ ਨੂੰ ਇਸ ਗੱਲ ਦੀ ਸਮਝ ਨਹੀਂ ਕਿ ਲੱਲੇ ਦੇ ਪੈਰ ਵਾਲ਼ਾ ਹਾਹਾ ਇਸ ਦਾ ਅਰਥ ਬਦਲ ਦਿੰਦਾ ਹੈ। 'ਬੁੱਲਾ' ਹਵਾ ਦਾ ਝੋਂਕਾ ਹੁੰਦਾ ਹੈ ਤੇ 'ਬੁਲ੍ਹਾ' ਇਕ ਅਠਾਰ੍ਹਵੀਂ ਸਦੀ ਦਾ ਸੂਫ਼ੀ ਫ਼ਕੀਰ ਹੋਇਆ ਹੈ।

ਮੇਰੇ ਵੱਲੋਂ ਲਿਖੇ ਆਸਟ੍ਰੇਲੀਆ ਨੂੰ ਅਸਟਰੇਲੀਆ ਬਣਾ ਦਿੰਦੇ ਨੇ। ਚੰਗੇ ਭਲੇ ਪਰਵਾਰ ਲਿਖੇ ਦੇ ਵਿਚਕਾਰਲੇ ਰ ਨੂੰ ਬੇਲੋੜੀ ਸਿਹਾਰੀ ਲਾ ਕੇ, ਪਰਿਵਾਰ ਕਰ ਦਿੰਦੇ ਹਨ। ਸੰਪਾਦਕ ਦਾ ਸੰਪਾਦਿਕ, ਹਾਸਲ ਦਾ ਹਾਸਿਲ, ਜ਼ਾਲਮ ਦਾ ਜ਼ਾਲਿਮ, ਨਿਰਧਾਰਤ ਦਾ ਨਿਰਧਾਰਿਤ, ਕਾਲਜ ਦਾ ਕਾਲਜ਼, ਹਾਸਰਸੀ ਦਾ ਕਾਂਗਰਸੀ, ਪਤਾ ਨਹੀਂ ਕਿਉਂ ਬਣਾ ਧਰਦੇ ਨੇ! ਮੇਰੇ ਲਿਖੇ 'ਗ੍ਰਿਹ' ਨੂੰ 'ਗ੍ਰਹਿ' ਦੇ ਰੂਪ ਵਿਚ, ਇਹ ਵਿਚਾਰੇ ਬਿਨਾ ਹੀ ਬਦਲ ਦਿੰਦੇ ਹਨ ਕਿ ਘਰ ਦੇ ਅਰਥਾਂ ਵਿਚ ਇਹ ਸ਼ਬਦ 'ਗ੍ਰਿਹ' ਹੁੰਦਾ ਹੈ ਅਤੇ 'ਗ੍ਰਹਿ' ਆਕਾਸ਼ ਵਿਚ ਵਿਚਰਨ ਵਾਲ਼ੀ ਕਿਸੇ ਸ਼ੈ, ਸ਼ਾਇਦ ਨਛੱਤਰ ਨੂੰ ਆਖਦੇ ਹਨ। ਤਹਿ ਨੂੰ ਤੈਅ, ਸ਼ੈ ਨੂੰ ਸ਼ੈਅ ਚਾ ਨੂੰ ਚਾਅ, ਨਾਂ ਨੂੰ ਨਾਂਅ ਬਣਾ ਕੇ, ਪੰਜਾਬੀ ਦੇ ਸੌਖੇ ਤੇ ਸਦੀਆਂ ਤੋਂ ਚਲੇ ਆ ਰਹੇ ਸ਼ਬਦ ਜੋੜਾਂ ਵਿਚ ਹੋਰ 'ਘੀਚਮਚੋਲ਼ਾ' ਜਿਹਾ ਪਾ ਕੇ, 'ਗੜਬੜ ਚੌਥ' ਜਿਹੀ ਵਧਾਉਣ ਵਿਚ ਵਾਧਾ ਕਰਦੇ ਹਨ।

ਇਕ ਹੋਰ ਵੀ ਮੇਰੀ ਲਿਖਤ ਵਿਚ ਖ਼ਾਸ ਸੁਧਾਈ ਇਹ ਕੀਤੀ ਜਾਂਦੀ ਹੈ ਕਿ ਮੇਰੇ ਲਿਖੇ ਸ਼ਬਦ 'ਮਾਰਮਿਕ' ਦਾ 'ਮ' ਲਾਹ ਕੇ, ਉਸ ਦੇ ਥਾਂ ਤੇ 'ਧ', ਇਹ ਸੋਚ ਕੇ ਪਾ ਦਿਤਾ ਜਾਂਦਾ ਹੈ ਕਿ ਮੈਂ ਸ਼ਾਇਦ 'ਧਾਰਮਿਕ' ਲਿਖਣਾ ਚਾਹੁੰਦਾ ਸਾਂ ਪਰ ਗ਼ਲਤੀ ਨਾਲ਼ ਉਸ ਦੀ ਥਾਂ 'ਮਾਰਮਿਕ' ਲਿਖ ਗਿਆ ਹਾਂ।

ਏਨੀਆਂ ਕੁ 'ਤਬਦੀਲੀਆਂ' ਦਾ ਤਾਂ ਮੈਨੂੰ ਪਤਾ ਲੱਗ ਗਿਆ ਹੈ; ਇਹਨਾਂ ਤੋਂ ਇਲਾਵਾ ਹੋਰ ਪਤਾ ਨਹੀਂ ਕੀ ਕੀ 'ਸੋਧਾਂ', ਮੇਰੇ ਸ਼ਬਦ ਜੋੜਾਂ ਵਿਚ, ਇਹ 'ਬਿੱਦਬਾਨ' ਪਰੂਫ਼ ਰੀਡਰ ਕਰ ਦਿੰਦੇ ਹੋਣਗੇ! ਇਹ ਸੋਧਾਂ ਤਾਂ ਕੁਝ ਨਮੂਨੇ ਵਜੋਂ ਹੀ ਏਥੇ ਦੱਸੀਆਂ ਹਨ।

ਆਸ ਹੈ ਤੁਸੀਂ ਇਹਨਾਂ ਸ਼ਬਦਾਂ ਨੂੰ 'ਅੱਲ-ਵਲੱਲੀਆਂ' ਹੀ ਸਮਝੋਗੇ ਤੇ ਨਾਰਾਜ਼ਗੀ ਪ੍ਰਗਟਾਉਣ ਤੋਂ ਗ਼ੁਰੇਜ਼ ਕਰੋਗੇ।

# ਧਰਨਾ?

ਸੱਤ ਕੁ ਦਹਾਕੇ ਪੁਰਾਣੀ ਗੱਲ ਹੈ ਕਿ ਜਦੋਂ ਪਿੰਡ ਵਿਚ ਰਹਿੰਦੇ ਸੀ ਤਾਂ ਗਵਾਂਢੀ ਚਾਚੇ/ਤਾਇਆਂ ਦੀ ਕਿਸੇ ਨਾ ਕਿਸੇ ਕੁਕੜੀ ਨੇ ਕੁੜ ਕੁੜ ਕਰਦੀ ਤੁਰੀ ਫਿਰਨਾ। ਭਾਵੇਂ ਮੇਰਾ ਵੀ ਜੀ ਕਰਨਾ ਕਿ ਸਾਡੇ ਘਰ ਵੀ ਕੁੱਕੜ ਹੋਣ ਪਰ ਕਦੀ ਨਹੀਂ ਸੀ ਰੱਖੇ। ਬਚਪਨ ਵਿਚ ਖੰਭਾਂ ਵਾਲ਼ੇ ਪੰਛੀਆਂ ਨੂੰ ਫੜਨ ਅਤੇ ਉਹਨਾਂ ਨਾਲ਼ ਖੇਡਣ ਨੂੰ ਜੀ ਲਲਚਾਉਣਾ। ਮੇਰੇ ਦਾਦੀ ਮਾਂ ਜੀ ਦੀ ਜਠਾਣੀ ਮਾਂ ਜੀ ਨੇ ਆਖਣਾ ਇਹ ਧਰਨਾ ਮੰਗਦੀ ਹੈ। ਫਿਰ ਜਦੋਂ ਕੁਝ ਆਂਡੇ ਉਸ ਦੇ ਥੱਲੇ ਰੱਖਣੇ ਤਾਂ ਉਸ ਨੇ ਉਹਨਾਂ ਉਪਰ ਬੈਠਣਾ ਤੇ ਆਖਣਾ ਕਿ ਕੁਕੜੀ ਧਰਨੇ ਉਪਰ ਬੈਠੀ ਹੋਈ ਹੈ। ਕੁਝ ਹੀ ਦਿਨਾਂ ਬਾਅਦ ਨਿੱਕੇ ਨਿੱਕੇ ਚੂਚੇ ਉਹਨਾਂ ਦੇ ਵੇਹੜੇ ਵਿਚ ਤੁਰੇ ਫਿਰਦੇ ਬੜੇ ਸੋਹਣੇ ਲੱਗਣੇ। ਕੁਕੜੀ ਨੇ ਅੱਗੇ ਅੱਗੇ ਚੁਗਦੀ ਨੇ ਤੁਰਦੀ ਹੋਣਾ ਤੇ ਉਸ ਦੇ ਪਿੱਛੇ ਪਿੱਛੇ ਚੂਚਿਆਂ ਨੇ ਚੁਗਦੇ ਜਾਣਾ। ਜਦੋਂ ਕਦੀ ਕਿਸੇ ਪ੍ਰਕਾਰ ਦਾ ਖ਼ਤਰਾ ਦਿਸਣਾ ਤਾਂ ਕੁਕੜੀ ਨੇ ਆਪਣੇ ਚੂਚੇ ਆਪਣੇ ਖੰਭਾਂ ਥੱਲੇ ਲੁਕਾ ਲੈਣੇ। ਓਦੋਂ ਧਰਨੇ ਦਾ ਮਤਲਬ, ਕੁਕੜੀ ਦਾ ਆਂਡਿਆਂ ਉਪਰ ਬੈਠ ਕੇ, ਉਹਨਾਂ ਵਿਚੋਂ ਚੂਚੇ ਕੱਢਣ ਦੇ ਕਾਰਜ ਬਾਰੇ ਹੀ ਪਤਾ ਹੁੰਦਾ ਸੀ। ਫਿਰ ਸ਼ਹਿਰ ਆਏ ਤਾਂ ਕਈ ਸਾਲਾਂ ਬਾਅਦ ਹੌਲ਼ੀ ਹੌਲ਼ੀ ਪਤਾ ਲੱਗਣ ਲੱਗਾ ਕਿ ਕੁਕੜੀ ਤੋਂ ਬਿਨਾ ਬੰਦਾ ਵੀ ਧਰਨੇ ਉਪਰ ਬੈਠ ਸਕਦਾ ਹੈ।

੧੯੭੨ ਦੇ ਅਖ਼ੀਰਲੇ ਦਿਨਾਂ ਵਿਚ ਖ਼ੁਦ ਵੀ ਇਕ ਵਾਰ ਧਰਨੇ ਉਪਰ ਬੈਠਣ ਦਾ ਅਵਸਰ ਪ੍ਰਾਪਤ ਹੋਇਆ। ਗੱਲ ਇਹ ਇਉਂ ਹੋਈ ਕਿ ਅਕਤੂਬਰ ੧੯੭੨ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ, ਸ੍ਰੀ ਮਾਨ ਸੰਤ ਬਾਬਾ ਫ਼ਤਿਹ ਸਿੰਘ ਜੀ ਪਰਲੋਕ ਪਿਆਨਾ ਕਰ ਗਏ। ਉਹਨਾਂ ਦੇ ਭੋਗ ਦੀ ਰਸਮ ਵਿਚ ਸ਼ਾਮਲ ਹੋਣ ਵਾਸਤੇ ਵਲੈਤੋਂ ਗਿਆਨੀ ਬਖ਼ਸ਼ੀਸ਼ ਸਿੰਘ ਜੀ ਆਏ। ਗਿਆਨੀ ਜ਼ੈਲ ਸਿੰਘ ਦੀ ਕਾਂਗਰਸੀ ਪੰਜਾਬ ਸਰਕਾਰ ਨੇ ਉਹਨਾਂ ਨੂੰ ਫੜ ਕੇ ਅੰਮ੍ਰਿਤਸਰ ਜੇਹਲ ਵਿਚ ਡੱਕ ਦਿਤਾ। ਦੋਸ਼ ਲਾਇਆ ਕਿ ਉਹ ਖ਼ਾਲਿਸਤਾਨੀ ਹੈ। ਗੱਲ ਇਹ ਇਉਂ ਹੋਈ ਕਿ ਅਕਤੂਬਰ ੧੯੬੯ ਵਿਚ, ਜਥੇਦਾਰ ਦਰਸ਼ਨ ਸਿੰਘ ਫੇਰੂਮਾਨ ਨੂੰ ਸ਼ਹੀਦ ਕਰਵਾ ਕੇ, ਡਾ. ਜਗਜੀਤ ਸਿੰਘ ਚੌਹਾਨ ਨੇ ਉਸ ਦੀ ਸ਼ਹੀਦੀ ਦੇ ਮੁੱਲ ਵਜੋਂ, ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਦੀ ਮੈਂਬਰੀ ਪ੍ਰਾਪਤ ਕੀਤੀ ਪਰ ਬਾਹਰ ਆ ਕੇ ਪ੍ਰੈਸ ਨੂੰ ਬਿਆਨ ਦੇ ਦਿਤਾ ਕਿ ਉਹ ਜਨਰਲ ਸਕੱਤਰ ਚੁਣਿਆ ਗਿਆ ਹੈ। ਕਿਸੇ ਨੇ ਇਸ ਗੱਲ ਦਾ ਖੰਡਨ ਨਾ ਕੀਤਾ। ਇਹ ਬਿਆਨ ਦੇ ਕੇ ਲਾਹੌਰ ਜਾ ਵੜਿਆ ਤੇ ਓਥੋਂ ਰੇਡੀਉ ਸਟੇਸ਼ਨ ਤੇ ਖ਼ਾਲਿਸਤਾਨ ਦਾ ਪ੍ਰਚਾਰ ਸ਼ੁਰੂ ਕਰ ਦਿਤਾ। ਡੇਢ ਕੁ ਸਾਲ ਮਗਰੋਂ ੧੯੭੧ ਵਿਚ, ਬੰਗਲਾ ਦੇਸ਼ ਦੇ ਮਸਲੇ 'ਤੇ ਪਾਕਿਸਤਾਨ ਨਾਲ਼ ਹਿੰਦੁਸਤਾਨ ਦੀ ਜੰਗ ਲੜੀ ਜਾ ਰਹੀ ਸੀ। ਡਾਕਟਰ ਨੇ ਭਾਰਤੀ ਸਿੱਖ ਫ਼ੌਜੀਆਂ ਨੂੰ ਰੇਡੀਉ ਰਾਹੀਂ ਆਖਣਾ ਕਿ ਉਹ ਪਾਕਿਸਤਾਨ ਨਾਲ਼ ਨਹੀਂ ਸਗੋਂ ਪਾਕਿਸਤਾਨ ਵੱਲੋਂ ਹਿੰਦੁਸਤਾਨ ਨਾਲ਼ ਲੜਨ। ਦਿੱਲੀ ਦੇ ਗੁਰਦੁਆਰਿਆਂ ਉਪਰ

ਇੰਦਰਾ ਸਰਕਾਰ ਨੇ, ਬੀਬੀ ਨਿਰਲੇਪ ਕੌਰ ਨੂੰ ਅੱਗੇ ਲਾ ਕੇ ਧੱਕੇ ਨਾਲ਼ ਕਬਜ਼ਾ ਕਰ ਲਿਆ ਹੋਇਆ ਸੀ। ਉਹ ਕਬਜ਼ਾ ਛੁਡਵਾਉਣ ਲਈ ਸ਼੍ਰੋਮਣੀ ਅਕਾਲੀ ਦਲ ਨੇ ਮੋਰਚਾ ਲਾਇਆ ਹੋਇਆ ਸੀ। ਸਰਕਾਰ ਨੇ ਅਕਾਲੀਆਂ ਨੂੰ ਦੇਸ਼ ਦੇ ਗ਼ਦਾਰ ਸਾਬਤ ਕਰਨ ਲਈ ਇਹ ਪ੍ਰਚਾਰ ਕਰਨਾ ਸ਼ੁਰੂ ਕਰ ਦਿਤਾ ਕਿ ਵੇਖੋ, ਦੇਸ਼ ਦੁਸ਼ਮਣ ਨਾਲ਼ ਸਿਰ ਧੜ ਦੀ ਬਾਜ਼ੀ ਲਾ ਕੇ, ਜੰਗ ਲੜ ਰਿਹਾ ਹੈ ਤੇ ਅਕਾਲੀਆਂ ਨੇ ਸਰਕਾਰ ਖ਼ਿਲਾਫ਼ ਮੋਰਚਾ ਲਾਇਆ ਹੋਇਆ ਤੇ ਇਹਨਾਂ ਦਾ ਜਨਰਲ ਸਕੱਤਰ ਦੁਸ਼ਮਣ ਮੁਲਕ ਵਿਚ ਜਾ ਕੇ ਦੇਸ਼ ਦੇ ਖ਼ਿਲਾਫ਼ ਪ੍ਰਚਾਰ ਕਰ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਨੂੰ ਇਹਨਾਂ ਹਾਲਾਤ ਤੋਂ ਮਜਬੂਰ ਹੋ ਕੇ, ਬਿਨਾ ਸ਼ਰਤ ਆਪਣਾ ਮੋਰਚਾ ਵਾਪਸ ਲੈਣਾ ਪਿਆ।

ਮੇਜਰ ਜਨਰਲ ਸੁਬੇਗ ਸਿੰਘ ਦੀ ਬੰਗਲਾ ਦੇਸ਼ ਦੇ ਅੰਦਰੋਂ ਤੇ ਲੈਫ਼ਟੀਨੈਂਟ ਜਨਰਲ ਜਗਜੀਤ ਸਿੰਘ ਅਰੋੜਾ ਦੀ ਬਾਹਰੋਂ ਅਗਵਾਈ ਅਤੇ ਭਾਰਤੀ ਫ਼ੌਜਾਂ ਦੀ ਬਹਾਦਰੀ ਸਦਕਾ, ਇਹ ਜੰਗ ਜਿਤੀ ਗਈ ਤੇ ਪਾਕਿਸਤਾਨੀ ਫ਼ੌਜਾਂ ਦੇ ਜਨਰਲ ਨਿਆਜ਼ੀ ਦੀ ਅਗਵਾਈ ਹੇਠ ੯੩੦੦੦ ਪਾਕਿਸਤਾਨੀ ਫ਼ੌਜੀਆਂ ਨੇ, ਜਨਰਲ ਜਗਜੀਤ ਸਿੰਘ ਅਰੋੜਾ ਦੇ ਅੱਗੇ ਆਤਮ ਸਮਰਪਣ ਕਰ ਦਿਤਾ।

ਡਾਕਟਰ ਜੀ ਪਾਕਿਸਤਾਨੋਂ ਵਲੈਤ ਦੌੜ ਗਏ। ਓਥੇ ਜਾ ਕੇ ਖ਼ਾਲਿਸਤਾਨ ਦਾ ਪ੍ਰਚਾਰ ਸ਼ੁਰੂ ਕਰ ਦਿਤਾ। ਗਿ. ਬਖ਼ਸ਼ੀਸ਼ ਸਿੰਘ, ਸ. ਅਵਤਾਰ ਸਿੰਘ, ਸ. ਚਰਨ ਸਿੰਘ ਪੰਛੀ ਵਰਗੇ ਕੁਝ ਸੁਹਿਰਦ ਸੱਜਣ ਵੀ ਇਸ ਦੀਆਂ ਸਰਗਰਮੀਆਂ ਵਿਚ ਹਿੱਸਾ ਲੈਣ ਲੱਗ ਪਏ। ਡਾਕਟਰ ਜੀ ਤਾਂ ਖ਼ਾਲਿਸਤਾਨ ਬਾਰੇ ਸ਼ੁਗ਼ਲ ਮੇਲਾ ਹੀ ਕਰ ਰਹੇ ਸਨ। ਇਹਨਾਂ ਦਾ ਕੰਮ ਕੋਈ ਨਾ ਕੋਈ ਸ਼ੋਸ਼ਾ ਛੱਡ ਕੇ ਮੀਡੀਆ ਦੀਆਂ ਖ਼ਬਰਾਂ ਵਿਚ ਰਹਿਣਾ ਹੁੰਦਾ ਸੀ। ਕੁਝ ਲੋਕਾਂ ਦਾ ਤਾਂ ਇਹ ਵੀ ਵਿਚਾਰ ਸੀ ਕਿ ਸ਼ਾਇਦ ਉਹ ਇਹ ਸਭ ਕੁਝ ਭਾਰਤ ਸਰਕਾਰ ਦੀ ਕਿਸੇ ਗੁਪਤ ਯੋਜਨਾ ਅਨੁਸਾਰ ਹੀ ਕਰ ਰਹੇ ਹੋਣ! ਪਰ ਇਹ ਸੱਜਣ ਤਾਂ ਸੱਚੇ ਦਿਲੋਂ ਹੀ ਡਾਕਟਰ ਜੀ ਦੇ ਪ੍ਰਾਪੇਗੰਡੇ ਤੋਂ ਪ੍ਰਭਾਵਤ ਹੋ ਕੇ, ਉਸ ਨਾਲ਼ ਸ਼ਾਮਲ ਹੋ ਗਏ ਸਨ। ਮੁੱਕਦੀ ਗੱਲ ਕਿ ਡਾਕਟਰ ਸਾਹਿਬ ਤਾਂ ਜਦੋਂ ਮਰਜੀ ਪੰਜਾਬ ਜਾਣ ਤੇ ਜੇਹੜੀ ਇਲੈਕਸ਼ਨ ਵਿਚ ਜੀ ਕਰੇ ਹਿੱਸਾ ਲੈਣ, ਆਪਣੀ ਵੱਖਰੀ ਪਾਰਟੀ ਬਣਾਉਣ ਤੇ ਜਦੋਂ ਜੀ ਕਰੇ ਪੰਜਾਬੋਂ ਬਾਹਰ ਜਾਣ ਪਰ ਇਹਨਾਂ ਦੇ ਦਿਆਨਤਦਾਰ ਸਾਥੀਆਂ ਉਪਰ ਪਾਬੰਦੀਆਂ ਲੱਗ ਗਈਆਂ।

ਗੱਲ ਬਹੁਤ ਲਾਂਭੇ ਚਲੀ ਗਈ। ਸ਼੍ਰੋਮਣੀ ਅਕਾਲੀ ਦਲ ਨੇ ਫ਼ੈਸਲਾ ਕੀਤਾ ਕਿ ਸਰਕਾਰ ਦੇ ਬੋਲ਼ੇ ਕੰਨਾਂ ਤੱਕ ਆਵਾਜ਼ ਪੁਚਾ ਕੇ, ਗਿਆਨੀ ਬਖ਼ਸ਼ੀਸ਼ ਸਿੰਘ ਜੀ ਨੂੰ ਜੇਹਲੋਂ ਰਿਹਾ ਕਰਵਾਇਆ ਜਾਵੇ। ਇਸ ਧਰਨੇ ਵਿਚ ਆਮ ਜਨਤਾ ਨਹੀਂ ਬਲਕਿ ਸ਼੍ਰੋਮਣੀ ਅਕਾਲੀ ਦਲ ਦੀ ਹਾਈ ਕਮਾਂਡ ਅਰਥਾਤ ਵਰਕਿੰਗ ਕਮੇਟੀ ਦੇ ਸਾਰੇ ਮੈਂਬਰ, ਸਾਰੇ ਐਮ.ਐਲ.ਏ., ਸਾਰੇ ਐਮ.ਪੀ., ਸਾਰੇ ਸਾਬਕਾ ਮੰਤਰੀ ਹੀ, ਦਲ ਦੇ ਪ੍ਰਧਾਨ ਜਥੇਦਾਰ ਮੋਹਨ ਸਿੰਘ ਤੁੜ ਜੀ ਦੀ ਅਗਵਾਈ ਹੇਠ, ਚੰਡੀਗੜ੍ਹ ਵਿਚ ਪੰਜਾਬ ਦੀ ਅਸੈਂਬਲੀ ਹਾਲ ਦੇ ਅੱਗੇ ਧਰਨੇ ਉਪਰ

ਬੈਠਣਗੇ। ਪ੍ਰਧਾਨ ਜੀ ਦੇ ਪੀ.ਏ. ਦੀ ਸੇਵਾ ਉਪਰ ਹੋਣ ਕਰਕੇ ਮੈਂ ਵੀ ਨਾਲ਼ ਹੀ ਸੀ। ਇਸ ਧਰਨੇ ਦਾ ਜ਼ਿਕਰ ਮੈਂ ਪਹਿਲਾਂ ਵੀ ਕਿਸੇ ਲੇਖ ਵਿਚ ਕਰ ਚੁੱਕਾ ਹਾਂ। ਇਹ ਧਰਨਾ ਅਸੈਂਬਲੀ ਹਾਲ ਨੂੰ ਜਾਣ ਵਾਲ਼ੀ ਸੜਕ ਦੇ ਨਾਲ਼ ਜਾ ਰਹੇ ਫੁੱਟਪਾਥ ਉਪਰ, ਸਾਰੀ ਸੜਕ ਖ਼ਾਲੀ ਛੱਡ ਕੇ ਲਾਇਆ ਗਿਆ ਸੀ। ਕਿਸੇ ਵੀ ਤਰ੍ਹਾਂ ਆਮ ਜਨਤਾ ਦੀ ਆਵਾਜਾਈ, ਕੰਮ ਕਾਰ ਵਿਚ ਇਹ ਧਰਨਾ ਵਿਘਨ ਨਹੀਂ ਸੀ ਪਾਉਂਦਾ। ਇਸ ਧਰਨੇ ਦੀਆਂ ਤਿੰਨ ਗੱਲਾਂ ਮੈਨੂੰ ਅਜੇ ਤੱਕ ਯਾਦ ਹਨ। ਠੀਕ ਹੈ, ਸਿਆਣੇ ਆਖਦੇ ਨੇ ਕਿ ਮਨੁੱਖ ਨੂੰ ਜਾਂ ਤੇ ਉਹ ਗੱਲ ਯਾਦ ਰਹਿੰਦੀ ਹੈ ਜੇਹੜੀ ਚੁਭ ਜਾਵੇ ਤੇ ਜਾਂ ਫਿਰ ਉਹ ਯਾਦ ਰਹਿੰਦੀ ਹੈ ਜੇਹੜੀ ਖੁਭ ਜਾਵੇ। ਉਹਨਾਂ ਤਿੰਨਾਂ ਵਿਚੋਂ ਇਕ ਤਾਂ ਸੀ, ਸ. ਗੁਰਚਰਨ ਸਿੰਘ ਟੌਹੜਾ ਅਤੇ ਜਥੇਦਾਰ ਜੀਵਨ ਸਿੰਘ ਉਮਰਾ ਨੰਗਲ ਦੀ ਆਪਸੀ ਨੋਕ ਝੋਕ। ਦੂਜੀ ਗੱਲ ਇਹ ਸੀ ਕਿ ਓਥੇ ਧਰਨੇ ਉਪਰ ਬੈਠਿਆਂ ਹੀ ਪ੍ਰਧਾਨ ਜਥੇਦਾਰ ਤੁੜ ਜੀ ਨੂੰ ਮੁਖ ਮੰਤਰੀ ਦਾ ਅਨਆਫ਼ੀਸ਼ਲ ਸੁਨੇਹਾ ਆ ਗਿਆ ਕਿ ਗਿ. ਬਖ਼ਸ਼ੀਸ਼ ਸਿੰਘ ਨੂੰ ਨਹੀਂ ਸਰਕਾਰ ਨੇ ਛੱਡਣਾ। ਪੂਰੇ ਇਕ ਸਾਲ ਪਿਛੋਂ ਗਿਆਨੀ ਜੀ ਨੂੰ ਅੰਮ੍ਰਿਤਸਰ ਦੀ ਜੇਹਲੋਂ ਕੱਢ ਕੇ, ਅੰਮ੍ਰਿਤਸਰ ਦੇ ਹਵਾਈ ਅੱਡੇ ਤੋਂ ਹਵਾਈ ਜਹਾਜ਼ੇ ਚੜ੍ਹਾ ਕੇ ਬਰਮਿੰਘਮ ਜਾ ਉਤਾਰਿਆ। ਤੀਜੀ ਗੱਲ ਇਹ ਸੀ ਕਿ ਧਰਨੇ ਉਪਰ ਤਕਰੀਬਨ ਸਾਰੇ ਹੀ ਲੀਡਰ ਬੈਠੇ ਹੋਣ ਕਰਕੇ, ਗਰਮਾ ਗਰਮ ਨਾਹਰੇ ਲਾਉਣ ਵਾਲ਼ੇ ਅਕਾਲੀ ਵਰਕਰਾਂ ਦੀ ਅਣਹੋਂਦ ਕਾਰਨ, ਕੋਈ ਗਰਮੀ ਜਿਹੀ ਨਹੀਂ ਸੀ ਮਹਿਸੂਸ ਹੋ ਰਹੀ, ਜੇਹੜੀ ਅਕਾਲੀਆਂ ਦੇ ਇਹੋ ਜਿਹੇ ਇਕੱਠਾਂ ਵਿਚ ਵੇਖਣ ਨੂੰ ਮਿਲਦੀ ਹੁੰਦੀ ਸੀ/ਹੈ। ਇਸ ਗੁੰਮ ਜਹੀ ਹਾਲਤ ਵਿਚੋਂ ਕਢਿਆ, ਸ. ਜਗਮੀਤ ਸਿੰਘ ਬਰਾੜ ਦੇ ਸਵਰਗਵਾਸੀ ਪਿਤਾ, ਸ. ਗੁਰਮੀਤ ਸਿੰਘ ਜੀ ਸਾਬਕਾ ਮੰਤਰੀ ਨੇ, ਜਦੋਂ ਉਹਨਾਂ ਨੇ ਇਕ ਦਮ, "ਮੋਇਆਂ ਦੀ ਮਕਾਣੇ ਆਉਣ ਵਾਲ਼ਿਆਂ ਨੂੰ ਗ੍ਰਿਫ਼ਤਾਰ ਕਰਨ ਵਾਲ਼ੀ ਸਰਕਾਰ", ਬਾਕੀਆਂ ਨੇ ਚੁੱਕ ਲਿਆ ਨਾਹਰਾ, "ਮੁਰਦਾਬਾਦ।"

ਇਸ ਨਾਹਰੇ ਨਾਲ਼ ਮਾਹੌਲ ਕੁਝ ਗਰਮ ਜਿਹਾ ਹੋ ਗਿਆ। ਗੁਰਦੁਆਰਾ ਸ੍ਰੀ ਮੁਕਤਸਰ ਸਾਹਿਬ ਦੇ ਮੈਨੇਜਰ, ਪਰਲੋਕਵਾਸੀ ਸ. ਗੁਰਦੀਪ ਸਿੰਘ ਨੇ ਕਿਹਾ, "ਆਹ ਤੇ ਗੱਲ ਬਣੀ ਨਾ! ਸ. ਗੁਰਮੀਤ ਸਿੰਘ ਫਿਰ ਵੀ ਮਾਸਟਰ ਤਾਰਾ ਸਿੰਘ ਜੀ ਦੇ ਵੇਲ਼ੇ ਦਾ ਅਕਾਲੀ ਵਰਕਰ/ਆਗੂ ਏ ਨਾ!"

ਇਹ ਧਰਨਾ ਵੱਜਦਾ ਵੇਖਿਆ ਵੀ, ਧਰਨੇ ਉਪਰ ਬੈਠੇ ਲੀਡਰ ਵੀ ਵੇਖੇ ਤੇ ਖ਼ੁਦ ਵੀ ਧਰਨੇ ਉਪਰ ਬੈਠ ਕੇ ਵੇਖਿਆ ਕਿ ਇਕੱਲੀ ਕੁਕੜੀ ਹੀ ਨਹੀਂ ਧਰਨੇ ਉਪਰ ਬੈਠਦੀ, ਬੰਦੇ ਵੀ ਧਰਨੇ ਉਪਰ ਬੈਠ ਸਕਦੇ ਹਨ।

ਉਪ੍ਰੋਕਤ ਦੋਵੇਂ ਧਰਨੇ ਤਾਂ ਹਨ, ਪੰਜਾਬ ਵਿਚ ਰਹਿੰਦਿਆਂ ਅੱਖੀਂ ਵੇਖੇ। ਹੁਣ ਤਿੰਨ ਮੀਡੀਆ ਰਾਹੀਂ ਵੇਖੇ ਧਰਨਿਆਂ ਦੀ, ਸੰਖੇਪ ਵਿਚ ਗੱਲ ਵੀ ਕਰ ਲਈਏ : ਪਿਛਲੇਰੇ ਸਾਲ ਕਿਸੇ ਡੇਰੇ ਦੇ ਮਹੰਤ ਨੇ ਆਪਣੀ ਮੂਵੀ ਬਣਵਾਈ ਤੇ ਉਸ ਵਿਚ ਹੀਰੋ ਦਾ ਰੋਲ ਆਪ ਕੀਤਾ

ਅਤੇ ਹੀਰੋਇਨ ਉਸ ਦੀ ਮੂੰਹ ਬੋਲ਼ੀ ਧੀ ਸੀ। ਉਸ ਉਪਰ ਪੰਜਾਬ ਸਰਕਾਰ ਨੇ ਪਾਬੰਦੀ ਲਾਉਣ ਬਾਰੇ ਵਿਚਾਰ ਕੀਤਾ ਜਾਂ ਲਾ ਦਿਤੀ। ਉਸ ਮਹੰਤ ਦੇ ਚੇਲੇ/ਚੇਲੀਆਂ ਨੇ ਸੜਕਾਂ ਅਤੇ ਰੇਲਵੇ ਲਾਈਨਾਂ ਉਪਰ ਲੇਟ ਕੇ ਸਮਝ ਲਉ ਚੱਕਾ ਜਾਮ ਕਰ ਦਿਤਾ ਜਾਂ ਕਰਨ ਦਾ ਯਤਨ ਕੀਤਾ। ਮੀਡੀਆ ਹੀ ਵਿਖਾ ਰਿਹਾ ਹੈ ਕਿ ਪੁਲਿਸ ਵਾਲ਼ੇ ਉਹਨਾਂ ਅੱਗੇ ਹੱਥ ਜੋੜ ਜੋੜ ਕੇ, ਉਹਨਾਂ ਨੂੰ ਉਠਣ ਲਈ ਬੇਨਤੀਆਂ ਕਰ ਰਹੇ ਹਨ। ਦੂਜੇ ਪਾਸੇ ਸ਼ਬਦ ਸਰੂਪ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਿਨ ਦੀਵੀਂ ਚੈਲਿੰਜ ਕਰ ਕੇ ਕੀਤੇ ਗਏ ਅਪਮਾਨ ਦੇ ਦੋਸ਼ੀਆਂ ਨੂੰ ਲਭਣ ਲਈ, ਪੁਲਿਸ ਉਪਰ ਦਬਾ ਪਾਉਣ ਲਈ ਸਿੱਖਾਂ ਨੇ ਧਰਨਾ ਲਾਇਆ। ਇਸ ਧਰਨੇ ਵਿਚ ਪ੍ਰਸਿਧ ਵਿਦਵਾਨ, ਪ੍ਰਚਾਰਕ, ਸੰਤ, ਕੀਰਤਨੀਏ ਆਦਿ ਸ਼ਾਮਲ ਸਨ। ਪਤਾ ਲੱਗਾ ਸੀ ਕਿ ਉਹ ਸੜਕ ਦੇ ਕਿਨਾਰੇ ਦਰੀਆਂ ਵਿਛਾ ਕੇ, ਜੋੜੇ ਉਤਾਰ ਕੇ ਗੁਰਬਾਣੀ ਦਾ ਪਾਠ ਕਰ ਰਹੇ ਸਨ। ਆਏ ਲੰਗਰ ਨੂੰ ਪੁਲਸੀਆਂ ਨਾਲ਼ ਵੀ ਵੰਡ ਕੇ ਛਕਦੇ ਸਨ। ਜ਼ਰੂਰੀ ਕਾਰਜਾਂ ਲਈ ਜਾ ਰਹੀ ਜਨਤਾ ਨੂੰ ਵੀ ਕੋਈ ਤਕਲੀਫ਼ ਨਹੀਂ ਸਨ ਹੋਣ ਦੇ ਰਹੇ। ਪਰ ਇਕ ਦਿਨ ਅੰਮ੍ਰਿਤ ਵੇਲ਼ੇ ਪੁਲਿਸ ਨੇ ਤੋਪਾਂ ਲਿਆ ਕੇ ਉਹਨਾਂ ਉਪਰ ਗੰਦੇ ਪਾਣੀ ਦੀਆਂ ਬੁਛਾੜਾਂ ਕਰ ਦਿਤੀਆਂ; ਨਾਲ਼ ਹੀ ਟੀਅਰ ਗੈਸ, ਲਾਠੀਚਾਰਜ 'ਅਣਪਛਾਤੀ ਪੁਲਿਸ' ਦੁਆਰਾ ਸਿੱਧੀ ਗੋਲ਼ੀ ਚਲਾ ਕੇ ਦੋ ਨੂੰ ਤੇ ਥਾਂ ਹੀ ਰੱਖਿਆ ਤੇ ਕੁਝ ਜ਼ਖ਼ਮੀ ਕੀਤੇ। ਸੁਣਿਆਂ ਹੈ ਕਿ ਜ਼ਖ਼ਮੀਆਂ ਵਿਚੋਂ ਇਕ ਸਦੀਵੀ ਤੌਰ 'ਤੇ ਅਪਾਹਜ ਹੋ ਚੁੱਕਿਆ ਹੈ। ਸੱਚ ਕੀ ਹੈ, ਰੱਬ ਜਾਣੇ ਜਾਂ ਪੰਜਾਬ ਪੁਲਿਸ!

ਹੁਣ ਤਾਜ਼ਾ ਤਾਜ਼ਾ ਖ਼ਬਰਾਂ ਮੀਡੀਆ ਰਾਹੀਂ ਆਈਆਂ ਹਨ ਕਿ ਇਕ ਪਾਰਟੀ ਨੇ ਦੋਸ਼ ਲਾਇਆ ਹੈ ਕਿ ਸਰਕਾਰ ਚਲਾ ਰਹੀ ਪਾਰਟੀ ਨੇ ਸਥਾਨਕ ਸੰਸਥਾਵਾਂ ਦੀਆਂ ਚੋਣਾਂ ਵਿਚ ਉਸ ਨਾਲ਼ ਧੱਕਾ ਕੀਤਾ ਹੈ। ਇਸ ਦੇ ਰੋਸ ਵਜੋਂ ਅਤੇ ਧੱਕਾ ਦੂਰ ਕਰਵਾਉਣ ਵਾਸਤੇ, ਉਹਨਾਂ ਨੇ ਆਪਣੇ ਪ੍ਰਧਾਨ ਸਮੇਤ ਸੜਕਾਂ ਉਪਰ ਧਰਨੇ ਲਾਏ ਹਨ। ਮੈਂ ਪਹਿਲਾਂ ਬੇਅਦਬੀ ਕਾਂਡ ਸਮੇ ਵੀ ਆਪਣੇ ਵਿਚਾਰ ਦੱਸੇ ਸਨ ਕਿ ਇਹ ਧਰਨਾ ਉਸ ਠਾਣੇ ਦੇ ਬੂਹੇ ਅੱਗੇ ਲਾ ਕੇ, ਉਸ ਠਾਣੇਦਾਰ ਦੀ 'ਬੋਲਤੀ ਬੰਦ' ਕਰਨੀ ਚਾਹੀਦੀ ਸੀ ਜਿਸ ਨੇ ਐਫ਼.ਆਈ.ਆਰ. ਦਰਜ ਕਰਨ ਤੋਂ ਨਾਂਹ ਕੀਤੀ ਹੈ। ਉਸ ਵਾਕਿਆਂ ਤੋਂ ਦੂਰ ਦੁਰਾਡੀਆਂ ਸੜਕਾਂ ਉਪਰ ਬੇਕਸੂਰੇ ਲੋਕਾਂ ਦੀ ਆਵਾਜਾਈ ਵਿਚ ਰੁਕਾਵਟ ਕਿਉਂ ਪਾ ਕੇ, ਉਹਨਾਂ ਨੂੰ ਤੰਗ ਕੀਤਾ ਜਾਂਦਾ ਹੈ! ਉਹਨਾਂ ਨੂੰ ਕੇਹੜੇ ਕਸੂਰ ਦੀ ਸਜ਼ਾ ਦਿਤੀ ਜਾਂਦੀ ਹੈ, "ਨਾਨੀ ਖ਼ਸਮ ਕਰੇ। ਦੋਹਤਾ ਚੱਟੀ ਭਰੇ।" ਵਾਲ਼ੀ ਗੱਲ ਹੈ। ਹਰੇਕ ਸਮੇ ਅਜਿਹਾ ਕੁਝ ਹੁੰਦਾ ਹੈ। ਕਸੂਰ ਸਰਕਾਰ ਜਾਂ ਨੌਕਰਸ਼ਾਹੀ ਦਾ ਹੁੰਦਾ ਹੈ ਪਰ ਸਜ਼ਾ ਗ਼ਰੀਬ ਜਨਤਾ ਨੂੰ ਦਿਤੀ ਜਾਂਦੀ ਹੈ। ਇਸ ਨਾਲ਼ ਸਰਕਾਰ ਨੂੰ ਕੀ ਫ਼ਰਕ ਪੈਂਦਾ ਹੈ? ਕੁਝ ਦਿਨ ਰੌਲ਼ੇ ਰੱਪੇ ਤੋਂ ਬਾਅਦ ਸਰਕਾਰ ਦਾ ਕੋਈ ਕਰਿੰਦਾ ਆ ਕੇ, ਝੂਠੀ ਮੂਠੀ ਮੰਗ ਮੰਨ ਲੈਣ ਦਾ ਇਕਰਾਰ ਕਰ ਕੇ, ਧਰਨੇ ਚੁੱਕਾ ਦਿੰਦਾ ਹੈ ਤੇ ਧਰਨੇ ਮਾਰਨ ਵਾਲ਼ੇ ਆਪਣੀ ਜਿੱਤ ਸਮਝ ਕੇ, "ਬੋਲੇ ਸੋ ਨਿਹਾਲ" ਦੇ ਜੈਕਾਰੇ ਲਾ ਕੇ, ਤੱਪੜ ਝਾੜਦੇ ਘਰਾਂ ਨੂੰ ਤੁਰ ਜਾਂਦੇ ਹਨ। ਪਰਨਾਲ਼ਾ ਓਥੇ ਦਾ ਓਥੇ ਹੀ ਰਹਿੰਦਾ ਹੈ।

ਅਰਥਾਤ ਜੈਸੇ ਥੇ, ਵਾਲੀ ਹਾਲਤ ਹੀ ਰਹਿੰਦੀ ਹੈ। ਪਰ ਜਨਤਾ ਨੂੰ ਜੋ ਇਸ ਧਰਨਾਬਾਜ਼ੀ ਦੇ ਦੌਰਾਨ ਅਸੁਵਿਧਾ ਦਾ ਸਾਹਮਣਾ ਕਰਨਾ ਪੈਂਦਾ ਹੈ, ਉਸ ਲਈ ਕੌਣ ਜਵਾਬਦੇਹ ਹੈ!

# ਲੋਹੜੀ ਦੀ ਇਕ ਯਾਦ

ਗੱਲ ਇਹ ਜਨਵਰੀ ੧੯੫੮ ਦੀ ਹੈ। ਮੈਂ ਪਿੰਡੋਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਚੱਲਦੇ, ਅੰਮ੍ਰਿਤਸਰ ਵਿਚਲੇ, ਸ਼ਹੀਦ ਸਿੱਖ ਮਿਸ਼ਨਰੀ ਕਾਲਜ ਦੀ ਕੀਰਤਨ ਕਲਾਸ 'ਚ ਦਾਖ਼ਲ ਹੋਇਆ ਸਾਂ, ਇਕ ਜਨਵਰੀ ਨੂੰ। ਉਹਨੀ ਦਿਨੀਂ ਲੋਹੜੀ ਆ ਗਈ। ਪ੍ਰਚਾਰਕ ਕਲਾਸ ਦੇ ਪ੍ਰੌੜ੍ਹ ਵਿਦਿਆਰਥੀ, ਦਲੀਪ ਸਿੰਘ ਫੱਕਰ ਜੀ ਨੂੰ ਸ਼ਰਾਰਤ ਸੁੱਝੀ। ਉਸ ਨੇ ਕੁਝ ਹੋਰ ਵਿਦਿਆਰਥੀਆਂ ਨੂੰ ਨਾਲ਼ ਮਿਲਾਇਆ ਤੇ ਹੱਥ ਵਿਚ ਜੋੜੀ ਦਾ ਧਾਮਾ ਫੜ ਕੇ ਕੱਛ ਵਿਚ ਲੈ ਲਿਆ। ਪ੍ਰਿੰਸੀਪਲ ਸਾਹਿਬ, ਪ੍ਰੋ. ਸਾਹਿਬ ਸਿੰਘ ਜੀ, ਦੇ ਦਰਵਾਜ਼ੇ ਅੱਗੇ ਜਾ ਧਾਮਾ ਵਜਾਇਆ ਤੇ ਲੋਹੜੀ ਮੰਗੀ। ਯਾਦ ਰਹੇ ਕਿ ਪ੍ਰੋਫ਼ੈਸਰ ਸਾਹਿਬ ਗੁਰਬਾਣੀ ਦੇ ਵਿਆਕਰਣਕ ਵਿਆਖਿਆਕਾਰ ਸਨ। ਵਡੇਰੀ ਉਮਰ ਹੋਣ ਕਰਕੇ ਬਹੁਤ ਹੀ ਖ਼ੁਸ਼ਕ ਸੁਭਾ ਦੇ ਸਨ। ਨਵਾਂ ਤੇ ਬਾਕੀਆਂ ਨਾਲ਼ੋਂ ਉਮਰੋਂ ਛੋਟਾ ਹੋਣ ਕਰਕੇ, ਮੈਂ ਬਾਕੀਆਂ ਦੇ ਪਿੱਛੇ ਪਿੱਛੇ ਸਾਂ। ਜਦੋਂ ਸਾਨੂੰ ਅੰਦਰੋਂ ਕੁੰਡਾ ਖੋਹਲਣ ਦੀ ਆਵਾਜ਼ ਆਈ ਤਾਂ ਅਸੀਂ ਉਹਨਾਂ ਦੇ ਗਰਮ ਸੁਭਾ ਤੋਂ ਡਰਦੇ ਪਿੱਛਲ ਖੁਰੀਂ ਭੱਜ ਤੁਰੇ। ਮੈਂ ਮੰਗਣ ਵਾਲ਼ਿਆਂ ਵਿਚ ਸਭ ਤੋਂ ਪਿੱਛੇ ਤੇ ਭੱਜਣ ਵਾਲ਼ਿਆਂ ਵਿਚ ਸਭ ਤੋਂ ਅੱਗੇ ਸਾਂ।

ਫਿਰ ਉਹਨਾਂ ਨੇ ਬੜੇ ਖ਼ੁਸ਼ ਮੂਡ ਵਿਚ ਸਾਨੂੰ ਕੇਲੇ ਮੰਗਵਾ ਕੇ ਖਵਾਏ। ਇਸ ਦੌਰਾਨ ਗੱਲਾਂ ਕਰਦਿਆਂ ਉਹਨਾਂ ਨੇ ਦੱਸਿਆ, "ਦਲਜੀਤ ਦੀ ਮਾਤਾ ਆਖਣ ਲੱਗੀ ਕਿ ਬਾਹਰ ਭੰਡ ਆਏ ਹਨ, ਲੋਹੜੀ ਮੰਗਣ। ਮੈਂ ਆਖਿਆ ਭੰਡ ਨਹੀਂ, ਮੈਨੂੰ ਪਤਾ ਇਹ ਕੌਣ ਹਨ।" ਫਿਰ ਕੇਲੇ ਛਕਦਿਆਂ ਖ਼ੁਸ਼ੀ ਭਰੇ ਵਾਤਾਵਰਨ ਦੌਰਾਨ, ਲੋਹੜੀ ਦਾ ਗੁਰਮਤਿ ਨਾਲ਼ ਕੋਈ ਸੰਬੰਧ ਨਾ ਹੋਣ ਬਾਰੇ ਸਾਨੂੰ ਦੱਸਿਆ ਪਰ ਕਈ ਤਿਉਹਾਰ ਭਾਈਚਾਰਕ ਵੀ ਹੁੰਦੇ ਹਨ। ਜੇ ਉਹ ਗੁਰਮਤਿ ਦੇ ਵਿਰੋਧੀ ਨਹੀਂ ਤਾਂ ਬਾਕੀਆਂ ਦੀ ਖ਼ੁਸ਼ੀ ਵਿਚ ਸ਼ਾਮਲ ਹੋ ਜਾਣ ਵਿਚ ਕੋਈ ਹਰਜ ਨਹੀਂ ਹੁੰਦਾ।

# ਸਿਡਨੀ ਵਾਲ਼ੀਆਂ ਸਾਲਾਨਾ ਸਿੱਖ ਖੇਡਾਂ

## ੧੯੮੮ ਤੋਂ ੨੦੧੮ ਤੱਕ ਦਾ ਸਫ਼ਰ

੧੯੮੮ ਵਿਚ, ਸਭ ਤੋਂ ਪਹਿਲਾਂ ਇਹ ਖੇਡਾਂ ਐਡੀਲੇਡ ਤੋਂ, ਸ. ਮਹਾਂਬੀਰ ਸਿੰਘ ਗਰੇਵਾਲ ਅਤੇ ਉਹਨਾਂ ਦੇ ਸਹਿਯੋਗੀਆਂ ਦੀ ਅਗਵਾਈ ਹੇਠ ਆਰੰਭ ਹੋਈਆਂ ਸਨ। ਉਸ ਸਮੇ ਹੀ ਓਥੇ ਪਹਿਲੇ ਗੁਰਦੁਆਰਾ ਸਾਹਿਬ ਦਾ ਉਦਘਾਟਨ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡਪਾਠ ਦੇ ਭੋਗ ਉਪ੍ਰੰਤ ਹੋਇਆ ਸੀ। ਮੈਨੂੰ ਉਹਨਾਂ ਦੇ ਸੱਦੇ 'ਤੇ, ਆਸਟ੍ਰੇਲੀਅਨ ਸਿੱਖ ਨੁਮਾਇੰਦੇ ਵਜੋਂ, ਓਥੇ ਭੇਜਿਆ ਗਿਆ ਸੀ। ਇਹ ਸਾਰਾ ਕੁਝ ਆਪਣੀਆਂ ਅੱਖਾਂ ਨਾਲ਼, ਸਾਰੇ ਪ੍ਰੋਗਰਾਮਾਂ ਵਿਚ ਸ਼ਾਮਲ ਰਹਿ ਕੇ ਮੈਂ ਵੀ ਵੇਖਿਆ।

ਓਦੋਂ ਤੋਂ ਲੈ ਕੇ ਹੁਣ ਪਿਛਲੇ ਤਿੰਨ ਦਹਾਕਿਆਂ ਤੋਂ ਇਹਨਾਂ ਖੇਡਾਂ ਦੇ ਸਾਲਾਨਾ ਸਮਾਗਮਾਂ ਨੇ ਸਮੇ ਸਮੇ ਬਹੁਤ ਤਰੱਕੀ ਕੀਤੀ ਹੈ। ਹਰੇਕ ਸਾਲ ਪਿਛਲੇ ਸਾਲ ਨਾਲ਼ੋਂ, ਵਧੇਰੇ ਸ਼ਮੂਲੀਅਤ, ਵਧੇਰੇ ਰੌਣਕ ਮੇਲਾ, ਵਧੇਰੇ ਉਤਸ਼ਾਹ, ਵਧੇਰੇ ਆਈਟਮਾਂ ਅਰਥਾਤ ਬਹੁ ਪੱਖੀ ਸਰਗਰਮੀਆਂ ਨਾਲ਼, ਇਹ ਖੇਡਾਂ ਵਿਸ਼ਾਲ ਤੋਂ ਵਿਸ਼ਾਲ ਹੁੰਦੀਆਂ ਆ ਰਹੀਆਂ ਹਨ। ਪਹਿਲੇ ਕੁਝ ਸਾਲ ਇਸ, ਆਸਟ੍ਰੇਲੀਅਨ ਸਿੱਖਾਂ ਦੀ, ਸਭ ਤੋਂ ਵੱਡੀ ਸੰਸਥਾ ਦੀ ਅਗਵਾਈ ਸ. ਮਹਾਂਬੀਰ ਸਿੰਘ ਗਰੇਵਾਲ਼ ਕਰਦੇ ਰਹੇ। ਫਿਰ ਇਸ ਦੀ ਅਗਵਾਈ ਦੀ ਜ਼ੁੰਮੇਵਾਰੀ, ਬ੍ਰਿਸਬਿਨ ਵਾਸੀ, ਸ. ਮਨਜੀਤ ਸਿੰਘ ਬੋਪਾਰਾਇ ਨੂੰ ਸੌਂਪੀ ਗਈ। ਇਸ ਸਮੇ, ਕੁਝ ਸਾਲਾਂ ਤੋਂ ਇਸ ਸੰਸਥਾ ਦੀ ਅਗਵਾਈ, ਕਫ਼ਸ ਹਾਰਬਰ ਵਾਸੀ ਸ. ਅਮਨਦੀਪ ਸਿੰਘ ਸਿੱਧੂ ਕਰ ਰਹੇ ਹਨ। ਇਹ ਮੱਤ ਸਮਝੀਏ ਕਿ ਪ੍ਰਧਾਨ ਹੀ ਸਭ ਕੁਝ ਕਰਦਾ ਹੈ; ਨਹੀਂ, ਸਾਰੇ ਸਿੱਖਾਂ ਦੇ ਭਰਪੂਰ ਸਹਿਯੋਗ ਬਿਨਾ ਇਕੱਲਾ ਪ੍ਰਧਾਨ ਜਾਂ ਉਸ ਦੇ ਮੁੱਠੀ ਭਰ ਸਾਥੀ ਏਨਾ ਵਿਸ਼ਾਲ ਪ੍ਰਬੰਧ ਨਹੀਂ ਕਰ ਸਕਦੇ। ਪਰ ਹਾਂ, ਪ੍ਰਧਾਨ ਦੀ ਸੁਚੱਜੀ ਅਗਵਾਈ ਸਫਲਤਾ ਵਿਚ ਸਹਾਈ ਜਰੂਰ ਹੁੰਦੀ ਹੈ।

ਹੁਣ ਗੱਲ ਕਰੀਏ ਹੁਣੇ ਸੰਪੂਰਨ ਹੋਈਆਂ ਸਿਡਨੀ ਵਾਲ਼ੀਆਂ ਖੇਡਾਂ ਦੀ। ਮੈਂ ਤਕਰੀਬਨ ਸਾਰੀਆਂ ਖੇਡਾਂ ਸਮੇ ਹੀ ਹਾਜ਼ਰ ਰਿਹਾ ਹਾਂ, ਸਿਵਾਇ ਪਿਛਲੀਆਂ ਐਡੀਲੇਡ ਵਾਲ਼ੀਆਂ ਖੇਡਾਂ ਦੇ। ਕਾਰਨ ਇਹ ਸੀ ਕਿ ਮੈਂ ਦਿਲ ਦੇ ਮਾਮਲੇ ਕਰਕੇ, ਬਲੈਕ ਟਾਊਨ ਹਸਪਤਾਲ ਵਿਚ ਪਿਆ ਹੋਇਆ ਸਾਂ। ਫਿਰ ਵੀ ਆਪਣੇ 'ਚਲਾਕ' ਭਤੀਜਿਆਂ, ਅਮਨਦੀਪ ਸਿੱਧੂ ਅਤੇ ਮਿੰਟੂ ਬਰਾੜ ਤੋਂ, ਦੂਰਭਾਸ਼ ਰਾਹੀਂ ਖ਼ਬਰਾਂ ਪ੍ਰਾਪਤ ਕਰਦਾ ਰਿਹਾ। ਓਦੋਂ ਸੁਣਿਆਂ ਸੀ ਕਿ ਉਸ ਤੋਂ ਪਹਿਲਾਂ ਵਾਲ਼ੀਆਂ ਸਾਰੀਆਂ ਖੇਡਾਂ ਨਾਲ਼ੋਂ ਵਧੇਰੇ ਸਫਲ ਰਹੀਆਂ ਸਨ। ਇਸ ਵਾਰੀ ਸਿਡਨੀ ਵਿਚ ਤਾਂ ਉਹਨਾਂ ਤੋਂ ਇਹ ਖੇਡਾਂ ਹੋਰ ਵੀ ਕਈ ਕਦਮ ਅੱਗੇ ਸਫਲ ਰਹੀਆਂ। ਗਰਾਊਂਡ ਦੇ ਅੰਦਰ ਦਾਖ਼ਲ ਹੁੰਦਿਆਂ ਹੀ ਇਕ ਬਾਜ਼ਾਰ ਲੱਗਾ ਤਿੰਨੇ ਦਿਨ

ਦਿਸਦਾ ਰਿਹਾ। ਇਸ ਵਿਚ ਵੱਖ-ਵੱਖ ਸਾਮਾਨ ਵੇਚਣ ਵਾਲ਼ੀਆਂ ਦੁਕਾਨਾਂ ਤੋਂ ਇਲਾਵਾ ਕੁਝ ਵਾਲੰਟੀਅਰ ਸੰਸਥਾਵਾਂ ਵੱਲੋਂ ਵੀ ਆਪੋ ਆਪਣੇ ਸਟਾਲ ਲਾਏ ਗਏ ਸਨ। ਸਾਰਿਆਂ ਦੇ ਨਾਂ ਲਿਖਣੇ ਏਥੇ ਸੰਭਵ ਨਹੀਂ। ਇਕ ਆਸਟ੍ਰੇਲੀਅਨ ਪੱਖ ਤੋਂ ਵਿਲੱਖਣ ਗੱਲ ਦਿਸੀ ਕਿ ਮਿੰਟੂ ਜੀ ਤੇ ਅਮਨਦੀਪ ਦੇ ਉਦਮ ਸਦਕਾ, ਇਕ ਕਿਤਾਬਾਂ ਦਾ ਸਟਾਲ ਵੀ ਲੱਗਾ ਹੋਇਆ ਸੀ। ਇਸ ਸਟਾਲ 'ਤੇ ਕੰਮ ਕਰਨ ਵਾਲ਼ੇ, ਖੋਸਾ ਜੀ, ਹਰਪ੍ਰੀਤ ਤੇ ਰਾਜਵਿੰਦਰ ਜੀ ਅਤੇ ਗੁਰਸੇਵਕ ਸਿੰਘ ਵਰਗੇ ਨੌਜਵਾਨ ਕਿਤਾਬਾਂ, ਪਾਠਕਾਂ ਲਈ ਵੰਡਣ ਨਹੀਂ, ਵੇਚਣ ਲਈ ਸੇਵਾ ਕਰ ਰਹੇ ਸਨ। ਓਥੇ ਬਹੁਤ ਉਚ ਕੋਟੀ ਦੇ ਲਿਖਾਰੀਆਂ ਦੀਆਂ ਬਹੁਤ ਗੰਭੀਰ ਕਿਤਾਬਾਂ ਪਰੋਸੀਆਂ ਹੋਈਆਂ ਸਨ। ਮੈਂ ਉਹਨਾਂ ਨੂੰ ਪਹਿਲੇ ਦਿਨ ਆਖਿਆ ਕਿ ਅਜਿਹੀਆਂ ਕਿਤਾਬਾਂ ਪੜ੍ਹਨ ਦਾ ਏਥੇ ਕਿਸ ਕੋਲ਼ ਸਮਾ ਹੈ! ਉਹਨਾਂ ਨੇ ਕਿਹਾ, "ਵੇਖਿਓ ਤਾਇਆ ਜੀ, ਕਿਵੇਂ ਲੋਕ ਇਹਨਾਂ ਨੂੰ ਖ਼ਰੀਦਦੇ ਨੇ!" ਗੱਲ ਓਹੋ ਹੋਈ ਕਿ ਤਿੰਨੇ ਦਿਨ ਲੋਕਾਂ ਨੇ ਕਿਤਾਬਾਂ ਦੀ ਭਰਪੂਰ ਖ਼ਰੀਦਾਰੀ ਕੀਤੀ।

ਦੇਸੋਂ ਆਏ ਸ. ਜਨਮੇਜਾ ਸਿੰਘ ਜੌਹਲ ਜੀ ਨੇ ਇਕ ਹਾਲ ਵਿਚ ਆਪਣੀ ਪ੍ਰਦਰਸ਼ਨੀ ਲਾਈ ਹੋਈ ਸੀ। ਉਸ ਦੇ ਨਾਲ਼ ਲੱਗਵੀਂ ਹੀ, ਐਡੀਲੇਡ ਤੋਂ ਆਏ ਪ੍ਰਸਿਧ ਚਿਤਰਕਾਰ ਮਿਸਟਰ ਕੋਨੈਲ ਨੇ ਵੀ ਖ਼ੁਦ ਬਣਾਈਆਂ ਸਿੱਖਾਂ ਦੀਆਂ ਤਸਵੀਰਾਂ ਵੀ ਤਿੰਨੇ ਦਿਨ ਪ੍ਰਦਰਸ਼ਤ ਕਰੀ ਰੱਖੀਆਂ। ਟਰਬਨ ਅਕੈਡਮੀ ਆਸਟ੍ਰੇਲੀਆ ਵਾਲ਼ਿਆਂ ਨੇ, ਸ. ਕੁਲਵਿੰਦਰ ਸਿੰਘ ਜਗਰਾਉਂ ਸਾਥੀਆਂ ਨਾਲ਼ ਰਲ਼ ਕੇ, ਗਰਾਊਂਡ ਦੇ ਇਕ ਪਾਸੇ ਆਪਣੇ ਰੰਗ ਬਿਖੇਰੇ ਹੋਏ ਸਨ ਜਿਥੇ ਉਹਨਾਂ ਨੇ ਹਜ਼ਾਰਾਂ ਦਸਤਾਰਾਂ, ਹਜ਼ਾਰਾਂ ਹੀ ਨੌਜਵਾਨਾਂ ਦੇ ਸਿਰਾਂ ਉਪਰ ਸਜਾਈਆਂ। ਦਸਤਾਰ ਸਜਾਈ ਤੇ ਮੁਫ਼ਤ ਹੋਣੀ ਹੀ ਹੋਣੀ ਸੀ, ਹਜ਼ਾਰਾਂ ਡਾਲਰਾਂ ਦੀਆਂ ਦਸਤਾਰਾਂ ਵੀ ਮੁਫ਼ਤ ਹੀ ਵੰਡੀਆਂ ਗਈਆਂ। ਇਕ ਪਾਸੇ ਸੂਝਵਾਨ ਸੱਜਣਾਂ ਨੇ ਪੰਜਾਬੀ ਸੱਥ ਸਜਾ ਕੇ ਵੀ ਤਿੰਨੇ ਦਿਨ ਖ਼ੂਬ ਰੰਗ ਬੰਨ੍ਹੀ ਰੱਖਿਆ।

ਇਹੋ ਜਿਹੀਆਂ ਹੋਰ ਵੀ ਬਹੁਤ ਸਾਰੀਆਂ ਝਾਕੀਆਂ ਵੇਖਣ ਵਿਚ ਆਈਆਂ। ਗਰਾਊਂਡ ਦੀ ਇਕ ਨੁੱਕਰ ਵਿਚ ਦਵਿੰਦਰ ਸਿੰਘ ਧਾਰੀਆ ਜੀ ਅਤੇ ਹਰਕੀਰਤ ਸਿੰਘ ਸੰਧਰ ਜੀ ਨੇ, ਰੰਗ ਮੰਚ ਸਜਾ ਕੇ, ਤਿੰਨੇ ਦਿਨ ਬੱਚੇ ਬੱਚੀਆਂ ਦੀ ਟੇਲੈਂਟ ਦਾ ਖ਼ੂਬ ਪ੍ਰਗਟਾਵਾ ਕੀਤਾ। ਉਹਨਾਂ ਨੇ ਇਸ ਸਟੇਜ ਉਪਰ ਤਾਂ ਬੱਚੀਆਂ ਤੋਂ ਲੈ ਕੇ ਸਿਆਣੀ ਉਮਰ ਦੀਆਂ ਬੀਬੀਆਂ ਨੂੰ ਵੀ, 'ਥਈਆ ਥਈਆ' ਕਰ ਕੇ ਨਚਾ ਦਿਤਾ।

ਲੰਗਰ? ਲੰਗਰ ਦੀ ਤੇ ਗੱਲ ਹੀ ਕੀ ਕਰਨੀ ਹੈ! ਅਜਿਹਾ ਸੁਚੱਜਾ ਤੇ ਚੰਗਾ ਪ੍ਰਬੰਧ ਮੈਂ ਅੱਜ ਤੱਕ ਨਹੀਂ ਕਿਤੇ ਵੇਖ ਸਕਿਆ। ਕਈ ਪ੍ਰਕਾਰ ਦੀਆਂ ਮਠਿਆਈਆਂ, ਫਲ, ਡਰਿੰਕ ਆਦਿ ਦੀ ਕੋਈ ਤੋਟ ਨਹੀਂ ਸੀ। ਇਸ ਦੇ ਪ੍ਰਬੰਧ, ਸੇਵਾ, ਖ਼ਰਚ ਆਦਿ ਦਾ ਸੇਹਰਾ ਬਾਠਲਾ ਭਰਾਵਾਂ ਦੇ ਸਿਰ ਬਝਦਾ ਹੈ। ਜਦੋਂ ਹਰੇਕ ਚੀਜ਼ ਬਹੁਤਾਤ ਵਿਚ ਮਿਲ਼ਦੀ ਸੀ ਤੇ ਸਮਾਗਮ ਦੀ ਸਮਾਪਤੀ 'ਤੇ ਵੀ ਕੇਲਿਆਂ ਦਾ ਰੋਲ਼ ਪਿਆ ਹੋਇਆ ਸੀ, ਫਿਰ ਕੁਝ ਲੋਕਾਂ ਨੇ, ਸੰਗਤਾਂ

ਨੂੰ ਪੂਰੀ ਤਰ੍ਹਾਂ ਵਰਤਣ ਤੋਂ ਪਹਿਲਾਂ ਹੀ, ਮਠਿਆਈਆਂ ਦੇ ਬੈਗ ਭਰ ਭਰ ਆਪਣੀਆਂ ਕਾਰਾਂ ਵਿਚ ਜਾ ਰੱਖੇ।

ਕਬੱਡੀ ਤੇ ਪੰਜਾਬੀ ਦੇ ਹਰੇਕ ਮੇਲੇ ਸਮੇ ਸਟਾਰ ਖੇਡ ਹੁੰਦੀ ਹੈ ਕਿਉਂਕਿ ਇਹ ਪੰਜਾਬੀਆਂ ਦੀ ਮਾਂ ਖੇਡ ਹੈ। ਇਹ ਹਿੰਸਾ ਭਰਪੂਰ ਖੇਡ ਹੈ ਤੇ ਮਨੁੱਖ ਦੇ ਅੰਦਰ ਹਿੰਸਾ ਕਰਨੀ ਤੇ ਹਿੰਸਾ ਹੁੰਦੀ ਵੇਖਣ ਦੀ ਰੁਚੀ, ਸ਼ੁਰੂ ਤੋਂ ਹੀ ਚਲੀ ਆ ਰਹੀ ਹੈ। ਇਸ ਲਈ ਜਦੋਂ ਕਬੱਡੀ ਦੇ ਮੈਦਾਨ ਵਿਚ ਜਵਾਨੀਆਂ ਭਿੜ ਰਹੀਆਂ ਹੋਣ, ਜ਼ੋਰ ਦੇ ਜੌਹਰ ਵਿਖਾਏ ਜਾ ਰਹੇ ਹੋਣ, ਚੜ੍ਹਦੀ ਜਵਾਨੀ ਜੱਫੋ ਜੱਫੀ ਹੋ ਰਹੀ ਹੋਵੇ ਤੇ ਨਾ਼ਲ ਨਾ਼ਲ ਕਾਬਲ ਕੁਮੈਂਟੇਟਰ ਵੀ ਸ਼ਬਦੀ ਜੰਗ ਨੂੰ ਚੁਟਕਲਿਆਂ ਰਾਹੀਂ ਵੀ ਚਾਰ ਚੰਨ ਲਾ ਰਹੇ ਹੋਣ, ਤਾਂ ਫਿਰ ਪੰਜਾਬੀਆਂ ਨੇ, ਅਜਿਹਾ ਦ੍ਰਿਸ਼ ਛੱਡ ਕੇ ਹੋਰ ਕਿਸੇ ਸਰਗਰਮੀ ਵੇਖਣ ਕਾਹਦੇ ਲਈ ਜਾਣਾ ਹੋਇਆ! ਜਿਵੇਂ ਦੇਸ਼ ਵਿਚ ਕ੍ਰਿਕਟ ਬਾਕੀ ਸਾਰੀਆਂ ਖੇਡਾਂ ਨੂੰ ਪਿੱਛੇ ਸੁੱਟ ਗਿਆ ਹੈ, ਓਵੇਂ ਏਥੇ ਕਬੱਡੀ ਨੇ ਬਾਕੀ ਸਾਰੀਆਂ ਖੇਡਾਂ ਨੂੰ ਪਛਾੜ ਦਿਤਾ ਹੈ। ਇਹ ਮਾੜੀ ਗੱਲ ਹੋਈ ਕਿ ਕੜਕਦੀ ਧੁਪ ਵਿਚ, ਪਰਵਾਰਾਂ ਸਮੇਤ ਬੈਠੇ ਦਰਸ਼ਕਾਂ ਨੂੰ, ਫ਼ਾਈਨਲ ਮੈਚ ਵੇਖਣ ਤੋਂ ਵਿਰਵੇ ਰੱਖਿਆ ਗਿਆ।

ਸਿੱਖ ਫ਼ੋਰਮ ਦੇ ਪ੍ਰਬੰਧਕਾਂ ਨੇ ਵੀ ਪੂਰੀ ਤਿਆਰੀ ਸਹਿਤ ਇਸ ਕਾਰਜ ਨੂੰ ਨੇਪਰੇ ਚਾਹੜਿਆ। ਬੁਲਾਰੇ ਆਪੋ ਆਪਣੇ ਮਜ਼ਮੂਨ ਪੂਰੀ ਤਿਆਰੀ ਨਾ਼ਲ ਲਿਖ ਕੇ ਲਿਆਏ ਸਨ ਤੇ ਚੰਗੀ ਤਰ੍ਹਾਂ ਉਹਨਾਂ ਨੇ ਪੜ੍ਹੇ। ਹਰ ਪੱਖ ਤੋਂ ਇਹ ਕਾਰਜ ਵੀ ਸਫਲ ਰਿਹਾ, ਸਿਰਫ਼ ਸਰੋਤਿਆਂ ਦੀ ਘਾਟ ਕੁਝ ਰੜਕੀ। ਅਖ਼ੀਰ ਵਿਚ ਆਸਟ੍ਰੇਲੀਆ ਦੀ ਪੰਜਾਬੀ ਪੱਤਰਕਾਰੀ ਦੇ ਮਸਲਿਆਂ ਉਪਰ ਵੀ ਖੁਲ੍ਹ ਕੇ ਵਿਚਾਰਾਂ ਹੋਈਆਂ।

ਇਹਨਾਂ ਖੇਡਾਂ ਦੇ ਇਕ ਮਹੱਤਵਪੂਰਣ ਭਾਗ ਵਜੋਂ ਹੀ, ਸੰਸਥਾ ਦੇ ਕੌਮੀ ਪ੍ਰਧਾਨ, ਸ. ਅਮਨਦੀਪ ਸਿੰਘ ਸਿੱਧੂ ਨੇ ਇਸ ਵਾਰ ਇਕ ਵਿਕੋਲਿਤਰੀ ਗੱਲ ਕੀਤੀ ਜੇਹੜੀ ਕਿ ਅਜੇ ਤੱਕ ਸਿੱਖ ਸੰਸਾਰ ਵਿਚ ਹੋਰ ਕਿਸੇ ਸਿੱਖ ਜਾਂ ਸਿੱਖ ਸੰਸਥਾ ਦੀ ਸੋਚ ਵਿਚ ਨਹੀਂ ਸੀ ਆਈ। ਉਹਨਾਂ ਨੇ ਆਸਟ੍ਰੇਲੀਆ ਦੇ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਕਾਂ ਦੀ ਸਰਬਪੱਖੀ ਸਰਗਰਮ ਸਹਾਇਤਾ ਤੇ ਮਿਲਵਰਤਣ ਨਾ਼ਲ, ਗੁਰਮਤਿ ਸੰਗੀਤ ਦੀਆਂ ਵੀ ਛਹਿਬਰਾਂ ਲਾ ਦਿਤੀਆਂ। ਪੰਜਾਬੋਂ ਤੰਤੀ ਸਾਜ਼ਾਂ ਨਾ਼ਲ ਕੀਰਤਨ ਕਰਨ ਵਾ਼ਲੇ ਰਾਗੀ ਸਿੰਘਾਂ ਨੂੰ, ਪ੍ਰਿੰਸੀਪਲ ਸੁਖਵੰਤ ਸਿੰਘ ਜੀ ਦੀ ਅਗਵਾਈ ਹੇਠ ਮੰਗਵਾ ਕੇ, ੨੩ ਗੁਰਦੁਆਰਾ ਸਾਹਿਬਾਨ ਵਿਚ ਉਹਨਾਂ ਪਾਸੋਂ ਕੀਰਤਨ ਕਰਵਾਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਮੁਖ ਇਕੱਤੀ ਰਾਗਾਂ ਵਿਚ ਉਚਾਰਨ ਕੀਤੀ ਗਈ ਗੁਰਬਾਣੀ ਦਾ, ਉਹਨਾਂ ਹੀ ਰਾਗਾਂ ਵਿਚ, ਤੰਤੀ ਸਾਜ਼ਾਂ ਨਾ਼ਲ ਸੰਗਤਾਂ ਨੂੰ ਕੀਰਤਨ ਸੁਣਾਇਆ ਗਿਆ। ਖੇਡਾਂ ਦੇ ਅਖ਼ੀਰਲੇ ਦਿਨ, ਗੁਰਦੁਆਰਾ ਸਿੱਖ ਸੈਂਟਰ, ਪਾਰਕਲੀ ਵਿਖੇ, ਅੰਤਲੇ ਰਾਗ ਜੈਜਾਵੰਤੀ ਵਿਚ ਕੀਰਤਨ ਹੋਇਆ।

ਹਰ ਪੱਖੋਂ ਇਹ ਖੇਡਾਂ ਦਾ ਸਾਲਾਨਾ ਸਮਾਗਮ ਸਫਲ ਰਿਹਾ, ਬਲਕਿ ਪਿਛਲੇ ਸਾਰੇ ਸਾਲਾਂ ਨਾਲ਼ੋਂ ਕੁਝ ਕਦਮ ਅਗਲੇਰੀਆਂ ਹੀ ਸਫਲਤਾ ਦੀਆਂ ਪੁਲਾਂਘਾਂ ਪੁੱਟੀਆਂ ਗਈਆਂ। ਚੰਗੇ ਨੂੰ ਚੰਗੇਰਾ ਬਣਾਉਣ ਦੀ ਹਰ ਸਮੇ ਗੁੰਜਾਇਸ਼ ਰਹਿੰਦੀ ਹੀ ਹੈ।

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਫਲ ਪ੍ਰਧਾਨ

# ਸ੍ਰੀ ਮਾਨ ਸੰਤ ਚੰਨਣ ਸਿੰਘ ਜੀ

***ਆਪਣੀਆਂ ਯਾਦਾਂ 'ਤੇ ਆਧਾਰਤ***

ਗੱਲ ਇਹ ੧੯੬੩ ਦੀ ਬਸੰਤ ਰੁੱਤ ਦੀ ਹੈ। ਜਦੋਂ ਸੰਤ ਜੀ ਦੇ ਮੈਨੂੰ ਪਹਿਲੀ ਵਾਰ ਦਰਸ਼ਨ ਹੋਏ। ਮੈਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ, ਗੁਰਦੁਆਰਾ ਸ੍ਰੀ ਗੁਰੂ ਤੇਗ਼ ਬਹਾਦਰ, ਜੀਂਦ ਵਿਖੇ ਰਾਗੀ ਦੀ ਸੇਵਾ ਕਰਦਾ ਸਾਂ। ਸੰਤ ਜੀ ੨ ਅਕਤੂਬਰ, ੧੯੬੨ ਵਾਲ਼ੇ ਦਿਨ, ਮਾਸਟਰ ਤਾਰਾ ਸਿੰਘ ਜੀ ਵੱਲੋਂ ਥਾਪੇ ਹੋਏ ਪ੍ਰਧਾਨ, ਸ. ਕ੍ਰਿਪਾਲ ਸਿੰਘ ਚੱਕ ਸ਼ੇਰਾ ਨੂੰ ਤਿੰਨ ਵੋਟਾਂ 'ਤੇ ਹਰਾ ਕੇ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਚੁਣੇ ਗਏ ਸਨ ਤੇ ਬਤੌਰ ਪ੍ਰਧਾਨ, ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧ ਨੂੰ ਸੁਚਾਰੂ ਰੂਪ ਵਿਚ ਚਲਾਉਣ ਅਤੇ ਚੱਲਦਾ ਰੱਖਣ ਲਈ, ਆਮ ਤੌਰ 'ਤੇ ਵੱਖ ਵੱਖ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਦੇ ਰਹਿੰਦੇ ਸਨ। ਏਸੇ ਯਾਤਰਾ ਦੌਰਾਨ ਉਹ ਪਹਿਲੀ ਵਾਰ ਗੁਰਦੁਆਰਾ ਸ੍ਰੀ ਗੁਰੂ ਤੇਗ਼ ਬਹਾਦਰ, ਜੀਂਦ ਵਿਖੇ ਵੀ ਪਧਾਰੇ। ਸਾਰੇ ਸਟਾਫ਼ ਮੈਂਬਰਾਂ ਨਾਲ਼ ਵਿਚਾਰ ਵਟਾਂਦਰਾ ਕੀਤਾ। ਉਸ ਸਮੇ ਉਹਨਾਂ ਨੇ ਸਾਡੇ ਬਸਤਰਾਂ ਵੱਲ ਵੇਖ ਕੇ, ਸਾਰੇ ਸਟਾਫ਼ ਨੂੰ ਸਲਾਹ ਦਿਤੀ ਕਿ ਇਹਨਾਂ ਰਾਗੀ ਸਿੰਘਾਂ ਵਾਂਗ ਸਾਰੇ ਬਸਤਰ ਪਹਿਨਿਆਂ ਕਰੋ। ਮੇਰੇ ਤੇ ਮੇਰੇ ਸਾਥੀ ਦੇ ਚਿੱਟੇ ਕੁੜਤੇ ਪਜਾਮੇ, ਨੀਲੀਆਂ ਪੱਗਾਂ ਅਤੇ ਕਾਲ਼ੇ ਗਾਤਰੇ ਸਨ ਤੇ ਰਾਗੀ ਸਿੰਘਾਂ ਦੇ ਰੂਪ ਵਿਚ ਸੇਵਾ ਕਰਦਿਆਂ ਉਹ ਦੂਜੇ ਮੈਂਬਰਾਂ ਦੇ ਬਸਤਰਾਂ ਨਾਲ਼ੋਂ ਵਧੇਰੇ ਸਾਫ਼ ਸਨ। ਬਾਕੀ ਸਟਾਫ਼ ਦੇ ਬਸਤਰ ਏਨੇ ਢੁੱਕਵੇਂ ਨਹੀਂ ਸਨ ਜਿੰਨੇ ਕਿ ਗੁਰਦੁਆਰਾ ਸਾਹਿਬਾਨ ਦੇ ਸੇਵਾਦਾਰਾਂ ਦੇ ਹੋਣੇ ਚਾਹੀਦੇ ਹਨ। ਉਸ ਸਮੇ ਪ੍ਰਧਾਨ ਜੀ ਦੇ ਨਾਲ਼ ਉਸ ਸਮੇ ਪੀ.ਏ. ਵਜੋਂ, ਸ. ਮੇਜਰ ਸਿੰਘ ਉਬੋਕੇ ਸੇਵਾ ਨਿਭਾ ਰਹੇ ਸਨ।

ਸੰਤ ਜੀ ਦੇ ਨਾਲ਼ ਇਕ ਹੋਰ ਨੌਜਵਾਨ ਉਹਨਾਂ ਦਾ ਗੜਵਈ (ਸੇਵਾਦਾਰ) ਭਾਈ ਅਜਾਇਬ ਸਿੰਘ ਵੀ ਸੀ। ਅਸੀਂ ਆਪਸ ਵਿਚ ਮਿਲ਼ੇ ਪਰ ਗੱਲ ਆਈ ਗਈ ਹੋ ਗਈ। ਅਕਤੂਬਰ ੧੯੬੬ ਵਿਚ ਜਦੋਂ ਮੈਂ ਗੁਰਦੁਆਰਾ ਬੁਢਾ ਜੌਹੜ ਵਿਖੇ ਚੱਲ ਰਹੇ ਵਿਦਿਆਲੇ ਵਿਚ, ਕਲਾਸੀਕਲ ਗੁਰਮਤਿ ਸੰਗੀਤ ਦੇ ਅਧਿਆਪਕ ਨੂੰ ਅਗਲੇਰੀ ਸਿੱਖਿਆ ਦੇਣ ਲਈ ਗਿਆ ਤਾਂ ਓਥੇ ਫਿਰ ਭਾਈ ਅਜਾਇਬ ਸਿੰਘ ਜੀ ਨਾਲ਼ ਮੇਲ਼ ਹੋਇਆ। ਉਹ ਓਥੇ ਵਿਦਿਆਲੇ ਵਿਚ ਬੱਚਿਆਂ ਨੂੰ ਗੁਰਬਾਣੀ ਅਤੇ ਪੰਜਾਬੀ ਦੀ ਸਿੱਖਿਆ ਦੇਣ ਦਾ ਕਾਰਜ ਕਰ ਰਹੇ ਸਨ। ਅਚਾਨਕ ਮਿਲਣ 'ਤੇ ਪਰਸਪਰ ਬੜੀ ਪ੍ਰਸੰਨਤਾ ਹੋਈ। ਭਾਈ ਸਾਹਿਬ ਦੀ ਸੇਹਤ ਉਸ ਸਮੇ ਕਾਫ਼ੀ ਕਮਜ਼ੋਰ ਲੱਗ ਰਹੀ ਸੀ। ਪੁੱਛਣ 'ਤੇ ਪਤਾ ਲੱਗਾ ਕਿ ਉਹਨਾਂ ਨੂੰ ਸਾਹ ਦੀ ਕਸਰ ਹੈ। ਪਟਿਆਲੇ ਵਰਗੇ ਰੌਣਕ ਮੇਲੇ ਵਾਲ਼ੇ ਸ਼ਹਿਰ ਤੋਂ ਅਚਾਨਕ ਉਜਾੜ

ਵਿਚ ਆ ਜਾਣ ਕਰਕੇ, ਮੇਰਾ ਓਥੇ ਮਨ ਨਾ ਲੱਗਣ ਦੀ ਸੰਭਾਵਨਾ ਨੂੰ ਭਾਂਪਦਿਆਂ ਹੋਇਆਂ ਉਹਨਾਂ ਨੇ ਕਈ ਦਿਨ ਮੈਨੂੰ ਆਪਣੇ ਕਮਰੇ ਵਿਚ ਹੀ ਡੇਰਾ ਲਾਈ ਰੱਖਣ ਲਈ ਆਖ ਦਿਤਾ। ਉਹਨਾਂ ਦੇ ਕਮਰੇ ਵਿਚ ਰਹਿੰਦਿਆਂ ਹੋਇਆਂ ਮੈਂ ਉਹਨਾਂ ਦੇ ਅਧਿਆਤਮਕ ਗਿਆਨ ਅਤੇ ਆਮ ਸੂਝ ਬੂਝ ਤੋਂ ਹੈਰਾਨ ਹੀ ਰਹਿ ਗਿਆ! ਮੈਂ ਉਹਨਾਂ ਨੂੰ ਸੰਤ ਜੀ ਆਖਣਾ ਸ਼ੁਰੂ ਕਰ ਦਿਤਾ। ਕਈ ਹੋ ਚੁੱਕੀਆਂ ਤੇ ਅੱਗੋਂ ਹੋ ਸਕਣ ਵਾਲ਼ੀਆਂ ਘਟਨਾਵਾਂ, ਦੋਹਾਂ ਸੰਤ ਜੀਆਂ ਦੀਆਂ ਹਸਤੀਆਂ ਅਤੇ ਹੋਰ ਪੰਜਾਬੀ ਤੇ ਹਿੰਦੁਸਤਾਨੀ ਆਗੂਆਂ ਦੀਆਂ ਸ਼ਖ਼ਸੀਅਤਾਂ ਬਾਰੇ ਏਨਾ ਕੁਝ ਮੈਨੂੰ, ਸੰਤ ਅਜਾਇਬ ਸਿੰਘ ਜੀ ਨੇ ਦੱਸਿਆ ਕਿ ਉਹਨਾਂ ਦੇ ਗਿਆਨ ਅੱਗੇ ਮੇਰੀਆਂ ਅੱਖਾਂ ਚੁੰਧਿਆ ਗਈਆਂ। ਉਹਨਾਂ ਨੇ ਮੇਰੀ ਨਿਜੀ ਸ਼ਖ਼ਸੀਅਤ ਬਾਰੇ ਵੀ ਅਜਿਹਾ ਵਿਸ਼ਲੇਸ਼ਣ ਬੋਲ ਕੇ ਵੀ ਤੇ ਲਿਖ ਕੇ ਵੀ ਮੈਨੂੰ ਦਿਤਾ ਜਿਸ ਨੇ ਮੇਰੇ ਸੋਚਣ ਦਾ ਢੰਗ ਹੀ ਬਦਲ ਦਿਤਾ। ਉਹਨਾਂ ਦੇ ਬਚਨਾਂ ਨੇ ਸੰਸਾਰ ਵਿਚ ਸਿਰ ਉਚਾ ਕਰਕੇ ਵਿਚਰਨ ਦੀ ਮੈਨੂੰ ਜਾਚ ਸਿਖਾ ਦਿਤੀ। ਦੋਹਾਂ ਸੰਤ ਜੀਆਂ ਬਾਰੇ ਮੇਰੇ ਦਿਲ ਵਿਚ ਆਮ ਆਗੂਆਂ ਤੋਂ ਵੱਖਰੀ ਕੋਈ ਖ਼ਾਸ ਇਜਤ ਨਹੀਂ ਸੀ ਹੁੰਦੀ। ਇਸ ਦਾ ਕਾਰਨ ਇਹ ਸੀ ਕਿ ਭਾਵੇਂ ਨੌਕਰੀ ਤਾਂ ਮੈਂ ਉਸ ਪ੍ਰਬੰਧ ਵਿਚ ਕਰਦਾ ਸਾਂ ਜਿਸ ਦੇ ਪ੍ਰਬੰਧਕ ਸੰਤ ਜੀ ਸਨ ਪਰ ਮੇਰੀ ਅੰਦਰੂਨੀ ਵਫ਼ਾਦਾਰੀ ਮਾਸਟਰ ਗਰੁਪ ਵਾਲ਼ੇ ਅਕਾਲੀ ਦਲ ਨਾਲ਼ ਸੀ। ਕਦੀ ਵੀ ਮੈਂ ਦੋਹਾਂ ਸੰਤ ਜੀਆਂ ਨੂੰ ਮੱਥਾ ਟੇਕਣ ਜਾਂ ਗੋਡੀਂ ਹੱਥ ਲਾਉਣ ਦੀ ਲੋੜ ਨਹੀਂ ਸੀ ਸਮਝੀ। ਸੰਤ ਅਜਾਇਬ ਸਿੰਘ ਜੀ ਦੇ ਸੰਪਰਕ ਵਿਚ ਆਉਣ ਤੋਂ ਬਾਅਦ ਵਿਚਾਰ ਆਈ ਕਿ ਜਿਨ੍ਹਾਂ ਦਾ ਗੜਵਈ ਏਨੇ ਉਚੇ ਜੀਵਨ ਵਾਲ਼ਾ ਹੈ, ਉਹ ਆਪ ਕਿੰਨੇ ਉਚੇ ਹੋਣਗੇ! ਉਪਰੋਂ ਮੈਂ ਇਹ ਵੀ ਵੇਖਦਾ ਸਾਂ ਕਿ ਸੰਤ ਚੰਨਣ ਸਿੰਘ ਜੀ ਸੰਤ ਫ਼ਤਿਹ ਸਿੰਘ ਜੀ ਦੇ ਪੈਰਾਂ ਉਪਰ ਪੂਰਾ ਸਿਰ ਰੱਖ ਕੇ ਤੇ ਫਿਰ ਉਪਰ ਸਿਰ ਉਠਾ ਕੇ ਉਹਨਾਂ ਨੂੰ ਫ਼ਤਿਹ ਬੁਲਾਇਆ ਕਰਦੇ ਸਨ ਤੇ ਕਦੀ ਵੀ ਉਹਨਾਂ ਦੇ ਨਾਲ਼ ਇਕੋ ਮੰਜੀ ਉਪਰ ਨਹੀਂ ਸਨ ਬੈਠਿਆ ਕਰਦੇ। ਜੇ ਲਾਗੇ ਕੁਰਸੀ ਨਾ ਮਿਲ਼ੇ ਤਾਂ ਭੁੰਜੇ ਹੀ ਬੈਠ ਜਾਇਆ ਕਰਦੇ ਸਨ। ਬਾਅਦ ਵਿਚ ਕਦੀ ਗੱਲ ਇਕੱਲ ਵਿਚ ਕਰਦਿਆਂ ਮੈਨੂੰ ਆਖ ਦਿਆ ਕਰਦੇ ਸਨ, "ਸੰਤੋਖ ਸਿਆਂਹ, ਮੇਰੀ ਪਹਿਲੀ ਵਫ਼ਾਦਾਰੀ ਗੁਰੂ ਗੋਬਿੰਦ ਸਿੰਘ ਜੀ ਨਾਲ਼ ਤੇ ਦੂਜੀ ਵਫ਼ਾਦਾਰੀ ਸੰਤ ਫ਼ਤਿਹ ਸਿੰਘ ਜੀ ਨਾਲ਼ ਹੈ। ਤੀਜੀ ਵਫ਼ਾਦਾਰੀ ਬਾਰੇ ਕਦੀ ਸੋਚ ਹੀ ਨਹੀਂ ਆਈ।"

ਅਜਿਹਾ ਵਰਤਾਰਾ ਵੇਖ ਕੇ ਫਿਰ ਮੈਂ ਵੀ ਦੋਹਾਂ ਸੰਤਾਂ ਦੇ ਗੋਡੀਂ ਹੱਥ ਲਾ ਕੇ ਹੀ ਫ਼ਤਿਹ ਬੁਲਾਉਣੀ ਸ਼ੁਰੂ ਕਰ ਦਿਤੀ। ਸੰਤ ਅਜਾਇਬ ਸਿੰਘ ਜੀ ਨੂੰ ਤੇ ਸਿਰਫ਼ ਫ਼ਤਿਹ ਹੀ ਬੁਲਾਇਆ ਕਰਦਾ ਸਾਂ। ਸ਼ਾਇਦ ਇਕੋ ਜਿਡੀ ਉਮਰ ਹੋਣ ਕਰਕੇ, ਮੱਥਾ ਟੇਕਣ ਜਾਂ ਗੋਡੀਂ ਹੱਥ ਲਾਉਣ ਦਾ ਕਦੀ ਵਿਚਾਰ ਹੀ ਨਹੀਂ ਸੀ ਆਇਆ। ੧੯੭੫ ਵਿਚ ਸੰਤ ਅਜਾਇਬ ਸਿੰਘ ਜੀ ਦੇ ਆਖ਼ਰੀ ਵਾਰ ਦਰਸ਼ਨ ਮੇਰੇ ਘਰ ਅੰਮ੍ਰਿਤਸਰ ਵਿਚ ਹੋਏ ਸਨ, ਜਦੋਂ ਮੈਂ ਅਫ਼ਰੀਕਾ, ਯੂਰਪ, ਵਲਾਇਤ ਦੀ ਪਹਿਲੀ ਗੇੜੀ ਤੋਂ ਬਾਅਦ ਸਵਾ ਕੁ ਦੋ ਸਾਲ ਪਿੱਛੋਂ

ਮੁੜਿਆ ਸਾਂ। ਫਿਰ ਉਹਨਾਂ ਦੇ ਕਦੀ ਦਰਸ਼ਨ ਨਹੀਂ ਹੋ ਸਕੇ। ਉਹਨਾਂ ਦੇ ਘਰਦਿਆਂ ਨੂੰ ਵੀ ਉਹਨਾਂ ਦਾ ਕੁਝ ਪਤਾ ਨਹੀਂ ਲੱਗਿਆ। ਕਈ ਪ੍ਰਕਾਰ ਦੇ ਅਟਕਲਪੱਚੂ ਜਾਣੂ ਸੱਜਣ ਲਾਉਂਦੇ ਰਹੇ। ਮੈਂ ਜਦੋਂ ਵੀ ਦੇਸ ਜਾਣਾ, ਉਹਨਾਂ ਦੇ ਛੋਟੇ ਭਰਾ ਭਾਈ ਮਹਿੰਦਰ ਸਿੰਘ ਪਾਸੋਂ ਪੁੱਛਣਾ, ਪਰ ਹਰੇਕ ਵਾਰ ਅਣਜਾਣਤਾ ਵਾਲ਼ਾ ਜਵਾਬ ਹੀ ਮਿਲਣਾ।

### *ਪਿਛੋਕੜ*

ਸੰਤ ਚੰਨਣ ਸਿੰਘ ਜੀ ਦਾ ਜਨਮ, ੧੯੦੭ ਵਾਲ਼ੇ ਸਾਲ, ਲੁਧਿਆਣੇ ਜ਼ਿਲ੍ਹੇ ਦੇ ਪਿੰਡ ਮੁੱਲਾਂਪੁਰ ਦੇ ਵਸਨੀਕ, ਸ. ਤਰਲੋਕ ਸਿੰਘ ਅਤੇ ਮਾਤਾ ਪ੍ਰੇਮ ਕੌਰ ਜੀ ਦੇ ਘਰ, ਇਕ ਸਾਧਾਰਨ ਕਿਸਾਨ ਪਰਵਾਰ ਵਿਚ ਹੋਇਆ। ਬਚਪਨ ਵਿਚ ਚੰਨਣ ਸਿੰਘ ਜੀ ਨੇ ਇਕ ਨਿਰਮਲੇ ਸੰਤਾਂ ਦੇ ਡੇਰੇ ਵਿਚੋਂ ਗੁਰਮੁਖੀ ਅੱਖਰ ਅਤੇ ਗੁਰਬਾਣੀ ਦੇ ਪਾਠ ਦੀ ਵਿੱਦਿਆ ਪ੍ਰਾਪਤ ਕੀਤੀ। ੧੯੨੩ ਵਿਚਲੇ ਅਕਾਲੀ ਮੋਰਚਿਆਂ ਸਮੇ, ਆਪਣੇ ਕੁਝ ਸਹਿਪਾਠੀਆਂ ਨੂੰ ਨਾਲ਼ ਲੈ ਕੇ, ਸੰਤ ਜੀ ਨੇ ਜੈਤੋ ਦੇ ਮੋਰਚੇ ਵਿਚ ਸ਼ਾਮਲ ਹੋਣ ਵਾਲ਼ੇ ਜਥੇ ਦੇ ਲੰਗਰ ਦੀ ਸੇਵਾ ਕੀਤੀ। ਸੰਤ ਜੀ ਫ਼ੌਜ ਵਿਚ ਵੀ ਭਰਤੀ ਹੋਏ ਪਰ ਲੰਮੇ ਸਮੇ ਲਈ ਬੀਮਾਰ ਹੋ ਜਾਣ ਕਰਕੇ, ਸਾਲ ਕੁ ਪਿੱਛੋਂ ਹੀ ਨੌਕਰੀ ਛੱਡ ਕੇ ਘਰ ਆ ਗਏ। ਇਸ ਨੌਕਰੀ ਦੌਰਾਨ ਹੀ ਸੰਤ ਜੀ ਨੇ ਸੰਸਾਰ ਤੋਂ ਨਿਰੰਕਾਰ ਵੱਲ ਆਪਣਾ ਮੁਖ ਮੋੜ ਲਿਆ।

੧੯੨੮ ਵਿਚ ਸੰਤ ਜੀ ਦੀ ਵੱਡੇ ਭੈਣ ਜੀ ਦੇ ਪਤੀ ਦਾ ਚਲਾਣਾ ਹੋ ਜਾਣ ਕਰਕੇ, ਆਪ ਜੀ ਪਿੰਡ ੧੮ ਜ਼ੈਡ ਜ਼ਿਲ੍ਹਾ ਗੰਗਾਨਗਰ ਵਿਚ, ਭੈਣ ਦੇ ਪਰਵਾਰ ਦੀ ਸਹਾਇਤਾ ਵਾਸਤੇ ਚਲੇ ਗਏ। ਓਥੇ ਸ੍ਰੀ ਮਾਨ ਸੰਤ ਬਾਬਾ ਫ਼ਤਿਹ ਸਿੰਘ ਜੀ ਨਾਲ਼ ਆਪ ਜੀ ਦੀ ਸੰਗਤ ਹੋ ਗਈ। ਦਿਨੇ ਤਾਂ ਭੈਣ ਜੀ ਦੀ ਜ਼ਮੀਨ ਵਿਚ ਖੇਤੀ ਦਾ ਕੰਮ ਕਰਨਾ ਤੇ ਸਵੇਰੇ ਤਕਾਲ਼ਾਂ ਨੂੰ ਸੰਤ ਫ਼ਤਿਹ ਸਿੰਘ ਜੀ ਅਤੇ ਸਾਥੀਆਂ ਨਾਲ਼ ਮਿਲ਼ ਕੇ ਕੀਰਤਨ ਕਰਨਾ।

ਇਕ ਦਿਨ ਸੰਤ ਚੰਨਣ ਸਿੰਘ ਜੀ, ਕਹੀ ਨਾਲ਼ ਖੇਤ ਵਿਚ ਵੱਟਾਂ ਪਾ ਰਹੇ ਸਨ ਤੇ ਪਿੰਡੋਂ ਭੈਣ ਰੋਟੀ ਲੈ ਕੇ ਆਈ। ਵੱਡੀ ਭੈਣ ਨੇ ਆਉਂਦਿਆਂ ਹੀ ਖ਼ੁਸ਼ੀ ਭਰੀ ਆਵਾਜ਼ ਵਿਚ ਆਖਿਆ, "ਵੇ ਚੰਨਣਾ, ਵਧਾਈ ਹੋਵੇ। ਤੇਰਾ ਪੋਤਰਾ ਹੋਇਆ!" ਭੈਣ ਦਾ ਪੋਤਰਾ ਸੰਤ ਜੀ ਦਾ ਵੀ ਪੋਤਰਾ ਹੀ ਲੱਗਿਆ। ਏਨੀ ਗੱਲ ਸੁਣਦਿਆਂ ਹੀ ਸੰਤ ਜੀ ਆਪਣੇ ਹੱਥੋਂ ਕਹੀ ਸੁੱਟਦੇ ਹੋਏ ਬੋਲੇ, "ਲੈ ਭੈਣਾਂ, ਤੇਰਾ ਰੰਡੇਪਾ ਕੱਟਿਆ ਗਿਆ। ਤੂੰ ਹੁਣ ਪੋਤਰਿਆਂ ਵਾਲ਼ੀ ਹੋ ਗਈ। ਹੁਣ ਸਾਡੀ ਤੇਰੇ ਵੱਲੋਂ ਛੁੱਟੀ।" ਏਨਾ ਆਖ ਕੇ ਮੁੜ ਘਰ ਵੀ ਨਹੀਂ ਗਏ।

ਆਪ ਜੀ ਨੇ ਖ਼ੁਦ ਨੂੰ ੧੯੪੦ ਵਿਚ ਮਸਾਂ ੨੨ ਸਾਲ ਦੀ ਉਮਰ ਤੋਂ ਲੈ ਕੇ, ਪੂਰਾ ਸਮਾ ਸੰਤ ਫ਼ਤਿਹ ਸਿੰਘ ਜੀ ਦੀ ਅਗਵਾਈ ਹੇਠ, ਸਿੱਖ ਧਰਮ ਅਤੇ ਲੋਕ ਸੇਵਾ ਲਈ ਅਰਪਣ ਕਰ ਦਿਤਾ। ਲੋਕ ਸੇਵਾ ਦਾ ਦਾਇਰਾ ਕੋਈ ਸੀਮਤ ਨਹੀਂ ਸੀ। ਇਸ ਵਿਚ ਧਰਮ

ਪ੍ਰਚਾਰ, ਗੁਰਦੁਆਰੇ, ਪੁਲ਼ੀਆਂ, ਸੜਕਾਂ, ਸਕੂਲ਼, ਕਾਲਜ ਬਣਾਉਣੇ, ਪੰਥਕ ਸਿਆਸਤ ਵਿਚ ਸਰਗਰਮ ਹਿੱਸਾ ਲੈਣਾ ਵੀ ਸ਼ਾਮਲ ਸਨ। ਇਸ ਸੇਵਾ ਦੇ ਦੌਰਾਨ ਇਸ ਜਥੇ ਵਿਚ ਭਾਈ ਬੱਗਾ ਸਿੰਘ, ਭਾਈ ਪੂਰਨ ਸਿੰਘ ਜੀ ਵਰਗੇ ਹੋਰ ਵੀ ਸਿੰਘ ਸ਼ਾਮਲ ਸਨ। ਕਈ ਸਿੰਘ ਜਥੇ ਵਿਚ ਆਉਂਦੇ ਤੇ ਜਾਂਦੇ ਵੀ ਰਹਿੰਦੇ ਸਨ। ਅਜਿਹੀਆਂ ਸੇਵਾਵਾਂ ਦਾ ਖੇਤਰ ਵਧੇਰੇ ਕਰਕੇ, ਰਾਜਸਥਾਨ ਦੇ ਜ਼ਿਲ੍ਹਾ ਗੰਗਾਨਗਰ ਦੇ ਘੇਰੇ ਵਿਚ ਹੀ ਰਿਹਾ।

ਪੰਜਾਬ ਅਤੇ ਪੈਪਸੂ ਦੀ ਅਕਾਲੀ ਸਿਆਸਤ ਵਿਚ ਰਾਜਸਥਾਨ ਵੱਲੋਂ, ਸੰਤ ਫ਼ਤਿਹ ਸਿੰਘ ਜੀ ਦੀ ਆਗਿਆ ਨਾਲ਼, ਸੰਤ ਚੰਨਣ ਸਿੰਘ ਜੀ ਹੀ ਸਰਗਰਮ ਹਿੱਸਾ ਲਿਆ ਕਰਦੇ ਸਨ। ਸੰਤ ਫ਼ਤਿਹ ਸਿੰਘ ਜੀ ਜਿਥੇ ਕਥਾ ਕੀਰਤਨ ਅਤੇ ਲੇਖਾਂ ਰਾਹੀਂ ਵਧੇਰੇ ਰੁਚੀ ਪ੍ਰਚਾਰ ਕਰਨ ਵਿਚ ਲੈਂਦੇ ਸਨ, ਓਥੇ ਸੰਤ ਚੰਨਣ ਸਿੰਘ ਜੀ, ਉਹਨਾਂ ਦੀ ਆਗਿਆ ਅਨੁਸਾਰ, ਪੰਥਕ ਸੰਸਥਾਵਾਂ ਦੇ ਹਰ ਪ੍ਰਕਾਰ ਦੇ ਪ੍ਰਬੰਧ ਦੀ ਜੁੰਮੇਵਾਰੀ ਨਿਭਾਇਆ ਕਰਦੇ ਸਨ।

ਸੰਤ ਜੀ ਦਾ ਸਿਆਸੀ ਜੀਵਨ ੧੯੪੯ ਵਿਚ ਉਸ ਸਮੇ ਸ਼ੁਰੂ ਹੋਇਆ, ਜਦੋਂ ਉਹ ਗੰਗਾਨਗਰ ਤੋਂ ੨੦ ਸਿੰਘਾਂ ਦਾ ਜਥਾ ਲੈ ਕੇ, ਪੈਪਸੂ ਦੀ 'ਮਾਮਾ ਭਾਣਜਾ' ਸਰਕਾਰ ਵਿਰੁਧ, ਸ਼੍ਰੋਮਣੀ ਅਕਾਲੀ ਦਲ ਵੱਲੋਂ ਲਾਏ ਗਏ ਮੋਰਚੇ ਵਿਚ ਸ਼ਾਮਲ ਹੋ ਕੇ, ਅੱਠ ਮਹੀਨਿਆਂ ਲਈ ਕੈਦ ਹੋਏ। 'ਮਾਮਾ ਭਾਣਜਾ ਸਰਕਾਰ' ਦਾ ਮਤਲਬ ਸੀ ਕਿ ੧੯੪੮ ਵਿਚ ਉਸ ਸਮੇ ਦੇ ਗ੍ਰਿਹ ਮੰਤਰੀ ਸਰਦਾਰ ਵਲਭ ਭਾਈ ਪਟੇਲ ਨੇ ਸਾਰੇ ਦੇਸ਼ ਦੀਆਂ ਰਿਆਸਤਾਂ ਤੋੜ ਕੇ ਉਹਨਾਂ ਦੇ ਸੂਬੇ ਬਣਾ ਦਿਤੇ ਸਨ। ਏਸੇ ਤਰ੍ਹਾਂ ਪਟਿਆਲਾ ਸਮੇਤ ਪੂਰਬੀ ਪੰਜਾਬ ਦੀਆਂ ਸਿੱਖ ਰਿਆਸਤਾਂ ਨੂੰ ਤੋੜ ਕੇ, ਪੈਪਸੂ, ਯਾਨੀ 'ਪਟਿਆਲਾ ਐਂਡ ਈਸਟ ਪੰਜਾਬ ਸਟੇਟਸ ਯੂਨੀਅਨ' ਨਾਂ ਦੇ ਕੇ ਇਕ ਸੂਬਾ ਬਣਾ ਦਿਤਾ ਸੀ। ਇਸ ਦਾ ਰਾਜ ਪ੍ਰਮੁਖ ਮਹਾਂਰਾਜਾ ਪਟਿਆਲਾ ਯਾਦਵਿੰਦਰ ਸਿੰਘ ਅਤੇ ਉਸ ਦਾ ਮਾਮਾ, ਸ. ਗਿਆਨ ਸਿੰਘ ਰਾੜੇਵਾਲ਼ਾ ਮੁਖ ਮੰਤਰੀ ਬਣਾ ਦਿਤਾ ਗਿਆ ਸੀ। ਅਕਾਲੀ ਇਸ ਸਰਕਾਰ 'ਤੇ ਖ਼ੁਸ਼ ਨਹੀਂ ਸਨ। ਵੈਸੇ ਵੀ ਪਟਿਆਲਾ ਰਿਆਸਤ ਦੇ ਮਾਲਕ ਅਠਾਰ੍ਹਵੀਂ ਸਦੀ ਤੋਂ ਪੰਥਕ ਹਿਤਾਂ ਦੇ ਖ਼ਿਲਾਫ਼ ਹੀ ਭੁਗਤਦੇ ਰਹੇ, ਚਾਹੇ ਉਹ ਅਹਿਮਦ ਸ਼ਾਹ ਅਬਦਾਲੀ ਦੀ ਹਕੂਮਤ ਸੀ ਤੇ ਚਾਹੇ ਅੰਗ੍ਰੇਜ਼ਾਂ ਦੀ। ਅਕਾਲੀਆਂ ਨੇ ਇਸ ਸਰਕਾਰ ਨੂੰ ਤੋੜਨ ਵਾਸਤੇ ਆਪਣੀ ਪ੍ਰੰਪਰਾ ਅਨੁਸਾਰ ਸ਼ਾਂਤਮਈ ਮੋਰਚਾ ਲਾ ਦਿਤਾ ਸੀ। ਜੇਹਲੋਂ ਰਿਹਾਈ ਪਿੱਛੋਂ ਸੰਤ ਜੀ ਨੇ ਲੁਧਿਆਣੇ ਤੋਂ ਜਥਾ ਲੈ ਕੇ, ਪਟਿਆਲੇ ਜਾ ਕੇ ਫਿਰ ਗ੍ਰਿਫ਼ਤਾਰੀ ਦੇ ਦਿਤੀ ਤੇ ਮੋਰਚੇ ਦੇ ਅੰਤ ਤੱਕ ਜੇਹਲ ਵਿਚ ਰਹੇ। ੧੯੫੩ ਵਿਚ ਗੰਗਾਨਗਰ ਜ਼ਿਲ੍ਹੇ ਦੇ ਕਿਸਾਨਾਂ ਨੇ ਜਦੋਂ ਮਾਮਲੇ ਦੇ ਵਾਧੇ ਵਿਰੁਧ ਮੋਰਚਾ ਲਾਇਆ ਤਾਂ ਉਸ ਵਿਚ ਵੀ ਸ਼ਾਮਲ ਹੋ ਕੇ, ਸੰਤ ਜੀ ਨੇ ਜੇਹਲ ਯਾਤਰਾ ਕੀਤੀ ਅਤੇ ਫਿਰ ੧੯੬੦ ਵਾਲ਼ੇ ਪੰਜਾਬੀ ਸੂਬਾ ਮੋਰਚੇ ਵਿਚ ਵੀ ਲੰਮਾ ਸਮਾ ਜੇਹਲ ਕੱਟੀ।

੧੯੫੦ ਵਿਚ ਸੰਤ ਜੀ ਸਰਬ ਸੰਮਤੀ ਨਾਲ਼ ਰਾਜਸਥਾਨ ਅਕਾਲੀ ਦਲ ਦੇ ਪ੍ਰਧਾਨ ਚੁਣੇ ਗਏ। ਇਸ ਸੇਵਾ ਉਪਰ ਉਹ ੧੯੬੨ ਤੱਕ ਰਹੇ। ਇਸ ਸਮੇ ਦੌਰਾਨ ਸੰਤ ਜੀ

ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਗੰਗਾ ਨਗਰ ਦੇ ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਦੇ ਮੈਂਬਰ, ੧੯੫੮-੬੦ ਵਿਚ, ਦਲ ਦੇ ਮੀਤ ਪ੍ਰਧਾਨ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਰਹੇ।

੨ ਅਕਤੂਬਰ, ੧੯੬੨ ਵਾਲ਼ੇ ਦਿਨ ਸੰਤ ਜੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਚੁਣੇ ਗਏ। ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਹੇਠ, ਸਾਰੀਆਂ ਪੰਥਕ ਸਰਗਰਮੀਆਂ ਦੀ ਜ਼ੁੰਮੇਵਾਰੀ ਇਹਨਾਂ ਦੇ ਮੋਢਿਆਂ ਉਪਰ ਪੈ ਜਾਣ ਸਦਕਾ, ਫਿਰ ਰਾਜਸਥਾਨ ਅਕਾਲੀ ਦਲ ਦੀ ਜ਼ੁੰਮੇਵਾਰੀ ਜਥੇਦਾਰ ਕਸ਼ਮੀਰਾ ਸਿੰਘ ਜੀ ਨੂੰ ਦੇ ਦਿਤੀ ਗਈ।

ਸੰਤ ਚੰਨਣ ਸਿੰਘ ਜੀ ਆਪਣੇ ਅਕਾਲ ਚਲਾਣੇ, ੨੯ ਨਵੰਬਰ ੧੯੭੨ ਤੱਕ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਦੇ ਨਾਲ਼ ਨਾਲ਼ ਸਮੁਚੀ ਪੰਥਕ ਜਥੇਬੰਦੀ ਦੇ ਮੁਖੀ ਵੀ ਰਹੇ। ਇਹਨਾਂ ਜ਼ੁੰਮੇਵਾਰੀਆਂ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਅਕਾਲੀ ਦਲ, ਦਲ ਦੀ ਅਖ਼ਬਾਰ 'ਕੌਮੀ ਦਰਦ', ਗੁਰਦੁਆਰਾ ਬੁਢਾ ਜੌਹੜ ਆਦਿ ਬਹੁਤ ਸਾਰੀਆਂ ਧਾਰਮਿਕ, ਵਿਦਿਅਕ, ਸਿਆਸੀ, ਭਾਈਚਾਰਕ, ਆਦਿ ਸੰਸਥਾਵਾਂ ਦੀ ਜ਼ੁੰਮੇਵਾਰੀ, ਸੰਤ ਫ਼ਤਿਹ ਸਿੰਘ ਜੀ ਦੀ ਆਗਿਆ ਅਨੁਸਾਰ ਆਪ ਜੀ ਹੀ ਨਿਭਾਉਂਦੇ ਰਹੇ। ਮੁੱਕਦੀ ਗੱਲ ਇਹ ਕਿ ਸੰਤ ਚੰਨਣ ਸਿੰਘ ਜੀ ਪੂਰਾ ਇਕ ਦਹਾਕਾ ਪੰਥਕ ਸਿਆਸਤ ਦੇ ਮੁਕੰਮਲ ਤੌਰ 'ਤੇ ਸੰਚਾਲਕ ਰਹੇ। ਜਨਤਾ ਵਿਚ ਨਾਂ ਸੰਤ ਫ਼ਤਿਹ ਸਿੰਘ ਦਾ ਸੀ ਪਰ ਅਮਲੀ ਤੌਰ 'ਤੇ ਸਾਰਾ ਕਾਰਜ ਸੰਤ ਚੰਨਣ ਸਿੰਘ ਜੀ ਹੀ ਕਰਦੇ ਸਨ।

### *ਆਪਣੀਆਂ ਯਾਦਾਂ*

ਗੁਰਦੁਆਰਾ ਬੁਢਾ ਜੌਹੜ ਤੋਂ ੧੯੬੭ ਵਾਲ਼ੀਆਂ ਅਸੈਂਬਲੀ ਅਤੇ ਪਾਰਲੀਮੈਂਟ ਦੀਆਂ ਚੋਣਾਂ ਸਮੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ, ਸ੍ਰੀ ਮਾਨ ਸੰਤ ਬਾਬਾ ਫ਼ਤਿਹ ਸਿੰਘ ਜੀ, ਮੇਰੀ ਸਟੇਜ ਸੰਭਾਲਣ ਦੀ ਯੋਗਤਾ ਵੇਖ ਕੇ ਮੈਨੂੰ ਆਪਣੇ ਪੀ.ਏ. ਵਜੋਂ ਨਾਲ਼ ਲੈ ਆਏ। ਮੈਨੂੰ ਓਥੇ ਗੁਰਮਤਿ ਸੰਗੀਤ ਦੇ ਅਧਿਆਪਕ ਭਾਈ ਗੁਰਮੇਲ ਸਿੰਘ ਜੀ ਨੂੰ ਕਲਾਸੀਕਲ ਸੰਗੀਤ ਦੀ ਅਗਲੇਰੀ ਸਿੱਖਿਆ ਦੇਣ ਵਾਸਤੇ, ਪਟਿਆਲੇ ਤੋਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ, ਸ੍ਰੀ ਮਾਨ ਸੰਤ ਬਾਬਾ ਚੰਨਣ ਸਿੰਘ ਜੀ ਨੇ ਭੇਜਿਆ ਹੋਇਆ ਸੀ। ਪੰਜਾਬੀ ਸੂਬੇ ਦੀ ਕਾਇਮੀ ਤੋਂ ਬਾਅਦ ਪੰਜਾਬ ਵਿਚ ਪਹਿਲੀ ਕਾਂਗਰਸ ਵਿਰੋਧੀ ਸਰਕਾਰ ਬਣਾਉਣ ਲਈ, ਸਾਰੇ ਆਗੂ ਸੰਤ ਫ਼ਤਿਹ ਸਿੰਘ ਜੀ ਨੂੰ, ਜ਼ਿਲ੍ਹਾ ਗੰਗਾਨਗਰ ਦੇ ਸੈਂਟਰਲ ਗੁਰਦੁਆਰਾ ੧੯ ਜ਼ੈਡ ਤੋਂ ਲੈ ਆਏ ਤੇ ਡੇਰਾ ਆਣ ਕੇ ਖੰਨੇ, ਸ. ਮਹਿੰਦਰ ਸਿੰਘ ਦੇ ਕਾਰਖ਼ਾਨੇ ਵਿਚ ਲਾਇਆ ਗਿਆ। ਓਥੇ ੫੩ ਐਮ.ਐਲ.ਏਜ਼. ਦੀ ਮੀਟਿੰਗ, ਸੰਤ ਚੰਨਣ ਸਿੰਘ ਜੀ ਦੀ ਪ੍ਰਧਾਨਗੀ ਹੇਠ ਹੋਈ। ਉਸ ਵਿਚ 'ਪੀਪਲਜ਼ ਯੂਨਾਈਟਡ ਫ਼ਰੰਟ' ਨਾਂ ਦੀ ਜਥੇਬੰਦੀ ਬਣਾ ਕੇ, ਉਸ ਦਾ

ਲੀਡਰ ਜਸਟਿਸ ਗੁਰਨਾਮ ਸਿੰਘ ਅਤੇ ਡਿਪਟੀ ਲੀਡਰ ਜਨਸੰਘੀ ਡਾ. ਬਲਦੇਵ ਪ੍ਰਕਾਸ਼ ਨੂੰ ਚੁਣ ਲਿਆ ਗਿਆ। ਪ੩ ਐਮ.ਐਲ.ਏਆਂ ਦੇ ਦਸਤਖ਼ਤਾਂ ਵਾਲ਼ਾ ਜੋ ਕਾਗ਼ਜ਼ ਮੇਰੇ ਕੋਲ਼ ਸੀ, ਉਸ ਉਪਰ ਦਰਖ਼ਾਸਤ ਲਿਖ ਕੇ ਰਾਜਪਾਲ ਨੂੰ ਪੇਸ਼ ਕਰ ਦਿਤੀ ਗਈ ਤੇ ਉਸ ਨੇ ੯ ਮਾਰਚ ਵਾਲ਼ੀ ਸਵੇਰ ਨੂੰ, ਜਸਟਿਸ ਗੁਰਨਾਮ ਸਿੰਘ ਦੀ ਅਗਵਾਈ ਹੇਠ ਵਜ਼ਾਰਤ ਨੂੰ ਸਹੁੰ ਚੁੱਕਾ ਦਿਤੀ। ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਵਾਲ਼ੀ, ਸਾਰੀਆਂ ਹੀ ਕਾਂਗਰਸ ਵਿਰੋਧੀ ਪਾਰਟੀਆਂ ਦੀ ਮਿਲ਼ੀ ਜੁਲ਼ੀ ਇਹ ਸਰਕਾਰ 'ਫ਼ਰੰਟ ਸਰਕਾਰ' ਕਰਕੇ ਪ੍ਰਸਿਧ ਹੋਈ। ਇਹਨਾਂ ਇਤਿਹਾਸਕ ਘਟਨਾਵਾਂ ਨੂੰ ਮੈਂ ਹੋਰ ਵਿਸਥਾਰ ਵਿਚ, ਆਪਣੀ ਚੌਥੀ ਕਿਤਾਬ *ਬਾਤਾਂ ਬੀਤੇ ਦੀਆਂ* ਵਿਚ ਲਿਖ ਚੁੱਕਾ ਹਾਂ।

ਸ੍ਰੀਮਾਨ ਮਾਸਟਰ ਤਾਰਾ ਸਿੰਘ ਜੀ ਦੀ ਅਗਵਾਈ ਵਾਲ਼ੇ ਸਮੇ ਸੰਤ ਜੀ, ਰਾਜਸਥਾਨ ਵੱਲੋਂ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਨੁਮਾਇੰਦਗੀ ਕਰਦੇ ਰਹੇ ਪਰ ਜਦੋਂ ਤੋਂ ਆਪ ਜੀ ਪੰਥ ਦੀ ਸ਼੍ਰੋਮਣੀ ਸੰਸਥਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਣੇ ਤਾਂ, ਸ੍ਰੀਮਾਨ ਸੰਤ ਬਾਬਾ ਫ਼ਤਿਹ ਸਿੰਘ ਜੀ ਦੀ ਅਗਵਾਈ ਵਿਚ, ਸਾਰੀਆਂ ਪੰਥਕ ਸਰਗਰਮੀਆਂ ਦੇ ਕੇਂਦਰ ਬਿੰਦੂ ਹੀ ਬਣ ਗਏ। ਗੁਰਦੁਆਰਾ ਬੁਢਾ ਜੌਹੜ, ਸ਼੍ਰੋਮਣੀ ਕਮੇਟੀ, ਸ਼੍ਰੋਮਣੀ ਅਕਾਲੀ ਦਲ, *ਕੌਮੀ ਦਰਦ* ਅਖ਼ਬਾਰ ਆਦਿ ਸਾਰੀਆਂ ਹੀ ਪੰਥਕ ਧਾਰਮਿਕ, ਵਿੱਦਿਅਕ, ਭਾਈਚਾਰਕ, ਸੰਸਥਾਵਾਂ ਦੇ ਪ੍ਰਬੰਧ ਨੂੰ ਚਲਾਉਣ ਦੀ ਜੁੰਮੇਵਾਰੀ ਇਹਨਾਂ ਦੇ ਸਿਰ ਹੀ ਹੁੰਦੀ ਸੀ। ਮੱਸਿਆ ਸੰਗ੍ਰਾਂਦ ਗੁਰਪੁਰਬ ਆਦਿ ਸਮਾਗਮਾਂ 'ਤੇ ਕੇਹੜੇ ਪ੍ਰਚਾਰਕ, ਆਗੂ, ਵਜ਼ੀਰ ਨੂੰ ਕੇਹੜੇ ਥਾਂ ਲੈਕਚਰ ਦੇਣ ਲਈ ਜਾਣਾ ਆਦਿ ਦੀਆਂ ਹਿਦਾਇਤਾਂ ਸੰਤ ਜੀ ਹੀ ਦਿਆ ਕਰਦੇ ਸਨ। ਜਦੋਂ ਵੀ ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਵਾਲ਼ੀ ਸਰਕਾਰ ਹੋਵੇ ਜਾਂ ਦਲ ਅਪੋਜ਼ੀਸ਼ਨ ਵਿਚ ਹੋਵੇ ਤਾਂ ਵੀ ਸਾਰੇ ਫ਼ੈਸਲੇ ਸੰਤ ਜੀ ਹੀ ਕਰਿਆ ਕਰਦੇ ਸਨ। ਦੂਜੀਆਂ ਪਾਰਟੀਆਂ ਅਤੇ ਕੇਂਦਰ ਸਰਕਾਰ ਨਾਲ਼ ਵੀ ਸਾਰਾ ਤਾਲ਼ ਮੇਲ਼ ਸੰਤ ਜੀ ਹੀ ਰੱਖਿਆ ਕਰਦੇ ਸਨ।

ਸੰਤ ਜੀ ਕੌਮੀ ਵਸੀਲਿਆਂ ਨੂੰ ਅੱਤ ਸੰਜਮ ਨਾਲ਼ ਵਰਤਿਆ ਕਰਦੇ ਸਨ। ਦੇਗ ਵਿਚੋਂ ਦਾਣਾ ਟੋਹਣ ਵਾਂਗ ਮੈਂ ਦੋ ਚਾਰ ਮਿਸਾਲਾਂ ਉਹਨਾਂ ਦੇ ਸੰਜਮ ਦੀਆਂ ਦਿੰਦਾ ਹਾਂ ਜਿਨ੍ਹਾਂ ਤੋਂ ਸੰਜਮੀ ਹੋਣ ਤੋਂ ਵਧ ਕੇ ਕੰਜੂਸ ਹੋਣ ਤੱਕ ਪਹੁੰਚ ਜਾਂਦੇ ਸਨ : ਗੁਰਦੁਆਰਾ ਬੁਢਾ ਜੌਹੜ ਵਿਚ ਗ਼ਰੀਬ ਪਰਵਾਰਾਂ ਦੇ ਬਹੁਤ ਸਾਰੇ ਅੰਗਹੀਣ ਵਿਅਕਤੀ ਅਤੇ ਵਿਦਿਆਰਥੀ, ਇਹਨਾਂ ਦੀ ਦੇਖ ਰੇਖ ਹੇਠ ਰਹਿੰਦੇ ਸਨ। ਉਹਨਾਂ ਵਿਚੋਂ ਇਕ ਬੱਚਾ ਭਾਈ ਗੁਰਮੇਲ ਸਿੰਘ ਨਾਂ ਦਾ ਸੀ, ਜੋ ਬਾਅਦ ਵਿਚ ਕੀਰਤਨ ਸਿੱਖ ਕੇ ਓਸੇ ਵਿਦਿਆਲੇ ਵਿਚ ਅਧਿਆਪਕ ਵਜੋਂ ਸੇਵਾ ਕਰਦਾ ਰਿਹਾ ਤੇ ਅੱਜ ਕਲ੍ਹ ਲੰਡਨ ਵਿਚ ਸਫਲ ਰਾਗੀ ਵਜੋਂ ਵਿਚਰ ਰਿਹਾ ਹੈ। ਭਾਈ ਗੁਰਮੇਲ ਸਿੰਘ ਜੀ ਨੇ ਆਪਣੀ ਜ਼ਬਾਨੀ ਮੈਨੂੰ ਇਹ ਗੱਲ ਸੁਣਾਈ ਕਿ ਇਕ ਵਾਰੀਂ ਮੈਂ ਬਾਬਾ ਜੀ ਤੋਂ ਇਸ਼ਨਾਨ ਕਰਨ ਸਮੇ ਕਛਹਿਰਾ ਬਦਲਣ ਲਈ ਇਕ ਪਰਨਾ ਮੰਗਿਆ ਤੇ ਉਹ

ਆਲ਼ਾ ਟਾਲ਼ਾ ਕਰੀ ਗਏ। ਮੈਨੂੰ ਪਰਨਾ ਨਾ ਦਿਤਾ। ਮੈਂ ਰੁੱਸ ਕੇ ਆਪਣੇ ਪਿੰਡ ਸਾਹਿਬ ਸਿੰਘ ਵਾਲ਼ਾ ਚਲਿਆ ਗਿਆ। ਕੁਝ ਦਿਨਾਂ ਬਾਅਦ ਬਾਬਾ ਜੀ ਮੇਰੇ ਪਿੰਡ ਆਏ ਤੇ ਮੈਨੂੰ ਮਨਾ ਕੇ ਆਪਣੇ ਨਾਲ਼ ਲੈ ਗਏ। ਬੱਸ ਵਿਚ ਜਾਂਦਿਆਂ ਆਖਣ ਲੱਗੇ, “ਪਰ ਮੈਂ ਤੈਨੂੰ ਪਰਨਾ ਕੋਨੀ ਲੈ ਕੇ ਦੇਣਾ!” ਸ਼ਬਦ ‘ਕੋਨੀ’ ਰਾਜਸਥਾਨੀ ਬੋਲੀ ਦਾ ਹੈ, ਜਿਸ ਦਾ ਮਤਲਬ ਕੋਈ ਨਹੀਂ ਹੈ।

ਸ਼ਾਇਦ ਇਹ ਗੱਲ ਪਾਠਕਾਂ ਨੂੰ ਦਿਲਚਸਪ ਲੱਗੇ ਕਿ ਦੋਵੇਂ ਸੰਤ ਜੀ ਵਿਦਿਆਲੇ ਵਿਚ ਤੇ ਹੋਰ ਵੀ ਸਾਰੇ ਥਾਵਾਂ ’ਤੇ ਗ਼ਰੀਬ ਘਰਾਂ ਦੇ ਤੇ ਖ਼ਾਸ ਕਰਕੇ ਪਛੜੇ ਵਰਗਾਂ ਦੇ ਬੱਚਿਆਂ ਦੀ ਸੰਭਾਲ਼ ਵੱਲ਼ ਉਚੇਚਾ ਧਿਆਨ ਦਿਆ ਕਰਦੇ ਸਨ। ਆਪਣੇ ਗੜਵਈ, ਡਰਾਈਵਰ ਆਦਿ ਵੀ ਇਹਨਾਂ ਪਰਵਾਰਾਂ ਦੇ ਬੱਚੇ ਹੀ ਰੱਖਦੇ ਸਨ। ਅੱਜ ਕਲ੍ਹ ਇਹਨਾਂ ਨੂੰ ਦਲਿਤ ਆਖਿਆ ਜਾਂਦਾ ਹੈ। ਜਦੋਂ ਸੰਤ ਫ਼ਤਿਹ ਸਿੰਘ ਜੀ, ੧੯੬੭ ਵਿਚ ਗੁਰਦੁਆਰਾ ਬੁਢਾ ਜੌਹੜ ਤੋਂ ਮੈਨੂੰ ਆਪਣੇ ਨਾਲ਼ ਲਿਆਉਣ ਲਈ ਆਪਣੀ ਕਾਰ ਵਿਚ ਬਿਠਾਉਣ ਲੱਗੇ ਤਾਂ ਆਪਣੀ ਉਚੇਚੀ ਹਾਸਰਸੀ ਤੇ ਧੀਮੀ ਜਿਹੀ ਬੋਲੀ ਵਿਚ ਬੋਲੇ, “ਭਾਈ, ਅਸੀਂ ਤਾਂ ਆਪਣੇ ਨਾਲ਼ ਉਸ ਬੰਦੇ ਨੂੰ ਰੱਖਦੇ ਹਾਂ ਜੇਹੜਾ ਪਛੜੀਆਂ ਸ਼੍ਰੇਣੀਆਂ ਵਿਚੋਂ ਹੋਵੇ। ਕੰਮ ਦੋ ਬੰਦਿਆਂ ਦਾ ਕਰੇ ਤੇ ਕਾਰ ਵਿਚ ਥਾਂ ਅੱਧੇ ਸਰੀਰ ਦਾ ਮੱਲੇ। ਬਾਕੀ ਤਾਂ ਸਾਰਾ ਕੁਝ ਠੀਕ ਹੈ, ਇਕ ਗੱਲ ਦਾ ਘਾਟਾ ਹੈ। ਤੂੰ ਉਸ ਸ਼੍ਰੇਣੀ ਵਿਚੋਂ ਨਹੀਂ ਪਰ ਕੋਈ ਗੱਲ ਨਹੀਂ ਤੇਰਾ ਰੰਗ ਉਹਨਾਂ ਨਾਲ਼ ਮਿਲ਼ਦਾ ਜੁਲ਼ਦਾ ਹੈ, ਇਸ ਲਈ ਠੀਕ ਹੀ ਰਹੇਗਾ।

ਜਦੋਂ ਸੰਤ ਚੰਨਣ ਸਿੰਘ ਜੀ ੨ ਅਕਤੂਬਰ, ੧੯੬੨ ਵਾਲ਼ੇ ਦਿਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬਣੇ ਤਾਂ ਅੰਮ੍ਰਿਤਸਰੋਂ ਗੁਰਦੁਆਰਾ ਬੁਢਾ ਜੌਹੜ ਨੂੰ ਬੱਸ ਉਪਰ ਗੰਗਾਨਗਰ ਪਹੁੰਚੇ ਤੇ ਓਥੋਂ ਅੱਗੇ ਦੂਜੀ ਬੱਸ ਉਪਰ ਰਾਇ ਸਿੰਘ ਨਗਰ ਗਏ ਤੇ ਓਥੋਂ ਕਿਸੇ ਜਾਣੂ ਅਕਾਲੀ ਵਰਕਰ ਦਾ ਸਾਈਕਲ ਮੰਗ ਕੇ ਗੁਰਦੁਆਰਾ ਬੁਢਾ ਜੌਹੜ ਪਹੁੰਚੇ। ਆਪਣੇ ਖਾਣ ਲਈ ਆਟਾ, ਬਿਸਤਰੇ ਦੇ ਬਸਤਰ, ਅਤੇ ਮਾਲ਼ਟੇ ਵੀ ਗੁਰਦੁਆਰਾ ਬੁਢਾ ਜੌਹੜ ਤੋਂ ਲਿਆਇਆ ਕਰਦੇ ਸਨ। ਅੰਮ੍ਰਿਤਸਰ ਵਿਚ ਉਹਨਾਂ ਦੀ ਰਿਹਾਇਸ਼ ਪਹਿਲਾਂ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਦੀ ਦੂਜੀ ਮੰਜ਼ਲ ਦੀ ਇਕ ਨੁੱਕਰ ਵਿਚਲੇ ਕਮਰੇ ਵਿਚ ਹੁੰਦੀ ਸੀ ਤੇ ਓਹੀ ਕਮਰਾ ਦਿਨੇ ਉਹਨਾਂ ਦਾ ਦਫ਼ਤਰ ਤੇ ਰਾਤ ਨੂੰ ਸੌਣ ਕਮਰਾ ਹੁੰਦਾ ਸੀ। ਫਿਰ ਨਵੰਬਰ ੧੯੬੭ ਤੋਂ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਦਫ਼ਤਰ ਦੀ ਉਪਰਲੀ ਮੰਜ਼ਲ ਦੇ ਇਕ ਕਮਰੇ ਵਿਚ ਹੁੰਦੀ ਸੀ। ਉਸ ਨੂੰ ਝੂਠੇ ਬਾਜ਼ਾਰ ਤੋਂ ਵੀ ਪਉੜੀਆਂ ਚੜ੍ਹਦੀਆਂ ਸਨ ਪਰ ਵਧੇਰੇ ਆਵਾਜਾਈ ਸ੍ਰੀ ਅਕਾਲ ਤਖ਼ਤ ਸਾਹਿਬ ਵਾਲ਼ੇ ਪਾਸੇ ਤੋਂ ਹੀ ਹੁੰਦੀ ਸੀ। ਦੋਹਾਂ ਜੁੜਵੀਆਂ ਇਮਾਰਤਾਂ ਦੇ ਵਿਚਲੀ ਕੰਧ ਵਿਚ ਪਾੜ ਪਾ ਕੇ ੧੯੬੦ ਤੋਂ ਹੀ ਇਕ ਛੋਟਾ ਜਿਹਾ ਲੋਹੇ ਦਾ ਦਰਵਾਜ਼ਾ ਲਾਇਆ ਹੋਇਆ ਸੀ।

ਸੰਤ ਜੀ ਸਰਕਾਰਾਂ ਬਣਾਉਣ/ਤੋੜਨ ਵਾਲ਼ੀਆਂ ਸਾਰੀਆਂ ਸਰਗਰਮੀਆਂ, ਚੰਡੀਗੜ੍ਹ ਵਿਚਲੀ ਸਰਦਾਰ ਬਾਸੀ ਦੀ ਸਰਕਾਰੀ ਕੋਠੀ ਵਿਚ ਰਹਿ ਕੇ ਚਲਾਇਆ ਕਰਦੇ ਸਨ।

ਉਹਨਾਂ ਦੇ ਨਾਲ਼ ਇਕ ਸੇਵਾਦਾਰ, ਇਕ ਗੰਨਮੈਨ, ਇਕ ਡਰਾਈਵਰ ਤੇ ਇਕ ਮੈਂ ਹੁੰਦਾ ਸੀ। ਇਕ ਦਿਨ ਮੈਨੂੰ ਆਖਿਆ ਕਿ ਜੇ ਮੈਂ ਉਹਨਾਂ ਦੀਆਂ ਦਵਾਈਆਂ ਬਾਰੇ ਸੇਵਾਦਾਰ ਕੋਲ਼ੋਂ ਜਾਣਕਾਰੀ ਲੈ ਲਵਾਂ ਤਾਂ ਸੇਵਾਦਾਰ ਨੂੰ ਦਫ਼ਤਰ ਵਿਚ ਕਿਸੇ ਹੋਰ ਕੰਮ ’ਤੇ ਲਾ ਦਿਤਾ ਜਾਵੇ। ਮੈਂ ਸੱਤ ਬਚਨ ਆਖ ਕੇ ਦਵਾਈਆਂ ਦਾ ਚਾਰਜ ਵੀ ਸਾਂਭ ਲਿਆ ਤੇ ਸੇਵਾਦਾਰ ਨੂੰ ਦਫ਼ਤਰ ਵਿਚ ਕਿਸੇ ਹੋਰ ਡਿਊਟੀ ’ਤੇ ਲਾ ਦਿਤਾ ਗਿਆ।

ਉਹਨਾਂ ਨੇ ਆਵਾਜਾਈ ਵਾਸਤੇ ਇਕ ਐਂਬੈਸਡਰ ਕਾਰ ਉਪਰ ਜੀਪ ਦੀ ਬਾੱਡੀ ਲਵਾ ਕੇ, ਉਸ ਦੇ ਮਿਸਤਰੀ ਤੋਂ ਤਿੰਨ ਹਿੱਸੇ ਕਰਵਾਏ ਹੋਏ ਸਨ। ਅਗਲੇ ਹਿੱਸੇ ਵਿਚ ਡਰਾਈਵਰ ਤੇ ਇਕ ਗੰਨਮੈਨ, ਪਿਛਲੇ ਹਿੱਸੇ ਵਿਚ ਮੈਂ ਤੇ ਵਿਚਕਾਰਲੇ ਵੱਡੇ ਹਿੱਸੇ ਵਿਚ ਸੰਤ ਜੀ। ਉਸ ਹਿੱਸੇ ਤੋਂ ਹੀ ਉਹ ਲੋੜ ਪੈਣ ’ਤੇ ਸੌਣ ਦਾ ਕੰਮ ਵੀ ਲੈ ਲਿਆ ਕਰਦੇ ਸਨ। ਫਿਰ ਅਖ਼ਬਾਰਾਂ ਆਦਿ ਪੜ੍ਹ ਕੇ ਸੁਣਾਉਣ ਲਈ ਮੈਂ ਵੀ ਓਥੇ ਉਹਨਾਂ ਦੇ ਕੋਲ਼ ਹੀ ਬੈਠਿਆ ਕਰਦਾ ਸਾਂ।

ਖਾਣਾ ਉਹਨਾਂ ਦਾ ਅੱਤ ਸਾਦਾ ਹੁੰਦਾ ਸੀ। ਫੁਲਕੇ ਦੇ ਨਾਲ਼ ਦਾਲ਼ ਜਾਂ ਇਕ ਸਬਜ਼ੀ ਹੁੰਦੀ ਸੀ। ਇਕ ਸਮੇ ਇਕੋ ਚੀਜ਼। ਸਭ ਤੋਂ ਮਨ ਪਸੰਦ ਉਹਨਾਂ ਦਾ ਭੋਜਨ ਰੋਟੀ ਦਾ ਘੁੱਗੂ ਬਣਾ ਕੇ, ਦੁਧ ਨਾਲ਼ ਘੁੱਟੋ ਵੱਟੀ ਖਾਣਾ ਹੁੰਦਾ ਸੀ। ਨਾ ਕੋਈ ਮਿਰਚ ਮਸਾਲਾ, ਨਾ ਅਚਾਰ ਚਟਣੀ ਤੇ ਨਾ ਹੀ ਕੋਈ ਹੋਰ ਮਿੱਠੀ ਵਸਤੂ। ਅੰਮ੍ਰਿਤਸਰ ਵਿਚ ਰਿਹਾਇਸ਼ ਸਮੇ ਇਕ ਸੇਵਾਦਾਰ ਉਹਨਾਂ ਦਾ ਦੋਵੇਂ ਵੇਲ਼ੇ ਪ੍ਰਸ਼ਾਦਾ ਬਣਾ ਕੇ ਦਿੰਦਾ ਹੁੰਦਾ ਸੀ। ਚਾਹ ਦੇ ਨੇੜੇ ਨਹੀਂ ਸਨ ਜਾਂਦੇ। ਹਾਸੇ ਵਿਚ ਕਹਿੰਦੇ ਹੁੰਦੇ ਸਨ ਕਿ ਤੇਜ਼ ਤੁਰਨ ਲਈ ਜਿਹਾ ਖੋਤੇ ਨੂੰ ਇਕ ਡੰਡਾ ਮਾਰ ਲਿਆ, ਤੇਹਾ ਬੰਦੇ ਨੇ ਇਕ ਗਲਾਸ ਚਾਹ ਦਾ ਪੀ ਲਿਆ। ਜਿਵੇਂ ਥੋਹੜਾ ਕੁ ਚਿਰ ਖੋਤਾ ਡੰਡੇ ਦੇ ਅਸਰ ਨਾਲ਼ ਤੇਜ਼ ਤੁਰਦਾ ਹੈ, ਏਸੇ ਤਰ੍ਹਾਂ ਚਾਹ ਦੇ ਅਸਰ ਨਾਲ਼ ਬੰਦਾ ਵੀ ਥੋਹੜਾ ਕੁ ਚਿਰ ਤੇਜ਼ ਤੁਰ ਲੈਂਦਾ ਹੈ। ਮਗਰੋਂ ਫਿਰ ਉਹੋ ਹੀ ਚਾਲ ਬਣ ਜਾਂਦੀ ਹੈ। ਇਸ ਦੇ ਉਲ਼ਟ ਸੰਤ ਫ਼ਤਿਹ ਸਿੰਘ ਜੀ ਬਿਨਾ ਦੁਧ ਅਤੇ ਮਿੱਠੇ ਤੋਂ ਚਾਹ ਪੀਂਦੇ ਸਨ। ਪਹਿਰਾਵਾ ਕੀ ਹੁੰਦਾ ਸੀ! ਗਰਮੀਆਂ ਵਿਚ, ਸਿਰ ਦੀ ਨੀਲੀ ਦਸਤਾਰ ਤੇ ਤੇੜ ਦੇ ਕਛਹਿਰੇ ਤੋਂ ਇਲਾਵਾ, ਗਲ਼ ਵਿਚ ਮਲ ਮਲ ਦਾ ਕੁੜਤਾ ਹੁੰਦਾ ਸੀ। ਸਰਦੀਆਂ ਨੂੰ ਭਾਰੇ ਕੱਪੜੇ ਦਾ ਝੱਗਾ ਤੇ ਲੋਈ ਜਾਂ ਕੰਬਲ਼ ਦੀ ਬੁੱਕਲ਼ ਮਾਰਦੇ ਸਨ। ਇਹਨਾਂ ਬਸਤਰਾਂ ਤੋਂ ਇਲਾਵਾ ਹੋਰ ਕੁਝ ਵੀ ਨਹੀਂ ਸਨ ਵਰਤਦੇ। ਗਲ਼ ਦੇ ਕੁੜਤੇ ਤੇ ਹੋਰ ਨਿਕ ਸੁਕ ਦੀ ਸੰਭਾਲ਼ ਲਈ ਕੋਈ ਮਹਿੰਗਾ ਅਟੈਚੀਕੇਸ ਨਹੀਂ ਸਨ ਰੱਖਦੇ ਬਲਕਿ ਬੁਢਾ ਜੌਹੜ ਦੇ ਮਿਸਤਰੀ ਕੋਲ਼ੋਂ ਇਕ ਲੱਕੜ ਦਾ ਛੋਟਾ ਤੇ ਪਤਲਾ ਜਿਹਾ ਬਕਸਾ ਬਣਵਾ ਕੇ ਰੱਖਿਆ ਹੋਇਆ ਸੀ, ਉਸ ਵਿਚ ਹੀ ਕਛਹਿਰਾ, ਪਰਨਾ ਤੇ ਦੂਜਾ ਕੁੜਤਾ ਰੱਖਿਆ ਕਰਦੇ ਸਨ। ਇਕ ਹੋਰ ਵੀ ਗੱਲ ਸ਼ਾਇਦ ਅਜੀਬ ਲੱਗੇ : ਸ਼੍ਰੋਮਣੀ ਅਕਾਲੀ ਦਲ ਦਾ ਖ਼ਰਚ ਘਟਾਉਣ ਲਈ, ਉਸ ਦੇ ਪ੍ਰਧਾਨ ਵਾਸਤੇ ਜੇਹੜੀਆਂ ਅਖ਼ਬਾਰਾਂ ਆਉਂਦੀਆਂ ਸਨ ਉਹ ਵੀ ਬੰਦ ਕਰ ਦਿਤੀਆਂ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵਾਲ਼ੀਆਂ ਅਖ਼ਬਾਰਾਂ ਹੀ ਦਲ ਦੇ ਪ੍ਰਧਾਨ ਪਾਸ ਪੁੱਜ ਜਾਣੀਆਂ ਤੇ ਆਪ ਰੇਡੀਓ ਤੋਂ ਹੀ

ਖ਼ਬਰਾਂ ਸੁਣ ਕੇ ਗੁਜ਼ਾਰਾ ਕਰ ਲੈਣਾ। ਜਿੰਨਾ ਚਿਰ ਮੈਂ ਨਾਲ਼ ਸੇਵਾ ਵਿਚ ਰਿਹਾ, ਆਪਣੀ ਜੇਬ ਵਿਚੋਂ ਹੀ ਸਾਰੀਆਂ ਪੰਜਾਬੀ ਤੇ ਹਿੰਦੀ ਦੀਆਂ ਅਖ਼ਬਾਰਾਂ ਖ਼ਰੀਦਣੀਆਂ। ਉਰਦੂ ਅੰਗ੍ਰੇਜ਼ੀ ਤੋਂ ਅਣਜਾਣ ਹੋਣ ਕਰਕੇ ਨਾ ਖ਼ਰੀਦਣੀਆਂ ਤੇ ਨਾ ਪੜ੍ਹ ਕੇ ਸੁਣਾਉਣੀਆਂ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਵਜੋਂ ਸੰਤ ਜੀ ਸਾਰੇ ਸਟਾਫ਼ ਮੈਂਬਰਾਂ ਨਾਲ਼ ਯੋਗ ਸਤਿਕਾਰ ਸਹਿਤ ਵਰਤਾ ਕਰਿਆ ਕਰਦੇ ਸਨ। ਸ੍ਰੀ ਹਰਿਮੰਦਰ ਸਾਹਿਬ ਜੀ ਦੇ ਗ੍ਰੰਥੀ ਸਿੰਘ ਅਤੇ ਤਖ਼ਤਾਂ ਦੇ ਜਥੇਦਾਰ ਸਾਹਿਬਾਨ ਨੂੰ ਹਮੇਸ਼ਾ ਖੜ੍ਹੇ ਹੋ ਕੇ ਹੀ ਮਿਲ਼ਿਆ ਕਰਦੇ ਸਨ। ਭਾਵੇਂ ਕਿ ਉਹ ਉਮਰ ਅਤੇ ਧਾਰਮਿਕ ਵਿੱਦਿਆ ਵਿਚ ਸੰਤ ਜੀ ਨਾਲ਼ੋਂ ਛੋਟੀ ਉਮਰ ਦੇ ਹੀ ਹੋਣ! ਲੱਗਦੀ ਵਾਹ ਕਿਸੇ ਮੁਲਾਜ਼ਮ ਦਾ ਬੁਰਾ ਨਹੀਂ ਸਨ ਕਰਦੇ। ਜੇਕਰ ਕਿਸੇ ਤੋਂ ਕੋਈ ਵੱਡੀ ਹੀ ਗ਼ਲਤੀ ਹੋ ਜਾਵੇ ਤਾਂ ਵਧ ਤੋਂ ਵਧ ਇਕ ਸ਼ਹਿਰ ਤੋਂ ਦੂਜੇ ਸ਼ਹਿਰ ਦੇ ਗੁਰਦੁਆਰਾ ਸਾਹਿਬ ਵਿਚ ਬਦਲੀ ਕਰ ਦਿਆ ਕਰਦੇ ਸਨ। ਜੇ ਹੋਰ ਵੀ ਵੱਡੀ ਗ਼ਲਤੀ ਹੋ ਜਾਂਦੀ ਤਾਂ ਮੁਲਾਜ਼ਮ ਨੂੰ ਮੁਅਤਲ ਕਰ ਕੇ, ਕੁਝ ਸਮੇ ਬਾਅਦ ਕੁਝ ਮੈਂਬਰਾਂ ਦੀ ਸਬ ਕਮੇਟੀ ਬਣਾ ਕੇ, ਉਸ ਦਾ ਕੇਸ ਕਮੇਟੀ ਨੂੰ ਸੌਂਪ ਦਿਆ ਕਰਦੇ ਸਨ। ਮੁਲਾਜ਼ਮ ਆਪਣੀ ਗ਼ਲਤੀ ਮੰਨ ਕੇ, ਮੈਂਬਰਾਂ ਦੀ ਮਿੰਨਤ ਖ਼ੁਸ਼ਾਮਦ ਕਰ ਕੇ ਮੁਆਫ਼ੀ ਹਾਸਲ ਕਰ ਲਿਆ ਕਰਦਾ ਸੀ ਤੇ ਉਸ ਨੂੰ ਫਿਰ, ਸਜ਼ਾ ਵਜੋਂ ਥੋਹੜਾ ਬਹੁਤਾ ਜੁਰਮਾਨਾ ਕਰ ਕੇ, ਨੌਕਰੀ ’ਤੇ ਬਹਾਲ ਕਰ ਦਿਤਾ ਜਾਂਦਾ ਸੀ। ਸੰਤ ਜੀ ਵੱਲੋਂ ਲਗਾਤਾਰ ਦਸ ਸਾਲ ਅਜਿਹੀ ਨਰਮੀ ਵਰਤਣ ਨਾਲ਼ ਕਮੇਟੀ ਦੇ ਪ੍ਰਬੰਧ ਵਿਚ ਢਿਲਿਆਈ ਵੀ ਆ ਗਈ।

ਉਹਨਾਂ ਨਾਲ਼ ਹਰੇਕ ਮੁਲਾਜ਼ਮ, ਪਾਰਟੀ ਵਰਕਰ, ਬਿਨਾ ਸਮਾ ਲਏ ਦੇ, ਚੌਵੀ ਘੰਟੇ ਹੀ ਮਿਲ਼ ਸਕਦਾ ਸੀ। ਇਕ ਵਾਰ ਦੀ ਗੱਲ ਹੈ ਕਿ ਸੰਤ ਜੀ ਰਾਤ ਦੀ ਰੋਟੀ ਖਾ ਰਹੇ ਸਨ। ਇਕ ਗੰਗਾਨਗਰ ਦਾ ਨੌਜਵਾਨ ਸੰਤ ਜੀ ਕੋਲ਼ ਕਮੇਟੀ ਵਿਚ ਨੌਕਰੀ ਮੰਗਣ ਆਇਆ। ਕਹਿੰਦਾ ਮੈਨੂੰ ਗੁਰਦੁਆਰੇ ਦਾ ਮੈਨੇਜਰ ਲਾ ਦਿਓ। ਉਸ ਦੀ ਪੜ੍ਹਾਈ ਪੁੱਛਣ ’ਤੇ ਪਤਾ ਲੱਗਾ ਕਿ ਉਸ ਨੇ ਮੈਨੇਜਰ ਦੀ ਯੋਗਤਾ ਵਾਲ਼ੀ ਪੜ੍ਹਾਈ ਨਹੀਂ ਕੀਤੀ। ਜਵਾਬ ਮਿਲਣ ’ਤੇ ਕਹਿੰਦਾ ਕਿ ਫਿਰ ਇੰਸਪੈਕਟਰ ਲਾ ਦਿਓ। ਉਹ ਵੀ ਗੱਲ ਨਾ ਬਣੀ। ਫਿਰ ਕੁਝ ਹੋਰ ਪਦਵੀਆਂ ਦੇ ਨਾਂ ਲਏ, ਪਰ ਕਿਸੇ ਵੀ ਸੱਚੇ ਵਿਚ ਫਿੱਟ ਨਾ ਆਇਆ ਤਾਂ ਕਹਿੰਦਾ ਫਿਰ ਮੈਨੂੰ ਕਿਸੇ ਹਲਕੇ ਤੋਂ ਅਸੈਂਬਲੀ ਵਾਸਤੇ ਟਿਕਟ ਹੀ ਦੇ ਦਿਓ। ਇਹ ਸੁਣ ਕੇ ਅਸੀਂ ਸਾਰੇ ਹੱਸ ਪਏ ਪਰ ਸੰਤ ਜੀ ਸਿਰਫ਼ ਮੁਸਕ੍ਰਾਏ ਹੀ। ਸੰਤ ਜੀ ਕਹਿੰਦੇ ਭਾਈ ਇਸ ਸਮੇ ਤੇ ਕਿਸੇ ਇਲੈਕਸ਼ਨ ਦਾ ਸਮਾ ਨਹੀਂ ਹੈ। ਪਰ ਉਸ ਨੌਜਵਾਨ ਨੂੰ ਨਿਰਾਸ ਨਹੀਂ ਕੀਤਾ। ਗੰਗਾਨਗਰ ਵਿਚ ਪ੍ਰਚਾਰਕ ਲਾ ਦਿਤਾ। ਅਜਿਹੇ ਅਨਪੜ੍ਹ ਜਾਂ ਅਧਪੜ੍ਹ ਪ੍ਰਚਾਰਕ ਏਧਰ ਓਧਰ ਸੁਨੇਹੇ ਪੱਤੇ ਪੁਚਾਉਣ, ਦੀਵਾਨਾਂ ਸਮੇ ਪੰਡਾਲ ਸਜਾਉਣ, ਇਸ਼ਤਿਹਾਰ ਆਦਿ ਵੰਡਣ ਦਾ ਕਾਰਜ ਹੀ ਕਰਿਆ ਕਰਦੇ ਸਨ।

ਇਕ ਬੇਰੁਜ਼ਗਾਰ ਨੌਜਵਾਨ ਵਾਹਵਾ ਮਿੱਠ ਬੋਲੜਾ, ਦਲ ਦੀ ਸਰਕਾਰ ਸਮੇ ਚੰਡੀਗੜ੍ਹ ਵਿਚ ਆਗੂਆਂ ਦੇ ਆਲ਼ੇ ਦੁਆਲ਼ੇ ਫਿਰਦਾ ਰਹਿੰਦਾ ਤੇ ਵਜ਼ੀਰਾਂ ਦੀਆਂ ਕੋਠੀਆਂ ਵਿਚ ਹੀ ਰਾਤ ਨੂੰ ਸੌਂ ਜਾਂਦਾ ਸੀ। ਮੈਨੂੰ ਉਸ ਨੇ ਦੱਸਿਆ ਕਿ ਉਹ ਸੰਤ ਜੀ ਦਾ ਭਤੀਜਾ ਹੈ ਤੇ ਉਸ ਨੇ ਇਹ ਵੀ ਦੱਸਿਆ ਕਿ ਉਹ ਸੰਤ ਜੀ ਦਾ ਰਸੂਖ਼ ਵਰਤ ਕੇ ਆਈ.ਪੀ.ਐਸ. ਬਣਨ ਦੇ ਚੱਕਰ ਵਿਚ ਹੈ। ਇਕ ਦਿਨ ਮੈਂ ਸੰਤ ਜੀ ਕੋਲ਼ ਉਸ ਦਾ ਜ਼ਿਕਰ ਕੀਤਾ ਤਾਂ ਸੰਤ ਜੀ ਆਪਣੇ ਸੁਭਾ ਮੁਤਾਬਕ ਸਹਿਜ ਸੁਭਾ ਹੀ ਬੋਲੇ, "ਸੰਤੋਖ ਸਿਆਹਾਂ, ਕਦੀ ਸਮਾ ਸੀ ਜਦੋਂ ਕੋਈ ਮੇਰਾ ਚਾਚਾ ਬਣਨ ਲਈ ਵੀ ਤਿਆਰ ਨਹੀਂ ਸੀ, ਅੱਜ ਮੇਰਾ ਭਤੀਜਾ ਵੀ ਕੋਈ ਬਣ ਗਿਆ ਹੈ। ਯਾਦ ਰਹੇ ਕਿ ਸੰਤ ਜੀ ਦਾ ਕਦੀ ਵੀ ਕੋਈ ਰਿਸ਼ਤੇਦਾਰ ਮਿਲਣ ਨਹੀਂ ਸੀ ਆਇਆ ਤੇ ਨਾ ਹੀ ਕਦੀ ਉਹਨਾਂ ਨੇ ਕਿਸੇ ਰਿਸ਼ੇਦਾਰ ਦਾ ਜ਼ਿਕਰ ਹੀ ਕੀਤਾ ਸੀ। ਇਸ ਦੇ ਉਲ਼ਟ ਸੰਤ ਫ਼ਤਿਹ ਸਿੰਘ ਜੀ ਦੇ ਚਲਾਣੇ ਮਗਰੋਂ, ਇਕ ਸ. ਮੁਖਤਿਆਰ ਸਿੰਘ ਨਾਂ ਦੇ ਸੱਜਣ ਨੇ ਸੰਤ ਫ਼ਤਿਹ ਸਿੰਘ ਜੀ ਦਾ ਭਰਾ ਹੋਣ ਦਾ ਦਾਅਵਾ ਕੀਤਾ ਸੀ।


ਉਹਨਾਂ ਦੇ ਕਾਰਜ ਕਾਲ਼ ਵਿਚ ਹੋਰ ਵੀ ਕਈ ਗੱਲਾਂ ਵਾਪਰੀਆਂ, ਪਰ ਇਕ ਦਾ ਜ਼ਿਕਰ ਏਥੇ ਕਰਦਾ ਹਾਂ। ਦਲ ਦੀ ਅਖ਼ਬਾਰ *ਕੌਮੀ ਦਰਦ* ਦੇ ਖ਼ਰਚ ਦਾ ਪ੍ਰਬੰਧ ਕਰਨ ਦੀ ਜ਼ੁੰਮੇਵਾਰੀ ਵੀ ਸੰਤ ਜੀ ਦੇ ਸਿਰ ਹੀ ਹੁੰਦੀ ਸੀ। ਉਸ ਉਪਰ ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਦੇ ਥਾਂ ਇਹਨਾਂ ਦਾ ਨਾਂ ਹੀ ਛਪਦਾ ਹੁੰਦਾ ਸੀ। ਕਈ ਦਿਨ ਉਸ ਉਪਰ ਚੰਨਣ ਸਿੰਘ ਦੇ ਥਾਂ ਨੱਚਣ ਸਿੰਘ ਛਪਦਾ ਰਿਹਾ। ਜਦੋਂ ਪਤਾ ਲੱਗਾ ਤਾਂ ਪੁੱਛਣ 'ਤੇ ਸਟਾਫ਼ ਮੈਂਬਰ ਵੱਲੋਂ ਜਵਾਬ ਮਿਲ਼ਿਆ, "ਸਾਨੂੰ ਤਨਖ਼ਾਹਾਂ ਨਹੀਂ ਸਮੇ ਸਿਰ ਮਿਲ਼ਦੀਆਂ; ਹੋਰ ਅਸੀਂ ਕੀ ਕਰੀਏ!" ਇਹ ਅਨੋਖਾ ਤੇ ਵਧੀਆ ਤਰੀਕਾ ਲਭਿਆ ਨੌਕਰਾਂ ਨੇ ਮਾਲਕ ਨੂੰ ਸੁਚੇਤ ਕਰਨ ਦਾ।

ਇਹਨਾਂ ਦਿਨਾਂ ਵਿਚ ਪੰਜਾਬੀ ਪ੍ਰੈਸ ਨੇ ਇਕ ਅਜਿਹਾ ਝੂਠਾ ਸ਼ੋਸ਼ਾ ਵੀ ਛੱਡ ਦਿਤਾ ਕਿ ਮੁਖ ਮੰਤਰੀ ਸਰਦਾਰ ਬਾਦਲ ਦੇ ਦਫ਼ਤਰ ਵਿਚ ਇਕ ਕੇਬਨ ਹੈ ਜਿਸ ਵਿਚ ਸੰਤ ਚੰਨਣ ਸਿੰਘ ਜੀ ਬੈਠ ਕੇ ਸਰਦਾਰ ਬਾਦਲ ਨੂੰ ਹੁਕਮ ਦਿੰਦੇ ਹਨ ਤੇ ਉਹ ਅੱਗੋਂ ਉਸ ਹੁਕਮ ਨੂੰ ਅਮਲ ਵਿਚ ਲਿਆਉਂਦੇ ਹਨ।

ਪੰਜਾਬ ਦਾ ਅੰਗ੍ਰੇਜ਼ੀ ਪ੍ਰੈਸ ਵੀ ਸੰਤ ਜੀ ਨੂੰ 'ਸੁਪਰ ਚੀਫ਼ ਮਿਨਿਸਟਰ' ਲਿਖਣ ਲੱਗ ਪਿਆ ਸੀ। ਇਕ ਦਿਨ ਦੀ *ਸਟੇਟਸਮੈਨ* ਅਖ਼ਬਾਰ ਦੀ ਇਹ ਖ਼ਬਰ ਅਜੇ ਵੀ ਮੇਰੀ ਯਾਦ ਵਿਚ ਅੜੀ ਹੋਈ ਹੈ "The Super Chief Minister of Punjab, The SGPC Chief Sant Chanan Singh Said..." ਲਿਖ ਕੇ ਅੱਗੇ ਖ਼ਬਰ ਛਾਪੀ ਸੀ। ਏਸ ਅਖ਼ਬਾਰ ਨੇ ਹੀ ਆਪਣੇ ਇਕ ਐਡੀਟੋਰੀਅਲ ਵਿਚ ਦਲੀਲਾਂ ਦੇ ਕੇ, ਉਸ ਸਮੇ ਸੰਤ ਜੀ ਨੂੰ ਹੀ ਸਭ ਤੋਂ ਯੋਗ ਮੁਖ ਮੰਤਰੀ ਦੀ ਪਦਵੀ ਦੇ ਕਾਬਲ ਲਿਖਿਆ ਸੀ।

ਵੈਸੇ ਤੇ ਦੋਵੇਂ ਸੰਤ ਜੀ ਹੀ ਹਰ ਪ੍ਰਕਾਰ ਦੇ ਡਰ ਚਿੰਤਾ ਤੋਂ ਰਹਿਤ ਸਨ ਪਰ ਇਕ ਅਜਿਹਾ ਮੌਕਾ ਵੀ ਆਇਆ ਜਿਸ ਦਾ ਮੈਂ ਏਥੇ ਜ਼ਿਕਰ ਕਰਨਾ ਜ਼ਰੂਰੀ ਸਮਝਦਾ ਹਾਂ। ਗੱਲ ਇਉਂ ਹੋਈ ਕਿ ਦਲ ਨਾਲ਼ ਗ਼ਦਾਰੀ ਦੀ ਸਜ਼ਾ ਵੱਜੋਂ ਸੰਤ ਜੀ ਦੀ ਹਿਦਾਇਤ ’ਤੇ ੨੫ ਮਾਰਚ, ੧੯੭੦ ਵਾਲ਼ੇ ਦਿਨ, ਜਸਟਿਸ ਗੁਰਨਾਮ ਸਿੰਘ ਦੀ ਸਰਕਾਰ ਤੋੜ ਦਿਤੀ ਗਈ। ੨੭ ਮਾਰਚ ਨੂੰ ਸ. ਪਰਕਾਸ਼ ਸਿੰਘ ਬਾਦਲ ਮੁਖ ਮੰਤਰੀ ਬਣ ਗਏ। ਇਸ ਸਾਰੇ ਕੁਝ ਦਾ ਵਿਸਥਾਰ ਮੈਂ ਹੋਰ ਕਿਸੇ ਲੇਖ ਵਿਚ ਲਿਖ ਚੁੱਕਾ ਹਾਂ।

੧੭ ਅਕਾਲੀ ਐਮ.ਐਲ.ਏਆਂ ਸਮੇਤ ਜਸਟਿਸ ਨੇ ਵੱਖਰਾ ਅਕਾਲੀ ਦਲ ਸਾਜ ਲਿਆ ਤੇ ਖ਼ੁਦ ਉਸ ਦਾ ਪ੍ਰਧਾਨ ਬਣ ਬੈਠਾ। ਜਨਸੰਘ ਦੀ ਸਹਾਇਤਾ ਨਾਲ਼ ਅਕਾਲੀ ਸਰਕਾਰ ਚੱਲਦੀ ਰਹੀ। ਇਸ ਤੋਂ ਪਹਿਲੀ ਅਕਾਲੀ ਸਰਕਾਰ ਨੇ ੧੯੬੯ ਵਿਚ, ਅੰਮ੍ਰਿਤਸਰ ਸ਼ਹਿਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪੰਜ ਸੌ ਸਾਲਾ ਪ੍ਰਕਾਸ਼ ਉਤਸਵ ਦੀ ਯਾਦ ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਬਣਾਈ ਸੀ। ਇਸ ਸਰਕਾਰ ਨੇ ਉਸ ਯੂਨੀਵਰਸਿਟੀ ਨਾਲ਼ ਮਾਝੇ ਤੇ ਦੁਆਬੇ ਦੇ ਸਾਰੇ ਕਾਲਜਾਂ ਨੂੰ ਜੋੜ ਦਿਤਾ। ਇਸ ਦਾ ਪੰਜਾਬ ਦੀ ਆਰੀਆ ਸਮਾਜੀ ਵਿਦਿਅਕ ਲੱਬੀ ਅਤੇ ਹਿੰਦੂ ਪ੍ਰੈਸ ਨੇ ਏਨਾ ਵਿਰੋਧ ਕੀਤਾ ਕਿ ਜਨਸੰਘੀ ਇਸ ਵਿਰੋਧ ਦਾ ਸਾਹਮਣਾ ਨਾ ਕਰ ਸਕੇ ਤੇ ਉਹਨਾਂ ਦੇ ਦੋ ਵਜ਼ੀਰਾਂ ਸਮੇਤ ਅੱਠ ਮੈਂਬਰ, ਡਾ. ਬਲਦੇਵ ਪ੍ਰਕਾਸ਼ ਦੀ ਅਗਵਾਈ ਹੇਠ, ਸਰਕਾਰ ਤੋਂ ਬਾਹਰ ਹੋ ਗਏ। ਅਜੇ ਇਹ ਖ਼ਬਰ ਠੰਡੀ ਨਹੀਂ ਸੀ ਹੋਈ ਕਿ ਸ. ਸੁਰਿੰਦਰ ਸਿੰਘ ਕੈਰੋਂ, ਆਪਣੇ ਸਮੇਤ ੬ ਅਕਾਲੀ ਮੈਂਬਰ ਲੈ ਕੇ ਕਿਧਰੇ ਉਡੰਤਰ ਹੋ ਗਿਆ। ਇਹ ਛੇ ਸਨ : ਖ਼ੁਦ ਸੁਰਿੰਦਰ ਸਿੰਘ ਕੈਰੋਂ, ਜ. ਪ੍ਰੀਤਮ ਸਿੰਘ ਭੀਖੋਵਾਲ਼ੀ, ਹਰੀ ਸਿੰਘ, ਤਾਰਾ ਸਿੰਘ ਲਾਇਲਪੁਰੀ, ਨਵਾਬ ਮਲੇਰ ਕੋਟਲਾ ਅਤੇ ਸਰਦਾਰ ਕਾਦੀਆਂ (ਜ਼ਿਲ੍ਹਾ ਜਲੰਧਰ)। ਜਥੇਦਾਰ ਭੀਖੋਵਾਲ਼ੀ ਬਹੁਤ ਸ਼ਰੀਫ਼ ਟਕਸਾਲੀ ਅਕਾਲੀ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਵੀ ਸਨ। ਇਸ ਤੋਂ ਇਲਾਵਾ ਲਾਇਲਪੁਰ ਐਗਰੀਕਲਚਰ ਕਾਲਜ ਦੇ ਗ੍ਰੈਜੂਏਟ ਤੇ ਚੰਗੀ ਜ਼ਮੀਨ ਜਾਇਦਾਦ ਦੇ ਮਾਲਕ ਵੀ ਸਨ। ਸ਼ਰੀਫ਼ ਤੇ ਸਾਦੇ ਏਨੇ ਕਿ ਏਨੀ ਚੰਗੀ ਪੁਜ਼ੀਸ਼ਨ ਹੋਣ ਦੇ ਬਾਵਜੂਦ ਵੀ ਇਕ ਵਾਰ ਬਸ ਦੇ ਕੰਡਕਟਰ ਨੇ ਆਖ ਦਿਤਾ, “ਬਾਬਾ ਕਿਧਰ ਚੜ੍ਹੀ ਜਾਨਾਂ ਏਂ! ਹੈਨ੍ਹੀਂ ਕੋਈ ਖ਼ਾਲੀ ਸੀਟ, ਉਤਰ ਥੱਲੇ!” ਤੇ ਕੁਝ ਬੋਲਣ ਦੀ ਬਜਾਇ ਜਥੇਦਾਰ ਜੀ ਬਸ ਤੋਂ ਉਤਰ ਗਏ ਤੇ ਇਹ ਨਹੀਂ ਦੱਸਿਆ ਕਿ ਉਹ ਐਮ.ਐਲ.ਏ. ਹਨ। ਹਾਲਾਂ ਕਿ ਉਹਨੀਂ ਦਿਨੀਂ ਹਰੇਕ ਬਸ ਵਿਚ ਐਮ.ਐਲ.ਏ. ਵਾਸਤੇ ਇਕ ਸੀਟ ਰਾਖਵੀਂ ਹੁੰਦੀ ਸੀ। ਸ਼ਾਇਦ ਉਸ ਦੇ ਇਕ ਸਹਾਇਕ ਵਾਸਤੇ ਵੀ। ਜਦੋਂ ਸੰਤ ਜੀ ਨੂੰ ਪਤਾ ਲੱਗਾ ਕਿ ਪਾਰਟੀ ਉਪਰ ਵਜ਼ੀਰੀ ਵਾਸਤੇ ਦਬਾ ਪਾਉਣ ਲਈ ਕੈਰੋਂ ਨਾਲ਼ ਉਹ ਵੀ ਗੁੰਮ ਹੋ ਗਏ ਹਨ ਤਾਂ ਸਹਿਜ ਸੁਭਾ ਉਹਨਾਂ ਦਾ ਬਚਨ ਸੀ, “ਸ਼ਰਾਫ਼ਤ ਕਮਜ਼ੋਰੀ ਦਾ ਹੀ ਨਾਂ ਹੈ!” ਸੰਤ ਜੀ ਬਹੁਤ ਸੰਖੇਪ ਹੀ ਬੋਲਿਆ ਕਰਦੇ ਸਨ।



ਸੰਤ ਜੀ ਉਸ ਸਮੇ ਦੇ ਰੱਖਿਆ ਮੰਤਰੀ ਸ਼੍ਰੀ ਜਗਜੀਵਨ ਨਾਲ਼ ਵਿਚਾਰ ਵਟਾਂਦਰਾ ਕਰਦੇ ਹੋਏ।
ਵਿਚਕਾਰ ਸ. ਪਰਕਾਸ਼ ਸਿੰਘ ਬਾਦਲ ਬੈਠੇ ਹੋਏ ਹਨ।

ਸਰਕਾਰ ਘੱਟਗਿਣਤੀ ਵਿਚ ਰਹਿ ਗਈ। ਸਾਰਿਆਂ ਨੂੰ ਹੱਥਾਂ ਪੈਰਾਂ ਦੀ ਪੈ ਗਈ। ਜੇ ਅਸੈਂਬਲੀ ਦਾ ਸੈਸ਼ਨ ਚੱਲਦਾ ਹੁੰਦਾ ਤਾਂ ਸਰਕਾਰ ਟੁੱਟ ਜਾਣੀ ਸੀ। ਸਤਾਰਾਂ ਮੈਂਬਰ ਗੁਰਨਾਮ ਸਿੰਘ ਨਾਲ਼ ਚਲੇ ਗਏ, ਅੱਠ ਜਨਸੰਘੀ ਨਿਕਲ਼ ਗਏ ਤੇ ਛੇਆਂ ਨੂੰ ਕੈਰੋਂ ਲੈ ਕੇ ਗੁੰਮ ਹੋ ਗਿਆ। ਇਕ ਸੌ ਚਾਰ ਕੁਲ਼ ਅਸੈਂਬਲੀ ਦੇ ਮੈਂਬਰ ਸਨ ਉਸ ਸਮੇ।

ਫਿਰ ਸੰਤ ਜੀ ਨੇ ਉਹਨਾਂ ਗੁੰਮ ਹੋਏ ਛੇਆਂ ਨੂੰ ਲਭਣ ਲਈ ਰਾਤ ਦਿਨ ਇਕ ਕਰ ਦਿਤਾ। ਮੁਖ ਮੰਤਰੀ ਸਰਦਾਰ ਬਾਦਲ ਨੂੰ ਨਾਲ਼ ਲੈ ਕੇ ਕਦੀ ਕਿਤੇ ਤੇ ਕਦੀ ਕਿਤੇ ਦੌੜ ਭੱਜ ਕੀਤੀ। ਇਸ ਭਾਲ਼ ਵਿਚ ਕਦੀ ਕਦਾਈਂ ਮੈਂ ਵੀ ਨਾਲ਼ ਹੁੰਦਾ ਤੇ ਬਹੁਤੀ ਵਾਰ ਮੈਨੂੰ ਸਰਦਾਰ ਬਾਸੀ ਦੀ ਕੋਠੀ ਵਿਚ ਹੀ ਛੱਡ ਜਾਂਦੇ। ਇਸ ਦੌਰਾਨ ਬਾਕੀ ਸਾਰੇ ਲੀਡਰ, ਸਰਦਾਰ ਟੌਹੜਾ, ਸਰਦਾਰ ਬਾਦਲ, ਸੰਤ ਫ਼ਤਿਹ ਸਿੰਘ ਜੀ ਆਦਿ ਇਕ ਸ਼ਾਮ ਨੂੰ ਮਾਯੂਸੀ ਦੀ ਹਾਲਤ ਵਿਚ ਬੈਠੇ ਵੀ ਮੈਂ ਵੇਖੇ।

ਸ. ਸੁਰਿੰਦਰ ਸਿੰਘ ਕੈਰੋਂ ਏਨੇ ਦਲੇਰ ਸਨ ਕਿ ਇਕ ਵਾਰੀ ਉਹ ਮੁਖ ਮੰਤਰੀ ਜਸਟਿਸ ਗੁਰਨਾਮ ਸਿੰਘ ਦੇ ਘਰੋਂ ਵੀ, ਜਸਟਿਸ ਨੂੰ ਅੰਕਲ ਅੰਕਲ ਆਖਦਿਆਂ ਹੋਇਆਂ ਦੋ ਮੈਂਬਰਾਂ ਨੂੰ ਉਹਨਾਂ ਦੇ ਗੁੱਟਾਂ ਤੋਂ ਫੜ ਕੇ ਧੂਹ ਲਿਆਏ ਸਨ। ਪੰਜ ਮੈਂਬਰ ਤੇ ਉਸ ਨੇ ਪਤਾ ਨਹੀਂ ਕਿਥੇ ਲੁਕਾਏ ਹੋਏ ਸਨ ਤੇ ਵਜ਼ੀਰਾਂ ਦੀਆਂ ਕੋਠੀਆਂ ਵਿਚ ਰਾਤ ਨੂੰ ਕਾਰ ਉਪਰ ਗੇੜੇ ਮਾਰਦਾ ਰਹਿੰਦਾ ਸੀ ਤਾਂ ਕਿ ਕੋਈ ਹੋਰ ਮੈਂਬਰ ਵੀ ਹੱਥ ਲੱਗੇ ਤਾਂ ਖਿੱਚਿਆ ਜਾ ਸਕੇ। ਇਕ ਰਾਤ ਨੂੰ ਮੈਂ ਸਰਦਾਰ ਬਾਸੀ ਦੀ ਕੋਠੀ ਦੇ ਬਰਾਂਡੇ ਵਿਚ ਖਲੋਤਾ ਸਾਂ ਤੇ ਇਕ ਕਾਰ ਆਈ। ਉਹ ਗੇੜਾ ਦੇ ਕੇ ਵਾਪਸ ਮੁੜ ਗਈ। ਮੁੜਦੀ ਹੋਈ ਕਾਰ ਉਪਰ, ਗੇਟ ’ਤੇ ਲੱਗੀ ਬੱਤੀ ਦੀ ਰੋਸ਼ਨੀ ਜਦੋਂ ਪਈ ਤਾਂ ਮੈਂ ਵੇਖਿਆ ਕਿ ਡਰਾਈਵਰ ਦੇ ਨਾਲ਼ ਸਰਦਾਰ ਕੈਰੋਂ ਬੈਠੇ ਹੋਏ ਸਨ। ਉਸ ਦਿਨ ਤੋਂ ਪਿੱਛੋਂ ਮੈਂ ਫਿਰ ਛੇ ਗੋਲ਼ੀਆਂ ਭਰ ਕੇ ਰੀਵਾਲਵਰ ਆਪਣੀ ਪੈਂਟ ਦੇ ਘੀਸੇ ਵਿਚ ਰੱਖਣ ਲੱਗ ਪਿਆ ਤਾਂ ਕਿ ਲੋੜ ਸਮੇ ਇਸ ਨੂੰ ਵਰਤਿਆ ਜਾ ਸਕੇ।

ਅਖ਼ੀਰ ਜਦੋਂ ਉਹ ਸਰਦਾਰ ਕੈਰੋਂ ਵੱਲੋਂ ਗੁੰਮ ਕੀਤੇ ਹੋਏ ਛੇ ਮੈਂਬਰ ਨਾ ਹੀ ਲੱਭੇ ਤਾਂ ਫਿਰ ਸੰਤ ਚੰਨਣ ਸਿੰਘ ਜੀ ਨੇ ਦਿੱਲੀ ਦਾ ਰੁਖ਼ ਕੀਤਾ। ਵਿਦੇਸ਼ ਮੰਤਰੀ ਸ. ਸਵਰਨ ਸਿੰਘ ਰਾਹੀਂ ਕਦੀ ਰੱਖਿਆ ਮੰਤਰੀ ਸ਼੍ਰੀ ਜਗਜੀਵਨ ਨਾਲ਼, ਕਦੀ ਗ੍ਰਿਹ ਮੰਤਰੀ ਸ਼੍ਰੀ ਚਵਾਨ ਤੇ ਕਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨਾਲ਼, ਪੰਜਾਬ ਦੀ ਸਰਕਾਰ ਚਲਾਉਣ ਲਈ ਮਿਲਵਰਤਣ ਵਾਸਤੇ ਮੁਲਾਕਾਤਾਂ ਹੁੰਦੀਆਂ ਰਹੀਆਂ। ਯਾਦ ਰਹੇ ਕਿ ਸੰਤ ਫ਼ਤਿਹ ਸਿੰਘ ਜੀ ਵੱਲੋਂ ਆਪਣੇ ਹਾਸਰਸੀ ਸੁਭਾ ਮੁਤਾਬਿਕ ਇਕ ਲੈਕਚਰ ਵਿਚ ਕੁਝ ਅਜਿਹੀ ਗੱਲ ਕਰ ਦਿਤੀ ਗਈ ਸੀ, ਜਿਸ ਕਾਰਨ ਬੀਬੀ ਸੰਤ ਜੀ ਨਾਲ਼ ਨਿਜੀ ਤੌਰ ’ਤੇ ਨਾਰਾਜ਼ ਹੋ ਗਈ ਸੀ। ਇਸ ਲਈ ਉਸ ਨੇ ਆਖ ਰੱਖਿਆ ਸੀ ਕਿ ਉਸ ਨਾਲ਼ ਕੇਵਲ ਸੰਤ ਚੰਨਣ ਸਿੰਘ ਹੀ ਗੱਲ ਕਰਨ ਆਇਆ ਕਰਨ, ਸੰਤ ਫ਼ਤਿਹ ਸਿੰਘ ਨਹੀਂ। ਉਸ ਗੱਲ ਦਾ ਜ਼ਿਕਰ ਮੈਂ ਕਿਸੇ ਹੋਰ ਲੇਖ ਵਿਚ ਕਰ ਚੁੱਕਿਆ ਹਾਂ।

ਇਸ ਗੱਲਬਾਤ ਦੇ ਨਤੀਜੇ ਵਜੋਂ ਕਾਂਗਰਸ ਨੇ ਪੰਜਾਬ ਅਸੈਂਬਲੀ ਵਿਚ ਨਿਰਪੱਖ ਰਹਿਣ ਦਾ ਫ਼ੈਸਲਾ ਕਰ ਲਿਆ ਤੇ ਅਕਾਲੀ ਸਰਕਾਰ ਬਚ ਗਈ। ਇਸ ਬਾਰੇ ਪੱਤਰਕਾਰ ਕਈ ਤਰ੍ਹਾਂ ਦੇ ਅਟਕਲ਼ ਪੱਚੂ ਲਾਉਂਦੇ ਰਹੇ ਕਿ ਦੋਵੇਂ ਪਾਰਟੀਆਂ ਦੀ ਮਿਲ਼ਵੀਂ ਸਰਕਾਰ ਬਣੂਗੀ। ਦੋਹਾਂ ਪਾਰਟੀਆਂ ਦੇ ਅਧੋ ਅਧ ਵਜ਼ੀਰ ਹੋਣਗੇ। ਮੁਖ ਮੰਤਰੀ ਬਾਰੇ ਅਜੇ ਦੁਬਿਧਾ ਹੈ। ਅਕਾਲੀ ਚਾਹੁੰਦੇ ਨੇ ਕਿ ਮੁਖ ਮੰਤਰੀ ਉਹਨਾਂ ਦਾ ਰਹੇ ਤੇ ਕਾਂਗਰਸੀ ਮੰਗ ਕਰਦੇ ਨੇ ਕਿ ਮੁਖ ਮੰਤਰੀ ਕਾਂਗਰਸੀ ਬਣਾਇਆ ਜਾਵੇ। ਪਰ ਅਜਿਹਾ ਕੁਝ ਨਾ ਵਾਪਰਿਆ ਤੇ ਸੰਤ ਜੀ ਦੀ ਭੱਜ ਨੱਸ ਅਤੇ ਸੂਝ ਬੂਝ ਨਾਲ਼, ਉਸ ਸਮੇ ਬਾਦਲ ਸਾਹਿਬ ਦੀ ਸਰਕਾਰ ਬਚ ਗਈ। ਅਜਿਹੀ ਹਾਲਤ ਵੇਖ ਕੇ ਕੈਰੋਂ ਵੀ ਆਪਣੇ ਗੁਪਤ ਕੀਤੇ ਮੈਂਬਰਾਂ ਸਣੇ ਵਾਪਸ ਆ ਗਿਆ ਤੇ ਪਰਗਟ ਹੋ ਕੇ, ਸੰਤ ਜੀ ਦੀ ਹਾਜ਼ਰੀ ਵਿਚ, ਚੰਡੀਗੜ੍ਹ ਵਾਲ਼ੇ ਦਲ ਦੇ ਦਫ਼ਤਰ ਵਿਚ, ਇਹ ਐਲਾਨ ਕਰ ਕੇ ਦਲ ਵਿਚ ਮੁੜ ਸ਼ਾਮਲ ਹੋ ਗਿਆ ਕਿ ਅਸੀਂ ਦਸਵੇਂ ਗੁਰੂ ਜੀ ਦੇ ਕੇਸਰੀ

ਨਿਸ਼ਾਨ ਦੀ ਸ਼ਾਨ ਵਾਸਤੇ ਪੰਥ ਵਿਚ ਮੁੜ ਆਏ ਹਾਂ। ਇਸ 'ਤੇ ਵੀ ਪੱਤਰਕਾਰਾਂ ਨੇ ਗ਼ਲਤ ਅੰਦਾਜ਼ੇ ਲਾਏ ਕਿ ਸੰਤ ਚੰਨਣ ਸਿੰਘ ਜੀ ਨੇ ਆਪਣੇ ਸਿਰ ਉਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਚੁੱਕ ਕੇ, ਸਹੁੰ ਖਾ ਕੇ ਸਰਦਾਰ ਕੈਰੋਂ ਨੂੰ ਵਜ਼ੀਰ ਬਣਾਉਣ ਦਾ ਇਕਰਾਰ ਕੀਤਾ ਹੈ ਪਰ ਮੇਰੇ ਸਾਹਮਣੇ ਅਜਿਹਾ ਕੁਝ ਨਹੀਂ ਸੀ ਹੋਇਆ। ਸ. ਸੁਰਿੰਦਰ ਸਿੰਘ ਕੈਰੋਂ ਵਜ਼ੀਰ ਨਾ ਬਣ ਸਕੇ। ਅਜਿਹੀ ਹਾਲਤ ਵੇਖ ਕੇ ਜਸਟਿਸ ਗੁਰਨਾਮ ਸਿੰਘ ਵੀ ਆਪਣੇ ਸਾਥੀਆਂ ਸਮੇਤ ਮੁੜ ਦਲ ਵਿਚ ਆ ਰਲ਼ਿਆ।

ਇਸ ਸਭ ਕੁਝ ਦੇ ਬਾਵਜੂਦ ਜਸਟਿਸ ਗੁਰਨਾਮ ਸਿੰਘ ਦੇ ਦੂਸਰੀ ਵਾਰ ਗ਼ਦਾਰੀ ਕਰਨ ਕਰਕੇ ੧੯੭੧ ਦੇ ਅੱਧ ਵਿਚ ਇਹ ਸਰਕਾਰ, ਸੰਤ ਜੀ ਦੀ ਹਿਦਾਇਤ 'ਤੇ ਸਰਦਾਰ ਬਾਦਲ ਵੱਲੋਂ ਗਵਰਨਰ ਨੂੰ ਆਪਣੀ ਸਰਕਾਰ ਦਾ ਅਸਤੀਫ਼ਾ ਦੇ ਕੇ, ਖ਼ੁਦ ਹੀ ਤੋੜਨੀ ਪਈ ਤਾਂ ਕਿ ਮੈਂਬਰਾਂ ਵੱਲੋਂ ਲਾਲਚ ਵੱਸ ਕੀਤੀਆਂ ਜਾ ਰਹੀਆਂ ਰੋਜ਼ ਰੋਜ਼ ਦੀਆਂ ਗ਼ਦਾਰੀਆਂ ਤੋਂ ਛੁਟਕਾਰਾ ਪਾਇਆ ਜਾ ਸਕੇ।

ਅਖ਼ੀਰ ਵਿਚ ਜਸਟਿਸ ਗੁਰਨਾਮ ਸਿੰਘ ਸਾਥੀਆਂ ਸਮੇਤ ਕਾਂਗਰਸ ਵਿਚ ਸ਼ਾਮਲ ਹੋ ਗਿਆ। ਉਸ ਦੇ ਕੁਝ ਸਾਥੀਆਂ, ਬੇਅੰਤ ਸਿੰਘ, ਜਗਦੇਵ ਸਿੰਘ ਜੱਸੋਵਾਲ ਆਦਿ ਵਰਗਿਆਂ ਨੂੰ ੧੯੭੨ ਦੀਆਂ ਚੋਣਾਂ ਸਮੇ ਕਾਂਗਰਸ ਪਾਰਟੀ ਦੀਆਂ ਟਿਕਟਾਂ ਮਿਲ਼ ਗਈਆਂ। ਗੁਰਨਾਮ ਸਿੰਘ ਨੂੰ ਆਸਟ੍ਰੇਲੀਆ ਵਿਚ ਹਾਈ ਕਮਿਸ਼ਨਰ ਲਾ ਦਿਤਾ ਗਿਆ। ਉਹ ਕੈਨਬਰੇ ਵਿਚ ਇਸ ਪਦਵੀ ਦਾ ਚਾਰਜ ਲੈਣ ਪਿੱਛੋਂ ਦੇਸ ਗਿਆ ਤੇ ਓਥੇ ਹਵਾਈ ਹਾਦਸੇ ਵਿਚ ਮਾਰਿਆ ਗਿਆ।



੧੯੭੦ ਦੌਰਾਨ, ਸ੍ਰੀ ਮੁਕਤਸਰ ਸਾਹਿਬ ਤੋਂ ਅੱਗੇ ਅਬੋਹਰ ਦੇ ਨੇੜੇ, ਇਕ ਪਿੰਡ, ਸ਼ਾਇਦ ਬਹਾਦਰ ਖੇੜਾ ਵਿਚ, ਗੁਰਦੁਆਰਾ ਸਾਹਿਬ ਦਾ ਉਦਘਾਟਨ ਕਰਨ ਸਮੇ ਦੀ ਇਹ ਫ਼ੋਟੋ ਹੈ। ਸੰਤ ਜੀ ਦੇ ਸੱਜੇ ਪਾਸੇ ਢਾਡੀ ਹਰਬੰਸ ਸਿੰਘ ਬਹਾਦਰ ਖੇੜਾ ਜੀ ਖਲੋਤੇ ਹਨ। ਸੰਤ ਜੀ ਅਤੇ ਢਾਡੀ ਹਰਬੰਸ ਸਿੰਘ ਦੇ ਵਿਚਾਲ਼ੇ ਮੈਂ ਖਲੋਤਾ ਹਾਂ। ਸੰਤ ਜੀ ਦੇ ਖੱਬੇ ਪਾਸੇ ਇਕ ਹੋਰ ਢਾਡੀ ਸਿੰਘ ਖਲੋਤਾ ਹੈ, ਜਿਸ ਦਾ ਮੈਂ ਇਸ ਸਮੇ ਨਾਂ ਭੁੱਲ ਚੁੱਕਾ ਹਾਂ।

# ਜਥੇਦਾਰ ਮੋਹਨ ਸਿੰਘ ਤੁੜ

"ਜਥੇਦਾਰ ਤੁੜ ਫੜਿਆ ਗਿਆ" ਜਿਉਂ ਹੀ ਇਹ ਖ਼ਬਰ ਪੰਥਕ ਸੋਚ ਵਾਲ਼ੇ ਸਿੱਖਾਂ ਦੇ ਕੰਨੀ ਪਈ ਤਾਂ ਅਸੀਂ ਸਾਰੇ ਹੱਕੇ ਬੱਕੇ ਰਹਿ ਗਏ। ਜਥੇਦਾਰ ਜੀ ਸਦਾ ਵਾਂਗ ਸ੍ਰੀ ਦਰਬਾਰ ਸਾਹਿਬ ਤੋਂ ਕੀਰਤਨ ਸੁਣ ਕੇ ਬਾਬਾ ਬੁਢਾ ਜੀ ਦੀ ਬੇਰ ਵਾਲ਼ੇ ਪਾਸਿਉਂ ਪ੍ਰਕਰਮਾਂ ਵਿਚ ਆ ਰਹੇ ਸਨ। ਜਦੋਂ ਬ੍ਰਹਮ ਬੂਟਾ ਵਾਲ਼ੀ ਨੁੱਕਰ ਉਪਰ ਪਹੁੰਚਣ ਹੀ ਵਾਲ਼ੇ ਸਨ ਤਾਂ ਇਕ ਚੰਗੀ ਸੇਹਤ ਅਤੇ ਸਾਦੇ ਕੱਪੜਿਆਂ ਵਾਲ਼ੇ ਪੁਲਿਸ ਅਫ਼ਸਰ ਨੇ, ਫ਼ਤਿਹ ਬੁਲਾਉਣ ਦੇ ਨਾਲ਼ ਹੀ ਜਥੇਦਾਰ ਜੀ ਦੇ ਗੋਡੀਂ ਹੱਥ ਲਾਉਣ ਪਿਛੋਂ, ਉਹਨਾਂ ਦੇ ਹੱਥ ਵਿਚ ਫੜੀ ਕ੍ਰਿਪਾਨ ਨੂੰ ਮਜ਼ਬੂਤ ਹੱਥ ਪਾ ਲਿਆ ਤੇ ਇਹ ਵੇਖ ਕੇ ਕਈ ਹੱਟੇ ਕੱਟੇ ਪੁਲਸੀਏ ਬ੍ਰਹਮ ਬੂਟੇ ਦੀ ਉਚੀ ਗੈਲਰੀ 'ਚੋਂ ਛਾਲਾਂ ਮਾਰ ਕੇ, ਪ੍ਰਕਰਮਾਂ ਵਿਚ ਆ ਡਿੱਗੇ ਤੇ ਵੇਖਦਿਆਂ ਵੇਖਦਿਆਂ ਅੱਖ ਪਲਕਾਰੇ ਵਿਚ ਜਥੇਦਾਰ ਜੀ ਨੂੰ ਜੱਫਾ ਮਾਰ ਕੇ, ਭੁਆਂ ਕੇ ਬ੍ਰਹਮ ਬੂਟੇ ਦੀ ਗੈਲਰੀ ਵਿਚ ਮਾਰਿਆ ਤੇ ਓਥੋਂ ਪਹਿਲਾਂ ਹੀ ਤਿਆਰ ਕਿਸੇ ਗੱਡੀ ਵਿਚ ਲੱਦ ਕੇ, ਨੌਂ ਦੋ ਯਾਰਾਂ ਹੋ ਗਏ। ਇਹ ਵਾਕਿਆ ਕੋਈ ੧੯੬੧ ਦੇ ਅੰਤਲੇ ਸਮੇ ਦਾ ਹੈ।



ਕੌਣ ਸੀ, ਇਹ ਜਥੇਦਾਰ ਮੋਹਨ ਸਿੰਘ ਤੁੜ?

ਵਾਕਿਆ ਇਹ ੧੯੫੫ ਦੇ ਫ਼ਰਵਰੀ ਦੇ ਅੰਤ ਜਾਂ ਮਾਰਚ ਦੇ ਸ਼ੁਰੂ ਦਾ ਹੈ ਕਿ ਮੇਰੇ ਭਾਈਆ ਜੀ, ਸ੍ਰੀ ਦਰਬਾਰ ਸਾਹਿਬ ਮੁਕਤਸਰ ਤੋਂ ਬਦਲ ਕੇ, ਸ੍ਰੀ ਦਰਬਾਰ ਸਾਹਿਬ ਤਰਨ ਤਾਰਨ ਆ ਰਹੇ ਸਨ ਤੇ ਉਹਨਾਂ ਨੂੰ ਬਾਕੀ ਸਟਾਫ਼ ਵੱਲੋਂ ਵਿਦਾਇਗੀ ਪਾਰਟੀ ਦਿਤੀ ਜਾ ਰਹੀ ਸੀ। ਐਨ ਓਸੇ ਸਮੇ ਇਕ ਕਾਲ਼ੇ ਦਾਹੜੇ ਵਾਲ਼ਾ, ਗੋਡਿਆਂ ਤੱਕ ਚਿੱਟਾ ਕੁੜਤਾ ਪਾਈ, ਤੇੜ ਚੂੜੀਦਾਰ ਪਜਾਮਾ, ਕੁੜਤੇ ਉਪਰ ਦੀ ਕਾਲ਼ਾ ਗਾਤਰਾ, ਹੱਥ ਵਿਚ ਵੱਡੀ ਕ੍ਰਿਪਾਨ, ਅਤੇ ਉਪਰ ਲੋਈ ਦੀ ਅਧੋਰਾਣੀ ਜਿਹੀ ਬੁੱਕਲ਼ ਮਾਰੀ ਹੋਈ, ਇਕ ਖਾਂਦੇ ਪੀਂਦੇ ਅਕਾਲੀ ਵਰਕਰ

ਵਰਗੀ ਦਿੱਖ ਵਾਲ਼ਾ ਸੱਜਣ, ਪਾਰਟੀ ਵਾਲ਼ੇ ਹਾਲ ਵਿਚ ਦਾਖ਼ਲ ਹੋਇਆ। ਮੈਨੇਜਰ ਸਾਹਿਬ ਨੇ ਦੱਸਿਆ ਕਿ ਇਹ ਜਥੇਦਾਰ ਮੋਹਨ ਸਿੰਘ ਤੁੜ ਜੀ ਹਨ ਤੇ ਉਹਨਾਂ ਨੇ ਇਹ ਵੀ ਦੱਸਿਆ ਕਿ ਇਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਹਨ। ਜਥੇਦਾਰ ਜੀ ਨੇ ਉਸ ਸਮੇ ਲੈਕਚਰ ਕੀਤਾ, ਜਿਸ ਦੀ ਬਹੁਤ ਛੋਟਾ ਤੇ ਕੋਈ ਦਿਲਚਸਪੀ ਨਾ ਹੋਣ ਕਰਕੇ, ਮੈਨੂੰ ਕੁਝ ਸਮਝ ਜਿਹੀ ਨਾ ਆਈ ਪਰ ਹਾਂ ਏਨੀ ਜ਼ਰੂਰ ਸਮਝ ਲੱਗੀ ਕਿ ਬੋਲਣ ਵਾਲ਼ਾ ਕੋਈ ਚੰਗੀਆਂ ਗੱਲਾਂ ਹੀ ਕਰ ਰਿਹਾ ਸੀ ਤੇ ਬੋਲਣ ਲੱਗਾ ਕਿਤੇ ਰੁਕਦਾ ਵੀ ਨਹੀਂ ਸੀ।

ਓਸੇ ਸਾਲ ਜਨਵਰੀ ਜਾਂ ਫ਼ਰਵਰੀ ਮਹੀਨੇ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਹੋ ਕੇ ਹਟੀ ਸੀ ਜਿਸ ਵਿਚ ਸ਼੍ਰੋਮਣੀ ਕਮੇਟੀ ਉਪਰ ਕਾਬਜ਼, ਕਾਂਗਰਸ ਪੱਖੀ ਖ਼ਾਲਸਾ ਦਲ ਨੂੰ ਹਰਾ ਕੇ, ਸ਼੍ਰੋਮਣੀ ਅਕਾਲੀ ਦਲ ਕਾਬਜ਼ ਹੋਇਆ ਸੀ। ੧੪੦ ਵਿਚੋਂ ਖ਼ਾਲਸਾ ਦਲ ਦੇ ਹੱਥ ਤਿੰਨ ਕਾਣੇ ਹੀ ਆਏ ਸਨ। ਸ਼ਾਇਦ ਜਥੇਦਾਰ ਜੀ ਉਸ ਇਲੈਕਸ਼ਨ ਵਿਚ ਹੀ ਸ਼੍ਰੋਮਣੀ ਅਕਾਲੀ ਦਲ ਵਲੋਂ ਇਸ ਸੰਸਥਾ ਦੇ ਪਹਿਲੀ ਵਾਰ ਮੈਂਬਰ ਬਣੇ ਸਨ!

ਜਥੇਦਾਰ ਮੋਹਨ ਸਿੰਘ ਜੀ ਦਾ ਜਨਮ, ੧੯੧੬ ਵਿਚ, ਉਸ ਸਮੇ ਜ਼ਿਲ੍ਹਾ ਅੰਮ੍ਰਿਤਸਰ (ਹੁਣ ਤਰਨ ਤਾਰਨ) ਵਿਖੇ, ਜਥੇਦਾਰ ਜਗਤ ਸਿੰਘ ਤੁੜ ਦੇ ਘਰ, ਪਿੰਡ ਤੁੜ ਵਿਖੇ ਹੋਇਆ। ਆਪ ਜੀ ਛੋਟੀ ਉਮਰ ਦੇ ਹੀ ਸਨ ਕਿ ਉਸ ਸਮੇ ਜੈਤੋ ਦਾ ਮੋਰਚਾ ਲੱਗਾ ਹੋਇਆ ਸੀ। ਜਥੇਦਾਰ ਜੀ ਦੇ ਪਿਤਾ ਜ. ਜਗਤ ਸਿੰਘ ਕਣਕ ਦਾ ਗੱਡਾ ਭਰ ਕੇ ਅੰਮ੍ਰਿਤਸਰ ਵਿਚ ਆਏ, ਨਾਲ਼ ਆਪਣੇ ਪੁੱਤਰ ਮੋਹਨ ਸਿੰਘ ਨੂੰ ਵੀ ਲਿਆਏ। ਕਣਕ ਲੰਗਰ ਵਿਚ ਪਾ ਦਿਤੀ, ਪੁੱਤਰ ਪੰਥ ਦੇ ਹਵਾਲੇ ਕਰ ਦਿਤਾ ਤੇ ਆਪ ਜੈਤੋ ਨੂੰ ਜਾ ਰਹੇ ਜਥੇ ਵਿਚ ਸ਼ਾਮਲ ਹੋ ਗਏ। ਆਪ ਜੀ ਨੂੰ ਜਾ ਰਹੇ ਜਥੇ ਦਾ ਮੀਤ ਜਥੇਦਾਰ ਬਣਾ ਕੇ ਸਤਿਕਾਰ ਸਹਿਤ ਤੋਰਿਆ ਗਿਆ। ਉਸ ਜਥੇ ਉਪਰ ਗੋਲ਼ੀ ਚਲੀ। ਸ. ਜਗਤ ਸਿੰਘ ਤੁੜ ਜੀ ਦੇ ਪੱਟ ਵਿਚ ਗੋਲ਼ੀ ਵਜੀ। ਸਮੇ ਸਿਰ ਸਹੀ ਇਲਾਜ ਨਾ ਹੋਣ ਕਰਕੇ, ਉਹ ਗੋਲ਼ੀ ਮਾਰੂ ਸਾਬਤ ਹੋਈ।

ਗੱਲ ਆਈ ਗਈ ਹੋ ਗਈ। ਸ਼੍ਰੋਮਣੀ ਅਕਾਲੀ ਦਲ ਨੇ, ਆਪਣੇ ਚੋਣ ਮੈਨੀਫ਼ੈਸਟੋ ਵਿਚ ਵਾਅਦਾ ਕੀਤਾ ਸੀ ਕਿ ਉਹ, ਇਹ ਇਲੈਕਸ਼ਨ ਜਿੱਤਣ ਪਿੱਛੋਂ, ਪੰਜਾਬੀ ਸੂਬਾ ਬਣਾਉਣ ਵਾਸਤੇ ਸਰਕਾਰ ਦੇ ਖ਼ਿਲਾਫ਼ ਮੋਰਚਾ ਲਾਵੇਗਾ। ੧੯੫੫ ਵਾਲ਼ਾ ਪੰਜਾਬੀ ਸੂਬਾ ਜ਼ਿੰਦਾਬਾਦ ਦਾ ਮੋਰਚਾ ਲੱਗਿਆ। ਲਾਲਾ ਭੀਮ ਸੈਨ ਸੱਚਰ ਪੰਜਾਬ ਦਾ ਮੁਖ ਮੰਤਰੀ ਸੀ। ਉਸ ਨੇ, ਡੀ.ਆਈ.ਜੀ. ਅਸ਼ਵਨੀ ਕੁਮਾਰ ਦੀ ਅਗਵਾਈ ਹੇਠ, ਸ੍ਰੀ ਦਰਬਾਰ ਸਾਹਿਬ ਵਿਚ ਪੁਲਿਸ ਭੇਜ ਕੇ ਇਹ ਮੋਰਚਾ ਮੁਕਾਉਣਾ ਚਾਹਿਆ। ਇਹ ਸੁਣ ਕੇ ਸਾਰੇ ਸਿੱਖ ਪੰਥ ਵਿਚ ਜੋਸ਼ ਫੈਲ ਗਿਆ ਤੇ ਸੰਗਤਾਂ ਨੇ ਅੰਮ੍ਰਿਤਸਰ ਵੱਲ ਵਹੀਰਾਂ ਘੱਤ ਦਿਤੀਆਂ। ਮਾਨੋ ਵਿਚਾਰਾ ਭੀਮ ਸੈਨ ਸੱਚਰ ਭੂੰਡਾਂ ਦੀ ਖੱਖਰ ਨੂੰ ਹੱਥ ਪਾ ਬੈਠਾ ਤੇ ਉਸ ਨੇ ਸਾਰੀਆਂ ਪਾਬੰਦੀਆਂ ਵਾਪਸ ਲੈ ਲਈਆਂ। ਸ੍ਰੀ ਅਕਾਲ ਤਖ਼ਤ ਸਾਹਿਬ ’ਤੇ ਆ ਕੇ, ਹੱਥ ਜੋੜ ਕੇ, ਆਪਣੀ ਗ਼ਲਤੀ ਦੀ ਮੁਆਫ਼ੀ ਵੀ ਮੰਗ ਗਿਆ ਤੇ ਚੀਫ਼ ਮਨਿਸਟਰੀ ਦੀ ਪਦਵੀ ਤੋਂ ਅਸਤੀਫ਼ਾ ਵੀ

ਦੇ ਗਿਆ। ਇਸ ਮੋਰਚੇ ਵਿਚ ਸ਼੍ਰੋਮਣੀ ਅਕਾਲੀ ਦਲ ਨੂੰ ਸ਼ਾਨਦਾਰ ਜਿੱਤ ਪ੍ਰਾਪਤ ਹੋਈ। ਇਸ ਪ੍ਰਥਾਇ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਦੇ ਇਕ ਵਿਦਿਆਰਥੀ, ਦਲੀਪ ਸਿੰਘ ਫੱਕਰ ਨੇ, ਤੂੰਬੀ ਨਾਲ਼ ਗਾਉਣ ਵਾਲ਼ਾ ਇਕ ਲੰਮਾ ਗੀਤ ਵੀ ਲਿਖਿਆ ਸੀ :

*ਤੁਣ ਤੁਣ ਤੁਣ, ਗੱਲ ਫੱਕਰਾਂ ਦੀ ਸੁਣ,*
*ਹੱਥ ਖੱਖਰਾਂ ਨੂੰ ਸੱਚਰਾ ਤੈਂ ਪਾ ਲਿਆ।*

ਲਾਲਾ ਭੀਮ ਸੈਨ ਸੱਚਰ ਦੀ ਮੁਖ ਮੰਤਰੀ ਦੀ ਗੱਦੀ ਗਈ ਤੇ ਪੰਡਤ ਨਹਿਰੂ ਨੇ ਉਸ ਦੀ ਥਾਂ ਸ. ਪ੍ਰਤਾਪ ਸਿੰਘ ਕੈਰੋਂ ਨੂੰ ਗੱਦੀ 'ਤੇ ਬਿਠਾ ਦਿਤਾ। ਇਹਨਾਂ ਘਟਨਾਵਾਂ ਦਾ ਜ਼ਿਕਰ ਮੈਂ ਹੋਰ ਥਾਂਈਂ ਆਪਣੇ ਇਕ ਤੋਂ ਵਧੇਰੇ ਲੇਖਾਂ ਵਿਚ ਕਰ ਚੁੱਕਾ ਹਾਂ।

੧੯੫੫ ਵਾਲ਼ੇ 'ਪੰਜਾਬੀ ਸੂਬਾ ਜ਼ਿੰਦਾਬਾਦ' ਵਾਲ਼ੇ ਮੋਰਚੇ ਦੀ ਸ਼ਾਨਦਾਰ ਫ਼ਤਿਹ ਉਪ੍ਰੰਤ, ੧੯੫੬ ਦੀ ਫ਼ਰਵਰੀ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਸਰਬ ਹਿੰਦ ਕਾਨਫ੍ਰੰਸ ਕਾਮਯਾਬ ਹੋਈ। ਇਹ ਪੌਣਾ ਕੁ ਸਾਲ ਸ਼੍ਰੋਮਣੀ ਅਕਾਲੀ ਦਲ ਦਾ ਡੈਪੂਟੇਸ਼ਨ, ਮਾਸਟਰ ਤਾਰਾ ਸਿੰਘ ਜੀ ਦੀ ਅਗਵਾਈ ਵਿਚ, ਦੇਸ ਦੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਨਾਲ਼ ਮੁਲਾਕਾਤਾਂ ਕਰਦਾ ਰਿਹਾ। ਮਾਸਟਰ ਜੀ ਆਪਣੇ ਨਾਲ਼ ਗਿਆਨੀ ਕਰਤਾਰ ਸਿੰਘ, ਸ. ਗਿਆਨ ਸਿੰਘ ਰਾੜੇਵਾਲ਼ਾ, ਸ. ਹੁਕਮ ਸਿੰਘ ਤੇ ਸਰਕਾਰ ਪੱਖੀ ਚੀਫ਼ ਖ਼ਾਲਸਾ ਦੀਵਾਨ ਦੇ ਨੁਮਾਇੰਦੇ, ਡਾ. ਭਾਈ ਜੋਧ ਸਿੰਘ ਜੀ ਨੂੰ ਲੈ ਕੇ ਜਾਂਦੇ ਰਹੇ। ਮਾਸਟਰ ਜੀ ਤੋਂ ਬਿਨਾ ਬਾਕੀ ਦੇ ਚਾਰੇ ਆਗੂ ਪੰਡਿਤ ਨਹਿਰੂ ਦੇ ਵਿਚਾਰਾਂ ਨਾਲ਼ ਸਹਿਮਤ ਹੋ ਗਏ ਤੇ ਪੰਜਾਬੀ ਸੂਬੇ ਦੀ ਥਾਂ ਰੀਜਨਲ ਫ਼ਾਰਮੂਲਾ ਮਿਲ਼ਿਆ ਜਿਸ ਨੂੰ ਬਾਅਦ ਵਿਚ ਸ. ਪ੍ਰਤਾਪ ਸਿੰਘ ਕੈਰੋਂ ਨੇ ਚੱਲਣ ਨਾ ਦਿਤਾ। ਇਸ ਸਮਝੌਤੇ ਅਧੀਨ ਸ਼੍ਰੋਮਣੀ ਅਕਾਲੀ ਦਲ ਨੇ ਆਪਣੀ ਸੁਤੰਤਰ ਸਿਆਸਤ ਤਿਆਗ ਕੇ, ਕਾਂਗਰਸ ਦੇ ਪਲੇਟ ਫ਼ਾਰਮ ਤੋਂ ਸਿਆਸਤ ਵਿਚ ਹਿੱਸਾ ਲੈਣ ਦਾ ਫ਼ੈਸਲਾ ਕਰ ਲਿਆ। ਜੇਕਰ ਪੰਜਾਬ ਵਿਚ ਕਾਂਗਰਸ ਤੇ ਅਕਾਲੀ ਇਕੱਠੇ ਹੋ ਜਾਣ ਤਾਂ ਪੰਜਾਬ ਅਸੈਂਬਲੀ ਵਿਚ ਅਪੋਜ਼ੀਸ਼ਨ ਰਹਿੰਦੀ ਹੀ ਨਹੀਂ। ਕਾਂਗਰਸ ਸਰਕਾਰ ਦੀ ਸਹਾਇਤਾ ਨਾਲ਼, ਗਿ. ਕਰਤਾਰ ਸਿੰਘ ਜੀ ਦੀ ਅਗਵਾਈ ਹੇਠ, ਸ਼੍ਰੋਮਣੀ ਅਕਾਲੀ ਦਲ ਦੇ ਹੱਥੋਂ ਸ਼੍ਰੋਮਣੀ ਕਮੇਟੀ, ਨਵੰਬਰ ੧੯੫੮ ਵਿਚ ਫਿਰ ਖੋਹ ਲਈ ਤੇ ਪ੍ਰਧਾਨ ਸ. ਪ੍ਰੇਮ ਸਿੰਘ ਲਾਲਪੁਰਾ ਨੂੰ ਬਣਾ ਲਿਆ ਗਿਆ। ੧੯੬੦ ਵਾਲ਼ੀਆਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਫਿਰ ਸ਼੍ਰੋਮਣੀ ਅਕਾਲੀ ਦਲ ਨੇ, ਕਾਂਗਰਸੀ ਪੱਖੀ ਸਾਧ ਸੰਗਤ ਬੋਰਡ ਨੂੰ ਹਰਾ ਕੇ ਜਿੱਤ ਲਈਆਂ। ਇਹ ਸਾਰਾ ਇਤਿਹਾਸ ਬਹੁਤ ਵਿਸਥਾਰ ਮੰਗਦਾ ਹੈ।

ਇਸ ਦੌਰਾਨ ਪੰਜ ਸਾਲ ਬੀਤ ਗਏ ਸਨ। ਵਾਅਦਾ ਸ਼੍ਰੋਮਣੀ ਅਕਾਲੀ ਦਲ ਨੇ ਫਿਰ ਸਿੱਖਾਂ ਨਾਲ਼ ਪੰਜਾਬੀ ਸੂਬਾ ਲੈਣ ਦਾ ਕੀਤਾ ਸੀ ਤੇ ਇਸ ਲਈ ਫਿਰ ਮੋਰਚਾ ਲਾਇਆ ਗਿਆ। ਸੱਤਿਆਗ੍ਰਹੀ ਜਥੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ, ਤਖ਼ਤ ਦੇ ਜਥੇਦਾਰ ਵੱਲੋਂ ਸਿਰੋਪੇ ਦੇ ਕੇ ਤੋਰੇ ਜਾਣੇ ਸਨ ਤੇ ਜਥੇਦਾਰ, ਉਸ ਸਮੇ ਬਹੁਤ ਚੜ੍ਹਦੀਕਲਾ ਵਾਲ਼ੇ ਪੰਥਕ

ਵਿਦਵਾਨ ਗਿਆਨੀ ਅੱਛਰ ਸਿੰਘ ਜੀ ਸਨ। ਉਹ ਬੜੇ ਕੁਰਬਾਨੀ ਵਾਲ਼ੇ ਸਿੰਘ ਸਨ। ਅੰਗ੍ਰੇਜ਼ ਅਤੇ ਕਾਂਗਰਸ ਦੇ ਰਾਜ ਦੌਰਾਨ ਕਈ ਵਾਰ ਮੋਰਚਿਆਂ ਦੀ ਅਗਵਾਈ ਵੀ ਕਰ ਚੁੱਕੇ ਸਨ ਤੇ ਜੇਹਲਾਂ ਵੀ ਕੱਟ ਚੁੱਕੇ ਸਨ ਪਰ ਹੁਣ, ਸ਼ਾਇਦ ਵਡੇਰੀ ਉਮਰ ਹੋ ਜਾਣ ਕਰਕੇ, ਹੋਰ ਕੌਮੀ ਅਗਵਾਈ ਨਹੀਂ ਸਨ ਕਰ ਸਕਦੇ। ਇਸ ਸਮੇ ਉਹਨਾਂ ਦੀਆਂ ਸੇਵਾਵਾਂ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਗ੍ਰੰਥੀ ਵਜੋਂ ਜਾਰੀ ਰਹੀਆਂ ਪਰ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਦੀ ਜ਼ੁੰਮੇਵਾਰੀ, ਉਹਨਾਂ ਦੀ ਥਾਂ ਜਥੇਦਾਰ ਮੋਹਨ ਸਿੰਘ ਤੁੜ ਜੀ ਨੂੰ ਸੌਂਪੀ ਗਈ ਤੇ ਜਥੇਦਾਰ ਤੁੜ ਜੀ ਹਰ ਰੋਜ਼ ਜੇਹਲ ਜਾਣ ਵਾਲ਼ੇ ਜਥਿਆਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਰਦਾਸ ਕਰ ਕੇ ਅਤੇ ਸਿਰੋਪਾ ਦੇ ਕੇ ਤੋਰਦੇ ਸਨ। ਇਸ ਮੋਰਚੇ ਦੌਰਾਨ ਹੀ ਖ਼ਬਰ ਆਈ ਕਿ ਜਾਟ ਆਈ.ਜੀ. ਰਾਮ ਸਿਹੁੰ ਨੇ, ਬਠਿੰਡਾ ਜੇਹਲ ਵਿਚ ਅਕਾਲੀ ਕੈਦੀਆਂ ਉਪਰ ਗੋਲ਼ੀਆਂ ਚਲਾ ਕੇ ਉਹਨਾਂ ਨੂੰ ਮਾਰ ਦਿਤਾ ਹੈ। ਇਹ ਕੈਰੋਂ ਸਰਕਾਰ ਦੀ ਨਵੀਂ ਵਧੀਕੀ ਸੀ। ਇਸ ਤੋਂ ਪਹਿਲਾਂ ਨਾ ਕਾਂਗਰਸ ਸਰਕਾਰ ਅਤੇ ਨਾ ਹੀ ਅੰਗ੍ਰੇਜ਼ ਸਰਕਾਰ ਨੇ ਜੇਹਲ ਵਿਚ ਬੰਦ ਕਿਸੇ ਕੈਦੀ ਨੂੰ ਮਾਰਿਆ ਸੀ। ਬਠਿੰਡਾ ਜੇਹਲ ਦੇ ਸ਼ਹੀਦਾਂ ਦੀਆਂ ਅਸਥੀਆਂ ਅੰਮ੍ਰਿਤਸਰ ਵਿਚ ਪੁੱਜੀਆਂ। ਅਕਾਲੀ ਵਰਕਰ ਤਾਂ ਭਾਵੇਂ ਚੜ੍ਹਦੀਕਲਾ ਵਿਚ ਸਨ ਪਰ ਉਂਜ ਅੰਮ੍ਰਿਤਸਰ ਵਿਚ ਬੜਾ ਡਰ ਦਾ ਮਾਹੌਲ ਛਾਇਆ ਹੋਇਆ ਸੀ। ਅਫ਼ਵਾਹ ਸੀ ਕਿ ਜੇ ਇਹਨਾਂ ਅਸਥੀਆਂ ਦਾ ਜਲੂਸ ਕਢਿਆ ਗਿਆ ਤਾਂ ਕੈਰੋਂ ਦੇ ਹੁਕਮ ਨਾਲ਼ ਜਲੂਸ ਉਪਰ ਗੋਲ਼ੀ ਚਲਾ ਦਿਤੀ ਜਾਵੇਗੀ। ਜਥੇਦਾਰ ਮੋਹਨ ਸਿੰਘ ਤੁੜ ਨੇ ਕਾਲ਼ਾ ਚੋਲ਼ਾ, ਕਾਲ਼ਾ ਪਜਾਮਾ ਤੇ ਕਾਲ਼ੀ ਹੀ ਦਸਤਾਰ ਸਜਾ ਕੇ, ਆਪਣੇ ਸਿਰ ਉਪਰ ਅਸਥੀਆਂ ਵਾਲ਼ਾ ਟੋਕਰਾ ਰੱਖ ਕੇ, ਇਸ ਜਲੂਸ ਦੀ ਅਗਵਾਈ ਕੀਤੀ। ਸ਼ਹਿਰ ਵਿਚ ਜਲੂਸ ਘੁੰਮ ਕੇ ਵਾਪਸ ਸ੍ਰੀ ਦਰਬਾਰ ਸਾਹਿਬ ਵਿਚ ਆ ਗਿਆ ਪਰ ਪੁਲਿਸ ਨੂੰ ਜਲੂਸ ਉਪਰ ਗੋਲ਼ੀ ਚਲਾਉਣ ਦੀ ਜੁਰਅਤ ਨਾ ਪਈ।

ਲੰਮਾ ਸਮਾ ਮੋਰਚਾ ਚੱਲਿਆ। ਇਸ ਮੋਰਚੇ ਦੇ ਡਿਕਟੇਟਰ, ਸ੍ਰੀ ਮਾਨ ਸੰਤ ਫ਼ਤਿਹ ਸਿੰਘ ਜੀ ਸਨ, ਉਹਨਾਂ ਨੇ ਆਪਣਾ ਡੇਰਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਾਲ਼ ਲੱਗਵੇਂ, ਗ੍ਰੰਥੀ ਸਿੰਘ ਦੀ ਰਿਹਾਇਸ਼ ਵਾਲ਼ੇ ਮਕਾਨ ਵਿਚ ਲਾ ਕੇ, ਬਾਜ਼ਾਰ ਵੱਲੋਂ ਉਸ ਦੀਆਂ ਪੌੜੀਆਂ ਨੂੰ ਬੰਦ ਕਰ ਕੇ, ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਨਾਲ਼ ਲੱਗਵੀਂ ਸਾਂਝੀ ਕੰਧ ਨੂੰ ਪਾੜ ਲਾ ਕੇ ਦਰਵਾਜ਼ਾ ਕੱਢ ਲਿਆ। ਸਤਵੰਜਾ ਹਜ਼ਾਰ ਤੋਂ ਉਤੇ ਗ੍ਰਿਫ਼ਤਾਰੀਆਂ ਹੋਈਆਂ। ਬਠਿੰਡਾ ਜੇਹਲ ਵਿਚ ਕੈਰੋਂ ਨੇ ਗੋਲ਼ੀ ਚਲਵਾ ਕੇ ਕੁਝ ਕੈਦੀ ਸਿੰਘਾਂ ਨੂੰ ਸ਼ਹੀਦ ਵੀ ਕਰ ਦਿਤਾ। ਸੰਤ ਜੀ ਨੇ ਮਰਨ ਵਰਤ ਰੱਖਿਆ। ਸਰਕਾਰੀ ਇਕਰਾਰਾਂ 'ਤੇ ਭਰੋਸਾ ਕਰ ਕੇ ਮੋਰਚਾ ਵਾਪਸ ਲਿਆ ਗਿਆ। ਸੰਤ ਜੀ ਤੇ ਪੰਡਿਤ ਨਹਿਰੂ ਜੀ ਦੀਆਂ ਮੁਲਾਕਾਤਾਂ ਦਾ ਦੌਰ ਚੱਲਿਆ। ਵਿਚੋਂ ਕੀ ਨਿਕਲ਼ਿਆ, "ਵੋਹੀ ਢਾਕ ਕੇ ਤੀਨ ਪਾਤ।" ਲਾਰੇ ਲੱਪਿਆਂ ਤੋਂ ਬਿਨਾ ਕੁਝ ਹੱਥ ਪੱਲੇ ਨਾ ਪਿਆ। ਫਿਰ ਮਾਸਟਰ ਜੀ ਨੇ ਵਰਤ ਰੱਖਿਆ। ਉਸ ਵਿਚੋਂ ਵੀ ਕੁਝ ਨਾ ਨਿਕਲ਼ਿਆ।

ਇਸ ਸਾਰੇ ਸਮੇ ਦੌਰਾਨ ਜਥੇਦਾਰ ਤੁੜ ਜੀ ਸ੍ਰੀ ਦਰਬਾਰ ਸਾਹਿਬ ਦੇ ਕੰਪਲੈਕਸ ਵਿਚ ਹੀ ਰਹੇ। ਉਹਨਾਂ ਨੂੰ ਉਪਰ ਦੱਸੇ ਅਨੁਸਾਰ ਸ੍ਰੀ ਦਰਬਾਰ ਸਾਹਿਬ ਵਿਚੋਂ ਫੜ ਕੇ, ਯੂ.ਪੀ. ਦੀ ਸਹਾਰਨਪੁਰ ਜੇਹਲ ਵਿਚ ਡੱਕੀ ਰੱਖਿਆ। ਇਸ ਉਧੇੜ ਬੁਣ ਵਿਚ ਹੀ ੧੯੬੨ ਵਾਲ਼ੀਆਂ ਚੋਣਾਂ ਆ ਗਈਆਂ। ਸ਼੍ਰੋਮਣੀ ਅਕਾਲੀ ਦਲ ਨੇ ਕਾਂਗਰਸ ਦੀਆਂ ਸਾਰੀਆਂ ਵਿਰੋਧੀ ਪਾਰਟੀਆਂ ਦਾ ਗੱਠ ਜੋੜ ਬਣਾ ਕੇ, ਲੋਕ ਸਭਾ ਤੇ ਪੰਜਾਬ ਅਸੈਂਬਲੀ ਦੀਆਂ ਚੋਣਾਂ ਲੜੀਆਂ। ਪੰਜਾਬ ਕਾਂਗਰਸ ਦੇ ਮੀਤ ਪ੍ਰਧਾਨ ਚੌਧਰੀ ਦੇਵੀ ਲਾਲ ਨੇ, ਕੈਰੋਂ ਨਾਲ਼ ਗ਼ੁੱਸੇ ਹੋ ਕੇ ਵੱਖਰੀ ਹਰਿਆਣਾ ਪਾਰਟੀ ਬਣਾ ਕੇ ਚੋਣਾਂ ਲੜੀਆਂ। ਜਥੇਦਾਰ ਤੁੜ ਜੀ ਨੇ ਸ਼੍ਰੋਮਣੀ ਅਕਾਲੀ ਦਲ ਵੱਲੋਂ, ਹਲਕਾ ਸਰਹਾਲ਼ੀ ਤੋਂ ਪ੍ਰਤਾਪ ਸਿੰਘ ਕੈਰੋਂ ਦੇ ਮੁਕਾਬਲੇ ਉਪਰ, ਅਤੇ ਪਹਿਲਾਂ ਕੈਰੋਂ ਦੇ ਹਿਮਾਇਤੀ ਰਹੇ ਤੇ ਫਿਰ ਮੋਰਚੇ ਕਰਕੇ ਕੈਰੋਂ ਦੇ ਵਿਰੋਧੀ ਹੋ ਚੁੱਕੇ ਸ. ਹਜ਼ਾਰਾ ਸਿੰਘ ਗਿੱਲ ਨੇ, ਸਰਦਾਰ ਕੈਰੋਂ ਦੇ ਨਜ਼ਦੀਕੀ ਰਿਸ਼ਤੇਦਾਰ, ਸ. ਹਰਦੀਪ ਸਿੰਘ ਪੱਟੀ ਦੇ ਖ਼ਿਲਾਫ਼ ਪੱਟੀ ਤੋਂ ਚੋਣ ਲੜੀ। ਹਜ਼ਾਰਾ ਸਿੰਘ ਗਿੱਲ ਵੀ ਜੇਹਲ ਵਿਚ ਸੀ। ਇਹਨਾਂ ਦੋਹਾਂ ਸੀਟਾਂ ਦੀ ਇਲੈਕਸ਼ਨ ਦੀ ਪੂਰੀ ਜੁੰਮੇਵਾਰੀ, ਸ਼੍ਰੋਮਣੀ ਅਕਾਲੀ ਦਲ ਵੱਲੋਂ ਸੰਤ ਫ਼ਤਿਹ ਸਿੰਘ ਜੀ ਨੂੰ ਸੌਂਪੀ ਗਈ ਸੀ। ਇਹ ਦੋਵੇਂ ਸੀਟਾਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰਾਂ ਨੇ ਬੜੀ ਸ਼ਾਨ ਨਾਲ਼ ਜਿੱਤੀਆਂ। ਪੰਡਿਤ ਨਹਿਰੂ ਦੀ ਹਿਦਾਇਤ ਉਪਰ ਹਜ਼ਾਰਾਂ ਵੋਟਾਂ ’ਤੇ ਹਾਰ ਚੁੱਕੇ, ਸ. ਪ੍ਰਤਾਪ ਸਿੰਘ ਕੈਰੋਂ ਨੂੰ ਰਾਤ ਦੇ ਸਵਾ ਯਾਰਾਂ ਵਜੇ ਰੇਡੀਉ ਤੋਂ, ‘ਚੌਤੀ’ ਵੋਟਾਂ ’ਤੇ ਜੇਤੂ ਕਰਾਰ ਦੇ ਦਿਤਾ ਗਿਆ। ਹਜ਼ਾਰਾ ਸਿੰਘ ਦੀ ਜਿੱਤ ਦਾ ਐਲਾਨ ਤੇ ਹੋ ਗਿਆ ਪਰ ਉਸ ਨੂੰ ਵੀ, ਜਥੇਦਾਰ ਤੁੜ ਵਾਂਗ ਸਰਦਾਰ ਕੈਰੋਂ ਨੇ ਜੇਹਲੋਂ ਨਾ ਨਿਕਲਣ ਦਿਤਾ।

ਇਸ ਦੌਰਾਨ ਜਥੇਦਾਰ ਤੁੜ ਜੀ ਦੀ ਜਾਇਦਾਦ, ਮਾਲ ਡੰਗਰ ਦੀ ਦੋ ਵਾਰ ਕੁਰਕੀ ਹੋਈ। ਪੁਲਿਸ ਦੁਆਰਾ ਘਰ ਢਾਹ ਦਿਤਾ ਗਿਆ। ਪਰਵਾਰ ਨੂੰ ਰਾਤਾਂ ਸੜਕਾਂ ਉਪਰ ਕੱਟਣੀਆਂ ਪਈਆਂ। ਜਥੇਦਾਰ ਜੀ ਉਪਰ ਕਈ ਪ੍ਰਕਾਰ ਦਾ ਤਸ਼ੱਦਦ ਕੀਤਾ ਗਿਆ। ਸਰਦੀਆਂ ਦੇ ਦਿਨੀਂ ਬਰਫ਼ ਉਪਰ ਲਿਟਾਇਆ ਗਿਆ। ਸ਼ਾਇਦ ਜਥੇਦਾਰ ਨਾਲ਼ ਕੈਰੋਂ ਨੇ, ਸਿਆਸੀ ਦੁਸ਼ਮਣੀ ਤੋਂ ਬਹੁਤ ਅੱਗੇ ਵਧ ਕੇ, ਨਿਜੀ ਦੁਸ਼ਮਣੀ ਪਾ ਕੇ ਏਨੀਆਂ ਵਧੀਕੀਆਂ ਕਰਵਾਈਆਂ। ਹੋਰ ਬਹੁਤ ਸਾਰੇ ਮੁਕੱਦਮਿਆਂ ਦੇ ਨਾਲ਼ ਇਕ ਮੁਕੱਦਮਾ, ਕੈਰੋਂ ਨੂੰ ਕਤਲ ਕਰਨ ਦੀ ਸਾਜ਼ਸ਼ ਰਚਣ ਦਾ ਵੀ ਜਥੇਦਾਰ ਜੀ ਉਪਰ ਪਾਇਆ ਗਿਆ। ਕੁੱਲ ੫੨ ਮੁਕੱਦਮੇ ਜਥੇਦਾਰ ਜੀ ਉਪਰ ਪਾਏ ਗਏ ਸਨ। ਕੁਝ ਲੋਕਾਂ ਨੂੰ ਇਸ ਮੁਕੱਦਮੇ ਦਾ ਗਵਾਹ ਬਣਾਉਣ ਲਈ ਲਾਲਚ ਵੀ ਦਿਤੇ ਗਏ ਤੇ ਨਾ ਮੰਨਣ ਕਰਕੇ ਪੁਲਿਸ ਨੇ ਟਾਰਚਰ ਵੀ ਕੀਤੇ। ਉਹਨਾਂ ਵਿਚ ਗੁਰਦੁਆਰਾ ਬਾਬਾ ਅਟੱਲ ਸਾਹਿਬ ਜੀ ਦੇ ਜਥੇਦਾਰ ਮਾਹਣਾ ਸਿੰਘ ਜੀ ਨੂੰ ਵੀ ਬਹੁਤ ਬੁਰੀ ਤਰ੍ਹਾਂ ਟਾਰਚ ਕੀਤਾ ਗਿਆ ਪਰ ਮਾਹਣਾ ਸਿੰਘ ਜੀ ਟੱਸ ਤੋਂ ਮੱਸ ਨਾ ਹੋਏ। ਜਥੇਦਾਰ ਮਾਹਣਾ ਸਿੰਘ ਜੀ, ਜਥੇਦਾਰ ਤੁੜ ਦੇ ਬਹੁਤ ਨਜ਼ਦੀਕੀ ਮੰਨੇ ਜਾਂਦੇ ਸਨ। ਚੇਲੇਆਣੇ ਵਾਲ਼ੀ ਨਿਹੰਗ ਸਿੰਘਾਂ ਦੀ ਜਥੇਬੰਦੀ ਦੇ ਆਪ ਜੀ ਮੀਤ ਜਥੇਦਾਰ ਰਹੇ ਸਨ। ਜਥੇਦਾਰ ਤੁੜ ਜੀ ਦਾ

ਨਿਹੰਗ ਸਿੰਘ ਜਥੇਬੰਦੀਆਂ ਨਾਲ਼, ਬਾਕੀ ਅਕਾਲੀ ਆਗੂਆਂ ਦੇ ਮੁਕਾਬਲੇ, ਵਧੇਰੇ ਨੇੜ ਹੁੰਦਾ ਸੀ। ਜਥੇਦਾਰ ਮਾਹਣਾ ਸਿੰਘ ਦੀ ਗਵਾਹੀ ਬਾਕੀਆਂ ਦੇ ਮੁਕਾਬਲੇ ਵਧੇਰੇ ਇਤਬਾਰ ਯੋਗ ਮੰਨੀ ਜਾਣੀ ਸੀ ਇਸ ਲਈ, ਉਹਨਾਂ ਨੂੰ ਗਵਾਹ ਬਣਾਉਣ ਲਈ, ਉਹਨਾਂ ਉਪਰ ਵਧੇਰੇ ਸਖ਼ਤੀ ਕੀਤੀ ਗਈ ਸੀ।

ਸ. ਪ੍ਰਤਾਪ ਸਿੰਘ ਕੈਰੋਂ, ਦੇਸ਼ ਦੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਦੀ ਕਿਰਪਾ ਨਾਲ਼, ਹਾਰ ਕੇ ਵੀ ਮੁਖ ਮੰਤਰੀ ਰਿਹਾ ਤੇ ਜਥੇਦਾਰ ਮੋਹਣ ਸਿੰਘ ਤੁੜ ਜਿੱਤ ਕੇ ਵੀ ਕੈਦੀ ਰਿਹਾ।

ਕੁਝ ਸਮੇ ਬਾਅਦ, ਜਦੋਂ ਸੰਤ ਫ਼ਤਿਹ ਸਿੰਘ ਜੀ ਦੀ ਅਗਵਾਈ ਹੇਠ, ਮਾਸਟਰ ਜੀ ਨਾਲ਼ੋਂ ਵੱਖਰਾ ਸ਼੍ਰੋਮਣੀ ਅਕਾਲੀ ਦਲ ਸਾਜ ਲਿਆ ਗਿਆ ਤੇ ਸੰਤ ਚੰਨਣ ਸਿੰਘ ਜੀ, ਮਾਸਟਰ ਜੀ ਦੇ ਬਣਾਏ ਹੋਏ ਪ੍ਰਧਾਨ, ਸ. ਕ੍ਰਿਪਾਲ ਸਿੰਘ ਨੂੰ ਹਰਾ ਕੇ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬਣ ਗਏ ਤਾਂ ਇਹਨਾਂ ਦੀ ਅਗਵਾਈ ਹੇਠ, ਇਕ ਡੈਪੂਟੇਸ਼ਨ, ਮੁਖ ਮੰਤਰੀ ਸ. ਪ੍ਰਤਾਪ ਸਿੰਘ ਕੈਰੋਂ ਨੂੰ ਮਿਲ਼ਿਆ। ਉਸ ਮੁਲਾਕਾਤ ਰਾਹੀਂ ਜਥੇਦਾਰ ਮੋਹਨ ਸਿੰਘ ਤੁੜ ਅਤੇ ਸ. ਹਜ਼ਾਰਾ ਸਿੰਘ ਗਿੱਲ ਦੀ ਜੇਹਲੋਂ ਰਿਹਾਈ ਹੋਈ। ਇਸ ਦੌਰਾਨ ਬਹੁਤ ਸਾਰਾ ਪਾਣੀ ਪੁ਼ਲਾਂ ਹੇਠੋਂ ਲੰਘ ਗਿਆ ਸੀ। ਪੰਡਿਤ ਨਹਿਰੂ ਮਰ ਗਿਆ। ਕੈਰੋਂ ਗੱਦੀ ਤੋਂ ਲਹਿ ਗਿਆ ਤੇ ਕਤਲ ਵੀ ਹੋ ਗਿਆ। ਪੰਜਾਬੀ ਸੂਬਾ ਵੀ ੧ ਨਵੰਬਰ, ੧੯੬੬ ਵਾਲ਼ੇ ਦਿਨ ਹੋਂਦ ਵਿਚ ਆ ਗਿਆ। ੧੯੬੭ ਵਾਲ਼ੀਆਂ ਚੋਣਾਂ ਵੀ ਆ ਗਈਆਂ। ਇਸ ਜੇਹਲ ਕਾਰਨ ੧੯੬੭ ਵਾਲ਼ੀ ਇਲੈਕਸ਼ਨ ਵਾਸਤੇ ਜਥੇਦਾਰ ਜੀ ਦੇ ਭਰੇ ਕਾਗ਼ਜ਼ ਰੱਦ ਹੋ ਗਏ ਪਰ ਸ. ਹਜ਼ਾਰਾ ਸਿੰਘ ਗਿੱਲ ਦੇ ਨਾ ਰੱਦ ਹੋਏ।

ਏਥੋਂ ਤੱਕ ਤੇ ਦੂਰੋਂ ਦੂਰੋਂ ਹੀ ਜਥੇਦਾਰ ਮੋਹਨ ਸਿੰਘ ਤੁੜ ਜੀ ਬਾਰੇ ਮੈਂ ਵੇਖਦਾ ਤੇ ਸੁਣਦਾ ਰਿਹਾ ਤੇ ਉਹਨਾਂ ਦੀਆਂ ਫ਼ੋਟੋਆਂ ਰਾਹੀਂ, ਉਹਨਾਂ ਦੇ ਪਹਿਰਾਵੇ ਅਤੇ ਸਮੁਚੀ ਸ਼ਖ਼ਸੀਅਤ ਤੋਂ ਪ੍ਰਭਾਵਤ ਰਿਹਾ। ਮੇਰਾ ਸਿਧਾ ਵਾਹ ਉਹਨਾਂ ਨਾਲ਼ ਓਦੋਂ ਪਿਆ ਜਦੋਂ ਅਸੀਂ ੧੯੬੮ ਦੇ ਕਿਸੇ ਮਹੀਨੇ, ਅੰਮ੍ਰਿਤਸਰੋਂ ਇਕੋ ਕਾਰ ਵਿਚ ਜ਼ਿਲਾ ਲੁਧਿਆਣਾ ਵਿਚ, ਪਿੰਡ ਧਾਲੀਆਂ ਦੇ ਮੱਸਿਆ ਦੇ ਦੀਵਾਨ ਵਿਚ ਸ਼ਾਮਲ ਹੋਣ ਲਈ ਗਏ। ਜਥੇਦਾਰ ਜੀ ਨੇ ਤੇ ਓਥੇ ਮੱਸਿਆ ਦੇ ਦੀਵਾਨ ਵਿਚ ਲੈਕਚਰ ਦੇਣਾ ਸੀ ਤੇ ਮੈਨੂੰ ਨਹੀਂ ਯਾਦ ਕਿ ਮੈਂ ਕਿਉਂ ਨਾਲ਼ ਸੀ। ਸ਼ਾਇਦ ਮੁਫ਼ਤ ਦਾ ਹੂਟਾ ਲੈਣ ਦੇ ਸ਼ੌਕ ਵਿਚ ਹੀ ਨਾਲ਼ ਕਾਰ ਵਿਚ ਬਹਿ ਗਿਆ ਹੋਵਾਂ! ਥੋਹੜੀ ਜਿਹੀ ਦੂਰ ਹੀ ਜਾਣ 'ਤੇ ਜਥੇਦਾਰ ਜੀ ਕਾਰ ਰੁਕਵਾ ਕੇ ਸ਼ਰਲਾ ਛੱਡਣ ਬਹਿ ਜਾਇਆ ਕਰਨ। ਯਾਦ ਨਹੀਂ ਕਿੰਨੀ ਕੁ ਵਾਰੀ ਜਥੇਦਾਰ ਜੀ ਨੇ ਅੰਮ੍ਰਿਤਸਰ ਤੋਂ ਧਾਲੀਆਂ ਤੱਕ ਇਸ ਕਿਰਿਆ ਨੂੰ ਸਰੰਜਾਮ ਦਿਤਾ। ਮੇਰੇ ਪੁੱਛਣ 'ਤੇ ਡਰਾਈਵਰ ਪਿਰਥੀ ਸਿੰਘ ਨੇ ਦੱਸਿਆ ਕਿ ਜਥੇਦਾਰ ਜੀ ਸ਼ੂਗਰ ਦੇ ਮਰੀਜ਼ ਹਨ। ਇਸ ਕਰਕੇ ਇਹਨਾਂ ਨੂੰ ਘੜੀ ਮੁੜੀ ਪਿਸ਼ਾਬ ਆਉਂਦਾ ਹੈ। ਇਸ ਤੋਂ ਪਹਿਲਾਂ ਸੰਤ ਫ਼ਤਿਹ ਸਿੰਘ ਜੀ ਬਾਰੇ ਤੇ ਪਤਾ ਸੀ ਕਿ

ਉਹਨਾਂ ਨੂੰ ਇਹ ਕਸਰ ਹੈ ਤੇ ਦੂਜਾ ਵਿਅਕਤੀ ਮੇਰੀ ਜਾਣਕਾਰੀ ਵਿਚ ਜਥੇਦਾਰ ਜੀ ਹੋ ਗਏ ਜੋ ਇਸ ਮਰਜ਼ ਦੇ ਮਰੀਜ਼ ਸਨ। ਧਾਲੀਆਂ ਪਿੰਡ ਦੇ ਮੱਸਿਆ ਦਾ ਦੀਵਾਨ ਲੱਗਣ ਵਾਲ਼ੇ ਗੁਰਦੁਆਰੇ ਦੇ ਖੁਲ੍ਹੇ ਵੇਹੜੇ ਵਿਚ ਅਸੀਂ ਸਾਰੇ ਬੈਠੇ ਸਾਂ। ਪ੍ਰਬੰਧਕਾਂ ਨੇ ਜੱਗਾਂ ਵਿਚ ਪਾ ਕੇ ਚਾਹ ਲਿਆਂਦੀ ਤੇ ਨਾਲ਼ ਪਿੱਤਲ ਦੇ ਗਲਾਸ ਲਿਆਂਦੇ। ਮੇਲੇ ਵਿਚ ਵਿਕਣ ਵਾਲ਼ੀ ਨਿਰੀ ਖੰਡ ਦੀ ਮਠਿਆਈ ਵੀ ਆਈ। ਮੈਂ ਬੜੀ ਹੈਰਾਨੀ ਨਾਲ਼ ਵੇਖ ਰਿਹਾ ਸੀ ਕਿ ਜਥੇਦਾਰ ਜੀ ਵੀ ਸਾਡੇ ਵਾਂਗ ਹੀ ਬੇਝਿਜਕ ਉਹ ਮਠਿਆਈ ਛਕੀ ਜਾ ਰਹੇ ਸਨ। ਚਾਹ ਵੀ ਮਾਲਵੇ ਦੇ ਪਿੰਡਾਂ ਦੀ ਚੰਗੀ ਕਾਹੜਵੀਂ ਤੇ ਸੱਬਰਕੱਤੇ ਮਿੱਠੇ ਵਾਲੀ ਜਥੇਦਾਰ ਜੀ ਵਾਹਿਗੁਰੂ ਕਹਿ ਕੇ ਚਾਹੜ ਗਏ। ਮੈਂ ਤੇ ਸੰਤ ਫ਼ਤਿਹ ਸਿੰਘ ਜੀ ਨੂੰ ਸ਼ੂਗਰ ਦੇ ਮਰੀਜ਼ ਵਜੋਂ ਵੇਖਿਆ ਸੀ ਤੇ ਉਹ ਤਾਂ ਮਿੱਠੇ ਦੇ ਨੇੜੇ ਨਹੀਂ ਸਨ ਜਾਂਦੇ। ਨਿੰਬੂ ਵਾਲ਼ੀ ਫਿੱਕੀ ਚਾਹ ਪੀਂਦੇ ਸਨ। ਇਸ ਤੋਂ ਇਲਾਵਾ ਹਰ ਰੋਜ਼ ਉਹਨਾਂ ਦਾ ਸੇਵਾਦਾਰ ਇਕ ਕੱਚ ਦੀ ਟਿਊਬ ਵਿਚ ਉਹਨਾਂ ਦਾ ਪਿਸ਼ਾਬ ਪਾ ਕੇ ਤੇ ਥੱਲੇ ਅੱਗ ਬਾਲ਼ ਕੇ ਟੈਸਟ ਕਰਦਾ ਤੇ ਉਸ ਦਾ ਰੀਜ਼ਲਟ ਡਾਕਟਰ ਨੂੰ ਦੱਸਦਾ ਹੁੰਦਾ ਸੀ। ਜਦੋਂ ਅੰਮ੍ਰਿਤਸਰ ਵਿਚ ਹੋਣ ਤਾਂ ਰੋਟੀ ਉਹਨਾਂ ਦੀ ਦੋਵੇਂ ਵੇਲ਼ੇ, ਸ੍ਰੀ ਗੁਰੂ ਰਾਮ ਦਾਸ ਹਸਪਤਾਲ ਦੇ ਇਨਚਾਰਜ, ਡਾਕਟਰ ਭਗਤ ਸਿੰਘ ਦੇ ਘਰੋਂ ਬਣ ਕੇ ਆਉਂਦੀ ਸੀ। ਰੋਟੀ ਉਹਨਾਂ ਦੀ ਬੀਮਾਰੀ ਦਾ ਧਿਆਨ ਰੱਖ ਕੇ ਬਣਾਈ ਜਾਂਦੀ ਸੀ। ਬਾਕੀ ਸੇਵਾਦਾਰ ਤੇ ਡਰਾਈਵਰ ਲੰਗਰ ਵਿਚੋਂ ਪ੍ਰਸ਼ਾਦਾ ਛਕਿਆ ਕਰਦੇ ਸਨ। ਇਕ ਦਿਨ ਮੈਂ ਘਰ ਤੋਂ ਰੋਟੀ ਖਾ ਕੇ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਨੂੰ ਜਾ ਰਿਹਾ ਸਾਂ ਤੇ ਰਾਹ ਵਿਚ ਇਕ ਰੇਹੜੀ ਉਪਰ ਅੰਬ ਵਿਕ ਰਹੇ ਸਨ। ਅੰਬ ਬਹੁਤ ਹੀ ਸੋਹਣੇ ਅਤੇ ਵਾਹਵਾ ਮੋਟੇ ਸਨ। ਮੈਂ ਸੰਤ ਜੀ ਵਾਸਤੇ ਚਾਰ ਕੁ ਖ਼ਰੀਦ ਲਏ। ਉਹਨਾਂ ਨੇ ਆਪਣੀ ਸ਼ੂਗਰ ਵਾਲ਼ੀ ਗੱਲ ਦੱਸ ਕੇ ਅੰਬ ਖਾਣੋ ਨਾਂਹ ਕਰ ਦਿਤੀ ਤੇ ਮੈਂ ਓਹੀ ਅੰਬ ਜਾ ਸੰਤ ਚੰਨਣ ਸਿੰਘ ਜੀ ਨੂੰ ਅਰਪਣ ਕਰ ਦਿਤੇ ਤੇ ਉਹਨਾਂ ਨੇ ਪ੍ਰਸੰਨਤਾ ਸਹਿਤ ਛਕ ਲਏ।

ਉਸ ਸਮੇ ਦੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ, ਸੰਤ ਫ਼ਤਿਹ ਸਿੰਘ ਜੀ ਦੀ, ਸ਼੍ਰੋਮਣੀ ਕਮੇਟੀ ਵਾਲ਼ੇ ਪਾਸੇ, ਧਰਮ ਪ੍ਰਚਾਰ ਕਮੇਟੀ ਦਫ਼ਤਰ ਨੂੰ ਚੜ੍ਹਦੀਆਂ ਪਉੜੀਆਂ ਦੇ ਲਾਗੇ, ਸ੍ਰੀ ਗੁਰੂ ਰਾਮਦਾਸ ਸਰਾਂ ਦੇ ਦੋ ਕਮਰਿਆਂ ਵਿਚ ਰਿਹਾਇਸ਼ ਹੁੰਦੀ ਸੀ। ਇਹ ਦੋ ਕਮਰੇ ਆਹਮੋ ਸਾਹਮਣੇ ਸਨ ਤੇ ਦੋਹਾਂ ਦੇ ਦਰਮਿਆਨ ਬਰਾਂਡਾ ਹੁੰਦਾ ਸੀ। ਇਕ ਕਮਰੇ ਵਿਚ ਸੰਤ ਜੀ ਦਾ ਮੰਜਾ ਹੁੰਦਾ ਸੀ ਤੇ ਦੂਸਰੇ ਕਮਰੇ ਵਿਚ ਉਹਨਾਂ ਦੀਆਂ ਲਿਖੀਆਂ ਕਿਤਾਬਾਂ ਹੁੰਦੀਆਂ ਸਨ। ਉਹਨਾਂ ਦਾ ਸੇਵਾਦਾਰ ਬਾਬਾ ਅਰਜਨ ਸਿੰਘ ਬਰਾਂਡੇ ਵਿਚ ਸੌਂਦਾ ਹੁੰਦਾ ਸੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸੰਤ ਚੰਨਣ ਸਿੰਘ ਜੀ ਦਾ ਡੇਰਾ, ਦਫ਼ਤਰ ਦੀ ਦੂਜੀ ਮੰਜ਼ਲ ਉਪਰ ਇਕ ਕਮਰੇ ਵਿਚ ਹੁੰਦਾ ਸੀ। ਇਹ ਇਕੋ ਕਮਰਾ, ਦਿਨੇ ਉਹਨਾਂ ਦਾ ਦਫ਼ਤਰ ਤੇ ਰਾਤ ਸਮੇ ਬੈੱਡਰੂਮ ਹੁੰਦਾ ਸੀ। ਬੈੱਡ ਉਹਨਾਂ ਦਾ ਸੋਫ਼ੇ ਦੇ ਉਪਰ ਹੀ ਲੱਗਦਾ ਹੁੰਦਾ ਸੀ। ਹੁਣ ਸਮੇ ਨਾਲ਼ ਬੜਾ

ਕੁਝ ਬਦਲ ਚੁੱਕਾ ਹੈ। ਪਿਛਲੀ ਅਧੀ ਸਦੀ ਦੇ ਸਮੇ ਦੌਰਾਨ ਬਹੁਤ ਸਾਰਾ ਪਾਣੀ ਪੁਲ਼ਾਂ ਦੇ ਹੇਠੋਂ ਦੀ ਲੰਘ ਚੁੱਕਾ ਹੈ।

ਸ਼ਾਇਦ ਏਸੇ ਬਦ ਪ੍ਰਹੇਜ਼ੀ ਕਾਰਨ ਹੀ, ਜਥੇਦਾਰ ਜੀ ਦੇ ਹੱਥ ਉਪਰ ਭਾਰੀ ਜ਼ਖ਼ਮ ਹੋ ਗਏ, ਸ਼ਾਇਦ ਦੋਹਾਂ ਹੱਥਾਂ ਉਪਰ। ਤਰਨ ਤਾਰਨ ਦੇ ਹਸਪਤਾਲੋਂ, ਅੰਮ੍ਰਿਤਸਰ ਦੇ ਹਸਪਤਾਲ ਵਿਚ ਆ ਗਏ। ਉਹਨੀਂ ਦਿਨੀਂ ਮੇਰੇ ਭਾਈਆ ਜੀ ਵੀ ਓਸੇ ਹਸਪਤਾਲ ਵਿਚ ਦਾਖ਼ਲ ਸਨ। ਇਉਂ ਮੈਨੂੰ ਦੋਹਾਂ ਦੀ ਦੇਖ ਭਾਲ਼ ਕਰਨੀ ਸੌਖੀ ਹੋ ਗਈ। ਹੋਰ ਵੀ ਲਾਭ ਇਹ ਹੋਇਆ ਕਿ ਭਾਈਆ ਜੀ ਤੇ ਆਮ ਮਰੀਜ਼ਾਂ ਵਾਲ਼ੇ ਵਾਰਡ ਵਿਚ ਹੀ ਦਾਖ਼ਲ ਸਨ ਪਰ ਜਥੇਦਾਰ ਜੀ ਸਪੈਸ਼ਲ ਵਾਰਡ ਵਿਚ ਸਨ। ਲੰਗਰੋਂ ਆਇਆ ਪ੍ਰਸ਼ਾਦਾ ਛਕ ਲੈਣ ਅਤੇ ਰਾਤ ਨੂੰ ਸੌਣ ਵਾਸਤੇ ਜਥੇਦਾਰ ਜੀ ਵਾਲ਼ੇ ਸਥਾਨ ਵਿਚ ਹੀ ਥਾਂ ਹੈਗੀ ਸੀ। ਇਕ ਦਿਨ ਡਿਪਟੀ ਕਮਿਸ਼ਨਰ ਅਤੇ ਐਸ.ਐਸ.ਪੀ. ਆਏ ਤੇ ਜਥੇਦਾਰ ਜੀ ਨੂੰ ਆਖਿਆ ਕਿ ਉਹਨਾਂ ਨੂੰ ਸੀ.ਐਮ ਸਾਹਿਬ (ਗਿਆਨੀ ਜ਼ੈਲ ਸਿੰਘ) ਨੇ ਭੇਜਿਆ ਹੈ ਕਿ ਜਥੇਦਾਰ ਜੀ ਦਾ ਹਾਲ ਪੁੱਛ ਕੇ ਆਉ ਤੇ ਨਾਲ਼ੇ ਦੱਸ ਕੇ ਆਉ ਕਿ ਉਹਨਾਂ ਦੇ ਇਲਾਜ ਉਪਰ ਆਉਣ ਵਾਲ਼ਾ ਹਸਪਤਾਲ ਦਾ ਸਾਰਾ ਖ਼ਰਚ ਸਰਕਾਰ ਵੱਲੋਂ ਹੋਵੇਗਾ।

ਏਨੀ ਲੰਮੀ ਗੱਲ ਲਿਖਣ ਦਾ ਮਤਲਬ ਸੀ ਕਿ ਜਥੇਦਾਰ ਜੀ ਨੇ ਆਪਣੀ ਬੀਮਾਰੀ ਦੀ ਬਿਲਕੁਲ ਪਰਵਾਹ ਨਾ ਕੀਤੀ ਤੇ ਨਿਰੀ ਖੰਡ ਰੂਪ ਮਠਿਆਈ ਬਿਨਾ ਝਿਜਕ ਛਕ ਗਏ। ਕੋਈ ਪਰਹੇਜ਼ ਨਹੀਂ, ਕੋਈ ਕਿੰਤੂ ਪ੍ਰੰਤੂ ਨਹੀਂ। ਇਹ ਮੇਰੇ ਵਾਸਤੇ ਬੜੀ ਹੈਰਾਨੀ ਵਾਲ਼ੀ ਗੱਲ ਸੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ੨ ਅਕਤੂਬਰ, ੧੯੬੨ ਤੋਂ ਸੰਤ ਚੰਨਣ ਸਿੰਘ ਜੀ ਦੇ ਨਾਲ਼ ਚਲੇ ਆ ਰਹੇ ਸੀਨੀਅਰ ਮੀਤ ਪ੍ਰਧਾਨ, ਜਥੇਦਾਰ ਹਰਚਰਨ ਸਿੰਘ ਹੁਡਿਆਰਾ, ਮੁਖ ਮੰਤਰੀ ਬਣਨ ਦੇ ਲਾਲਚ ਵਿਚ, ੧੯੬੭ ਦੀਆਂ ਗਰਮੀਆਂ ਵਿਚ, ਜਦੋਂ ਕਾਂਗਰਸ ਨਾਲ਼ ਰਲ਼ ਗਏ ਤਾਂ ਫਿਰ ਉਹਨਾਂ ਦੇ ਥਾਂ ਜਥੇਦਾਰ ਤੁੜ ਜੀ ਨੂੰ ਇਹ ਸੇਵਾ ਸੌਂਪੀ ਗਈ

੧੯੬੯ ਦੀ ਇਲੈਕਸ਼ਨ ਤੋਂ ਪਿੱਛੋਂ ਸਾਂਝੇ ਫ਼ਰੰਟ ਦੀ ਥਾਂ ਸ਼੍ਰੋਮਣੀ ਅਕਾਲੀ ਦਲ ਅਤੇ ਜਨ ਸੰਘ ਦੀ ਕੁਲੀਸ਼ਨ ਵਜ਼ਾਰਤ ਬਣੀ। ਜਥੇਦਾਰ ਤੁੜ ਜੀ ਇਸ ਸਰਕਾਰ ਵਿਚ ਰਾਜ ਮੰਤਰੀ ਬਣੇ। ਇਹਨਾਂ ਨੂੰ ਸ. ਬਲਵੰਤ ਸਿੰਘ ਖ਼ਜ਼ਾਨਾ ਮੰਤਰੀ ਨਾਲ਼ ਅਟੈਚ ਕੀਤਾ ਗਿਆ ਤੇ ਮਹਿਕਮਾ ਗੁਰਦੁਆਰਾ ਚੋਣਾਂ ਦਾ ਆਜ਼ਾਦਾਨਾ ਤੌਰ ’ਤੇ ਦਿਤਾ ਗਿਆ। ਇਸ ਤੋਂ ਪਹਿਲਾਂ ਮੈਂ ਕਦੀ ਇਸ ਮਹਿਕਮੇ ਦਾ ਨਾਂ ਨਹੀਂ ਸੀ ਸੁਣਿਆਂ। ਮੈਨੂੰ ਇਹ ਗੱਲ ਬੜੀ ਚੁਭੀ ਕਿ ਸਾਡੇ ਜਥੇਦਾਰ ਜੀ ਨੂੰ ਪੂਰੀ ਵਜ਼ੀਰੀ ਵੀ ਨਹੀਂ ਦਿਤੀ ਗਈ ਤੇ ਨਾ ਹੀ ਮਹਿਕਮਾ ਕੋਈ ਮਹੱਤਵਪੂਰਣ ਦਿਤਾ ਗਿਆ।

ਚੰਡੀਗੜ੍ਹ ਵਿਚ ਵਜ਼ੀਰੀ ਵਜੋਂ ਮਿਲ਼ੀ ਸਰਕਾਰੀ ਕੋਠੀ ਵਿਚਲੇ, ਜਥੇਦਾਰ ਜੀ ਦਾ ਆਪਣੇ ਸਟਾਫ਼ ਨੂੰ ਹੁਕਮ ਸੀ ਕਿ ਭਾਵੇਂ ਕੋਈ ਉਹਨਾਂ ਦੀ ਗ਼ੈਰ ਹਾਜ਼ਰੀ ਵਿਚ ਵੀ ਆਵੇ, ਉਸ ਨੂੰ ਰੋਟੀ ਵੇਲ਼ੇ ਰੋਟੀ ਤੇ ਚਾਹ ਵੇਲ਼ੇ ਚਾਹ ਮਿਲ਼ੇ। ਰਾਤ ਰਹਿਣਾ ਹੋਵੇ ਤਾਂ ਵੀ ਉਸ ਦੇ ਰਹਿਣ ਦਾ ਕੋਠੀ ਵਿਚ ਪ੍ਰਬੰਧ ਕੀਤਾ ਜਾਵੇ। ਉਹਨਾਂ ਦੀ ਮੌਜੂਦਗੀ ਵਿਚ ਤਾਂ ਹਰੇਕ ਦੀ ਆਉ ਭਗਤ ਹੁੰਦੀ ਹੀ ਸੀ, ਗ਼ੈਰ ਹਾਜ਼ਰੀ ਵਿਚ ਵੀ ਆਏ ਨੂੰ ਆਦਰ ਮਿਲ਼ਦਾ ਸੀ। ਕੋਠੀ ਵਿਚਲੇ ਲੰਗਰ ਵਾਸਤੇ ਆਟਾ ਉਹਨਾਂ ਦੇ ਪਿੰਡੋਂ ਆਉਂਦਾ ਹੁੰਦਾ ਸੀ। ਇਕ ਦਿਨ ਮੈਂ ਤੇ ਇਕ ਹੋਰ ਸ਼੍ਰੋਮਣੀ ਕਮੇਟੀ ਦੇ ਪ੍ਰਚਾਰਕ, ਸ. ਅਜੀਤ ਸਿੰਘ ਮੌਲਵੀ ਜਥੇਦਾਰ ਜੀ ਦੀ ਕੋਠੀ ਉਹਨਾਂ ਨੂੰ ਮਿਲਣ ਚਲੇ ਗਏ। ਮੌਲਵੀ ਜੀ ਬੜੇ ਬੇਬਾਕ ਸੱਜਣ ਸਨ ਤੇ ਮੂੰਹ ਆਈ ਗੱਲ ਵੱਡੇ ਤੋਂ ਵੱਡੇ ਬੰਦੇ ਨੂੰ ਕਹਿਣੋਂ ਵੀ ਕਦੀ ਨਹੀਂ ਸਨ ਝਿਜਕਦੇ। ਉਹਨਾਂ ਨੇ ਜਥੇਦਾਰ ਜੀ ਦੀ ਪੌਣੀ ਵਜ਼ੀਰੀ ਨੂੰ ਲੈ ਕੇ ਵਾਹਵਾ ਵੱਡਾ ਲੈਕਚਰ ਝਾੜ ਦਿਤਾ। ਜਥੇਦਾਰ ਜੀ ਆਪਣੇ ਠੰਡੇ ਸੁਭਾ ਕਰਕੇ ਸੁਣਦੇ ਰਹੇ ਤੇ ਫਿਰ ਕਹਿਣ ਲੱਗੇ, "ਮਿੱਤਰੋ, ਇਸ ਵਜ਼ੀਰੀ ਕਰਕੇ ਮਾਝੇ ਦੇ ਪੇਂਡੂ ਪੰਥਕ ਵਰਕਰਾਂ ਦੇ ਸਰਕਾਰੀ ਦਫ਼ਤਰਾਂ ਵਿਚ ਕੰਮ ਕਾਰ ਹੁੰਦੇ ਰਹਿੰਦੇ ਨੇ। ਝੰਡੀ ਵਾਲ਼ੀ ਕਾਰ ਤੇ ਵਜ਼ੀਰੀ ਦਾ ਸਰਕਾਰੀ ਅਫ਼ਸਰ ਰੋਹਬ ਮੰਨਦੇ ਨੇ। ਜਿਸ ਵੀ ਅਫ਼ਸਰ ਨੂੰ ਕਿਸੇ ਵਰਕਰ ਦੇ ਕੰਮ ਲਈ ਫ਼ੋਨ ਕਰੀਏ, ਉਹ ਧਿਆਨ ਨਾਲ਼ ਸੁਣਦਾ ਹੈ ਤੇ ਕੰਮ ਵੀ ਹੋ ਸਕਦਾ ਹੋਵੇ ਤਾਂ ਕਰ ਦਿੰਦਾ ਹੈ। ਅਸੀਂ ਚੰਗੇ ਮਹਿਕਮੇ ਤੇ ਵੱਡੀ ਵਜ਼ੀਰੀ ਤੋਂ ਕੇਹੜੇ ਕੋਈ ਮਹਿਲ ਪਾਉਣੇ ਨੇ!"

ਜਿਵੇਂ ਕਿ ਹਮੇਸ਼ਾਂ ਹੀ ਦਿੱਲੀ ਸਰਕਾਰ ਦੀ ਨੀਤੀ ਹੁੰਦੀ ਸੀ, ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਵਾਲ਼ੀ ਇਹ ਸਰਕਾਰ ਵੀ, ਵਿਚੋਂ ਗ਼ਦਾਰ ਖ਼ਰੀਦ ਕੇ, ਤੋੜ ਦਿਤੀ ਗਈ। ਛੇ ਮਹੀਨੇ ਦੇ ਗਵਰਨਰੀ ਰਾਜ ਪਿਛੋਂ ਚੋਣਾਂ ਹੋਈਆਂ ਤੇ ਗਿਆਨੀ ਜ਼ੈਲ ਸਿੰਘ ਦੀ ਅਗਵਾਈ ਹੇਠ, ਕਾਂਗਰਸ ਦੀ ਸਰਕਾਰ ਬਣ ਗਈ। ਇਸ ਚੋਣ ਵਿਚ ਸ਼੍ਰੋਮਣੀ ਅਕਾਲੀ ਦਲ ਦੇ ੨੪ ਐਮ.ਐਲ.ਏ. ਹੀ ਜਿੱਤ ਸਕੇ। ਇਕ ਸ. ਸੁਖਦੇਵ ਸਿੰਘ ਢੀਂਡਸਾ ਆਜ਼ਾਦ ਜਿੱਤ ਕੇ ਦਲ ਵਿਚ ਸ਼ਾਮਲ ਹੋਏ ਤੇ ਇਸ ਤਰ੍ਹਾਂ ਕੁੱਲ ੧੦੪ ਵਿਚੋਂ ੨੫ ਅਕਾਲੀ ਦਲ ਦੇ ਸਨ। ਇਸ ਹਾਰ ਦਾ ਅਸਰ ਅਕਾਲੀ ਲੀਡਰਸ਼ਿੱਪ 'ਤੇ ਮਾੜਾ ਪਿਆ। ਦਲ ਦੇ ਪ੍ਰਧਾਨ ਸੰਤ ਫ਼ਤਿਹ ਸਿੰਘ ਜੀ ਨੇ ਇਸ ਹਾਰ ਦੀ ਜੁੰਮੇਵਾਰੀ ਕਬੂਲਦਿਆਂ, ਜਥੇਦਾਰ ਮੋਹਨ ਸਿੰਘ ਤੁੜ ਜੀ ਨੂੰ ਦਲ ਦਾ ਪ੍ਰਧਾਨ ਥਾਪ ਕੇ, ਆਪ ਪ੍ਰਧਾਨਗੀ ਛੱਡ ਦਿਤੀ। ਸੰਤ ਫ਼ਤਿਹ ਸਿੰਘ ਜੀ ਅਕਤੂਬਰ ਅਤੇ ਸੰਤ ਚੰਨਣ ਸਿੰਘ ਜੀ ਨਵੰਬਰ, ੧੯੭੨ ਵਿਚ ਅਕਾਲ ਚਲਾਣਾ ਕਰ ਗਏ। ਏਥੋਂ ਪੰਥ ਦੀ ਅਗਵਾਈ ਜਥੇਦਾਰ ਮੋਹਨ ਸਿੰਘ ਤੁੜ ਨੇ ਆਜ਼ਾਦਾਨਾ ਤੌਰ 'ਤੇ ੧੯੭੮ ਤੱਕ ਕੀਤੀ।

ਦੋਹਾਂ ਸੰਤ ਜੀਆਂ ਦੇ ਅਕਾਲ ਚਲਾਣੇ ਪਿੱਛੋਂ ਜਥੇਦਾਰ ਤੁੜ ਜੀ ਨੇ ਮੈਨੂੰ ਆਖਿਆ ਕਿ ਜਿਵੇਂ ਮੈਂ ਸੰਤ ਜੀ ਨਾਲ਼ ਪੀ.ਏ. ਦੀ ਸੇਵਾ ਕਰਦਾ ਸਾਂ ਓਵੇਂ ਹੁਣ ਉਹਨਾਂ ਨਾਲ਼ ਕਰਾਂ। ਉਹਨਾਂ ਨੇ ਆਪਣੇ ਪੀ.ਏ. ਦਾ ਨਾਂ ਲੈ ਕੇ ਦੱਸਿਆ ਕਿ ਇਲਾਕੇ ਦੇ ਅਕਾਲੀ ਵਰਕਰ ਉਸ

ਨੂੰ ਪਸੰਦ ਨਹੀਂ ਕਰਦੇ। ਮੈਂ ਹਾਂ ਜੀ ਤੇ ਆਖ ਦਿਤਾ ਤੇ ਕੁਝ ਸਮਾ ਇਹ ਸੇਵਾ ਜਥੇਦਾਰ ਜੀ ਨਾਲ਼ ਕੀਤੀ ਵੀ ਪਰ ਅੰਦਰੋਂ ਮੈਂ ਬਾਹਰ ਨਿਕਲਣ ਦੀ ਤਿਆਰੀ ਕਰ ਰਿਹਾ ਸਾਂ। ਬਾਹਰ ਦੀ ਦੁਨੀਆਂ ਵੇਖਣ ਦੇ ਲਾਲਚ ਵਿਚ ਮੈਂ ਆਰਜ਼ੀ ਤੌਰ 'ਤੇ ਦੇਸ ਵਿਚਲੇ ਸਾਰੇ 'ਲਾਲਚ' ਕੁਰਬਾਨ ਕਰਨ ਲਈ ਤਿਆਰ ਸਾਂ। ਉਸ ਸਮੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਚਾਰਕ, ਗੁਰੂ ਨਾਨਕ ਯੂਨੀਵਰਸਿਟੀ ਦੀ, ਉਸ ਸਮੇ ਪੋਸਟ ਗਰੈਜੂਏਟ ਡਿਗਰੀ (ਆਦਿ ਗ੍ਰੰਥ ਅਚਾਰੀਆ) ਦੀ ਪੜ੍ਹਾਈ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦੇ ਪੀ.ਏ. ਬਣਨ ਦਾ ਲਾਲਚ, ਮੇਰੇ ਵਾਸਤੇ ਕੋਈ ਰੁਕਾਵਟ ਵਾਲ਼ੀ ਗੱਲ ਨਹੀਂ ਸਨ ਬਣ ਸਕੇ। ਵਿਚੇ ਵਿਚ ਮੈਂ ਮਨ ਹੀ ਮਨ ਬਾਹਰ ਦੀ ਯਾਤਰਾ ਦੇ ਘੋੜੇ ਦੌੜਾ ਰਿਹਾ ਸਾਂ। ਅਖ਼ੀਰ, ਨੌਂ ਸਾਲਾਂ ਦੀ ਤਿਆਰੀ ਤੇ ਉਡੀਕ ਪਿੱਛੋਂ ਉਹ ਘੜੀ ਆ ਪਹੁੰਚੀ ਜਿਸ ਲਈ ਮੈਂ ਏਨਾ ਉਤਸੁਕ ਸਾਂ। ਮੈਨੂੰ ਦੋ ਸਾਲਾਂ ਦਾ ਵਰਕ ਪਰਮਿਟ ਮਲਾਵੀ ਮੁਲਕ ਤੋਂ ਗ੍ਰੰਥੀ ਵਜੋਂ ਆ ਗਿਆ। ਘਰ ਦਿਆਂ ਨੇ ਬਿਨਾ ਵਿਆਹ ਤੋਂ ਮੇਰਾ ਬਾਹਰ ਚਲੇ ਜਾਣਾ ਠੀਕ ਨਾ ਸਮਝਿਆ ਤੇ ਇਹ ਕਾਰਜ ਕਰ ਦਿਤਾ। ੨੧ ਫ਼ਰਵਰੀ ੧੯੭੩ ਵਾਲ਼ੇ ਦਿਨ ਅਨੰਦ ਕਾਰਜ ਹੋ ਗਿਆ ਤੇ ਉਸ ਦਿਨ ਤੋਂ ਹੀ ਕਿਸੇ ਪੰਥਕ ਸਰਗਰਮੀ ਵਿਚ ਹਿੱਸਾ ਲੈਣਾ ਤਿਆਗ ਕੇ, ਸਿਰਫ਼ ਤੇ ਸਿਰਫ਼ ਬਾਹਰ ਦੀ ਤਿਆਰੀ ਵਿਚ ਹੀ ਰੁੱਝ ਗਿਆ ਤੇ ੭ ਮਾਰਚ, ੧੯੭੩ ਵਾਲ਼ੇ ਦਿਨ, ਅੰਮ੍ਰਿਤਸਰ ਤੋਂ ਅਫ਼ਰੀਕਾ ਦੇ ਇਕ ਨਿੱਕੇ ਜਿਹੇ ਮੁਲਕ ਮਲਾਵੀ ਵੱਲ ਚਾਲੇ ਪਾ ਦਿਤੇ।

ਇਹ ਮਲਾਵੀ ਮੁਲਕ ਅਜਿਹਾ ਸੀ ਕਿ ਜਿਥੇ ਦੇਸ ਦੀ ਨਾ ਅਖ਼ਬਾਰ, ਨਾ ਰੇਡੀਉ; ਟੀ.ਵੀ. ਦੀ ਓਦੋਂ ਗੱਲ ਹੀ ਕੀ ਕਰਨੀ ਹੈ! ਸਵਾ ਦੋ ਸਾਲ ਤੱਕ ਕਿਸੇ ਵੀ ਪ੍ਰਕਾਰ ਦਾ ਦੇਸ ਨਾਲ਼ ਕੋਈ ਸੰਪਰਕ ਨਾ ਰਿਹਾ, ਸਿਵਾਇ ਵਾਹਵਾ ਦੇਰ ਨਾਲ਼ ਆਉਣ ਵਾਲ਼ੀ ਚਿੱਠੀ ਤੋਂ। ਇਸ ਦੌਰਾਨ ਬਟਾਲੇ ਤੋਂ ਮੇਰੇ ਮਿੱਤਰ ਸ. ਹਰਭਜਨ ਸਿੰਘ ਬਾਜਵੇ ਦੀ ਚਿੱਠੀ ਆਈ, ਜਿਸ ਵਿਚ ਉਸ ਨੇ ਦੱਸਿਆ ਕਿ ਅਕਾਲੀਆਂ ਨੇ ਬੰਸੀ ਲਾਲ ਦੀ ਬੰਸਰੀ ਵਜਾ ਦਿਤੀ। ਬਾਅਦ ਵਿਚ ਹੌਲ਼ੀ ਹੌਲ਼ੀ ਪਤਾ ਲੱਗਾ ਕਿ ਸਰਦਾਰ ਕੈਰੋਂ ਦੇ ਪਦ ਚਿੰਨ੍ਹਾਂ 'ਤੇ ਚੱਲਣ ਵਾਲ਼ੇ ਹਰਿਆਣਵੀ ਮੁਖ ਮੰਤਰੀ ਚੌਧਰੀ ਬੰਸੀ ਲਾਲ ਨੂੰ ਮਜਬੂਰ ਕਰ ਦਿਤਾ ਕਿ ਉਹ ਸ਼ਹਿਰੀ ਆਜ਼ਾਦੀ ਉਪਰ ਲਾਈ ਗਈ ਪਾਬੰਦੀ ਨੂੰ ਚੁੱਕ ਕੇ ਅਕਾਲੀਆਂ ਦਾ ਮੋਰਚਾ ਬੰਦ ਕਰਵਾਏ। ਇਹ ਮੋਰਚਾ ਕਰਨਾਲ ਵਿਚ ਲੱਗਾ ਸੀ। ਇਹ ਤਾਂ ਸਿੱਖਾਂ ਦਾ ਮੁੱਢ ਕਦੀਮ ਤੋਂ ਹੀ ਰਵਈਆ ਰਿਹਾ ਹੈ ਕਿ ਦੂਜਿਆਂ ਦੇ ਹੱਕਾਂ ਲਈ ਖ਼ੁਦ ਨੂੰ ਖ਼ਤਰੇ ਵਿਚ ਪਾ ਲੈਣਾ। ਇਸ ਮੋਰਚੇ ਵਾਲ਼ੀ, ਜਥੇਦਾਰ ਮੋਹਨ ਸਿੰਘ ਤੁੜ ਜੀ ਦੀ ਦਲੇਰਾਨਾ ਤੇ ਸੁਚੱਜੀ ਅਗਵਾਈ ਸਦਕਾ, ਸ਼੍ਰੋਮਣੀ ਅਕਾਲੀ ਦਲ ਨੂੰ ਸ਼ਾਨਦਾਰ ਜਿੱਤ ਪ੍ਰਾਪਤ ਹੋਈ। ਇਹ ਸ਼ਾਨਦਾਰ ਘਟਨਾ ੧੯੭੪ ਵਿਚ ਘਟੀ।

੨੫ ਜੂਨ ੧੯੭੫ ਨੂੰ ਇੰਦਰਾ ਗਾਂਧੀ ਨੇ ਦੇਸ ਵਿਚ ਐਮਰਜੈਂਸੀ ਲਾਗੂ ਕਰ ਦਿਤੀ। ਮੈਂ ਕੁਝ ਅਫ਼ਰੀਕਨ ਤੇ ਕੁਝ ਯੂਰਪ ਦੇ ਦੇਸਾਂ ਵਿਚ ਦੀ ਘੁੰਮਦਾ ਹੋਇਆ ਲੰਡਨ ਪਹੁੰਚ

ਗਿਆ। ਲੰਡਨ ਵਿਚ ਸਾਊਥਾਲ ਤੋਂ, ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਹੇਠ ਬਹੁਤ ਸੰਗਤਾਂ ਭਾਰਤੀ ਹਾਈ ਕਮਿਸ਼ਨ ਦੇ ਦਫ਼ਤਰ ਅੱਗੇ, ਐਮਰਜੈਂਸੀ ਦੇ ਖ਼ਿਲਾਫ਼ ਮੁਜ਼ਾਹਰਾ ਕਰਨ ਜਾਂਦੀਆਂ ਸਨ। ਮੈਂ ਵੀ ਵਿਚ ਸ਼ਾਮਲ ਹੋ ਗਿਆ। ਪਰਵਾਰ ਵਿਚ ਇਕ ਸੋਗੀ ਘਟਨਾ ਘਟ ਜਾਣ ਕਰਕੇ, ਮੈਂ ਅੰਮ੍ਰਿਤਸਰ ਮੁੜਨ ਦਾ ਮਨ ਬਣਾ ਲਿਆ। ਜਦੋਂ ਓਥੇ ਦੇ ਅਕਾਲੀ ਆਗੂਆਂ ਨੂੰ ਪਤਾ ਲੱਗਾ ਤਾਂ ਉਹਨਾਂ ਨੇ ਮੈਨੂੰ ਬੜਾ ਰੋਕਿਆ। ਡਰਾਇਆ ਵੀ ਕਿ ਐਮਰਜੈਂਸੀ ਦੇ ਦੌਰਾਨ ਮੈਨੂੰ ਸਰਕਾਰ ਫੜ ਕੇ ਜੇਹਲ ਵਿਚ ਵੀ ਦੇ ਸਕਦੀ ਹੈ ਪਰ ਮੈਂ ਆਪਣੇ ਫ਼ੈਸਲੇ ’ਤੇ ਅਟੱਲ ਰਿਹਾ ਤੇ ੧੮ ਅਗਸਤ, ੧੯੭੫ ਨੂੰ ਅੰਮ੍ਰਿਤਸਰ ਆ ਉਤਰਿਆ। ਮੈਨੂੰ ਸਰਕਾਰ ਨੇ ਕੀ ਫੜਨਾ ਫੁੜਨਾ ਸੀ! ਮੈਂ ਕੇਹੜੀ ਕੋਈ ਭੰਗੀਆਂ ਵਾਲ਼ੀ ਤੋਪ ਸਾਂ।

ਜਥੇਦਾਰ ਮੋਹਨ ਸਿੰਘ ਤੁੜ ਜੀ ਇਸ ਐਮਰਜੈਂਸੀ ਦੇ ਖ਼ਿਲਾਫ਼ ਲੱਗੇ ਮੋਰਚੇ ਦੀ, ਮੋਰਚੇ ਦੇ ਡਿਕਟੇਟਰ ਵਜੋਂ, ਅਗਵਾਈ ਕਰ ਰਹੇ ਸਨ। ਇਸ ਦੌਰਾਨ ਇਕ ਦਿਨ ਮੈਂ ਜਥੇਦਾਰ ਜੀ ਨੂੰ, ਉਹਨਾਂ ਦੀ ਰਿਹਾਇਸ਼ ਵਾਲ਼ੇ, ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਨਾਲ਼ ਲੱਗਣ ਵਾਲ਼ੇ ਕਮਰੇ ਵਿਚ ਜਾ ਕੇ ਮਿਲ਼ਿਆ। ਜਥੇਦਾਰ ਜੀ ਉਚੇਚੇ ਪਿਆਰ ਨਾਲ਼ ਪੇਸ਼ ਆਏ। ਆਪਣੇ ਨਾਲ਼ ਹੀ ਮੰਜੇ ਉਪਰ ਬਿਠਾ ਲਿਆ। ਮੈਂ ਜਥੇਦਾਰ ਜੀ ਨੂੰ ਇੰਗਲੈਂਡ ਦੇ, ਅਕਾਲੀ ਆਗੂਆਂ ਦੇ ਉਦਮ ਸੰਬੰਧੀ ਜਾਣਕਾਰੀ ਦਿਤੀ। ਉਹ ਬਹੁਤ ਖ਼ੁਸ਼ ਹੋਏ। ਅਗਲੇ ਦਿਨ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਹੋਣ ਵਾਲ਼ੀ ਕਨਵੈਨਸ਼ਨ ਵਿਚ ਮੈਨੂੰ ਸ਼ਾਮਲ ਹੋ ਕੇ, ਬੋਲਣ ਲਈ ਵੀ ਆਖਿਆ ਪਰ ਮੈਂ ਉਸ ਕਨਵੈਨਸ਼ਨ ਵਿਚ ਸ਼ਾਮਲ ਨਹੀਂ ਹੋ ਸਕਿਆ। ਇਸ ਦਾ ਕਾਰਨ ਹੁਣ ਯਾਦ ਨਹੀਂ ਰਿਹਾ।

ਜਥੇਦਾਰ ਜੀ ਦੀ ਅਗਵਈ ਹੇਠ, ਐਮਰਜੈਂਸੀ ਦੇ ਖ਼ਿਲਾਫ਼ ਮੋਰਚਾ ਬੜੀ ਸਫਲਤਾ ਸਹਿਤ ਚੱਲਦਾ ਰਿਹਾ। ਮੈਂ ਮੋਰਚੇ ਦੇ ਦੌਰਾਨ ਹੀ ਮੁੜ ਪਰਵਾਰ ਸਮੇਤ ਮਲਾਵੀ ਚਲਿਆ ਗਿਆ। ਪਿੱਛੋਂ ਪਤਾ ਲੱਗਾ ਕਿ ਕੁਝ ਮੱਤਭੇਦ ਪੈਦਾ ਹੋ ਜਾਣ ਕਰਕੇ, ਜਥੇਦਾਰ ਜੀ ਮੋਰਚੇ ਦੀ ਅਗਵਾਈ ਸੰਤ ਹਰਚੰਦ ਸਿੰਘ ਜੀ ਨੂੰ ਸੌਂਪ ਕੇ, ਆਪ ਜਥਾ ਲੈ ਕੇ, ਜੇਹਲ ਚਲੇ ਗਏ। ਮੋਰਚਾ ੧੯ ਮਹੀਨੇ ਓਦੋਂ ਤੱਕ ਚੱਲਦਾ ਰਿਹਾ ਜਿੰਨਾ ਚਿਰ ਇੰਦਰਾ ਗਾਂਧੀ ਨੇ ਐਮਰਜੈਂਸੀ ਉਠਾ ਕੇ ਚੋਣਾਂ ਦਾ ਐਲਾਨ ਨਹੀਂ ਕਰ ਦਿਤਾ।

ਪਾਰਲੀਮੈਂਟ ਦੀ ਇਹ ਚੋਣ ਭਾਰਤ ਦੇ ਸਿਆਸੀ ਇਤਿਹਾਸ ਵਿਚ ਇਕ ਅਤੀ ਹੀ ਮਹੱਤਵਪੂਰਣ ਘਟਨਾ ਹੋ ਨਿੱਬੜੀ। ਪ੍ਰਧਾਨ ਮੰਤਰੀ ਇੰਦਰਾ ਗਾਂਧੀ ਆਪਣੇ ਪੁੱਤਰ ਸਮੇਤ ਚੋਣ ਹਾਰ ਗਈ। ਇਹਨਾਂ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਨੂੰ, ਜਥੇਦਾਰ ਤੁੜ ਜੀ ਦੀ ਅਗਵਾਈ ਹੇਠ, ਸੌ ਫ਼ੀ ਸਦੀ ਜਿੱਤ ਪ੍ਰਾਪਤ ਹੋਈ। ਮੇਰੀ ਜਾਣਕਾਰੀ ਅਨੁਸਾਰ, ਨਾ ਇਸ ਤੋਂ ਪਹਿਲਾਂ ਤੇ ਨਾ ਹੀ ਇਸ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਨੂੰ, ਜਨਤਾ ਨੇ ਏਨੀ ਸ਼ਾਨਦਾਰ ਜਿੱਤ ਦਿਤੀ। ਜਥੇਦਾਰ ਜੀ ਦੀ ਅਗਵਾਈ ਹੇਠ, ਸਮੇਤ ਜਥੇਦਾਰ ਜੀ ਦੇ, ਸਣੇ ਸਹਿਯੋਗੀ

ਜਨਤਾ ਪਾਰਟੀ ਦੇ, ਉਮੀਦਵਾਰਾਂ ਦੇ, ਸਾਰੇ ਦੇ ਸਾਰੇ ਪਾਰਲੀਮੈਂਟ ਲਈ ਚੁਣੇ ਗਏ। ਫਿਰ ਪੰਜਾਬ ਅਸੈਂਬਲੀ ਦੀ ਚੋਣ ਹੋਈ ਤਾਂ ਉਸ ਵਿਚ ਵੀ ਸ਼੍ਰੋਮਣੀ ਅਕਾਲੀ ਦਲ ਤੇ ਜਨਤਾ ਪਾਰਟੀ ਨੇ ਜਿੱਤ ਉਪ੍ਰੰਤ ਸਰਕਾਰ ਬਣਾਈ।

੧੯੭੮ ਵਿਚ ਜਥੇਦਾਰ ਮੋਹਨ ਸਿੰਘ ਤੁੜ ਜੀ ਦੇ ਥਾਂ ਸ. ਜਗਦੇਵ ਸਿੰਘ ਤਲਵੰਡੀ ਜੀ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਚੁਣੇ ਗਏ ਪਰ ਜਥੇਦਾਰ ਮੋਹਨ ਸਿੰਘ ਤੁੜ ਜੀ, ਆਪਣੇ ਅੰਤਮ ਸਮੇ ਜੁਲਾਈ, ੧੯੭੯ ਤੱਕ ਪੰਥ ਦੇ ਸਨਮਾਨਤ ਆਗੂ ਵਜੋਂ ਸੇਵਾ ਕਰਦੇ ਰਹੇ।

ਜਥੇਦਾਰ ਮੋਹਨ ਸਿੰਘ ਤੁੜ ਜੀ, ਆਪਣੇ ਲਿਬਾਸ, ਸ਼ਕਲ ਸੂਰਤ, ਬੋਲ ਬਾਣੀ, ਸੋਚ ਵਿਚਾਰ, ਕੁਰਬਾਨੀ ਤਿਆਗ, ਰਹਿਤ ਬਹਿਤ ਦੇ ਰੂਪ ਵਿਚ, ਉਸ ਸਮੇ, ਸ਼੍ਰੋਮਣੀ ਅਕਾਲੀ ਦੇ ਵਰਕਰ ਅਤੇ ਆਗੂ ਵਜੋਂ ਇਕ ਆਦਰਸ਼ਕ, ਰੀਸ ਕਰਨ ਦੇ ਯੋਗ ਸ਼ਖ਼ਸੀਅਤ ਸਨ।

ਜਥੇਦਾਰ ਜੀ ਦੀ ਪ੍ਰਧਾਨਗੀ ਦਾ ਸਮਾ, ਸ਼੍ਰੋਮਣੀ ਅਕਾਲੀ ਦਲ ਦੇ ਇਤਿਹਾਸ ਦਾ ਸੁਨਹਿਰੀ ਸਮਾ ਸੀ। ਜਥੇਦਾਰ ਜੀ ਦੇ ੧੯੪੫ ਵਿਚ, ਸਰਕਲ ਸਿਰਹਾਲੀ ਦੇ ਜਥੇਦਾਰ ਬਣਨ ਤੋਂ ਸ਼ੁਰੂ ਹੋ ਕੇ, ੧੯੭੨ ਵਿਚ ਦਲ ਦੇ ਪ੍ਰਧਾਨ ਬਣਨ ਤੱਕ, ੧੯੫੫ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਬਣਨ ਤੋਂ ਲੈ ਕੇ, ਇਸ ਦੇ ੧੯੬੮ ਵਿਚ ਸੀਨੀਅਰ ਮੀਤ ਪ੍ਰਧਾਨ ਬਣਨ ਤੱਕ, ਪੰਜਾਬ ਸਰਕਾਰ ਵਿਚ ਵਜ਼ੀਰ ਬਣਨ ਅਤੇ ਐਮ.ਪੀ. ਬਣਨ ਤੱਕ ਵੀ ਜਥੇਦਾਰ ਜੀ ਹਸਮੁਖ, ਨਿਰਮਾਣ, ਵਰਕਰਾਂ ਦੇ ਕਦਰਦਾਨ, "ਮੈ ਮਰਾਂ, ਪੰਥ ਜੀਵੇ" ਵਾਲ਼ੇ ਸਿਧਾਂਤ ਉਪਰ ਹੀ ਚੱਲਦੇ ਰਹੇ। ਭਾਈ ਭਤੀਜਾਵਾਦ ਵਾਲ਼ੀ ਸੋਚ ਤੋਂ ਉਪਰ ਰਹੇ। ਆਪ ਜੀ ਦੇ ਇਸ ਸੰਸਾਰ ਤੋਂ ਚਲੇ ਜਾਣ ਬਾਅਦ, ਉਹਨਾਂ ਦੇ ਦੋ ਸਪੁੱਤਰ, ਸ. ਲਹਿਣਾ ਸਿੰਘ ਤੇ ਸ. ਤਰਲੋਚਨ ਸਿੰਘ ਵੀ, ਵਾਰੀ ਵਾਰੀ ਐਮ.ਪੀ. ਬਣੇ।

ਜਥੇਦਾਰ ਜੀ ਦੇ ਪਰਵਾਰ ਵਿਚ ਕੁਝ ਅਣਸੁਖਾਵੀਆਂ ਘਟਨਾਵਾਂ ਵੀ ਵਾਪਰੀਆਂ। ਜਥੇਦਾਰ ਜੀ ਦੇ ਆਪਣੇ ਸਰੀਰ ਉਪਰ ਝੱਲੇ ਸਰਕਾਰੀ ਤਸ਼ੱਦਦ ਤੋਂ ਇਲਾਵਾ, ਜਥੇਦਾਰ ਜੀ ਦਾ ਇਕ ਸਪੁੱਤਰ ਟੀਚਰ ਸ. ਦੇਸਾ ਸਿੰਘ ਖੇਤਾਂ ਵਿਚ ਟ੍ਰੈਕਟਰ ਚਲਾਉਂਦਿਆਂ ਹਾਦਸੇ ਦਾ ਸ਼ਿਕਾਰ ਹੋ ਕੇ ਚਲਾਣਾ ਕਰ ਗਿਆ ਸੀ ਤੇ ਦੂਜਾ ਸਪੁੱਤਰ ਡਾ. ਗੁਰਬਚਨ ਸਿੰਘ, ਸ੍ਰੀ ਦਰਬਾਰ ਸਾਹਿਬ ਉਪਰ ਫ਼ੌਜੀ ਹਮਲੇ ਸਮੇ, ਫ਼ੌਜ ਦੀ ਗੋਲ਼ੀ ਦਾ ਸ਼ਿਕਾਰ ਹੋ ਗਿਆ ਸੀ।

*ਆਸਟ੍ਰੇਲੀਆ ਵਿਚ ਪੰਜਾਬੀ ਸੰਗੀਤ ਅਤੇ ਸਭਿਆਚਾਰ ਦੀ ਧਾਰਾ*

# ਸ. ਦਵਿੰਦਰ ਸਿੰਘ ਧਾਰੀਆ

*ਕਸਬਿ ਕਮਾਲ ਕੁਨ, ਅਜ਼ੀਜ਼ੇ ਜਹਾਂ ਸ਼ਵੀ।*
*ਬੜੀ ਮੁਸ਼ਕਲ ਸੇ ਹੋਤਾ ਹੈ ਚਮਨ ਮੇਂ ਦੀਦਾਵਰ ਪੈਦਾ।*

ਸ. ਦਵਿੰਦਰ ਸਿੰਘ ਧਾਰੀਆ ਨਾਲ਼ ਮੇਰਾ ਮੇਲ਼ ਓਦੋਂ ਹੋਇਆ ਜਦੋਂ, ਉਹ ਆਪਣੇ ਗੀਤਾਂ ਦੀ ਕਿਤਾਬ ਲੈਣ ਮੇਰੇ ਘਰ, ਸਿਡਨੀ ਦੇ ਸਬਅਰਬ ਈਸਟਰਨ ਕਰੀਕ ਵਿਖੇ ਆਇਆ। ਇਹ ਕਲਾਕਾਰ ਦਾ ਸਰਮਾਇਆ ਮੇਰੇ ਕੋਲ਼ ਕਿਵੇਂ ਆ ਗਿਆ? ੧੯੮੯ ਵਿਚ ਜਦੋਂ ਮੈਂ ਕਿਸੇ ਕਾਰਜ ਕਾਰਨ ਨਿਊਜ਼ੀਲੈਂਡ ਗਿਆ ਤਾਂ ਓਥੇ ਸਾਡੇ ਸਾਂਝੇ ਮਿੱਤਰ, ਗਵਾਂਢੀ ਪਿੰਡ ਦੇ ਵਾਸੀ, ਸ. ਕਰਮਜੀਤ ਸਿੰਘ ਰੰਧਾਵਾ ਨੇ ਇਹ ਖ਼ਜ਼ਾਨਾ ਮੇਰੇ ਹਵਾਲੇ ਕਰ ਕੇ ਕਿਹਾ ਕਿ ਮੇਰੇ ਪਾਸੋਂ, ਸਿਡਨੀ ਵਿਚ ਧਾਰੀਆ ਜੀ ਆ ਕੇ ਲੈ ਜਾਣਗੇ।

ਕੁਝ ਦਿਨਾਂ ਬਾਅਦ ਧਾਰੀਆ ਜੀ ਨੇ ਮੇਰੇ ਘਰ ਆ ਦਰਸ਼ਨ ਦਿਤੇ। ਸਾਡੇ ਵਿਚਾਲ਼ੇ ਆਸਟ੍ਰੇਲੀਆ ਵਿਚ ਪੰਜਾਬੀ ਲੋਕ ਸੰਗੀਤ ਦਾ ਭਵਿੱਖ, ਯਮਲਾ ਜੀ, ਪੰਜਾਬੀ ਸਭਿਆਚਾਰ ਆਦਿ ਉਪਰ ਖੁਲ੍ਹੀਆਂ ਵਿਚਾਰਾਂ ਹੋਈਆਂ। ਇਕ ਦਿਨ ਮੈਨੂੰ ਆਪਣੇ ਫ਼ਲੈਟ ਵਿਚ ਲਿਜਾ ਕੇ ਯਮਲਾ ਜੀ ਦੀ ਗਾਇਕੀ ਦੀਆਂ ਕੁਝ ਵੀਡੀਓਜ਼ ਵੀ ਇਹਨਾਂ ਨੇ ਵਿਖਾਈਆਂ। ਪਹਿਲੀ ਵਾਰ ਮੈਨੂੰ ਪਤਾ ਲੱਗਾ ਕਿ ਯਮਲਾ ਜੀ ਦਾ ਕੱਦ, ਕਲਾਕਾਰੀ ਵਿਚ ਏਨਾ ਉਚਾ ਅਤੇ ਸਰੀਰਕ ਪੱਖੋਂ ਏਨਾ ਨਿੱਕਾ ਸੀ। ਕਦੀ ਕਦਾਈਂ ਜਦੋਂ ਵੀ ਵੇਹਲ ਮਿਲਣਾ ਧਾਰੀਆ ਜੀ ਨੇ ਸਾਹਿਤਕ ਵਿਚਾਰ ਵਟਾਂਦਰਾ ਕਰਨ ਲਈ ਮੇਰੇ ਕੋਲ਼ ਆ ਜਾਇਆ ਕਰਨਾ।

## ਕੌਣ ਹੈ ਇਹ ਧਾਰੀਆ ਨਾਮੀ ਕਲਾ ਨੂੰ ਸਮਰਪਤ ਕਲਾਕਾਰ

ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਸਰਵਾਲੀ ਵਿਚ, ਸਰਦਾਰਨੀ ਗੁਰਬਚਨ ਕੌਰ ਅਤੇ ਸਰਦਾਰ ਹਰਭਜਨ ਸਿੰਘ ਦੇ ਘਰ, ਜਨਵਰੀ ੧੯੬੧ ਵਿਚ, ਆਪਣੇ ਨਾਨਕੇ ਘਰ ਪਿੰਡ ਹੋਠੀਆਂ, ਮਾਪਿਆਂ ਦੀਆਂ ਅੱਖਾਂ ਦਾ ਨੂਰ ਪੈਦਾ ਹੋਇਆ। ਗਵਾਂਢੀ ਪਿੰਡ ਮਿਰਜ਼ਾ ਜਾਨ (ਬੋਹੜ ਵਾਲ਼ਾ) ਦੇ ਹਾਈ ਸਕੂਲ ਵਿਚ ਪੜ੍ਹਨ ਸਮੇ ਤੋਂ ਹੀ, ਉਸ ਪਿੰਡ ਵਿਚ ਸਵੇਰੇ ਸ਼ਾਮ ਸਪੀਕਰ ਉਪਰ ਵੱਜਣ ਵਾਲ਼ੇ, ਉਸਤਾਦ ਯਮਲਾ ਜੱਟ ਦੇ ਗੀਤ, ਸਤਿਗੁਰ ਨਾਨਕ ਤੇਰੀ ਲੀਲਾ ਨਿਆਰੀ ਏ, ਜੰਗਲ਼ ਦੇ ਵਿਚ ਖੂਹਾ ਲਵਾਦੇ ਉਤੇ ਪਵਾਦੇ ਡੋਲ, ਤੇਰੇ ਨੀਂ ਕਰਾਰਾਂ ਮੈਨੂੰ ਪੱਟਿਆ ਆਦਿ ਗੀਤ ਸੁਣ ਸੁਣ ਕੇ, ਦਵਿੰਦਰ ਸਿੰਘ ਦੇ ਅੰਦਰ ਦੇ ਸੁੱਤੇ ਪਏ ਕਲਾਕਾਰ ਨੂੰ ਸੁਗਮ ਸੰਗੀਤ ਦੀ ਲਗਨ ਲੱਗ ਗਈ। ਤੁਰਦੇ ਫਿਰਦੇ ਸੁੱਤੇ ਜਾਗਦੇ, ਸੁਬ੍ਹਾ ਸ਼ਾਮ, ਸਕੂਲ ਵਿਚ ਖੇਤਾਂ ਵਿਚ, ਘਰ ਵਿਚ ਬਾਹਰ ਯਮਲਾ ਜੀ ਦੇ ਗੀਤਾਂ ਦੀ ਗੁਣਗੁਣਾਹਟ

ਹੀ ਕਿਸ਼ੋਰ ਚੋਬਰ ਦੇ ਬੁਲ੍ਹਾਂ ਉਪਰ ਨੱਚਦੀ ਰਹਿੰਦੀ ਸੀ। ੧੯੭੭ ਵਿਚ ਦਸਵੀਂ ਪਾਸ ਕਰ ਕੇ, ਪਿਤਾ ਨਾਲ਼ ਖੇਤੀ ਦਾ ਕੰਮ ਕਰਵਾਉਂਦਿਆਂ, ਯਮਲਾ ਜੀ ਦੇ ਗੀਤ ਗਾਉਂਦਿਆਂ, ਲਾਗੇ ਬੰਨੇ ਦੇ ਸਮਾਗਮਾਂ ਉਪਰ, ਦੋ ਚਾਰ ਵਾਰ ਸ਼ੌਕੀਆ ਕਵੀਸ਼ਰੀ ਵੀ ਕਰ ਲਈ। ਧਾਰੀਆ ਜੀ, ਆਖਦੇ ਨੇ ਕਿ ਸੰਗੀਤ ਜਾਣੋ ਉਹਨਾਂ ਦੇ ਹੱਡਾਂ ਵਿਚ ਹੀ ਰਚ ਗਿਆ ਸੀ। ਰਾਤ ਦਿਨੇ ਏਸੇ ਧੁਨ ਵਿਚ ਹੀ ਲੱਗੇ ਰਹਿਣਾ। ਖੇਡਾਂ ਸੰਗੀਤ ਤੋਂ ਬਿਨਾ ਹੋਰ ਕਿਸੇ ਪਾਸੇ ਧਿਆਨ ਹੀ ਨਾ ਜਾਣਾ। ਹੋਰ ਧਾਰੀਆ ਜੀ ਨੇ ਦੱਸਿਆ, "ਘਰਦਿਆਂ ਨੂੰ ਆਖਣਾ ਸ਼ੁਰੂ ਕਰ ਦਿਤਾ ਕਿ ਮੈਂ ਯਮਲਾ ਜੀ ਕੋਲ਼ੋਂ ਗਾਉਣਾ ਸਿੱਖਣਾ ਹੈ। ਮੈਨੂੰ ਉਹਨਾਂ ਕੋਲ਼ ਲੁਧਿਆਣੇ ਛੱਡ ਆਓ। ਘਰਦਿਆਂ ਨੂੰ ਬੜਾ ਫ਼ਿਕਰ ਲੱਗਾ ਕਿ ਜੱਟਾਂ ਦਾ ਮੁੰਡਾ ਮਰਾਸੀਆਂ ਵਾਲ਼ੇ ਕੰਮ ਵੱਲ਼ ਖਿੱਚਿਆ ਜਾ ਰਿਹਾ ਹੈ। ਉਹਨਾਂ ਨੇ ਬਥੇਰਾ ਜ਼ੋਰ ਲਾਇਆ ਮੈਨੂੰ ਸਮਝਾਉਣ 'ਤੇ। ਵਾਰ ਵਾਰ ਸਾਰੇ ਪਰਵਾਰ ਨੇ ਤਾੜਨਾ ਵੀ ਕੀਤੀ ਪਰ ਮੈਂ ਟੱਸ ਤੋਂ ਮੱਸ ਨਾ ਹੋਇਆ। ਘਰਦਿਆਂ ਤੋਂ ਚੋਰੀਂ ਦੋ ਤਿੰਨ ਵਾਰ ਮੈਂ ਲੁਧਿਆਣੇ ਜਾ ਵੀ ਆਇਆ ਪਰ ਉਸਤਾਦ ਜੀ ਦੇ ਡੇਰੇ ਦੇ ਸਿਰਨਾਵੇਂ ਦਾ ਪਤਾ ਨਾ ਹੋਣ ਕਰਕੇ, ਬੱਸ ਅੱਡੇ ਤੋਂ ਹੀ ਵਾਪਸ ਮੁੜ ਆਉਂਦਾ ਰਿਹਾ।

### ਦਵਿੰਦਰ ਸਿੰਘ ਧਾਰੀਆ ਦੀ ਜ਼ਬਾਨੀ

ਅਖ਼ੀਰ ਮੇਰੇ ਅਜਿਹੇ ਚਾਲੇ ਵੇਖ ਕੇ, ਮੇਰੇ ਪਿਤਾ ਜੀ ਬੜੇ ਫ਼ਿਕਰਮੰਦ ਰਹਿੰਦੇ ਸਨ। ਉਹਨਾਂ ਦੇ ਚਚੇਰੇ ਭਰਾ, ਜੋ ਲੁਧਿਆਣੇ ਪੁਲਿਸ ਅਫ਼ਸਰ ਤੇ ਛੁੱਟੀ ਸਮੇ ਘਰ ਆਏ ਸਨ, ਸ. ਕ੍ਰਿਪਾਲ ਸਿੰਘ ਜੀ, ਕੋਲ਼ ਮੇਰੀ ਸ਼ਿਕਾਇਤ ਲਾਈ। ਦੋਹਾਂ ਚਚੇਰੇ ਭਰਾਵਾਂ ਦਰਮਿਆਨ ਮੇਰੇ ਬਾਰੇ ਵਾਹਵਾ ਚਿਰ ਫ਼ਿਕਰਮੰਦੀ ਵਿਚ ਵਿਚਾਰਾਂ ਹੋਈਆਂ। ਚਾਚਾ ਜੀ ਨੇ ਸੁਝਾ ਦਿਤਾ ਕਿ ਮੁੰਡਾ ਜਿਦ ਕਰਦਾ ਹੈ। ਇਕ ਵਾਰੀਂ ਮੈਂ ਇਸ ਨੂੰ ਯਮਲਾ ਜੀ ਦੇ ਡੇਰੇ ਦਾ ਫੇਰਾ ਪੁਆ ਲਿਆਉਂਦਾ ਹਾਂ। ਇਹ ੧੯੭੯ ਦੇ ਆਰੰਭਲੇ ਦਿਨ ਹੋਣਗੇ ਜਦੋਂ ਮੇਰੇ ਚਾਚਾ ਜੀ, ਸ. ਕ੍ਰਿਪਾਲ ਸਿੰਘ ਜੀ ਮੈਨੂੰ ਲੁਧਿਆਣੇ ਉਸਤਾਦ ਜੀ ਦੇ ਡੇਰੇ ਲੈ ਕੇ ਗਏ। ਬੱਸ ਫਿਰ ਕੀ, ਉਸਤਾਦ ਜੀ ਦੇ ਪ੍ਰਤੱਖ ਦਰਸ਼ਨ ਕਰਦਿਆਂ ਹੀ ਮੈਂ ਤੇ ਪ੍ਰੇਮ ਵਿਚ ਆਪਣੀ ਵਿਚ ਸੁੱਧ ਬੁੱਧ ਹੀ ਖੋ ਬੈਠਾ। "ਦਰਸ਼ਨ ਦੇਖਤ ਹੀ ਸੁੱਧ ਕੀ ਨਾ ਸੁੱਧ ਰਹੀ ਬੁੱਧ ਕੀ ਨਾ ਬੁੱਧ ਰਹੀ, ਮੱਤ ਮੈਂ ਨਾ ਮੱਤ ਹੈ।" ਉਸਤਾਦ ਜੀ ਨੇ ਕਿਹਾ, "ਕੁਝ ਸੁਣਾ ਪੁਤਰਾ!" ਮੈਂ ਹੁਕਮ ਮੰਨ ਕੇ ਗਿ. ਕਰਤਾਰ ਸਿੰਘ ਕਲਾਸਵਾਲੀਏ ਦਾ ਇਹ ਕਬਿੱਤ ਸੁਣਾਇਆ :

*ਮਰ ਜਾਵੇ ਸ਼ੇਰ ਉਹਦੀ ਖੱਲ ਨੂੰ ਉਤਾਰ ਕੇ ਤੇ,*
*ਸੰਤਾਂ ਮਹੰਤਾਂ ਦਾ ਆਸਣ ਬਣਾਇਆ ਜਾਂਦਾ।*
*ਵੱਢ ਲੈਂਦੇ ਬੱਕਰਾ ਤੇ ਖਾ ਲੈਂਦੇ ਮਾਸ ਲੋਕੀਂ,*
*ਖੱਲ ਉਹਦੀ ਵਿਚ ਢੋਲਕੀ ਤੇ ਤਬਲਾ ਮੜ੍ਹਾਇਆ ਜਾਂਦਾ।*
*ਮਰ ਜਾਵੇ ਗੈਂਡਾ ਉਹਦੀ ਢਾਲ ਹੈ ਬਣਾਈ ਜਾਂਦੀ,*

*ਤੀਰਾਂ ਤਲਵਾਰਾਂ ਨਾਲ਼ ਉਸ ਨੂੰ ਅਜਮਾਇਆ ਜਾਂਦਾ।*
*ਮਰ ਜਾਵੇ ਹਾਥੀ ਉਹਦਾ ਸਵਾ ਲੱਖ ਮੁੱਲ ਪੈਂਦਾ,*
*ਦੰਦਾਂ ਦਾ ਬਣਾ ਕੇ ਚੂੜਾ ਬੀਬੀਆਂ ਨੂੰ ਪਾਇਆ ਜਾਂਦਾ।*
*ਮਰ ਜਾਵੇ ਡੰਗਰ ਉਹਦੀ ਖੱਲ ਨੂੰ ਉਤਾਰ ਕੇ ਤੇ,*
*ਮੋਚੀ ਤੋਂ ਸਵਾਂ ਕੇ ਜੋੜਾ ਪੈਰਾਂ ਵਿਚ ਪਾਇਆ ਜਾਂਦਾ।*
*ਮਰ ਜਾਵੇ ਬੰਦਾ ਉਹ ਕਿਸੇ ਨਹੀਂ ਜੇ ਕੰਮ ਆਉਂਦਾ,*
*ਸਿਵਿਆਂ ਦੇ ਵਿਚ ਉਹਨੂੰ ਖੜ ਕੇ ਜਲਾਇਆ ਜਾਂਦਾ।*
*ਕਰਤਾਰ ਸਿੰਘਾ ਇਸ ਜੱਗ ਉਤੇ ਜਸ,*
*ਸੂਰਮਿਆਂ ਤੇ ਭਗਤਾਂ ਦਾ ਸਦਾ ਗਾਇਆ ਜਾਂਦਾ।*

ਇਹ ਸੁਣ ਕੇ ਉਸਤਾਦ ਜੀ ਨੇ ਐਸੀ ਥਾਪੀ ਦਿਤੀ ਕਿ ਮੈਂ ਤੇ ਫਿਰ ਉਸਤਾਦ ਜੀ ਦਾ ਹੀ ਹੋ ਗਿਆ। "ਰਾਂਝਾ ਰਾਂਝਾ ਕਰਦੀ ਨੀ ਮੈਂ ਆਪੇ ਰਾਂਝਾ ਹੋਈ। ਸੱਦੋ ਨੀ ਮੈਨੂੰ ਧੀਦੋ ਰਾਂਝਾ ਹੀਰ ਨਾ ਆਖੇ ਕੋਈ।" ਵਰਗੀ ਹਾਲਤ ਹੀ ਮੇਰੀ ਸੀ। ਯਮਲਾ ਜੀ ਨੂੰ ਉਸਤਾਦ ਧਾਰ ਕੇ ਉਹਨਾਂ ਦੇ ਚਰਨਾਂ ਵਿਚ ਹੀ ਰਹਿ ਗਿਆ। ਉਹਨਾਂ ਨੇ ਮੇਰਾ ਤਖ਼ੱਲਸ ਧਾਰੀਆ ਰੱਖ ਦਿਤਾ ਤੇ ਤੂੰਬੀ ਨਾਲ਼ ਗੀਤ ਗਾਉਣ ਦੀ ਸਿੱਖਿਆ ਦੇਣੀ ਸ਼ੁਰੂ ਕਰ ਦਿਤੀ। ਛੇ ਕੁ ਮਹੀਨੇ ਦੀ ਸਿਖਲਾਈ ਪਿੱਛੋਂ ਉਸਤਾਦ ਜੀ ਨੇ ਆਲ ਇੰਡੀਆ ਰੇਡੀਉ ਉਪਰ ਮੇਰੀ ਔਡੀਸ਼ਨ ਦਿਵਾ ਦਿਤੀ ਤੇ ਸਾਲ ਪਿੱਛੋਂ ਮੈਂ ਰੇਡੀਉ 'ਤੇ ਗਾਉਣ ਲੱਗ ਪਿਆ। ਨੌਂ ਸਾਲ ਉਸਤਾਦ ਜੀ ਦੀ ਦੇਖ ਰੇਖ ਹੇਠ ਮੈਂ ਸਿਖਲਾਈ ਦੇ ਨਾਲ਼ ਨਾਲ਼ ਉਸਤਾਦ ਜੀ ਦੇ ਨਾਲ਼ ਵੀ ਅਤੇ ਇਕੱਲਿਆਂ ਵੀ ਪੰਜਾਬ ਵਿਚ ਪ੍ਰੋਗਰਾਮ ਕਰਦਾ ਰਿਹਾ। ਜਿੰਨਾ ਚਿਰ ਮੈਂ ਪੰਜਾਬ ਵਿਚ ਰਿਹਾ, ਕਈ ਕਈ ਮਹੀਨੇ ਤੇ ਮੇਰੇ ਪ੍ਰੋਗਰਾਮ ਮਹੀਨੇ ਦੇ ਤੀਹ ਤੀਹ ਦਿਨ ਹੀ ਬੁੱਕ ਹੁੰਦੇ ਸਨ।

ਮੇਰੇ ਨਾਂ ਨਾਲ਼ ਉਸਤਾਦ ਜੀ ਵੱਲੋਂ ਲਾਇਆ ਸ਼ਬਦ 'ਧਾਰੀਆ' ਸੁਣ/ਪੜ੍ਹ ਕੇ ਕਈ ਸੱਜਣ ਇਹ ਮੇਰੀ ਗੋਤ ਸਮਝ ਲੈਂਦੇ ਹਨ। ਕੁਝ ਮੈਨੂੰ ਧਾਰੀਵਾਲ਼ ਸਮਝ ਲੈਂਦੇ ਹਨ। ਮੈਂ ਭਾਵੇਂ ਆਪਣੇ ਨਾਂ ਨਾਲ਼ ਆਪਣੀ ਗੋਤ ਦਾ ਨਾਂ ਵਰਤਦਾ ਨਹੀਂ ਪਰ ਮੇਰੀ ਗੋਤ ਸੰਧੂ ਹੈ। ਵਾਹਵਾ ਸਮੇ ਪਿਛੋਂ ਮੈਨੂੰ ਪਤਾ ਲੱਗਾ ਕਿ ਉਸਤਾਦ ਜੀ ਨੇ ਮੇਰਾ ਤਖ਼ੱਲਸ 'ਧਾਰੀਆ' ਕਿਉਂ ਰੱਖਿਆ ਸੀ! ਤੀਜੇ ਪਾਤਿਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੀ ਲੰਮੀ ਬਾਣੀ 'ਅਨੰਦੁ' ਸਾਹਿਬ ਵਿਚ, "ਘਰਿ ਸਭਾਗੈ ਸਬਦ ਵਾਜੇ ਕਲਾ ਜਿਤੁ ਘਰਿ ਧਾਰੀਆ ॥" ਆਈ ਪੰਗਤੀ ਵਿਚਲੇ ਸ਼ਬਦ 'ਧਾਰੀਆ' ਤੋਂ ਮੇਰਾ ਤਖ਼ੱਲਸ ਰੱਖਿਆ ਸੀ। ਮੇਰਾ ਕਲਾਕਾਰੀ ਵਾਲ਼ਾ ਸ਼ੌਕ ਵੇਖ ਕੇ, ਉਸਤਾਦ ਜੀ ਨੇ ਆਪਣੀ ਅਨੁਭਵੀ ਦ੍ਰਿਸ਼ਟੀ ਨਾਲ਼ ਸ਼ਾਇਦ ਜਾਚ ਲਿਆ ਹੋਵੇ ਕਿ ਮੈਂ ਕਲਾਕਾਰਾਂ ਦੇ ਸੰਸਾਰ ਵਿਚ ਵਿਚਰਨ ਦੇ ਕਾਬਲ ਹੋ ਸਕਾਂਗਾ।

੧੯੮੮ ਵਿਚ ਧਾਰੀਆ ਜੀ ਨੇ ਜਿਉਂ ਉਡਾਰੀ ਮਾਰੀ ਤੇ ਆਸਟ੍ਰੇਲੀਆ ਦੇ ਉਤੋਂ ਦੀ ਅੱਗੇ ਨਿਊਜ਼ੀਲੈਂਡ ਜਾ ਉਤਾਰਾ ਕੀਤਾ। ਓਥੇ ਛੇ ਕੁ ਮਹੀਨਿਆਂ ਵਿਚ ਵੀਹ ਪੰਝੀ ਗਾਇਕੀ ਦੇ ਪ੍ਰੋਗਰਾਮ ਪੇਸ਼ ਕੀਤੇ ਤੇ ਫਿਰ ੧੯੮੯ ਵਿਚ, ਆਪਣੀ ਚਾਹਨਾ ਵਾਲ਼ੇ ਦੇਸ,

ਆਸਟ੍ਰੇਲੀਆ ਵਿਚ ਆ ਡੇਰੇ ਲਾਏ। ਏਥੇ ਓਦੋਂ ਪੰਜਾਬੀਆਂ ਦੀ ਆਬਾਦੀ ਬਹੁਤ ਹੀ ਥੋਹੜੀ ਸੀ। ਹੁਣ ਤੇ ਦਾਤੇ ਦੀ ਦਇਆ ਹੈ, ਵਿਦਿਆਰਥੀਆਂ ਦੇ ਆਉਣ ਨਾਲ਼ ਰੌਣਕਾਂ ਲੱਗੀਆਂ ਹੋਈਆਂ ਹਨ।

ਏਥੇ ਆ ਕੇ ਆਪਣੀ ਉਪਜੀਵਕਾ ਕਮਾਉਣ ਲਈ ਧਾਰੀਆ ਜੀ ਨੇ ਕਈ ਪਾਪੜ ਵੇਲੇ। ਫ਼ੈਕਟਰੀਆਂ ਵਿਚ ਕੰਮ ਕੀਤਾ ਤੇ ਫੇਰ ਟ੍ਰੇਨਿੰਗ ਸਕੂਲ ਵਿਚੋਂ ਟ੍ਰੇਨਿੰਗ ਲੈ ਕੇ ਆਪਣਾ ਡਰਾਈਵਿੰਗ ਸਕੂਲ ਖੋਹਲ ਕੇ, ਡਰਾਈਵਿੰਗ ਸਿਖਾਉਣੀ ਸ਼ੁਰੂ ਕੀਤੀ ਤੇ ਫਿਰ ਟੈਕਸੀ ਚਲਾਈ ਪਰ ਇਹਨਾਂ ਕਿਰਤਾਂ ਦੇ ਨਾਲ਼ ਨਾਲ਼ ਉਹਨਾਂ ਨੇ ਆਪਣੀ ਅੱਖ ਆਪਣੇ ਨਿਸ਼ਾਨੇ ਤੋਂ ਨਹੀਂ ਉਕਣ ਦਿਤੀ। ਜਿਵੇਂ ਅਰਜਨ ਨੂੰ ਮੱਛੀ ਦੀ ਅੱਖ ਤੋਂ ਬਿਨਾ ਹੋਰ ਕੁਝ ਨਹੀਂ ਸੀ ਦਿਸਿਆ, ਏਸੇ ਤਰ੍ਹਾਂ ਧਾਰੀਆ ਜੀ ਨੇ ਵੀ ਆਪਣੀ ਤੂੰਬੀ ਤੋਂ ਅੱਖ ਨਹੀਂ ਚੁੱਕੀ, ਭਾਵੇਂ ਗੁਜ਼ਾਰੇ ਵਾਸਤੇ ਹੋਰ ਕਿਰਤਾਂ ਵੀ ਕੀਤੀਆਂ। ਹੁਣ ਇਸ ਸਮੇ ਵੀ ਊਬਰ ਕੰਪਨੀ ਨਾਲ਼ ਟੈਕਸੀ ਚਲਾ ਰਹੇ ਹਨ ਪਰ ਆਪਣਾ ਨਿਸ਼ਾਨਾ ਸੰਗੀਤ ਵਾਲ਼ਾ, ਧਾਰੀਆ ਜੀ ਨੇ ਨਹੀਂ ਅੱਖੋਂ ਓਹਲੇ ਹੋਣ ਦਿਤਾ। ਗੀਤਾਂ ਦਾ ਪ੍ਰੋਗਰਾਮ ਜਿਥੇ ਵੀ ਮਿਲ਼ਿਆ, ਕਰਨੋਂ ਨਾਂਹ ਨਹੀਂ ਕੀਤੀ। ਪੈਸਿਆਂ ਦਾ ਕਦੀ ਲਾਲਚ ਨਹੀਂ ਕੀਤਾ। ਆਸਟ੍ਰੇਲੀਆ ਵਿਚ ਆਉਣ ਤੋਂ ਥੋਹੜਾ ਸਮਾ ਬਾਅਦ ਹੀ, ਬਲੈਕ ਟਾਊਨ ਦੇ ਬੋਮੈਨ ਹਾਲ ਵਿਚ ਆਪਣੇ ਉਸਤਾਦ ਯਮਲਾ ਜੱਟ ਜੀ ਦੀ ਯਾਦ ਵਿਚ ਸਫਲ ਸਮਾਗਮ ਕੀਤਾ। ਸਭ ਤੋਂ ਪਹਿਲਾਂ, ਭੰਗੜਾ ਅਕੈਡਮੀ ਸਥਾਪਤ ਕਰ ਕੇ, ੧੯੯੧ ਤੋਂ ਹੀ ਧਾਰੀਆ ਜੀ ਨੇ ਪੰਜਾਬੀ ਸਮਾਜ ਦੇ ਛੋਟੇ ਬੱਚਿਆਂ ਨੂੰ ਭੰਗੜਾ ਤੇ ਗੀਤਾਂ ਦੀ ਸਿਖਲਾਈ ਦੇਣੀ ਸ਼ੁਰੂ ਕੀਤੀ। ਉਪ੍ਰੰਤ 'ਪੰਜਾਬੀ ਸੰਗੀਤ ਸੈਂਟਰ' ਨਾਂ ਦੀ ਆਪਣੀ ਸਿਰਜੀ ਸੰਸਥਾ ਰਾਹੀਂ ਪੰਜਾਬੀ ਸੰਗੀਤ, ਭੰਗੜਾ ਅਤੇ ਸਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਯੋਗਦਾਨ ਪਾ ਰਹੇ ਹਨ। ਇਹਨਾਂ ਸਰਗਰਮੀਆਂ ਨੂੰ, ੧੯੯੮ ਤੋਂ ਲੈ ਕੇ ੨੦੦੨ ਤੱਕ, ਧਾਰੀਆ ਜੀ ਦੇ ਬਚਪਨ ਦੇ ਦੋਸਤ, ਪਰਲੋਕਵਾਸੀ ਗਿਆਨ ਚੰਦ ਮਸਤਾਨੇ ਦੇ ਸਾਥ ਤੇ ਸਹਿਯੋਗ ਨਾਲ਼, ਚਾਰ ਚੰਨ ਲੱਗੇ।

ਪਿਛਲੇ ਪੰਦਰਾਂ ਸਾਲਾਂ ਤੋਂ, ਪੰਜਾਬੀ ਸੰਗੀਤ ਸੈਂਟਰ ਨਾਮੀ ਸੰਸਥਾ ਦੀ ਸਰਪ੍ਰਸਤੀ ਹੇਠ, ਆਪਣੇ ਮਿੱਤਰ, ਸਿਡਨੀ ਵਿਚ ਪੰਜਾਬ ਦੀ ਆਵਾਜ਼ *ਰੋਜ਼ਾਨਾ ਅਜੀਤ* ਦੇ ਨਾਮਾ ਨਿਗਾਰ, ਸ. ਹਰਕੀਰਤ ਸਿੰਘ ਸੰਧਰ ਅਤੇ ਹੋਰ ਸਾਥੀਆਂ ਨੂੰ ਨਾਲ਼ ਜੋੜ ਕੇ, ਪੰਦਰਾਂ ਸਾਲਾਂ ਤੋਂ ਧਾਰੀਆ ਜੀ ਅਪ੍ਰੈਲ ਮਹੀਨੇ ਵਿਚ ਸਾਲਾਨਾ 'ਵੈਸਾਖੀ ਮੇਲਾ' ਕਰਦੇ ਆ ਰਹੇ ਹਨ ਜੋ ਕਿ ਆਸਟ੍ਰੇਲੀਆ ਦੇ ਸਭ ਤੋਂ ਵਧ ਸਫਲ ਮੇਲਿਆਂ ਵਿਚੋਂ ਇਕ ਜਾਣਿਆਂ ਜਾਂਦਾ ਹੈ। ਧਾਰੀਆ ਜੀ ਆਪਣੀ ਟੀਮ ਨਾਲ਼ ਸਮੇ ਸਮੇ ਏਥੋਂ ਦੀਆਂ ਵਿਦਿਅਕ ਸੰਸਥਾਵਾਂ, ਕਲਚਰਲ ਸੰਸਥਾਵਾਂ ਅਰਥਾਤ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਵਿਚ ਵੀ ਸਮੇ ਸਮੇ ਆਪਣਾ ਪ੍ਰੋਗਰਾਮ ਪੇਸ਼ ਕਰਦੇ ਰਹਿੰਦੇ ਹਨ। ਸਿਡਨੀ ਦੀ ਨਿਊ ਸਾਊਥ ਵੇਲਜ਼ ਆਰਟ ਗੈਲਰੀ, ਪ੍ਰਸਿਧ ਯਾਤਰੂ ਸਥਾਨ ਡਾਰਲਿੰਗ ਹਾਰਬਰ, ਅਤੇ ਓਪਿਰਾ ਹਾਊਸ ਵਿਚ ਵੀ ਸਮੇ ਸਮੇ

ਆਪਣੀ ਕਲਾ ਦੀ ਪ੍ਰਦਰਸ਼ਨੀ ਕਰਦੇ ਰਹਿੰਦੇ ਹਨ। ਸਿਡਨੀ ਵਿਚ ਹੋਏ ਸਤੰਬਰ ੨੦੦੦ ਵਾਲ਼ੇ ਓਲੰਪਕ ਮੇਲੇ ਵਿਚ ਧਾਰੀਆ ਜੀ ਨੇ ਆਪਣੇ ਪੰਦਰਾਂ ਕਲਾਕਾਰਾਂ ਨੂੰ ਨਾਲ਼ ਲੈ ਕੇ, ਉਸ ਸੰਸਾਰ ਦੇ ਸਭ ਤੋਂ ਵੱਡੇ ਇਕੱਠ, ਓਲੰਪਕ ਖੇਡਾਂ ਦੇ ਆਰੰਭਕ ਸਮਾਰੋਹ ਸਮੇ, ਅੱਠ ਮਿੰਟ ਦੀ ਪੇਸ਼ਕਾਰੀ ਕੀਤੀ। ਇਸ ਸੰਸਾਰ ਮੇਲੇ ਵਿਚ ਦੁਨੀਆਂ ਭਰ ਦੇ ਸਿਆਸਤਦਾਨ, ਖਿਡਾਰੀ ਅਤੇ ਕਲਾਕਾਰਾਂ ਦੀ ਹਾਜ਼ਰੀ ਵਿਚ ਆਪਣਾ ਪ੍ਰੋਗਰਾਮ ਪੇਸ਼ ਕਰਨਾ ਕੋਈ ਖਾਲਾ ਜੀ ਦਾ ਵਾੜਾ ਨਹੀਂ ਹੈ। ਅਤਿ ਉਚ ਕੋਟੀ ਦੇ ਕਲਾਕਾਰਾਂ ਵਿਚ ਆਪਣੀ ਟੀਮ ਨਾਲ਼ ਪੰਜਾਬੀ ਸੰਗੀਤ ਅਤੇ ਸਭਿਆਚਾਰ ਦੀ ਝਾਕੀ ਪੇਸ਼ ਕਰਨੀ, ਪੰਜਾਬੀਅਤ ਦੀ ਸ਼ਾਨ ਨੂੰ ਚਾਰ ਚੰਨ ਲਾਉਣ ਵਾਲ਼ੀ ਗੱਲ ਹੈ। ਅੱਜ ਵੀ ਉਸ ਓਲੰਪਕ ਸਟੇਡੀਅਮ ਵਿਚ ਲੱਗੇ ਪੋਲਾਂ ਉਪਰ, ਬਾਕੀ ਪ੍ਰਸਿਧ ਕਲਾਕਾਰਾਂ ਦੇ ਨਾਲ਼ ਸ. ਦਵਿੰਦਰ ਸਿੰਘ ਧਾਰੀਆ ਜੀ ਦਾ ਨਾਂ ਵੀ ਉਕਰਿਆ ਹੋਇਆ ਹੈ।

ਕੁਝ ਕਲਾਕਾਰਾਂ ਵਾਂਗ ਧਾਰੀਆ ਜੀ ਨੇ ਆਪਣੇ ਪੈਰ ਨਹੀਂ ਛੱਡੇ। ਕਿਸੇ ਪ੍ਰਕਾਰ ਦਾ ਨਸ਼ਾ ਨਹੀਂ ਕੀਤਾ। ਨਸ਼ਾ ਕੇਵਲ ਤੇ ਕੇਵਲ ਸੰਗੀਤ ਅਤੇ ਲੋਕ ਸੇਵਾ ਦਾ ਹੀ ਧਾਰੀਆ ਜੀ ਦੇ ਉਪਰ ਹਾਵੀ ਰਹਿੰਦਾ ਹੈ। ਇਸ ਲਈ ਹੋਰ ਕਿਸੇ ਪ੍ਰਕਾਰ ਦਾ ਨਸ਼ਾ ਕਰਨ ਦੀ ਲੋੜ ਤੇ ਨਾ ਹੀ ਸਮਾ ਹੈ। ਸਾਤਵਿਕ ਭੋਜਨ ਛਕਦੇ ਹਨ। ਹਰੇਕ ਸਮੇ ਲੋੜਵੰਦ ਦੀ ਸਹਾਇਤਾ ਲਈ ਹਾਜ਼ਰ ਰਹਿੰਦੇ ਹਨ। ਇਹ ਸ਼ਾਇਦ ਧਾਰੀਆ ਜੀ ਦੇ ਪਰਵਾਰ ਦੇ ਧਾਰਮਿਕ ਪਿਛੋਕੜ ਦਾ ਸਦਕਾ ਹੈ ਕਿ ਆਪ ਸਾਬਤ ਸੂਰਤ ਸਰੂਪ ਵਿਚ ਵਿਚਰਦੇ ਹਨ। ਆਪਣੇ ਉਸਤਾਦ ਯਮਲਾ ਜੀ ਵਾਂਗ ਹੀ ਧਾਰੀਆ ਜੀ ਵੀ ਕਦੀ ਵੀ ਉਹ ਗੀਤ ਨਹੀਂ ਗਾਉਂਦੇ ਜਿਸ ਨੂੰ ਸਾਰਾ ਪਰਵਾਰ ਬੈਠ ਕੇ ਸੁਣ ਨਾ ਸਕਦਾ ਹੋਵੇ। ਪੰਜਾਬੀਆਂ ਦੇ ਹਰੇਕ ਮੇਲੇ ਵਿਚ ਆਪਣੀ ਸਟੇਜ ਲਾ ਕੇ, ਨਵੇਂ ਬੱਚੇ ਬੱਚੀਆਂ ਨੂੰ ਆਪੋ ਆਪਣੀ ਟੇਲੈਂਟ ਦਾ ਪ੍ਰਗਟਾਵਾ ਕਰਨ ਦਾ ਮੌਕਾ ਦਿੰਦੇ ਹਨ। ਇਹਨਾਂ ਦੀ ਸਟੇਜ ਉਪਰ ਕੋਈ ਵੀ ਸਭਿਆਚਾਰਕ ਅਸੂਲਾਂ ਦੀ ਉਲੰਘਣਾ ਕਰਨ ਦਾ ਹੌਸਲਾ ਨਹੀਂ ਕਰ ਸਕਦਾ। ਬੱਚੇ ਬੱਚੀਆਂ ਦੇ ਮਾਪੇ ਆਪਣੀਆਂ ਬੱਚੀਆਂ ਨੂੰ ਧਾਰੀਆ ਜੀ ਦੀ ਸਟੇਜ ਉਪਰ ਹਿੱਸਾ ਲੈਣ ਵਿਚ ਕਦੀ ਝਿਜਕ ਨਹੀਂ ਵਿਖਾਉਂਦੇ। ਪੰਜਾਬ ਵਿਚ ਅਸੀਂ ਵੇਖਦੇ ਹਾਂ ਕਿ ਅੱਜ ਕਈ ਨਾਮੀ ਕਲਾਕਾਰ, ਸਿੱਖ ਧਾਰਮਿਕ ਸੰਸਥਾਵਾਂ ਤੋਂ ਗੁਰਮਤਿ ਸੰਗੀਤ ਦੀ ਸਿੱਖਿਆ ਪ੍ਰਾਪਤ ਕਰ ਕੇ, ਫਿਰ ਗੁਰਸਿੱਖੀ ਰਹਿਤ ਬਹਿਤ ਅਤੇ ਕੀਰਤਨ ਨੂੰ ਤਿਆਗ ਕੇ ਸਟੇਜਾਂ ਉਪਰ ਅਜਿਹੇ ਲਚਰ ਗੀਤ ਗਾਉਂਦੇ ਹਨ ਜਿਨ੍ਹਾਂ ਨੂੰ ਪਰਵਾਰਾਂ ਵਿਚ ਬੈਠ ਕੇ ਸੁਣਨਾ ਮੁਸ਼ਕਲ ਹੁੰਦਾ ਹੈ। ਇਸ ਦੇ ਉਲ਼ਟ ਧਾਰੀਆ ਜੀ ਪਰਦੇਸ ਅਤੇ ਪਛਮੀ ਸੰਸਾਰ ਵਿਚ ਵਿਚਰਦੇ ਹੋਏ, ਆਪਣੀ ਉਪਜੀਵਕਾ ਵੱਖਰੀ ਕਿਰਤ ਨਾਲ਼ ਕਮਾਉਂਦੇ ਹੋਏ ਵੀ ਧਾਰਮਿਕ ਸਭਿਆਚਾਰਕ ਦਾਇਰੇ ਤੋਂ ਬਾਹਰ ਨਹੀਂ ਗਏ।

ਸ. ਦਵਿੰਦਰ ਸਿੰਘ ਧਾਰੀਆ ਜੀ ਨੇ ਕੇਵਲ ਆਸਟ੍ਰੇਲੀਆ ਤੱਕ ਹੀ ਆਪਣੀਆਂ ਸਰਗਰਮੀਆਂ ਨੂੰ ਸੀਮਤ ਨਹੀਂ ਰੱਖਿਆ ਸਗੋਂ ਇਹਨਾਂ ਨੂੰ ਆਪਣੇ ਪਿੰਡ ਤੱਕ ਵੀ ਲੈ ਗਏ

ਹਨ। ਪਿੰਡ ਦੇ ਨੌਜਵਾਨਾਂ ਨੂੰ ਖੇਡਾਂ ਵਿਚ ਸ਼ਾਮਲ ਹੋਣ ਲਈ ਉਤਸ਼ਾਹਤ ਕਰ ਰਹੇ ਹਨ ਅਤੇ ਪਿੰਡ ਦੀ ਨੁਹਾਰ ਬਦਲਣ ਲਈ ਵੀ ਸਰਗਰਮ ਹਨ। ਫਿਰ ਇਹਨਾਂ ਸਰਗਰਮੀਆਂ ਨੂੰ ਉਹ ਸਾਰੇ ਪੰਜਾਬ ਦੇ ਪਿੰਡ ਪਿੰਡ ਤੱਕ ਪੁਚਾਉਣ ਦੀ ਸੋਚ ਰੱਖਦੇ ਹਨ।

ਧਾਰੀਆ ਜੀ ਦੀ ਜੀਵਨ ਸਾਥਣ ਬੀਬਾ ਸੁਖਵਿੰਦਰ ਕੌਰ ਜੀ, ਭਾਵੇਂ ਕਿ ਉਹ ਵੀ ਨੌਕਰੀ ਕਰਦੇ ਹਨ ਪਰ ਉਹਨਾਂ ਦਾ, ਇਹਨਾਂ ਦੀਆਂ ਸਰਗਰਮੀਆਂ ਵਿਚ ਪੂਰਾ ਪੂਰਾ ਸਾਥ ਅਤੇ ਸਹਿਯੋਗ ਹੈ। ਆਪ ਦਾ ਹੋਣਹਾਰ ਸਪੁੱਤਰ, ਜੋ ਕਿ ਖ਼ੁਦ ਵੀ ਚੰਗਾ ਸਿੰਗਰ ਹੈ, ਕਾਕਾ ਪਵਿਤਰ ਸਿੰਘ, ਪਾਇਲਟ ਦੀ ਟ੍ਰੇਨਿੰਗ ਲੈ ਕੇ ਆਸਟ੍ਰੇਲੀਅਨ ਏਅਰ ਫ਼ੋਰਸ ਵਿਚ ਪਾਇਲਟ ਸਿਲੈਕਟ ਹੋ ਗਿਆ ਸੀ। ਓਧਰੋਂ ਕਾਕਾ ਜੀ ਆਸਟ੍ਰੇਲੀਅਨ ਏਅਰ ਫ਼ੋਰਸ ਵਿਚ ਸਿਲੈਕਟ ਹੋਏ ਤੇ ਓਧਰੋਂ ਓਸੇ ਸਮੇ ਇਹਨਾਂ ਦੇ ਗਾਏ ਗੀਤ ਦੀ ਸੀ.ਡੀ. ਰੀਲੀਜ਼ ਹੋਈ। ਕਾਕਾ ਪਵਿਤਰ ਸਿੰਘ ਨੇ ਏਅਰ ਫ਼ੋਰਸ ਵਾਲ਼ਾ ਕੈਰੀਅਰ ਤਿਆਗ ਦਿਤਾ ਤੇ ਆਪਣਾ ਪੂਰਾ ਸਮਾ ਪੰਜਾਬੀ ਸੁਗਮ ਸੰਗੀਤ ਦੀ ਸਾਧਨਾ ਨੂੰ ਹੀ ਅਰਪਣ ਕਰ ਦਿਤਾ। ਕਾਕਾ ਪਵਿਤਰ ਸਿੰਘ ਜੀ ਪੱਛਮੀ ਸਮਾਜ ਵਿਚ 'ਪੈਵ ਧਾਰੀਆ' ਦੇ ਨਾਂ ਨਾਲ਼ ਜਾਣੇ ਜਾਂਦੇ ਹਨ।

ਸ. ਦਵਿੰਦਰ ਸਿੰਘ ਧਾਰੀਆ ਅਸਲ ਵਿਚ ਆਪਣੇ ਪਰਵਾਰ, ਦੇਸ ਪੰਜਾਬ ਅਤੇ ਸਭ ਤੋਂ ਵਧ ਕੇ ਆਪਣੇ ਉਸਤਾਦ ਯਮਲਾ ਜੀ ਦਾ ਸੰਸਾਰ ਵਿਚ ਨਾਂ ਚਮਕਾ ਰਿਹਾ ਹੈ। ਅਜਿਹੇ ਸ਼ਾਗਿਰਦ ਉਪਰ ਕਿਸੇ ਵੀ ਉਸਤਾਦ ਨੂੰ ਮਾਣ ਹੋਣਾ ਚਾਹੀਦਾ ਹੈ।

*ਪਰਥ ਦੀ ਵਸਨੀਕ ਦਾਨ, ਸੇਵਾ, ਸਿਮਰਨ ਤੇ ਸਾਹਿਤ ਨੂੰ ਸਮਰਪਤ ਹਸਤੀ*

# ਸੁਖਵੰਤ ਕੌਰ ਪੰਨੂ

ਇਹ ਮੇਰੇ ਵਾਸਤੇ ਬੜੇ ਮਾਣ ਵਾਲ਼ੀ ਗੱਲ ਹੈ ਕਿ ਮੈਨੂੰ ਅਜਿਹੀ ਮਹਾਨ ਤੇ ਸਰਬਪੱਖੀ ਸੇਵਾ ਨੂੰ ਸਮਰਪਤ ਸ਼ਖ਼ਸੀਅਤ ਬਾਰੇ ਕੁਝ ਸ਼ਬਦ ਲਿਖਣ ਦਾ ਸ਼ੁਭ ਅਵਸਰ ਪ੍ਰਾਪਤ ਹੋ ਰਿਹਾ ਹੈ।

ਪਹਿਲੀ ਵਾਰ ਮੈਨੂੰ ਇਸ ਉਚ ਆਤਮਾ ਦੇ ਦਰਸ਼ਨ ਓਦੋਂ ਹੋਏ, ਜਦੋਂ ਮੈਂ ਪੱਛਮੀ ਆਸਟ੍ਰੇਲੀਆ ਦੀ ਰਾਜਧਾਨੀ ਪਰਥ ਵਿਚ, ਅੱਗੇ ਅਫ਼ਰੀਕਨ ਮੁਲਕਾਂ ਦੀ ਯਾਤਰਾ ’ਤੇ ਜਾਣ ਲਈ, ਜਨਵਰੀ ੧੯੯੭ ਵਿਚ ਰੁਕਿਆ ਸਾਂ। ਉਸ ਸਮੇ ਇਹ ਭੈਣ ਸੁਖਵੰਤ ਕੌਰ ਪੰਨੂ ਜੀ, ਪਰਥ ਗੁਰਦੁਆਰਾ ਸਾਹਿਬ ਜੀ ਦੇ ਸਟੇਜ ਸੈਕਟਰੀ ਵਜੋਂ ਸੇਵਾ ਨਿਭਾ ਰਹੇ ਸਨ। ਮੇਰੀ ਵਾਪਸੀ ’ਤੇ ਇਹਨਾਂ ਨੇ ਆਪਣੇ ਨਿਜੀ ਅਕਾਊਂਟ ਵਿਚੋਂ ਮੈਨੂੰ ਸਿਡਨੀ ਦੇ ਗੁਰਦੁਆਰਾ ਸਾਹਿਬ ਸਿੱਖ ਸੈਂਟਰ ਦੀ ਬਣ ਰਹੀ ਇਮਾਰਤ ਦੀ ਸੇਵਾ ਵਾਸਤੇ, ੨੦੦੦ ਡਾਲਰ ਦਾ ਚੈਕ ਦਿਤਾ। ਮੈਨੂੰ ਹੈਰਾਨੀ ਭਰੀ ਖ਼ੁਸ਼ੀ ਹੋਈ ਪਰ ਬਾਅਦ ਵਿਚ ਪਤਾ ਲੱਗਾ ਕਿ ਇਹ ਅਜਿਹੀਆਂ ਸੇਵਾਵਾਂ ਅਕਸਰ ਕਰਦੇ ਹੀ ਰਹਿੰਦੇ ਹਨ। ਫਿਰ ਤਾਂ ਸਮੇ ਨਾਲ਼ ਸਾਡੇ ਪਰਵਾਰਕ ਸੰਬੰਧ ਬਣ ਗਏ ਤੇ ਜਦੋਂ ਵੀ ਮੈਂ ਜਾਂ ਮੇਰੀ ਜੀਵਨ ਸਾਥਣ ਨੇ ਪਰਥ ਜਾਣਾ ਤਾਂ ਇਹਨਾਂ ਨੂੰ ਜ਼ਰੂਰ ਮਿਲਣਾ। ਇਹਨਾਂ ਨੇ ਸਿਡਨੀ ਆਉਣਾ ਤਾਂ ਸਾਡੇ ਕੋਲ਼ ਠਹਿਰਨਾ।

ਸੁਖਵੰਤ ਕੌਰ ਜੀ ਪੱਛਮੀ ਪੰਜਾਬ ਦੇ ਜ਼ਿਲ੍ਹਾ ਸ਼ੇਖ਼ੂਪਰਾ ਦੇ ਇਕ ਪਿੰਡ ਮੜ੍ਹਯਾਲਾ ਵਿਚ ਪੈਦਾ ਹੋਏ। ਇਹਨਾਂ ਦੇ ਪਿਤਾ, ਮਹੰਤ ਬਾਲਾ ਦਾਸ ਜੀ, ਪਿੰਡ ਦੇ ਸਕੂਲ ਦੇ ਹੈਡ ਮਾਸਟਰ ਹੋਣ ਦੇ ਨਾਲ਼ ਨਾਲ਼, ਇਲਾਕੇ ਦੇ ਬੈਂਕ ਮੈਨੇਜਰ, ਅਤੇ ਡਾਕਘਰ ਦੇ ਵੀ ਇੰਚਾਰਜ ਸਨ। ਮੁਢਲੀ ਪੜ੍ਹਾਈ ਪਿੰਡ ਵਿਚ ਹੀ ਕਰ ਰਹੇ ਸਨ ਕਿ ਪਾਕਿਸਤਾਨ ਬਣ ਗਿਆ। ਇਸ ਜੁੱਗਗਰਦੀ ਸਮੇ ਗਲ਼ ਦੇ ਕੱਪੜਿਆਂ ਨਾਲ਼ ਹੀ ਸਾਰੇ ਪਰਵਾਰ ਨੂੰ, ਬਾਕੀ ਲੋਕਾਂ ਨਾਲ਼ ਉਜੜ ਕੇ ਵਾਘਿਉਂ ਏਧਰ ਆਉਣਾ ਪਿਆ। ਕਰਨਾਲ ਤੋਂ ਦਸਵੀਂ ਪਾਸ ਕਰਨ ਉਪ੍ਰੰਤ, ਬੀਬੀ ਜੀ ਦਾ ਡਾਕਟਰ ਬਣਨ ਦਾ ਸੁਪਨਾ ਸੀ ਪਰ ੧੯੪੭ ਦੀ ਦੇਸ਼ ਵੰਡ ਨੇ ਕੰਗਾਲ ਕਰ ਦਿਤਾ ਹੋਣ ਕਰਕੇ ਅਤੇ ਫਿਰ ਸਿਰ ’ਤੇ ਪਿਤਾ ਦਾ ਸਾਇਆ ਵੀ ਨਾ ਰਹਿਣ ਕਰਕੇ, ਇਹ ਸੁਪਨਾ ਤਾਂ ਪੂਰਾ ਨਾ ਹੋ ਸਕਿਆ ਪਰ ਤਿੰਨ ਸਾਲਾ ਲੇਡੀ ਹੈਲਥ ਵਿਜ਼ਟਰ ਦਾ ਕੋਰਸ ਪਾਸ ਕਰ ਕੇ, ਫਿਰ ੧੯੬੬ ਵਿਚ, ਦਿੱਲੀ ਦੇ ਲੇਡੀ ਇਰਵਨ ਹਸਪਤਾਲ ਤੋਂ, ਨਰਸਿੰਗ ਦੀ ਡਿਗਰੀ ਪ੍ਰਾਪਤ ਕਰ ਲਈ। ਇਸ ਲਾਈਨ ਵਿਚ ਅੱਠ ਨੌਂ ਸਾਲ ਸੇਵਾ ਕਰਨ ਤੋਂ ਉਪ੍ਰੰਤ, ਯਾਦਵਿੰਦਰਾ ਪਬਲਿਕ ਸਕੂਲ ਪਟਿਆਲਾ ਵਿਚ ਵੀ ਚਾਰ ਸਾਲ ਸੇਵਾ ਕੀਤੀ।

੧੯੭੨ ਵਿਚ ਬੀਬਾ ਜੀ ਆਸਟ੍ਰੇਲੀਆ ਦੇ ਸ਼ਹਿਰ ਪਰਥ ਵਿਚ ਆ ਵਸੇ। ਆਸਟ੍ਰੇਲੀਆ ਦੀ ਫ਼ੈਡਰਲ ਸਰਕਾਰ ਦੇ ਹੈਲਥ ਮਹਿਕਮੇ ਵਿਚ, ਨਰਸਿੰਗ ਸਿਸਟਰ ਦੇ ਤੌਰ 'ਤੇ, ਵੱਖ ਵੱਖ ਸ਼ਹਿਰਾਂ, ਜਿਹਾ ਕਿ ਸਿਡਨੀ, ਮੈਲਬਰਨ, ਬ੍ਰਿਸਬਿਨ ਆਦਿ ਵਿਚ ਸੇਵਾ ਕੀਤੀ।

ਬੀਬਾ ਜੀ ਦੇ ਦਿਲ ਅੰਦਰ ਮਨੁੱਖਤਾ ਦੀ ਸੇਵਾ ਦਾ ਪ੍ਰਬਲ ਚਾਅ ਹੋਣ ਕਰਕੇ, ਜੋ ਕਿ ਉਹਨਾਂ ਦੀ ਇੱਛਾ ਅਨੁਸਾਰ ਨੌਕਰੀ ਵਿਚ ਰਹਿ ਕੇ ਉਹ ਪੂਰੀ ਤਰ੍ਹਾਂ ਨਹੀਂ ਸੀ ਕਰ ਸਕਦੇ, ਇਸ ਲਈ ਉਹਨਾਂ ਨੇ ੫੫ ਸਾਲ ਦੀ ਉਮਰ ਵਿਚ ਹੀ ਸਰਕਾਰੀ ਨੌਕਰੀ ਤਿਆਗ ਕੇ, ਪੂਰੇ ਸਮੇ ਲਈ ਮਨੁੱਖੀ ਭਾਈਚਾਰੇ ਦੀ ਸੇਵਾ ਆਰੰਭ ਕਰ ਦਿਤੀ। ਭਗਤ ਪੂਰਨ ਸਿੰਘ ਜੀ ਵਾਂਗ, ਬੀਬੀ ਸੁਖਵੰਤ ਕੌਰ ਦੀ ਸੇਵਾ ਦਾ ਦਾਇਰਾ ਕੇਵਲ ਪੰਜਾਬੀ ਜਾਂ ਸਿੱਖ ਸਮਾਜ ਤੱਕ ਹੀ ਸੀਮਤ ਨਹੀਂ ਹੈ ਬਲਕਿ ਹਰੇਕ ਪ੍ਰਾਣੀ ਨੂੰ ਰੱਬ ਦਾ ਰੂਪ ਸਮਝ ਕੇ, ਵਿਤ ਅਨੁਸਾਰ ਸੇਵਾ ਕਰਨ ਲਈ ਸਦਾ ਤਤਪਰ ਰਹਿੰਦੇ ਹਨ।

ਲਿਖਣ ਦਾ ਸ਼ੌਕ ਤਾਂ ਉਹਨਾਂ ਨੂੰ ਨਾਨਕਿਆਂ ਦਾਦਕਿਆਂ ਵੱਲੋਂ ਵਿਰਸੇ ਵਿਚ ਹੀ ਮਿਲ਼ਿਆ ਹੈ। ਮੈਂ ਤਾਂ ਇਹ ਸਮਝਦਾ ਵੀ ਹਾਂ ਕਿ ਬੀਬੀ ਜੀ ਨੂੰ ਮਨੁੱਖੀ ਸੇਵਾ ਦੀ ਲਗਨ ਵੀ ਪਰਵਾਰਕ ਵਿਰਸੇ ਵਿਚੋਂ ਹੀ ਮਿਲ਼ੀ ਹੈ।

ਸੁਖਵੰਤ ਕੌਰ ਜੀ ਨੇ ਸਮੇ ਸਮੇ ਲਿਖੇ ਜਾਂਦੇ ਲੇਖਾਂ ਤੋਂ ਇਲਾਵਾ ਤਿੰਨ ਕਿਤਾਬਾਂ ਛਪਵਾ ਕੇ ਵੀ ਪਾਠਕਾਂ ਦੀ ਸੇਵਾ ਵਿਚ ਅਰਪਣ ਕੀਤੀਆਂ ਹਨ।

ਲੇਖ, ਕਿਤਾਬਾਂ, ਰੇਡੀਉ, ਗੁਰਦੁਆਰਾ ਸਟੇਜ ਤੋਂ ਇਲਾਵਾ ਸਾਹਿਤਕ, ਸਮਾਜਕ ਇਕੱਠਾਂ, ਹੈਰੀਟਿਜ ਸਰਗਰਮੀਆਂ ਵਿਚ ਵੀ ਬੀਬੀ ਜੀ ਮੋਹਰੀ ਹਿੱਸਾ ਪਾਉਂਦੇ ਹਨ। ਗੁਰਦੁਆਰਾ ਸਾਵਾ, ਕੈਨਿੰਗਵੇਲ ਦੇ ਨਜ਼ਦੀਕ ਹੀ ਇਹਨਾਂ ਦਾ ਘਰ ਹੈ ਜਿਥੋਂ ਪੈਦਲ ਤੁਰ ਕੇ ਗੁਰਦੁਆਰਾ ਸਾਹਿਬ ਵਿਖੇ ਜਾਇਆ ਜਾ ਸਕਦਾ ਹੈ। ਆਪਣਾ ਸਾਰਾ ਪਰਵਾਰ ਚੰਗਾ ਖਾਂਦਾ ਪੀਂਦਾ ਹੋਣ ਕਰਕੇ, ਬੀਬੀ ਜੀ ਨੇ ਉਹਨਾਂ ਨੂੰ ਆਪਣੀ ਸਾਰੀ ਪੂੰਜੀ ਦੇਣ ਦੀ ਬਜਾਇ, ਚੈਰਿਟੇਬਲ ਸੰਸਥਾ ਨੂੰ ਵਸੀਅਤ ਕਰ ਦਿਤੀ ਹੋਈ ਹੈ।

ਬੀਬੀ ਜੀ ਦੀਆਂ ਪੰਜਾਬੀ ਸੱਥ ਅਤੇ ਮਨੁੱਖਤਾ ਪ੍ਰਤੀ ਕੀਤੀਆਂ ਜਾ ਰਹੀਆਂ ਸੇਵਾਵਾਂ ਨੂੰ ਮਾਣ ਦਿੰਦਿਆਂ ਹੋਇਆਂ, ਪੰਜਾਬੀ ਸੱਥ ਲਾਂਬੜਾ ਨੇ, ੨੦੧੯ ਵਿਚ, ਡਾ. ਕੁਲਵੰਤ ਕੌਰ, ਮੁਖੀ ਮਾਤਾ ਭਾਗੋ ਬ੍ਰਿਗੇਡ ਰਾਹੀਂ ਸਨਮਾਨਤ ਕੀਤਾ।

ਜਦੋਂ ਪੰਜਾਬੀ ਸੱਥ ਲਾਂਬੜਾ ਨੇ, ਮੇਰੀ ਪਹਿਲੀ ਕਿਤਾਬ *ਸਚੇ ਦਾ ਸਚਾ ਢੋਆ* ਦੀ ਪ੍ਰਸੰਸਾ ਵਿਚ, ਮੈਨੂੰ ੨੦੦੮ ਦਾ ਪ੍ਰਿੰਸੀਪਲ ਤੇਜਾ ਸਿੰਘ ਸਾਹਿਤਕ ਐਵਾਰਡ ਦੇਣ ਦਾ ਫ਼ੈਸਲਾ ਕੀਤਾ ਤਾਂ ਵਲੈਤ ਤੋਂ ਯੂਰਪੀ ਸੱਥ ਦੇ ਸੰਚਾਲਕ ਸ. ਮੋਤਾ ਸਿੰਘ ਜੀ ਅਤੇ ਪੰਜਾਬੀ ਕਵੀ ਸ. ਹਰਜਿੰਦਰ ਸਿੰਘ ਸੰਧੂ ਜੀ ਗੋਲਡ ਮੈਡਲ ਦੇਣ ਵਾਸਤੇ ਸਿਡਨੀ ਆਏ ਤਾਂ ਨਾਲ਼ ਹੀ ਸੱਥ ਵੱਲੋਂ, ਆਸਟ੍ਰੇਲੀਅਨ ਪੰਜਾਬੀ ਸੱਥ ਦੀ, ਇਸ ਦੇ ਸਰਪ੍ਰਸਤ ਵਜੋਂ ਸੇਵਾ ਕਰਨ ਦਾ

ਨਿਯੁਕਤੀ ਪੱਤਰ ਵੀ ਲੈ ਕੇ ਆਏ। ਉਸ ਅਨੁਸਾਰ ਮੇਰੀ ਇਹ ਡਿਊਟੀ ਲਗਾਈ ਗਈ ਕਿ ਮੈਂ ਆਸਟ੍ਰੇਲੀਆ ਅਤੇ ਨਾਲ਼ ਲੱਗਵੇਂ ਮੁਲਕਾਂ ਵਿਚ ਸੱਥ ਦੀਆਂ ਇਕਾਈਆਂ ਸਥਾਪਤ ਕਰਾਂ। ਹੋਰ ਸ਼ਹਿਰਾਂ ਦੇ ਨਾਲ਼ ਨਾਲ਼ ਪਰਥ ਵਿਚ ਵੀ ਸੱਥ ਦੀ ਸਥਾਪਨਾ ਕੀਤੀ ਗਈ ਜਿਸ ਦੀ ਸਰਪ੍ਰਸਤ ਹੋਣ ਦਾ ਮਾਣ ਬੀਬੀ ਸੁਖਵੰਤ ਕੌਰ ਜੀ ਨੂੰ ਪ੍ਰਾਪਤ ਹੋਇਆ।

ਨੌਜਵਾਨ ਇਸ ਪ੍ਰੌੜ੍ਹ ਸ਼ਖ਼ਸੀਅਤ ਦੀ ਅਗਵਾਈ ਵਿਚ ਪੰਜਾਬੀ ਦੇ ਪ੍ਰਸਾਰ ਦੀ ਸੇਵਾ ਬੜੇ ਉਤਸ਼ਾਹ ਨਾਲ਼ ਕਰ ਰਹੇ ਹਨ। ਆਪਣੇ ਤੋਂ ਅਗਲੀ ਪੀਹੜੀ ਦੇ ਨੌਜਵਾਨ ਸਾਥੀਆਂ, ਸ. ਜਸਬੀਰ ਸਿੰਘ ਧੀਮਾਨ, ਹਰਲਾਲ ਸਿੰਘ, ਹਰਮੰਦਰ ਸਿੰਘ ਕੰਗ, ਪਿਆਰਾ ਸਿੰਘ ਆਦਿ ਨਾਲ਼ ਮਿਲ਼ ਕੇ, ਇਸ ਸੰਸਥਾ ਨੂੰ ਬੜੀ ਸਰਗਰਮੀ ਨਾਲ਼ ਚਲਾ ਰਹੇ ਹਨ। ਸੱਥ ਅਜਿਹੀ ਬਹੁਪੱਖੀ ਸ਼ਖ਼ਸੀਅਤ ਦੀ ਸਰਪ੍ਰਸਤੀ ਹੇਠ ਪੰਜਾਬੀ ਸਾਹਿਤ ਦੇ ਪ੍ਰਚਾਰ ਤੇ ਪ੍ਰਸਾਰ ਦਾ ਕਾਰਜ ਬੜੇ ਸੁਚਾਰੂ ਰੂਪ ਵਿਚ ਚੱਲ ਰਿਹਾ ਹੈ। ਪਰਥ ਦੀ ਪੰਜਾਬੀ ਸੱਥ ਸਾਹਿਤਕ ਸਰਗਰਮੀਆਂ, ਲੇਖ ਅਤੇ ਕਿਤਾਬਾਂ ਪ੍ਰਕਾਸ਼ਤ ਕਰਨ ਕਰਵਾਉਣ ਦੇ ਨਾਲ਼ ਨਾਲ਼ ਪੰਜਾਬੀ ਬੱਚਿਆਂ ਨੂੰ ਗੁਰਮੁਖੀ ਅੱਖਰਾਂ ਅਤੇ ਪੰਜਾਬੀ ਬੋਲੀ ਨਾਲ਼ ਜੋੜਨ ਲਈ ਵੀ ਬਹੁਤ ਸੋਹਣਾ ਉਪਰਾਲਾ ਕਰ ਰਹੀ ਹੈ।

# ਅੰਮ੍ਰਿਤਸਰ ਦੀ ੨੦੧੮ ਵਾਲ਼ੀ ਯਾਤਰਾ

ਸਤੰਬਰ ੧੯੯੩ ਵਾਲ਼ੀ ਅੰਮ੍ਰਿਤਸਰ ਦੀ ਯਾਤਰਾ ਦੌਰਾਨ, ਇਹ ਅਹਿਸਾਸ ਹੋ ਗਿਆ ਸੀ ਕਿ ਮੈਂ ਹੁਣ ਪੰਜਾਬ ਦੇ ਫਿੱਟ ਨਹੀਂ ਰਿਹਾ। ਪੰਜਾਬ ਬਹੁਤ ਅੱਗੇ ਲੰਘ ਗਿਆ ਹੈ ਤੇ ਮੈਂ ਬਹੁਤ ਪਿੱਛੇ ਰਹਿ ਗਿਆ ਹਾਂ। ਏਸੇ ’ਤੇ ਹੀ ਸਬਰ ਕਰ ਲਿਆ ਕਿ ਜਦੋਂ ਰੱਬ ਤੌਫ਼ੀਕ ਦਊਗਾ ਓਦੋਂ ਹਰ ਸਾਲ ਦੇਸ ਦੀ ਯਾਤਰਾ ਕਰ ਕੇ, ਸੱਜਣਾਂ ਮਿੱਤਰਾਂ ਦੇ ਦਰਸ਼ਨ ਮੇਲੇ ਕਰ ਜਾਇਆ ਕਰਾਂਗਾ। ਬਾਕੀ ਰਹਿਣਾ ਹੁਣ ਸਿਡਨੀ ਵਿਚ ਹੀ ਪੈਣਾ ਹੈ; ਏਥੇ ਹੀ ਘਰ, ਪਰਵਾਰ ਤੇ ਰੋਜ਼ਗਾਰ ਜੁ ਸੀ।

ਸਮੇ ਨਾਲ਼ ਬੱਚੇ ਪੜ੍ਹ ਕੇ ਵਿਆਹੇ ਗਏ, ਕੰਮਾਂ ’ਤੇ ਲੱਗ ਗਏ ਤੇ ਆਪੋ ਆਪਣੇ ਘਰੀਂ ਜਾ ਵੜੇ। ਸਰਕਾਰ ਨੇ ਵੀ ਮੈਨੂੰ ਬੁਢਾਪੇ ਦੀ ਪੈਨਸ਼ਨ ਲਾ ਦਿਤੀ ਜਿਸ ਨੂੰ ਸੰਜਮ ਨਾਲ਼ ਵਰਤਦਿਆਂ ਹੋਇਆਂ ਹਵਾਈ ਜਹਾਜ਼ ਦੇ ਕਰਾਏ ਜੋਗੀ ਗੁੰਜਾਇਸ਼ ਨਿਕਲ਼ ਹੀ ਆਉਂਦੀ ਹੈ ਤੇ ਓਥੇ ਸੇਵਾ ਸਿੰਘ ਵਰਗੇ ਛੋਟੇ ਭਰਾ, ਸ. ਕੁਲਜੀਤ ਸਿੰਘ ਤਲਵਾੜ ਅਤੇ ਹਰਭਜਨ ਸਿੰਘ ਬਾਜਵੇ ਵਰਗੇ ਸੁਹਿਰਦ ਸੱਜਣਾਂ ਕੋਲ਼ੋਂ ਪ੍ਰਸ਼ਾਦਾ ਪਾਣੀ ਛਕ ਕੇ ਤੇ ਫਿਰ ਤੁਰ ਕੇ ਮੁੜ ਆਈਦਾ ਹੈ? ਤਕਰੀਬਨ ਹਰੇਕ ਸਾਲ ਹੀ ਅਜਿਹੀ ਯਾਤਰਾ ਹੋ ਜਾਂਦੀ ਹੈ।

੨੦੧੬ ਦੀ ਸਤੰਬਰ ਵਿਚ ਬਿਹਾਰ ਸਰਕਾਰ ਨੇ ਸੱਦ ਲਿਆ ਸੀ ਤੇ ੩੦ ਨਵੰਬਰ ਨੂੰ ਦੇਸੋਂ ਵਾਪਸ ਮੁੜਨ ਕਰਕੇ, ੨੦੧੭ ਵਿਚ ਚੱਕਰ ਨਾ ਲੱਗ ਸਕਿਆ। ਫਿਰ ਕੰਮ ਵੀ ਕੋਈ ਖ਼ਾਸ ਨਹੀਂ ਸੀ। ਨਾਲ਼ੇ ਇਕੀਵੀਂ ਸਦੀ ਦਾ ਸਤਾਰ੍ਹਵਾਂ ਸਾਲ ‘ਦਿਲ ਦੇ ਮਾਮਲੇ’ ਵਿਚ ਉਲ਼ਝੇ ਰਹਿਣ ਕਰਕੇ ਵੀ ਜਾਣ ਦਾ ਪ੍ਰੋਗਰਾਮ ਨਾ ਬਣ ਸਕਿਆ। ਇਸ ਦਿਲ ਨੇ ਮੇਰਾ ਤਕਰੀਬਨ ਇਕ ਸਾਲ ਹੀ ਖਾ ਲਿਆ। ਹੁਣ ੨੦੧੮ ਵਿਚ ਪੰਜਾਬੀ ਲੋਕਧਾਰਾ ਫ਼ੇਸਬੁੱਕੀ ਗਰੁਪ ਵੱਲੋਂ, ਸਾਲਾਨਾ ਇਕੱਠ ਕਰਨ ਦੀ ਖ਼ਬਰ ਆ ਗਈ ਪਰ ਉਹਨਾਂ ਨੇ ਤਰੀਕ, ਸਮਾ, ਸਥਾਨ ਵਾਲ਼ੀ ਗੱਲ ਨੂੰ ਗੁਪਤ ਰੱਖਿਆ। ਇਸ ਤੋਂ ਇਲਾਵਾ ਵੀ ਕੁਝ ਹੋਰ ਨਿੱਕੇ ਮੋਟੇ ਬਹਾਨੇ ਆਪੇ ਹੀ ਮੈਂ ਘੜ ਲਏ। ਸੋਚਿਆ ਕਿ ਸਦਾ ਦੀ ਤਰ੍ਹਾਂ ਇਕ ਨਵੀਂ ਕਿਤਾਬ ਵੀ ਛਪਵਾ ਲਿਆਊਂਗਾ। ਕੁਝ ਵਿਆਹ ਆ ਗਏ, ਕੁਝ ਸੋਗ ਸਮਾਗਮ ਆ ਗਏ। ਕੁਝ ਵੈਸੇ ਹੀ ਖ਼ੁਸ਼ੀ ਦੇ ਸਮਾਗਮ ਆ ਗਏ। ਇਸ ਦੌਰਾਨ ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਵੀ ਇਕ ਪੰਜਾਬੀ ਸੰਬੰਧੀ ਸਮਾਗਮ ਸੀ। ਉਸ ਵਿਚ ਸ਼ਾਮਲ ਹੋਣ ਲਈ ਵੀ, ਉਹਨਾਂ ਦੇ ਸੱਦੇ ਉਪਰ, ਉਤਸ਼ਾਹ ਪੈਦਾ ਹੋਇਆ। ਸਭ ਤੋਂ ਵੱਡੀ ਗੱਲ ਕਿ ਵਾਹਵਾ ਚਿਰ ਪਹਿਲਾਂ ਬੁੱਕ ਕਰਨ ’ਤੇ ਟਿਕਟ ਵੀ ਵਾਹਵਾ ਸਸਤੀ ਮਿਲ਼ ਗਈ। ਥਾਈ ਏਅਰਵੇਜ਼ ਨੇ ਸਿਡਨੀ ਤੋਂ ਦਿੱਲੀ ਤੱਕ ਆਉਣ ਜਾਣ ਵਾਸਤੇ ੭੫੦ ਡਾਲਰ ਵਿਚ ਹੀ ਮੇਰਾ ਕਾਰਜ ਰਾਸ ਕਰ ਦਿਤਾ। ਮੈਂ ਬੜਾ ਖ਼ੁਸ਼ ਕਿ ਏਨੀ ਸਸਤੀ ਟਿਕਟ ਮਿਲ਼ ਗਈ ਹੈ। ਪਰ ਇਕ ਦਿਨ ਮੇਰੀ ਇਸ ਖ਼ੁਸ਼ੀ ਦੇ ਸਿਰ, ਗਿ.

ਹਰਜਿੰਦਰ ਸਿੰਘ ਹੰਬੜਾਂ ਵਾਲ਼ੇ ਨੇ, ਪਾਣੀ ਪਾ ਦਿਤਾ, ਇਹ ਦੱਸ ਕੇ ਕਿ ਉਸ ਨੇ ਸਾਰੇ ਟੱਬਰ ਦੀਆਂ ਟਿਕਟਾਂ, ਪਰ ਟਿਕਟ, ਸਾਢੇ ਪੰਜ ਸੌ ਖ਼ਰਚਿਆ ਹੈ ਤੇ ਜਹਾਜ਼ ਵਿਚੋਂ ਉਤਰਨਾ ਤੇ ਚੜ੍ਹਨਾ ਵੀ ਦਿੱਲੀ ਨਹੀਂ, ਬਲਕਿ ਅੰਮ੍ਰਿਤਸਰ ਤੋਂ ਹੈ।

ਇਸ ਲਈ ਪਿਛਲੀ ਯਾਤਰਾ ਤੋਂ ਠੀਕ ਚੌਦਾਂ ਮਹੀਨੇ ਬਾਅਦ ਅੰਮ੍ਰਿਤਸਰ ਨੂੰ ਜਾਣ ਦੀ ਮਾਨਸਿਕ ਤੌਰ ’ਤੇ ਤਿਆਰੀ ਹੋ ਗਈ। ੩੧ ਜਨਵਰੀ ਨੂੰ ਥਾਈ ਵਾਲ਼ਿਆਂ ਮੈਨੂੰ ਸ਼ਾਮ ਦੇ ਚਾਰ ਵਜੇ ਸਿਡਨੀ ਤੋਂ ਚੁੱਕਿਆ ਤੇ ਸਾਢੇ ਨੌਂ ਘੰਟਿਆਂ ਵਿਚ, ਰਾਤ ਬੈਂਕਾਕ ਜਾ ਉਤਾਰਿਆ। ਓਥੋਂ ਚੁੱਕਿਆ ਤੇ ਸਾਢੇ ਚਾਰ ਘੰਟੇ ਵਿਚ ਦਿੱਲੀ ਜਾ ਉਤਾਰਿਆ। ਇਕ ਫ਼ਰਵਰੀ ਵਾਲ਼ੇ ਦਿਨ ਦਿੱਲੀ ਹਵਾਈ ਅੱਡੇ ਤੋਂ ਬਾਹਰ ਨਿਕਲ਼ ਕੇ, ਇੰਡੋ ਕੈਨੇਡੀਅਨ ਦੀ ਬੱਸ ਵਾਲ਼ਿਆਂ ਕੋਲ਼ ਗਿਆ ਤਾਂ ਉਹਨਾਂ ਆਦਰ ਮਾਣ ਤਾਂ ਕੀਤਾ ਤੇ ਜਦੋਂ ਕਰਾਇਆ ਪੁੱਛਿਆ ਤਾਂ ਬਾਈ ਸੌ ਤੇ ਵਧੀਆ ਕਲਾਸ ਦਾ ਬੱਤੀ ਸੌ ਦੱਸਿਆ। ਮੇਰੇ ਕੋਲ਼ ਸਿਰਫ ਦੋ ਹਜ਼ਾਰ ਰੁਪਏ ਹੀ ਸਨ ਜੋ ਮੈਂ ਏਥੋਂ ਆਪਣੇ ਛੋਟੇ ਭਰਾ ਸ. ਦਲਬੀਰ ਸਿੰਘ ਪਾਸੋਂ ਲੈ ਕੇ ਗਿਆ ਸਾਂ। ਫਿਰ ਰਾਹ ਵਿਚ ਜਲ ਪਾਣੀ ਛਕਣ ’ਤੇ ਵੀ ਖ਼ਰਚ ਹੋਣੇ ਸਨ। ਇਸ ਲਈ ਕੁਝ ਦੂਰੀ ’ਤੇ ਹਟਵੀਂ ਖਲੋਤੀ ਪਨਬਸ ਦੀ ਬੱਸ ਵਾਲ਼ਿਆਂ ਕੋਲ਼ ਗਿਆ ਤਾਂ ਉਹਨਾਂ ਨੇ ਜਲੰਧਰ ਤੱਕ ਦਾ ਕਰਾਇਆ ਸਿਰਫ਼ ਇਕ ਹਜ਼ਾਰ ਪੰਦਰਾਂ ਰੁਪਏ ਹੀ ਦੱਸਿਆ। ਮੈਂ ਇੰਡੋ ਕੈਨੇਡੀਆਨ ਬੱਸ ਵਿਚ ਰੱਖਿਆ ਆਪਣਾ ਟਿੰਡ ਫਹੁੜੀ ਚੁੱਕਿਆ ਤੇ ਪਨਬਸ ਵਿਚ ਜਾ ਬੈਠਾ। ਉਸ ਨੇ ਜਲੰਧਰ ਜਾ ਲਾਹਿਆ ਤੇ ਓਥੋਂ ਜਲੰਧਰ ਤੋਂ ਅੰਮ੍ਰਿਤਸਰ ਵਾਲ਼ੀ ਲੋਕਲ ਬੱਸ ਰਾਹੀਂ ਅੰਮ੍ਰਿਤਸਰ ਜਾ ਪੁੱਜਾ। ਬੱਸ ਅੱਡੇ ਤੋਂ ਥਰੀ ਵੀਲ੍ਹਰ ਰਾਹੀਂ, ਗੁਰਦੁਆਰਾ ਸ਼ਹੀਦਾਂ ਦੇ ਨੇੜੇ, ਛੋਟੇ ਭਰਾ ਸੇਵਾ ਸਿੰਘ ਦੇ ਘਰ ਜਾ ‘ਵਾਹਿਗੁਰੂ ਜੀ ਕੀ ਫ਼ਤਿਹ’ ਗਜਾਈ।

ਸ੍ਰੀ ਦਰਬਾਰ ਸਾਹਿਬ ਮੱਥਾ ਟੇਕਣ ਉਪ੍ਰੰਤ ਕਿਤਾਬਾਂ ਵਾਲ਼ੇ ਪਾਸੇ ਹੋਇਆ। ਸ. ਕੁਲਦੀਪ ਸਿੰਘ, ਆਜ਼ਾਦ ਬੁੱਕ ਡੀਪੂ ਵਾਲ਼ਿਆਂ ਕੋਲ਼ ਪਿਛਲੇ ਸਾਲ ਦੀਆਂ ਬਚੀਆਂ ਪਈਆਂ ਕੁਝ ਪੁਸਤਕਾਂ ਚੁੱਕ ਕੇ ਪਾਠਕਾਂ ਦੇ ਹੱਥੀਂ ਅਪੜਾਉਣ ਦਾ ਉਦਮ ਆਰੰਭਿਆ ਤੇ ਇਸ ਦੇ ਨਾਲ਼ ਹੀ ਪਿਛਲੇ ਸਾਲ ਦੇ ਲਿਖੇ ਲੇਖ, ਪੇਜ ਮੇਕਰ ਵਾਲ਼ੇ ਦੇ ਹਵਾਲੇ ਕੀਤੇ। ਉਸ ਨੇ ਜੋੜ ਤੋੜ ਲਾ ਕੇ ਦੱਸਿਆ ਕਿ ਕੁੱਲ ਸੱਠ ਕੁ ਪੰਨੇ ਹੀ ਬਣਦੇ ਹਨ। ਇਹ ਸੋਚ ਕੇ ਕਿ ਏਨੇ ਲੇਖਾਂ ਨਾਲ਼ ਤੇ ਛੋਟਾ ਜਿਹਾ ਕਿਤਾਬਚਾ ਹੀ ਬਣੂਗਾ, ਕਿਤਾਬ ਨਹੀਂ। ਕਿਤਾਬ ਦਾ ਕੱਦ ਬੁੱਤ ਤਾਂ ਹੀ ਬਣਦਾ ਹੈ ਜੇ ਇਸ ਦੇ ਤਕਰੀਬਨ ਦੋ ਕੁ ਸੌ ਪੰਨੇ ਹੋਣ। ਕਿਤਾਬ ਛਾਪਣ ਦਾ ਪ੍ਰੋਗਰਾਮ ਮੁਲਤਵੀ ਕਰ ਦਿਤਾ। ਆਜ਼ਾਦ ਬੁੱਕ ਡੀਪੂ ਵਾਲ਼ਿਆਂ ਪਾਸ ਪਈਆਂ ਸਾਰੀਆਂ ਕਿਤਾਬਾਂ ਹੀ ਹੌਲ਼ੀ ਹੌਲ਼ੀ ਲੈ ਕੇ ਪਾਠਕਾਂ ਤੱਕ ਪੁਚਾ ਦਿਤੀਆਂ। ਇਸ ਤੋਂ ਇਲਾਵਾ ਸ. ਗੁਰਸਾਗਰ ਸਿੰਘ ਹੋਰਾਂ ਨੂੰ ਆਪਣੀ ਪਹਿਲੀ ਕਿਤਾਬ *ਸਚੇ ਦਾ ਸਚਾ ਢੋਆ* ਦੀ ਛੇਵੀਂ ਐਡੀਸ਼ਨ ਦੀਆਂ ਇਕ ਹਜ਼ਾਰ ਕਾਪੀਆਂ ਛਾਪਣ ਵਾਸਤੇ ਆਖ ਦਿਤਾ ਜੋ ਕਿ ਉਹਨਾਂ ਨੇ ਆਪਣੀ ਪਸੰਦ ਅਨੁਸਾਰ, ਮੋਟੀ ਜਿਲਦ ਲਾ ਕੇ ਛਾਪ ਦਿਤੀ।

ਮੇਰੇ ਐਡੀਲੇਡ ਤੋਂ ਬਣੇ ਭਤੀਜੇ ਸ. ਮਨਪ੍ਰੀਤ ਸਿੰਘ ਟਾਹਲੀ ਤੇ ਸਰਬਜੀਤ ਸਿੰਘ ਟਾਹਲੀ ਵੀ ਸਮੇਤ ਟੱਬਰ ਟੀਹਰ ਦੇ ਆਪਣੇ ਪਿੰਡ ਗਏ ਹੋਏ ਸਨ। ਛੋਟੇ ਸਰਬਜੀਤ ਸਿੰਘ ਦਾ ਵਿਆਹ ਰੱਖਿਆ ਹੋਇਆ ਸੀ। ਚਲਾਕ ਏਨੇ ਕਿ ਮੈਨੂੰ ਦੱਸਿਆ ਈ ਨਹੀਂ ਸੀ। ਜਦੋਂ ਮੈਂ ਫ਼ੋਨ ਕੀਤਾ ਤਾਂ ਫੇਰ ਮੈਨੂੰ ਸੱਦਿਆ। ਖ਼ੈਰ, ਮੈਂ ਨਡਾਲਾ ਲੰਘ ਕੇ ਬੇਗੋਵਾਲ ਤੱਕ, ਬੱਸ ਰਾਹੀਂ ਪਹੁੰਚ ਗਿਆ ਤੇ ਓਥੋਂ ਮਨਪ੍ਰੀਤ ਸਿੰਘ ਨੇ ਆਪਣੀ ਕਾਰ ਵਿਚ ਮੈਨੂੰ ਲੱਦ ਕੇ ਆਪਣੇ ਘਰ ਜਾ ਲਾਹਿਆ। ਉਹਨਾਂ ਦੇ ਪਿਤਾ ਸ. ਨਿਰੰਜਨ ਸਿੰਘ ਜੀ ਵੀ ਜਰਮਨੀ ਤੋਂ ਆਏ ਹੋਏ ਸਨ। ਵਿਆਹ ਵਿਚ ਸ਼ਾਮਲ ਹੋਇਆ। ਅਨੰਦ ਕਾਰਜ ਸਮੇ ਕੁਝ ਸ਼ਬਦ ਵੀ ਬੋਲੇ ਤੇ ਛੋਟੇ ਭਤੀਜੇ ਦੀਆਂ ਕੁਝ 'ਸ਼ਰਾਰਤਾਂ' ਦਾ ਵੀ ਜ਼ਿਕਰ ਕੀਤਾ। ਹਾਸਾ ਤੇ ਪੈਣਾ ਹੀ ਸੀ। ਇਹ ਮੇਰਾ ਆਪਣੀ ਬਰਾਦਰੀ ਤੋਂ ਬਾਹਰਲਾ ਸ਼ਾਇਦ ਪਹਿਲਾ ਹੀ ਵਿਆਹ ਸੀ। ਲੁਬਾਣਿਆਂ ਦੇ ਭਾਈਚਾਰੇ ਦੀਆਂ ਕੁਝ ਵਿਕੋਲਿੱਤਰੀਆਂ ਰਸਮਾ ਵੀ ਵੇਖੀਆਂ। ਰਾਤ ਨੂੰ ਸਾਰਾ ਲੁਬਾਣਾ ਭਾਈਚਾਰਾ ਨਿਉਂਦਾ ਪਾਉਣ ਲਈ ਘਰ ਵਿਚ ਇਕੱਠਾ ਹੋਇਆ। ਰਿਸ਼ਤੇਦਾਰਾਂ ਨੇ ਬੜਾ ਨਿਕ ਸੁਕ ਕੱਪੜਿਆਂ ਸਮੇਤ ਲਿਆਂਦਾ ਤੇ ਨਕਦ ਨਾਰਾਇਣ ਵੀ ਸੱਬਰਕੱਤਾ ਨਿਉਂਦੇ ਵਜੋਂ ਪਾਇਆ। ਡਰਦੇ ਡਰਦੇ ਨੇ ਮੈਂ ਵੀ ਇਸ ਯੱਗ ਵਿਚ ਆਪਣੇ ਵੱਲੋਂ ਤਿਲ ਫੁਲ ਪਾਉਣ ਦਾ ਯਤਨ ਕੀਤਾ ਪਰ ਸ. ਨਿਰੰਜਨ ਸਿੰਘ ਜੀ ਨੇ ਮੈਨੂੰ ਸਖ਼ਤੀ ਨਾਲ਼ ਰੋਕ ਦਿਤਾ। ਮੈਂ ਵੀ ਬਹੁਤਾ ਜ਼ੋਰ ਨਾ ਦਿਤਾ ਤੇ ਆਪਣੀ ਮਾਇਆ ਮੋੜ ਕੇ ਆਪਣੀ ਜੇਬ ਵਿਚ ਪਾ ਲਈ। ਸ਼ਾਇਦ ਏਸੇ ਕਰਕੇ ਹੀ ਮਨਪ੍ਰੀਤ ਸਿੰਘ ਮੈਨੂੰ 'ਤਾਇਆ ਕੰਜੂਸ' ਆਖਦਾ ਹੈ। ਬਹੁਤ ਰੌਣਕ ਮੇਲਾ ਹੋਇਆ। ਬੜਾ ਅਨੰਦ ਮਾਣਿਆਂ। ਸਾਰੇ ਸਮਾਗਮ ਦੀ ਸਮਾਪਤੀ ਮਗਰੋਂ ਮੈਨੂੰ ਵੱਡਾ ਭਤੀਜਾ ਫਿਰ ਬੇਗੋਵਾਲ਼ ਤੋਂ ਅੰਮ੍ਰਿਤਸਰ ਵਾਲ਼ੀ ਬੱਸੇ ਬਹਾ ਗਿਆ।

ਏਧਰ ਓਧਰ ਕੁਝ ਸੱਜਣਾਂ ਮਿੱਤਰਾਂ ਅਤੇ ਰਿਸ਼ਤੇਦਾਰਾਂ ਦੇ ਦੁਆਰਿਆਂ ਦੇ ਚੱਕਰ ਕੱਟੇ। ਕੁਝ ਵਿਆਹ ਭੁਗਤਾਏ, ਕੁਝ ਅਖੰਡ ਪਾਠਾਂ ਦੇ ਸਮਾਗਮਾਂ ਵਿਚ ਹਾਜ਼ਰੀ ਭਰੀ, ਕੁਝ ਧਾਰਮਿਕ ਦੀਵਾਨਾਂ ਵਿਚ ਸ਼ਮੂਲੀਅਤ ਕੀਤੀ, ਕੁਝ ਦੁਰਾਡੇ ਸੱਜਣਾਂ ਦੇ ਵੀ ਦਰਸ਼ਨ ਕੀਤੇ। ਚਾਹਨਾਂ ਦੇ ਬਾਵਜੂਦ ਵੀ ਨਾ ਪਟਿਆਲੇ, ਨਾ ਚੰਡੀਗੜ੍ਹ, ਨਾ ਅਲਵਰ, ਨਾ ਮੁਕਤਸਰ, ਨਾ ਗੁਰਦਾਸਪੁਰ, ਨਾ ਬੁਢਾ ਜੌਹੜ ਆਦਿ ਸਥਾਨਾਂ ਦੀ ਯਾਤਰਾ ਕਰ ਸਕਿਆ। ਕਾਰਨ ਆਪਣੇ ਦਿਲ ਦਾ ਡਰ ਹੀ ਸੀ। ਸੋਚਦਾ ਸਾਂ ਕਿ ਬੇਲੋੜੇ ਵਾਧੂ ਦੇ ਸਫ਼ਰ ਕਰਕੇ, ਕਿਸੇ ਸੱਜਣ ਕੋਲ਼ ਗਏ ਹੋਣ ਸਮੇ ਹੀ, ਉਸ ਸੱਜਣ ਨੂੰ, ਇਸ ਬੁਢੇ ਤੇ ਜਰਜਰੇ ਹੋ ਚੁੱਕੇ ਸਰੀਰ ਦੀ ਸੰਭਾਲ਼ ਕਰਨ ਦੀ ਖੇਚਲ਼ ਨਾ ਕਰਨੀ ਪੈ ਜਾਵੇ!

## *ਸ਼ਹੀਦ ਸਿੱਖ ਮਿਸ਼ਨਰੀ ਕਾਲਜ ਦਾ ਸਾਲਾਨਾ ਸਮਾਗਮ*

ਉਪ੍ਰੋਕਤ ਨਾਂ ਦੀ ਸੰਸਥਾ, ੨੦ ਫ਼ਰਵਰੀ, ੧੯੨੧ ਨੂੰ ਸ੍ਰੀ ਨਨਕਾਣਾ ਸਾਹਿਬ ਵਿਖੇ, ਮਹੰਤ ਨਰੈਣੂ ਅਤੇ ਉਸ ਦੇ ਗੁੰਡਿਆਂ ਹਥੋਂ ਸ਼ਹੀਦ ਕੀਤੇ ਗਏ ਸੈਂਕੜੇ ਸਿੰਘਾਂ ਦੀ ਯਾਦ ਵਿਚ, ਸਿੱਖੀ ਦੇ ਪ੍ਰਚਾਰ ਹਿਤ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ, ਧਰਮ ਪ੍ਰਚਾਰਕ ਅਤੇ ਰਾਗੀ ਸਿੰਘ ਤਿਆਰ ਕਰਨ ਵਾਸਤੇ ਇਹ ਮਹਾਨ ਵਿਦਿਅਕ ਸੰਸਥਾ, ੧੯੨੭ ਵਿਚ ਆਰੰਭ ਕੀਤੀ ਗਈ ਸੀ। ਸਮੇ ਸਮੇ ਇਸ ਦੇ ਮੁਖੀ ਦੇ ਰੂਪ ਵਿਚ, ਸਿੱਖ ਪੰਥ ਦੇ ਨਾਮਵਰ ਵਿਦਵਾਨਾਂ ਅਤੇ ਸੰਗੀਤਕਾਰਾਂ ਨੇ ਆਪੋ ਆਪਣਾ ਯੋਗਦਾਨ ਪਾਇਆ ਹੈ। ਇਹਨਾਂ ਵਿਚੋਂ ਕੁਝ ਕੁ ਦੇ ਨਾਂ ਇਸ ਪ੍ਰਕਾਰ ਹਨ : ਪ੍ਰਿੰਸੀਪਲ ਗੰਗਾ ਸਿੰਘ ਜੀ, ਪ੍ਰੋ. ਸਾਹਿਬ ਸਿੰਘ ਜੀ, ਪ੍ਰੋ. ਰਾਜਿੰਦਰ ਸਿੰਘ ਜੀ, ਪ੍ਰਿੰ. ਧਰਮਅਨੰਤ ਸਿੰਘ ਜੀ, ਡਾ. ਤਾਰਨ ਸਿੰਘ ਜੀ ਆਦਿ। ਇਸ ਸਮੇ ਇਸ ਦੇ ਮੁਖੀ ਪ੍ਰਿੰ. ਬਲਦੇਵ ਸਿੰਘ ਜੀ ਹਨ ਜੋ ਕਿ ਮਹਾਨ ਗੁਰਮਤਿ ਸੰਗੀਤਕਾਰ ਹੋਣ ਦੇ ਨਾਲ਼ ਨਾਲ਼, ਯੋਗ ਵਿਦਵਾਨ ਅਤੇ ਪ੍ਰਬੰਧਕ ਵੀ ਹਨ।

ਏਥੋਂ ਪੜ੍ਹ ਕੇ ਨਿਕਲੇ ਵਿਦਿਆਰਥੀਆਂ ਨੇ, ਵਿੱਦਿਆ, ਧਰਮ ਪ੍ਰਚਾਰ, ਪੱਤਰਕਾਰੀ, ਸਾਹਿਤਕਾਰੀ, ਸਿਆਸਤ, ਪ੍ਰਬੰਧ, ਕੌਮੀ ਸੇਵਾ, ਕੁਰਬਾਨੀ ਆਦਿ ਖੇਤਰਾਂ ਵਿਚ ਸਮੇ ਸਮੇ ਮੋਹਰੀ ਹਿੱਸਾ ਪਾਇਆ ਹੈ। ਉਹਨਾਂ ਦੇ ਨਾਂ ਲਿਖਣ ਨਾਲ਼ ਲੇਖ ਬਹੁਤ ਵੱਡਾ ਹੋ ਜਾਵੇਗਾ। ਸ਼੍ਰੋਮਣੀ ਕਮੇਟੀ ਦੀ ਕਲਰਕੀ ਤੋਂ ਲੈ ਕੇ ਪ੍ਰਧਾਨਗੀ ਤੱਕ, ਅਖ਼ਬਾਰ ਦੀ ਸੰਪਾਦਕੀ ਤੋਂ ਲੈ ਕੇ ਮਾਲਕੀ ਤੱਕ, ਗੁਰਦੁਆਰਾ ਸਾਹਿਬ ਦੇ ਗ੍ਰੰਥੀ ਤੋਂ ਲੈ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਜਥੇਦਰੀ ਤੱਕ, ਮੰਤਰੀ ਤੋਂ ਲੈ ਕੇ ਮੁਖ ਮੰਤਰੀ ਤੱਕ, ਭਾਰਤ ਦੇ ਗ੍ਰਿਹ ਮੰਤਰੀ, ਏਥੋਂ ਤੱਕ ਕਿ ਦੇਸ਼ ਦੇ ਰਾਸ਼ਟਰਪਤੀ ਦੀ ਪਦਵੀ ਤੱਕ ਦਾ ਲੰਮਾ ਸਫ਼ਰ ਵੀ ਇਸ ਕਾਲਜ ਦੇ ਵਿਦਿਅਰਥੀਆਂ ਨੇ ਤਹਿ ਕੀਤਾ ਹੈ।

ਗੁਰਮਤਿ ਸੰਗੀਤ ਦੇ ਸੰਸਾਰ ਵਿਚੋਂ ਹੁਣ ਤੱਕ ਕੇਵਲ ਇਕੋ ਹੀ ਰਾਗੀ ਸਿੰਘ ਨੂੰ ਪਦਮ ਸ੍ਰੀ ਪ੍ਰਾਪਤ ਹੋਇਆ ਹੈ, ਤੇ ਉਹ ਮਾਣ ਵੀ ਇਸ ਕਾਲਜ ਦੇ ਵਿਦਿਆਰਥੀ, ਭਾਈ ਨਿਰਮਲ ਸਿੰਘ ਖ਼ਾਲਸਾ ਜੀ, ਨੇ ਹੀ ਪ੍ਰਾਪਤ ਕੀਤਾ ਹੈ।

ਮੈਂ ਜਦੋਂ ਵੀ ਅੰਮ੍ਰਿਤਸਰ ਜਾਵਾਂ, ਇਸ ਮਹਾਨ ਸੰਸਥਾ ਦੇ ਪ੍ਰਿੰਸੀਪਲ ਸਾਹਿਬ ਵਲੋਂ, ਹਰੇਕ ਵਾਰੀ ਵਿਦਿਆਰਥੀਆਂ ਨਾਲ਼ ਵਿਚਾਰ ਸਾਂਝੇ ਕਰਨ ਦਾ ਮੈਨੂੰ ਮਾਣ ਬਖ਼ਸ਼ਿਆ ਜਾਂਦਾ ਹੈ। ਇਸ ਹਰੇਕ ਸਾਲਾਨਾ ਸਮਾਗਮ ਸਮੇ ਇਕ ਵਿਦਿਆਰਥੀ ਨੂੰ, ਉਸ ਦੀ ਸਰਬ ਪੱਖੀ ਪੰਥਕ ਸੇਵਾ ਦਾ ਮਾਣ ਕਰਦਿਆਂ ਹੋਇਆਂ 'ਪ੍ਰਿੰਸੀਪਲ ਗੰਗਾ ਸਿੰਘ ਐਵਾਰਡ' ਦੇ ਕੇ ਸਨਮਾਨਿਆ ਜਾਂਦਾ ਹੈ। ੨੦੧੫ ਦਾ ਐਵਾਰਡ ਦਾਸ ਨੂੰ ਬਖ਼ਸ਼ਿਆ ਗਿਆ ਸੀ। ਇਸ ਵਾਰ ਵੀ ਪ੍ਰਿੰਸੀਪਲ ਸਾਹਿਬ ਜੀ ਵੱਲੋਂ ਵਿਦਿਆਰਥੀਆਂ ਨੂੰ ਸੰਬੋਧਨ ਕਰਨ ਲਈ ਸੱਦਾ ਆਇਆ ਪਰ ਵਿਚਾਰ ਬਣਿਆਂ ਕਿ ਇਸ ਸਮਾਗਮ ਤੋ ਪਿੱਛੋਂ ਇਹ ਕਾਰਜ ਕੀਤਾ ਜਾਵੇ। ਹਰ ਸਾਲ

ਦੀ ਤਰ੍ਹਾਂ ੨੦ ਅਤੇ ੨੧ ਫ਼ਰਵਰੀ ਨੂੰ ਇਹ ਸਮਾਗਮ ਹੋਇਆ। ਸਾਡੇ ਸਮੇ ਇਹ ਸਮਾਗਮ ਸਿਰਫ਼ ਕਾਲਜ ਦੇ ਵਿਦਿਆਰਥੀ ਅਤੇ ਅਧਿਆਪਕ ਹੀ ਰਲ਼ ਕੇ ਕਰਿਆ ਕਰਦੇ ਸਨ ਪਰ ਹੁਣ, ਪ੍ਰਿੰ. ਬਲਦੇਵ ਸਿੰਘ ਜੀ ਦੇ ਉਦਮ ਨਾਲ਼, ਇਸ ਨੂੰ ਵਿਸ਼ਾਲ ਪੈਮਾਨੇ 'ਤੇ ਮਨਾਇਆ ਜਾਂਦਾ ਹੈ। ਇਸ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜੀ ਤੋਂ ਲੈ ਕੇ, ਵੱਖ ਵੱਖ ਧਾਰਮਿਕ ਵਿਦਿਅਕ ਅਦਾਰਿਆਂ ਅਤੇ ਯੂਨੀਵਰਸਿਟੀਆਂ ਤੋਂ ਵੀ ਵਿਦਵਾਨ ਆ ਕੇ ਸੰਬੋਧਨ ਕਰਦੇ ਹਨ। ਇਹਨਾਂ ਤੋਂ ਇਲਾਵਾ ਕਾਲਜ ਦੇ ਪੁਰਾਣੇ ਨਾਮਵਰ ਵਿਦਿਆਰਥੀਆਂ ਨੂੰ ਵੀ ਭਾਗ ਲੈਣ ਲਈ ਸੱਦਿਆ ਜਾਂਦਾ ਹੈ। ਦੋ ਦਿਨ ਇਹ ਸਮਾਗਮ ਚੱਲਦਾ ਹੈ। ਪਹਿਲੇ ਦਿਨ ਸੰਗੀਤਕ ਸਰਗਰਮੀਆਂ ਤੇ ਦੂਸਰੇ ਦਿਨ ਪ੍ਰਚਾਰਕ ਸਰਗਰਮੀਆਂ ਹੁੰਦੀਆਂ ਹਨ। ਇਹਨਾਂ ਦੋਹਾਂ ਹੀ ਦਿਨਾਂ ਵਿਚ ਧੁਰੰਤਰ ਸੰਗੀਤਕਾਰਾਂ ਵੱਲੋਂ ਕੀਰਤਨ ਅਤੇ ਵਿਦਵਾਨਾਂ ਵੱਲੋਂ ਵਿਖਿਆਨ ਕੀਤੇ ਜਾਂਦੇ ਹਨ। ਦੋਵੇਂ ਦਿਨ ਹੀ ਮੈਨੂੰ ਥੱਲੇ ਸਰੋਤਿਆਂ ਵਿਚ ਬੈਠੇ ਨੂੰ, ਪ੍ਰਿੰਸੀਪਲ ਸਾਹਿਬ ਜੀ ਬਾਹੋਂ ਫੜ ਕੇ ਸਟੇਜ ਉਪਰ ਬਿਠਾ ਦਿੰਦੇ ਰਹੇ। ਮੈਂ ਆਪਣੀਆਂ ਤਿੰਨ ਕਿਤਾਬਾਂ ਦੇ ਬੰਡਲ ਪਹਿਲੇ ਦਿਨ ਹੀ ਲੈ ਗਿਆ ਸਾਂ ਜੋ ਦੋਵੇਂ ਦਿਨ ਹੀ ਵਿਦਵਾਨਾਂ ਦੇ ਹੱਥਾਂ ਵਿਚ, ਸਟੇਜ ਤੋਂ ਭੇਟਾ ਕੀਤੀਆਂ ਗਈਆਂ। ਹੋਰ ਗਿਣੇ ਚੁਣੇ ਸੱਜਣਾਂ ਵਾਂਗ, ਦੂਸਰੇ ਦਿਨ ਦਾਸ ਨੂੰ ਵੀ ਕੁਝ ਮਿੰਟ ਸਟੇਜ ਤੋਂ ਬੋਲਣ ਲਈ ਸਮਾ ਦਿਤਾ ਗਿਆ। ਪ੍ਰਧਾਨ ਜੀ ਦੇ ਹੱਥੋਂ ਸਿਰੋਪਾਉ ਦੀ ਬਖ਼ਸ਼ਿਸ਼ ਵੀ ਹੋਈ।

ਇਸ ਵਾਰ ਵੱਖਰੇ ਤੌਰ 'ਤੇ ਕਲਾਸ ਵਿਚ ਵਿਦਿਆਰਥੀਆਂ ਨਾਲ਼ ਵਿਚਾਰਾਂ ਦੀ ਸਾਂਝ ਪਾਉਣ ਦਾ, ਨਿਜੀ ਰੁਝੇਵਿਆਂ ਕਰਕੇ, ਸਮਾ ਨਾ ਬਣ ਸਕਿਆ। ਅਗਲੀ ਵਾਰ ਸਹੀ! ਵੈਸੇ ਇਸ ਮਹਾਨ ਧਾਰਮਿਕ ਵਿਦਿਅਕ ਅਦਾਰੇ ਦੇ ਮੁਖੀ ਭਾਵੇਂ ਕੋਈ ਵੀ ਹੋਣ, ਮੈਨੂੰ ਹਰੇਕ ਵਾਰ ਇਹ ਮਾਣ ਬਖ਼ਸ਼ਦੇ ਹਨ। ਆਰੰਭ ਇਸ ਦਾ ਪ੍ਰਿੰਸੀਪਲ ਹਰਜੀਤ ਸਿੰਘ ਜੀ ਦੇ ਸਮੇ ਤੋਂ ਹੋਇਆ ਸੀ।

ਸਿਡਨੀ ਵਾਸੀ ਸ. ਸੁਰਿੰਦਰ ਸਿੰਘ ਜੀ ਜਗਰਾਉਂ ਤੋਂ ਮੁੜ ਮੁੜ ਜ਼ੋਰ ਦੇ ਰਹੇ ਸਨ ਕਿ ਮੈਂ ਉਹਨਾਂ ਪਾਸ ਪੁੱਜਾਂ ਤਾਂ ਕਿ ਉਹ ਮੈਨੂੰ ਇਕ ਧਾਰਮਿਕ ਸਥਾਨ ਉਪਰ ਲੈ ਕੇ ਜਾਣ। ਫ਼ੀਰੋਜ਼ਪੁਰੋਂ ਸ. ਸੰਤੋਖ ਸਿੰਘ ਭੁੱਲਰ ਜੀ ਵੀ ਓਸੇ ਸਥਾਨ ਦੀ ਯਾਤਰਾ ਵਾਸਤੇ ਜ਼ੋਰ ਪਾ ਰਹੇ ਸਨ। ਓਥੇ ਸਾਲਾਨਾ ਸਮਾਗਮ ਵੀ ਹੋ ਰਿਹਾ ਸੀ ਜਿਸ ਵਿਚ ਕਈ ਦੇਸਾਂ ਦੇ ਸ਼ਰਧਾਲੂ ਸ਼ਾਮਲ ਹੋ ਰਹੇ ਸਨ ਤੇ ਮੇਰੀ ਵੀ ਭਰਪੂਰ ਇੱਛਾ ਸੀ ਕਿ ਓਥੇ ਦਰਸ਼ਨ ਕੀਤੇ ਜਾਣ ਪਰ ਸਮੇ ਸਿਰ ਨਾ ਜਾ ਸਕਿਆ। ਆਖ਼ਰ ਇਕ ਦਿਨ ਫਿਰ ਮੈਂ ਸ. ਸੁਰਿੰਦਰ ਸਿੰਘ ਹੋਰਾਂ ਦੇ ਘਰ ਜਗਰਾਉਂ ਚਲਿਆ ਹੀ ਗਿਆ ਤੇ ਰਾਤ ਰਹਿ ਕੇ ਅਗਲੇ ਦਿਨ ਅਸੀਂ ਦੋਵੇਂ ਮਹਿਤਪੁਰ ਨੇੜੇ ਉਸ ਸਥਾਨ ਦੀ ਯਾਤਰਾ ਲਈ ਚਲੇ ਗਏ। ਸਥਾਨ ਵਾਕਿਆ ਹੀ ਯਾਤਰਾ ਕਰਨ ਦੇ ਯੋਗ ਹੈ। "ਕਲਜੁਗ ਵਿਚ ਸਤਿਜੁਗ ਵਰਤਾਇਆ" ਵਾਲ਼ੀ ਗੱਲ ਹੀ ਲੱਗਦੀ ਹੈ। ਦਰਸ਼ਨ

ਕਰ ਕੇ ਗ਼ਦ ਗ਼ਦ ਹੋ ਗਏ। ਸ. ਸੁਰਿੰਦਰ ਸਿੰਘ ਜੀ ਵਾਪਸ ਜਗਰਾਉਂ ਨੂੰ ਮੁੜ ਗਏ ਤੇ ਮੈਂ ਵਾਪਸ ਅੰਮ੍ਰਿਤਸਰ ਵੱਲ ਨੂੰ ਚਾਲੇ ਪਾ ਦਿਤੇ।

ਹਾਂ ਸੱਚ ਇਸ ਯਾਤਰਾ ਦੌਰਾਨ ਇਕ ਜ਼ਰੂਰੀ ਕਾਰਜ ਵੀ ਸੀ। ਮੈਂ ਟੀਨਏਜਰ ਸਮੇ, ੧੯੬੧ ਵਿਚ, ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਸੀ। ਪਿਛਲੇ ਪੰਜ ਛੇ ਦਹਾਕਿਆਂ ਦੌਰਾਨ ਦੇਸ ਪਰਦੇਸ ਵਿਚ ਵਿਚਰਦਿਆਂ ਬੇਅੰਤ ਢਿੱਲਾਂ ਤੇ ਖ਼ੁਨਾਮੀਆਂ, ਜਾਣੇ ਵਿਚ ਵੀ ਤੇ ਅਣਜਾਣੇ ਵਿਚ ਵੀ ਹੋਈਆਂ। ਰਹਿਤ ਬਹਿਤ ਵਿਚ ਢਿਲਿਆਈ ਆਈ। ਫਿਰ ਪਿਛਲੇ ਸਾਲ ਮੇਰੇ ਦਿਲ ਦਾ ਬਾਈਪਾਸ ਕਰਨ ਸਮੇ, ਡਾਕਟਰਾਂ ਨੇ ਸਰੀਰ ਖੋਹਲਣ ਤੋਂ ਪਹਿਲਾਂ ਸਰੀਰ ਦੇ ਰੋਮ ਲਾਹੇ ਸਨ। ਇਸ ਲਈ ਸੋਚਿਆ ਕਿ ਪੰਜ ਪਿਆਰੇ ਸਾਹਿਬਾਨ ਦੇ ਸਨਮੁਖ ਪੇਸ਼ ਹੋ ਕੇ ਆਪਣੀਆਂ ਭੁੱਲਾਂ ਦੀ ਤਲਾਫ਼ੀ ਕਰਵਾ ਲਈ ਜਾਵੇ। ਜਦੋਂ ਦਾ ਮੈਨੂੰ ਯਾਦ ਹੈ ਓਦੋਂ ਤੋਂ ਹਰੇਕ ਐਤਵਾਰ ਤੇ ਬੁਧਵਾਰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਅੰਮ੍ਰਿਤ ਸੰਚਾਰ ਹੁੰਦਾ ਹੈ। ਅਰਥਾਤ ਅਭਿਲਾਖੀਆਂ ਨੂੰ ਅੰਮ੍ਰਿਤ ਛਕਾਇਆ ਜਾਂਦਾ ਹੈ। ਇਕ ਬੁਧਵਾਰ ਮੈਂ ਇਸ ਕਾਰਜ ਲਈ ਰਾਖਵਾਂ ਰੱਖ ਲਿਆ। ਪੁੱਛਣ ’ਤੇ ਮੈਨੂੰ ਦੱਸਿਆ ਗਿਆ ਕਿ ਸਾਢੇ ਯਾਰਾਂ ਵਜੇ ਪਹੁੰਚਾਂ। ਮੈਂ ਸਣ ਕੇਸੀਂ ਇਸ਼ਨਾਨ ਕਰ ਕੇ ਯਾਰਾਂ ਵਜੇ ਹੀ ਜਾ ਕੇ ਬੈਠ ਗਿਆ। ਬਾਰਾਂ ਵਜੇ ਤੋਂ ਬਾਅਦ ਤਿਆਰੀ ਆਰੰਭ ਹੋਈ। ਪਹਿਲਾਂ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਤੀਸਰੀ ਮੰਜ਼ਲ ਉਪਰ ਇਹ ਕਾਰਜ ਹੁੰਦਾ ਸੀ। ਹੁਣ ੧੯੮੫ ਵਿਚ ਤਖ਼ਤ ਸਾਹਿਬ ਦੀ ਨਵੀਂ ਇਮਾਰਤ ਬਣਨ ਪਿੱਛੋਂ ਇਹ ਕਾਰਜ ਹੇਠਾਂ ਖੁਲ੍ਹੇ ਬਣੇ ਬੇਸਮੈਂਟ ਵਿਚ ਹੁੰਦਾ ਹੈ। ਬੇਅੰਤ ਸੰਗਤਾਂ ਅੰਮ੍ਰਿਤ ਛਕਣ ਵਾਸਤੇ ਪਹੁੰਚੀਆਂ। ਜਿਨ੍ਹਾਂ ਨੇ ਸਰਟੀਫ਼ੀਕੇਟ ਲੈਣੇ ਸਨ ਉਹਨਾਂ ਦੇ ਨਾਂ ਰਜਿਸਟਰ ਉਪਰ ਲਿਖੇ ਗਏ। ਮੈਨੂੰ ਸਰਟੀਫ਼ੀਕੇਟ ਦੀ ਲੋੜ ਨਾ ਹੋਣ ਕਰਕੇ, ਮੈਂ ਆਪਣਾ ਨਾਂ ਦਰਜ ਨਾ ਕਰਵਾਇਆ।

ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਵਾਰਾ ਆਇਆ ਤੇ ਪ੍ਰਕਾਸ਼ ਕੀਤਾ ਗਿਆ।

ਫਿਰ ਜਿਨ੍ਹਾਂ ਪਾਸੋਂ ਰਹਿਤ ਵਿਚ ਢਿੱਲਾਂ ਹੋਈਆਂ ਸਨ, ਉਹਨਾਂ ਨੂੰ ਸੱਦਿਆ ਗਿਆ। ਮੇਰੀ ਸੋਚ ਸੀ ਕਿ ਮੈਨੂੰ ਸ਼ਾਇਦ ਕੋਈ ‘ਤਨਖ਼ਾਹ’ ਲਾ ਕੇ ਹੀ ਬਖ਼ਸ਼ ਦਿਤਾ ਜਾਵੇਗਾ ਤੇ ਦੁਬਾਰਾ ਅੰਮ੍ਰਿਤ ਨਹੀਂ ਛਕਾਉਣਗੇ। ਮੇਰੇ ਵਰਗੇ ਕੁਝ ਹੋਰ ਵੀ ‘ਤਨਖ਼ਾਹੀਏ’ ਸਨ। ਉਹਨਾਂ ਨੂੰ ਪੰਜ ਪਿਆਰਿਆਂ ਵੱਲੋਂ, ਉਹਨਾਂ ਦੀਆਂ ਭੁੱਲਾਂ ਪੁੱਛ ਕੇ, ਹਰੇਕ ਨੂੰ ਪੰਜਾਹ ਰੁਪਏ ਗੋਲਕ ਵਿਚ ਪਾਉਣ ਲਈ ਆਖਿਆ ਗਿਆ ਤੇ ਆਪਣੇ ਨਿਤਨੇਮ ਤੋਂ ਇਲਾਵਾ ਇਕ ਇਕ ਜਪੁ ਸਾਹਿਬ ਦਾ ਹੋਰ ਪਾਠ ਤੇ ਸੱਤ ਦਿਨ ਵਾਸਤੇ ਕਿਸੇ ਵੀ ਗੁਰਦੁਆਰੇ ਵਿਚ ਜੋੜੇ ਝਾੜਨ ਜਾਂ ਝਾੜੂ ਦੇਣ ਦੀ ਸੇਵਾ ਕਰਨ ਲਈ ਹੁਕਮ ਲਾਇਆ। ਸੇਵਾ ਪੂਰੀ ਕਰਨ ਪਿੱਛੋਂ ਕਿਸੇ ਵੀ ਗੁਰਦੁਆਰੇ ਵਿਚ ਕੜਾਹ ਪ੍ਰਸ਼ਾਦ ਦੀ ਦੇਗ ਲੈ ਕੇ, ਭੁੱਲ ਦੀ ਅਰਦਾਸ ਕਰਵਾਉਣੀ ਜਾਂ ਖ਼ੁਦ ਕਰਨੀ ਦੱਸੀ। ਸਭ ਨੇ ਸੱਤ ਬਚਨ ਕਰ ਕੇ, ਗੁਰੂ ਜੀ ਦਾ ਹੁਕਮ ਸਮਝ ਕੇ ਮੰਨ ਲਿਆ।

ਜਦੋਂ ਮੇਰੀ ਵਾਰੀ ਆਈ ਤਾਂ ਮੈਨੂੰ ਮੇਰਾ ਕੰਮ ਪੁੱਛਿਆ ਤੇ ਨਾਲ਼ੇ ਕੁਰਹਿਤ ਕੀ ਕੀਤੀ ਬਾਰੇ ਪੁੱਛਿਆ। ਕੰਮ ਦੀ ਪੁੱਛ ਬਾਰੇ ਮੈਂ ਲੰਮੇ ਲੇਖੇ ਵਿਚ ਪੈਣ ਨਾਲ਼ੋਂ ਏਨਾ ਹੀ ਦੱਸਿਆ ਕਿ ਮੈਂ ਲੇਖਕ ਹਾਂ ਤੇ ਮੇਰੇ ਓਪ੍ਰੇਸ਼ਨ ਸਮੇ ਰੋਮ ਕੱਟੇ ਗਏ ਸਨ। ਨਸ਼ੇ ਬਾਰੇ ਪੁੱਛਿਆ ਤਾਂ ਮੈਂ ਕਿਹਾ ਕਿ ਕਈ ਪ੍ਰਕਾਰ ਦਾ ਨਸ਼ਾ ਸਮੇ ਸਮੇ ਕੀਤਾ ਗਿਆ। ਮਾਸ ਸੇਵਨ ਬਾਰੇ ਪੁੱਛਿਆ ਤਾਂ ਉਸ ਬਾਰੇ ਵੀ ਮੇਰੀ ਹਾਂ ਸੀ। ਫਿਰ ਮੈਨੂੰ ਕਿਹਾ ਗਿਆ ਕਿ ਮੈਂ ਲੇਖਕ ਹੋ ਕੇ ਗ਼ਲਤੀ ਕੀਤੀ ਹੈ, ਇਸ ਲਈ ਮੈਨੂੰ ਸੌ ਰੁਪਏ ਗੋਲਕ ਵਿਚ ਪਾਉਣ ਲਈ ਆਖਿਆ ਗਿਆ ਤੇ ਪੰਦਰਾਂ ਦਿਨ ਜਪੁ ਸਾਹਿਬ ਦਾ ਪਾਠ, ਨਿਤਨੇਮ ਤੋਂ ਇਲਾਵਾ ਕਰਨ ਲਈ ਹੁਕਮ ਸੁਣਾਇਆ ਗਿਆ। ਪੰਦਰਾਂ ਦਿਨ ਝਾੜੂ ਦੇਣ ਜਾਂ ਸੰਗਤ ਦੇ ਜੋੜੇ ਝਾੜਨ ਲਈ ਹੁਕਮ ਕੀਤਾ। ਅਰਥਾਤ ਬਾਕੀ ਲੋਕਾਂ ਨਾਲ਼ੋਂ ਮੈਨੂੰ ਦੂਣੀ 'ਤਨਖ਼ਾਹ' ਲਾਈ ਗਈ। ਦੁਬਾਰਾ ਅੰਮ੍ਰਿਤ ਛਕਣ ਲਈ ਹੁਕਮ ਕੀਤਾ ਗਿਆ। ਉਹਨਾਂ ਨੇ ਇਹ ਵੀ ਪੁੱਛਿਆ ਕਿ ਮੈਂ ਕਿਤੇ ਦਸਮ ਗ੍ਰੰਥ ਦੇ ਖ਼ਿਲਾਫ਼ ਤੇ ਨਹੀਂ ਲਿਖਦਾ! ਮੇਰੇ ਨਾਂਹ ਕਰਨ 'ਤੇ ਮੈਨੂੰ ਹਿਦਾਇਤ ਕੀਤੀ ਗਈ ਕਿ ਗੁਰੂ ਤੇ ਗੁਰੂ ਦੀ ਬਾਣੀ ਤੋਂ ਸ਼ਰਧਾ ਤੋੜਨ ਵਾਲ਼ੀ ਗੱਲ ਕਦੇ ਲਿਖਣੀ ਵੀ ਨਹੀਂ। ਸਿੰਘ, ਜੋ ਕਿ ਸਰੀਰਕ ਉਮਰ ਵਿਚ ਭਾਵੇਂ ਮੇਰੇ ਬੱਚਿਆਂ ਦੇ ਹਾਣੀ ਸਨ, ਉਹਨਾਂ ਦਾ ਹੁਕਮ ਗੁਰੂ ਦਾ ਹੁਕਮ ਜਾਣ ਕੇ ਮੈਂ ਸਿਰ ਝੁਕਾਇਆ। ਸੱਤ ਬਚਨ ਆਖ ਕੇ ਹੁਕਮ ਮੰਨਿਆ ਤੇ ਅੰਮ੍ਰਿਤ ਅਭਿਲਾਖੀਆਂ ਦੀ ਕਤਾਰ ਵਿਚ ਸਭ ਤੋਂ ਪਿੱਛੇ ਜਾ ਬੈਠਾ। ਫਿਰ ਹੁਕਮ ਹੋਇਆ ਕਿ ਸਾਰੇ ਅਭਿਲਾਖੀ ਆਪੋ ਆਪਣੇ ਪਜਾਮੇ ਤੇ ਪੈਂਟਾਂ ਉਤਾਰ ਕੇ ਹੱਥ ਜੋੜ ਕੇ ਖੜ੍ਹੇ ਹੋ ਜਾਉ ਤੇ ਮੂੰਹ ਵਿਚ ਵਾਹਿਗੁਰੂ ਵਾਹਿਗੁਰੂ ਉਚਾਰਨ ਕਰਦੇ ਰਹੋ। ਬੀਬੀਆਂ ਉਪਰ ਪਜਾਮੇ ਉਤਾਰਨ ਵਾਲ਼ਾ ਹੁਕਮ ਲਾਗੂ ਨਹੀਂ ਹੋਇਆ। ਪੰਜ ਪਿਆਰਿਆਂ ਨੇ ਪੰਜ ਬਾਣੀਆਂ ਦਾ ਉਚਾਰਨ ਕਰ ਕੇ ਅਰਦਾਸਾ ਸੋਧ ਕੇ ਅੰਮ੍ਰਿਤ ਛਕਾਉਣਾ ਸ਼ੁਰੂ ਕਰ ਦਿਤਾ ਜੋ ਕਿ ਵਾਹਵਾ ਸਮਾ ਚੱਲਦਾ ਰਿਹਾ।

ਜੋ ਵੀ ਹੋਇਆ, ਮੈਂ ਵੀ ਗੁਰੂ ਜੀ ਦਾ ਹੁਕਮ ਸਮਝ ਕੇ ਸਵੀਕਾਰ ਕੀਤਾ ਅਤੇ ਇਸ ਉਪਰ ਅਮਲ ਵੀ ਕੀਤਾ ਪਰ ਨਿਮਰਤਾ ਸਹਿਤ ਦੋ ਸ਼ੰਕਾਵਾਂ ਹਨ। ਇਹ ਸਾਰਾ ਸਮਾ ਬਿਨਾ ਪਜਾਮੇ ਤੋਂ ਰਹਿਣਾ ਵੀ ਸਰਦੀਆਂ ਦੇ ਦਿਨਾਂ ਵਿਚ ਮੈਨੂੰ ਬਹੁਤਾ ਸੁਖਦਾਈ ਨਹੀਂ ਲੱਗਿਆ। ਇਸ ਬਾਰੇ ਪੰਥ ਨੂੰ ਵਿਚਾਰ ਕਰਨੀ ਚਾਹੀਦੀ ਹੈ ਕਿ ਅੰਮ੍ਰਿਤ ਛਕਣ ਸਮੇ ਪਜਾਮਾ ਉਤਾਰਨਾ ਕਿਉਂ ਜ਼ਰੂਰੀ ਹੈ! ਦੂਜੀ ਸ਼ੰਕਾ ਇਹ ਹੋਈ ਕਿ ਮਾਸ ਖਾਣਾ ਨਾ ਖਾਣਾ, ਇਹ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਮਰਯਾਦਾ ਅਨੁਸਾਰ ਕੋਈ ਮਸਲਾ ਨਹੀਂ ਹੈ। ਸਿਰਫ਼ ਕੁੱਠਾ ਖਾਣਾ ਵਰਜਤ ਹੈ। ਇਸ ਬਾਰੇ ਕਿਉਂ ਤੇ ਕਦੋਂ ਤੋਂ ਪੁੱਛ ਹੋਣੀ ਸ਼ੁਰੂ ਹੋਈ ਹੈ!

ਇਕ ਬੇਨਤੀ ਇਹ ਹੈ ਕਿ ਬਾਕੀ ਅੰਮ੍ਰਿਤ ਅਭਿਲਾਖੀਆਂ ਦੀ ਗਿਣਤੀ ਬਹੁਤੀ ਹੋਣ ਕਰਕੇ, ਸਾਰੀ ਮਰਯਾਦਾ ਨੂੰ ਸਰੰਜਾਮ ਦੇਣ ਸਮੇ ਸਪੀਕਰ ਚੱਲਦਾ ਰਿਹਾ ਪਰ ਅੰਮ੍ਰਿਤ ਤਿਆਰ ਕਰਨ ਸਮੇ ਪੜ੍ਹੀਆਂ ਜਾਣ ਵਾਲ਼ੀਆਂ ਪੰਜ ਬਾਣੀਆਂ ਦਾ ਪਾਠ ਕਰਨ ਸਮੇ ਸਪੀਕਰ

ਬੰਦ ਕਰ ਦਿਤਾ ਗਿਆ। ਕੀ ਇਸ ਦੀ ਕੋਈ ਖ਼ਾਸ ਵਜਾਹ ਹੈ? ਮੇਰੇ ਖ਼ਿਆਲ ਵਿਚ ਪੰਜ ਬਾਣੀਆਂ ਦਾ ਪਾਠ ਵੀ ਸਪੀਕਰ ਵਿਚ ਹੀ ਹੋਵੇ ਤਾਂ ਵਧੇਰੇ ਜਚੇਗਾ।

ਇਸ ਸਮੇ ਇਸ ਸੰਸਾਰ ਵਿਚ ਵਸਦੇ ਸਭ ਤੋਂ ਪੁਰਾਣੇ ਆਪਣੇ ਇਕੋ ਇਕ ਮਿੱਤਰ, ਬਟਾਲਾ ਨਿਵਾਸੀ ਸ. ਹਰਭਜਨ ਸਿੰਘ ਬਾਜਵਾ ਪਾਸ ਗਿਆ। ਕੁਝ ਮਹੀਨੇ ਪਹਿਲਾਂ ਹੀ ਉਹਨਾਂ ਦੀ ਜੀਵਨ ਸਾਥਣ ਉਹਨਾਂ ਨੂੰ ਸਦੀਵੀ ਵਿਛੋੜਾ ਦੇ ਗਈ ਸੀ। ਹਰਚੋਵਾਲ਼ ਵਿਚ ਹੋ ਰਹੇ ਸਾਹਿਤਕ ਸਮਾਗਮ ਵਿਚ ਹਾਜ਼ਰੀ ਭਰੀ। ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਹੋ ਰਹੇ ਦੋ ਕੁ ਸੈਮੀਨਾਰਾਂ ਵਿਚ ਮੈਂ ਗਿਆ ਵੀ ਪਰ ਇਹ ਸੈਮੀਨਾਰਾਂ ਵਾਲ਼ਾ ਕਾਰਜ ਫਿੱਕਾ ਫਿੱਕਾ ਜਿਹਾ ਹੀ ਲੱਗਿਆ। ਇਸ ਬਾਰੇ ਯੂਨੀਵਰਸਿਟੀ ਦੇ ਇਕ ਸਾਬਕ ਡੀਨ ਡਾ. ਬਿਕਰਮ ਸਿੰਘ ਘੁਮਣ ਜੀ ਨਾਲ਼ ਇਸ ਬਾਰੇ ਵਿਚਾਰ ਹੋਈ ਤਾਂ ਉਹਨਾਂ ਨੇ ਇਹਨਾਂ ਸੈਮੀਨਾਰਾਂ ਦੀ ਅਸਲੀਅਤ ਉਪਰ ਵਾਹਵਾ ਚਾਨਣਾ ਪਾਇਆ। ਇਸ ਜਾਣਕਾਰੀ ਤੋਂ ਬਾਅਦ, ਮੇਰਾ ਇਹਨਾਂ ਸੈਮੀਨਾਰਾਂ ਬਾਰੇ ਮੋਹ ਭੰਗ ਹੋ ਗਿਆ ਤੇ ਅਗਲੇ ਹੋਣ ਵਾਲ਼ੇ ਇਹਨਾਂ ਸਮਾਗਮਾਂ ਵਿਚ ਜਾਣੋਂ ਮੈਂ ਹਟ ਹੀ ਗਿਆ। ਪਹਿਲਾਂ ਮੇਰਾ ਵਿਚਾਰ ਹੁੰਦਾ ਸੀ ਕਿ ਅਜਿਹੇ ਸਮਾਗਮਾਂ ਵਿਚ ਵਿਦਵਾਨ ਸੱਜਣਾਂ ਦੇ ਵਿਦਵਤਾ ਭਰਪੂਰ ਵਿਚਾਰ ਸੁਣੇ ਜਾਣ ਤੇ ਖ਼ੁਦ ਨੂੰ ਵੀ ਉਸ ਸਮੇ 'ਪੰਜਾਂ ਸਵਾਰਾਂ' ਵਿਚ ਸ਼ਾਮਲ ਸਮਝਿਆ ਜਾਵੇ। ਅਕਾਲੀ ਸਰਕਾਰ ਨੇ ਜਦੋਂ ੧੯੬੯ ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਬਣਾਈ ਸੀ ਤਾਂ ਕਿਸੇ ਸੱਜਣ ਨੇ ਮੇਰਾ ਨਾਂ ਵੀ ਸਰੋਤਿਆਂ ਦੀ ਲਿਸਟ ਵਿਚ ਸ਼ਾਮਲ ਕਰ ਦਿਤਾ ਸੀ ਤੇ ਹਰੇਕ ਬਾਹਰੋਂ ਆਏ ਗੈਸਟ ਵਿਦਵਾਨ ਦੇ ਭਾਸ਼ਨ ਦੀ ਤਰੀਕ ਤੇ ਸਮਾ ਦੱਸਣ ਵਾਲ਼ੀ ਚਿੱਠੀ ਤੇ ਸੱਦਾ ਮੈਨੂੰ ਵੀ ਆ ਜਾਇਆ ਕਰਦਾ ਸੀ। ਉਹਨੀਂ ਦਿਨੀਂ ਡਾ. ਭਾਈ ਜੋਧ ਸਿੰਘ, ਡਾ. ਗੰਡਾ ਸਿੰਘ ਵਰਗੇ ਵਕਤਿਆਂ ਨੂੰ ਸੁਣਨ ਦਾ ਆਪਣਾ ਹੀ ਅਨੰਦ ਹੁੰਦਾ ਸੀ।

### *ਨਕੋਦਰ ਵਿਚ ਪੰਜਾਬੀ ਲੋਕਧਾਰਾ ਵਾਲ਼ੀ ਮਿਲਣੀ*

ਇਸ ਦੌਰੇ ਦੌਰਾਨ ਸਭ ਤੋਂ ਵਧੇਰੇ ਖਿੱਚ ਮੈਨੂੰ 'ਪੰਜਾਬੀ ਲੋਕਧਾਰਾ' ਦੇ ਸਮਾਗਮ ਵਿਚ ਸ਼ਾਮਲ ਹੋਣ ਦੀ ਸੀ। ਆਏ ਦਿਨ ਫ਼ੇਸਬੁੱਕ ਉਪਰ ਇਸ ਮਿਲਣੀ ਬਾਰੇ ਉਤਸੁਕਤਾ ਪੂਰਣ ਖ਼ਬਰਾਂ ਪ੍ਰਕਾਸ਼ਤ ਹੋ ਰਹੀਆਂ ਸਨ। ਦੇਹ ਪੋਸਟ 'ਤੇ ਪੋਸਟ ਪਾਈ ਜਾ ਰਹੀ ਸੀ ਪਰ ਨਾ ਤੇ ਪ੍ਰਬੰਧਕ ਥਾਂ ਬਾਰੇ ਦੱਸਦੇ ਸਨ ਤੇ ਨਾ ਹੀ ਤਰੀਕ ਬਾਰੇ ਚਾਨਣਾ ਪਾਇਆ ਜਾ ਰਿਹਾ ਸੀ। ਬਹੁਤ ਸਮੇ ਪਿੱਛੋਂ ਨਕੋਦਰ ਸ਼ਹਿਰ ਦਾ ਜ਼ਿਕਰ ਹੋਇਆ। "ਕੁਫ਼ਰ ਟੂਟਾ ਖ਼ੁਦਾ ਖ਼ੁਦਾ ਕਰਕੇ।" ਆਖ਼ਰ ਸਮਾਗਮ ਤੋਂ ਕੁਝ ਦਿਨ ਪਹਿਲਾਂ ਤਰੀਕ ਦਾ ਵੀ ਨਾਂ ਪਰਗਟ ਕਰ ਦਿਤਾ ਗਿਆ ਕਿ ੧੯ ਮਾਰਚ ਵਾਲ਼ੇ ਦਿਨ ਇਹ ਅਦਭੁਤ ਜੋੜ ਮੇਲਾ ਹੋਵੇਗਾ। ਮੈਂ ਇਸ ਵਿਚ ਸ਼ਾਮਲ ਹੋਣ ਲਈ ਏਨਾ ਉਤਾਵਲਾ ਸਾਂ ਕਿ ਫ਼ਰਵਰੀ ਦੀ ਅਠਾਰਾਂ ਨੂੰ ਹੀ ਤਿਆਰੀ ਕਰ

ਬੈਠਾ। ਹੋਰ ਸਾਰੇ ਪ੍ਰੋਗਰਾਮ ਰੱਦ ਕਰ ਦਿਤੇ ਤੇ ਜੇ ਕੋਈ ਉਸ ਦਿਨ ਵਾਸਤੇ ਕਿਸੇ ਪ੍ਰੋਗਰਾਮ ਦੀ ਗੱਲ ਕਰੇ ਵੀ ਤਾਂ ਮੈਂ ਆਖਣਾ ਕਿ ਬਈ ੧੭ ਤੇ ੧੮ ਤਰੀਕ ਨੂੰ ਮੈਂ ਵੇਹਲਾ ਨਹੀਂ। ਫਿਰ ਇਕ ਸ਼ੰਕਾ ਜਿਹੀ ਉਪਜੀ ਕਿ ਸ਼ਾਇਦ ਮੈਨੂੰ ਮਹੀਨੇ ਦਾ ਫ਼ਰਕ ਲੱਗਦਾ ਹੈ। ਮੈਂ ਫ਼ੇਸਬੁੱਕ ਖੋਹਲ ਕੇ ਵੇਖੀ ਤਾਂ ਮਹੀਨਾ ਮਾਰਚ ਸੀ ਤੇ ਮੈਂ ਮਹੀਨਾ ਫ਼ਰਵਰੀ ਵਿਚ ਵਿਚਰ ਰਿਹਾ ਸਾਂ। ਮਨ ਹੀ ਮਨ ਪ੍ਰੋਗਰਾਮ ਬਣਾ ਲਿਆ ਕਿ ੧੭ ਮਾਰਚ ਨੂੰ ਮੈਂ ਜਲੰਧਰ ਚਲਿਆ ਜਾਵਾਂਗਾ ਤੇ ਨਕੋਦਰ ਰੋਡ ਉਪਰ ਵਾਕਿਆ, ਮਲਕੋ ਗੇਟ ਦੇ ਅੰਦਰ ਬਣੇ, ਉਪਲ ਸਕੂਲ ਦੇ ਮਾਲਕ, ਆਪਣੇ ਪੁਰਾਣੇ ਮਿੱਤਰ, ਸ. ਬਲਵੰਤ ਸਿੰਘ ਪਾਸ ਰਾਤ ਰਹਿ ਕੇ ਗੱਪ ਸ਼ੱਪ ਮਾਰਾਂਗਾ ਤੇ ਓਥੋਂ ਸਵੇਰੇ ਬਸ ਰਾਹੀਂ ਨਕੋਦਰ ਅੱਪੜ ਜਾਵਾਂਗਾ। ਇਹ ਸ. ਬਲਵੰਤ ਸਿੰਘ ਜੀ ਆਸਟ੍ਰੇਲੀਆ ਦੀ ਪਰਥ ਯੂਨੀਵਰਸਿਟੀ ਵਿਚ ਪ੍ਰੋਫ਼ੈਸਰ ਹੋਣ ਦੇ ਨਾਲ਼ ਨਾਲ਼ ਬਿਜਲੀ ਕੰਪਨੀ ਵਿਚ ਇੰਜੀਨੀਅਰ ਸਨ। ਓਥੋਂ ਸਮੇ ਤੋਂ ਪਹਿਲਾਂ ਰਿਟਾਇਰਮੈਂਟ ਲੈ ਕੇ ਜਲੰਧਰ ਆ ਕੇ, ਆਪਣਾ ਸਕੂਲ ਚਲਾ ਰਹੇ ਹਨ ਜਿਥੇ ਆਸਟ੍ਰੇਲੀਆ ਦੇ ਸਿਲੇਬਸ ਅਨੁਸਾਰ ਪੜ੍ਹਾਈ ਕਰਵਾਈ ਜਾ ਰਹੀ ਹੈ ਤਾਂ ਕਿ ਉਸ ਸਕੂਲ ਵਿਚ ਪੜ੍ਹੇ ਬੱਚਿਆਂ ਨੂੰ ਆਸਟ੍ਰੇਲੀਆ, ਨਿਊਜ਼ੀਲੈਂਡ ਆਦਿ ਮੁਲਕਾਂ ਦੀ ਇਮੀਗ੍ਰੇਸ਼ਨ ਲੈਣ ਵਿਚ ਸੌਖ ਰਹੇ।

ਅਜਿਹੀਆਂ ਸਕੀਮਾਂ ਦਿਲ ਹੀ ਦਿਲ ਵਿਚ ਬਣਾ ਹੀ ਰਿਹਾ ਸਾਂ ਕਿ ਇਕ ਦਿਨ, ਪ੍ਰਸਿਧ ਵਿਦਵਾਨ ਗਿਆਨੀ ਜੋਗਿੰਦਰ ਆਜ਼ਾਦ ਜੀ ਦਾ ਫ਼ੋਨ ਆ ਗਿਆ ਤੇ ਸਕੀਮ ਬਣੀ ਕਿ ਆਪਾਂ ਅੰਮ੍ਰਿਤਸਰੋਂ ਸਵੇਰੇ ਅਠਾਰਾਂ ਤਰੀਕ ਨੂੰ ਹੀ ਤੁਰਾਂਗੇ ਤੇ ਉਹਨਾਂ ਦੇ ਕਿਸੇ ਮਿੱਤਰ ਦੀ ਕਾਰ ’ਤੇ ਚੱਲਾਂਗੇ। ਇਸ ਨਾਲ਼ ਮੇਰੀ ਤੇ ਸਮੱਸਿਆ ਹੀ ਸਾਰੀ ਹੱਲ ਹੋ ਗਈ ਕਿਉਂਕਿ ਮੈਂ ਆਪਣੀਆਂ ਕੁਝ ਕਿਤਾਬਾਂ ਓਥੇ ਵਿਦਵਾਨ ਸੱਜਣਾਂ ਦੀ ਨਜ਼ਰ ਕਰਨ ਵਾਸਤੇ ਲਿਜਾਣਾ ਚਾਹੁੰਦਾ ਸਾਂ ਤੇ ਫ਼ਿਕਰਮੰਦ ਸਾਂ ਕਿ ਕਿਵੇਂ ਉਹਨਾਂ ਨੂੰ ਲੈ ਕੇ ਓਥੇ ਜਾਇਆ ਜਾਵੇ! ਇਹ ਪਤਾ ਲੱਗਣ ’ਤੇ ਮੈਂ ਆਜ਼ਾਦ ਬੁੱਕ ਡੀਪੋ ਤੋਂ ਸੌ ਕੁ ਕਿਤਾਬਾਂ ਦੇ ਦੋ ਬੰਡਲ ਰਿਕਸ਼ੇ ਉਪਰ ਲੱਦ ਕੇ, ਦੋ ਕੁ ਦਿਨ ਪਹਿਲਾਂ ਹੀ ਲੈ ਆਇਆ। ਮੈਂ ਸੋਚ ਰਿਹਾ ਸੀ ਕਿ ਗਿਆਨੀ ਆਜ਼ਾਦ ਜੀ ਮੇਰੇ ਭਰਾ ਦੇ ਘਰੋਂ ਮੈਨੂੰ ਕਾਰ ਉਪਰ ਚੁੱਕ ਲੈਣਗੇ ਪਰ ਉਹਨਾਂ ਨੇ ਕਿਹਾ ਕਿ ਅਜਿਹਾ ਕਰਨ ਨਾਲ਼ ਆਪਾਂ ਬਹੁਤ ਲੇਟ ਹੋ ਜਾਵਾਂਗੇ। ਇਸ ਲਈ ਮੈਂ ਹੀ ਦਿਤੇ ਸਮੇ ਤੋਂ ਪਹਿਲਾਂ ਉਹਨਾਂ ਦੇ ਘਰ, ਰਾਣਾ ਗਾਰਡਨ ਵਿਖੇ ਜਾ ਡੇਰਾ ਲਾਇਆ। ਚਾਹ ਪਾਣੀ ਛਕਿਆ। ਏਨੇ ਨੂੰ ਉਹਨਾਂ ਦੇ ਮਿੱਤਰ ਸ. ਹਰਦੇਵ ਸਿੰਘ ਨਾਮਧਾਰੀ ਜੀ ਆਪਣੀ ਕਾਰ ਲੈ ਕੇ ਆ ਗਏ ਤੇ ਅਸੀਂ ਤਿੰਨਾਂ ਨੇ ਨਕੋਦਰ ਵੱਲ ਮੂੰਹ ਕਰਕੇ ਜੀ.ਟੀ. ਰੋਡ ਉਪਰ ਸਵਾਰ ਹੋ ਗਏ। ਰਸਤੇ ਵਿਚ ਜੰਡਿਆਲਾ ਗੁਰੂ ਤੋਂ ਇਕ ਹੋਰ ਨੌਜਵਾਨ, ਵੀਰ ਲਖਵਿੰਦਰ ਸਿੰਘ ਨੂੰ ਕਾਰ ਵਿਚ ਬਿਠਾਇਆ ਤੇ ਢੋਲੇ ਦੀਆਂ ਲਾਉਂਦੇ ਤੁਰੇ ਗਏ। ਰਾਹ ਵਿਚ ਨਕੋਦਰ ਦੇ ਰਾਹ ਦਾ ਪੁੱਛ ਪੁਛਈਆ ਕਰਦੇ ਕਰਦੇ ਪੂਰੇ ਪੌਣੇ ਬਾਰਾਂ ਵਜੇ, ਸਮਾਗਮ ਵਾਲ਼ਾ ਸਥਾਨ ਲਭਣ ਵਿਚ ਸਫਲ ਹੋ ਗਏ। ‘ਪੰਜਾਬ ਪੈਲਸ’ ਵਿਚ ਸਮਾਗਮ ਚੱਲ ਰਿਹਾ ਸੀ। ਕਾਰ ਖੜੀ ਕਰ ਕੇ ਹਾਲ ਦੇ

ਅੰਦਰ ਵੜਨ ਸਮੇ ਵੇਖਿਆ ਕਿ ਅੱਗੇ ਇਕ ਨੌਜਵਾਨ ਖਲੋਤਾ ਸੀ। ਉਸ ਨੇ ਦੱਸਿਆ ਕਿ ਉਹ ਗੁਰਸੇਵਕ ਸਿੰਘ ਧੌਲਾ ਹੈ ਪਰ ਫ਼ੇਸਬੁੱਕ ਵਾਲ਼ੇ ਧੌਲੇ ਨਾਲ਼ੋਂ ਵਾਹਵਾ ਸਾਰਾ ਗੰਭੀਰ ਨਜ਼ਰ ਆਇਆ। ਇਸ ਗੱਲ ਦਾ ਕੁਝ ਦਿਨ ਪਿੱਛੋ  ਫ਼ੇਸਬੁੱਕ ਤੋਂ ਹੀ ਪਤਾ ਲੱਗਾ ਕਿ ਅਜਿਹਾ ਕਿਉਂ ਸੀ! ਇਸ ਗੰਭੀਰਤਾ ਦੇ ਕਾਰਨ ਦਾ ਜ਼ਿਕਰ ਫਿਰ ਕਰਾਂਗੇ।

ਅਸੀਂ ਆਪਣੀਆਂ ਆਪਣੀਆਂ ਕਿਤਾਬਾਂ ਚੁੱਕੀਆਂ ਤੇ ਧੌਲਾ ਜੀ ਦੀ ਹਿਦਾਇਤ ਅਨੁਸਾਰ ਸਟੇਜ ’ਤੇ ਜਾ ਰੱਖੀਆਂ। ਉਹਨਾਂ ਨੂੰ ਪਤਾ ਸੀ ਕਿ ਅਸੀਂ ਕਿਤਾਬਾਂ ਲੈ ਕੇ ਆਵਾਂਗੇ। ਕਿਤਾਬਾਂ ਰੱਖ ਕੇ ਸਟੇਜ ਤੋਂ ਉਤਰ ਕੇ ਅਸੀਂ ਚਾਰੇ ਜਣੇ ਕੁਰਸੀਆਂ ਵੱਲ ਤੁਰ ਪਏ ਤਾਂ ਕਿ ਖ਼ਾਲੀ ਵੇਖ ਕੇ ਉਹਨਾਂ ਉਪਰ ਬੈਠ ਜਾਈਏ। ਏਨੇ ਨੂੰ ਇਕ ਨੌਜਵਾਨ ਆਪਣੀ ਕੁਰਸੀ ਤੋਂ ਉਠਿਆ ਤੇ ਮੇਰੇ ਅੱਗੇ ਆ ਫ਼ਤਿਹ ਬੁਲਾਈ। ਉਸ ਨੇ ਦੱਸਿਆ ਕਿ ਉਹ ਸਤਿੰਦਰ ਸਿੰਘ ਓਠੀ ਹੈ ਤੇ ਮੈਨੂੰ ਉਸ ਨੇ ਆਪਣੇ ਨਾਲ਼ ਦੀ ਕੁਰਸੀ ਉਪਰ ਬਿਠਾ ਲਿਆ। ਮੇਰੇ ਨਾਲ਼ ਦੇ ਤਿੰਨੇ ਸਾਥੀ ਪਿੱਛੇ ਨੂੰ ਤੁਰੀ ਗਏ। ਮੈਂ ਉਸ ਨੌਜਵਾਨ ਦੇ ਆਖਣ ’ਤੇ ਬੈਠ ਤੇ ਗਿਆ ਪਰ ਧਿਆਨ ਮੇਰਾ ਸਾਥੀਆਂ ਵੱਲ ਹੀ। ਓਠੀ ਨੇ ਪੁੱਛਿਆ ਕਿ ਕੀ ਮੇਰਾ ਵੀ ਸਮਾ ਹੈ ਸਟੇਜ ’ਤੇ ਬੋਲਣ ਦਾ! ਮੈਂ ਕਿਹਾ ਕਿ ਮੈਨੂੰ ਤੇ ਕਿਸੇ ਨੇ ਸਟੇਜ ’ਤੇ ਬੋਲਣ ਲਈ ਨਹੀਂ ਆਖਿਆ। ਉਸ ਨੇ ਕਿਹਾ, “ਮੈਂ ਪਤਾ ਕਰਦਾ ਹਾਂ।” ਉਸ ਨੇ ਇਕ ਨੌਜਵਾਨ ਵਾਲੰਟੀਅਰ ਨੂੰ ਮੇਰੇ ਬਾਰੇ ਦੱਸਿਆ। ਉਹ ਅੱਗੋਂ ਧੌਲਾ ਜੀ ਨੂੰ ਸੱਦ ਲਿਆਇਆ। ਧੌਲਾ ਜੀ ਨੇ ਪੁੱਛਿਆ ਕਿ ਮੈਂ ਕਿੰਨੇ ਮਿੰਟ ਬੋਲਾਂਗਾ! ਮੈਂ ਕਿਹਾ ਕਿ ਜਿੰਨੇ ਮਿੰਟ ਮੈਨੂੰ ਮਿਲਣਗੇ, ਉਸ ਤੋਂ ਅਧਾ ਮਿੰਟ ਘੱਟ।

ਕੁਝ ਮਿੰਟ ਓਠੀ ਨੇੜਲੀ ਕੁਰਸੀ ਉਪਰ ਉਸਲ਼ਵੱਟੇ ਜਿਹੇ ਲੈਣ ਪਿੱਛੋਂ ਮੈਂ ਆਜ਼ਾਦ ਜੀ ਹੋਰਾਂ ਨੂੰ ਲਭ ਕੇ ਉਹਨਾਂ ਦੇ ਨੇੜੇ ਜਾ ਬੈਠਾ। ਕੁਝ ਚਿਰ ਪਿੱਛੋਂ ਯਾਦ ਆਈ ਕਿ ਗਿਆਨੀ ਆਜ਼ਾਦ ਜੀ ਦੇ ਘਰੋਂ ਨੌਂ ਕੁ ਵਜੇ ਇਕ ਕੱਪ ਚਾਹ ਦਾ ਪੀਤਾ ਸੀ ਤੇ ਹੁਣ ਢਿੱਡ ਕੁਝ ਮੰਗਣ ਲੱਗ ਪਿਆ ਸੀ। ਮੈਂ ਹਾਲ ਦੇ ਵਿਚਕਾਰਲੇ, ਸੱਜੀ ਵੱਖੀ ਵਾਲ਼ੇ ਦਰਵਾਜ਼ੇ ਥਾਣੀਂ ਬਾਹਰ ਨਿਕਲ਼ਿਆ ਤਾਂ ਓਥੇ ਚਾਹ, ਪਾਣੀ, ਮਠਿਆਈ ਆਦਿ ਸਭ ਕੁਝ ਮੌਜੂਦ ਸੀ, ਜਿਸ ਬਾਰੇ ਸਾਨੂੰ ਕਿਸੇ ਨੇ ਦੱਸਿਆ ਹੀ ਨਹੀਂ ਸੀ। ਸਭ ਤੋਂ ਪਹਿਲਾਂ ਤੇ ਮੈਂ ਪਾਣੀ ਪੀਤਾ। ਫਿਰ ਇਕ ਪਕੌੜਾ ਖਾਧਾ ਤੇ ਫਿਰ ਇਕ ਵੱਡਾ ਸਾਰਾ ਲੱਡੂ। ਅਧਾ ਕੁ ਕੱਪ ਚਾਹ ਦਾ ਪੀ ਕੇ ਮੈਂ ਫਿਰ ਇਹ ਖ਼ਬਰ ਅੰਦਰ ਆ ਕੇ ਆਪਣੇ ਸਾਥੀਆਂ ਨੂੰ ਸੁਣਾਈ ਕਿ ਬਾਹਰ ਤੇ ਸਭ ਕੁਝ ਟੇਬਲਾਂ ’ਤੇ ਰੱਖਿਆ ਹੋਇਆ ਵਾ ਤੇ ਤੁਸੀਂ ਏਥੇ ਭੁੱਖੇ ਤਿਹਾਏ, ਖ਼ਾਲੀ ਢਿਡ ਲਈ ਬੈਠੇ ਹੋ। ਮੈਂ ਤੇ ਪੇਟ ਪੂਜਾ ਕਰ ਆਇਆ ਹਾਂ। ਉਹ ਵੀ ਤਿੰਨੇ ਜਣੇ ਉਠ ਕੇ ਪੇਟ ਪੂਜਾ ਕਰ ਆਏ। ਇਸ ਦੌਰਾਨ ਸਟੇਜ ਦੀ ਕਾਰਵਾਈ ਸਵੇਰੇ ੧੦ ਵਜੇ ਤੋਂ ਜਾਰੀ ਹੋ ਕੇ, ਸਫਲਤਾ ਸਹਿਤ ਜਾਰੀ ਸੀ। ਹਰ ਕੋਈ ਸਟੇਜ ਉਪਰ ਵਾਰੀ ਵਾਰੀ ਆਪੋ ਆਪਣੀ ਫ਼ਨ ਦਾ ਪ੍ਰਦਰਸ਼ਨ ਕਰ ਰਿਹਾ ਸੀ। ਕੁਝ ਮਿੰਟਾਂ ਪਿੱਛੋਂ ਸ. ਗੁਰਸੇਵਕ ਸਿੰਘ ਧੌਲਾ ਜੀ ਆਏ ਤੇ ਮੈਨੂੰ ਬਾਂਹ ਤੋਂ ਫੜ ਕੇ

ਸਟੇਜ ਉਪਰ ਲੈ ਗਏ ਤੇ ਪ੍ਰਧਾਨਗੀ ਮੰਡਲ ਦੀ ਇਕ ਕੁਰਸੀ ਉਪਰ ਜਾ ਧਰਿਆ। ਮੈਂ ਦਿਲ ਵਿਚ ਸੋਚਾਂ ਕਿ ਸਾਥੀਆਂ ਨੂੰ ਛੱਡ ਕੇ ਮੈਂ ਇਕੱਲਾ ਹੀ ਸਟੇਜ ਉਪਰ ਆ ਬਿਰਾਜਿਆ ਹਾਂ, ਇਹ ਗੱਲ ਸੋਭਦੀ ਨਹੀਂ। ਫਿਰ ਸੋਚਿਆ ਕਿ ਚਲੋ, ਥੋਹੜਾ ਚਿਰ, ਧੌਲਾ ਜੀ ਵੱਲੋਂ ਦਿਤੇ ਗਏ ਮਾਣ ਦਾ ਮਾਣ ਰੱਖ ਕੇ, ਫਿਰ ਸਾਥੀਆਂ ਕੋਲ਼ ਜਾ ਬੈਠਾਂਗਾ। ਤਾਹੀਉਂ ਕੀ ਵੇਖਦਾ ਹਾਂ ਕਿ ਧੌਲਾ ਜੀ ਗਿਆਨੀ ਆਜ਼ਾਦ ਜੀ ਅਤੇ ਸ. ਹਰਦੇਵ ਸਿੰਘ ਨਾਮਧਾਰੀ ਜੀ ਨੂੰ ਵੀ ਧੂਹੀ ਆਉਣ ਤੇ ਉਹਨਾਂ ਨੂੰ ਵੀ ਮੇਰੇ ਨਾਲ਼ ਦੀਆਂ ਕੁਰਸੀਆਂ ਉਪਰ ਸਜਾ ਦਿਤਾ। ਅਸੀਂ ਉਸ ਪਿਛੋਂ ਸਾਰਾ ਸਮਾ ਸਟੇਜ ਉਪਰ ਸਜੇ ਹੋਏ ਹੀ ਸੰਗਤਾਂ ਨੂੰ ਦਰਸ਼ਨ ਦੇ ਕੇ ਨਿਹਾਲ ਕਰਦੇ ਰਹੇ। ਕੁਝ ਕਿਤਾਬਾਂ ਵੀ ਰੀਲੀਜ਼ ਹੋਈਆਂ। ਉਹਨਾਂ ਵਿਚ ਗਿਆਨੀ ਆਜ਼ਾਦ ਜੀ ਦੀ ਗਹਿਰ ਗੰਭੀਰ ਲੇਖਾਂ ਦੀ ਕਿਤਾਬ *ਬਿਬੇਕ ਵਿਗਾਸ* ਅਤੇ, "...ਵਿਚ ਸਾਡਾ ਵੀ ਵਿਚ ਨਾਂ ਬੋਲੇ" ਦੀ ਤਰਜ਼ 'ਤੇ, ਮੇਰੀ ਵੀ ਪਹਿਲੀ ਕਿਤਾਬ *ਸਚੇ ਦਾ ਸਚਾ ਢੋਆ* ਦੀ ਛੇਵੀਂ ਐਡੀਸ਼ਨ ਰੀਲੀਜ਼ ਕਰ ਦਿਤੀ ਗਈ।

ਇਸ ਰੀਲੀਜ਼ ਸਮਾਗਮ ਬਾਰੇ ਗਿ. ਜੋਗਿੰਦਰ ਸਿੰਘ ਆਜ਼ਾਦ ਜੀ ਨੇ ਇਕ ਬੜਾ ਢੁਕਵਾਂ ਸੁਝਾ ਦਿਤਾ ਹੈ ਕਿ ਕਿਤਾਬ ਦੇ ਲਿਖਾਰੀ ਨੂੰ, ਭਾਵੇਂ ਥੋਹੜੇ ਤੋਂ ਥੋਹੜਾ ਹੀ, ਪਰ ਸਮਾ ਜ਼ਰੂਰ ਦਿਤਾ ਜਾਵੇ, ਆਪਣੀ ਕਿਤਾਬ ਬਾਰੇ ਪਾਠਕਾਂ ਨੂੰ ਕੁਝ ਦੱਸਣ ਦਾ। ਮੇਰਾ ਖ਼ਿਆਲ ਹੈ ਕਿ ਅੱਗੇ ਤੋਂ ਪ੍ਰਬੰਧਕ ਇਸ ਗੱਲ ਦਾ ਧਿਆਨ ਰੱਖਣਗੇ। ਸਰਬ ਗੁਣ ਸੰਪੂਰਨ ਨਾ ਕੋਈ ਮਨੁੱਖ ਹੁੰਦਾ ਹੈ ਤੇ ਨਾ ਹੀ ਕੋਈ ਕਾਰਜ। ਹਰੇਕ ਥਾਂ, ਹਰੇਕ ਸਮੇ ਚੰਗੇ ਨੂੰ ਚੰਗੇਰਾ ਬਣਾਉਣ ਦੀ ਗੁੰਜਾਇਸ਼ ਹੁੰਦੀ ਹੀ ਹੈ। ਬਿਨਾ ਕਿਸੇ ਮਾਇਕ ਉਗ੍ਰਾਹੀ ਜਾਂ ਕਿਸੇ ਸੰਸਥਾ ਦੀ ਸਹਾਇਤਾ ਦੇ, ਏਨਾ ਸਫਲ ਸਮਾਗਮ ਰਚ ਲੈਣਾ, ਕੇਵਲ ਤੇ ਕੇਵਲ ਪ੍ਰਬੰਧਕਾਂ ਦਾ ਹੀ ਉਦਮ ਹੈ। ਇਸ ਲਈ ਪ੍ਰਬੰਧਕ ਵਧਾਈ ਦੇ ਪਾਤਰ ਹਨ।

ਸਾਰਾ ਸਮਾ ਸਟੇਜ ਉਪਰ ਟੰਗੇ ਰਹਿਣ ਦਾ ਇਕ ਨੁਕਸਾਨ ਤਾਂ ਇਹ ਹੋਇਆ ਕਿ ਸਾਰੇ ਲੋਕਾਂ ਦੀ ਨਿਗਾਹ ਵਿਚ ਹੋਣ ਕਰਕੇ, ਆਕੜ ਕੇ ਬੈਠਣਾ ਪਿਆ। ਏਧਰ ਓਧਰ ਉਸਲਵੱਟੇ ਲੈਣ ਸਮੇ ਵੀ ਧਿਆਨ ਰੱਖਣਾ ਪੈਂਦਾ ਸੀ ਕਿ ਲੋਕ ਕੀ ਕਹਿਣਗੇ! ਬਾਵਜੂਦ ਏਨੀ ਸਾਵਧਾਨੀ ਦੇ ਵੀ, ਮੇਰੀ ਟੇਢੇ ਜਿਹੇ ਹੋਏ ਦੀ ਫ਼ੋਟੋ ਕਿਸੇ ਨੇ ਖਿੱਚ ਹੀ ਲਈ ਤੇ ਉਸ ਨੂੰ ਫ਼ੇਸਬੁੱਕ ਉਪਰ ਵੀ ਜੜ ਦਿਤਾ। ਦੂਜਾ ਨੁਕਸਾਨ ਇਹ ਹੋਇਆ ਕਿ ਮੈਂ ਆਪਣੀਆਂ ਤਿੰਨ ਕਿਤਾਬਾਂ ਦੇ ਦੋ ਬੰਡਲ, ਓਥੇ ਵਿਦਵਾਨਾਂ ਨੂੰ ਵੰਡਣ ਵਾਸਤੇ ਲੈ ਕੇ ਗਿਆ ਸਾਂ, ਜੋ ਸੌ ਕੁ ਦੇ ਕਰੀਬ ਕਿਤਾਬਾਂ ਸਨ। ਉਹਨਾਂ ਵਿਚੋਂ ਅਧੀਆਂ ਹੀ ਵੰਡੀਆਂ ਜਾ ਸਕੀਆਂ ਤੇ ਦੂਜਾ ਬੰਡਲ ਬਿਨਾ ਖੋਹਲਿਆਂ ਹੀ ਵਾਪਸ ਲਿਆਉਣਾ ਪਿਆ। ਜੇ ਸਟੇਜ ਉਪਰ ਨਾ ਆਕੜ ਕੇ ਬੈਠਾ ਹੁੰਦਾ ਤਾਂ ਇਹ ਸਾਰੀਆਂ ਕਿਤਾਬਾਂ ਮੈਂ ਪਾਠਕਾਂ ਦੇ ਹੱਥਾਂ ਤੱਕ ਅਪੜਾ ਦੇਣੀਆਂ ਸਨ।

ਸਟੇਜ ਉਪਰ ਬੈਠਿਆਂ ਹੀ ਮੇਰੀ ਨਿਗਾਹ ਕੁਰਸੀਆਂ ਦੀ ਪਹਿਲੀ ਕਤਾਰ ਉਪਰ ਪਈ ਤੇ ਮੈਨੂੰ ਝੌਲ਼ਾ ਜਿਹਾ ਪਿਆ ਕਿ ਜਿਵੇਂ ਇਕ ਪਤਲੇ ਜਿਹੇ ਤੇ ਲੰਮੇ ਸਰੀਰ, ਚਿੱਟੀ

ਦਾਹੜੀ ਵਾਲ਼ੇ ਸੱਜਣ, ਸ. ਲਾਲ ਸਿੰਘ ਸੁਲਹਾਣੀ ਹੁੰਦੇ ਹੋਣ! ਉਹਨਾਂ ਨਾਲ਼ ਬੈਠੇ ਬੈਠੇ ਮੈਂ ਅੱਖ ਮਿਲਾਉਣ ਦਾ ਅਸਫਲ ਜਿਹਾ ਯਤਨ ਕੀਤਾ ਵੀ। ਇਹ ਸੱਜਣ ਛਿਆਲ਼ੀ ਕੁ ਸਾਲ ਪਹਿਲਾਂ, ਮੇਰੇ ਵਾਂਗ ਹੀ ਸ਼੍ਰੋਮਣੀ ਗੁ. ਪ੍ਰ. ਕਮੇਟੀ ਦੀ ਸੇਵਾ ਵਿਚ ਹੁੰਦੇ ਸਨ। ਓਦੋਂ ਅਜੇ ਇਹਨਾਂ ਨੂੰ ਦਾਹੜੀ ਵੀ ਨਹੀਂ ਸੀ ਆਈ। ਜਦੋਂ ਇਹਨਾਂ ਦੇ ਪਿੰਡ, ਇਹਨਾਂ ਦਾ ਛੁਹਾਰਾ ਪਿਆ ਤਾਂ ਉਸ ਰੌਣਕ ਮੇਲੇ ਵਿਚ ਇਹਨਾਂ ਨੇ ਮੈਨੂੰ ਵੀ ਸ਼ਾਮਲ ਹੋਣ ਦਾ ਮਾਣ ਦਿਤਾ ਸੀ। ਕੁਝ ਦਿਨ ਪਹਿਲਾਂ ਇਹਨਾਂ ਨੇ ਮੈਨੂੰ ਫ਼ੇਸਬੁੱਕ ਤੋਂ ਲਭਿਆ ਸੀ। ੧੯੭੩ ਵਿਚ ਮੇਰੇ ਦੇਸ ਛੱਡਣ ਉਪ੍ਰੰਤ ਇਹਨਾਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਚਾਰਕ ਦੀ ਨਿਯੁਕਤੀ ਮਿਲ਼ੀ ਤੇ ਓਧਰੋਂ ਭਾਰਤ ਸਰਕਾਰ ਵੱਲੋਂ ਵੀ ਕਲਰਕੀ ਦੀ ਨੌਕਰੀ ਦੀ ਪੇਸ਼ਕਸ਼ ਆ ਗਈ, ਜੋ ਕਿ ਇਹਨਾਂ ਨੇ ਪ੍ਰਵਾਨ ਕਰ ਲਈ। ਚੰਗੀ ਇੱਜ਼ਤ ਵਾਲ਼ੀ ਸਰਕਾਰੀ ਨੌਕਰੀ ਕਰ ਰਹੇ ਸਨ ਤੇ ਤਰੱਕੀ ਵੀ ਛੇਤੀ ਹੀ ਹੋਣ ਵਾਲ਼ੀ ਸੀ। ਪਰ ਇਹਨਾਂ ਨੇ ਸਰਕਾਰੀ ਨੌਕਰੀ ਵਿਚ ਲੱਗੇ ਰਹਿਣ ਦੀ ਬਜਾਇ, ਉਸ ਸਮੇ ਸ੍ਰੀ ਕਾਂਸ਼ੀ ਰਾਮ ਜੀ ਦਾ ਸੱਦਾ ਪ੍ਰਵਾਨ ਕਰ ਕੇ, ਨੌਕਰੀ ਛੱਡ ਕੇ ਉਹਨਾਂ ਦੀ ਅਗਵਾਈ ਹੇਠ, ਸਿਆਸਤ ਵਿਚ ਜਾਣ ਦਾ ਫ਼ੈਸਲਾ ਕੀਤਾ। ਸਮਾਗਮ ਦੀ ਸਮਾਪਤੀ 'ਤੇ ਅਸੀਂ ਮਿਲ਼ੇ। ਉਹਨਾਂ ਦਾ ਪਰਵਾਰ ਵੀ ਨਾਲ਼ ਸੀ। ਮੈਨੂੰ ਬੜੇ ਮਾਣ ਨਾਲ਼ ਪਰਵਾਰ ਦੇ ਸਾਰੇ ਜੀਆਂ ਨਾਲ਼ ਮਿਲਾਇਆ। ਉਹਨਾਂ ਦੀ ਬੱਚੀ ਗੁਰਲਗਨ ਕੌਰ ਨੇ ਸਟੇਜ ਉਪਰ ਮਨੋਹਰ ਗੀਤ ਗਾਇਆ। ਇਸ ਬੱਚੀ ਉਪਰ ਕੁਦਰਤ ਮੇਹਰਬਾਨ ਹੈ। ਉਹ ਏਨਾ ਸੁੰਦਰ ਗਾਉਂਦੀ ਹੈ ਕਿ ਸਰੋਤੇ ਸਮਝਦੇ ਹਨ ਕਿ ਸੁਰਿੰਦਰ ਕੌਰ ਗਾ ਰਹੀ ਹੈ। ਬੱਚੀ ਗੁਰਲਗਨ ਕੌਰ ਦੇ ਕੰਠ ਵਿਚ, ਕਲਾ ਦੀ ਦੇਵੀ ਸਰਸਵਤੀ ਦਾ ਵਾਸਾ ਹੈ। ਰੱਬ ਬੱਚੀ ਨੂੰ ਹੋਰ ਤਰੱਕੀ ਬਖ਼ਸ਼ੇ!

ਫਿਰ ਸਵੇਰ ਤੋਂ ਸਟੇਜ ਉਪਰ ਟੰਗੇ ਸੱਜਣਾਂ ਤੇ ਸੱਜਣੀਆਂ ਨੂੰ, ਸ. ਗੁਰਸੇਵਕ ਸਿੰਘ ਧੌਲਾ ਵੱਲੋਂ, ਰਿਹਾਈ ਬਖ਼ਸ਼ੀ ਗਈ, ਇਹ ਆਖ ਕੇ, "ਹੁਣ ਨਾਟਕ ਵਾਸਤੇ ਸਟੇਜ ਖ਼ਾਲੀ ਕਰ ਦਿਓ।"

ਅੰਤ ਵਿਚ ਜਗੀਰ ਕੌਰ ਦੀ ਅਗਵਾਈ ਵਿਚ ਬੜਾ ਸਫਲਤਾ ਪੂਰਨ ਨਾਟਕ ਪੇਸ਼ ਕੀਤਾ ਗਿਆ। ਇਸ ਨਾਟਕ ਰਾਹੀਂ ਪੰਜਾਬ ਵਿਚ ਨਸ਼ੇ ਦੁਆਰਾ ਨੌਜਵਾਨੀ ਦੀ ਹੋ ਰਹੀ ਦੁਰਦਸ਼ਾ ਬਾਰੇ ਸੁਨੇਹਾ ਦਿਤਾ ਗਿਆ। ਇਸ ਨਾਟਕ ਦੀ ਭਰਪੂਰ ਪ੍ਰਸੰਸਾ ਹੋਈ।

ਪਹਿਲਾਂ ਮੈਂ ਕਿਤੇ ਲਿਖਿਆ ਸੀ ਕਿ ਧੌਲਾ ਜੀ ਲੋੜੋਂ ਵਧ ਫ਼ਿਕਰਮੰਦੀ ਵਾਲ਼ੀ ਅਵਸਥਾ ਵਿਚ ਵਿਚਰ ਰਹੇ ਮੈਨੂੰ ਲੱਗੇ। ਸਮਾਗਮ ਪਿੱਛੋਂ ਫ਼ੇਸਬੁੱਕ ਤੋਂ ਹੀ ਪਤਾ ਲੱਗਾ ਕਿ ਪ੍ਰਬੰਧਕਾਂ ਨੂੰ ਸਿਰਫ਼ ਸਮਾਗਮ ਦੇ ਪ੍ਰਬੰਧ ਕਰਨ ਦਾ ਹੀ ਫ਼ਿਕਰ ਨਹੀਂ ਸੀ ਬਲਕਿ ਇਸ ਪ੍ਰਬੰਧ ਵਿਚ ਵਿਘਨ ਪਾਉਣ ਵਾਲ਼ਿਆਂ ਤੋਂ ਇਸ ਦੀ ਰੱਖਿਆ ਕਰਨ ਦਾ ਵੀ ਫ਼ਿਕਰ ਸੀ। ਕੋਈ ਪਤਾ ਨਹੀਂ ਹੁੰਦਾ ਕਿ ਕਿਸ ਨੇ, ਕਦੋਂ ਤੇ ਕੇਹੜੇ ਪਾਸਿਉਂ ਹੋ ਰਹੇ ਚੰਗੇ ਕਾਰਜ ਵਿਚ ਵਿਘਨ ਪਾਉਣ ਆ ਜਾਣਾ ਹੈ। ਇਹ ਵੈਸੇ ਹੀ ਕਈ ਵਿਅਕਤੀਆਂ ਦੀ ਰੁਚੀ ਹੁੰਦੀ ਹੈ ਕਿ ਚੰਗੇ ਕੰਮ ਵਿਚ ਘੜੰਮ ਪਾ ਕੇ ਬੇਰਸੀ ਪੈਦਾ ਕਰੇ। ਕਦੀ ਤਾਂ ਉਸ ਦੀ ਰੁਚੀ ਅਨੁਸਾਰ

ਕਾਰਜ ਨਹੀਂ ਹੋ ਰਿਹਾ ਹੁੰਦਾ ਤਾਂ, ਕਦੀ ਉਸ ਨੂੰ ਉਸ ਅਨੁਸਾਰ ਢੁਕਵੀਂ ਮਹੱਤਤਾ ਨਹੀਂ ਦਿਤੀ ਗਈ ਹੁੰਦੀ ਜਾਂ ਫਿਰ ਪ੍ਰਬੰਧ ਕਰਨ ਵਾਲਿਆਂ ਨਾਲ਼, ਬਿਨਾ ਕਾਰਨੋਂ ਵੈਸੇ ਹੀ ਈਰਖਾ ਹੋ ਜਾਂਦੀ ਹੈ। ਕੁਝ ਵੀ ਕਾਰਨ ਹੋ ਸਕਦਾ ਹੈ, ਵਿਘਨ ਪਾਉਣ ਦਾ ਬਹਾਨਾ ਲਭਣ ਲਈ। ਚੰਗਾ ਕੰਮ ਕਰਨਾ ਔਖਾ ਪਰ ਚੰਗੇ ਕਾਰਜ ਵਿਚ ਵਿਘਨ ਪਾਉਣਾ ਬਹੁਤ ਸੌਖਾ ਹੁੰਦਾ ਹੈ। ਕਈ ਲੋਕਾਂ ਦੀ ਸੋਚ ਹੀ ਅਜਿਹੀ ਹੁੰਦੀ ਹੈ :

*ਕਾਫ਼ ਕਾਣਿਆਂ ਰਲ਼ ਸਲਾਹ ਕੀਤੀ*
*ਚਲੋ ਰਾਹ ਵਿਚ ਕੰਡੇ ਖਲਾਰੀਏ ਜੀ।*
*ਲੋਟਾ ਭੰਨ ਮਸੀਤ ਦਾ ਦੌੜ ਚੱਲੀਏ*
*ਨਹੀਂ ਤੇ ਘੁਗੀਆਂ ਦੇ ਬੱਚੇ ਮਾਰੀਏ ਜੀ।*

ਜਿੰਨਾ ਫ਼ੇਸਬੁੱਕ ਉਪਰ ਇਸ ਸਮਾਗਮ ਦਾ ਉਤਸ਼ਾਹਪੂਰਣ ਰੌਲ਼ਾ ਰੱਪਾ ਸੀ, ਓਨਾ ਖੁਲ੍ਹਾਪਣ ਤੇ ਰੌਣਕ ਮੇਲਾ ਓਥੇ ਨਜ਼ਰ ਨਾ ਆਇਆ। ਗੁਰਸੇਵਕ ਸਿੰਘ ਧੌਲਾ ਤੇ ਮਨਜੀਤ ਸਿੰਘ ਮੰਨੀ ਵੀ ਫ਼ੇਸਬੁੱਕੀ ਸ਼ਖ਼ਸੀਅਤ ਦੇ ਮੁਕਾਬਲੇ ਫ਼ਿਕਰਮੰਦੀ ਜਿਹੀ ਵਿਚ ਹੀ ਵਿਚਰਦੇ ਹੀ ਦਿਸੇ। ਇਸ ਦਾ ਕਾਰਨ ਮੈਂ ਉਪਰ ਬਿਆਨ ਕਰ ਦਿਤਾ ਹੈ। ਵੈਸੇ ਹਾਲ ਸਾਰਾ ਦਰਸ਼ਕਾਂ ਨਾਲ਼ ਭਰਿਆ ਹੋਇਆ ਸੀ। ਸਟੇਜ ਉਪਰ ਸਜਣ ਵਾਲ਼ੇ ਸੱਜਣਾਂ ਤੇ ਸੱਜਣੀਆਂ ਦੀ ਵੀ ਕੋਈ ਕਮੀ ਨਹੀਂ ਸੀ। ਫ਼ਨ ਦਾ ਪ੍ਰਗਟਾਵਾ ਕਰਨ ਵਾਲਿਆਂ ਦੇ ਤਾਂ ਕਹਿਣੇ ਹੀ ਕੀ! ਹਰ ਪੱਖੋਂ ਸਮਾਗਮ ਸੰਪੂਰਣ ਤੌਰ ’ਤੇ ਸਫਲ ਸੀ।

ਸਮਾਗਮ ਦੇ ਅੰਤ ਤੇ ਪ੍ਰਸ਼ਾਦੇ ਦਾ ਬੜਾ ਸੋਹਣਾ ਪ੍ਰਬੰਧ ਸੀ। ਸਾਰਿਆਂ ਨਾਲ਼ ਮੈਂ ਵੀ ਇਸ ਦਾ ਅਨੰਦ ਮਾਣਿਆਂ। ਇਕ ਲੱਡੂ ਦੁਪਹਿਰੇ ਚਾਹ ਨਾਲ਼ ਖਾ ਗਿਆ ਸਾਂ ਤੇ ਇਕ ਹੁਣ ਰੋਟੀ ਦੇ ਪਿੱਛੋਂ ਹੋਰ ਖਾ ਲਿਆ। ਜਾਣ ਤੋਂ ਪਹਿਲਾਂ ਕੁਝ ਸੁਨੇਹਾ ਦੇਣ ਲਈ ਧੌਲਾ ਜੀ ਨੇ ਆਵਾਜ਼ ਮਾਰ ਲਈ। ਉਹਨਾਂ ਦੇ ਦੁਆਲ਼ੇ ਹੋਰ ਬਹੁਤ ਸਾਰੇ ਸੱਜਣ/ਸੱਜਣੀਆਂ ਸਨ ਪਰ ਉਹ ਮੇਰੇ ਨਾਲ਼ ਵੱਖਰੇ ਹੋ ਕੇ ਕੋਈ ਗੱਲ ਕਰਨੀ ਚਾਹੁੰਦੇ ਸਨ। ਓਧਰ ਆਜ਼ਾਦ ਜੀ ਹੋਰਾਂ ਨੇ ਤੁਰਨ ਲਈ ਕਾਹਲ਼ੀ ਪਾਈ ਹੋਈ ਸੀ। ਸੋ ਛੇਤੀ ਛੇਤੀ ਧੌਲਾ ਜੀ ਦੀ ਗੱਲ ਸੁਣ ਕੇ ਮੈਂ ਵੀ ਕਾਰ ਵਿਚ ਜਾ ਵੜਿਆ। ਜਿਸ ਰਸਤੇ ਪਹਿਲਾਂ ਆਏ ਸਾਂ ਉਸ ਤੋਂ ਵੱਖਰੇ ਰਾਹ ਥਾਣੀ ਵਾਪਸ ਮੁੜੇ। ਰਸਤੇ ਵਿਚ ਇਕ ਥਾਂ ਚਾਹ ਪੀਣ ਲਈ ਰੁਕੇ ਤਾਂ ਆਜ਼ਾਦ ਜੀ ਨੇ ਟਿਸ਼ੂ ਵਿਚ ਵਲੇਟਿਆ ਹੋਇਆ ਇਕ ਹੋਰ ਲੱਡੂ ਮੇਰੇ ਸਾਹਮਣੇ ਟੇਬਲ ਉਪਰ ਸਜਾ ਦਿਤਾ, ਇਹ ਆਖਦਿਆਂ ਹੋਇਆਂ, “ਇਹ ਮੈਂ ਤੇਰੇ ਵਾਸਤੇ ਹੀ ਓਥੋਂ ਚੋਰੀ ਕਰਕੇ ਲਿਆਂਦਾ ਵਾ।” ਮੈਂ ਵਾਹਿਗੁਰੂ ਆਖ ਕੇ ਉਹ ਵੀ ਛਕ ਲਿਆ। ਇਸ ਤਰ੍ਹਾਂ ਮੈਂ ਵਾਹਵਾ ਵੱਡੇ ਸਾਰੇ ਸਾਈਜ਼ ਦੇ ਤਿੰਨ ਲੱਡੂ ਇਕੋ ਦਿਨ ਵਿਚ ਛਕ ਗਿਆ।

ਵੀਰ ਲਖਵਿੰਦਰ ਸਿੰਘ ਨੂੰ ਜੰਡਿਆਲੇ ਲਾਹ ਕੇ, ਸ. ਹਰਦੇਵ ਸਿੰਘ ਜੀ, ਗਿਆਨੀ ਆਜ਼ਾਦ ਜੀ ਨੂੰ, ਉਹਨਾਂ ਦੇ ਘਰ ਉਤਾਰ ਕੇ ਤੇ ਮੈਨੂੰ ਬਸ ਅੱਡੇ ਉਪਰ ਡੋਹਲ ਕੇ, ਆਪਣੇ ਟਿਕਾਣੇ ਨੂੰ ਤੁਰ ਗਏ। ਏਨੀ ਮੇਰੀ ਬਾਤ...।

ਇਸ ਤਰ੍ਹਾਂ ਇਹ ਆਪਣੀ ਤਰ੍ਹਾਂ ਦੇ ਨਿਵੇਕਲੇ, ਖ਼ੁਸ਼ੀਆਂ ਭਰੇ, ਨਿਰਇੱਛਤ, ਨਿਸ਼ਕਾਮ ਸਮਾਗਮ ਦੇ ਅਨੰਦ ਵਿਚ ਇਕ ਦਿਨ ਸਾਡਾ ਸਾਰਾ ਦਿਨ ਤੀਆਂ ਵਰਗਾ ਲੰਘਿਆ। ਰੱਬ ਕਰੇ, ਇਹੋ ਜਿਹੇ ਸਮਾਗਮ ਗਾਹੇ ਬਗਾਹੇ ਹੁੰਦੇ ਰਹਿਣ ਤੇ ਖ਼ੁਸ਼ੀਆਂ ਵੰਡਦੇ ਰਹਿਣ, ਜਿਨ੍ਹਾਂ ਦੀ ਕਿ ਇਸ ਸਮੇ 'ਚੂਹਾ ਦੌੜ' ਵਿਚ ਗ੍ਰਸੇ ਹੋਏ ਸੱਜਣਾਂ ਨੂੰ ਬੜੀ ਭਾਰੀ ਲੋੜ ਹੈ।

ਮੇਰੇ ਅੰਮ੍ਰਿਤਸਰ ਪਹੁੰਚਣ ਦੇ ਸਮੇ ਤੋਂ ਹੀ, ਸ. ਬਲਵਿੰਦਰ ਸਿੰਘ ਧਾਲੀਵਾਲ ਦੀ ਖਿੱਚ ਸੀ ਕਿ ਮੈਂ ਉਹਨਾਂ ਪਾਸ, ਸਤਿਗੁਰੂ ਨਾਨਕ ਸਾਹਿਬ ਜੀ ਦੇ ਚਰਨ ਛੋਹ ਪ੍ਰਾਪਤ, ਭਾਗਾਂ ਭਰੀ ਧਰਤ, ਸੁਲਤਾਨਪੁਰ ਲੋਧੀ ਜ਼ਰੂਰ ਪਹੁੰਚਾਂ। ਉਹ ਮੈਨੂੰ ਸੰਤ ਬਲਬੀਰ ਸਿੰਘ ਜੀ ਸੀਚੇਵਾਲ ਵੱਲੋਂ ਵੇਈਂ ਨਦੀ ਦੀ ਸਫ਼ਾਈ ਅਤੇ ਹੋਰ ਬਹੁਤ ਸਾਰੇ ਉਹਨਾਂ ਵੱਲੋਂ ਕੀਤੇ ਗਏ ਸੇਵਾ ਦੇ ਕਾਰਜਾਂ ਦੀ ਯਾਤਰਾ ਕਰਵਾਉਣਗੇ। ਇਸ ਤੋਂ ਇਲਾਵਾ ਸੰਤ ਜੀ ਵੱਲੋਂ ਚੱਲ ਰਹੇ ਅਵਤਾਰ ਰੇਡੀਉ ਸਟੇਸ਼ਨ ਉਪਰ, ਸਰੋਤਿਆਂ ਨਾਲ਼ ਮੇਰੀ ਸਾਂਝ ਪਵਾਉਣਗੇ। ਯਾਦ ਰਹੇ ਕਿ ਇਹ ਰੋਸ਼ਨ ਦਿਮਾਗ਼ ਅਤੇ ਉਤਸ਼ਾਹੀ ਨੌਜਵਾਨ, ਸ. ਬਲਵਿੰਦਰ ਸਿੰਘ ਧਾਲੀਵਾਲ ਜੀ ਵਾਹਵਾ ਸਾਲ ਸਿਡਨੀ ਵਿਚ ਰਹਿ ਕੇ ਵਾਪਸ ਦੇਸ ਗਏ ਹਨ ਤੇ ਓਥੇ ਬਾਬਾ ਸੀਚੇਵਾਲ ਜੀ ਦੀ ਅਗਵਾਈ ਹੇਠ ਚੱਲ ਰਹੇ ਸੇਵਾ ਦੇ ਕਾਰਜਾਂ ਬਾਰੇ ਸੰਗਤਾਂ ਨੂੰ ਜਾਣੂ ਕਰਵਾਉਣ ਦੇ ਪ੍ਰਚਾਰ ਦੀ ਨਿਸ਼ਕਾਮ ਸੇਵਾ ਕਰ ਰਹੇ ਹਨ। ਸਿਡਨੀ ਵਿਚ ਰਹਿੰਦਿਆਂ ਹੋਇਆਂ ਵੀ ਉਹਨਾਂ ਨੇ 'ਆਸਟ੍ਰੇਲੀਅਨ ਪੰਜਾਬੀ ਮੀਡੀਆ ਕਲੱਬ' ਦੇ ਗਠਨ ਵਿਚ ਮੋਹਰੀ ਹਿੱਸਾ ਪਾਇਆ ਸੀ।

ਆਖ਼ਰ ਉਹ ਦਿਨ, ਇਕ ਦਿਨ ਆ ਹੀ ਗਿਆ। ਮੈਂ ਸੁਲਤਾਨਪੁਰ ਲੋਧੀ ਜਾਣ ਦੀ ਤਿਆਰੀ ਕਰ ਲਈ। ਭਾਵੇਂ ਕਿ ਸ. ਬਲਵਿੰਦਰ ਸਿੰਘ ਜੀ ਨੇ ਆਖਿਆ ਹੋਇਆ ਸੀ ਕਿ ਮੇਰੇ ਵਾਸਤੇ ਸੌਣ ਕਮਰੇ ਅਤੇ ਖਾਣ ਲਈ ਪ੍ਰਸ਼ਾਦੇ ਦਾ ਪ੍ਰਬੰਧ ਕੀਤਾ ਹੋਇਆ ਹੈ, ਪਰ ਫਿਰ ਵੀ ਮੈਂ ਗੁਰਦੁਆਰਾ ਬੇਰ ਸਾਹਿਬ ਦੀ ਸਰਾਂ ਵਿਚ ਹੀ ਡੇਰਾ ਲਾਉਣ ਦਾ ਵਿਚਾਰ ਬਣਾਇਆ। ਇਸ ਕਾਰਜ ਵਾਸਤੇ ਮੈਂ ਸ਼੍ਰੋਮਣੀ ਗੁ. ਪ੍ਰ. ਕਮੇਟੀ ਦੇ ਸਕੱਤਰ, ਸ. ਬਿਜੈ ਸਿੰਘ ਜੀ ਨੂੰ ਬੇਨਤੀ ਕੀਤੀ ਕਿ ਉਹ ਗੁਰਦੁਆਰਾ ਬੇਰ ਸਾਹਿਬ ਜੀ ਦੇ ਮੈਨੇਜਰ ਸਾਹਿਬ ਨੂੰ ਫ਼ੋਨ ਕਰ ਕੇ, ਮੇਰੇ ਵਾਸਤੇ ਕਮਰੇ ਅਤੇ ਪ੍ਰਸ਼ਾਦੇ ਦਾ ਪ੍ਰਬੰਧ ਕਰਵਾ ਦੇਣ। ਉਹਨਾਂ ਨੇ ਅਜਿਹਾ ਕਰ ਦਿਤਾ। ਮੈਂ ਬਲਵਿੰਦਰ ਸਿੰਘ ਦੇ ਸੱਦੇ ਤੋਂ ਇਕ ਦਿਨ ਪਹਿਲਾਂ ਹੀ, ਗੁਰਦੁਆਰਾ ਸਾਹਿਬ ਦੇ ਦਫ਼ਤਰ ਵਿਚ ਜਾ ਅਲ਼ਖ ਜਗਾਈ। ਰਿਹਾਇਸ਼ ਦੇ ਇਨਚਾਰਜ ਨੇ ਮੈਨੇਜਰ ਸਾਹਿਬ ਨੂੰ ਫ਼ੋਨ ਰਾਹੀਂ ਸੰਪਰਕ ਕਰ ਕੇ, ਮੈਨੂੰ ਦਫ਼ਤਰ ਦੇ ਨਾਲ਼ ਹੀ ਤਿੰਨ ਨੰਬਰ ਵਾਲ਼ਾ ਕਮਰਾ ਖੋਹਲ ਦਿਤਾ। ਜਲ ਪਾਣੀ ਅਤੇ ਪ੍ਰਸ਼ਾਦੇ ਦਾ ਵੀ ਮੇਰੀ ਰੁਚੀ ਅਨੁਸਾਰ ਪ੍ਰਬੰਧ ਹੋ ਗਿਆ। ਮੈਂ ਦੋ

ਰਾਤਾਂ ਓਥੇ ਹੀ ਡੇਰਾ ਲਾਈ ਰੱਖਿਆ। ਮੈਨੇਜਰ ਸਾਹਿਬ ਜੀ ਦੇ ਦਰਸ਼ਨ ਤਾਂ ਨਾ ਹੋ ਸਕੇ ਪਰ ਮੈਨੂੰ ਕਿਸੇ ਕਿਸਮ ਦੀ ਦਿੱਕਤ ਨਹੀਂ ਆਈ।

ਅਗਲੇ ਦਿਨ ਕਥਾਵਾਚਕ ਗਿਆਨੀ ਗੁਰਪ੍ਰੀਤ ਸਿੰਘ ਜੀ ਮੈਨੂੰ ਸੰਤ ਸੀਚੇਵਾਲ ਜੀ ਦੀ ਕੁਟੀਆ ਵਿਚ ਲੈ ਗਏ, ਜਿਥੇ ਬਲਵਿੰਦਰ ਸਿੰਘ ਧਾਲੀਵਾਲ ਵੀ ਸਨ। ਓਥੇ ਹੋਰ ਸੱਜਣਾਂ ਨਾਲ਼ ਵੀ ਮੇਲ ਮੁਲਾਕਾਤਾਂ ਹੋਈਆਂ। ਸੰਤ ਜੀ ਨੇ ਆਪਣੇ ਬਣੇ ਪ੍ਰੋਗਰਾਮ ਅਨੁਸਾਰ ਲੁਧਿਆਣੇ ਜਾਣਾ ਸੀ ਪਰ ਆਪਣੇ ਰੁਝੇਵੇਂ ਵਿਚੋਂ ਕੁਝ ਮਿੰਟ ਕੱਢ ਕੇ ਉਹਨਾਂ ਨੇ ਮੈਨੂੰ ਵੀ ਦਰਸ਼ਨ ਦੇਣ ਦੀ ਕਿਰਪਾ ਕੀਤੀ। ਰਲ਼ ਕੇ ਜਲ ਪਾਣੀ ਛਕਿਆ ਤੇ ਸਿਰੋਪਾ ਬਖ਼ਸ਼ ਕੇ ਮੇਰਾ ਮਾਣ ਵਧਾਇਆ। ਅਵਤਾਰ ਰੇਡੀਉ ਉਪਰ ਇਕ ਲਾਈਵ ਤੇ ਇਕ ਰੀਕਾਰਡਡ, ਦੋ ਪ੍ਰੋਗਰਾਮ ਕੀਤੇ ਗਏ। ਸਾਡੇ ਨਾਲ਼ ਹੋਰ ਸੱਜਣ ਵੀ ਸ਼ਾਮਲ ਸਨ। ਬੜਾ ਰੰਗ ਬਝਿਆ। ਸਤਿਗੁਰਾਂ ਤੋਂ ਵਰੋਸਾਈ ਹੋਈ ਵੇਈਂ ਨਦੀ ਦਾ ਜੋ ਸੁਧਾਰ ਸੰਤ ਜੀ ਨੇ ਕੀਤਾ ਹੈ, ਉਹ ਤਾਂ, "ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ ॥" ਵਾਲ਼ੀ ਗੱਲ ਹੀ ਹੈ। ਨਦੀ ਤੋਂ ਇਲਾਵਾ ਪਿੰਡ ਸੀਚੇਵਾਲ ਵਿਚ ਇਕ ਕਾਲਜ ਚੱਲਦਾ ਹੈ ਤੇ ਸਾਰੇ ਪਿੰਡ ਦੇ ਗੰਦੇ ਪਾਣੀ ਨੂੰ ਟ੍ਰੀਟਮੈਂਟ ਪਲਾਂਟ ਲਾ ਕੇ, ਪਾਣੀ ਨੂੰ ਸਾਫ਼ ਕਰ ਕੇ, ਪਿੰਡ ਦੇ ਖੇਤਾਂ ਨੂੰ ਲਾਇਆ ਜਾਂਦਾ ਹੈ। ਇਸ ਕਾਰਜ ਦੇ ਕਰਨ ਤੋਂ ਪਹਿਲਾਂ ਸੰਤ ਜੀ ਨੇ ਸਰਕਾਰੀ ਮਾਹਰਾਂ ਨੂੰ ਸੱਦ ਕੇ, ਉਹਨਾਂ ਦੀ ਰਾਇ ਲਈ ਸੀ। ਉਹਨਾਂ ਨੇ ਇਸ ਕਾਰਜ ਉਪਰ ਹੋਣ ਵਾਲ਼ਾ ਅਨੁਮਾਨਤ ਖ਼ਰਚ ਪੰਜਾਹ ਤੋਂ ਸੱਠ ਲੱਖ ਦੱਸਿਆ ਸੀ। ਸੰਤ ਜੀ ਨੇ ਖ਼ੁਦ ਇਹ ਕਾਰਜ ਬਾਰਾਂ ਲੱਖ ਵਿਚ ਕਰਵਾ ਲਿਆ। ਸ. ਬਲਵਿੰਦਰ ਸਿੰਘ ਜੀ ਮੈਨੂੰ ਆਪਣੇ ਮੋਟਰ ਸਾਈਕਲ 'ਤੇ ਪਿੰਡ ਸੀਚੇਵਾਲ ਵੀ ਲੈ ਗਏ। ਸੀਵਰਿਜ ਦਾ ਕਾਰਜ ਵਿਖਾਇਆ। ਓਥੇ ਅਵਤਾਰ ਰੇਡੀਉ ਦੇ ਮੁਖ ਸਟੂਡੀਉ ਵਿਚ ਸਰੋਤਿਆਂ ਨਾਲ਼ ਸਾਂਝ ਪਾਉਣ ਤੋਂ ਇਲਾਵਾ, ਸੰਤ ਜੀ ਵੱਲੋਂ ਸਿਰਜੇ ਗਏ ਸਫਲ ਕਾਲਜ ਦੇ ਵਿਦਿਆਰਥੀਆਂ ਨਾਲ਼ ਵੀ ਗੁਫ਼ਤਗੂ ਹੋਈ।

"ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ ॥ ਰਾਮੁ ਜੁ ਦਾਤਾ ਮੁਕਤਿ ਕਾ ਸੰਤੁ ਜਪਾਵੈ ਨਾਮੁ ॥" (ਭਗਤ ਕਬੀਰ ਜੀ) ਜੋ ਮਨੁੱਖਤਾ ਦੀ ਸੇਵਾ ਸੰਤ ਕਰ ਸਕਦੇ ਹਨ, ਕੋਈ ਸਰਕਾਰ ਨਹੀਂ ਕਰ ਸਕਦੀ। ਭਾਵੇਂ ਭਾਰਤ ਸਰਕਾਰ ਨੇ ਸੰਤ ਜੀ ਨੂੰ, ਇਹਨਾਂ ਦੀ ਸੇਵਾ ਨੂੰ ਮਾਨਤਾ ਦਿੰਦਿਆਂ ਹੋਇਆ, 'ਪਦਮ ਸ਼੍ਰੀ' ਨਾਲ਼ ਸਨਮਾਨਤ ਤਾਂ ਕੀਤਾ ਹੈ ਤੇ ਭਾਰਤ ਦੇ ਰਾਸ਼ਟਰਪਤੀ ਤੋਂ ਲੈ ਕੇ ਹੇਠਾਂ ਤੱਕ, ਬਹੁਤ ਸਾਰੇ ਸਰਕਾਰੀ ਅਧਿਕਾਰੀ ਸਮੇ ਸਮੇ, ਸੰਤ ਜੀ ਦਾ ਕਾਰਜ ਵੇਖਣ ਆਉਂਦੇ ਹਨ ਤੇ ਪ੍ਰਭਾਵਤ ਵੀ ਹੁੰਦੇ ਹਨ ਪਰ ਕੋਈ ਸਰਕਾਰ ਸੰਤ ਜੀ ਨੂੰ ਖੁਲ੍ਹੀ ਮਾਇਕ ਸਹਾਇਤਾ ਦੇ ਕੇ ਸੇਵਾ ਦਾ ਕਾਰਜ ਕਰਵਾਉਣ ਬਾਰੇ ਉਦਮ ਨਹੀਂ ਕਰਦੀ। ਯੂ.ਪੀ. ਸਰਕਾਰ ਨੇ ਸੰਤ ਜੀ ਤੋਂ ਸੇਵਾ ਲੈ ਕੇ, ਸ਼ਾਹ ਜਹਾਨਪੁਰ ਵਿਚ ਅਜਿਹਾ ਕਾਰਜ ਸ਼ੁਰੂ ਕਰਵਾਇਆ ਹੈ। ਬਿਹਾਰ ਦੇ ਮੁਖ ਮੰਤਰੀ ਨਿਤਿਸ਼ ਕੁਮਾਰ ਜੀ ਨੇ ਵੀ ਸੰਤ ਜੀ ਤੋਂ ਸੇਵਾ ਲਈ ਹੈ। ਸੜਕਾਂ, ਰਸਤੇ, ਵਿੱਦਿਆ, ਨਦੀਆਂ ਸਮੇਤ ਸੰਤ ਸੀਚੇਵਾਲ ਜੀ ਦਾ ਸੇਵਾ ਦਾ

ਦਾਇਰਾ ਬੜਾ ਵਿਸ਼ਾਲ ਹੈ। ਕੁਝ ਸਮਾ ਪਹਿਲਾਂ ਆਪ ਜੀ ਸਿਡਨੀ ਵਿਚ ਵੀ ਆਏ ਸਨ। ਏਥੇ ਦੀਆਂ ਸੰਗਤਾਂ ਵੱਲੋਂ, ਪੰਜਾਬੀ ਕੌਂਸਲ ਆਫ਼ ਆਸਟ੍ਰੇਲੀਆ ਦੀ ਅਗਵਾਈ ਹੇਠ, ਨਿਊ ਸਾਊਥ ਵੇਲ਼ਜ਼ ਦੇ ਪਾਰਲੀਮੈਂਟ ਹਾਊਸ ਵਿਚ ਆਪ ਜੀ ਦਾ ਸਨਮਾਨ ਕੀਤਾ ਗਿਆ ਸੀ। ਘਟ ਤੋਂ ਘਟ ਪੰਜਾਬ ਸਰਕਾਰ ਹੀ ਸੰਤ ਜੀ ਨੂੰ ਆਪਣੇ ਬਜਟ ਵਿਚੋਂ ਖੁਲ੍ਹੀ ਮਾਇਕ ਸਹਾਇਤਾ ਦੇ ਕੇ, ਪੰਜਾਬ ਦੇ ਪਿੰਡਾਂ ਵਿਚ ਸੀਵਰਿਜ ਪਲਾਂਟ ਲਗਵਾਵੇ ਅਤੇ ਨਦੀਆਂ ਦੀ ਸਫ਼ਾਈ ਦਾ ਕਾਰਜ ਵੀ ਕਰਵਾਵੇ। ਸਮਾ ਆਉਣ ’ਤੇ ਮੈਂ ਸੰਤ ਜੀ ਦੀ ਸੇਵਾ ਬਾਰੇ ਇਕ ਉਚੇਚਾ ਲੇਖ ਵੀ ਲਿਖਾਂਗਾ।

ਗੁਰਦੁਆਰਾ ਸਾਹਿਬ ਜੀ ਦੇ ਕਥਾਵਾਚਕ ਨੌਜਵਾਨ ਵਿਦਵਾਨ, ਗਿ. ਗੁਰਪ੍ਰੀਤ ਸਿੰਘ ਜੀ ਦੀ ਦੋ ਦਿਨ ਕਥਾ ਸੁਣੀ। ਬੜਾ ਅਨੰਦ ਆਇਆ। ਦੂਜੀ ਰਾਤ ਗਿਆਨੀ ਜੀ ਮੇਰੇ ਕਮਰੇ ਵਿਚ ਆਏ ਤੇ ਦੇਰ ਰਾਤ ਤੱਕ ਸਾਡੇ ਬਚਨ ਬਿਲਾਸ ਚੱਲਦੇ ਰਹੇ। ਮੈਨੂੰ ਕੁਝ ਪਛਤਾਵਾ ਵੀ ਹੋਇਆ ਕਿ ਪਹਿਲੀ ਰਾਤ ਮੈਂ ਐਵੇਂ ਇਕੱਲੇ ਨੇ ਹੀ ਚੁੱਪ ਚਾਪ ਗੁਜ਼ਾਰ ਦਿਤੀ। ਗਿਆਨੀ ਜੀ ਨੇ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਚੱਲ ਰਹੇ ਵਿਦਿਅਕ ਅਦਾਰੇ, ਮਿਸ਼ਨਰੀ ਕਾਲਜ ਦੇ ਮੁਖੀ, ਸ. ਦਇਆ ਸਿੰਘ ਜੀ ਵੱਲੋਂ ਸੱਦਾ ਆਇਆ ਹੈ ਕਿ ਗਿਆਨੀ ਜੀ ਨੂੰ ਲੈ ਕੇ ਆਵੋ ਤੇ ਉਹ ਵਿਦਿਆਰਥੀਆਂ ਨਾਲ਼ ਆਪਣੇ ਵਿਚਾਰ ਸਾਂਝੇ ਕਰਨ। ਕਾਲਜ ਵਿਚ ਗਏ। ਉਸ ਸਮੇ ਅੰਮ੍ਰਿਤਸਰੋਂ ਪ੍ਰੋ. ਸੁਖਦੇਵ ਸਿੰਘ ਜੀ ਵੀ ਆ ਗਏ। ਰਲ਼ ਕੇ ਵਿਦਿਆਰਥੀਆਂ ਨਾਲ਼ ਵਿਚਾਰ ਵਟਾਂਦਰਾ ਹੋਇਆ, ਪ੍ਰਸ਼ਾਦਾ ਛਕਿਆ ਤੇ ਪ੍ਰੋ. ਸੁਖਦੇਵ ਸਿੰਘ ਜੀ ਆਪਣੀ ਕਾਰ ਵਿਚ ਹੀ ਮੈਨੂੰ ਵਾਪਸ ਲੈ ਆਏ।

ਫਿਰ ਦੋ ਮਹੀਨੇ ਹੋ ਚੱਲੇ ਸਨ ਤੇ ਮੇਰੇ ਵਾਪਸ ਮੁੜਨ ਦਾ ਸਮਾ ਨੇੜੇ ਆ ਗਿਆ ਸੀ। ਮਨ ਵੀ ਮੁੜਨ ਲਈ ਕਾਹਲ਼ਾ ਪੈਣ ਲੱਗ ਪਿਆ। ਜ਼ਰੂਰੀ ਤਿਆਰੀ ਸੋਧੀ ਗਈ। ੨੬ ਮਾਰਚ ਨੂੰ ਸਵੇਰੇ ਹੀ ਸਾਢੇ ਪੰਜ ਘਰੋਂ ਨਿਕਲ਼ ਕੇ ਇੰਡੋ ਕੈਨੇਡੀਅਨ ਬਸ ਦੇ ਦਫ਼ਤਰ ਪਹੁੰਚ ਗਏ। ਬਸ ਵਾਲ਼ਿਆਂ ਨੇ ੬ ਵਜੇ ਸਾਨੂੰ ਕਾਰ ਵਿਚ ਲੱਦਿਆ ਤੇ ਜਲੰਧਰ ਲੈ ਆਏ। ਓਥੋਂ ਅੱਠ ਵਜੇ ਤੁਰੀ ਬਸ ਨੇ ਸਾਨੂੰ ਲੌਢੇ ਕੁ ਵੇਲ਼ੇ ਹਵਾਈ ਅੱਡੇ ਦੇ ਬੂਹੇ ਅੱਗੇ ਜਾ ਲਾਹਿਆ। ਰਾਤ ਦੇ ਸਾਢੇ ਯਾਰਾਂ ਵਜੇ ਜਹਾਜ਼ ਨੇ ਦਿੱਲੀਉਂ ਉਡ ਕੇ, ਸਾਨੂੰ ਸਾਢੇ ਚਾਰ ਘੰਟਿਆਂ ਵਿਚ ਬੈਂਕਾਕ ਤੇ ਓਥੋਂ ਸਾਢੇ ਨੌਂ ਘੰਟਿਆਂ ਵਿਚ, ੨੭ ਮਾਰਚ ਰਾਤ ਦੇ ਤਕਰੀਬਨ ਸਵਾ ਨੌਂ ਵਜੇ ਸਿਡਨੀ ਪੁਚਾ ਦਿਤਾ। ਅੱਗੋਂ ਸਿੰਘਣੀ ਕਾਰ ਲਈ ਖਲੋਤੀ ਸੀ। ਰਾਤ ਦੇ ਸਵਾ ਕੁ ਯਾਰਾਂ ਵਜੇ ਝੌਂਪੜੇ ਵਿਚ ਪ੍ਰਵੇਸ਼ ਕਰ ਲਿਆ। ਏਨੀ ਮੇਰੀ ਬਾਤ .....

# ਮੁਫ਼ਤ ਭੇਟਾ ਕੀਤੀਆਂ ਗਈਆਂ ਕਿਤਾਬਾਂ

ਸੁਲਤਾਨਾ ਬੇਗਮ ਜੀ ਦੀ ਪੋਸਟ ਪੜ੍ਹ ਕੇ ਆਪਣੇ ਨਾਲ਼ ਵਾਪਰੀਆਂ ਘਟਨਾਵਾਂ ਵੀ ਮੈਂ ਮਿੱਤਰ ਮੰਡਲੀ ਨਾਲ਼ ਸਾਂਝੀਆਂ ਕਰ ਲਵਾਂ। ਇਸ ਸਮੇ ਤੱਕ ਮੇਰੀਆਂ ਨੌਂ ਕਿਤਾਬਾਂ ਛੱਪ ਚੁੱਕੀਆਂ ਹਨ। ਪਹਿਲੀ ਕਿਤਾਬ ਦੀ ਛੇਵੀਂ ਐਡੀਸ਼ਨ ਮੈਂ ਇਸ ਮਾਰਚ ੨੦੧੮ ਵਿਚ ਛਪਵਾ ਕੇ ਲਿਆਇਆ ਹਾਂ। ਉਹ ਕੁੱਲ ਸੱਤ ਹਜ਼ਾਰ ਦੀ ਗਿਣਤੀ ਵਿਚ ਛਪੀ ਹੈ। ਦੋ ਕਿਤਾਬਾਂ ਦੀਆਂ ਦੋ ਦੋ ਐਡੀਸ਼ਨਾਂ ਛੱਪ ਚੁੱਕੀਆਂ ਹਨ। ਕੋਈ ਵੀ ਐਡੀਸ਼ਨ ਇਕ ਹਜ਼ਾਰ ਤੋਂ ਘੱਟ ਨਹੀਂ ਮੈਂ ਛਪਵਾਉਂਦਾ। ਇਉਂ ਹੁਣ ਤੱਕ ਕੁੱਲ ਅਠਾਰਾਂ ਹਜ਼ਾਰ ਕਿਤਾਬਾਂ ਮੈਂ ਪਾਠਕਾਂ ਦੀ ਭੇਟਾ ਕਰ ਚੁੱਕਾ ਹਾਂ।

ਤੁਸੀਂ ਹੈਰਾਨ ਹੋਵੋਗੇ ਕਿ ਸ਼ਾਇਦ ਮੈਂ ਕਿਤਾਬਾਂ ਦੀ ਵਿਕਰੀ ਤੋਂ ਖ਼ਾਸਾ ਅਮੀਰ ਬਣ ਗਿਆ ਹੋਵਾਂਗਾ। ਜੇਕਰ ਕਿਸੇ ਕਿਤਾਬ ਦੀ ਛਪਵਾਈ ਤੇ ਸਿਡਨੀ ਤੱਕ ਦੀ ਢੁਵਾਈ ਦਾ ਖ਼ਰਚ ਪੂਰਾ ਹੋ ਜਾਵੇ ਤਾਂ ਮੈਂ ਖ਼ੁਸ਼ੀ ਵਿਚ ਨੱਚ ਉਠਦਾ ਹਾਂ। ਫਿਰ ਉਹ ਕਿਤਾਬਾਂ ਕਿਧਰ ਜਾਂਦੀਆਂ ਹਨ? ਮੈਂ ਦੇਸ ਅਤੇ ਪਰਦੇਸਾਂ ਵਿਚ 'ਪ੍ਰੇਮ ਭੇਟਾ' ਰੂਪੀ ਪ੍ਰਸ਼ਾਦ ਵਜੋਂ ਹੀ ਲੋਕਾਂ ਨੂੰ ਅਰਪਣ ਕਰਦਾ ਹਾਂ।

ਕੁਝ ਸਾਲ ਹੋਏ ਮੈਂ ਆਪਣੇ ਚਿਰਕਾਲੀ ਮਿੱਤਰ, ਪਟਿਆਲਾ ਵਾਸੀ ਮਰਹੂਮ ਡਾ. ਗੁਰਮੁਖ ਸਿੰਘ ਜੀ ਨੂੰ ਇਕ ਕਿਤਾਬ ਭੇਟਾ ਕੀਤੀ। ਉਹਨਾਂ ਨੇ ਪਹਿਲਾ ਕੋਰਾ ਵਰਕਾ ਵੇਖਿਆ ਜਿਸ ਉਪਰ ਮੈਂ 'ਪ੍ਰੇਮ ਭੇਟਾ' ਲਿਖਿਆ ਹੋਇਆ ਸੀ। ਡਾਕਟਰ ਜੀ ਨੇ ਕਿਹਾ ਕਿ ਮੈਂ ਇਸ ਪੰਨੇ ਉਪਰ ਨਾ ਲਿਖ ਕੇ ਕਿਤਾਬ ਭੇਟਾ ਕਰਿਆ ਕਰਾਂ। ਅੱਗੇ ਛਪੇ ਹੋਏ ਪੰਨੇ 'ਤੇ ਲਿਖਿਆ ਕਰਾਂ। ਮੇਰੇ ਕਾਰਨ ਪੁੱਛਣ 'ਤੇ ਉਹਨਾਂ ਨੇ ਦੱਸਿਆ ਕਿ ਲੋਕੀਂ ਇਹ ਪਹਿਲਾ ਲਿਖਿਆ ਵਰਕਾ ਪਾੜ ਕੇ ਕਿਤਾਬ ਅੱਗੇ ਵੇਚ ਦਿੰਦੇ ਹਨ। ਮੈਂ ਇਹ ਗੱਲ ਹਾਸੇ ਵਿਚ ਟਾਲ਼ ਦਿਤੀ ਤੇ ਹੁਣ ਪ੍ਰਤੱਖ ਤੌਰ 'ਤੇ ਇਹ ਗੱਲ ਸਾਬਤ ਹੋ ਜਾਣ 'ਤੇ ਵੀ ਅਮਲ ਇਸ ਉਪਰ ਅਜੇ ਤੱਕ ਨਹੀਂ ਕੀਤਾ।

ਇਕ ਦਿਨ ਹਾਲ ਬਾਜ਼ਾਰ ਅੰਦਰ ਆਜ਼ਾਦ ਬੁੱਕ ਡੀਪੂ ਉਪਰ, ਉਸ ਦੇ ਮਾਲਕ ਸ. ਕੁਲਦੀਪ ਸਿੰਘ ਨਾਲ਼ ਚੱਲ ਰਹੇ ਵਿਚਾਰ ਵਟਾਂਦਰੇ ਦੌਰਾਨ, ਉਸ ਨੇ ਦੱਸਿਆ ਕਿ ਇਕ ਪੁਲਸ ਅਫ਼ਸਰ ਦਾ ਸਾਂਢੂ ਉਹਨਾਂ ਪਾਸ ਵਾਹਵਾ ਸਾਰੀਆਂ ਕਿਤਾਬਾਂ ਲੈ ਕੇ ਆਇਆ, ਜੇਹੜੀਆਂ ਪੁਲਸ ਅਫ਼ਸਰ ਨੂੰ ਲੇਖਕਾਂ ਨੇ ਸਮੇ ਸਮੇ ਭੇਟਾ ਕੀਤੀਆਂ ਹੋਈਆਂ ਸਨ। ਦਸ ਰੁਪਏ ਪਰ ਕਿਤਾਬ ਉਹ ਸਾਰੀਆਂ ਕਿਤਾਬਾਂ ਇਹਨਾਂ ਨੂੰ ਵੇਚ ਗਿਆ। ਉਹਨਾਂ ਖ਼ਰੀਦੀਆਂ ਗਈਆਂ ਕਿਤਾਬਾਂ ਵਿਚੋਂ, ਇਕ ਕਿਤਾਬ ਦਾ ਕਦਰਦਾਨ ਸੱਜਣ, ਇਕ ਕਿਤਾਬ ਚਾਰ ਸੌ ਰੁਪਏ ਵਿਚ, ਇਹਨਾਂ ਪਾਸੋਂ ਖ਼ਰੀਦ ਕੇ ਲੈ ਗਿਆ। ਸ. ਕੁਲਦੀਪ ਸਿੰਘ ਨੇ ਮੈਨੂੰ ਉਹਨਾਂ

ਖ਼ਰੀਦੀਆਂ ਹੋਈਆਂ ਕਿਤਾਬਾਂ ਦੇ 'ਪ੍ਰੇਮ ਭੇਟਾ' ਲਿਖੇ ਹੋਏ ਵਰਕੇ ਪਾੜ ਕੇ ਵਿਖਾਏ ਜੋ ਉਹਨਾਂ ਨੇ ਕਿਤਾਬਾਂ ਵਿਚੋਂ ਪਾੜ ਕੇ ਰੱਖ ਲਏ ਸਨ। ਇਹ ਵਾਹਵਾ ਸਬਰਕੱਤੀ ਗਿਣਤੀ ਵਿਚ ਸਨ।

ਮੈਨੂੰ ਇਹ ਜਾਣ ਕੇ ਹੈਰਾਨੀ ਹੋਈ ਕਿ ਇਸ ਵਾਰੀ ਦੀ ਯਾਤਰਾ ਦੌਰਾਨ ਉਹਨਾਂ ਨੇ ਮੈਨੂੰ ਮੇਰੀ ਪਹਿਲੀ ਕਿਤਾਬ *ਸਚੇ ਦਾ ਸਚਾ ਢੋਆ* ਦੀ ਚੌਥੀ ਐਡੀਸ਼ਨ ਦੀ ਇਕ ਕਾਪੀ ਵਿਖਾਈ ਜਿਸ ਦਾ 'ਪ੍ਰੇਮ ਭੇਟਾ' ਵਾਲ਼ਾ ਵਰਕਾ ਪਾੜ ਲਿਆ ਗਿਆ ਸੀ ਤੇ ਉਹ ਇਹਨਾਂ ਨੂੰ ਵੇਚ ਗਿਆ ਸੀ। ਵਰਕਾ ਪਾਟਣ ਕਰਕੇ ਮੈਨੂੰ ਪਤਾ ਨਾ ਲੱਗਾ ਕਿ ਮੈਂ ਇਹ ਕਿਸ ਨੂੰ ਭੇਟਾ ਕੀਤੀ ਸੀ।

ਮੇਰਾ ਵਿਚਾਰ ਹੈ ਕਿ ਪਹਿਲਾਂ ਤਾਂ ਲੇਖਕ ਨੂੰ ਲੈਣ ਵਾਲ਼ੇ ਦਾ ਮੂੰਹ ਵੇਖ ਕੇ, ਯੋਗ ਵਿਅਕਤੀ ਨੂੰ ਹੀ ਕਿਤਾਬ ਭੇਟਾ ਕਰਨੀ ਚਾਹੀਦੀ ਹੈ, ਹਰੇਕ ਬੇਕਦਰੇ ਨੂੰ ਨਹੀਂ। ਦੂਜੀ ਗੱਲ ਇਹ ਹੈ ਕਿ ਜੇ ਕਿਸੇ ਵੱਲੋਂ ਪ੍ਰੇਮ ਨਾਲ਼ ਭੇਟਾ ਕੀਤੀ ਗਈ ਕਿਤਾਬ ਨੂੰ ਵੇਚ ਕੇ ਦਸ ਰੁਪਏ ਵੱਟ ਵੀ ਲਏ ਤਾਂ ਕੀ ਕੱਦੂ ਵਿਚ ਤੀਰ ਮਾਰ ਲਿਆ! ਦਸ ਰੁਪਏ ਦਾ ਇਕ ਕੱਪ ਚਾਹ ਦਾ ਆਉਂਦਾ ਹੈ ਦੇਸ ਵਿਚ।

ਸਵਾਲ ਪੈਦਾ ਹੁੰਦਾ ਹੈ ਕਿ ਫਿਰ ਇਹਨਾਂ ਨਾ ਚਾਹੁਣ ਦੇ ਬਾਵਜੂਦ, ਮੁਫ਼ਤ ਵਿਚ ਪ੍ਰਾਪਤ ਹੋਈਆਂ ਕਿਤਾਬਾਂ ਦਾ ਕੀਤਾ ਕੀ ਜਾਵੇ! ਇਸ ਦਾ ਹੱਲ ਇਹ ਹੈ ਕਿ ਅੱਗੇ ਕਿਸੇ ਪੜ੍ਹਨ ਦੀ ਰੁਚੀ ਰਖਣ ਵਾਲ਼ੇ, ਸਾਹਿਤ ਪ੍ਰੇਮੀ ਨੂੰ ਦੇ ਦਿਤੀਆਂ ਜਾਣ। ਜਾਂ ਫਿਰ ਕਿਸੇ ਲਾਇਬ੍ਰੇਰੀ ਨੂੰ ਭੇਟਾ ਕਰ ਦਿਤੀਆਂ ਜਾਣ। ਵੇਚਣ ਦਾ ਕੋਈ ਖ਼ਾਸ ਲਾਭ ਨਹੀਂ।

# ਅਖ਼ਬਾਰਾਂ ਅਤੇ ਮੈਂ

ਪਿੰਡ ਵਿਚ ਰਹਿੰਦਿਆਂ ਪਹਿਲੀ ਜਮਾਤ ਦਾ ਇਕ ਕਾਇਦਾ ਅਤੇ ਦੂਜੀ ਜਮਾਤ ਦੀ ਇਕ ਕਿਤਾਬ ਤੋਂ ਇਲਾਵਾ, ਪੂਰਨ ਭਗਤ ਵਾਲ਼ਾ ਕਿੱਸਾ ਅਤੇ ਕੁਝ ਸਮਾ ਪਿੱਛੋਂ ਸ. ਹਰੀ ਸਿੰਘ ਨਲ਼ੂਏ ਦੀ ਸ਼ਹੀਦੀ ਵਾਲ਼ਾ ਕਿੱਸਾ ਪੜ੍ਹਿਆ ਸੀ।

੧੯੫੩ ਵਿਚ ਅੰਮ੍ਰਿਤਸਰ ਆਉਣ ਜਾਣ ਹੋ ਗਿਆ, ਪਰ ਓਥੇ ਸਵੇਰ ਵੇਲ਼ੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਿਆ ਲੈਣ ਤੇ ਸ਼ਾਮ ਨੂੰ ਮੰਜੀ ਸਾਹਿਬ ਵਿਖੇ ਪੰਥ ਪ੍ਰਕਾਸ਼ ਦੀ ਕਥਾ ਸੁਣਨ ਤੋਂ ਬਿਨਾ ਕੋਈ ਸਕੂਲੀ ਪੜ੍ਹਾਈ, ਖੇਡ ਆਦਿ ਦਾ ਜੁਗਾੜ ਨਹੀਂ ਸੀ। ਸ੍ਰੀ ਦਰਬਾਰ ਸਾਹਿਬ ਦੀਆਂ ਪ੍ਰਕਰਮਾਂ ਵਿਚ ਸਮੇ ਸਮੇ ਸਜਣ ਵਾਲ਼ੇ ਦੀਵਾਨਾਂ ਵਿਚ ਢਾਡੀਆਂ, ਕਵੀਸ਼ਰਾਂ ਤੋਂ ਪ੍ਰਸੰਗ ਬੜੇ ਸ਼ੌਕ ਨਾਲ਼ ਸੁਣਨੇ। ਹਾਂ, ਗਿਆਨੀ ਕਰਤਾਰ ਸਿੰਘ ਕਲਾਸਵਾਲੀਏ ਦੀਆਂ ਬਾਬਾ ਬੰਦਾ ਸਿੰਘ ਬਹਾਦਰ ਤੋਂ ਲੈ ਕੇ, ਮਹਾਰਾਜਾ ਰਣਜੀਤ ਸਿੰਘ ਦੇ ਰਾਜ ਤੱਕ ਦਾ ਇਤਿਹਾਸ ਦੱਸਦੀਆਂ, ਚਾਰ ਕਿਤਾਬਾਂ, ਬੈਂਤ ਛੰਦ ਵਿਚ ਲਿਖੀਆਂ ਹੋਈਆਂ ਪੜ੍ਹ ਲਈਆਂ ਤੇ ਇਹਨਾਂ ਦੇ ਨਾਲ਼ ਹੀ ਸ਼ਾਹ ਮੁਹੰਮਦ ਦਾ ਕਿੱਸਾ, ਸਤਲੁਜ ਦੇ ਕਿਨਾਰੇ ਵਾਲ਼ੀਆਂ ਅੰਗ੍ਰੇਜ਼ਾਂ ਸਿੱਖਾਂ ਦੀਆਂ ਲੜਾਈਆਂ ਵਾਲ਼ਾ ਵੀ ਪੜ੍ਹ ਲਿਆ। ਇਸ ਦੌਰਾਨ ਜਦੋਂ ਵੀ ਪਿੰਡ ਜਾਣਾ, ਸਾਥੀਆਂ ਨਾਲ਼ ਡੰਗਰ ਚਾਰਦਿਆਂ ਫਿਰ ਸਭ ਕੁਝ ਭੁੱਲ ਭੁਲਾ ਜਾਣਾ।

ਸਮਾ ਇਉਂ ਬੀਤਦਾ ਗਿਆ। ਸ਼ਾਇਦ ਇਹ ੧੯੫੭ ਦਾ ਸਮਾ ਹੋਵੇਗਾ ਜਦੋਂ ਮੈਨੂੰ ਗੁਰੂ ਰਾਮਦਾਸ ਸਰਾਂ ਵਿਚਲੀ, ਸ੍ਰੀ ਗੁਰੂ ਰਾਮ ਦਾਸ ਲਾਇਬ੍ਰੇਰੀ ਵਿਚ ਜਾਣ ਦਾ ਭੁੱਸ ਪੈ ਗਿਆ। ਇਸ ਲਾਇਬ੍ਰੇਰੀ ਵਿਚ ਅਖ਼ਬਾਰਾਂ ਵੀ ਆਉਂਦੀਆਂ ਸਨ ਤੇ ਬਹੁਤ ਸਾਰੇ ਮਾਸਕ ਰਸਾਲੇ ਵੀ। ਅਖ਼ਬਾਰਾਂ ਤੇ ਬਰਾਂਡੇ ਵਿਚ, ਉਚੇ ਉਚੇ ਟੇਢੇ ਜਿਹੇ ਟੇਬਲਾਂ ਉਪਰ ਲੱਗੀਆਂ ਹੋਈਆਂ ਹੁੰਦੀਆਂ ਸਨ ਤੇ ਲੋਕ ਉਹਨਾਂ ਨੂੰ ਖਲੋ ਕੇ ਪੜ੍ਹਿਆ ਕਰਦੇ ਸਨ। ਲਾਇਬ੍ਰੇਰੀ ਦੇ ਅੰਦਰ ਅਤੇ ਲਾਇਬ੍ਰੇਰੀਅਨ, ਸ. ਸ਼ਿੰਗਾਰਾ ਸਿੰਘ ਦੇ ਟੇਬਲ ਦੇ ਨੇੜੇ, ਬਹੁਤ ਵੱਡਾ ਟੇਬਲ ਹੁੰਦਾ ਸੀ ਤੇ ਉਸ ਦੇ ਦੁਆਲ਼ੇ ਕੁਰਸੀਆਂ ਹੁੰਦੀਆਂ ਸਨ। ਓਥੇ ਬੈਠ ਕੇ ਬੱਚੇ ਵੀ ਤੇ ਸਿਆਣੇ ਵੀ, ਮਾਸਕ ਤੇ ਸਪਤਾਹਕ ਪੱਤਰ ਪੜ੍ਹਿਆ ਕਰਦੇ ਸਨ। ਜਦੋਂ ਕਦੇ ਬਿਜਲੀ ਚਲੀ ਜਾਣੀ ਤਾਂ ਸ. ਸ਼ਿੰਗਾਰਾ ਸਿੰਘ ਨੇ ਬੂਹਾ ਬੰਦ ਕਰ ਕੇ, ਸਾਨੂੰ ਬਾਹਰ ਨਿਕਲਣ ਤੋਂ ਰੋਕ ਲੈਣਾ। ਫਿਰ ਮੋਮਬੱਤੀ ਜਗਾ ਕੇ, ਇਕ ਇਕ ਨੂੰ ਚੰਗੀ ਤਰ੍ਹਾਂ ਵੇਖ ਕੇ, ਬਾਹਰ ਜਾਣ ਦੇਣਾ ਤਾਂ ਕਿ ਕੋਈ ਸ਼ਰਾਰਤੀ ਬੱਚਾ ਰਸਾਲਾ ਚੋਰੀ ਕਰਕੇ ਨਾ ਲੈ ਜਾਵੇ। ਇਹ ਸਾਰੇ ਰਸਾਲੇ ਪੰਜਾਬੀ ਵਿਚ ਤੇ ਜਾਂ ਇੱਕਾ ਦੁੱਕਾ ਅੰਗ੍ਰੇਜ਼ੀ ਵਿਚ ਵੀ ਹੁੰਦੇ ਸਨ। ਇਹਨਾਂ ਵਿਚੋਂ ਕੁਝ ਕੁ ਦੇ ਨਾਂ ਮੈਨੂੰ ਹੁਣ ਵੀ ਯਾਦ ਹਨ: *ਛਣਕਣਾ, ਬਾਲਕ, ਸਕੂਲ, ਕਹਾਣੀ, ਜੀਵਨ ਪ੍ਰੀਤੀ, ਕੋਮਲ ਸੰਸਾਰ, ਅਮਰ ਕਹਾਣੀਆਂ, ਕਵਿਤਾ, ਗਿਆਨ ਅੰਮ੍ਰਿਤ, ਅੰਮ੍ਰਿਤ, ਗੁਰਮਤਿ ਪ੍ਰਕਾਸ਼, ਗੁਰਦੁਆਰਾ ਗਜ਼ਟ,*

*ਜੀਵਨ ਜੋਤੀ, ਭਸੌੜੀਆਂ ਦਾ ਪੰਚਖੰਡ ਪਾਰਲੀਆਮੈਂਟ ਗਜ਼ਟ* ਆਦਿ ਮਾਸਕ ਅਤੇ ਕੁਝ *ਫ਼ਤਿਹ, ਉਦਾਸੀ ਸਮਾਚਾਰ, ਮੌਜੀ, ਰਾਮਗੜ੍ਹੀਆ ਸਮਾਚਾਰ* ਆਦਿ ਹਫ਼ਤਾਵਾਰੀ ਵੀ ਹੁੰਦੇ ਸਨ। ਸ. ਗੁਰਬਖ਼ਸ਼ ਸਿੰਘ ਦੇ ਦੋ ਮੈਗਜ਼ੀਨਾਂ *ਪ੍ਰੀਤਲੜੀ* ਅਤੇ *ਬਾਲ ਸੰਦੇਸ਼* ਦੋ ਰਸਾਲਿਆਂ ਦੀ ਗੁਰਦੁਆਰਿਆਂ ਦੀਆਂ ਲਾਇਬ੍ਰੇਰੀਆਂ ਵਿਚ ਦਾਖ਼ਲੇ ’ਤੇ ਪਾਬੰਦੀ ਹੁੰਦੀ ਸੀ। ਮੇਰੀ ਪਸੰਦ *ਛਣਕਣਾ* ਤੇ *ਬਾਲਕ* ਵਧੇਰੇ ਹੁੰਦੇ ਸਨ।

੧੯੭੫ ਵਾਲ਼ੀ ਇੰਦਰਾ ਗਾਂਧੀ ਵੱਲੋਂ ਲਾਈ ਗਈ ਅਮਰਜੈਂਸੀ ਦੌਰਾਨ ਜਦੋਂ ਅੰਮ੍ਰਿਤਸਰ ਗਿਆ ਤਾਂ ਇਹਨਾਂ ਵਿਚੋਂ ਬਹੁਤ ਸਾਰੇ ਰਸਾਲੇ ਬੰਦ ਹੋ ਚੁੱਕੇ ਸਨ।

੧੯੫੪ ਵਿਚ ਕਿਸੇ ਦੇ ਹੱਥ ਵਿਚ ਕੋਈ ਅਖ਼ਬਾਰ ਵੇਖੀ ਤੇ ਸੀ ਪਰ ਇਸ ਬਾਰੇ ਮੈਨੂੰ ਕੋਈ ਜਾਣਕਾਰੀ ਨਹੀਂ ਸੀ ਹੁੰਦੀ। ਜਨਵਰੀ ੧੯੫੮ ਵਿਚ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਦੀ ਸੰਗੀਤ ਕਲਾਸ ਵਿਚ ਦਾਖ਼ਲ ਹੋਇਆ ਤਾਂ ਫਿਰ ਅਖ਼ਬਾਰਾਂ ਨਾਲ਼ ਵੀ ਸਾਂਝ ਪਈ। ਕਾਲਜ ਵਿਚ ਤਾਂ ਸ. ਅਮਰ ਸਿੰਘ ਦੁਸਾਂਝ ਦਾ ਅਖ਼ਬਾਰ *ਅਕਾਲੀ ਪੱਤ੍ਰਿਕਾ* ਆਉਂਦਾ ਸੀ ਪਰ ਮੈਂ ਮਾਸਟਰ ਤਾਰਾ ਸਿੰਘ ਜੀ ਦੇ ਅਖ਼ਬਾਰ *ਅਕਾਲੀ* ਨੂੰ ਪਸੰਦ ਕਰਦਾ ਸਾਂ। ਉਸ ਦੇ ਮੁਕਾਬਲੇ ਦੂਜਾ ਅਖ਼ਬਾਰ ਮੈਨੂੰ ਹਰ ਤਰ੍ਹਾਂ ਹੀ ਫਿੱਕਾ ਫਿੱਕਾ ਜਿਹਾ ਲਗਦਾ ਹੁੰਦਾ ਸੀ; ਅੱਖਰਾਂ ਵੱਲੋਂ ਵੀ ਤੇ ਵਿਚ ਲਿਖੀਆਂ ਗੱਲਾਂ ਵੱਲੋਂ ਵੀ। *ਅਕਾਲੀ* ਦੇ ਦੂਜੇ ਪੰਨੇ ਉਪਰ ਦੋ ਕਵਿਤਾਵਾਂ ਛਪਦੀਆਂ ਹੁੰਦੀਆਂ ਸਨ। ਉਪਰ ਵੱਡੀ ਕਵਿਤਾ ਦਾ ਸਿਰਲੇਖ ਹੁੰਦਾ ਸੀ ‘ਗੜਗੱਜ ਦੀਆਂ ਗੱਜਦੀਆਂ ਗੂੰਜਾਂ’। ਥੱਲੇ ਵਾਲ਼ੀ ਛੋਟੀ ਕਵਿਤਾ ਦਾ ਸਿਰਲੇਖ ਹੁੰਦਾ ਸੀ ‘ਖੜਗਧਾਰੀ ਦੀ ਕਲਮ ਤੋਂ’। ਪਹਿਲਾਂ ਤੇ ਇਹਨਾਂ ਕਵਿਤਾਵਾਂ ਨੂੰ ਪੜ੍ਹਨਾ ਸ਼ੁਰੂ ਕੀਤਾ। ਫਿਰ ਚੁਟਕਲਿਆਂ ਵਾਲ਼ਾ ਛੋਟਾ ਜਿਹਾ ਕਾਲਮ ਤੇ ਫਿਰ ‘ਗੱਲਾਂ ਵਿਚੋਂ ਗੱਲ’ ਵਾਲ਼ਾ ਕਾਲਮ ਪੜ੍ਹਨ ਲੱਗ ਪਿਆ। ਫਿਰ ਦੂਜੇ ਪੰਨੇ ਉਪਰ ਹੀ ਪਾਠਕ ਦੇ ਸੱਜੇ ਹੱਥ, ਉਪਰ ਤੋਂ ਲੈ ਕੇ ਥੱਲੇ ਤੱਕ, ਇਕ ਕਾਲਮ ਹੁੰਦਾ ਸੀ ‘ਆਤਿਸ਼ਬਾਜ਼ੀ’। ਇਹ ਕਾਲਮ ਸ. ਰਾਜਿੰਦਰ ਸਿੰਘ ਆਤਿਸ਼ ਲਿਖਦਾ ਹੁੰਦਾ ਸੀ ਜੋ ਅੱਜ ਕਲ੍ਹ ਕਈ ਦਹਾਕਿਆਂ ਤੋਂ ਮੁੰਬਈ ਵਿਚ ਬੈਠਾ ਫ਼ਿਲਮਾਂ ਦੀਆਂ ਕਹਾਣੀਆਂ ਲਿਖਦਾ ਹੈ। ਫਿਰ ਉਸ ਨੂੰ ਪੜ੍ਹਨਾ ਸ਼ੁਰੂ ਕਰ ਦਿਤਾ। ਫਿਰ ਪਾਠਕ ਦੇ ਖੱਬੇ ਹੱਥ ਓਡਾ ਹੀ ਵੱਡਾ ਐਡੀਟੋਰੀਅਲ ਹੁੰਦਾ ਸੀ, ਉਸ ਨੂੰ ਵੀ ਹੌਲ਼ੀ ਹੌਲ਼ੀ ਉਠਾਲਣ ਲੱਗ ਪਿਆ। “ਰੰਗ ਲਾਗਤ ਲਾਗਤ ਲਾਗਤ ਹੈ” ਦੇ ਕਥਨ ਅਨੁਸਾਰ ਫਿਰ ਹੌਲ਼ੀ ਹੌਲ਼ੀ ਖ਼ਬਰਾਂ ਨੂੰ ਵੀ ਮੂੰਹ ਮਾਰਨ ਲੱਗ ਪਿਆ।

੧੯੬੦ ਦੇ ਅੰਤ ਵਿਚ ਕੋਰਸ ਦੀ ਸਮਾਪਤੀ ’ਤੇ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ, ਨੌਕਰੀ ਵਿਚ ਸਾਂ ਜਦੋਂ ਫਿਰ ਮੈਂ ਸ੍ਰੀ ਗੁਰੂ ਰਾਮਦਾਸ ਲਾਇਬ੍ਰੇਰੀ ਦਾ ਪੱਕਾ ਹੀ ਭਗਤ ਬਣ ਗਿਆ। ਓਦੋਂ ਜੇਹੜੀਆਂ ਰੋਜ਼ਾਨਾ ਅਖ਼ਬਾਰਾਂ ਛਪਦੀਆਂ ਹੁੰਦੀਆਂ ਸਨ ਤੇ ਮੈਂ ਉਹਨਾਂ ਨੂੰ ਪੜ੍ਹਿਆ ਜਾਂ ਵੇਖਿਆ ਸੀ, ਉਹਨਾਂ ਵਿਚੋਂ ਕੁਝ ਕੁ ਦੇ ਨਾਂ ਇਸ ਪ੍ਰਕਾਰ

ਯਾਦ ਹਨ : *ਅਕਾਲੀ, ਅਕਾਲੀ ਪੱਤ੍ਰਿਕਾ, ਅਜੀਤ, ਨਵਾਂ ਜ਼ਮਾਨਾ, ਕੌਮੀ ਦਰਦ, ਵਰਤਮਾਨ, ਖ਼ਾਲਸਾ ਸੇਵਕ, ਪ੍ਰਕਾਸ਼, ਰਣਜੀਤ* ਆਦਿ।

ਮੇਰਾ ਮਨ ਭਾਉਂਦਾ ਅਖ਼ਬਾਰ *ਅਕਾਲੀ* ੧੯੬੦ ਵਾਲ਼ੇ ਪੰਜਾਬੀ ਸੂਬਾ ਮੋਰਚੇ ਸਮੇ, ਮੁਖ ਮੰਤਰੀ ਕੈਰੋਂ ਨੇ ਬੰਦ ਕਰਵਾ ਦਿਤਾ ਸੀ। ਮੋਰਚਾ ਮੁੱਕਣ ਪਿੱਛੋਂ ਸ਼੍ਰੋਮਣੀ ਅਕਾਲੀ ਦਲ ਨੇ ਫਿਰ *ਅਕਾਲੀ* ਨੂੰ ਸ਼ੁਰੂ ਕਰਨਾ ਚਾਹਿਆ ਤਾਂ *ਅਕਾਲੀ ਪੱਤ੍ਰਿਕਾ* ਵਾਲ਼ਿਆਂ ਤੋਂ ਇਹ ਇਤਰਾਜ਼ ਲਵਾ ਕੇ, ਆਗਿਆ ਨਾ ਦਿਤੀ ਕਿ ਇਸ ਦਾ ਨਾਂ ਉਹਨਾਂ ਦੀ ਅਖ਼ਬਾਰ ਦੇ ਨਾਂ ਨਾਲ਼ ਮਿਲਦਾ ਜੁਲਦਾ ਹੈ। ਫਿਰ ਅਕਾਲੀ ਦਲ ਨੇ ਓਸੇ ਅਖ਼ਬਾਰ ਨੂੰ 'ਜਥੇਦਾਰ' ਦੇ ਨਾਂ ਹੇਠ ਛਾਪਣਾ ਸ਼ੁਰੂ ਕਰ ਦਿਤਾ। ਬਾਕੀ ਤੇ ਸਾਰਾ ਕੁਝ ਪਹਿਲਾਂ ਵਾਂਗ ਹੀ ਸੀ ਤੇ ਸਿਰਫ਼ ਨਾਂ ਹੀ 'ਅਕਾਲੀ' ਦੇ ਥਾਂ 'ਜਥੇਦਾਰ' ਹੋ ਗਿਆ। *ਅਕਾਲੀ* ਅਖ਼ਬਾਰ, ਗੁਰਦੁਆਰਾ ਸੁਧਾਰ 'ਅਕਾਲੀ ਲਹਿਰ' ਵੇਲ਼ੇ ਲਾਹੌਰੋਂ ਸ਼ੁਰੂ ਕੀਤਾ ਗਿਆ ਸੀ। ਇਹ ਏਨਾ ਹਰਮਨ ਪਿਆਰਾ ਹੋ ਗਿਆ ਸੀ ਕਿ ਸਿਰਫ਼ ਉਰਦੂ ਜਾਨਣ ਵਾਲ਼ੇ ਮੁਸਲਮਾਨਾਂ ਨੇ ਵੀ ਉਚੇਚਾ ਗੁਰਮੁਖੀ ਦੇ ਅੱਖਰ ਇਸ ਨੂੰ ਪੜ੍ਹਨ ਵਾਸਤੇ ਹੀ ਸਿੱਖੇ। *ਪ੍ਰਭਾਤ* ਉਰਦੂ ਅਤੇ *ਅਕਾਲੀ* ਪੰਜਾਬੀ ਦੇ ਦੋਵੇਂ ਅਖ਼ਬਾਰ ਮਾਸਟਰ ਤਾਰਾ ਸਿੰਘ ਜੀ ਦੀ ਸਰਪ੍ਰਸਤੀ ਹੇਠ ਛਪਦੇ ਸਨ ਤੇ ਪੰਥ ਦੀ ਤਰਜਮਾਨੀ ਕਰਦੇ ਸਨ ਜਦੋਂ ਕਿ ਬਾਕੀ ਦਾ ਤਕਰੀਬਨ ਸਾਰਾ ਪ੍ਰੈਸ ਹੀ ਪੰਥ ਵਿਰੋਧੀ ਹੁੰਦਾ ਸੀ। ਲਾਹੌਰ ਵਿਚ ਇਸ ਅਖ਼ਬਾਰ ਦੇ ਦਫ਼ਤਰ ਵਿਚ ਰਹਿ ਕੇ ਸਾਂਝੇ ਲੰਗਰ ਵਿਚੋਂ ਹੀ ਪ੍ਰਸ਼ਾਦਾ ਛਕ ਕੇ, ਕਈ ਸੱਜਣ ਬਿਨਾ ਤਨਖ਼ਾਹ ਦੇ ਕੰਮ ਕਰਿਆ ਕਰਦੇ ਸਨ। ਉਹਨਾਂ ਵਿਚੋਂ ਕੁਝ ਕੁ ਦੇ ਨਾਂ ਇਸ ਪ੍ਰਕਾਰ ਹਨ : ਮਾਸਟਰ ਸੁੰਦਰ ਸਿੰਘ ਲਾਇਲਪੁਰੀ, ਮਾਸਟਰ ਤਾਰਾ ਸਿੰਘ, ਗਿਆਨੀ ਹੀਰਾ ਸਿੰਘ ਦਰਦ, ਗਿਆਨੀ ਕਰਤਾਰ ਸਿੰਘ, ਗਿਆਨੀ ਗੁਰਮੁਖ ਸਿੰਘ ਮੁਸਾਫ਼ਰ ਆਦਿ।

ਇਸ ਦੌਰਾਨ ਇਕ ਮਜ਼ੇਦਾਰ ਘਟਨਾ ਵੀ ਵਾਪਰੀ। ਦਫ਼ਤਰ ਦੇ ਸਾਂਝੇ ਲੰਗਰ ਵਿਚ ਮਹਾਂ ਪ੍ਰਸ਼ਾਦ ਵੀ ਰਿਝਦਾ ਸੀ। ਬਾਕੀ ਤੇ ਸਾਰੇ ਸਿੰਘ, ਬਿਨਾ ਸ਼ੰਕਾ ਦੇ ਛਕਦੇ ਸਨ ਪਰ ਗਿਆਨੀ ਹੀਰਾ ਸਿੰਘ ਦਰਦ ਜੀ ਨਹੀਂ ਸਨ ਛਕਦੇ। ਪੁੱਛਣ 'ਤੇ ਪਤਾ ਲੱਗਾ ਕਿ ਉਹਨਾਂ ਨੂੰ ਅੰਮ੍ਰਿਤ ਛਕਣ ਸਮੇ, ਪੰਜਾਂ ਪਿਆਰਿਆਂ ਨੇ ਮਹਾਂ ਪ੍ਰਸ਼ਾਦ ਛਕਣ ਤੋਂ ਮਨ੍ਹਾ ਕੀਤਾ ਹੈ। ਇਸ ਲਈ ਉਹ ਉਹਨਾਂ ਦਾ ਹੁਕਮ ਨਹੀਂ ਮੋੜ ਸਕਦਾ। ਗਿਆਨੀ ਜੀ ਨੇ ਅੰਮ੍ਰਿਤ ਕਿਸੇ ਡੇਰੇ ਵਾਲ਼ੀ ਮਰਯਾਦਾ ਅਨੁਸਾਰ ਛਕਿਆ ਸੀ। ਸ਼ਾਇਦ ਸੰਤ ਅਤਰ ਸਿੰਘ ਮਸਤੂਆਣੇ ਵਾਲ਼ਿਆਂ ਤੋਂ! ਇਕ ਦਿਨ ਮਾਸਟਰ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਪੰਜ ਸਿੰਘ ਇਕੱਠੇ ਕਰ ਕੇ, ਗਿਆਨੀ ਜੀ ਨੂੰ ਹੁਕਮ ਦਿਵਾਇਆ ਕਿ ਉਹ ਮਹਾਂ ਪ੍ਰਸ਼ਾਦ ਛਕਣਗੇ।

*ਕੌਮੀ ਦਰਦ* ਦੇ ਥਾਂ ਫਿਰ ਸ਼੍ਰੋਮਣੀ ਅਕਾਲੀ ਦਲ ਨੇ ਕੁਝ ਚਿਰ *ਅਕਾਲੀ ਟਾਈਮਜ਼* ਵੀ ਕਢਿਆ ਸੀ।

੧੯੬੭ ਦੀਆਂ ਚੋਣਾਂ ਤੋਂ ਪਹਿਲਾਂ ਖੱਬੇ ਕਮਿਊਨਿਸਟਾਂ ਨੇ ਵੀ ਰੋਜ਼ਾਨਾ ਅਖ਼ਬਾਰ *ਲੋਕ ਲਹਿਰ* ਕੱਢੀ ਸੀ ਜੋ ਬਾਅਦ ਵਿਚ ਹਫ਼ਤਾਵਾਰੀ ਹੋ ਗਈ ਸੀ।

ਹਾਂ, ਸੱਚ ਇਕ ਅਤੀ ਮਹੱਤਵਪੂਰਣ ਅਖ਼ਬਾਰ ਦਾ ਜ਼ਿਕਰ ਰਹਿ ਹੀ ਚੱਲਿਆ ਸੀ। ਮੇਰੇ ਇਕ ਮਿੱਤਰ ਅਕਾਲੀ ਆਗੂ ਦੇ ਸੁਯੋਗ ਸਪੁੱਤਰ ਸ. ਜਗਜੀਤ ਸਿੰਘ ਦਰਦੀ ਨੇ, ੧੯੬੭ ਵਿਚ ਪਟਿਆਲੇ ਤੋਂ ਪੰਦਰਾਂ ਰੋਜ਼ਾ ਅਖ਼ਬਾਰ *ਚੜ੍ਹਦੀਕਲਾ ਮਾਰਗ* ਸ਼ੁਰੂ ਕੀਤਾ ਸੀ ਜੋ ਅੱਜ ਵੀ *ਰੋਜ਼ਾਨਾ ਚੜ੍ਹਦੀਕਲਾ* ਦੇ ਰੂਪ ਵਿਚ ਆਪਣੀ ਸ਼ਾਨ ਵਿਖਾ ਰਿਹਾ ਹੈ।

੧੯੬੨ ਵਿਚ ਮੇਰੀ ਬਦਲੀ ਜੀਂਦ ਹੋ ਗਈ ਤੇ ਓਥੇ ਜਲੰਧਰ ਤੋਂ ਛਪਣ ਵਾਲ਼ੀ ਕੋਈ ਅਖ਼ਬਾਰ ਨਹੀਂ ਸੀ ਜਾਂਦੀ। ਪਟਿਆਲੇ ਤੋਂ ਇਕ 'ਰਣਜੀਤ' ਆਉਂਦੀ ਸੀ ਪਰ ਮੇਰੀ ਉਸ ਨਾਲ਼ ਤਸੱਲੀ ਨਹੀਂ ਸੀ ਹੁੰਦੀ। ਇਸ ਲਈ ਮੈਂ ਜੀਂਦ ਮਿਊਂਸਿਪਲ ਕਮੇਟੀ ਦੀ ਲਾਇਬ੍ਰੇਰੀ ਵਿਚ ਜਾਣਾ ਸ਼ੁਰੂ ਕਰ ਦਿਤਾ। ਓਥੇ ਦਿੱਲੀ ਤੋਂ ਛਪਦੇ ਹਿੰਦੀ ਅਖ਼ਬਾਰ *ਹਿੰਦੁਸਤਾਨ* ਅਤੇ *ਹਿੰਦੁਸਤਾਨ ਟਾਈਮਜ਼* ਰੋਜ਼ਾਨਾ ਆਇਆ ਕਰਦੇ ਸਨ। ਇਕ *ਸਪਤਾਹਕ ਹਿੰਦੁਸਤਾਨ* ਵੀ ਆਇਆ ਕਰਦਾ ਸੀ; ਉਹਨਾਂ ਉਪਰ ਨਿਗਾਹ ਮਾਰ ਛੱਡਣੀ। ਉਹਨੀਂ ਦਿਨੀਂ ਬਹੁਤ ਹਰਮਨ ਪਿਆਰਾ ਇਕ ਸਪਤਾਹਕ ਪਰਚਾ ਹੁੰਦਾ ਸੀ *ਧਰਮਯੁੱਗ* ਇਸ ਨੂੰ ਤਾਂ ਬੱਚੇ ਤੋਂ ਲੈ ਕੇ ਬੁੱਢੇ ਤੱਕ ਹਰ ਕੋਈ ਪਸੰਦ ਕਰਦਾ ਸੀ। ਇਸ ਨੂੰ ਪੜ੍ਹਨ ਲਈ ਆਪਣੀ ਵਾਰੀ ਉਡੀਕਣੀ ਪੈਂਦੀ ਸੀ। ਇਹਨਾਂ ਤੋਂ ਇਲਾਵਾ ਇਕ ਬਹੁਤ ਉਚ ਕੋਟੀ ਦਾ ਪਰਚਾ ਪੰਦਰੀਂ ਦਿਨੀਂ *ਪਾਕਸ਼ਿਕ ਸਰਿਤਾ* ਵੀ ਓਥੇ ਆਉਂਦਾ ਹੁੰਦਾ ਸੀ। ਇਹ ਦੋਵੇਂ ਪਰਚੇ ਮੇਰੀ ਪਸੰਦ ਦੇ ਸਨ। ਇਕ *ਸ਼ੰਕਰ'ਜ਼ ਵੀਕਲੀ* ਨਾਂ ਦਾ ਅੰਗ੍ਰੇਜ਼ੀ ਦਾ ਹਫ਼ਤਾਵਾਰੀ ਪਰਚਾ ਵੀ ਆਉਂਦਾ ਸੀ ਜੋ ਸਿਰਫ਼ ਸਿਆਸੀ ਲੀਡਰਾਂ ਦੇ ਕਾਰਟੂਨਾਂ ਦਾ ਹੀ ਹੁੰਦਾ ਸੀ। ਅੰਗ੍ਰੇਜ਼ੀ ਤੇ ਮੈਨੂੰ ਆਉਂਦੀ ਕੋਈ ਨਹੀਂ ਸੀ ਪਰ ਉਸ ਦੇ ਕਾਰਟੂਨ ਵੇਖ ਵੇਖ ਕੇ ਹੀ ਮੈਂ ਖ਼ੁਸ਼ ਹੋ ਜਾਇਆ ਕਰਦਾ ਸਾਂ।

੧੯੬੭ ਵਿਚ *ਹਿੰਦ ਸਮਾਚਾਰ* ਉਰਦੂ ਦੇ ਮਾਲਕ, ਲਾਲਾ ਜਗਤ ਨਾਰਾਇਣ ਨੇ ਹਿੰਦੀ ਵਿਚ *ਪੰਜਾਬ ਕੇਸਰੀ* ਛਾਪਣੀ ਸ਼ੁਰੂ ਕੀਤੀ। ਜੋ ਬੜੀ ਸਫਲ ਹੋਈ ਤੇ ਮੈਂ ਵੀ ਇਸ ਨੂੰ ਬੜੇ ਚਾ ਨਾਲ਼ ਪੜ੍ਹਿਆ ਕਰਦਾ ਸਾਂ। ੧੯੭੮ ਦੇ ਨਿਰੰਕਾਰੀ ਕਾਂਡ ਤੋਂ ਪਿੱਛੋਂ, ਨਿਰੰਕਾਰੀਆਂ ਦੇ ਹੱਕ ਵਿਚ ਪ੍ਰਾਪੇਗੰਡਾ ਕਰਨ ਲਈ, ਲਾਲੇ ਨੇ ਪੰਜਾਬੀ ਵਿਚ *ਜੱਗਬਾਣੀ* ਵੀ ਸ਼ੁਰੂ ਕਰ ਲਈ ਸੀ। ਲਾਲੇ ਦੀ ਰੀਸੇ ੧੯੬੭ ਵਿਚ ਹੀ, ਪੰਜਾਬ ਵਿਚੋਂ ਛਪਣ ਵਾਲ਼ੀਆਂ ਦੂਜੀਆਂ ਉਰਦੂ ਅਖ਼ਬਾਰਾਂ ਦੇ ਮਾਲਕਾਂ ਨੇ ਵੀ ਹਿੰਦੀ ਐਡੀਸ਼ਨ ਛਾਪਣੇ ਸ਼ੁਰੂ ਕਰ ਦਿਤੇ। ਮਹਾਸ਼ਾ ਕ੍ਰਿਸ਼ਨ ਨੇ *ਪ੍ਰਤਾਪ* ਦੇ ਨਾਲ਼ *ਵੀਰ ਪ੍ਰਤਾਪ* ਅਤੇ ਮਹਾਸ਼ਾ ਯਸ਼ ਨੇ *ਮਿਲਾਪ* ਦੇ ਨਾਲ਼ *ਹਿੰਦੀ ਮਿਲਾਪ* ਛਾਪਣਾ ਸ਼ੁਰੂ ਕਰ ਦਿਤਾ। ਪੰਜਾਬ ਵਿਚ ਰੋਜ਼ਾਨਾ ਚਾਰ ਉਰਦੂ ਦੀਆਂ ਅਖ਼ਬਾਰਾਂ ਛਪਿਆ ਕਰਦੀਆਂ ਸਨ। ਮਾਸਟਰ ਜੀ ਦੀ ਉਰਦੂ *ਪ੍ਰਭਾਤ* ਦੇ ਨਾਲ਼ ਪਹਿਲਾਂ ਹੀ *ਅਕਾਲੀ* ਪੰਜਾਬੀ ਵਿਚ ਛਪਦੀ ਸੀ। ੧੯੬੭ ਤੋਂ ਫਿਰ ਬਾਕੀ ਦੀਆਂ ਤਿੰਨੇ ਅਖ਼ਬਾਰਾਂ ਹਿੰਦੀ ਵਿਚ ਵੀ ਛਪਣ ਲੱਗ ਪਈਆਂ।

ਇਸ ਵੇਲ਼ੇ ਦੇ ਅਖ਼ਬਾਰਾਂ ਬਾਰੇ ਤਾਂ ਤੁਸੀਂ ਮੇਰੇ ਨਾਲੋਂ ਵਧੇਰੇ ਜਾਣਦੇ ਹੋ। ਮੈਂ ਤੇ ੧੯੭੩ ਤੋਂ ਪਰਦੇਸਾਂ ਵਿਚ ਹੀ ਵਿਚਰ ਰਿਹਾ ਹਾਂ। ਹਾਂ, ਗਾਹੇ ਬਗਾਹੇ ਚੱਕਰ ਜ਼ਰੂਰ ਦੇਸ ਦਾ ਲੱਗ ਜਾਂਦਾ ਹੈ।

ਦੇਸ ਵਿਚ ਵਿਚਰਦਿਆਂ ਮੈਂ ਪੰਜਾਬੀ ਅਤੇ ਹਿੰਦੀ ਵਿਚ ਛਪਣ ਵਾਲ਼ੇ ਸਾਰੇ ਦੇ ਸਾਰੇ ਪਰਚੇ, ਰੋਜ਼ਾਨਾ, ਹਫ਼ਤਾਵਾਰੀ, ਪੰਦਰਾਂ ਰੋਜ਼ਾ, ਮਾਸਕ ਪੱਤਰ ਪੜ੍ਹਿਆ ਕਰਦਾ ਸਾਂ।

ਕੁਝ ਸਮਾ *ਜਥੇਦਾਰ* ਮਾਸਟਰ ਜੀ ਦੀ ਸਪੁੱਤਰੀ ਬੀਬੀ ਰਾਜਿੰਦਰ ਕੌਰ ਜੀ ਦੀ ਸੰਪਾਦਕੀ ਹੇਠ ਛਪਦਾ ਰਿਹਾ। ਫਿਰ ਉਹ ਵੀ ਬੰਦ ਹੋ ਗਿਆ। ਉਸ ਦੇ ਬੰਦ ਹੋਣ ਤੋਂ ਬਾਅਦ ਫਿਰ ਮੇਰੀ ਪਸੰਦ ਦਾ ਅਖ਼ਬਾਰ *ਰੋਜ਼ਾਨਾ ਅਜੀਤ* ਹੀ ਹੈ। ਭਾਵੇਂ ਕਿ ਏਹਨੀਂ ਦਿਨੀਂ ਇੰਟਰਨੈਟ ਉਪਰ ਵੀ ਪੰਜਾਬੋਂ ਤੇ ਬਾਹਰੋਂ ਛਪਣ ਵਾਲ਼ੇ ਅਖ਼ਬਾਰਾਂ ਦਾ ਗਾਹੜ ਮਾਹੜ ਪਿਆ ਹੋਇਆ ਹੈ ਪਰ ਮੈਂ ਜਿੰਨਾ ਚਿਰ *ਅਜੀਤ* ਉਪਰ ਨਿਗਾਹ ਨਾ ਮਾਰ ਲਵਾਂ, ਮੇਰੀ ਤਸੱਲੀ ਨਹੀਂ ਹੁੰਦੀ।

# ਨਿਊ ਸਾਊਥ ਵੇਲਜ਼

ਨਿਊ ਸਾਊਥ ਵੇਲਜ਼ ਆਸਟ੍ਰੇਲੀਆ ਦੇ ਪੂਰਬ ਵਾਲ਼ੇ ਪਾਸੇ, ਪ੍ਰਸ਼ਾਂਤ ਮਹਾਂ ਸਾਗਰ ਦੇ ਪੂਰਬੀ ਕਿਨਾਰੇ ਉਪਰ, ਸਭ ਤੋਂ ਵਧ ਆਬਾਦੀ ਵਾਲ਼ੀ ਸਟੇਟ ਹੈ। ਇਹ ਉਤਰ ਵੱਲ ਕਵੀਨਜ਼ਲੈਂਡ ਸਟੇਟ ਦੇ ਨਾਲ਼ ਲੱਗਵੇਂ ਟਾਊਨ ਟਵੀਡਹੈਡ ਤੋਂ ਸ਼ੁਰੂ ਹੋ ਕੇ ਦੱਖਣ ਵਿਚ ਆਲਬਰੀ ਟਾਊਨ ਅਤੇ ਪੱਛਮ ਵੱਲ ਸਾਊਥ ਆਸਟ੍ਰੇਲੀਆ ਦੇ ਟਾਊਨ ਮਿਲਡੂਰਾ, ਜਿਥੇ ਦਾਨੀ ਸੱਜਣ ਗਰੇਵਾਲ ਭਰਾਵਾਂ ਦੇ ਫ਼ਾਰਮ ਹਨ, ਤੱਕ ਫੈਲੀ ਹੋਈ ਹੈ।

ਆਸਟ੍ਰੇਲੀਆ ਦੀ ਫ਼ੈਡਰਲ ਰਾਜਧਾਨੀ ਵਾਲ਼ਾ ਸ਼ਹਿਰ, ਵਿਕਟੋਰੀਆ ਸਟੇਟ ਦੀ ਰਾਜਧਾਨੀ, ਇਸ ਦੇ ਦੂਜੇ ਨੰਬਰ ਦੇ ਸ਼ਹਿਰ ਮੈਲਬਰਨ ਵਾਲ਼ੇ ਪਾਸੇ, ਤਕਰੀਬਨ ਸਿਡਨੀ ਅਤੇ ਮੈਲਬਰਨ ਦੇ ਵਿਚਕਾਰੇ ਜਿਹੇ, 'ਆਸਟ੍ਰੇਲੀਅਨ ਕੈਪੀਟਲ ਟੈਰਾਟਰੀ' ਵਿਚ ਨਵਾਂ ਵਸਾਇਆ ਗਿਆ, ਕੈਨਬਰਾ ਵੀ ਇਸ ਸਟੇਟ ਦੇ ਇਲਾਕੇ ਦੇ ਅੰਦਰ ਪੈਂਦਾ ਹੈ।

ਆਸਟ੍ਰੇਲੀਆ ਦੀਆਂ ਪਹਿਲਾਂ ਸਾਰੀਆਂ ਸਟੇਟਾਂ ਵੱਖ ਵੱਖ ਕਾਲੋਨੀਆਂ ਦੇ ਰੂਪ ਵਿਚ ਇੰਗਲੈਂਡ ਦੇ ਅਧੀਨ ਹੁੰਦੀਆਂ ਸਨ ਪਰ ੧ ਜਨਵਰੀ, ੧੯੦੧ ਵਿਚ ਸਾਰੀਆਂ ਸਟੇਟਾਂ ਨੇ ਰਲ਼ ਕੇ, 'ਕਾਮਨਵੈਲਥ ਆਫ਼ ਆਸਟ੍ਰੇਲੀਆ' ਨਾਂ ਰੱਖ ਕੇ ਇਕ ਮੁਲਕ ਬਣਾਇਆ ਤਾਂ ਇਹ ਸਟੇਟ ਵੀ ਇਸ ਦਾ ਹਿੱਸਾ ਬਣੀ।

ਨਿਊਜ਼ੀਲੈਂਡ, ਪਹਿਲਾਂ ਨਿਊ ਸਾਊਥ ਵੇਲਜ਼ ਕਾਲੋਨੀ ਦਾ ਹਿੱਸਾ ਹੁੰਦਾ ਸੀ। ਇਸ ਕਾਲੋਨੀ ਦੇ ਗਵਰਨਰ ਦਾ ਦਫ਼ਤਰ ਸਿਡਨੀ ਵਿਚ ਅਤੇ ਲੈਫ਼ਟੀਨੈਂਟ ਗਵਰਨਰ ਦਾ ਦਫ਼ਤਰ ਔਕਲੈਂਡ ਵਿਚ ਹੁੰਦਾ ਸੀ। ਨਿਊਜ਼ੀਲੈਂਡ ਨੇ ਇਸ ਕਾਮਨਵੈਲਥ ਤੋਂ ਬਾਹਰ ਰਹਿਣਾ ਚੁਣਿਆਂ ਤੇ ਹੁਣ ਉਹ ਵੱਖਰਾ ਮੁਲਕ ਹੈ।

ਇਸ ਸਟੇਟ ਦੀ ਰਾਜਧਾਨੀ, ਆਸਟ੍ਰੇਲੀਆ ਦਾ ਸਭ ਤੋਂ ਵੱਡਾ ਸ਼ਹਿਰ ਸਿਡਨੀ ਹੈ ਜਿਸ ਦੀ ਆਬਾਦੀ, ਮਾਰਚ ੨੦੧੭ ਅਨੁਸਾਰ, ੭.੮ ਮਿਲੀਅਨ ਹੈ, ਇਸ ਸਟੇਟ ਨੂੰ ਸਭ ਤੋਂ ਵਧ ਆਬਾਦੀ ਵਾਲ਼ਾ ਬਣਾ ਦਿੰਦਾ ਹੈ। ਤਕਰੀਬਨ ਪੰਜ ਮਿਲੀਅਨ ਆਬਾਦੀ ਗਰੇਟਰ ਸਿਡਨੀ ਵਿਚ ਹੀ ਵੱਸਦੀ ਹੈ।

੧੭੭੦ ਵਿਚ, ਲੈਫ਼ਟੀਨੈਂਟ ਜੇਮਸ ਕੁੱਕ, ਆਪਣੀ ਪਹਿਲੀ ਪ੍ਰਸ਼ਾਂਤ ਮਹਾਂਸਾਗਰ ਦੀ ਯਾਤਰਾ ਦੌਰਾਨ, ਸਭ ਤੋਂ ਪਹਿਲਾਂ ਸਿਡਨੀ ਵਿਚ ਹੀ ਉਤਰਿਆ ਸੀ ਤੇ ਸਾਰੇ ਪੂਰਬੀ ਕਿਨਾਰੇ ਨੂੰ ਉਸ ਨੇ ਬ੍ਰਿਟਿਸ਼ ਕਰਾਊਨ ਦੀ ਮਾਲਕੀ ਐਲਾਨ ਕਰ ਦਿਤਾ ਸੀ ਅਤੇ ਇਸ ਇਲਾਕੇ ਦਾ ਨਾਂ 'ਨਿਊ ਸਾਊਥ ਵੇਲਜ਼' ਰੱਖ ਦਿਤਾ ਸੀ।

੧੭੮੮ ਵਿਚ ਪਹਿਲਾ ਜਹਾਜ਼ ਏਥੇ, ਵਲੈਤ ਦੀ ਸਰਕਾਰ ਦੀਆਂ ਨਜ਼ਰਾਂ ਵਿਚ ਦੋਸ਼ੀ ਵਿਅਕਤੀਆਂ ਨਾਲ਼ ਭਰ ਕੇ, ਆਰਥਰ ਫਿਲਿਪ, ਬੌਟਨੀ ਬੇ ਲੈ ਕੇ ਆਇਆ ਤੇ ਇਸ ਥਾਂ

ਨੂੰ ਵਲੈਤੀ ਦੋਸ਼ੀਆਂ ਦੀ ਕਾਲੋਨੀ ਦੇ ਰੂਪ ਵਿਚ ਵਸਾਇਆ ਤੇ 'ਫ਼ਸਟ ਵਿਚਕਾਊਂਟ ਸਿਡਨੀ' ਦੇ ਨਾਂ 'ਤੇ, ਉਸ ਦੀ ਯਾਦ ਵਜੋਂ, ਇਸ ਕਾਲੋਨੀ ਦਾ ਨਾਂ ਨਿਊ ਸਾਊਥ ਵੇਲਜ਼ ਰੱਖਿਆ। ਇਹ ਆਸਟ੍ਰੇਲੀਆ ਵਿਚ ਯੂਰਪੀਅਨ ਦੋਸ਼ੀਆਂ ਨੂੰ ਵਸਾਉਣ ਦੀ ਪਹਿਲੀ ਕਾਲੋਨੀ ਬਣੀ। ਨਿਊ ਸਾਊਥ ਵੇਲਜ਼ ਵਿਚ ਯੂਰਪ ਦੇ ਕੈਦੀਆਂ ਦੀ ਆਮਦ ੧੮੪੨ ਵਿਚ ਸਿਡਨੀ ਨੂੰ ਇਨਕਾਰਪੋਰੇਟਡ ਸਿਟੀ ਐਲਾਨ ਕੀਤੇ ਜਾਣ ਦੇ ਛੇਤੀ ਹੀ ਪਿਛੋਂ, ਇਸ ਨੂੰ 'ਕ੍ਰਿਮੀਨਲ ਕਾਲੋਨੀ' ਵਜੋਂ ਬੰਦ ਕੀਤਾ ਗਿਆ। ੧੮੫੧ ਵਿਚ ਗੋਲਡ ਰਸ਼ ਦੇ ਆਉਣ ਨਾਲ਼, ਅਗਲੀ ਸਦੀ ਵਿਚ ਸਿਡਨੀ ਕਾਲੋਨੀਅਲ ਆਊਟ ਪੋਸਟ ਤੋਂ ਮੇਜਰ ਸਭਿਆਚਾਰਕ ਤੇ ਆਰਥਿਕ, ਸੈਂਟਰ ਬਣ ਗਿਆ। ਦੂਜੀ ਸੰਸਾਰ ਜੰਗ ਤੋਂ ਪਿਛੋਂ ਇਕ ਦਮ ਬਾਹਰਲੇ ਲੋਕਾਂ ਦੇ ਆਉਣ ਨਾਲ਼ ਇਹ ਮਲਟੀ ਕਲਚਰਲ ਸ਼ਹਿਰ ਦੇ ਰੂਪ ਵਿਚ ਵਿਕਸਤ ਹੋ ਗਿਆ। ੨੦੧੧ ਦੀ ਜਨ ਗਣਨਾ ਸਮੇ ਸਿਡਨੀ ਦੇ ਵਸਨੀਕ ੨੫੦ ਭਾਸ਼ਾਵਾਂ ਬੋਲਣ ਵਾਲ਼ੇ ਸਨ। ਤਕਰੀਬਨ ੪੦% ਆਪਣੇ ਘਰਾਂ ਵਿਚ ਅੰਗ੍ਰੇਜ਼ੀ ਤੋਂ ਇਲਾਵਾ ਕੋਈ ਆਪਣੀ ਭਾਸ਼ਾ ਬੋਲਦੇ ਸਨ। ੩੬% ਲੋਕ ਸਮੁੰਦਰੋਂ ਪਾਰ ਦੇ ਮੁਲਕ ਵਿਚ ਪੈਦਾ ਹੋਏ ਲੋਕ ਸਨ।

ਲਾਰਡ ਹੋ ਨਾਮੀ ਟਾਪੂ ਤੇ ਨਿਊ ਸਾਊਥ ਵੇਲਜ਼ ਦਾ ਹਿੱਸਾ ਹੈ ਜਦੋਂ ਕਿ ਨੌਰਫ਼ੋਕ ਟਾਪੂ, ਆਸਟ੍ਰੇਲੀਅਨ ਕੈਪੀਟਲ ਟੈਰਾਟਰੀ ਵਿਚ ਸ਼ਾਮਲ ਕੀਤਾ ਗਿਆ ਹੈ।

ਯੂਰੋਪੀਅਨਾਂ ਦੇ ਏਥੇ ਆਉਣ ਤੋਂ ਪਹਿਲਾਂ, ਆਸਟ੍ਰੇਲੀਆ ਦੇ ਅਸਲੀ ਵਸਨੀਕ ਐਬੋਰੀਜਨਜ਼ ਦਾ ਏਥੇ ਵਾਸਾ ਹੋਣ ਦੇ ਸਬੂਤ ਤਕਰੀਬਨ ੪੦,੦੦੦; ੬੦,੦੦੦ ਪਹਿਲਾਂ ਤੱਕ ਦੇ ਮਿਲ਼ੇ ਹਨ। ਗੋਰਿਆਂ ਦੇ ਏਥੇ ਆਉਣ ਤੋਂ ਪਹਿਲਾਂ ਤਕਰੀਬਨ ਢਾਈ ਲੱਖ ਐਬੋਰੀਜਨਜ਼ ਏਥੇ ਵੱਸਦੇ ਸਨ। ਇਹਨਾਂ ਦੇ ਵੱਖ ਵੱਖ ਕਬੀਲੇ ਸਨ ਤੇ ਇਹਨਾਂ ਦੀਆਂ ਆਪਣੀਆਂ ਵੱਖ-ਵੱਖ ਬੋਲੀਆਂ ਸਨ।

ਹੁਣ ਹਰ ਪ੍ਰਕਾਰ ਦੀਆਂ, ਵਾਪਾਰਕ, ਵਿੱਦਿਅਕ, ਸਭਿਆਚਾਰਕ, ਖੇਡਾਂ ਆਦਿ ਸਾਰੀਆਂ ਸਰਗਰਮੀਆਂ ਨਾਲ਼ ਭਰਪੂਰ ਸ਼ਹਿਰ ਹੈ ਸਿਡਨੀ। ਸਤੰਬਰ ੨੦੦੦ ਵਿਚ ਏਥੇ ਓਲੰਪਕ ਖੇਡਾਂ ਹੋਈਆਂ, ਜੇਹੜੀਆਂ ਉਸ ਸਮੇ ਤੱਕ ਹੋ ਚੁੱਕੀਆਂ ਅਜਿਹੀਆਂ ਖੇਡਾਂ ਨਾਲ਼ੋਂ, ਇਸ ਦੇ ਪ੍ਰਧਾਨ ਦੇ ਸ਼ਬਦਾਂ ਵਿਚ, ਵਧੇਰੇ ਸਫਲ ਸਮਝੀਆਂ ਗਈਆਂ। ਇਸ ਸਾਲ ਦੀਆਂ ਸਾਲਾਨਾ ਸਿੱਖ ਖੇਡਾਂ ਵੀ ਸਿਡਨੀ ਵਿਚ ਹੀ ਹੋਈਆਂ। ਇਹ ਸਿੱਖ ਖੇਡਾਂ ਵੀ ੧੯੮੮ ਤੋਂ ਲੈ ਕੇ ਜਦੋਂ ਸਾਊਥ ਆਸਟ੍ਰੇਲੀਆ ਦੀ ਰਾਜਧਾਨੀ, ਐਡੀਲੇਡ ਵਿਚ ਸ਼ੁਰੂ ਹੋਈਆਂ ਸਨ, ਵਧਦੀਆਂ ਵਧਦੀਆਂ ਹਰ ਪੱਖੋਂ ਸਭ ਤੋਂ ਵਧੇਰੇ ਸਫਲ ਰਹੀਆਂ। ਇਸ ਸਫਲਤਾ ਵਿਚ ਸਭ ਤੋਂ ਵਧੇਰੇ ਯੋਗਦਾਨ ਸਿਡਨੀ ਦੀ ਲੋਕਲ ਕਮੇਟੀ ਦਾ ਹੈ।

ਇਸ ਸਟੇਟ ਦੇ ਟਾਊਨ ਗ੍ਰਿਫ਼ਿਥ ਵਿਚ ਵੀ ਹਰੇਕ ਸਾਲ, ਜੂਨ ਦੇ ਪਹਿਲੇ ਵੀਕਐਂਡ 'ਤੇ ਸ਼ਹੀਦੀ ਟੂਰਨਾਮੈਂਟ ਵੀ ਕਰਵਾਇਆ ਜਾਂਦਾ ਹੈ ਜੋ ਆਪਣੀ ਮਿਸਾਲ ਆਪ ਹੀ ਹੁੰਦਾ ਹੈ।

ਨਿਊ ਸਾਊਥ ਵੇਲਜ਼ ਵਿਚ ਸਿਡਨੀ ਤੋਂ ਇਲਾਵਾ ਹੋਰ ਵੀ ਪ੍ਰਮੁਖ ਸ਼ਹਿਰ ਅਤੇ ਟਾਊਨ ਹਨ, ਜਿਨ੍ਹਾਂ ਵਿਚੋਂ ਆਰਮੀਡੇਲ, ਬਾਥਹਸਟ, ਬੌਰਲ, ਗੋਲਬਰਨ, ਇਨਵਰਲ, ਔਰਿੰਜ, ਕਵੀਨਬਿਅਨ, ਟੈਮਵਰਥ, ਕਫ਼ਸ ਹਾਰਬਰ, ਗ੍ਰਿਫ਼ਿਥ, ਨਿਊ ਕਾਸਲ, ਵੂਲਨਗੌਂਗ, ਮੁਰਵਿਲੰਭਾ, ਕੌਰਾ ਆਦਿ ਵਰਨਣ ਯੋਗ ਹਨ। ਗ੍ਰਿਫ਼ਿਥ, ਅਤੇ ਕਫ਼ਸ ਹਾਰਬਰ ਦੇ ਨੇੜੇ ਵੂਲਗੂਲਗਾ ਟਾਊਨ ਵਿਚ ਸਿੱਖਾਂ ਦੀ ਸੱਬਰਕੱਤੀ ਆਬਾਦੀ ਹੈ ਜਿਨ੍ਹਾਂ ਦੇ ਆਪਣੇ ਫ਼ਾਰਮ ਹਨ। ਆਸਟ੍ਰੇਲੀਆ ਦਾ ਸਭ ਤੋਂ ਪਹਿਲਾ ਗੁਰਦੁਆਰਾ 'ਫ਼ਸਟ ਸਿੱਖ ਟੈਂਪਲ' ਵੀ ਵੂਲਗੂਲਗਾ ਵਿਚ ਸੁਸ਼ੋਭਤ ਹੈ। ਬਾਅਦ ਵਿਚ ਓਥੇ ਇਕ ਹੋਰ ਗੁਰਦੁਆਰਾ ਵੀ ਉਸਾਰਿਆ ਗਿਆ ਜੋ ਹਾਈਵੇ ਤੋਂ ਦਰਸ਼ਨ ਦੇ ਰਿਹਾ ਹੈ ਤੇ ਉਸ ਇਲਾਕੇ ਵਿਚ ਇਕ ਵਿਸ਼ੇਸ਼ ਆਈਕਨ ਕਰਕੇ ਜਾਣਿਆਂ ਜਾਂਦਾ ਹੈ।

ਇਸ ਸਮੇ ਇਸ ਸਟੇਟ ਵਿਚ, ਉਤਰ ਵਿਚ ਮੁਰਵਿਲੰਭਾ ਤੋਂ ਲੈ ਕੇ ਦੱਖਣ ਆਲਬਰੀ ਅਤੇ ਦੱਖਣ ਪੱਛਮ ਵਿਚ ਗ੍ਰਿਫ਼ਿਥ ਤੱਕ, ਇਕ ਦਰਜਨ ਤੋਂ ਵਧੇਰੇ ਗੁਰਦੁਆਰਾ ਸਾਹਿਬ ਸੁਸ਼ੋਭਤ ਹਨ, ਜਿਥੇ ਸੰਗਤਾਂ ਦੀ ਗਹਿਮਾ ਗਹਿਮੀ ਰਹਿੰਦੀ ਹੈ। ਮੰਦਰਾਂ, ਮਸੀਤਾਂ, ਸਾਈਨਾਗੌਗਾਂ ਤੋਂ ਇਲਾਵਾ, ਅਣਗਿਣਤ ਚਰਚ ਹਨ। ਡੇਢ ਦਰਜਨ ਯੂਨੀਵਰਸਟੀਆਂ, ਅਨੇਕਾਂ ਕਾਲਜ, ਸਕੂਲ ਹਨ ਜੋ ਵਿੱਦਿਆ ਦਾ ਚਾਨਣ ਵੰਡ ਰਹੇ ਹਨ।

# ਆਸਟ੍ਰੇਲੀਆ ਦਾ ਸਭ ਤੋਂ ਵੱਡਾ ਸ਼ਹਿਰ ਸਿਡਨੀ

ਸਿਡਨੀ, ਆਸਟ੍ਰੇਲੀਆ ਦੀ ਸਭ ਤੋਂ ਵੱਧ ਆਬਾਦੀ ਵਾਲ਼ੀ ਸਟੇਟ, ਨਿਊ ਸਾਊਥ ਵੇਲਜ਼ ਦੀ ਰਾਜਧਾਨੀ, ਆਸਟ੍ਰੇਲੇਸ਼ੀਆ ਦਾ ਸਭ ਤੋਂ ਵੱਧ ਆਬਾਦੀ ਵਾਲ਼ਾ, ਬਿਜ਼ਨਿਸ ਤੇ ਇੰਡਸਟ੍ਰੀਅਲ ਕੈਪੀਟਲ ਅਤੇ ਗੇਟਵੇ ਟੂ ਆਸਟ੍ਰੇਲੀਆ ਕਰਕੇ ਜਾਣਿਆਂ ਜਾਂਦਾ ਹੈ। ਇਹ ਆਸਟ੍ਰੇਲੀਆ ਦੇ ਪੂਰਬੀ ਕਿਨਾਰੇ ਉਪਰ ਸਥਿਤ ਹੈ।

ਸਿਡਨੀ ਸੰਸਾਰ ਦੇ ਸਭ ਤੋਂ ਮਹਿੰਗੇ ਸ਼ਹਿਰਾਂ ਵਿਚੋਂ ਇਕ ਹੈ।

ਇਹ ਮੈਟਰੋਪੌਲਿਸ, ਪੋਰਟ ਜੈਕਸਨ ਤੋਂ ਲੈ ਕੇ, ਪੱਛਮ ਵਿਚ ਬਲੂ ਮਾਊਂਟੇਨ ਤੱਕ, ਹੌਕਸਬਰੀ ਉਤਰ ਅਤੇ ਦੱਖਣ ਵਿਚ ਮੈਕਾਰਥਰ ਤੱਕ ੭੦ ਕਿਲੋਮੀਟਰ ਤੱਕ ਫੈਲਿਆ ਹੋਇਆ ਹੈ। ਇਸ ਦੇ ਪੂਰਬ ਵਿਚ ਪ੍ਰਸ਼ਾਂਤ ਮਹਾਂ ਸਾਗਰ ਹੈ। ਸਿਡਨੀ ਦੇ ੬੫੮ ਸਬਅਰਬ, ੪੦ ਲੋਕਲ ਗੌਰਮੈਂਟ ਏਰੀਆਂ ਵਿਚ ਵੰਡਿਆ ਹੋਇਆ ਹੈ। ਇਸ ਦੇ ਵਸਨੀਕਾਂ ਨੂੰ ‘ਸਿਡਨੀ ਸਾਈਡਰਜ਼’ ਕਰਕੇ ਜਾਣਿਆ ਜਾਂਦਾ ਹੈ। ਜੂਨ ੨੦੧੭ ਦੀ ਜਨਗਣਨਾ ਅਨੁਸਾਰ ਇਸ ਦੀ ਆਬਾਦੀ ੫੧੩੧੩੨੬ ਸੀ।

ਆਸਟ੍ਰੇਲੀਆ ਦੇ ਮੁਢਲੇ ਵਸਨੀਕ, ਜਿਨ੍ਹਾਂ ਨੂੰ ਐਬੋਰੀਜਨਜ਼ ਆਖਿਆ ਜਾਂਦਾ ਹੈ, ਉਹਨਾਂ ਦਾ ਵਾਸਾ ਏਥੇ ੩੦,੦੦੦ ਸਾਲਾਂ ਤੋਂ ਹੋਣ ਦੇ ਸਬੂਤ ਮਿਲ਼ੇ ਹਨ।

੧੭੭੦ ਵਿਚ, ਲੈਫ਼ਟੀਨੈਂਟ ਜੇਮਸ ਕੁੱਕ, ਆਪਣੀ ਪਹਿਲੀ ਪ੍ਰਸ਼ਾਂਤ ਮਹਾਂਸਾਗਰ ਦੀ ਯਾਤਰਾ ਦੌਰਾਨ, ਸਭ ਤੋਂ ਪਹਿਲਾਂ ਸਿਡਨੀ ਵਿਚ ਹੀ ਉਤਰਿਆ ਸੀ ਤੇ ਸਾਰੇ ਪੂਰਬੀ ਕਿਨਾਰੇ ਨੂੰ ਉਸ ਨੇ ਬ੍ਰਿਟਿਸ਼ ਕਰਾਊਨ ਦੀ ਮਾਲਕੀ ਐਲਾਨ ਕਰ ਦਿਤਾ ਅਤੇ ਇਸ ਇਲਾਕੇ ਦਾ ਨਾਂ ‘ਨਿਊ ਸਾਊਥ ਵੇਲਸ’ ਰੱਖ ਦਿਤਾ ਸੀ।

੧੭੮੮ ਵਿਚ ਪਹਿਲਾ ਜਹਾਜ਼ ਏਥੇ ਵਲੈਤੀ ਸਰਕਾਰੀ ਨਜ਼ਰਾਂ ਵਿਚ ਦੋਸ਼ੀ ਵਿਅਕਤੀਆਂ ਨਾਲ਼ ਭਰ ਕੇ, ਆਰਥਰ ਫਿਲਿਪ, ਬੌਟਨੀ ਬੇ ਲੈ ਕੇ ਆਇਆ ਤੇ ਇਸ ਥਾਂ ਨੂੰ ਵਲੈਤੀ ਦੋਸ਼ੀਆਂ ਦੀ ਕਾਲੋਨੀ ਦੇ ਰੂਪ ਵਿਚ ਵਸਾਇਆ ਤੇ ‘ਫ਼ਸਟ ਵਿਚਕਾਊਂਟ ਸਿਡਨੀ’ ਦੇ ਨਾਂ ’ਤੇ, ਉਸ ਦੀ ਯਾਦ ਵਜੋਂ, ਇਸ ਕਾਲੋਨੀ ਦਾ ਨਾਂ ਸਿਡਨੀ ਰੱਖਿਆ। ਇਹ ਆਸਟ੍ਰੇਲੀਆ ਵਿਚ ਯੂਰਪੀਅਨ ਦੋਸ਼ੀਆਂ ਨੂੰ ਵਸਾਉਣ ਦੀ ਪਹਿਲੀ ਕਾਲੋਨੀ ਬਣੀ। ਨਿਊ ਸਾਊਥ ਵਿਚ ਯੂਰਪ ਦੇ ਕੈਦੀਆਂ ਦੀ ਆਮਦ ੧੮੪੨ ਵਿਚ ਸਿਡਨੀ ਨੂੰ ਇਨਕਾਰਪੋਰੇਟਡ ਸਿਟੀ ਐਲਾਨ ਕੀਤੇ ਜਾਣ ਦੇ ਛੇਤੀ ਹੀ ਪਿਛੋਂ ਬੰਦ ਕੀਤੀ ਗਈ।

੧੮੫੧ ਵਿਚ ਗੋਲਡ ਰਸ਼ ਦੇ ਆਉਣ ਨਾਲ਼, ਅਗਲੀ ਸਦੀ ਵਿਚ ਸਿਡਨੀ ਕਲੋਨੀਅਲ ਆਊਟ ਪੋਸਟ ਤੋਂ ਮੇਜਰ ਸਭਿਆਚਾਰਕ ਤੇ ਆਰਥਿਕ, ਸੈਂਟਰ ਬਣ ਗਿਆ। ਦੂਜੀ ਸੰਸਾਰ ਜੰਗ ਤੋਂ ਪਿਛੋਂ ਇਕ ਦਮ ਬਾਹਰਲੇ ਲੋਕਾਂ ਦੇ ਆਉਣ ਨਾਲ਼ ਸੰਸਾਰ ਦੀ

ਮਲਟੀ ਕਲਚਰਲ ਸ਼ਹਿਰ ਦੇ ਰੂਪ ਵਿਚ ਵਿਕਸਤ ਹੋ ਗਿਆ। ੨੦੧੧ ਦੀ ਜਨ ਗਣਨਾ ਸਮੇ ਸਿਡਨੀ ਦੇ ਵਸਨੀਕ ੨੫੦ ਭਾਸ਼ਾਵਾਂ ਬੋਲਣ ਵਾਲ਼ੇ ਸਨ। ਤਕਰੀਬਨ ੪੦% ਆਪਣੇ ਘਰਾਂ ਵਿਚ ਅੰਗ੍ਰੇਜ਼ੀ ਤੋਂ ਇਲਾਵਾ ਕੋਈ ਆਪਣੀ ਭਾਸ਼ਾ ਬੋਲਦੇ ਸਨ। ੩੬% ਲੋਕ ਸਮੁੰਦਰੋਂ ਪਾਰ ਦੇ ਮੁਲਕ ਵਿਚ ਪੈਦਾ ਹੋਏ ਲੋਕ ਸਨ।

ਹਰ ਪ੍ਰਕਾਰ ਦੀਆਂ, ਵਾਪਾਰਕ, ਵਿੱਦਿਅਕ, ਸਭਿਆਚਾਰਕ, ਖੇਡਾਂ ਆਦਿ ਸਾਰੀਆਂ ਸਰਗਰਮੀਆਂ ਨਾਲ਼ ਭਰਪੂਰ ਸ਼ਹਿਰ ਹੈ ਸਿਡਨੀ। ਸਤੰਬਰ ੨੦੦੦ ਵਿਚ ਏਥੇ ਓਲੰਪਕ ਖੇਡਾਂ ਹੋਈਆਂ, ਜੇਹੜੀਆਂ ਉਸ ਸਮੇ ਤੱਕ ਹੋ ਚੁੱਕੀਆਂ ਅਜਿਹੀਆਂ ਖੇਡਾਂ ਨਾਲ਼ੋਂ, ਇਸ ਦੇ ਪ੍ਰਧਾਨ ਦੇ ਸ਼ਬਦਾਂ ਵਿਚ, ਵਧੇਰੇ ਸਫਲ ਸਮਝੀਆਂ ਗਈਆਂ।

੨੦੧੮ ਵਾਲ਼ੀਆਂ ਸਾਲਾਨਾ ਸਿੱਖ ਖੇਡਾਂ ਵੀ ਸਿਡਨੀ ਵਿਚ ਹੀ ਹੋਈਆਂ ਹਨ। ਇਹਨਾਂ ਖੇਡਾਂ ਸਮੇ ਹੀ, "ਦੂਰ ਸੁਣੀਦੇ ਨੇੜੇ ਆਏ" ਦੇ ਮੁਹਾਵਰੇ ਅਨੁਸਾਰ, ਸ. ਪ੍ਰਭਜੋਤ ਸਿੰਘ ਸੰਧੂ ਜੀ, ਸ. ਮਨਮੋਜਾ ਸਿੰਘ ਜੌਹਲ ਅਤੇ ਡਾਕਟਰ ਦਰਸ਼ਨ ਬੜੀ ਨੂੰ ਲੈ ਕੇ ਮੇਰੇ ਝੌਂਪੜੇ ਵਿਚ ਪਧਾਰੇ। ਜੌਹਲ ਸਾਹਿਬ ਦਾ ਨਾਂ ਤੇ ਸੁਣਿਆਂ ਹੋਇਆ ਸੀ ਤੇ ਫ਼ੇਸਬੁੱਕ ਰਾਹੀਂ ਸਾਡੀ ਚੁੰਝ ਚਰਚਾ ਵੀ ਕਦੀ ਕਦਾਈਂ ਹੁੰਦੀ ਰਹਿੰਦੀ ਸੀ ਪਰ ਉਹਨਾਂ ਦੇ ਪ੍ਰਤੱਖ ਦਰਸ਼ਨ ਇਸ ਸਮੇ ਹੀ ਹੋਏ। ਡਾ. ਦਰਸ਼ਨ ਬੜੀ ਬਾਰੇ ਪਹਿਲੀ ਵਾਰ ਹੀ ਜਾਣਕਾਰੀ ਹੋਈ।

ਸਾਡੀ ਇਹ ਮੁਲਾਕਤ ਕਿਵੇਂ ਹੋਈ! ਇਸ ਦਾ ਵਰਨਣ, ਜੌਹਲ ਜੀ ਨੇ ਆਪਣੀ ਲੰਮੀ ਲੇਖ ਲੜੀ 'ਸਿਡਨੀ ਦੇ ਰੰਗ' ਵਿਚ ਕੀਤਾ ਹੈ।

ਮੇਰੀ ਜਾਣਕਾਰੀ ਅਨੁਸਾਰ ਇਸ ਸ਼ਹਿਰ ਵਿਚ ਅੱਠ ਯੂਨੀਵਰਸਟੀਆਂ ਹਨ ਤੇ ਦੋ ਬਿਲਕੁਲ ਲਾਗਲੇ ਛੋਟੇ ਚਾਰ ਸ਼ਹਿਰਾਂ ਵਿਚ ਵੀ ਹਨ। ਕਾਲਜਾਂ ਦਾ ਕੋਈ ਪਾਰਾਵਾਰ ਨਹੀਂ।

ਛੇ ਗੁਰਦੁਆਰੇ ਆਪਣੀਆਂ ਇਮਾਰਤਾਂ ਵਿਚ ਰੌਣਕ ਵਧਾ ਰਹੇ ਹਨ ਤੇ ਕੁਝ ਸਥਾਨਾਂ 'ਤੇ ਹੋਰ ਵੀ ਦੀਵਾਨ ਸੱਜਦੇ ਹਨ। ਇਹਨਾਂ ਸਾਰੇ ਗੁਰਦੁਆਰਾ ਸਾਹਿਬਾਨ ਵਿਚ ਰੋਜ਼ਾਨਾ ਦੋ ਵੇਲ਼ੇ ਦੀਵਾਨ ਸਜਦੇ ਹਨ ਤੇ ਸੱਤੇ ਦਿਨ ਸਾਰਾ ਦਿਨ ਲੰਗਰ ਵਰਤਦਾ ਹੈ। ਛਨਿਛਰਵਾਰ ਅਤੇ ਐਤਵਾਰ ਹਰੇਕ ਗੁਰਦੁਆਰਾ ਸਾਹਿਬ ਜਾਈਏ ਤਾਂ ਅੰਮ੍ਰਿਤਸਰ ਬਣਿਆ ਹੀ ਨਜ਼ਰ ਆਉਂਦਾ ਹੈ। ਇਹ ਸਾਰੀਆਂ ਰੌਣਕਾਂ ਏਥੇ ਵਿਦਿਆਰਥੀਆਂ ਦੇ ਆਉਣ ਨਾਲ਼ ਹੀ ਬਣੀਆਂ ਹਨ। ਅਕਤੂਬਰ ੧੯੭੯ ਵਿਚ ਜਦੋਂ ਮੈਂ ਆਪਣੇ ਛੋਟੇ ਭਰਾ ਸਮੇਤ ਏਥੇ ਆਇਆ ਤਾਂ ਉਸ ਸਮੇ ਕੋਈ ਪੱਗ ਵਾਲ਼ਾ ਬੜੀ ਮੁਸ਼ਕਲ ਨਾਲ਼ ਹੀ ਦਿਸਦਾ ਹੁੰਦਾ ਸੀ। ਇਕੋ ਗੁਰਦੁਆਰੇ ਵਿਚ ਮਹੀਨੇ ਦੇ ਦੋ ਐਤਵਾਰਾਂ ਨੂੰ ਹੀ ਦੀਵਾਨ ਸਜਦਾ ਸੀ ਤੇ ਲੰਗਰ ਜੇ ਕੋਈ ਪ੍ਰੇਮੀ ਘਰੋਂ ਬਣਾ ਕੇ ਲਿਆਏ ਤਾਂ ਹੀ ਵਰਤਿਆ ਕਰਦਾ ਸੀ। ਹੁਣ ਤੇ ਨਵੇਂ ਆਏ ਸੱਜਣ ਅਤੇ ਬੱਚੇ ਗੁਰਦੁਆਰੇ ਗਏ ਨੂੰ ਮੈਨੂੰ ਵੀ ਪੁੱਛ ਲੈਂਦੇ ਹਨ, "ਕੀ ਤੁਸੀਂ ਬੱਚਿਆਂ ਨੂੰ ਮਿਲਣ ਆਏ ਹੋ?" ਗੁਰਦੁਆਰਿਆਂ ਤੋਂ ਇਲਾਵਾ ਤਿੰਨ ਹਿੰਦੂ ਮੰਦਰ ਹਨ ਤੇ ਪੰਜਾਬੀ ਮੁਸਲਮਾਨਾਂ ਦੀਆਂ ਮਸੀਤਾਂ ਵੀ ਹਨ। ਈਸਾਈਆਂ ਦੇ ਚਰਚਾਂ ਨੂੰ ਤਾਂ ਸ਼ਾਇਦ ਗਿਣਿਆ ਵੀ ਨਾ ਜਾ ਸਕੇ।

ਜਦੋਂ ਅਗਸਤ ੧੯੯੦ ਵਿਚ, ੨੫ ਡਾਲਰ ਫ਼ੀਸ ਭਰ ਕੇ, ਇਕ ਬੀਬੀ ਦੇ ਟਰੇਨਿੰਗ ਸੈਂਟਰ 'ਚੋਂ ਵਲੈਤੀ ਝਾੜੂ ਚਲਾਉਣ ਦੀ ਟਰੇਨਿੰਗ ਲੈ ਕੇ, ਮੈਂ ਇਕ ਸਟੋਰ ਵਿਚ ਆਰਜ਼ੀ ਮਜ਼ਦੂਰੀ 'ਤੇ ਲੱਗਾ ਤਾਂ ਇਕ ਸੈਕਿਉਰਟੀ ਵਾਲ਼ਾ ਗੋਰਾ ਹੈਰਾਨੀ ਨਾਲ਼ ਦੂਜੇ ਸੈਕਿਉਰਟੀ ਵਾਲ਼ੇ ਨੂੰ ਬੋਲਿਆ, "ਇਹ ਮਿਸਟਰ ਸਿੰਘ ਏਥੇ ਲੇਬਰ ਜੌਬ ਕਰਨ ਆਉਂਦਾ ਹੈ!" ਦੂਜੇ ਨੇ ਵੀ ਮੇਰੇ ਸਿਰ'ਤੇ ਨੀਲੀ ਪੱਗ ਤੇ ਮੂੰਹ 'ਤੇ ਖਿੱਲਰੀ ਹੋਈ ਦਾਹੜੀ ਵੱਲ ਵੇਖਦਿਆਂ ਹੈਰਾਨੀ ਪਰਗਟ ਕੀਤੀ। ਦੱਸਣ ਤੋਂ ਭਾਵ ਇਹ ਹੈ ਕਿ ਏਥੇ ਸਿੱਖੀ ਸਰੂਪ ਵਾਲ਼ੇ ਮਜ਼ਦੂਰ ਨੂੰ ਇਹਨਾਂ ਨੇ ਕਦੇ ਵੇਖਿਆ ਹੀ ਨਹੀਂ ਸੀ। ਹੁਣ ਤੇ ਗੁਰੂ ਦੀ ਕਿਰਪਾ ਹੈ। ਚਾਰੇ ਪਾਸੇ ਰੌਣਕਾਂ ਹੀ ਰੌਣਕਾਂ ਹਨ।

*ਸਿਰਸੇ ਵਾਲ਼ੇ ਨੂੰ ਸਜਾ ਸੁਣਾਏ ਜਾਣ ਤੋਂ ਪਹਿਲਾਂ ਦੇ ਹਾਲਾਤ ਉਪਰ ਚਾਨਣਾ ਪਾਉਣ ਵਾਲ਼ਾ, ਉਸ ਸਮੇ ਲਿਖਿਆ ਗਿਆ ਮੇਰਾ ਛੋਟਾ ਜਿਹਾ ਲੇਖ*

# ਹੋ-ਹੱਲਾ ਤੇ ਵਾ-ਵੇਲਾ

ਪਿਛਲੇ ਕੁਝ ਦਿਨਾਂ ਤੋਂ ਫ਼ੇਸਬੁੱਕ ਉਪਰ, ਪੰਝੀ ਅਗਸਤ ਨੂੰ ਕਿਸੇ ਅਦਾਲਤ ਤੋਂ, ਸਰਸੇ ਵਾਲ਼ੇ ਉਪਰ, ਉਸ ਦੀ ਇਕ ਚੇਲੀ ਵੱਲੋਂ, ਪੰਦਰਾਂ ਸਾਲ ਪਹਿਲਾਂ ਲਗਾਏ ਗਏ ਜਬਰਜਨਾਹ ਦੇ ਕੇਸ ਦੇ ਫ਼ੈਸਲੇ ਨੂੰ ਲੈ ਕੇ, ਵਾਹਵਾ ਕਾਵਾਂ ਰੌਲ਼ੀ ਪਾਈ ਜਾ ਰਹੀ ਹੈ। ਖ਼ਾਸ ਕਰਕੇ ਹਰਿਆਣੇ ਅਤੇ ਪੰਜਾਬ ਵਿਚ, ਅਮਨ ਕਾਨੂੰਨ ਨੂੰ ਖ਼ਤਰਾ ਸਮਝਿਆ ਜਾ ਰਿਹਾ ਹੈ। ਹਰਿਆਣੇ ਦਾ ਵਿਅਕਤੀ, ਹਰਿਆਣੇ ਦੀ ਸਾਧਣੀ, ਹਰਿਆਣੇ ਦੀ ਅਦਾਲਤ, ਪਰ ਵਿਚ ਘਸੀਟਿਆ ਪੰਜਾਬ ਨੂੰ ਜਾ ਰਿਹਾ ਹੈ, ਕਿਉਂ? ਮੇਰੀ ਸਮਝ ਵਿਚ ਇਹ ਨਹੀਂ ਆ ਰਿਹਾ ਕਿ ਉਸ ਦੀ ਇਕ ਸਾਬਕਾ ਚੇਲੀ ਦਾ ਕੇਸ, ਉਸ ਦਾ ਫ਼ੈਸਲਾ ਅਦਾਲਤ ਨੇ ਦੇਣਾ ਹੈ। ਫ਼ੈਸਲਾ ਉਸ ਦੇ ਹੱਕ ਵਿਚ ਵੀ ਹੋ ਸਕਦਾ ਹੈ ਤੇ ਉਸ ਦੇ ਖ਼ਿਲਾਫ਼ ਵੀ। ਜੋ ਧਿਰ ਫ਼ੈਸਲੇ ਨਾਲ਼ ਸਹਿਮਤ ਨਾ ਹੋਵੇ, ਉਹ ਉਚੇਰੀ ਅਦਾਲਤ ਵਿਚ ਵੀ ਜਾ ਸਕਦੀ ਹੈ। ਸਿੱਖਾਂ ਵੱਲੋਂ ਕਿਉਂ ਇਸ ਬਾਰੇ ਹੋ-ਹੱਲਾ ਮਚਾਇਆ ਜਾ ਰਿਹਾ ਹੈ! ਉਸ ਦੇ ਚੇਲੇ ਚੇਲੀਆਂ ਵੱਲੋਂ ਵੀ ਖ਼ੂਨ ਦੀਆਂ ਨਦੀਆਂ ਵਹਾ ਦੇਣ ਦੀਆਂ ਧਮਕੀਆਂ ਸੁਣੀਆਂ ਜਾ ਰਹੀਆਂ ਹਨ। ਸਮਝ ਨਹੀਂ ਆਉਂਦੀ ਕਿ ਉਹ ਕਿਸ ਦਾ ਖ਼ੂਨ ਵਹਾਉਣਗੇ!

ਜਿਥੋਂ ਤੱਕ ਸਿੱਖਾਂ ਦਾ ਸੰਬੰਧ ਹੈ, ਸਾਡਾ ਇਸ ਨਾਲ਼ ਕੋਈ ਲੈਣਾ ਦੇਣਾ ਨਹੀਂ। ਉਸ ਦੀ ਸਾਬਕਾ ਚੇਲੀ ਦਾ ਪੰਦਰਾਂ ਸਾਲ ਪੁਰਾਣਾ ਕੇਸ, ਅਦਾਲਤ ਨੇ ਫ਼ੈਸਲਾ ਦੇਣਾ ਹੈ ਤੇ ਸਰਕਾਰ ਦਾ ਕੰਮ ਹੈ ਅਮਨ ਕਾਨੂੰਨ ਨੂੰ ਕਾਇਮ ਰੱਖਣਾ। ਜੇਕਰ ਫ਼ੈਸਲੇ ਪਿੱਛੋਂ ਕੁਝ ਸਿਰ ਫਿਰੇ ਅਮਨ ਕਾਨੂੰਨ ਨੂੰ ਭੰਗ ਕਰਦੇ ਹਨ ਤਾਂ ਸਰਕਾਰ ਦਾ ਫ਼ਰਜ਼ ਹੈ ਕਿ ਉਹਨਾਂ ਨਾਲ਼ ਸਿਝੇ। ਏਨੀਆਂ ਪੁਲਿਸ ਦੀਆਂ ਧਾੜਾਂ ਕਾਹਦੇ ਲਈ ਹਨ, ਜੇਕਰ ਇਹਨਾਂ ਧਾੜਾਂ ਦੀ ਮੌਜੂਦਗੀ ਵਿਚ ਵੀ ਕੁਝ ਸਿਰ ਫਿਰੇ ਸ਼ਰਾਰਤੀ ਲੋਕ, ਕਿਸੇ ਅਮਨ ਪਸੰਦ ਸ਼ਹਿਰੀ ਦਾ ਜਾਂ ਸਰਕਾਰੀ ਜਾਇਦਾਦ ਦਾ ਨੁਕਸਾਨ ਕਰਨ ਵਿਚ ਸਫਲ ਹੋ ਜਾਂਦੇ ਹਨ! ਤਾਂ ਫਿਰ ਸਰਕਾਰ ਦਾ ਫ਼ਰਜ਼ ਹੈ ਉਹਨਾਂ ਨੂੰ ਰੋਕਣਾ। ਸਿੱਖਾਂ ਵੱਲੋਂ ਪਰਗਟ ਕੀਤੀ ਜਾ ਰਹੀ ਇਸ ਕੇਸ ਬਾਰੇ ਦਿਲਚਸਪੀ ਤਾਂ ਇਉਂ ਹੈ: "ਪਰਾਈ ਜੰਞ ਵਿਚ ਅਹਿਮਕ ਨੱਚੇ।"

ਹਾਂ, ਸਿੱਖਾਂ ਨੂੰ ਏਨੀ ਕੁ ਸਾਵਧਾਨੀ ਜ਼ਰੂਰ ਵਰਤਣੀ ਚਾਹੀਦੀ ਹੈ ਕਿ ਉਹ ਨਵੰਬਰ ੧੯੮੪ ਵਾਂਗ, ਵਿੱਸਰ ਭੋਲ਼ੇ ਹੀ ਨਾ ਕਿਸੇ ਸ਼ਰਾਰਤੀ ਭੀੜ ਦੇ ਕਾਬੂ ਆ ਜਾਣ! ਬੰਦੇ ਦੇ ਜੇ ਵੱਸ ਹੋਵੇ ਤਾਂ ਉਹ ਦੂਜੇ ਨੂੰ ਇਸ ਦੁਨੀਆਂ ਉਪਰ ਜੀਣ ਨਾ ਦੇਵੇ। ਮਜ਼ਹਬ ਦੀ ਆੜ ਵਿਚ ਬੰਦਾ ਦੂਜੇ ਬੰਦੇ ਉਪਰ ਏਨਾ ਜ਼ੁਲਮ ਕਰ ਸਕਦਾ ਹੈ, ਤੇ ਮੁਢ ਕਦੀਮ ਤੋਂ ਕਰਦਾ ਆ ਰਿਹਾ

ਹੈ ਕਿ ਸੁਣ ਕੇ ਲੂੰ ਕੰਡੇ ਹੋ ਜਾਂਦੇ ਹਨ। ਸਿੱਖਾਂ ਨੂੰ, ਕਿਸੇ ਵੀ ਅਣਸੁਖਾਵੀਂ ਘਟਨਾ ਨਾਲ਼ ਨਜਿੱਠਣ ਵਾਸਤੇ, ਆਪਣੇ ਧਰਮਸਥਾਨਾਂ ਅਤੇ ਘਰਾਂ ਵਿਚ ਤਿਆਰ ਬਰ ਤਿਆਰ ਰਹਿਣਾ ਚਾਹੀਦਾ ਹੈ। ਇਸ ਦੇ ਨਾਲ਼ ਹੀ ਪੁਲਿਸ ਦੇ ਸੰਪਰਕ ਵਿਚ ਵੀ ਰਹਿਣਾ ਚਾਹੀਦਾ ਹੈ। ਖ਼ੁਦ ਬੁਰਾਈ ਦਾ ਟਾਕਰਾ ਕਰਨ ਤੋਂ ਪਹਿਲਾਂ ਪੁਲਿਸ ਤੋਂ ਇਹ ਕਾਰਜ ਕਰਵਾਉਣਾ ਚਾਹੀਦਾ ਹੈ, ਜੋ ਏਸੇ ਕੰਮ ਵਾਸਤੇ ਭਰਤੀ ਕੀਤੀ ਜਾਂਦੀ ਹੈ।

# ਮਾੜੀ ਧਾੜ ਗ਼ਰੀਬਾਂ ਉਤੇ

ਉਪ੍ਰੋਕਤ ਲੋਕੋਕਤੀ ਵਿਚ ਸ਼ਬਦ ਜੋ 'ਗ਼ਰੀਬਾਂ' ਆਇਆ ਹੈ, ਉਸ ਦੇ ਥਾਂ ਇਕ ਹੋਰ ਸ਼ਬਦ ਵਰਤਿਆ ਜਾਂਦਾ ਹੈ। ਉਸ ਬਾਰੇ ਪਾਠਕ ਸੱਜਣ ਜਾਣਦੇ ਹੀ ਹਨ। ਕੁਝ ਸਾਲ ਪਹਿਲਾਂ ਜਦੋਂ ਡਾ. ਪ੍ਰਭਜੋਤ ਸਿੰਘ ਸੰਧੂ, ਬਲਰਾਜ ਸਿੰਘ ਸੰਘਾ, ਇਕ ਨਿਊਜ਼ੀਲੈਂਡੋਂ ਆਏ ਪ੍ਰੋਫ਼ੈਸਰ ਸਾਹਿਬ, ਤੇ ਵਿਚੇ ਮੈਂ ਵੀ, ਬੱਚੇ ਤੇ ਬੀਬੀਆਂ ਦੀ ਪ੍ਰਸਿੱਧ ਮਾਹਰ, ਡਾ. ਹਰਸ਼ਿੰਦਰ ਕੌਰ ਜੀ ਨਾਲ਼, ਕੈਨਬਰੇ ਵਿਚਲੀ ਫ਼ੈਡਰਲ ਪਾਰਲੀਮੈਂਟ ਦੇ ਮੈਂਬਰਾਂ ਨਾਲ਼ ਉਹਨਾਂ ਦਾ ਵਿਚਾਰ ਵਟਾਂਦਰਾ ਕਰਵਾਉਣ ਜਾ ਰਹੇ ਸਾਂ ਤਾਂ ਸੁਭਾਵਕ ਹੀ ਮੇਰੇ ਮੂੰਹੋਂ ਇਹ ਅਖਾਣ ਨਿਕਲ਼ ਗਈ ਤਾਂ ਨਿਊਜ਼ੀਲੈਂਡੀਏ ਪ੍ਰੋਫ਼ੈਸਰ ਸਾਹਿਬ ਜੀ ਨੇ ਇਸ ਵਿਚ ਆਏ ਜਾਤੀ ਸੂਚਕ ਸ਼ਬਦ ਨੂੰ ਸੋਧ ਕੇ, ਉਸ ਦੀ ਥਾਂ ਸ਼ਬਦ 'ਗ਼ਰੀਬਾਂ' ਵਰਤਣ ਦਾ ਸੁਝਾ ਦਿਤਾ। ਉਸ ਸਮੇ ਤੋਂ ਮੈਂ ਫਿਰ ਇਸ ਸ਼ਬਦ ਨਾਲ਼ ਹੀ ਇਹ ਅਖਾਣ ਵਰਤਣ ਦਾ ਯਤਨ ਕਰਦਾ ਹਾਂ, ਪਰ ਪੱਕੀ ਹੋਈ ਆਦਤ ਕਾਰਨ ਕਦੀ ਕਦੀ ਗ਼ਲਤੀ ਵੀ ਹੋ ਜਾਂਦੀ ਹੈ।

ਪਾਠਕ ਉਤਸੁਕ ਹੋਣਗੇ ਕਿ ਹੁਣ ਇਹ ਗੱਲ ਦੱਸਣ ਦੀ ਲੋੜ ਕਿਉਂ ਪਈ। ਗੱਲ ਇਉਂ ਹੈ ਕਿ ਇਸ ਸਮੇ ਦੀਆਂ ਲੋਕ ਸਭਾਈ ਚੋਣਾਂ ਵਿਚ ਪੰਜਾਬ ਦਾ ਹਕੂਮਤੀ ਸੰਘ ਸਮਝਦਾ ਹੈ ਕਿ ਉਹਨਾਂ ਨੂੰ ਵੋਟਰਾਂ ਵੱਲੋਂ ਵੋਟਾਂ ਦੀ ਬਹੁਤ ਮਾਰ ਪਈ ਹੈ। ਵੈਸੇ ਪੰਜਾਬ ਦੇ ਚੁਣਾਵੀ ਇਤਿਹਾਸ ਵੱਲ ਝਾਤੀ ਮਾਰੀ ਜਾਵੇ ਤਾਂ ਇਹ ਕੋਈ ਬਹੁਤੀ ਵੱਡੀ ਮਾਰ ਨਹੀਂ ਪਈ। ੧੯੭੧ ਦੀ ਇਲੈਕਸ਼ਨ ਦੌਰਾਨ ਸ. ਪਰਕਾਸ਼ ਸਿੰਘ ਬਾਦਲ ਦੇ ਚੀਫ਼ ਮਿਨਿਸਟਰ ਹੋਣ ਦੇ ਬਾਵਜੂਦ, ਸਾਰੇ ਵਸੀਲੇ ਵਰਤ ਕੇ ਵੀ, ਤੇਰਾਂ ਸੀਟਾਂ ਵਿਚੋਂ ਸਿਰਫ਼ ਫ਼ੀਰੋਜ਼ਪੁਰ ਤੋਂ ਉਹਨਾਂ ਦੇ ਛੋਟੇ ਭਰਾ ਸ. ਗੁਰਦਾਸ ਸਿੰਘ ਬਾਦਲ ਹੀ ਜਿੱਤ ਸਕੇ ਸਨ। ਜਨਸੰਘ (ਮੌਜੂਦਾ ਸਮੇ ਦੀ ਬੀ.ਜੇ.ਪੀ.) ਵਿਚਾਰੀ, 'ਵਿਚਾਰੀ' ਹੀ ਰਹਿ ਗਈ ਸੀ। ਦੂਜੇ ਪਾਸੇ ਕਾਂਗਰਸ ਤੇ ਸੀ.ਪੀ.ਆਈ. ਦਾ ਗੱਠ ਜੋੜ ਬਾਕੀ ਬਾਰਾਂ ਦੀਆਂ ਬਾਰਾਂ ਸੀਟਾਂ 'ਤੇ ਹੀ ਜੇਤੂ ਰਿਹਾ ਸੀ। ਸੰਗਰੂਰ ਤੇ ਬਠਿੰਡਾ ਕਾਂਗਰਸ ਨੇ ਕਮਿਊਨਿਸਟਾਂ ਨੂੰ ਛੱਡ ਕੇ ਜਿਤਾਈਆਂ ਸਨ ਤੇ ਬਾਕੀ ਦਸਾਂ ਉਪਰ ਉਹ ਖ਼ੁਦ ਜੇਤੂ ਰਹੀ ਸੀ। ਉਹਨਾਂ ਦੋ ਕਮਿਊਨਿਸਟ ਜੇਤੂਆਂ ਵਿਚ ਇਕ ਪ੍ਰਸਿੱਧ ਇਨਕਲਾਬੀ, ਕਾਮਰੇਡ ਤੇਜਾ ਸਿੰਘ ਸੁਤੰਤਰ ਸੰਗਰੂਰੋਂ ਜਿੱਤੇ ਸਨ। ਕੈਪਟਨ ਅਮਰਿੰਦਰ ਸਿੰਘ ਵੀ ਉਸ ਚੋਣ ਸਮੇ ਕਾਂਗਰਸ ਟਿਕਟ 'ਤੇ ਪਹਿਲੀ ਵਾਰ ਪਟਿਆਲੇ ਤੋਂ ਜੇਤੂ ਰਹੇ ਸਨ। ਉਸ ਚੋਣ ਦੇ ਮੁਕਾਬਲੇ ਇਸ ਵਾਰੀ ਤਾਂ ਸੈਡ+ਬੀ.ਜੇ.ਪੀ. ਗੁੱਟ ਨੂੰ ਏਨਾ 'ਸੈਡ' ਨਹੀ ਹੋਣਾ ਚਾਹੀਦਾ, ਕਿਉਂਕਿ ਇਸ ਵਾਰੀ ਤਾਂ ੧੯੭੧ ਵਾਲ਼ੀ ਚੋਣ ਦੇ ਮੁਕਾਬਲੇ, ਉਹਨਾਂ ਨੂੰ ੬ ਸੀਟਾਂ ਪਰਾਪਤ ਹੋਈਆਂ ਹਨ; ਜਦੋਂ ਕਿ ਪਿਛਲੀ ਚੋਣ ਵਿਚ ਉਹਨਾਂ ਦੀਆਂ ੭ ਹੀ ਸੀਟਾਂ ਸਨ। ਇਕ ਸੀਟ ਘੱਟ ਹੋਣ ਪਿੱਛੇ ਹੀ ਏਨਾ ਵਾ-ਵੇਲ਼ਾ! ਉਹ ਘੱਟ ਵੀ ਇਕ

ਅੰਮ੍ਰਿਤਸਰ ਵਾਲ਼ੀ ਬੀਜੇਪੀ ਦੇ ਕੋਟੇ ਵਾਲ਼ੀ ਹੈ; ਫਿਰ ਅਕਾਲੀ ਏਨਾ ਤਰਲੋਮੱਛੀ ਕਿਉਂ ਹੋ ਰਹੇ ਹਨ! ਇਹ ਵੀ ਅਕਾਲੀਆਂ ਤੇ ਭਾਜਪਾਈਆਂ ਦੀ ਗ਼ਲਤੀ ਕਾਰਨ ਹੀ ਹਾਰੀ ਹੈ। ਜੇ ਸਿਟਿੰਗ ਐਮ.ਪੀ. ਸਿੱਧੂ ਨੂੰ ਖੜ੍ਹਾ ਕਰਦੇ ਤਾਂ ਉਸ ਦੇ ਜਿੱਤਣ ਦੀ ਵਧ ਸੰਭਾਵਨਾ ਸੀ। ਹਾਂ, ਇਹ ਗੱਲ ਜ਼ਰੂਰ ਫ਼ਿਕਰ ਵਾਲ਼ੀ ਹੈ ਕਿ ਪੰਜਾਬ ਅਸੈਂਬਲੀ ਦੀਆਂ ੧੧੭ ਸੀਟਾਂ ਵਿਚੋਂ ਅਕਾਲੀ+ਬੀ.ਜੇ.ਪੀ. ਸਿਰਫ਼ ਤੀਜੇ ਥਾਂ ਉਪਰ ਹੀ ਜੇਤੂ ਰਹੇ ਹਨ। ਅਰਥਾਤ ਇਹਨਾਂ ਦੇ ਉਮੀਦਵਾਰ ੨੯ ਸੀਟਾਂ ’ਤੇ ਹੀ ਬਾਕੀਆਂ ਨਾਲ਼ੋਂ ਅੱਗੇ ਰਹੇ। ਪਹਿਲਾ ਥਾਂ ਕਾਂਗਰਸ ਨੂੰ ੩੭ ਸੀਟਾਂ ਨਾਲ਼ ਤੇ ਦੂਜੀ ਨਵੀਂ ਜੰਮੀ ਆਪ ੩੩ ਸੀਟਾਂ ਉਪਰ ਅੱਗੇ ਰਹੀ। ਇਸ ਨਾਲ਼ ਸੈਡ ਨੂੰ ਢਾਈ ਕੁ ਸਾਲਾਂ ਨੂੰ ਆ ਰਹੀ ਪੰਜਾਬ ਅਸੈਂਬਲੀ ਦੀ ਚੋਣ ਦਾ ਫ਼ਿਕਰ ਪੈ ਗਿਆ ਹੈ। ਉਹ ਸੋਚਦੇ ਹਨ ਕਿ ਕਿਤੇ ਜਾਹ ਜਾਂਦੀ ਨਾ ਹੋ ਜਾਵੇ!

ਇਸ ‘ਹਾਰ’ ਦੀ ਬੁਖਲਾਹਟ ਵਿਚ, ਨਸ਼ੇ ਦੇ ‘ਕਾਰੋਬਾਰ’ ਉਪਰ ਪੰਜਾਬ ਸਰਕਾਰ ਵੱਲੋਂ ਹੱਲਾ ਬੋਲਿਆ ਗਿਆ ਹੈ। ਇਸ ਮੁਹਿੰਮ ਦੌਰਾਨ ਵਿਚਾਰੇ ਨਸ਼ਈ ਫੜ ਫੜ ਠਾਣਿਆਂ ਤੇ ਜੇਹਲਾਂ ਅੰਦਰ ਤੁੰਨਣੇ ਸ਼ੁਰੂ ਕਰ ਦਿਤੇ ਹਨ। ਉਹਨਾਂ ਵਿਚਾਰਿਆਂ ਦਾ ਕੀ ਕਸੂਰ, ਉਹ ਤਾਂ ਵੇਖੋ ਵੇਖੀ ਜਾਂ ਡਰੱਗ-ਪੁਸ਼ਰਾਂ ਦੇ ਜਾਲ ਵਿਚ ਫਸ ਕੇ, ਆਪਣੀ ਤੇ ਆਪਣੇ ਪਰਵਾਰ ਦੀ ਜ਼ਿੰਦਗੀ ਨੂੰ ਨਰਕ ਬਣਾ ਚੁੱਕੇ ਹਨ। ਉਹਨਾਂ ਦਾ ਤਾਂ ਹੁਣ ਜੀਣਾ ਹੀ ਨਸ਼ੇ ਉਪਰ ਨਿਰਭਰ ਹੈ। ਇਸ ਆਦਤ ਦੀ ਪੂਰਤੀ ਲਈ, ਉਹਨਾਂ ਨੂੰ ਜਦੋਂ, ਉਹਨਾਂ ਦੇ ਨਸ਼ਿਆਂ ਕਰਕੇ ਨੰਗ ਹੋ ਚੁੱਕੇ ਮਾਪਿਆਂ ਹੱਥੋਂ, ਨਸ਼ੇ ਦੀ ਪੂਰਤੀ ਲਈ ਪੈਸੇ ਨਹੀਂ ਮਿਲ਼ਦੇ ਤਾਂ ਉਹ ਚੋਰੀਆਂ, ਡਾਕੇ, ਕਤਲ, ਲੁੱਟਾਂ, ਖੋਹਾਂ ਕਰਕੇ, ਨਸ਼ੇ ਦੀ ਆਦਤ ਪੂਰੀ ਕਰਦੇ ਹਨ। ਉਹਨਾਂ ਵਿਚਾਰਿਆਂ ਨੂੰ ਤਾਂ ਠਾਣਿਆਂ ਤੇ ਜੇਹਲਾਂ ਦੀ ਬਜਾਇ ਹਸਪਤਾਲਾਂ ਵਿਚ ਭੇਜਣ ਦੀ ਲੋੜ ਹੈ। ਫੜਨਾ ਤਾਂ ਉਹਨਾਂ ਮਗਰਮੱਛਾਂ ਨੂੰ ਚਾਹੀਦਾ ਹੈ ਜੇਹੜੇ ਇਹ ਬੀਮਾਰੀ ਲਾ ਕੇ, ਪੰਜਾਬ ਦੀ ਜਵਾਨੀ ਨੂੰ ਨਸ਼ੇ ਵਿਚ ਡੋਬ ਰਹੇ ਹਨ। ਪਰ ਮਾੜੀ ਧਾੜ ਦੀ ਮਾਰ ਹਮੇਸ਼ਾਂ ਗ਼ਰੀਬਾਂ ਉਪਰ ਹੀ ਪੈਂਦੀ ਹੈ। ਇਸ ਤੋਂ ਬਚਪਨ ਵਿਚ ਇਕ ਸਾਹਮਣੇ ਵਾਪਰਦੀ ਘਟਨਾ ਚੇਤੇ ਆ ਗਈ : ਤਕਾਲ਼ਾਂ ਦੇ ਘੁਸਮੁਸੇ ਜਿਹੇ ਵਿਚ, ਆਪਣੇ ਪਿੰਡ ਵਿਚਲੇ ਘਰ ਦੇ ਗਵਾਂਢ ਵਿਚ, ਕਦੀ ਕਦੀ ਕਿਸੇ ਗੱਲੋਂ ਨਾਰਾਜ਼ ਹੋ ਕੇ, ਪਿਓ ਨੇ ਪਰਾਣੀ ਫੜਨੀ ਤੇ ਗਾਹਲ਼ਾਂ ਕਢਦੇ ਹੋਏ ਫਾਹ ਫਾਹ ਕਰਕੇ ਵੱਡੇ ਮੁੰਡੇ ਨੂੰ ਕੁੱਟਣ ਲੱਗ ਪੈਣਾ। ਉਸ ਨੇ ਰੋਂਦੇ ਰੋਂਦੇ ਤੇ ਗਾਹਲ਼ਾਂ ਕਢਦੇ ਹੋਏ ਨੇ, ਦੂਜੇ ਨੰਬਰ ਦੇ ਮੁੰਡੇ ਨੂੰ ਕੁਟ ਕਢਣਾ। ਦੂਜੇ ਨੇ ਅੱਗੋਂ ਓਹੋ ਪਰਾਣੀ ਫੜਨੀ ਤੇ ਗਾਹਲਾਂ ਕਢਦੇ ਕਢਦੇ, ਆਪਣੇ ਤੋਂ ਛੋਟੇ ਤੀਜੇ ਨੰਬਰ ਨੂੰ ਕੁੱਟ ਕਢਣਾ। ਉਸ ਤੋਂ ਅੱਗੇ ਭੈਣਾਂ ਆ ਜਾਣੀਆਂ ਤੇ ਭੈਣਾਂ ਨੂੰ ਕੁੱਟਣ ਦੀ ਬਜਾਇ ਉਸ ਨੇ ਰੋਂਦੇ ਤੇ ਗਾਹਲਾਂ ਕਢਦੇ ਹੋਏ ਮੰਜੇ ’ਤੇ ਲੰਮਾ ਪੈ ਜਾਣਾ ਤੇ ਨਾਲ਼ੇ ਗਾਹਲਾਂ ਕਢੀ ਜਾਣੀਆਂ। ਇਸ ਕੁੱਟ ਕੁਟਈਏ ਦੇ ਕਾਰਨ ਦੀ ਮੈਨੂੰ ਅਜੇ ਤੱਕ ਵੀ ਸਮਝ ਨਹੀਂ ਆਈ। ਵਾਕਿਆ ਇਹ ਕੋਈ ਸੱਤਰ ਕੁ ਸਾਲ ਪਹਿਲਾਂ ਦਾ ਹੋਵੇਗਾ।

ਇਹੋ ਹਾਲ ਪੰਜਾਬ ਦੀ ਸਰਕਾਰ ਦਾ ਮੈਨੂੰ ਭਾਸਦਾ ਹੈ। ਇਹ ਜ਼ਹਿਰ ਦੇ ਵਾਪਾਰੀਆਂ ਨੂੰ ਤਾਂ ਹੱਥ ਪਾ ਨਹੀਂ ਸਕਦੇ, ਪਰ ਪੰਜਾਬ ਦੇ ਲੋਕਾਂ ਨੂੰ ਇਹ ਦੱਸਣ ਲਈ ਕਿ ਇਸ ਵਬਾ ਬਾਰੇ ਹੁਣ ਪੰਜਾਬ ਸਰਕਾਰ ਸੁਚੇਤ ਹੋ ਕੇ ਬੜੀ ਗੰਭੀਰ ਹੋ ਗਈ ਹੈ, ਗ਼ਰੀਬ ਅਮਲੀਆਂ ਦੀ ਸ਼ਾਮਤ ਲੈ ਆਂਦੀ ਹੈ। ਇਕ ਪੁਲਸ ਅਫ਼ਸਰ ਨੂੰ ਜਦੋਂ ਕਿਸੇ ਨੇ ਇਹ ਸਵਾਲ ਕੀਤਾ ਕਿ ਤੁਸੀਂ ਵੇਚਣ ਵਾਲ਼ਿਆਂ ਨੂੰ ਕਿਉਂ ਨਹੀਂ ਫੜਦੇ; ਵਿਚਾਰੇ ਅਮਲੀਆਂ ਦੀ ਸ਼ਾਮਤ ਕਿਉਂ ਲਿਆ ਰਹੇ ਹੋ ਤਾਂ ਉਸ ਦਾ ਜਵਾਬ ਸੀ ਕਿ ਇਹਨਾਂ ਤੋਂ ਵੇਚਣ ਵਾਲ਼ਿਆਂ ਦਾ ਅਤਾ ਪਤਾ ਪੁੱਛਿਆ ਜਾਵੇਗਾ ਤੇ ਫਿਰ ਉਹਨਾਂ ਨੂੰ ਫੜਾਂਗੇ। ਵਾਹ ਭਈ ਵਾਹ! ਜਿਵੇਂ ਪੰਜਾਬ ਦੀ ਸਰਕਾਰ ਅਤੇ ਪੁਲਿਸ ਨੂੰ ਪਤਾ ਹੀ ਨਹੀਂ ਹੁੰਦਾ ਕਿ ਵੱਡੇ ਮਗਰਮੱਛ ਕੌਣ ਹਨ! ਇਹ ਤਾਂ ਇਉਂ ਹੀ ਗੱਲ ਲੱਗਦੀ ਹੈ ਕਿ ਜਿਵੇਂ ਬਗਲੇ ਦੇ ਸਿਰ ’ਤੇ ਮੋਮ ਰੱਖ ਕੇ ਆ ਜਾਣਾ ਤੇ ਜਦੋਂ ਮੋਮ ਦੇ ਪੰਘਰ ਕੇ ਬਗਲੇ ਦੀਆਂ ਅੱਖਾਂ ਵਿਚ ਪੈ ਕੇ ਉਸ ਨੂੰ ਦਿਸਣੋਂ ਹਟ ਜਾਵੇ ਤਾਂ ਫਿਰ ਉਸ ਨੂੰ ਫੜਨ ਲਈ ਜਾਣਾ। ਬੰਦਾ ਪੁੱਛੇ ਕਿ ਭਈ ਜਦੋਂ ਬਗਲੇ ਦੇ ਸਿਰ ’ਤੇ ਮੋਮ ਰੱਖਣ ਜਾਣਾ ਓਦੋਂ ਹੀ ਕਿਉਂ ਨਾ ਉਸ ਨੂੰ ਫੜ ਲਿਆ ਜਾਵੇ!

ਇਸ ਨਸ਼ੇ ਨੇ ਤਾਂ ਪੰਜਾਬ ਦੀ ਜਵਾਨੀ ਦਾ ਘਾਣ ਕਰ ਦਿਤਾ ਹੈ। ਜੇਕਰ ‘ਰਾਜਕੁਮਾਰ’ ਰਾਹੁਲ ਨੇ ਪੰਜਾਬ ਵਿਚ ਆ ਕੇ ਆਖ ਦਿਤਾ ਕਿ ਪੰਜਾਬ ਦੀ ੭੦% ਜਵਾਨੀ ਨਸ਼ਿਆਂ ਦੀ ਸ਼ਿਕਾਰ ਹੈ ਤਾਂ ਉਸ ਮਗਰ ਪੱਛੀ ਦੀ ਲੋ ਲੈ ਕੇ ਪੈ ਗਏ। ਹੁਣ ਆਪੇ ਹੀ ਮੰਨੀ ਜਾਂਦੇ ਨੇ।

ਪਰਵਾਰਾਂ ਦੇ ਪਰਵਾਰ ਇਸ ਵਬਾ ਤੋਂ ਉਜੜ ਗਏ ਤੇ ਉਜੜ ਰਹੇ ਹਨ। ਮੇਰੇ ਆਪਣੇ ਵਿਸਥਾਰਤ ਪਰਵਾਰ ਦੇ ਦੋ ਨੌਜਵਾਨ ਇਸ ਮਾਰ ਨੇ ਸਾਡੇ ਹੱਥਾਂ ਵਿਚੋਂ ਖੋਹ ਲਏ ਹਨ। ਇਸ ਲੋਹੜੀ (੨੦੧੩) ਦੀ ਸ਼ਾਮ ਨੂੰ ਮਾਪਿਆਂ ਦਾ ਇਕਲੌਤਾ ਨੌਜਵਾਨ ੩੭ ਕੁ ਸਾਲ ਦਾ, ਉਲਟੀ ਆਈ ਤੇ ਵੀਹ ਕੁ ਮਿੰਟਾਂ ਵਿਚ ਹੀ ਪਰਵਾਰਕ ਮੈਂਬਰਾਂ ਦੇ ਵੇਖਦਿਆਂ ਹੀ, ਉਡਾਰੀ ਮਾਰ ਗਿਆ। ਥੋਹੜੇ ਦਿਨ ਪਿਛੋਂ ਇਕ ਹੋਰ ੪੧ ਸਾਲ ਦਾ, ਪੋਲੀਸ ਅਫ਼ਸਰ, ਇੰਟਰਨੈਸ਼ਲ ਖਿਡਾਰੀ ਵੀ ਨਸ਼ੇ ਕਾਰਨ ਹੀ ਫ਼ੇਹਲ ਹੋਏ ਗੁਰਦਿਆਂ ਕਰਕੇ ਚੱਲਦਾ ਬਣਿਆ। ਇਹੋ ਹਾਲ ਬਾਕੀ ਪੰਜਾਬੀ ਪਰਵਾਰਾਂ ਦਾ, ਤੇ ਖ਼ਾਸ ਕਰਕੇ ਸਿੱਖ ਕਿਸਾਨੀ ਦੇ ਪਰਵਾਰਾਂ ਦਾ ਹੈ।

ਇਹ ਸਾਰਾ ਨਸ਼ਾ ਕੰਡਿਆਲੀ ਤਾਰ ਦੇ ਪਾਰੋਂ ਹੀ ਤਾਂ ਆ ਰਿਹਾ ਨਹੀਂ ਮੰਨਿਆ ਜਾ ਸਕਦਾ। ਫ਼ੌਜ, ਬੀ.ਐਸ.ਐਫ਼., ਸੀ.ਅਰ.ਪੀ.ਐਫ਼, ਪੰਜਾਬ ਪੁਲਸ ਵਰਗੀਆਂ ਫ਼ੋਰਸਾਂ ਪਹਿਰੇ ’ਤੇ ਹਨ ਤੇ ਫਿਰ ਕੰਡਿਆਲੀ ਤਾਰ, ਜਿਸ ਬਾਰੇ ਸੁਣਿਆ ਹੈ ਕਿ ਰਾਤ ਨੂੰ ਉਸ ਵਿਚ ਬਿਜਲੀ ਵੀ ਛੱਡੀ ਜਾਂਦੀ ਹੈ ਸ਼ਾਇਦ। ਏਨਾ ਕੁਝ ਹੋਣ ਦੇ ਬਾਵਜੂਦ ਵੀ ਦਹਾਕਿਆਂ ਤੋਂ ਆ ਰਿਹਾ ਨਸ਼ਾ ਰੋਕਿਆ ਨਹੀਂ ਜਾ ਸਕਿਆ ਤਾਂ ਦੋਸ਼ ਕਿਸ ਦਾ! ਮੀਡੀਏ ਵਿਚ ਹਰ ਰੋਜ਼ ਖ਼ਬਰਾਂ ਆਉਂਦੀਆਂ ਨੇ ਕਿ ਅੱਜ ਏਨੇ ਕਰੋੜ ਦੇ ਮੁੱਲ ਦਾ ਨਸ਼ਾ ਫੜਿਆ ਗਿਆ ਤੇ ਅੱਜ ਏਨੇ ਕਰੋੜ ਦਾ। ਫਿਰ ਕਦੀ ਉਸ ਫੜੇ ਗਏ ਨਸ਼ੇ ਦੀ ਦੱਸ ਧੁੱਖ ਨਹੀਂ ਨਿਕਲ਼ਦੀ ਕਿ ਉਹ ਫੜਿਆ ਗਿਆ ਨਸ਼ਾ ਜਾਂਦਾ ਕਿਥੇ ਹੈ! ਇਹ ਵੀ ਸੋਚਣ ਵਾਲ਼ੀ ਗੱਲ ਹੈ ਕਿ ਜੇ ਪੰਜਾਬ

ਵਿਚ ਨਕਲੀ ਦੁਧ, ਨਕ਼ਲੀ ਘਿਓ, ਨਕਲੀ ਖੋਆ, ਨਕਲੀ ਗੁੜ, ਏਥੋਂ ਤੱਕ ਹਰੇਕ ਚੀਜ਼ ਨਕਲੀ ਬਣ ਸਕਦੀ ਹੈ ਤਾਂ ਨਕਲੀ ਨਸ਼ਾ ਕਿਉਂ ਨਹੀਂ ਬਣ ਸਕਦਾ! ਹਮੇਸ਼ਾਂ ਪਾਕਿਸਤਾਨ ਦਾ ਨਾਂ ਹੀ ਲਈ ਜਾਣਾ ਇਸ ਬੀਮਾਰੀ ਦਾ ਕੋਈ ਹੱਲ ਨਹੀਂ ਹੈ।

ਏਨੀਆਂ ਫ਼ੋਰਸਾਂ ਦੀ ਮੌਜੂਦਗੀ ਦੇ ਬਾਵਜੂਦ ਵੀ ਨਸ਼ਾ ਪਾਕਿਸਤਾਨੋਂ ਆ ਰਿਹਾ ਹੋਣ ਦਾ ਰੌਲਾ ਸੁਣ ਕੇ, ਅੱਸੀਵੀਆਂ ਵਾਲ਼ੇ ਦਹਾਕੇ ਦੌਰਾਨ, ਸਰਕਾਰੀ ਮੀਡੀਏ ਦੀ ਹਾਲ ਪਾਹਰਿਆ ਚੇਤੇ ਆ ਗਈ। ਧਰਮਯੁਧ ਮੋਰਚੇ ਦੌਰਾਨ, ਸਰਕਾਰੀ ਮੀਡੀਆ ਰੌਲ਼ਾ ਪਾਉਂਦਾ ਸੀ ਕਿ ਅੱਤਵਾਦੀ ਦਰਬਾਰ ਸਾਹਿਬ ਵਿਚ ਲੁਕੇ ਹੋਏ ਹਨ ਤੇ ਓਥੋਂ ਨਿਕਲ਼ ਕੇ, ਦੂਰ ਦੁਰਾਡੇ ਵੱਸਦੇ ਅਮਨ ਪਸੰਦ ਹਿੰਦੂਆਂ ਨੂੰ ਮਾਰ ਕੇ, ਫਿਰ ਦਰਬਾਰ ਸਾਹਿਬ ਵਿਚ ਆ ਕੇ ਪਨਾਹ ਲੈ ਲੈਂਦੇ ਹਨ। ਏਨੀ ਸਖ਼ਤੀ ਵਾਲ਼ੇ ਘੇਰਿਆਂ ਦੇ ਬਾਵਜੂਦ ਜੇਕਰ ਅੱਤਵਾਦੀ ਦਰਬਾਰ ਸਾਹਿਬੋਂ ਨਿਕਲ਼ ਕੇ ਹਿੰਦੂਆਂ ਨੂੰ ਮਾਰ ਕੇ ਮੁੜ ਸ੍ਰੀ ਦਰਬਾਰ ਸਾਹਿਬ ਵਿਚ ਆ ਵੜਦੇ ਸਨ ਤਾਂ ਏਨੇ ਘੇਰੇ ਪਾ ਕੇ ਬੈਠੀਆਂ ਫ਼ੋਰਸਾਂ ਕਿਸ ਮਰਜ਼ ਦੀ ਦਵਾ ਸਨ! ਨਾ ਉਹਨਾਂ ਨੂੰ ਓਥੋਂ ਨਿਕਲਣ ਸਮੇ ਕੋਈ ਰੋਕਦਾ ਸੀ ਤੇ ਨਾ ਹੀ ਕਤਲ ਕਰ ਕੇ ਮੁੜਦਿਆਂ ਨੂੰ ਕੋਈ ਪੁੱਛਦਾ ਸੀ ਜਦੋਂ ਕਿ ਆਮ ਸ਼ਰਧਾਲੂਆਂ ਦੀ ਤਲਾਸ਼ੀ ਲੈ ਕੇ ਸ੍ਰੀ ਦਰਬਾਰ ਸਾਹਿਬ ਦੇ ਅੰਦਰ ਜਾਣ ਦਿਤਾ ਜਾਂਦਾ ਸੀ। ਗੱਲ ਤਾਂ ਸਿੱਖਾਂ ਨੂੰ ਬਦਨਾਮ ਕਰ ਕੇ ਫ਼ੌਜ ਰਾਹੀਂ ਹਮਲਾ ਕਰ ਕੇ ਉਹਨਾਂ ਦਾ ਲੱਕ ਤੋੜਨਾ ਸੀ। ਇਹੋ ਹਾਲ ਹੁਣ ਡਰੱਗ ਵਾਲ਼ੇ ਮਸਲੇ ਦਾ ਹੈ।

ਮੇਰੇ ਵਿਚਾਰ ਅਨੁਸਾਰ ਜੋ ਵਿਅਕਤੀ ਇਕ ਵਾਰ ਇਸ ਨਾਮੁਰਾਦ ਨਸ਼ੇ ਦੀ ਗ੍ਰਿਫ਼ਤ ਵਿਚ ਆ ਗਿਆ, ਉਸ ਦਾ ਮੁੜ ਪੈਰਾਂ ਸਿਰ ਖੜ੍ਹੇ ਹੋਣਾ ਬੜਾ ਮੁਸ਼ਕਲ ਕੰਮ ਹੈ। ਉਸ ਨੂੰ, ਸ਼ਰਾਬ ਵਾਂਗ ਹੀ ਸਰਕਾਰੀ ਠੇਕੇ ਖੋਹਲ ਕੇ, ਮੁੱਲ ਦਾ ਨਸ਼ਾ ਮੁਹੱਈਆ ਕਰਵਾਉਣਾ ਚਾਹੀਦਾ ਹੈ ਤੇ ਸਮੱਗਲਰਾਂ ਨੂੰ ਸਖ਼ਤੀ ਨਾਲ਼ ਨੱਥਣਾ ਚਾਹੀਦਾ ਹੈ। ਜੇ ਕੋਈ ਨੌਜਵਾਨ ਕਿਸਮਤ ਦਾ ਧਨੀ ਨਿਕਲ਼ ਆਵੇ ਅਤੇ ਆਪਣੀ ਤੇ ਆਪਣੇ ਪਰਵਾਰ ਦੀ ਭਲਾਈ ਵਾਸਤੇ, ਇਸ ਜਿਲ੍ਹਣ ਵਿਚੋਂ ਨਿਕਲਣਾ ਚਾਹੇ ਤਾਂ ਉਸ ਵਾਸਤੇ ਸਰਕਾਰੀ ਖ਼ਰਚ ’ਤੇ ਇਲਾਜ ਦਾ ਪ੍ਰਬੰਧ ਹੋਣਾ ਚਾਹੀਦਾ ਹੈ। ਇਸ ‘ਘੁੰਮਣਘੇਰੀ’ ਵਿਚੋਂ ਨਿਕਲ਼ ਸਕਣਾ ਏਨਾ ਸੌਖਾ ਨਹੀ। ਸਾਡੇ ਪਰਵਾਰਕ ਨੌਜਵਾਨ ਦੇ ਵਾਰਸ ਚਾਰ ਵਾਰੀ, ਉਸ ਉਪਰ ਹਜ਼ਾਰਾਂ ਖ਼ਰਚ ਕੇ ਸੈਂਟਰਾਂ ਤੋਂ ਠੀਕ ਕਰਵਾ ਕੇ ਲਿਆਉਂਦੇ ਸਨ ਤੇ ਵਾਪਸ ਆਉਣ ’ਤੇ ਸਾਥੀਆਂ ਦਾ ਗਰੁੱਪ ਫਿਰ ਉਸ ਨੂੰ ਇਸ ਵਹਿਣ ਵਿਚ ਡੋਬ ਲੈਂਦਾ ਸੀ। ਅੰਤ ਇਸ ਸਭ ਕਾਸੇ ਦਾ ਅੰਤ ਉਸ ਦੀ ਜ਼ਿੰਦਗੀ ਦੇ ਅੰਤ ਨਾਲ਼ ਹੋਇਆ।

ਸਭ ਤੋਂ ਪਹਿਲਾਂ ਨਸ਼ੇ ਦੇ ਸਮੱਗਲਰਾਂ ਤੇ ਵਾਪਾਰੀਆਂ ਨੂੰ ਨੱਥ ਪਾਈ ਜਾਵੇ ਤੇ ਬਣ ਚੁੱਕੇ ਨਸ਼ਈਆਂ ਲਈ, ਸ਼ਰਾਬ ਦੇ ਠੇਕਿਆਂ ਵਾਂਗ ਹੀ ਠੇਕੇ ਖੋਹਲ ਕੇ, ਖੁਲ੍ਹੇ ਤੌਰ ’ਤੇ ਸਹੀ ਨਸ਼ੇ ਦੀ ਸਪਲਾਈ ਦਾ ਪ੍ਰਬੰਧ ਕੀਤਾ ਜਾਵੇ। ਜੇਹੜੇ ਜਣੇ ਨਸ਼ੇ ਦੇ ਮੱਕੜ ਜਾਲ਼ ਵਿਚ ਫਸ

ਚੁੱਕੇ ਹਨ ਤੇ ਹੁਣ ਨਿਕਲਣਾ ਚਾਹੁੰਦੇ ਹੋਣ, ਉਹਨਾਂ ਦੀ ਬਣਦੀ ਸਰਦੀ ਸਹਾਇਤਾ ਕੀਤੀ ਜਾਵੇ।

ਹੁਣ ਸਰਕਾਰ ਕੀ ਕਰ ਰਹੀ ਹੈ, ਇਸ ਤੋਂ ਵੀ ੧੯੫੪ ਦੀ ਇਕ ਘਟਨਾ ਚੇਤੇ ਆ ਗਈ। ਮੇਰੇ ਛੋਟੇ ਭਰਾ ਦੇ ਗਿੱਟੇ ਉਪਰ ਫੋੜਾ ਹੋ ਗਿਆ। ਮੈਂ ਉਸ ਨੂੰ ਸਰਕਾਰੀ ਹਸਪਤਾਲ ਵਿਚ ਲੈ ਗਿਆ। ਕੰਪਾਊਂਡਰ ਨੇ ਆ ਵੇਖਿਆ ਨਾ ਤਾ। ਉਸ ਦਾ ਕੰਨ ਫੜ ਕੇ ਉਸ ਵਿਚ ਦਵਾਈ ਪਾ ਦੇਣ ਲੱਗਾ। ਮੈਂ ਰੌਲ਼ਾ ਪਾ ਕੇ ਰੋਕਿਆ ਤੇ ਦੱਸਿਆ ਕਿ ਉਸ ਦਾ ਕੰਨ ਨਹੀਂ ਦੁਖਦਾ ਬਲਕਿ ਉਸ ਦੇ ਗਿੱਟੇ ਉਪਰ ਫੋੜਾ ਹੈ, ਤਾਂ ਕੰਪਾਊਂਡਰ ਨੇ ਉਸ ਦਾ ਕੰਨ ਛੱਡ ਕੇ, ਫੋੜੇ ਉਪਰ ਕੁਝ ਮਲ੍ਹਮ ਜਿਹੀ ਲਾ ਦਿਤੀ, ਪਰ ਆਪਣੀ ਗ਼ਲਤੀ ਦਾ ਅਹਿਸਾਸ ਨਹੀਂ ਕੀਤਾ। ਮੈਂ ਏਨਾ ਹੀ ਸ਼ੁਕਰ ਕੀਤਾ ਕਿ ਉਸ ਨੇ ਮੇਰੇ ਛੋਟੇ ਭਰਾ ਦਾ ਕੰਨ ਛੱਡ ਦਿਤਾ ਤੇ ਉਸ ਦਾ ਕੰਨ ਦਵਾਈ ਪਾ ਕੇ ਖ਼ਰਾਬ ਨਹੀਂ ਕਰ ਦਿਤਾ।

ਡਰੱਗ ਵਿਕ੍ਰੇਤਾਵਾਂ ਦੇ ਥਾਂ ਗ਼ਰੀਬ ਅਮਲੀਆਂ ਉਪਰ ਗ਼ੁੱਸਾ ਕੱਢਣ ਬਾਰੇ ਤਾਂ ਪੰਜਾਬੀ ਦੀ ਇਕ ਪੁਰਾਣੀ ਕਹਾਵਤ ਹੀ ਲਾਗੂ ਹੁੰਦੀ ਹੈ :

ਡਿੱਗੀ ਖੋਤੇ ਤੋਂ ਤੇ ਗ਼ੁੱਸਾ ਉਸ ਦੇ ਮਾਲਕ ’ਤੇ। ਏਥੇ ਫਿਰ ਅਸੀਂ ਅਸਲ ਨਾਂ ਦੇ ਥਾਂ ‘ਉਸ ਦੇ ਮਾਲਕ’ ਲਿਖ ਕੇ ਸਾਰਿਆ ਹੈ ਤਾਂ ਕਿ ਕਿਤੇ ਜਾਤ ਵਿਰੋਧੀ ਕਾਨੂੰਨ ਦੀ ਪਕੜ ਵਿਚ ਨਾ ਆ ਜਾਈਏ।

ਗ਼ੁੱਸਾ ਤੇ ਇਸ ਗੱਲ ਦਾ ਹੈ ਕਿ ਪੰਜਾਬੀਆਂ ਨੇ ‘ਮਾਲਕਾਂ’ ਦੀ ਆਸ ਅਨੁਸਾਰ ਉਹਨਾਂ ਨੂੰ ਹੁੰਮ ਹੁਮਾ ਕੇ ਵੋਟਾਂ ਨਹੀਂ ਪਾਈਆਂ ਤੇ ਉਹਨਾਂ ਦਾ ਰੁਝਾਨ ਨਵੀਂ ਉਠੀ ਪਾਰਟੀ ਵੱਲ ਕਿਉਂ ਹੋ ਗਿਆ ਪਰ ਨਜ਼ਲਾ ਉਹ ਮਾੜੇ ਅਮਲੀਆਂ ’ਤੇ ਝਾੜ ਰਹੇ ਹਨ।

ਇਸ ਤੋਂ ਇਕ ਹੋਰ ਪੇਂਡੂ ਕਹਾਣੀ ਚੇਤੇ ਆ ਗਈ। ਕੋਈ ਮੁੰਡਾ ਕਿਸੇ ਦੀਆਂ ਪਾਥੀਆਂ ਆਪਣੇ ਪੈਰਾਂ ਹੇਠ ਲਿਤਾੜ ਕੇ ਢਾਹ ਰਿਹਾ ਸੀ। ਕਿਸੇ ਨੇ ਪੁੱਛਿਆ, “ਇਹ ਕੀ ਕਰ ਰਿਹਾ ਏਂ?” “ਇਹਨਾਂ ਨੇ ਮੇਰਾ ਪਿਓ ਮਾਰਤਾ ਸੀ; ਮੈਂ ਉਸ ਦਾ ਬਦਲਾ ਲੈ ਰਿਹਾ ਹਾਂ।ñਮੁੰਡੇ ਦਾ ਉਤਰ ਸੀ। ਸੋ ਪੰਜਾਬ ਦੇ ‘ਮਾਲਕ’ ਵੋਟਾਂ ਨਾ ਪਾਉਣ ਦਾ ਬਦਲਾ ਅਮਲੀਆਂ ਪਾਸੋਂ ਲੈ ਰਹੇ ਨੇ। ਹਾਂ, ਇਹ ਵੀ ਹੋ ਸਕਦਾ ਹੈ, ਉਹ ਇਹ ਸੋਚਦੇ ਹੋਣ ਕਿ ਬਾਵਜੂਦ ਅਮਲੀਆਂ ਨੂੰ ਅਮਲ ਦੀ ਸੱਬਰਕੱਤੀ ਸਪਲਾਈ ਦੇ ਵੀ ਉਹਨਾਂ ਨੇ ਇਹਨਾਂ ਨੂੰ ਵੋਟਾਂ ਨਾ ਪਾਈਆਂ ਹੋਣ ਤੇ ਇਹ ਹੁਣ ਉਹਨਾਂ ਨੂੰ ਪੁਲਸ ਦੇ ਵੱਸ ਪਾ ਕੇ ਬਦਲਾ ਲੈ ਰਹੇ ਹੋਣ!

ਅਮਲੀਆਂ ਉਪਰ ਸਖ਼ਤੀ ਤੋਂ ੧੯੭੫ ਵਿਚਲੀ ਆਪਣੇ ਭਾਈਆ ਜੀ ਨਾਲ਼ ਵਾਪਰੀ ਘਟਨਾ ਚੇਤੇ ਆ ਗਈ। ਇੰਦਰਾ ਨੇ ਐਮਰਜੈਂਸੀ ਠੋਕ ਕੇ ਲੋਕਾਂ ਦੀ ‘ਢਿਬਰੀ ਟੈਟ’ ਕੀਤੀ ਹੋਈ ਸੀ। ਉਸ ਸਮੇ ਬਾਕੀ ਕਈ ਚੀਜ਼ਾਂ ਵਾਂਗ ਹੀ ਸੀਮੈਂਟ ਵੀ ਬਲੈਕ ਵਿਚ ਮਿਲ਼ਦਾ ਹੁੰਦਾ ਸੀ। ਐਮਰਜੈਂਸੀ ਤੋਂ ਪਹਿਲਾਂ ਤਾਂ ਭਾਈਆ ਜੀ ਨੇ ਬਲੈਕੀਆਂ ਨੂੰ ਆਪਣੇ ਮਕਾਨ ਵਾਸਤੇ ਸੀਮੈਂਟ ਭੇਜਣ ਦਾ ਸੁਨੇਹਾ ਦੇ ਦੇਣਾ ਤੇ ਬਲੈਕ ਦੇ ਰੇਟ ਵਿਚ ਰੇਹੜੇ ’ਤੇ ਲੱਦਿਆ ਸੀਮੈਂਟ

ਬੂਹੇ ਦੇ ਅੱਗੇ ਆ ਖਲੋਣਾ। ਐਮਰਜੈਂਸੀ ਸਮੇ ਕਈ ਫੇਰੇ ਮਾਰਨ ਪਿੱਛੋਂ, ਪਹਿਲਾਂ ਨਾ਼ਲੋਂ ਵੀ ਦੂਣਾ ਮੁੱਲ ਦੇ ਕੇ, ਫਿਰ ਵੀ ਸਮੱਗਲਰਾਂ ਨੇ ਵਾਹਵਾ ਉਧੇੜ-ਬੁਣ ਪਿੱਛੋਂ, ਅੱਗਾ-ਪਿੱਛਾ ਵੇਖ ਕੇ ਸੀਮੈਂਟ ਪੁਚਾਉਣਾ। ਨਸ਼ਿਆਂ ਉਪਰ ਸਰਕਾਰੀ ਸਖ਼ਤੀ ਕਰਕੇ, ਕਿਤੇ ਹੁਣ ਵਿਚਾਰੇ ਅਮਲੀਆਂ ਨਾ਼ਲ ਵੀ ਇਹੋ ਕੁਝ ਤਾਂ ਨਹੀਂ ਹੋ ਰਿਹਾ! (ਇਹ ਲੇਖ ਜੂਨ, ੨੦੧੪ ਵਿਚ ਲਿਖਿਆ ਗਿਆ ਸੀ)

ਅੰਤਿਕਾ

## ਸ. ਬਲਵੰਤ ਸਿੰਘ ਰਾਮੂਵਾਲੀਆ ਜੀ ਨਾਲ

# ਚਿੱਠੀ-ਪੱਤਰ

ੴ ਵਾਹਿਗੁਰੂ ਜੀ ਕੀ ਫ਼ਤਹਿ ॥

23.1.96

166, Rooty Hill Road,
Eastern Creek NSW
Australia 2766

ਗੁਰੂ ਸਵਾਰੇ ਪਰਮ ਪਿਆਰੇ ਅਤੇ ਸਤਿਕਾਰ ਯੋਗ ਮਿੱਤਰ,

ਸਰਦਾਰ ਬਲਵੰਤ ਸਿੰਘ ਜੀਓ,

ਅਤਿ ਪ੍ਰੇਮ-ਭਿੰਨੀ ਫ਼ਤਹਿ ਬੁਲਾਈ ਪਰਵਾਨ ਕਰਨੀ ਜੀ।

ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਿਹ ॥

ਅਸੀਂ ਸਰਬੱਤ ਪਰਵਾਰ ਦਾਤੇ ਦੀ ਦਇਆ ਸਦਕਾ ਅਨੰਦ ਸਹਿਤ ਹਾਂ ਅਤੇ ਆਪ ਸਰਬੱਤ ਜੀਆਂ ਅਤੇ ਸੱਜਣਾਂ-ਮਿੱਤਰਾਂ ਦੀ ਚੜ੍ਹਦੀ ਕਲਾ ਦੀ ਕਰਤਾਰ ਤੋਂ ਕਾਮਨਾ ਕਰਦੇ ਹਾਂ ਜੀ।

ਯੁਗ ਹੀ ਬੀਤ ਗਏ ਮਿਲਿਆਂ, ਪ੍ਰੰਤੂ ਹਿਰਦੇ ਅੰਦਰ ਸਦਾ ਹੀ ਆਪ ਜੀ ਦੀ ਯਾਦ ਵਸਦੀ ਆ ਰਹੀ ਹੈ। ਬੜਾ ਹੀ ਯਤਨ ਕੀਤਾ ਕਿ ਕਿਸੇ ਤਰ੍ਹਾਂ ਇਸਨੂੰ ਦਿਲ 'ਚੋਂ ਕਢਿਆ ਜਾਵੇ ਪਰ ਨਿਕਲਣ ਦਾ ਨਾਂ ਹੀ ਨਹੀਂ ਲੈਂਦੀ। ਕਢਣ ਦੀ ਕੁਚੇਸ਼ਟਾ ਇਹ ਸੋਚ ਕੇ ਕਰਦਾ ਰਿਹਾ ਕਿ ਆਪਾਂ ਦੋਵੇਂ, "ਕਿਥੇ ਰਾਜਾ ਭੋਜ ਤੇ ਕਿਥੇ ਗਾਂਗਾ ਤੇਲੀ" ਵਾਲੀ ਅਵਸਥਾ 'ਤੇ ਪੁਜ ਚੁੱਕੇ ਹਾਂ। ਇਸ ਕੁਚੇਸ਼ਟਾ ਵਿਚ ਅਸਫਲਤਾ ਦਾ ਸਾਹਮਣਾ ਇਸ ਲਈ ਕਰਨਾ ਪੈਂਦਾ ਰਿਹਾ ਕਿ ਕ੍ਰਿਸ਼ਨ-ਸੁਦਾਮੇ ਵਰਗੀਆਂ ਅੱਲ-ਵਲੱਲੀਆਂ ਜਿਹੀਆਂ ਕਹਾਣੀਆਂ ਯਾਦ ਆ ਜਾਂਦੀਆਂ ਰਹੀਆਂ।

ਕੁਝ ਦਿਨ ਹੋਏ *ਇੰਡੋ ਕੈਨੇਡੀਅਨ ਟਾਈਮਜ਼* ਅਤੇ *ਦੇਸ ਪਰਦੇਸ* ਵਿਚ, ਪਰਦੇਸੀਂ ਵਸਦੇ ਸਿੱਖਾਂ ਦੇ ਨਾਂ ਆਪ ਜੀ ਦੀ ਲਿਖੀ ਜਾਣਕਾਰੀ ਭਰਪੂਰ ਅਤੇ ਸੰਪਰਕ ਸਥਾਪਤ

ਕਰਨ ਤੇ ਕਾਇਮ ਰੱਖਣ ਵਾਲੀ ਚਿਠੀ ਪੜ੍ਹੀ ਜਿਸ ਵਿਚ ਆਪ ਜੀ ਨੇ ਪਰਦੇਸੀ ਸਿੱਖਾਂ ਦਾ, ਦੇਸ ਪੁੱਜਣ ਸਮੇ ਮਾਸ ਨੋਚਣ ਵਾਲੀਆਂ ਗਿਰਝਾਂ ਤੋਂ ਬੰਦਖ਼ਲਾਸੀ ਕਰਨ ਹਿਤ ਕੀਤੇ ਜਾ ਰਹੇ ਉਪਰਾਲਿਆਂ ਦਾ ਜ਼ਿਕਰ ਕੀਤਾ ਸੀ। ਇਹ ਪੜ੍ਹ ਕੇ ਹੈਰਾਨੀ ਭਰਪੂਰ ਅਨੰਦ ਪ੍ਰਾਪਤ ਭਇਆ ਕਿ ਇਸ ਸਿੱਖਾਂ ਵਾਸਤੇ ਘੋਰ ਅੰਧਕਾਰ ਦੇ ਸਮੇ ਦੌਰਾਨ ਵੀ, "ਕੋਈ ਹਰਿਆ ਬੂਟੁ ਰਹਿਓ ਰੀ" ਦੇਸ਼ ਦੇ ਹਾਕਮਾਂ ਦੀ ਅੱਧੀ ਸਦੀ ਤੋਂ ਗੁਪਤ ਰੂਪ ਵਿਚ ਚੱਲ ਰਹੀ ਡੂੰਘੀ ਤੇ ਕੋਝੀ ਚਾਲ ਅਤੇ ਆਪਣਿਆਂ ਦੀ ਅੰਧਘੋਰ ਮੂਰਖਤਾ ਦਾ ਸਦਕਾ, ਆਪਣੇ ਦੇਸ ਅੰਦਰ ਹੀ ਪਰਦੇਸੀ ਬਣਾਏ ਜਾ ਚੁੱਕੇ ਨਿਮਾਣੇ ਸਿੱਖਾਂ ਦੀ, ਦਿਨ-ਦੀਵੀਂ ਦਲੇਰੀ ਸਹਿਤ ਛਾਤੀ 'ਤੇ ਹੱਥ ਮਾਰ ਕੇ ਕੋਈ ਬਾਂਹ ਫੜਨ ਵਾਲਾ ਮਾਂ ਦਾ ਸਪੂਤ ਵੀ ਹੈ, ਤੇ ਉਹ ਵੀ ਕੋਈ ਓਪਰਾ ਜਾਂ ਅਣਜਾਣਿਆ ਤੇ ਅਪਹੁੰਚ ਵਿਅਕਤੀ ਨਹੀਂ, ਸਗੋਂ ਆਪਣਾ ਹੀ ਬਾਈ ਜੀ ਬਲਵੰਤ ਹੈ।

ਸਮੁਚੀ ਸਿੱਖ ਕੌਮ ਦੇ ਅਧੋਗਤੀ ਵੱਲ ਜਾਣ ਦਾ ਦੁਖ ਤਾਂ ਬਹੁਤ ਹੈ ਪਰ ਕੀ ਕੀਤਾ ਜਾ ਸਕਦਾ ਹੈ! ਲਗਦਾ ਹੈ ਜਿਵੇਂ ਕਿਤੇ ਕੌਮ ਦੇ ਮਾਲਕ ਨੇ ਹੀ ਕੌਮ ਨੂੰ ਬੇਦਾਵਾ ਦੇ ਦਿਤਾ ਹੋਵੇ!

ਚਲੋ, ਕੌਮੀ ਪਧਰ 'ਤੇ ਨਹੀਂ ਤਾਂ ਕਰਤਾਰ ਦਾ ਏਨਾ ਹੀ ਸ਼ੁਕਰ ਹੈ ਕਿ ਤੁਹਾਡੇ ਵਰਗੇ ਮਿੱਤਰ, ਗੁਰੂ ਵਲੋਂ ਬਖ਼ਸ਼ੀ ਆਪਣੀ ਵਿਅਕਤੀਗਤ ਹਿੰਮਤ ਦਾ ਸਦਕਾ, ਨਿਜੀ ਤੌਰ 'ਤੇ ਚੜ੍ਹਦੀ ਕਲਾ 'ਚ ਜਾ ਰਹੇ ਹਨ। ਇਸ ਤੋਂ ਇਲਾਵਾ ਇਹ ਵੀ ਸਾਂਤਵਨਾ ਦੇਣ ਵਾਲੀ ਬਾਤ ਹੈ ਜੋ ਉਸ ਦਾਤੇ ਨੇ ਮੇਰੇ ਪਾਸੋਂ ਮੇਰੀ ਸੋਚ, ਇੱਛਾ ਤੇ ਯਤਨ ਦੇ ਉਲਟ, ਖ਼ੁਦ ਕਿਰਪਾ ਕਰ ਕੇ, ਗ਼ਲਤੀ ਨਾਲ਼ ਦਰੁਸਤੀ ਕਰਵਾ ਲਈ ਹੈ, ਉਹ ਇਹ ਹੈ ਕਿ ਅਜਿਹੇ ਮੁਲਕ 'ਚ ਵੱਸਣ ਦੇ ਅਧਿਕਾਰ ਉਸ ਨੇ ਬਖ਼ਸ਼ ਦਿਤੇ ਹਨ ਕਿ ਜੇ ਚਾਹੀਏ ਤਾਂ ਆਪਣੀ ਰੋਟੀ, ਬੱਚਿਆਂ ਦੀ ਰੋਜ਼ੀ ਆਦਿ ਦਾ ਫ਼ਿਕਰ ਕਰਨ ਦੀ ਮਜਬੂਰੀ ਕੋਈ ਨਹੀਂ। ਵੈਸੇ ਤਾਂ ਟਟੀਹਰੀ ਦੇ, ਆਪਣੇ ਬੱਚਿਆਂ ਦੀ ਰਾਖੀ ਦੇ ਫ਼ਿਕਰ ਵਿੱਚ, ਟੰਗਾਂ ਉਤੇ ਰਾਤ ਨੂੰ ਆਕਾਸ਼ ਚੁੱਕ ਕੇ ਸੌਣ ਵਾਲੀ ਹੀ ਹਾਲਤ ਹੈ। ਅਸੀਂ ਭਾਵੇਂ ਖ਼ੁਦ ਨੂੰ ਤੀਸ ਮਾਰ ਖ਼ਾਂ ਸਮਝ ਕੇ ਦੁਖੀ ਹੁੰਦੇ ਰਹੀਏ ਕਿ, ਆਹ ਨਹੀਂ ਕਰ ਸਕੇ, ਅਹੁ ਨਹੀਂ ਕੀਤਾ ਜਾ ਸਕਿਆ ਆਦਿ। "ਸਾਰੇ ਜਹਾਂ ਕਾ ਦਰਦ ਹਮਾਰੇ ਦਿਲ ਮੇਂ ਹੈ" ਵਾਲੀ ਸੋਚ ਦਾ ਭਾਰ ਸਿਰ 'ਤੇ ਚੁੱਕੀ ਫਿਰਨ ਵਾਲੇ ਸੁਖੀ ਰਹਿ ਵੀ ਕਿਵੇਂ ਸਕਦੇ ਹਨ! ਫੇਰ "ਮਨਮੁਖ ਸਉ ਕਰਿ ਦੋਸਤੀ ਸੁਖ ਕਿ ਪੁਛਹਿ ਮਿਤ ॥" ਵੱਡੇ ਦੁਨੀਆਂਦਾਰਾਂ ਨਾਲ਼ ਸਾਂਝਾਂ ਪਾਉਣੀਆਂ ਤੇ ਸੁਖ ਦੀ ਆਸ ਰੱਖਣੀ ਲਗ-ਪਗ ਅਸੰਭਵ ਜਿਹੀ ਬਾਤ ਮਾਲੂਮ ਹੁੰਦੀ ਹੈ। ਇਹ ਇਉਂ ਹੀ ਹੈ ਜਿਵੇਂ ਕੋਈ ਨਿਕੇ ਜਿਹੇ ਬੂਹੇ ਵਾਲੇ, ਨਿਕੇ ਜਿਹੇ ਘਰ ਵਿਚ ਰਹਿਣ ਵਾਲਾ, ਅਦਨਾ ਜਿਹਾ ਵਿਅਕਤੀ ਉਠਾਂ ਵਾਲਿਆਂ ਨਾਲ਼ ਯਰਾਨਾ ਕਾਇਮ ਰੱਖਣ ਦਾ ਇਰਾਦਾ ਰੱਖੇ। ਦੁਨਿਆਵੀ ਪਖੋਂ ਵੱਡਾ ਬਣਨ ਦੇ ਯਤਨਾਂ 'ਚ ਮਨੁੱਖਾ ਜਨਮ ਸਾਰਾ ਹੀ ਬੀਤ ਜਾਂਦਾ ਹੈ; ਫੇਰ ਵੀ, ਹਰ ਤਰ੍ਹਾਂ ਦੇ ਹੱਥ-ਕੰਡੇ ਅਜ਼ਮਾਉਣ ਦੇ ਬਾਵਜੂਦ ਵੀ, ਕਿਸੇ ਵਿਰਲੇ ਨੂੰ ਹੀ ਅਧੂਰੀ ਜਿਹੀ ਸਫਲਤਾ ਪ੍ਰਾਪਤ ਹੁੰਦੀ ਹੈ। ਜੇਕਰ ਇਹ

ਸਫਲਤਾ ਪ੍ਰਾਪਤ ਹੋ ਵੀ ਜਾਵੇ, ਅਰਥਾਤ ਮਨੁੱਖ ਵੱਡਾ ਦੁਨੀਆਂਦਾਰ ਬਣ ਵੀ ਜਾਵੇ ਤਾਂ "ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ ॥" ਵਾਲੀ ਅਵਸਥਾ 'ਤੇ ਹੀ ਪੁੱਜਿਆ ਜਾ ਸਕਦਾ ਹੈ। ਬਾਕੀ ਉਤਲੇ ਦੀਆਂ ਉਤਲਾ ਹੀ ਜਾਣੇ! "ਕਾਠ ਕੀ ਪੁਤਰੀ ਕਹਾ ਕਰੈ ਬਪੁਰੀ ਖਿਲਾਵਨਹਾਰੋ ਜਾਨੈ ॥"

ਹਾਂ, ਅਜਿਹੇ ਆਪਾ-ਧਾਪੀ ਦੇ ਸਮੇ ਵਿਚ ਵੀ ਤੁਹਾਡੇ ਵਰਗੇ ਕੋਈ, "ਹੈਨਿ ਵਿਰਲੇ ਨਾਹੀ ਘਣੇ" ਦੇ ਫ਼ੁਰਮਾਣ ਅਨੁਸਾਰ, ਰਾਜਸੀ ਸ਼ਕਤੀ ਪ੍ਰਾਪਤ ਕਰਨ ਉਪ੍ਰੰਤ ਵੀ ਇਸਨੂੰ ਆਪਣੇ ਭਾਈਚਾਰੇ ਦੀ ਭਲਾਈ ਹਿਤ ਵਰਤਣ ਦੀ ਤਮੰਨਾ ਅਤੇ ਸੂਝ ਰਖਦੇ ਹਨ ਅਤੇ ਵਰਤਦੇ ਵੀ ਹਨ। ਅਕਾਲ ਪੁਰਖ ਆਪ ਨੂੰ ਹੋਰ ਚੜ੍ਹਦੀ ਕਲਾ ਬਖ਼ਸ਼ੇ ਅਤੇ ਆਪ ਏਸੇ ਤਰ੍ਹਾਂ ਕੌਮੀ ਖ਼ਿਦਮਤ ਕਰਦੇ ਰਹੋ। ਸਤਿਗੁਰੂ ਜੀ ਦੀ ਕਿਰਪਾ ਸਦਕਾ ਆਪ ਜੀ ਜਿਸ ਜੁੰਮੇਵਾਰੀ ਵਾਲੀ ਅਤੀ ਮਹੱਤਵਪੂਰਣ ਪਦਵੀ 'ਤੇ ਸੁਸ਼ੋਭਤ ਹੋਣ ਕਰਕੇ ਸੇਵਾ ਨਿਭਾ ਰਹੇ ਹੋ, ਇਹ ਦਾਤੇ ਦੀ ਬਖ਼ਸ਼ਿਸ਼ ਅਤੇ ਪੂਰਬਲੇ ਕੀਤੇ ਚੰਗੇ ਕਰਮਾਂ ਸਦਕਾ ਹੀ ਨਸੀਬ ਹੁੰਦੀ ਹੈ। ਗੁਰੂ ਸਾਹਿਬ ਜੀ ਦਾ ਫ਼ੁਰਮਾਣ ਹੈ, "ਜਾ ਕੈ ਮਸਤਕਿ ਭਾਗ ਸਿ ਸੇਵਾ ਲਾਇਆ।।"

ਵੈਨਕੂਵਰ ਵਿਖੇ ਸੁਹਿਰਦ ਸੱਜਣਾਂ ਨਾਲ਼ ਹੋਏ ਮੇਲੇ-ਗੇਲੇ ਤੋਂ ਵਾਪਸ ਮੁੜਨ ਉਪ੍ਰੰਤ ਇਕ ਦਿਨ ਐਵੇਂ ਵਿਹਲੇ ਬੈਠੇ ਮੱਖੀਆਂ ਮਾਰਦੇ ਨੂੰ, "ਅੰਧੇ ਕੋ ਅੰਧੇਰੇ ਮੇਂ ਦੂਰ ਕੀ ਸੂਝੀ" ਦੀ ਲੋਕੋਕਤੀ ਅਨੁਸਾਰ ਵਿਚਾਰ ਆਇਆ ਕਿ ਕਿਉਂ ਨਾ ਭੱਜ ਕੇ ਇਕ ਚੱਕਰ ਸਾਊਥ ਅਫ਼੍ਰੀਕਾ ਦਾ ਹੀ ਲਾ ਆਵਾਂ। ਫੇਰ ਆਪਣੀ ਹੈਸੀਅਤ ਵੱਲ ਝਾਤੀ ਮਾਰੀ ਤਾਂ ਸ਼ੇਖ਼ ਚਿੱਲੀ ਵਾਲਾ ਹਵਾਈ ਕਿਲ੍ਹਾ ਜਿਹਾ ਇਸ ਵਿਚਾਰ ਨੂੰ ਜਾਣ ਕਰਕੇ ਮਨੋਂ ਵਿਸਾਰ ਦਿਤਾ। ਫੇਰ ਮਲਾਵੀ ਮੁਲਕ ਦੀਆਂ ਵੀਹ ਸਾਲ ਪੁਰਾਣੀਆਂ ਯਾਦਾਂ ਹਾਵੀ ਹੋ ਗਈਆਂ। ਸੋਚਿਆ ਕਿ ਓਥੇ ਰਹਿ ਗਏ ਇਕਾ-ਦੁਕਾ ਸਜਣਾਂ ਦੇ ਦਰਸ਼ਨ-ਮੇਲੇ ਦੇ ਨਾਲ਼ ਨਾਲ ਮੁਲਕ ਵੀ ਵੇਖਿਆ ਜਾਵੇ ਕਿ ਵੀਹ ਸਾਲ ਪਿਛੋਂ ਕਿਹੜੇ ਰੰਗਾਂ ਵਿਚ ਹੈ। ਮਲਾਵੀ ਰਹਿਣ ਦੌਰਾਨ ਬੜੀ ਇੱਛਾ ਸੀ ਕਿ ਸਾਊਥ ਅਫ਼੍ਰੀਕਾ ਅਤੇ ਰੋਡੇਸ਼ੀਆ ਦੀ ਯਾਤਰਾ ਵੀ ਕੀਤੀ ਜਾਵੇ ਪਰ ਇਕ ਤਾਂ ਇੰਡੀਅਨ ਪਾਸਪੋਰਟ ਹੋਣ ਕਰਕੇ, ਕਿਉਂਕਿ ਉਸ ਸਮੇ ਉਹਨਾਂ ਦੋਹਾਂ ਦੇਸ਼ਾਂ 'ਚ ਗੋਰਿਆਂ ਦਾ ਰਾਜ ਹੋਣ ਕਰਕੇ ਹਿੰਦ ਸਰਕਾਰ ਨੇ ਉਹਨਾਂ ਨਾਲ਼ ਕਟੀ ਕੀਤੀ ਹੋਈ ਸੀ, ਤੇ ਬਹੁਤਾ ਤੇਰ੍ਹ ਦੇ ਨੰਗ ਦਾ ਸਦਕਾ ਇਹ ਇੱਛਾ ਅਧੂਰੀ ਹੀ ਤੁਰੀ ਆ ਰਹੀ ਸੀ। ਦੋ ਦਹਾਕਿਆਂ ਤੋਂ ਇਸ ਅਧੂਰੀ ਚਲੀ ਆ ਰਹੀ ਇੱਛਾ ਨੂੰ ਪੂਰਾ ਕਰਨ ਦਾ ਹੁਣ ਸਬੱਬ ਬਣਦਾ ਨਜ਼ਰ ਆ ਰਿਹਾ ਸੀ। "ਝੱਟ ਮੰਗਣੀ ਪਟੱਕ ਵਿਆਹ" ਵਾਂਗ ਟਿਕਟ ਕਟਾਈ ਤੇ ਉਠ ਭਜਿਆ ਜੋਹੈਨਸਬਰਗ ਨੂੰ। ਓਥੋਂ ਬੱਸਾਂ, ਕਾਰਾਂ, ਟਰੱਕਾਂ, ਟਰੇਨਾਂ, ਹਵਾਈ ਜਹਾਜ਼ਾਂ 'ਤੇ, ਏਥੋਂ ਤਕ ਕਿ ਦੋ ਕੁ ਥਾਂ ਪੈਦਲ ਹੀ, ਡਰਬਨ ਤੋਂ ਦਾਰਾਸਲਾਮ ਤਕ, ਸੱਤ ਮੁਲਕਾਂ ਦੀ ਖ਼ਾਕ ਛਾਣਦਾ ਹੋਇਆ, ਪੌਣੇ ਕੁ ਤਿੰਨ ਮਹੀਨੇ ਪਿੱਛੋਂ, "ਹੱਥ ਪੁਰਾਣੇ ਖੌਂਸੜੇ ਬਸੰਤੇ ਹੋਰੀ" ਵਾਂਗ, ਮੁੜ ਆਨੇ ਵਾਲੀ ਥਾਂ ਆ ਡਿਗਿਆ। ਸਦਾ ਦੀ ਤਰ੍ਹਾਂ ਇਸ ਵਾਰ ਵੀ ਬਾਹਰੋਂ ਆ ਕੇ ਘਰ ਅੰਦਰ ਜਾਣੋ ਜਿਵੇਂ ਜੀ

ਜਿਹਾ ਹੀ ਨਹੀਂ ਲੱਗਿਆ ਵਾਹਵਾ ਚਿਰ। ਇਉਂ ਲਗਦਾ ਹੈ ਜਿਵੇਂ ਕਿ ਆਸਮਾਨੀ ਉਡਦਿਆਂ ਹੋਇਆਂ ਭੁੰਜੇ ਆ ਡਿਗਾ ਹਾਂ। ਮਜਬੂਰੀ 'ਚ ਧਰਤੀ ਦੇ ਯਥਾਰਥ ਨਾਲ਼ ਜਦੋਂ ਦੋ-ਚਾਰ ਹੋਣਾ ਪੈਂਦਾ ਹੈ, ਜੋ ਕਿ ਮੇਰੇ ਵਰਗੇ ਖ਼ਿਆਲੀ ਤੇ ਹਵਾਈ ਵਿਚਾਰਾਂ ਦੀ ਦੁਨੀਆਂ ਵਿਚ ਵਿਚਰਨ ਵਾਲੇ ਵਿਅਕਤੀ ਵਾਸਤੇ, ਇਸ ਪਿਛਲੀ ਉਮਰ 'ਚ ਆ ਕੇ ਸੁਖਾਲ਼ਾ ਕਾਰਜ ਨਹੀਂ ਰਹਿੰਦਾ, ਤਾਂ ਢਹਿੰਦੀ ਕਲਾ ਦਾ ਹਾਵੀ ਹੋ ਜਾਣਾ ਸੁਭਾਵਕ ਹੀ ਹੈ। "ਵੇਲ਼ੇ ਦਾ ਰਾਗ, ਕੁਵੇਲ਼ੇ ਦੀਆਂ ਟੱਕਰਾਂ।" ਪਹਿਲਾਂ ਤਾਂ ਮੇਰੇ ਵਰਗੇ ਖ਼ੁਦ ਨੂੰ ਲੋੜੋਂ ਵਧ ਸਿਆਣੇ ਸਮਝਣ ਵਾਲੇ; ਵਿਦਿਆ, ਧਰਮ, ਕੌਮੀ ਸੇਵਾ ਆਦਿ ਦੀਆਂ ਖ਼ਾਮ-ਖ਼ਿਆਲੀਆਂ 'ਚ, ਸਮੇ ਸਿਰ ਘਰ-ਪਰਵਾਰ ਨਹੀਂ ਬਣਾਉਂਦੇ, ਤੇ ਫੇਰ ਸਹੁਰੀਂ ਦੇਰ ਲਾ ਕੇ ਮੁੜੇ ਮਰਾਸੀ ਵਾਂਗ ਜੁੱਤੀ ਹੱਥ 'ਚ ਫੜ ਕੇ, ਲੇਟ ਕੱਢਣ ਹਿਤ ਭੱਜਣ ਦਾ ਯਤਨ ਜਿਹਾ ਕਰਦੇ ਨੇ। ਚਲੋ ਕੋਈ ਗੱਲ ਨਹੀਂ; ਤਾਈ ਦੇ ਆਖਣ ਵਾਂਗ, "ਜਿਵੇਂ ਮੰਗਣਾ ਹੋ ਗਿਆ ਤਿਵੇਂ ਮਿਰਗੀ ਵੀ ਹਟ ਜਾਊ!" ਭਾਵ ਕਿ ਜਿਵੇਂ ਖਿੱਚ-ਧੂਹ ਕੇ ਪਹਿਲਾਂ ਏਨਾ ਸਮਾ ਲੰਘ ਗਿਆ, ਰਹਿੰਦਾ ਵੀ ਬੀਤ ਹੀ ਜਾਸੀ। "ਬਹੁਤੀ ਗਈ ਬਤੀਤ, ਹੁਣ ਥੋੜ੍ਹੀ ਰਹਿ ਗਈ।"

ਇਹ ਚੱਕਰ, ਅਫ਼੍ਰੀਕਾ ਦਾ ਚੱਕਰ ਲਾਉਣ ਦੀ ਭਟਕਣਾ ਮੁਕਾਉਣ ਦੇ ਥਾਂ ਸਗੋਂ ਇਕ ਹੋਰ ਚੱਕਰ ਲਾਉਣ ਦੇ ਚੱਕਰ ਵਿਚ ਪਾ ਗਿਆ ਹੈ। ਜੇਕਰ ਡਰਬਨ ਦੇ ਸਿੱਖਾਂ ਨੇ ਪਹਿਲਾਂ ਗੁਰਦੁਆਰਾ ਸਾਹਿਬ ਦੇ ਉਦਘਾਟਨ ਦਾ ਚੱਕਰ ਚਲਾ ਲਿਆ ਤਾਂ ਉਸ ਸਮੇ ਓਥੇ ਹਾਜ਼ਰੀ ਭਰਾਂਗਾ ਨਹੀਂ ਤਾਂ ਫੇਰ ਕੇਪ ਟਾਊਨ ਵਿਖੇ ਹੋ ਰਹੀ ਸੰਸਾਰ ਦੇ ਧਰਮਾਂ ਦੀ ਕਾਨਫ਼੍ਰੰਸ ਸਮੇ ਤਾਂ ਹਾਜਰੀ ਭਰਨ ਦਾ ਵਿਚਾਰ ਹੈ ਹੀ। ਇਸ ਚੱਕਰ ਦੌਰਾਨ ਯੂਗਾਂਡਾ ਸਮੇਤ ਕੁਝ ਹੋਰ ਰਹਿ ਗਏ ਅਫ਼੍ਰੀਕੀ ਮੁਲਕਾਂ ਦਾ ਚੱਕਰ ਲਾਉਣ ਦਾ ਚੱਕਰ ਚਲਾਇਆ ਜਾਣ ਦਾ ਯਤਨ ਕੀਤਾ ਜਾਵੇਗਾ। ਅਗੋਂ ਜਿਵੇਂ ਅਕਾਲ ਪੁਰਖ ਨੂੰ ਭਾਇਆ! "ਜਹ ਭੇਜਹਿ ਤਹ ਜਾਵਾ।।" ਵੈਸੇ ਇਸ ਚੱਕਰ ਦੌਰਾਨ ਪੁਰਾਣੇ ਸੱਜਣਾਂ ਨਾਲ਼ ਸੰਪਰਕ ਮੁੜ ਜੁੜਿਆ ਹੈ; ਖ਼ਾਸ ਕਰਕੇ ਗੁਜਰਾਤੀ ਭਾਈਚਾਰੇ ਅਤੇ ਹੋਰ ਸਮਾਜਾਂ 'ਚੋਂ ਵੀ ਸੁਹਿਰਦ ਸੱਜਣਾਂ ਨਾਲ਼ ਨਵਾਂ ਸੰਪਰਕ ਬਣਿਆ ਹੈ।

੧੯੬੪ ਤੋਂ ਦਾਤੇ ਦੀ ਸਾਜੀ-ਨਿਵਾਜੀ ਹੋਈ ਧਰਤੀ, ਤੇ ਇਸ ਉਪਰ ਵੱਸ ਰਹੇ ਜੀਆ-ਜੰਤ ਨੂੰ ਵੇਖਣ ਦੀ, ਪੈਦਾ ਹੋ ਕੇ, ਅੰਦਰੇ ਅੰਦਰ ਕੌੜੀ ਵੇਲ ਵਾਂਗ ਵਧ ਕੇ ਪ੍ਰਵਾਨ ਚੜ੍ਹ ਰਹੀ, ਤੰਗ-ਕਰੂ ਤਮੰਨਾ ਨੂੰ ਪੂਰਾ ਕਰਨ ਹਿਤ, ਤਕਰੀਬਨ ਇਕ ਚੌਥਾਈ ਸਦੀ ਪਹਿਲਾਂ, ਅਰਥਾਤ ੭ ਮਾਰਚ ੧੯੭੩ ਵਾਲੇ ਦਿਨ ਅੰਮ੍ਰਿਤਸਰੋਂ, "ਉਠ ਫਰੀਦਾ ਸੁਤਿਆ, ਦੁਨੀਆਂ ਵੇਖਣ ਜਾਹ" ਦੀ ਸਦਾ ਤੋਂ ਪ੍ਰੇਰਤ ਹੋ ਕੇ, "ਢਡ ਸਰੰਗਾ ਚੁਕ ਧਰਤ ਕਾ ਸੈਰ ਕਰੇਂਗੇ" ਵਾਲੇ ਚਾਅ 'ਚ ਦੁਨੀਆਂ ਵੇਖਣ ਉਠ ਭਜਿਆ ਸੀ। ਦੇਸੋਂ ਤੁਰਨ ਸਮੇ ਤਾਂ ਸਿਰਫ਼ ਏਹੋ ਖ਼ਿਆਲ ਸੀ ਕਿ ਦੋ ਕੁ ਸਾਲ ਦੀ ਨੌਕਰੀ 'ਚੋਂ ਪੈਸੇ ਬਚਾ ਕੇ ਅਤੇ ਉਸ ਬਚਤ ਨੂੰ, ਬਚਤ ਸਹਿਤ ਖ਼ਰਚਦੇ ਹੋਏ, ਦੁਨੀਆਂ ਦੇ ਦੁਆਲ਼ੇ ਦੀਆਂ ਪਰਕਰਮਾਂ ਕਰਕੇ, ਮੁੜ ਆਨੇ

ਵਾਲੀ ਥਾਂ 'ਤੇ ਆ ਜਾਵਾਂਗੇ। ਕਦੀ ਸੋਚ ਵਿਚ ਨਹੀਂ ਸੀ ਆਇਆ ਕਿ ਇਸ ਤਰ੍ਹਾਂ ਬਾਹਰ ਹੀ ਖਪ ਜਾਵਾਂਗੇ। ਹੋਇਆ ਸਗੋਂ ਇਉਂ, "ਮਰਜ਼ ਬੜ੍ਹਤਾ ਗਇਆ ਜੂੰ ਜੂੰ ਦੁਆ ਕੀ।" ਦਲਦਲ 'ਚ ਫਸੇ ਬੰਦੇ ਵਾਲੀ ਹੀ ਕੁਝ-ਕੁਝ ਹਾਲਤ ਸਾਡੀ ਪਰਦੇਸ ਵਾਸੀਆਂ ਦੀ ਹੈ। ਫਸਿਆ ਬੰਦਾ ਜਿੰਨਾ ਜ਼ੋਰ ਬਾਹਰ ਨਿਕਲਣ ਲਈ ਲਾਵੇ ਓਨਾ ਹੀ ਥੱਲੇ ਨੂੰ ਜਾਂਦਾ ਹੈ। ਮੱਖੀ ਘਿਓ ਦਾ ਸਵਾਦ ਚਖਣ ਲਈ ਘਿਓ ਵਾਲੇ ਬਰਤਨ ਵਿਚ ਪਧਾਰੇ ਤਾਂ ਮੁੜ ਕੇ ਬਾਹਰ ਆਉਣਾ ਉਸਦੇ ਆਪਣੇ ਵੱਸ 'ਚ ਨਹੀਂ ਰਹਿੰਦਾ। ਸ਼ਾਇਦ ਏਹੋ ਹਾਲ ਦੇਸ਼-ਬਦਰ ਹੋਏ ਵਿਅਕਤੀਆਂ 'ਚੋਂ ਬਹੁਤਿਆਂ ਦਾ ਹੁੰਦਾ ਹੈ। ੧੯੭੮ ਦੇ ਨਵੰਬਰ ਮਹੀਨੇ ਵਿਚ ਕੈਲੇਫ਼ੋਰਨੀਆ ਵਿਖੇ, ਕਾਰ ਵਿਚ ਜਾਂਦਿਆਂ ਹੋਇਆਂ, ਇਕ ਨੌਜਵਾਨ ਸੱਜਣ ਨੇ ਇਉਂ ਆਖਿਆ ਸੀ, "ਆਪਣੇ ਦੇਸ਼ੋਂ ਬਾਹਰ ਨਿਕਲਣ ਵਾਲੇ ਵਿਅਕਤੀ ਮਾੜੀ ਕਿਸਮਤ ਵਾਲੇ ਹੁੰਦੇ ਹਨ।" ਉਸ ਵੇਲ਼ੇ ਤਾਂ ਇਸ ਗੱਲ ਦੀ, ਜੋਰ ਦੇ ਕੇ ਸੋਚਣ ਦੇ ਬਾਵਜੂਦ ਵੀ ਪੂਰੀ ਸਮਝ ਨਹੀਂ ਸੀ ਆਈ ਪਰ ਹੁਣ ਕਦੀ ਕਦੀ ਸੋਚ ਆਉਂਦੀ ਹੈ ਕਿ ਸ਼ਾਇਦ ਉਹ ਠੀਕ ਹੀ ਆਂਹਦਾ ਹੋਵੇ!

"ਦੇਖੁ ਫਰੀਦਾ ਜੁ ਥੀਆ ਦਾੜੀ ਹੋਈ ਭੂਰ ॥" ਫਰੀਦ ਜੀ ਅਨੁਸਾਰ, "ਫਰੀਦਾ ਇਨੀ ਨਿਕੀ ਜੰਘੀਐ ਥਲ ਡੂੰਗਰ ਭਵਿਓਮ੍ਹਿ ॥" ਅਨੁਸਾਰ ਦਿੱਲੀ ਦੱਖਣ ਭਾਵੇਂ ਗਾਹ ਹੀ ਸੁਟਿਆ ਹੈ ਪਰ ਭੌਣ ਦੇ ਲਾਲਚ ਦੀ ਅੱਗ ਘਟੀ ਨਹੀਂ ਸਗੋਂ ਹੋਰ ਵਧੀ ਹੈ। ਸ਼ਹੀਦਾਂ ਦੇ ਸਿਰਤਾਜ, ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਫ਼ੁਰਮਾਣ ਦੀ ਹੁਣ ਕੁਝ ਸਮਝ ਆਉਣ ਲੱਗੀ ਹੈ। ਇਉਂ ਲਗਦਾ ਜਿਵੇਂ ਮੇਰੇ ਵਰਗੇ ਭੌਂਦੂਆਂ ਵਾਸਤੇ ਹੀ ਇਹ ਉਪਦੇਸ਼ ਉਚਾਰਨ ਦੀ ਕਿਰਪਾ ਕੀਤੀ ਹੋਵੇ; ਗੁਰ-ਫ਼ੁਰਮਾਣ ਹੈ, "ਸੁਖੁ ਨਾਹੀ ਬਹੁ ਦੇਸ ਕਮਾਏ ॥" ਗੱਲ ਵੀ ਤਾਂ ਮੈਂ ਗੁਰੂ ਜੀ ਦੇ ਉਪਦੇਸ਼ਾਂ ਤੋਂ ਉਲ਼ਟ ਹੀ ਕਰ ਰਿਹਾ ਹਾਂ। ਫਿਰ ਫਿਰ ਕੇ ਫਿਰਨ ਦੀ ਇੱਛਾ ਨੂੰ ਮੁਕਾਉਣ ਦੀ ਝੂਠੀ ਆਸ ਲਾਈ ਬੈਠਾ ਹਾਂ। ਭਲਾ ਬਾਲਣ ਪਾਉਣ ਨਾਲ਼ ਵੀ ਅੱਗ ਬੁਝਦੀ ਹੈ?

ਬ੍ਰਿਜ਼ਬਿਨ ਦੇ ਵਸਨੀਕ ਸਰਦਾਰ ਗਿਆਨ ਸਿੰਘ ਕੰਗ ਜੀ ਨੇ ਇਕ ਕਵਿਤਾ ਲਿਖੀ ਸੀ; ਜੋ ਕਿ ਗੁਰੂ-ਕਿਰਪਾ ਸਦਕਾ ਅਜੇ ਪੂਰੀ ਤਰ੍ਹਾਂ ਮੇਰੇ 'ਤੇ ਤਾਂ ਨਹੀਂ ਢੁਕਦੀ ਪਰ ਪਰਦੇਸੀਂ ਵਸਦੇ ਆਮ ਲੋਕਾਂ ਦੀ ਬਹੁਸੰਮਤੀ 'ਤੇ ਜ਼ਰੂਰ ਲਾਗੂ ਹੁੰਦੀ ਹੈ। ਕਵਿਤਾ ਹੈ:

*ਅਸੀਂ ਪੈਸੇ ਦੇ ਭੁਖਿਆਂ ਨੇ, ਪੈਸੇ ਬਹੁਤ ਕਮਾ ਲਏ।*
*ਬੋਲੀ ਧਰਮ ਅਤੇ ਸਭਿਅਤਾ, ਸਣੇ ਔਲਾਦ ਗਵਾ ਲਏ।*
*ਬਦੋ ਬਦੀ ਦੇ ਅਸੀਂ ਪ੍ਰਾਹੁਣੇ, ਝਿੜਕਾਂ ਜੋਗੇ ਰਹਿ ਗਏ।*
*ਪਿਛੇ ਸਾਕ ਸੰਬੰਧੀ ਸਾਡਾ, ਸਭ ਕੁਝ ਮੱਲ ਕੇ ਬਹਿ ਗਏ।*
*ਰਹਿਣ ਨੂੰ ਏਥੇ ਜੀ ਨਹੀਂ ਕਰਦਾ, ਜਾ ਵੀ ਸਕਦੇ ਨਾਹੀ।*
*ਇਸ ਪੈਸੇ ਦੇ ਚੱਕਰ ਵਿਚ, ਸਾਡੀ ਫਸ ਗਈ ਜਿੰਦ ਕੁਥਾਂਹੀ।*

ਮੇਰੇ 'ਤੇ ਪੂਰੀ ਤਰ੍ਹਾਂ ਇਸ ਕਵਿਤਾ ਦੇ ਨਾ ਢੁਕ ਸਕਣ ਦਾ ਸ਼ਾਇਦ ਇਹ ਕਾਰਨ ਹੀ ਹੋਵੇ ਕਿ ਮੈਂ ਦੇਸ ਅੰਦਰ ਕੁਝ ਛਡਿਆ ਹੀ ਨਹੀਂ ਜੋ ਕਿਸੇ ਅੰਦਰ ਦੱਬ ਲੈਣ ਦੀ ਕੁਚੇਸ਼ਟਾ ਪੈਦਾ ਹੋਵੇ। ਜੇ ਕੋਈ 'ਛੱਲੀ-ਪੂਣੀ' ਸੀ ਵੀ ਤਾਂ ਉਹ ਵੀ ਵੇਚ-ਵੱਟ ਕੇ, "ਪੂਰਬ ਕੀ ਕਮਾਈ ਸੋ ਤੈਂ ਪਛਮ ਮੈਂ ਬੈਠ ਖਾਈ, ਆਗਰੇ ਕੀ ਖੇਪ ਤੋਹਿ ਕਛੂ ਨਾ ਚਲਾਈ ਹੈ।" ਅਨੁਸਾਰ ਛਕ-ਛਕਾ ਲਈ ਗਈ ਹੈ। "ਨਾ ਨੱਕ ਰਹੇ ਤੇ ਨਾ ਮੱਖੀ ਬਹੇ" ਕਿਸੇ ਸਿਆਣੇ ਨੇ ਠੀਕ ਹੀ ਕਿਹਾ ਹੈ, "ਦਮ ਦਾ ਦਮ, ਨਾ ਧੋਖਾ ਨਾ ਗ਼ਮ।" ਘਰ 'ਚ ਕੁਝ ਹੋਊ ਤਾਂ ਰਾਤ ਦੇ ਹਨੇਰੇ ਤੇ ਪਾਲੇ ਵਿਚ ਚੋਰ ਜੀ ਮਹਾਰਾਜ ਦਰਸ਼ਨ ਦੇਣ ਦੀ ਖੇਚਲ ਕਰਨਗੇ ਤੇ ਉਹਨਾਂ ਦੇ ਦਰਸ਼ਨਾਂ ਕਾਰਨ ਕੂਕਰ ਜੀ ਨੂੰ ਭੌਂਕਣ ਲਈ ਆਪਣਾ ਬੁਥਾੜਬਿੰਦ ਖੋਹਲਣਾ ਪੈਸੀ! "ਨੰਗ ਪੁੱਤ ਚੋਰਾਂ ਨਾਲ਼ ਖੇਡੇ।"

ਸਾਕਾਂ ਦੇ ਸਭ ਕੁਝ ਮੱਲ ਕੇ ਬਹਿ ਜਾਣ ਬਾਰੇ ਗੁਰੂ ਸਾਹਿਬ ਜੀ ਦੀ ਇਕ ਸਾਖੀ ਚੇਤੇ ਆ ਗਈ। ਇਕ ਵਾਰ ਦੀ ਗੱਲ ਹੈ ਕਿ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਚੋਹਲਾ ਸਾਹਿਬ ਗਏ ਤਾਂ ਓਥੋਂ ਘੋੜੇ ਤੋਂ ਉਤਰ ਕੇ ਪੰਜ ਕਿਲੋ ਮੀਟਰ ਪੈਦਲ ਹੀ ਤੁਰ ਕੇ ਪਿੰਡ ਜਾਮਾਰਾਇ (ਜ਼ਿਲ੍ਹਾ ਅੰਮ੍ਰਿਤਸਰ) ਵੱਲ ਗਏ। ਇਕ ਸਥਾਨ 'ਤੇ ਪਹੁੰਚ ਕੇ ਸਤਿਕਾਰ ਸਹਿਤ ਧਰਤੀ ਨੂੰ ਨਮਸ਼ਕਾਰ ਕੀਤੀ। ਸਿੱਖਾਂ ਦੇ ਨਮਸਕਾਰ ਕਰਨ ਦਾ ਕਾਰਨ ਪੁੱਛਣ 'ਤੇ ਸਤਿਗੁਰੂ ਜੀ ਨੇ ਦਸਿਆ ਕਿ ਇਸ ਪਾਵਨ ਧਰਤੀ ਨੂੰ, ਸਤਿਗੁਰੂ ਨਾਨਕ ਦੇਵ ਜੀ ਦੇ ਚਰਨਾਂ ਦੀ ਛੁਹ ਪ੍ਰਾਪਤ ਹੋਣ ਦਾ ਸੁਭਾਗ ਹਾਸਲ ਹੈ। ਸਾਖੀ ਸਿੱਖਾਂ ਨੂੰ ਜੋ ਗੁਰੂ ਜੀ ਨੇ ਸੁਣਾਈ, ਸਾਰ ਉਸਦਾ ਇਸ ਪਰਕਾਰ ਹੈ : ਇਕ ਵਾਰ ਸਤਿਗੁਰੂ ਨਾਨਕ ਦੇਵ ਜੀ ਜਗਤ-ਜਲੰਦੇ ਨੂੰ ਤਾਰਦੇ ਹੋਏ ਆਪਣੇ ਜੱਦੀ ਪਿੰਡ, ਜਿਸਦਾ ਨਾਂ ਉਸ ਸਮੇ ਭਿਟੇ ਵਿੰਡ ਸੀ, ਆਏ। ਬਾਹਰ ਖੂਹ 'ਤੇ ਹੀ ਗੁਰੂ ਜੀ ਨੇ ਜਾ ਡੇਰਾ ਕੀਤਾ। ਜਦੋਂ ਗੁਰੂ ਜੀ ਦੇ ਸ਼ਰੀਕਾਂ ਨੂੰ ਗੁਰੂ ਜੀ ਦੇ ਆਉਣ ਦਾ ਪਤਾ ਲੱਗਾ ਤਾਂ ਉਹਨਾਂ ਨੂੰ ਡਰ ਪੈ ਗਿਆ ਕਿ ਕਿਤੇ ਆਪਣੀ ਖ਼ਾਨਦਾਨੀ ਜਾਇਦਾਦ ਮੱਲਣ ਹੀ ਨਾ ਆ ਗਏ ਹੋਣ! ਇਹ ਸੋਚ ਕੇ ਸ਼ਰੀਕਾਂ ਨੇ ਗੁਰੂ ਜੀ ਨੂੰ ਓਥੋਂ ਚਲੇ ਜਾਣ ਲਈ ਆਖ ਦਿਤਾ। ਗੁਰੂ ਜੀ ਨੇ ਬਥੇਰਾ ਸਮਝਾਉਣ ਦਾ ਯਤਨ ਕੀਤਾ ਕਿ ਅਸੀਂ ਤਾਂ ਭਈ ਆਪਣੇ ਬਜ਼ੁਰਗਾਂ ਦੇ ਨਗਰ ਤੇ ਰਿਸ਼ਤੇਦਾਰਾਂ ਦੇ ਦਰਸ਼ਨ ਮੇਲੇ ਲਈ ਹੀ ਆਏ ਹਾਂ; ਸਾਡਾ ਏਥੇ ਟਿਕਣ ਜਾਂ ਕਿਸੇ ਪ੍ਰਕਾਰ ਦੇ ਹਿੱਸੇ ਦੀ ਵੰਡ-ਵੰਡਾਈ ਦਾ ਕੋਈ ਇਰਾਦਾ ਨਹੀਂ ਹੈ ਪਰ ਉਹਨਾਂ ਭੱਦਰ ਪੁਰਸ਼ਾਂ ਨੂੰ ਯਕੀਨ ਕਿਕੂੰ ਆਵੇ! ਤਲਖ਼-ਕਲਾਮੀ ਕਰਦਿਆਂ ਹੋਇਆਂ, ਸ਼ਰੀਕਾਂ ਨੇ ਏਥੋਂ ਤਕ ਵੀ ਆਖ ਦਿਤਾ ਕਿ ਸਿਧੀ ਤਰ੍ਹਾਂ ਏਥੋਂ ਤੁਰਦੇ ਹੋਵੋ। ਅਸੀਂ ਏਥੇ ਤੁਹਾਡਾ ਦੀਵਾ ਨਹੀਂ ਬਲਣ ਦਿਆਂਗੇ। ਗੁਰੂ ਜੀ ਸ਼ਰੀਕਾਂ ਦੀ ਮੂਰਖ-ਮੱਤ ਨੂੰ ਵਿਚਾਰਨ ਪਿੱਛੋਂ, ਉਠ ਕੇ ਤੁਰਦੇ ਹੋਏ ਸਹਿਜ ਸੁਭਾ ਉਚਾਰ ਗਏ, "ਸਾਡਾ ਦੀਵਾ ਤਾਂ ਸਦਾ ਬਲ਼ਦਾ ਰਹੇਗਾ ਪਰ ਤੁਹਾਡਾ ਦੀਵਾ ਛੇਤੀ ਹੀ ਗੁੱਲ ਹੋ ਜਾਵੇਗਾ।" ਕੁਝ ਸਮਾ ਪਾ ਕੇ ਸਹਿਜ ਸੁਭਾ ਕੀਤਾ ਗਿਆ ਗੁਰੂ ਜੀ ਦਾ ਬਚਨ ਪੂਰਾ ਹੋ ਗਿਆ। ਸਮੇ ਦੇ ਗੇੜ ਨਾਲ਼ ਲਾਲਚੀ ਤੇ

ਈਰਖਾਲੂ ਸ਼ਰੀਕ ਸੱਜਣ ਆਪਸੀ ਕਲੇਸ਼, ਜ਼ਮੀਨ-ਜਾਇਦਾਦ ਦੀ ਵੰਡ-ਵੰਡਾਈ ਤੋਂ ਸ਼ੁਰੂ ਹੋ ਕੇ ਵਧੇ ਲੜਾਈ-ਝਗੜਿਆਂ ਕਾਰਨ ਪਿੰਡੋਂ ਉਜੜ ਗਏ ਤੇ ਪਿੰਡ ਥੇਹ ਹੋ ਗਿਆ। "ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ।।" ਅਨੁਸਾਰ ਛੇਵੇਂ ਪਾਤਿਸ਼ਾਹ ਨੇ ਗੁਰੂ ਜੀ ਦੇ ਚਰਨਾਂ ਦੀ ਛੁਹ ਪ੍ਰਾਪਤ ਕਰਕੇ ਸੁਹਾਵਣੇ ਹੋਏ ਸਥਾਨ ਦੀ ਸੰਭਾਲ ਕਰਵਾਈ ਤੇ ਮਾਘੀ ਦੇ ਦਿਨ ਗੁਰਦੁਆਰਾ ਸਾਹਿਬ ਦੀ ਨੀਂਹ ਰੱਖੀ। ਕਬਜ਼ੇ ਦੀ ਭਾਵਨਾ ਵਾਲਿਆਂ ਦੇ ਦੀਵੇ ਸਦਾ ਲਈ ਗੁੱਲ ਤੇ ਤਿਆਗੀ ਬਾਬੇ ਦਾ ਦੀਵਾ ਸਦਾ ਰੌਸ਼ਨ।

ਹੁਣ ਅਸੀਂ ਖ਼ੁਦ ਹੀ ਵਿਚਾਰੀਏ ਕਿ ਜੇ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ਼ ਉਹਨਾਂ ਦੇ ਸ਼ਰੀਕਾਂ ਵਲੋਂ ਇਹ ਸਲੂਕ ਕੀਤਾ ਜਾ ਸਕਦਾ ਹੈ ਤਾਂ ਗੁਰੂ ਜੀ ਦੇ ਸਿੱਖਾਂ ਵਲੋਂ, ਆਪਣੇ ਭਾਈਚਾਰੇ ਪਾਸੋਂ ਬੇਹਤਰ ਸਲੂਕ ਦੀ ਆਸ ਰੱਖਣੀ ਬੁਧੂਆਂ ਦੇ ਬਹਿਸ਼ਤ ਵਿਚ ਵਿਚਰਨ ਦੀ ਆਸ ਰੱਖਣ ਦੇ ਬਰਾਬਰ ਵਾਲੀ ਗੱਲ ਨਹੀਂ? ਸਾਡੇ ਸਾਕ-ਸੰਬੰਧੀ ਤਾਂ ਪਹਿਲੀ ਵਾਰੀ ਹੀ ਸਾਨੂੰ ਪਰਦੇਸ ਤੋਰਨ ਸਮੇ ਜੱਦੀ ਜਾਇਦਾਦ ਤੋਂ ਮਨ ਹੀ ਮਨ ਸਾਨੂੰ ਸਦਾ ਲਈ ਖ਼ਾਰਜ ਕਰ ਚੁੱਕੇ ਹੁੰਦੇ ਹਨ। ਇਸਦੇ ਉਲਟ ਉਹ ਸਾਥੋਂ ਸਦਾ ਲਈ ਹੋਰ ਸਹਾਇਤਾ ਦੀ ਆਸ ਰੱਖੀ ਬੈਠੇ ਹੁੰਦੇ ਨੇ; ਜਿਵੇਂ ਕਿ ਸਮੇ ਸਮੇ ਮਾਇਕ ਸਹਾਇਤਾ, ਬਾਹਰ ਦੀਆਂ ਵਸਤੂਆਂ, ਖ਼ੁਦ ਉਹਨਾਂ ਨੂੰ ਜਾਂ ਉਹਨਾਂ ਦੇ ਬੱਚਿਆਂ ਨੂੰ ਬਾਹਰ ਲਿਆਉਣਾ, ਦੇਸ-ਫੇਰੀ ਸਮੇ ਉਹਨਾਂ ਲਈ ਤੋਹਫ਼ੇ ਆਦਿ ਦੀ ਆਸ ਰੱਖਣੀ ਤਾਂ ਸਾਧਾਰਨ ਜਿਹੀ ਤਵੱਕੋ ਹੀ ਸਮਝੀ ਜਾਂਦੀ ਹੈ। "ਆਵਸੋ ਤਾਂ ਕੀ ਲਿਆਵਸੋ। ਜਾਵਸੋ ਤਾਂ ਕੀ ਦੇ ਕੇ ਜਾਵਸੋ।" ਇਸ ਲਈ ਪਿੱਛੇ ਆਪਣੀ ਜਾਂ ਆਪਣੇ ਮਾਪਿਆਂ ਦੀ ਜਾਇਦਾਦ 'ਚੋਂ ਹਿੱਸਾ ਵੰਡਾਉਣ ਲਈ ਵਾਪਸ ਵਤਨੀ ਵਹੀਰਾਂ ਘੱਤਣ ਤੋਂ ਪਹਿਲਾਂ ਸਾਨੂੰ, ਸ੍ਰੀ ਗੁਰੂ ਨਾਨਕ ਸਾਹਿਬ ਨਾਲ਼ ਕੀਤਾ ਗਿਆ, ਸ਼ਰੀਕਾਂ ਦਾ ਸਲੂਕ ਵੀ ਯਾਦ ਕਰ ਲੈਣਾ ਚਾਹੀਦਾ ਹੈ। ਇਸ ਵਿਚ ਸਾਡਾ ਆਪਣਾ ਹੀ ਭਲਾ ਹੈ। ਪਰ ਤਕਰੀਬਨ ਹਰੇਕ ਵਿਅਕਤੀ, ਸਮੇਤ ਮੇਰੇ, ਇਹ ਸਮਝਦਾ ਹੈ ਕਿ ਜੋ ਕੁਝ ਲੋਕਾਂ ਨਾਲ਼ ਹੋਇਆ ਏ, ਉਹ ਮੇਰੇ ਨਾਲ਼ ਨਹੀਂ ਹੋਣ ਲੱਗਾ। ਇਹ ਸੋਚਣ ਸਮੇ ਅਸੀਂ ਗੁਰਬਾਣੀ ਦੇ ਉਪਦੇਸ਼ ਨੂੰ ਭੁੱਲ ਜਾਂਦੇ ਹਾਂ। ਧੁਰ ਕੀ ਬਾਣੀ ਫ਼ੁਰਮਾਉਂਦੀ ਹੈ: "ਪਾਰੋਸੀ ਕੇ ਜੋ ਹੂਆ ਤੂ ਅਪਨੇ ਭੀ ਜਾਨੁ ॥" ਜੇ ਜਿਦ ਕਰਾਂਗੇ ਤਾਂ ਵਾਰਸ ਸ਼ਾਹ ਦੇ ਆਖਣ ਵਾਂਗ, "ਨਾਲੇ ਰੰਨ ਗਈ ਨਾਲੇ ਕੰਨ ਪਾਟੇ" ਵਾਲੀ ਸਾਡੇ ਨਾਲ਼ ਵੀ ਹੋ ਸਕਦੀ ਹੈ। ਜਾਇਦਾਦ ਤਾਂ ਗਈ ਹੀ ਗਈ ਸਗੋਂ ਰਿਸ਼ਤੇਦਾਰਾਂ ਦਾ ਮੂੰਹ-ਮੁਲਾਹਜ਼ਾ ਵੀ ਗਵਾ ਬਹਾਂਗੇ। ਇਹ ਵੱਖਰੀ ਗੱਲ ਹੈ ਕਿ ਕੁਝ ਦਲੇਰ ਸੱਜਣ ਇਉਂ ਵੀ ਸੋਚਦੇ ਹਨ ਕਿ ਅਜਿਹੇ ਰਿਸ਼ਤੇਦਾਰਾਂ ਨੂੰ ਰਗੜ ਕੇ ਫੋੜੇ ਉਤੇ ਲਾਉਣਾ ਏਂ ਜੋ ਸਾਨੂੰ ਖਾਣ ਹੀ ਆਉਂਦੇ ਨੇ! ਇਸ ਲਈ ਉਹ ਸਾਕ-ਸਕੀਰੀ ਟੁੱਟਣ ਦੀ ਬਹੁਤੀ ਪਰਵਾਹ ਨਹੀਂ ਵੀ ਕਰਦੇ ।

ਦੁਨਿਆਵੀ ਪਦਾਰਥਾਂ ਦੀ ਪ੍ਰਾਪਤੀ ਵਾਸਤੇ ਅਸੀਂ ਭਾਵੇਂ ਕਿੰਨੀ ਵੀ ਦੌੜ-ਭੱਜ ਕਰੀ ਜਾਈਏ, ਕਿਤੇ ਵੀ ਫੁੱਲ ਸਟਾਪ ਲੱਗਦਾ ਨਹੀਂ ਦਿਸਦਾ। ਗੁਰਬਾਣੀ ਦਾ ਫ਼ੁਰਮਾਣ ਹੈ,

"ਕਰਿ ਕਰਿ ਥਾਕੇ ਵਡੇ ਵਡੇਰੇ।। ਕਿਨ ਹੀ ਨ ਕੀਏ ਕਾਜ ਮਾਇਆ ਪੂਰੇ ॥" ਜਿਵੇਂ ਜਿਵੇਂ ਬੰਦੇ ਦੀ ਆਮਦਨ ਵਧਦੀ ਹੈ ਓਸੇ ਹਿਸਾਬ ਖ਼ਰਚਾਂ ਵਿਚ ਵਾਧਾ ਹੋਈ ਜਾਂਦਾ ਹੈ। ਇਹ ਇਉਂ ਹੈ ਜਿਵੇਂ ਕੋਈ ਸੱਜਣ ਪੁਰਸ਼ ਆਪਣਾ ਪਰਛਾਵਾਂ ਫੜਨ ਦੇ ਯਤਨ ਵਿਚ, ਪਰਛਾਵੇਂ ਦੇ ਪਿੱਛੇ ਪਿੱਛੇ ਭੱਜੀ ਜਾਵੇ ਪਰ ਪਰਛਾਵਾਂ ਹੋਰ ਅਗੇਰੇ, ਹੋਰ ਅਗੇਰੇ ਹੀ ਹੁੰਦਾ ਜਾਵੇ। "ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ ॥" ਵਾਲੇ ਉਪਦੇਸ਼ ਅਨੁਸਾਰ, ਤ੍ਰਿਲੋਕੀ ਦੇ ਪਦਾਰਥਾਂ ਦੀ ਪ੍ਰਾਪਤੀ ਵੀ ਤ੍ਰਿਸ਼ਨਾਲੂ ਮਨੁੱਖ ਲਈ ਨਾਕਾਫ਼ੀ ਹੋ ਗੁਜ਼ਰਦੀ ਹੈ।

ਸ਼ਾਇਦ ਅਸੀਂ, "ਕਾਰਵਾਂ ਗੁਜ਼ਰ ਗਇਆ, ਗ਼ੁਬਾਰ ਦੇਖਤੇ ਰਹੇ" ਵਾਂਗ ਉਸ ਕਾਰਵਾਂ ਵਿਚੋਂ, ਜਿਹੜਾ ਕਿ ਕਦੋਂ ਦਾ ਗੁਜ਼ਰ ਚੁੱਕਾ ਹੈ, ਖ਼ੁਦ ਨੂੰ ਇਕ ਸਮਝਣ ਦੀ ਗ਼ਲਤੀ ਸਦਕਾ, ਬੇਵਸ ਹੋਏ ਹੋਏ, ਗ਼ੁਬਾਰ ਨਾਲ਼ ਹੀ ਮੂੰਹ-ਸਿਰ ਭਰਵਾਈ ਫਿਰਦੇ ਹਾਂ। "ਏਕ ਹਮ ਹੈਂ ਜਿਨ੍ਹੇਂ ਲੀਆ ਅਪਨੀ ਹੀ ਸੂਰਤ ਕੋ ਬਿਗਾੜ, ਏਕ ਵੁਹ ਹੈਂ ਜਿਨ੍ਹੇਂ ਤਸਵੀਰ ਬਨਾ ਆਤੀ ਹੈ।" ਹੱਛਾ, "ਜੋ ਤੁਧੁ ਭਾਵੈ ਸਾਈ ਭਲੀ ਕਾਰ।।"

ਮੇਰੇ ਇਕ ਕੱਟੜ ਮਾਰਕਸਵਾਦੀ ਮਿੱਤਰ, ਮਾਸਟਰ ਦਰਸ਼ਨ ਸਿੰਘ ਦੀ 'ਪਰਵਾਸੀ' ਨਾਮ ਦੀ ਕਵਿਤਾ ਸਾਨੂੰ ਪਰਦੇਸ ਵਾਸੀਆਂ ਨੂੰ ਆਪਣੀ ਤਰਸਯੋਗ ਹਾਲਤ ਦੀ ਸਹੀ ਤਸਵੀਰ ਵਿਖਾਉਂਦੀ ਹੈ :

*ਸੁਪਨੇ ਉਤੇ ਸੁਪਨੇ ਚਿਣਦੇ, ਸੋਚਾਂ ਦੇ ਵਿਚ ਡਾਲਰ ਗਿਣਦੇ।*
*ਥੱਕੇ ਨੈਣ ਪਰਾਣਾਂ ਦੇ ਵਿਚ, ਰਾਤੀਂ ਰੋਜ਼ ਥਕੇਵਾਂ ਮਿਣਦੇ।*
*ਅਧੀ ਉਜਰਤ ਵਿਚ ਕਰਾਏ, ਹਰ ਇਕ ਹਫ਼ਤੇ ਨਿਕਲ਼ ਜਾਏ।*
*ਮਜ਼ਦੂਰੀ ਦੇ ਕੋਹਲੂ ਜੁੱਤੇ, ਦੂਰ ਦੁਰਾਡੇ ਦੇਸ਼ ਪਰਾਏ।*
*ਨਾਲ ਮਸ਼ੀਨਾਂ ਬਣੇ ਮਸ਼ੀਨਾਂ, ਕੱਸੇ ਵਾਂਗੂ ਤਣੇ ਮਸ਼ੀਨਾਂ।*
*ਵਾਂਗ ਮਸ਼ੀਨਾਂ ਘੂਕਰ ਬਧੀ, ਜੀਕਣ ਹੁੰਦੇ ਜਣੇ ਮਸ਼ੀਨਾਂ।*
*ਜੀਕਣ ਖੋਪੇ ਲੱਗੇ ਢੱਗੇ, ਵਗਦੇ ਵਗਦੇ ਹੋਏ ਬੱਗੇ।*
*ਕਰਜ਼ੇ ਦੇ ਅੰਬਾਰ ਨੇ ਲੱਗੇ, ਕਿਸ਼ਤਾਂ ਲਾਹੁੰਦੇ ਲਾਹੁੰਦੇ ਥੱਕੇ।*
*ਬੈਂਕਾਂ ਰੱਖੇ ਖੋਲ੍ਹ ਦੁਆਰੇ, ਆਓ ਕਰਜ਼ਾ ਲਉ ਪਿਆਰੇ।*
*ਗੂਠਾ ਲਾਓ ਪਰ ਨਾ ਪੁਛੋ, ਕਦੇ ਵਿਆਜੀ ਦਰ ਦੇ ਬਾਰੇ।*
*'ਸ਼ਾਈਲਾਕ' ਜ਼ਮਾਨੇ ਭਰ ਦੇ, ਲਹੂਆਂ ਨਾਲ਼ ਵਸੂਲੀ ਕਰਦੇ।*
*ਕੀ ਦੇਸੀ ਤੇ ਕੀ ਪਰਦੇਸੀ, ਕਿਰਤੀ ਇਕੋ ਮੌਤੇ ਮਰਦੇ।*
*ਨਿਸ ਦਿਨ ਵਰਗਾਂ ਵਿਚਲੇ ਖੱਪੇ, ਵਧਦੇ ਨੇ ਪਏ ਮਾਰ ਛੜੱਪੇ।*
*ਕੀ ਦੇਸੀ ਤੇ ਕੀ ਪਰਦੇਸੀ, ਜਨ-ਸਾਧਾਰਨ ਕਰਜ਼ੇ ਨੱਪੇ।*
*ਕੀ ਵਾਸੀ ਤੇ ਕੀ ਪਰਵਾਸੀ, ਭੁਗਤ ਰਹੇ ਨੇ ਗੇੜ ਚੁਰਾਸੀ।*
*ਮੁਲਕੀਂ ਮੁਲਕੀਂ ਵਰਗ ਲੁਟੇਰੇ, ਹੱਸ ਰਹੇ ਨੇ ਖਚਰੀ ਹਾਸੀ।*

ਆਪਣੀ ਗੱਲ ਤਾਂ ਹੁਣ ਚੱਪੂ ਛੱਡ ਕੇ ਬੈਠ ਜਾਣ ਵਾਲੀ ਹੀ ਹੈ ਤੇ, "ਜਿਸ ਜਗਹ ਪੇ ਜਾ ਲਗੀ, ਵਹੀ ਕਿਨਾਰਾ ਹੋ ਗਇਆ" ਸਮਝ ਕੇ, ਖ਼ੁਦ ਨੂੰ 'ਤੀਸਮਾਰ ਖ਼ਾਂ' ਦੇ ਰੂਪ ਵਿਚ ਵੇਖਣ ਦੀ ਅਸਫਲ ਜਿਹੀ ਕੁਚੇਸ਼ਟਾ ਕਰ ਛੱਡੀਦੀ ਹੈ। ਬੜਾ ਹੀ ਚੜ੍ਹਦੀ ਕਲਾ 'ਚ ਰਿਹਾ ਸਾਂ ਤੇ ਹਰ ਸਮੇ ਇਹੀ ਸੋਚ ਰਹਿੰਦੀ ਸੀ ਕਿ ਅੰਮ੍ਰਿਤਸਰ ਹੀ ਜਾ ਕੇ ਟਿਕਣਾ ਹੈ; ਬਾਹਰ ਕਿਤੇ ਨਹੀਂ ਪੱਕੇ ਤੌਰ 'ਤੇ ਅਟਕਣਾ। ਇਸ ਯਤਨ ਵਿਚ ਹੀ ਨਾ ਬਾਹਰ ਕੁਝ ਵਰਨਣ ਯੋਗ ਕਰ ਪਾਇਆ ਤੇ ਨਾ ਦੇਸ ਅੰਦਰ ਹੀ ਕੁਝ ਨੇਪਰੇ ਚਾੜ੍ਹਿਆ ਤੇ ਨਾ ਕਿਸੇ ਮਿਤਰ ਦਾ ਹੀ ਲੋੜ ਸਮੇ ਕੋਈ ਖ਼ਾਸ ਕਾਰਜ ਸਵਾਰਿਆ ਜਾ ਸਕਿਆ। "ਨਾ ਸੁੱਤੀ, ਨਾ ਕਤਿਆ, ਤੇ ਨਾ ਹੀ ਯਾਰ ਮਨਾਇਆ" ਦੁਬਿਧਾਤਮਿਕ ਜਿਹਾ ਤਾਣਾ-ਬਾਣਾ ਬਣਿਆ ਰਿਹਾ। ਸਗੋਂ, "ਅਧ ਵਿਚਿ ਫਿਰੈ ਮਨਮੁਖੁ ਵੇਚਾਰਾ" ਵਾਂਗ ਅਧਵਾਟੇ ਹੀ ਲਟਕਦੇ ਰਹੇ। ਜੁਲਾਹੇ ਦੀ ਨਾਲ਼ ਵਾਂਗ, ਦੇਸੋਂ ਬਾਹਰ ਤੇ ਬਾਹਰੋਂ ਦੇਸ, ਬੱਸ ਗੇੜੇ ਜਿਹੇ ਹੀ ਕਢ ਛੱਡੇ ਤੇ ਬਾਕੀ ਸਭ, "ਅੱਲਾ ਅੱਲਾ ਤੇ ਖੈਰਸੱਲਾ।" ਗੱਲ, "ਕਪਾਹ ਵਿਚਦੀ ਲੰਘਿਆ ਕੁੱਤਾ। ਨਾ ਕੱਛਾ ਸਵਾਇਆ ਨਾ ਕੁੜਤਾ।" ਵਾਲੀ ਹੀ ਹੋਈ । ਜਦੋਂ ਹੀ ਦੇਸ ਮੁੜਨ ਜੋਗਾ ਕਿਰਾਇਆ ਖੀਸੇ ਵਿਚ ਹੋਇਆ, ਵਾਪਸੀ ਵਹੀਰਾਂ ਘਤ ਦਿਤੀਆਂ ਤੇ ਖ਼ਾਲੀ ਹੋ ਕਰਕੇ ਫੇਰ ਅਗੇ ਨੂੰ ਚਾਲੇ ਪਾਉਣੇ ਕਰ ਦਿਤੇ। ਬੜੀ ਹੀ ਖਿੱਚ ਸਦਕਾ ਦੇਸ ਜਾਈਦਾ ਹੈ ਪਰ ਸ੍ਰੀ ਦਰਬਾਰ ਸਾਹਿਬ ਮੱਥਾ ਟੇਕਣ ਉਪ੍ਰੰਤ ਇਕ ਵਾਰੀਂ ਰਿਸ਼ਤੇਦਾਰਾਂ ਨੂੰ ਦਿਖਾਲੀ ਦੇ ਕੇ, ਉਲਾਹਮਾ ਲਾਹੁਣ ਦਾ, ਨਿਸਫਲ ਜਿਹਾ ਯਤਨ ਕੀਤਾ ਤੇ ਫੇਰ ਇਉਂ ਲੱਗੂ, ਜਿਵੇਂ ਬਸ ਕਾਰਜ ਦੀ ਸਮਾਪਤੀ ਜਿਹੀ ਹੋ ਗਈ ਹੋਵੇ! ਜਿਵੇਂ ਹੋਰ ਕੋਈ ਕੰਮ ਜਿਹਾ ਹੀ ਕਰਨ ਨੂੰ ਨਾ ਚੇਤੇ ਆਊ। ਜਿਥੋਂ ਤਕ ਯਾਰਾਂ ਨੂੰ ਮਿਲਣ ਦਾ ਸਬੰਧ ਹੈ ਉਹ ਇਉਂ ਹੈ ਕਿ ਕੁਝ ਯਾਰ ਸਥਾਨ ਛੱਡ ਗਏ, ਕੁਝ ਦੇਸ ਛੱਡ ਗਏ, ਕੁਝ ਦੁਨੀਆਂ ਛੱਡ ਗਏ ਤੇ ਬਾਕੀ ਰਹਿੰਦੇ ਯਾਰੀ ਛੱਡਣ ਦੇ ਨੇੜੇ-ਤੇੜੇ ਪੁਜ ਗਏ। ਠੀਕ ਹੈ, ਇਸ ਹਫ਼ੜਾ-ਦਫ਼ੜੀ ਦੇ ਯੁੱਗ ਅੰਦਰ, ਕਿਸੇ ਕੰਮ ਨਾ ਆ ਸਕਣ ਵਾਲੇ ਪਰਦੇਸੀਆਂ ਲਈ, ਕੋਈ ਕਿੰਨਾ ਕੁ ਸਮਾ ਤੇ ਫੇਰ ਕਿੰਨੇ ਕੁ ਸਾਲਾਂ ਵਾਸਤੇ ਰਾਖਵਾਂ ਰੱਖ ਸਕਦਾ ਹੈ! ਇਸ ਪਖੋਂ ਮਿੱਤਰਾਂ ਵੱਲੋਂ ਤੇ ਮਿੱਤਰਤਾ ਕਾਇਮ ਰੱਖਣ ਵਿੱਚ ਕੋਈ ਕਸਰ ਬਾਕੀ ਨਹੀਂ ਰੱਖੀ ਗਈ, ਬੱਸ ਆਪ ਹੀ, ਦੁਨੀਆਂਦਾਰੀ 'ਚ, ਮਿੱਤਰਾਂ ਦੇ ਬਰਾਬਰ ਪੂਰਾ ਨਾ ਉਤਰ ਸਕਣ ਸਦਕਾ, ਸ਼ਰਮਿੰਦਗੀ ਜਿਹੀ ਦਾ ਅਹਿਸਾਸ ਕਰਕੇ, ਮਿਹਰਬਾਨ ਮਿੱਤਰਾਂ ਨਾਲ, ਯੋਗ ਸੰਪਰਕ ਕਾਇਮ ਨਹੀਂ ਰੱਖ ਸਕਿਆ।

"ਏਨੀ ਲੋਇਣੀ ਦੇਖਦਿਆ ਕੇਤੀ ਚਲਿ ਗਈ" ਅਨੁਸਾਰ ਇਕ ਇਕ ਕਰਕੇ ਕਿਰੀ ਜਾ ਰਹੇ ਹਨ ਸਾਰੇ ਬਜ਼ੁਰਗ ਅਤੇ ਸੱਜਣ! ਕਿਸ ਕਿਸ ਦਾ ਨਾਂ ਗਿਣਾਂ? ਅਨੇਕਾਂ ਹੀ ਸੁਹਿਰਦ ਸੱਜਣ ਅਤੇ ਸੋਹਣੇ ਇਨਸਾਨ, ਵੇਖਦਿਆਂ ਵੇਖਦਿਆਂ ਅਕਾਲ ਪੁਰਖ ਦੇ ਸੱਦੇ ਅਨੁਸਾਰ, ਇਸ ਅਸਾਰ ਸੰਸਾਰ ਅੰਦਰ, ਉਸ ਵਲੋਂ ਬਖ਼ਸ਼ੀ ਗਈ ਸਵਾਸਾਂ ਦੀ ਪੂੰਜੀ ਖ਼ਰਚਦੇ ਹੋਏ, ਜ਼ੁੰਮੇ ਲਗੀਆਂ ਜ਼ੁੰਮੇਵਾਰੀਆਂ ਨੂੰ ਭੁਗਤਾ ਕੇ, ਉਸਦੇ ਸੱਦੇ ਮੁਤਾਬਿਕ, ਇਸ

ਨਾਸ਼ਮਾਨ ਦੁਨੀਆਂ ਤੋਂ, "ਅਹੁ ਗਏ ਸਾਜਨ ਅਹੁ ਗਏ" ਵਾਂਗ, ਕੂਚ ਕਰ ਗਏ। "ਮਾਰਦਾ ਹਾਂ ਝਾਤੀ ਪਿੱਛੇ, ਗਿਆ ਉਹ ਜ਼ਮਾਨਾ ਕਿਥੇ?" ਤਕਦਿਆਂ ਤਕਦਿਆਂ, "ਧਰਤੀ ਨਿਗ਼ਲ ਗਈ ਆਸਮਾ ਕੈਸੇ ਕੈਸੇ!"

੧੯੮੪ ਤੋਂ ਪਿੱਛੋਂ ਤਾਂ ਹਾਲਾਤ ਇਸ ਕਦਰ ਨਿਘਰ ਗਏ ਹਨ ਕਿ ਜੇ ਕਿਸੇ ਮਜਬੂਰੀ ਖ਼ਾਤਰ ਦੇਸ ਜਾਣਾ ਵੀ ਪਵੇ ਤਾਂ ਦਿੱਲੀ ਦੇ ਹਵਾਈ ਅੱਡੇ 'ਤੇ, ਜਹਾਜ਼ ਦੇ ਪਹੀਆਂ ਦੇ ਧਰਤ ਨੂੰ ਪਹਿਲੀ ਛੁਹ ਦਿੰਦਿਆਂ ਹੀ ਵਾਪਸੀ ਦਾ ਫ਼ਿਕਰ ਪੈ ਜਾਂਦਾ ਹੈ ਤੇ ਸੋਚ ਸ਼ੁਰੂ ਹੋ ਜਾਂਦੀ ਹੈ ਕਿ ਆ ਤਾਂ ਵੜੇ ਹਾਂ; ਰੱਬ ਕਰੇ ਹੁਣ ਸੁਖੀਂ-ਸਾਂਦੀਂ ਏਥੋਂ ਨਿਕ਼ਲ ਜਾਈਏ ਸਹੀ! ਜਿੰਨਾ ਚਿਰ ਏਅਰ ਇੰਡੀਆ ਦੇ 'ਵਾਯੂਯਾਨ' ਵਿਚੋਂ ਨਿਕ਼ਲ ਕੇ ਕਿਸੇ ਹੋਰ ਪਲੇਨ ਵਿਚ, ਜਾਂ ਕਿਸੇ ਹੋਰ ਧਰਤੀ 'ਤੇ ਪੈਰ ਨਾ ਧਰ ਲਈਏ, ਦਿਲ 'ਧੁੜਕੂੰ ਧੁੜਕੂੰ' ਹੀ ਕਰਦਾ ਰਹਿੰਦਾ ਹੈ। ਇਹੋ ਡਰ ਲੱਗਾ ਰਹਿੰਦਾ ਹੈ ਕਿ ਕਿਤੇ ਅਜੇ ਵੀ ਕਿਸੇ 'ਪੁਛ-ਤਾਛ' ਦੇ ਬਹਾਨੇ ਭੁੰਜੇ ਨਾ ਲਾਹ ਲੈਣ। ਏਥੋਂ ਤਕ ਕਿ ਸੁਪਨੇ ਵਿੱਚ ਵੀ, ਜੋ ਕਿ ਤਕਰੀਬਨ ਹਰ ਰਾਤ ਹੀ ਆ ਜਾਂਦਾ ਹੈ, ਜਦੋਂ ਵੀ ਅੰਮ੍ਰਿਤਸਰ ਗਿਆ ਹਾਂ ਓਦੋਂ ਹੀ ਓਥੋਂ ਨਿਕਲਣ ਵਿਚ, ਸੁਪਨੇ ਵਿਚ ਵੀ ਵਿਘਨ ਤੇ ਵਿਘਨ ਹੀ ਪਈ ਜਾਂਦਾ ਹੈ। ਭਾਵੇਂ ਕਿ 'ਆਪਣੇ ਦੇਸ' ਜਾਣ ਨੂੰ ਤੇ ਹੁਣ ਵਢਿਆਂ ਰੂਹ ਵੀ ਨਹੀਂ ਕਰਦਾ ਪਰ ਫੇਰ ਵੀ, ਕਿਸੇ ਨਾ ਕਿਸੇ ਮਜਬੂਰੀ ਜਾਂ ਅੰਨ-ਜਲ ਦੇ ਚੱਕਰ 'ਚ ਫਸਣ ਕਰਕੇ, ਕਦੇ ਨਾ ਕਦੇ ਚੱਕਰ ਲਾਉਣ ਦੀ ਕਿਰਿਆ ਕਾਰਨ 'ਘਣਚੱਕਰ' ਬਣਨਾ ਪੈ ਹੀ ਜਾਂਦਾ ਹੈ।

ਇਹ ਠੀਕ ਹੈ ਕਿ ਪੰਜਾਬ ਵਿਚ ਮਿਊਂਸਿਪੈਲਟੀ ਦੇ ਬਰਾਬਰ ਜਿਹੀ ਤਾਕਤ ਰੱਖਣ ਵਾਲੀ ਦੋ ਵਾਰ ਅਕਾਲੀ ਸਰਕਾਰ ਬਣ ਗਈ ਸੀ ਤੇ ਇਸ ਨਾਲ਼ ਬਾਕੀ ਕੌਮਪ੍ਰਸਤ ਸਿੱਖਾਂ ਵਾਂਗ ਮੇਰੇ ਹੌਸਲੇ ਵਿਚ ਵੀ ਵਾਧਾ ਹੋਇਆ ਸੀ ਤੇ ਕੇਂਦਰ ਦੇ ਵੱਗ ਵਿਚ ਵੀ ਦੋ ਵੱਛੇ ਸਾਡੇ ਹੀ ਸਮਝੇ ਜਾਂਦੇ ਸਨ ਪਰ ਇਸ ਸਭ ਕੁਝ ਨਾਲ਼ ਵੀ ਦੋ ਦਹਾਕੇ ਅਸੀਂ ਪਹਿਲਾਂ ਜਿਥੇ ਸਾਂ ਓਥੇ ਤਕ ਅਜੇ ਨਹੀਂ ਪੁਜ ਸਕੇ। ਜਿਵੇਂ ਕਿ ਮੈਂ ੨੬ ਜਨਵਰੀ ੧੯੮੬ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਹਜ਼ੂਰੀ ਵਿਚ ਅਮ੍ਰੀਕਨ ਮੀਡੀਆ ਦੀ ਟੀਮ ਨੂੰ, ਇਸ ਸਵਾਲ, "ਕੀ ਤੁਸੀਂ ਖ਼ਾਲਿਸਤਾਨ ਮੰਗਦੇ ਹੋ?" ਦੇ ਜਵਾਬ ਵਿਚ ਜੋ ਕਿਹਾ ਸੀ, ਮੈਨੂੰ ਲਗਦਾ ਹੈ ਕਿ ਅਸੀਂ ਅਜੇ ਵੀ ਓਥੇ ਹੀ ਖੜ੍ਹੇ ਹਾਂ। ਮੇਰਾ ਜਵਾਬ ਸੀ ਕਿ ਸਾਡਾ ਕੌਮੀ ਵਕਾਰ ਅਰਸ਼ ਤੋਂ ਫ਼ਰਸ਼ 'ਤੇ ਡੇਗ ਦਿਤਾ ਗਿਆ ਹੈ। ਅਸੀਂ ਇਹਨੂੰ ਮੁੜ ਓਥੇ ਲਿਜਾਣਾ ਚਾਹੁੰਦੇ ਹਾਂ, ਜਿਥੇ ਇਹ ਪਹਿਲਾਂ ਸੀ। ਫੇਰ ਹੋਰ ਸਵਾਲ, ਹੋਰ ਜਵਾਬ ਆਦਿ.....। ਵਰਤਮਾਨ ਹਾਲਾਤ ਵਿਚ ਪੰਜਾਬ ਵਿਚ ਆਪਣੀ ਅਗਵਾਈ ਵਾਲੀ ਸਰਕਾਰ ਬਣਾ ਲੈਣੀ ਤੇ ਕੇਂਦਰ ਵਿਚ ਵੀ ਭਾਈਵਾਲੀ ਹੋਣ ਵਾਲੀ ਪ੍ਰਾਪਤੀ ਵੀ ਕੋਈ ਘਟ ਨਹੀਂ, ਪਰ ਕੌਮੀ ਵਕਾਰ ਦੀ ਬਹਾਲੀ ਅਜੇ ਮੇਰੀ ਥੋੜ੍ਹੀ ਸਮਝ ਅਨੁਸਾਰ ਬਹੁਤ ਦੂਰ ਦੀ ਗੱਲ ਏ। ਹੋਰ ਤਾਂ ਹੋਰ, ਅਜੇ ਤਕ ਨੀਲੀ ਸਰਕਾਰ ਚੋਣਾਂ ਸਮੇ, ਜਨਤਾ ਨਾਲ਼ ਕੀਤੇ ਗਏ ਆਪਣੇ ਵਾਇਦੇ ਅਨੁਸਾਰ, ਪਿਛਲੇ ਡੇਢ

ਦਹਾਕੇ ਵਿਚ ਕੌਮ ਨਾਲ਼ ਵਾਪਰੀਆਂ ਅਤਿ ਮੰਦਭਾਗੀਆਂ ਘਟਨਾਵਾਂ ਦੀ ਪੜਤਾਲ ਹਿਤ ਕਿਸੇ ਕੜੇ ਕਮਿਸ਼ਨ ਦੀ ਸਥਾਪਨਾ ਵੀ ਨਹੀਂ ਕਰ ਸਕੀ। ਨਿਊਰਮਬਰਗ ਸਟਾਈਲ ਟਰਾਇਲ ਦੀ ਤਾਂ ਗੱਲ ਹੀ ਛੱਡੋ। ਜੇ ਮੈਂ ਗ਼ਲਤ ਨਹੀਂ ਤਾਂ ਬਰਾੜ ਦੀ ਅਗਵਾਈ ਵਾਲੀ ਚਿੱਟੀ ਸਰਕਾਰ ਨੇ ਕੁਝ ਕੁ ਦੋਸ਼ੀ ਪੁਲਸੀਆਂ ਦੀਆਂ ਪੇਟੀਆਂ ਲੁਹਾ ਕੇ ਉਹਨਾਂ ਨੂੰ ਕਾਨੂੰਨ ਦੇ ਕਟਹਿਰੇ ਵਿਚ ਖੜ੍ਹੇ ਕਰਕੇ, ਪੀੜਤਾਂ ਦੀਆਂ ਅੱਖਾਂ ਪੂੰਝਣ ਦਾ ਨਿਕਾ ਜਿਹਾ ਜੋ ਯਤਨ ਕੀਤਾ ਸੀ, ਉਸਨੂੰ ਵੀ, ਨੀਲੀ ਸਰਕਾਰ ਵਲੋਂ ਦੋਸ਼ੀ ਪੁਲਸੀਆਂ ਦਾ ਸਹਾਇਕ ਸੈੱਲ ਬਣਾ ਕੇ, ਅਣਕੀਤਾ ਕਰਨ ਦਾ ਕੋਝਾ ਯਤਨ ਕੀਤਾ ਜਾ ਰਿਹਾ ਸੁਣਨ 'ਚ ਆਇਆ ਹੈ। ਅਗੋਂ ਨੀਲੀ ਸਰਕਾਰ ਵੀ ਤੇ ਬਾਕੀ ਸਾਰੇ ਵੀ ਤੁਸੀਂ ਮੇਰੇ ਨਾਲੋਂ ਵਧ ਜਾਣਕਾਰੀ ਰੱਖਦੇ ਹੋ।

ਚੌਥਾਈ ਸਦੀ ਦੇ ਕਰੀਬ ਪਰਦੇਸਾਂ ਵਿਚ ਬਿਤਾ ਕੇ ਵੀ ਸੋਚ ਹਰ ਸਮੇ ਅੰਮ੍ਰਿਤਸਰ ਦੇ ਆਲ਼ੇ-ਦੁਆਲ਼ੇ ਹੀ ਘੁੰਮਦੀ ਰਹਿੰਦੀ ਹੈ। ਸਰੀਰ ਆਸਟ੍ਰੇਲੀਆ ਵਿਚ ਤੇ ਰੂਹ ਪੰਜਾਬ ਵਿਚ। ਸੁੱਤੇ-ਜਾਗਦੇ, ਉਠਦੇ-ਬਹਿੰਦੇ, ਸੁਰਤੀ ਸਦਾ ਹੀ ਆਪਣੇ ਦੇਸ ਵਿਚ ਵਿਚਰਦੀ ਹੈ; ਜਿਹਨੂੰ ਹੁਣ ਕਾਨੂੰਨੀ ਅਤੇ ਅਮਲੀ ਤੌਰ 'ਤੇ ਵੀ ਆਪਣਾ ਆਖਣ ਦਾ ਹੱਕ ਕਾਇਮ ਨਹੀਂ ਰੱਖ ਸਕੇ। ਸਿਰਫ਼ ਪੁਰਖਿਆਂ ਦਾ ਦੇਸ ਹੋਣ ਕਰਕੇ ਅਤੇ ਆਪਣਾ ਬਚਪਨ ਤੇ ਜਵਾਨੀ ਓਥੇ ਬਿਤਾਈ ਹੋਣ ਸਦਕਾ ਹੀ, ਉਸ ਉਪਰ ਝੂਠਾ ਜਿਹਾ ਦਾਅਵਾ ਰੱਖ ਕੇ, ਢੀਠਾਂ ਦੇ ਤਾਣ ਕੂੜਾ ਮਾਣ ਕਰੀ ਜਾ ਰਹੇ ਹਾਂ। ਭਾਵੇਂ ਡਾਕਟਰ ਇਕਬਾਲ ਨੇ ਤਾਂ, "ਸਾਰੇ ਜਹਾਂ ਸੇ ਅਛਾ ਹਿੰਦੁਸਤਾਂ ਹਮਾਰਾ" ਆਖਣ ਪਿੱਛੋਂ, ਨਿਜੀ ਤਜਰਬੇ ਦੇ ਆਧਾਰ 'ਤੇ, "ਸ਼ਰਮ ਸੀ ਆਤੀ ਹੈ ਇਸੇ ਵਤਨ ਕਹਿਤੇ ਹੂਏ" ਵੀ ਆਖ ਦਿਤਾ ਸੀ। ਦੇਸ ਦੇ 'ਚੌਧਰੀਆਂ' ਦੀ ਕਮੀਨੀ ਚਲਾਕੀ ਅਤੇ ਆਪਣਿਆਂ ਦੀ ਘੋਰ ਅੰਧ ਮੂਰਖਤਾ ਨੇ, "ਗੁਰੂਆਂ ਵਾਲਾ ਪੀਰਾਂ ਵਾਲਾ। ਰਾਂਝਿਆਂ ਵਾਲਾ ਹੀਰਾਂ ਵਾਲਾ।" ਜੋ "ਪੰਜਾਬ ਸਾਰਾ ਜੀਂਦਾ ਗੁਰਾਂ ਦੇ ਨਾਮ 'ਤੇ" ਸੀ; ਦੀ ਹਾਲਤ ਨੂੰ ਹਾਲੋਂ ਬੇਹਾਲ ਕਰਕੇ, "ਬੁਰਾ ਹਾਲ ਹੋਇਆ ਪੰਜਾਬ ਦਾ" ਵਾਲੀ ਅਵਸਥਾ 'ਤੇ ਲਿਜਾ ਧਰਿਆ ਹੈ।

ਜੇਕਰ 'ਛੱਲੀ-ਪੂਣੀ' ਇਕੱਠੀ ਕਰਕੇ ਦੇਸ ਦੀ ਯਾਤਰਾ ਲਈ, ਵਹੀਰਾਂ ਘੱਤ ਕੇ, ਓਥੇ ਜਾ ਵੀ ਪੁਜੀਏ ਤਾਂ ਫੇਰ ਸਭ ਕੁਝ ਵਿਚੇ ਛੱਡ ਕੇ ਵਾਪਸੀ ਲਈ, ਪੁਠੇ ਪੈਰੀਂ ਉਠ ਭੱਜੀਦਾ ਹੈ। "ਕਾਈ ਗੱਲੀਂ ਨਾ ਮੇਵਨੀ" ਵਾਲੀ ਗੱਲ ਹੀ ਹੈ। ਨਾ ਏਥੇ ਧਰਵਾਸ, ਨਾ ਓਥੇ ਟਿਕਾ। ਇਸ ਲਈ ਉਤਲੇ ਦੇ ਹਵਾਲੇ ਇਛਾ ਦੀ ਡੋਰੀ ਛੱਡਣ ਦੀ ਮਜਬੂਰੀ ਵੀ ਹੈ ਤੇ ਇਸ ਸਦਕਾ ਕੁਝ ਰਾਹਤ ਜਿਹੀ ਵੀ ਮਹਿਸੂਸ ਹੋ ਰਹੀ ਜਾਪਦੀ ਹੈ। ਨਾਲ਼ ਹੀ, "ਜਿਥੈ ਰਖਹਿ ਬੈਕੁੰਠੁ ਤਿਥਾਈ" ਵਾਲੇ ਹੁਕਮ ਉਪਰ ਅਮਲ ਕਰਨ ਦਾ ਯਤਨ ਸ਼ੁਰੂ ਕਰ ਦਿਤਾ ਹੈ। ਵੈਸੇ ਐਟਲਾਂਟਾ ਵਿਖੇ ਜਦੋਂ ਭਾਰਤ ਦਾ ਝੰਡਾ ਚੁੱਕੀ, ਟੀਮ ਦੀ ਅਗਵਾਈ ਕਰਦਾ ਹੋਇਆ, ਗੁਰੂ ਦਾ ਦੂਲਾ ਸ਼ੇਰ, ਪਰਗਟ ਸਿੰਘ, ਪਰਗਟ ਹੋਇਆ, ਟੈਲੀਵਿਯਨ ਰਾਹੀਂ ਅਖਾੜੇ ਵਿੱਚ ਜਾਹੋ-ਜਲਾਲ ਸਹਿਤ ਮਟਕ ਨਾਲ਼ ਤੁਰਦਾ ਤਕਿਆ ਤਾਂ ਦਿਲ ਜਜ਼ਬਾਤੀ ਹੋ ਕੇ ਉਛਾਲਾ

ਜਿਹਾ ਖਾ ਬੈਠਾ ਤੇ ਅੱਖਾਂ ਖ਼ੁਸ਼ੀ ’ਚ ਨਮ ਹੋ ਗਈਆਂ। ਆਪਣਾ ਵੱਛਾ ਵਿੱਚ ਵਿਚਰਦਾ ਵੇਖ ਕੇ ਵੱਗ ਸਾਰਾ ਹੀ ਜਾਣੋ ਆਪਣਾ ਆਪਣਾ ਜਿਹਾ ਜਾਪਿਆ।

ਹੋਰ ਸੂਰਤਿ- ਹਾਲਾਤ ਇਸ ਪ੍ਰਕਾਰ ਹੈ ਜੀ ਕਿ ਕਿਤਾਬਾਂ ਤੇ ਕੁਝ ਪੁਰਾਣੀਆਂ ਯਾਦਾਂ ਦੇ ਸਹਾਰੇ ਹੀ ਸਮੇ ਨੂੰ ਧੱਕਾ ਦੇਣ ਦਾ ਨਿਸਫਲ ਜਿਹਾ ਯਤਨ ਕਰਦੇ ਰਹੀਦਾ ਏ। ਪੜ੍ਹਨ ਤੋਂ ਥੱਕ ਕੇ ਕਿਤਾਬ ਛੱਡੀ ਤਾਂ ਬਾਹਰ ਗਾਰਡਨ ਦੀਆਂ ਜੂੰਆਂ ਜਿਹੀਆਂ ਕਢਣ ਜਾ ਲਗਿਆ। ਓਥੋਂ ਅਕਿਆ ਤਾਂ ਅੰਦਰ ਆ ਕੇ ਕੰਪਿਊਟਰ ਨੂੰ ਕੁਤਕਤਾਰੀਆਂ ਕਢਣ ਲਗ ਪਿਆ। ਫੇਰ ਜੇਕਰ ਕੰਪਿਊਟਰ ਵੀ ਆਖਾ ਮੰਨਣੋਂ ਅੜ ਖਲੋਤਾ ਤਾਂ ਮੁੜ ਕੋਈ ਕਿਤਾਬ ਉਠਾ ਕੇ ਪੜ੍ਹਨ ਦਾ ਬਹਾਨਾ ਜਿਹਾ ਕਰਨ ਲੱਗ ਪਿਆ। ਇਸ ਨਿਕੰਮਪੁਣੇ ਜਿਹੇ ਵਿਚ ਸਮਝੋ, “ਯੂੰ ਹੀ ਸੁਬਹ ਹੋਤੀ ਹੈ, ਯੂੰ ਹੀ ਸ਼ਾਮ ਹੋਤੀ ਹੈ ।” ਤੇ ‘ਜ਼ਿੰਦਗੀ ਤਮਾਮ’ ਹੋਣ ਵਿਚ ਵੀ ਬਹੁਤਾ ਲੰਮਾ ਸਮਾ ਰਹਿ ਗਿਆ ਨਹੀਂ ਦਿਸਦਾ।

ਕਦੀ-ਕਦਾਈਂ ਜੇ ਮਾਲਕਣ ਨੇ ਸਵੇਰੇ ਕੰਮ ’ਤੇ ਜਾਣ ਦੀ ਕਾਹਲ ਵਿਚ ਕੋਈ ਘਰ ਦਾ, ਜਿਹਾ ਕਿ ਮਸ਼ੀਨ ’ਚ ਧੋਤੇ ਹੋਏ ਕੱਪੜੇ ਟੋਕਰੀ ’ਚੋਂ ਚੁੱਕ ਕੇ ਰੱਸੀ ’ਤੇ ਸੁੱਕਣੇ ਪਾਉਣ ਵਰਗਾ, ਨਿਗੂਣਾ ਜਿਹਾ ਕੰਮ ਵੀ ਪਿੱਛੋਂ ਕਰ ਛੱਡਣ ਲਈ ਕਹਿ ਜਾਣਾ ਤਾਂ ਸ਼ਾਮ ਨੂੰ ਵਾਪਸੀ ’ਤੇ ‘ਸਟੇਟਸ-ਕੋ’ ਵੇਖ ਕੇ ਕਾਰਨ ਪੁਛਣਾ ਤਾਂ ਉਤਰ ਤਾਂ ਸਦਾ ਇਕੋ ਹੀ ਹੈ, “ਯਾਦ ਨਹੀਂ ਰਿਹਾ।” ਸਦਾ ਵਾਂਗ ਇਕੋ ਹੀ ਉਤਰ ਸੁਣ ਸੁਣ ਕੇ, ਇਕ ਵਾਰੀਂ ਆਖ ਹੀ ਦਿਤਾ, “ਹਿੰਦ ਉਤੇ ਬਾਬਰ ਦੇ ਹਮਲੇ ਦਾ ਸਮਾ ਤੇ ਕਦੀ ਨਹੀਂ ਭੁਲਦਾ ਪਰ ਹੋਰ ਸਭ ਕੁਝ ਹੀ ਭੁੱਲ ਜਾਂਦਾ ਏ।” ਇਹਨਾਂ ਭੁੱਲ-ਭੁਲੱਈਆਂ ਦੇ ਚੱਕਰਾਂ ’ਚ ਫਸ ਕੇ ਤਾਂ ਮੈਂ ਏਨਾ ਭੁਲੱਕੜ ਬਣ ਚੁੱਕਾ ਹੋਇਆ ਹਾਂ ਕਿ ਮੇਰੇ ਮਰਨ ਉਪ੍ਰੰਤ, ਜੇ ਰਿਵਾਜਨ ਕਿਸੇ ਅਫ਼ਸੋਸ ’ਤੇ ਆਏ ਸੱਜਣ ਨੇ, ਜੋ ਕਿ ਕਾਰਨ ਜਾਨਣ ਦੇ ਬਾਵਜੂਦ ਵੀ ਸਦਾ ਪੁਛਦੇ ਹੀ ਹਨ ਬਿਨਾ ਜਵਾਬ ਵਿਚ ਕੋਈ ਖ਼ਾਸ ਦਿਲਚਸਪੀ ਹੋਣ ਦੇ ਵੀ; ਸਹਿਜ-ਸੁਭਾ ਮੌਤ ਦਾ ਕਾਰਨ ਪੁਛ ਲਿਆ ਤਾਂ ਟੱਬਰੀ ਵਲੋਂ ਜਵਾਬ ਸ਼ਾਇਦ ਕੁਝ ਇਸ ਤਰ੍ਹਾਂ ਦਾ ਹੋਵੇ, “ਆਮ ਤੌਰ ’ਤੇ ਹਰੇਕ ਕੰਮ ਹੀ ਭੁੱਲ ਜਾਣ ਦੀ ਆਦਤ ਜਿਹੀ ਪੈ ਗਈ ਸੀ। ਸਾਨੂੰ ਲਗਦਾ ਏ, ਇਸ ਭੁਲੱਕੜਪਣ ਦੀ ਭੈੜੀ ਆਦਤ ਸਦਕਾ ਸ਼ਾਇਦ ਕਿਤੇ ਸਾਹ ਲੈਣਾ ਵੀ ਭੁੱਲ ਈ ਗਏ ਹੋਣੇ ਨੇ; ਹੋਰ ਮਰਨ-ਮੁਰਨ ਬਾਰੇ ਤਾਂ ਉਹਨਾਂ ਕਦੀ ਕੋਈ ਗੱਲ ਗੌਲ਼ੀ ਹੀ ਨਹੀਂ ਸੀ!”

੧੯੭੮ ਵਿਚ, ਮਲੇਸ਼ੀਆ ਦੇ ਸ਼ਹਿਰ, ਜੌਹਰਬਾਰੂ ਵਿਖੇ, ਇਕ ਬਹੁਤ ਸਿਆਣੇ ਬਜ਼ੁਰਗ ਨੇ ਇਕ ਕਿਸੇ ਨੀਤੀ ਦੇ ਗ੍ਰੰਥ ਵਿਚ ਅੰਕਤ ਦੋਹਰਾ ਇਉਂ ਸੁਣਾਇਆ ਸੀ :

*ਘਰ ਬੈਠੇ ‘ਬਿਦਬਾਨ’ ਕੋ, ਤੀਨ ਬਾਤ ਕੀ ਹਾਨਿ।*
*ਧਨ ਨਸ਼ਟ ਵਿਦਿਆ ਘਟੇ, ਤ੍ਰਿਆ ਨਾ ਮਾਨੇ ਕਾਨ।*

ਖ਼ੁਦ ਤਾਂ ਇਸ ਸੰਬੰਧੀ ਮੈਂ ਅਜੇ ਭੰਬਲ਼-ਭੂਸੇ ਜਿਹੇ ਵਿਚ ਹੀ ਹਾਂ ਪਰ ਦਹਾਕਿਆਂ ਤੋਂ ਸੱਜਣਾਂ- ਸਨੇਹੀਆਂ ਦੇ ਮੂੰਹੋਂ ਸੁਣਾਈ ਦਿੰਦੀ ਆ ਰਹੀ ਗੱਲ ਨੂੰ ਜੇਕਰ ਗ਼ਲਤੀ ਨਾਲ, ਕੁਝ

ਸਮੇ ਲਈ, ਸੱਚ ਮੰਨ ਹੀ ਲਿਆ ਜਾਵੇ; ਅਰਥਾਤ ਖ਼ੁਦ ਨੂੰ 'ਪੰਜਾਂ ਸਵਾਰਾਂ' ਵਿਚੋਂ ਸਮਝਣ ਦੀ ਗ਼ਲਤੀ ਕਰ ਬਹਾਂ, ਤਾਂ ਇਹ ਦੋਹਰਾ ਮੇਰੇ 'ਤੇ ਵੀ ਲਾਗੂ ਹੋ ਸਕਣ ਦੀ ਸੰਭਾਵਨਾ ਹੋ ਸਕਦੀ ਹੈ।

ਮੁਢੋਂ ਹੀ ਦਲਿੱਦਰਾਨਾ ਜਿਹਾ ਸੁਭਾ ਚਲਿਆ ਆ ਰਿਹਾ ਹੈ। ਗੁਰਬਾਣੀ ਫ਼ੁਰਮਾਣ, "ਮੁੰਢੈ ਦੀ ਖਸਲਤਿ ਨ ਗਈਆ ਅੰਧੇ" ਅਨੁਸਾਰ ਇਸ ਆਦਤ ਨੇ ਆਦਿ ਕਾਲ਼ ਤੋਂ ਹੀ ਪਿੱਛਾ ਨਹੀਂ ਛਡਿਆ। ਇਸ ਦੇ ਅਸਰ ਅਧੀਨ ਬਸਤਰਾਂ ਦੇ ਪੱਖ ਤੋਂ ਘਰ ਅੰਦਰ ਮੈਂ ਹਮੇਸ਼ਾਂ 'ਟੁੱਟਾ-ਖੁੱਸਾ' ਜਿਹਾ ਹੀ ਵਿਚਰਦਾ ਰਹਿੰਦਾ ਹਾਂ। ਇਕ ਵਾਰ ਦੀ ਗੱਲ ਹੈ ਕਿ ਅੰਮ੍ਰਿਤਸਰ ਤੋਂ ਮੇਰੇ ਪੁਰਾਣੇ ਦਰਜੀ ਤੋਂ ਦੋ ਕੁੜਤੇ ਪਜਾਮੇ ਸਵਾਂ ਕੇ ਘਰ ਵਾਲੀ ਨੇ ਪਾਰਸਲ ਰਾਹੀਂ ਮੈਨੂੰ ਸਿਡਨੀ ਵਿਖੇ ਭੇਜੇ । ਜਦੋਂ ਪਾ ਕੇ ਵੇਖੇ ਤਾਂ ਉਹ ਗੋਡਿਆਂ ਤੋਂ ਨੀਵੇਂ ਜਦੋਂ ਕਿ ਉਸ ਸਮੇ ਤਕ ਮੈਂ ਕੁੜਤਾ ਹਮੇਸ਼ਾਂ ਹੀ ਗੋਡਿਆਂ ਤੋਂ ਉਚਾ ਪਾਇਆ ਕਰਦਾ ਸਾਂ। ਬੜਾ ਹੀ ਗ਼ੁੱਸਾ ਆਇਆ ਕਿ ਮਹਿੰਗਾ ਕੱਪੜਾ, ਮੂੰਹ ਮੰਗੀ ਸਵਾਈ ਤੇ ਫੇਰ ਪਾਰਸਲ ਆਦਿ ਉਪਰ ਏਨਾ ਖ਼ਰਚ ਆਇਆ ਤੇ ਬਸਤਰ ਫੇਰ ਵੀ ਪਸੰਦ ਨਹੀਂ ਆਏ। ਦੂਜੇ ਪਲ ਹੀ ਇਹ ਖ਼ਿਆਲ ਕਰਕੇ, "ਚਲੋ ਕਮਲ਼ੇ ਹੀ ਬਣਨਾ ਹੈ; ਚਾਰ ਉਂਗਲਾਂ ਵਧ ਕੀ ਤੇ ਘਟ ਕੀ !" ਸੋਚ ਕੇ ਪਰਵਾਨ ਕਰ ਲਏ।

'ਟੱਬਰੀ' ਵਲੋਂ ਸਟੈਂਡਿੰਗ ਆਰਡਰ ਹੈ ਕਿ ਜਦੋਂ ਬਾਹਰ ਕਿਸੇ ਥਾਂ ਜਾਣਾ ਹੋਵੇ ਤਾਂ ਬਸਤਰ ਠੀਕ ਤੇ ਢੁਕਵੇਂ ਪਹਿਰਨੇ ਹਨ। ਕੁਝ ਸਮਾ ਹੋਇਆ ਇਕ ਵਿਆਹ ਦੀ ਪਾਰਟੀ 'ਤੇ ਸਾਰਾ ਪਰਵਾਰ ਗਏ। ਵਧੀਆ ਬਸਤਰਾਂ 'ਚ ਤੰਦੂਰ 'ਚ ਫਸੇ ਕੂਕਰ ਸਮਾਨ ਮੈਂ ਸਜਿਆ ਹੋਇਆ ਸਾਂ। ਅੱਧੀ ਰਾਤ ਤੋਂ ਪਿੱਛੋਂ ਵਾਪਸ ਮੁੜੇ। ਘਰ ਦੀ ਮੂਹਰਲੀ ਸੜਕ 'ਤੇ ਆਵਾਜਾਈ ਬਹੁਤ ਹੁੰਦੀ ਹੈ। ਇਸ ਲਈ ਸੋਚਿਆ ਕਿ ਉਰਲੀ ਗਲੀ ਵਿਚ ਹੀ ਕਾਰ ਵਿਚੋਂ ਉਤਰਾਂ ਤੇ ਭੱਜ ਕੇ ਪਹਿਲਾਂ ਬਾਹਰਲਾ ਗੇਟ ਖੋਲ੍ਹ ਲਵਾਂ। ਸਰਦੀ ਬਹੁਤ ਸੀ। ਇਹ ਸੋਚ ਕੇ ਕਿ ਦੇਰੀ ਕਰਨ ਨਾਲ਼ ਨਿਆਣਿਆਂ ਨੂੰ ਕਿਤੇ ਠੰਢ ਨਾ ਲੱਗ ਜਾਵੇ ਤੇ ਆਪ ਵੀ ਪਾਲੇ ਤੋਂ ਬਚਣ ਲਈ, ਸਿਰ-ਤੋੜ ਭੱਜ ਉਠਿਆ। ਮੈਨੂੰ ਫੁੱਟਪਾਥ 'ਤੇ ਭੱਜਾ ਜਾਂਦਾ ਵੇਖ ਗਵਾਂਢਣ ਦੇ ਦੋ ਕੁੱਤੇ, ਜੋ ਕਿ ਦਿਨ ਸਮੇ ਬੱਝੇ ਤੇ ਰਾਤ ਨੂੰ ਖੁਲ੍ਹੇ ਰਹਿੰਦੇ ਨੇ, ਭੌਂਕਦੇ ਹੋਏ ਅੰਦਰੋਂ ਬਾਹਰਲੇ ਗੇਟ ਵੱਲ ਭੱਜੇ। ਹਾਲਾਂਕਿ ਪਤਾ ਵੀ ਸੀ ਕਿ ਇਹ ਰਾਤ ਸਮੇ ਹਰੇਕ ਲੰਘਣ ਵਾਲੇ ਭੱਦਰ ਪੁਰਸ਼ ਦਾ ਸਵਾਗਤ ਏਸੇ ਪਰਕਾਰ ਹੀ ਕਰਦੇ ਹਨ ਪਰ ਗੇਟੋਂ ਬਾਹਰ ਨਹੀਂ ਨਿਕਲਦੇ। ਪਰ ਅੰਦਰਲੇ ਡਰ ਕਾਰਨ ਫ਼ੌਰਨ ਦੂਸਰਾ ਵਿਚਾਰ ਆ ਗਿਆ ਕਿ ਕਿਉਂਕਿ ਮੈਂ ਦੌੜ ਰਿਹਾ ਹਾਂ; ਇਸ ਲਈ ਹੋ ਸਕਦਾ ਹੈ ਕਿ ਗੇਟ, ਜੋ ਕਿ ਛੋਟਾ ਜਿਹਾ ਹੀ ਹੈ, ਟੱਪ ਕੇ, ਚਿਰੀਂ ਵਿਛੁੰਨੇ ਸਾਜਨ ਵਾਂਗ, "ਅਬ ਆ ਮਿਲੋ ਸਾਜਨਾ ਆ ਮਿਲੋ" ਕਰਦੇ ਹੋਏ, ਪੁਰਾਣੀਆਂ ਗਿਲੇ-ਗੁਜ਼ਾਰੀਆਂ ਦੂਰ ਕਰਨ ਦੀ ਕੋਸ਼ਿਸ਼ ਵਿਚ, ਕਿਤੇ ਗਲੇ ਹੀ ਨਾ ਆ ਮਿਲਣ! ਇਹ ਵਿਚਾਰ ਆਉਂਦਿਆਂ ਹੀ, ਫੁੱਟਪਾਥ ਵਿਚ ਤੇੜ ਆ ਕੇ ਉਭਰੇ ਹੋਏ ਸੀਮਿੰਟ ਵਿਚ ਪੈਰ ਜਾ ਵੱਜਾ ਤੇ

ਅੱਖ-ਪਲਕਾਰੇ ਵਿੱਚ ਹੀ ਫ਼ੌਜਾਂ ਧੜੈਂਐਂ ਕਰਕੇ ਪੱਕੇ ਫੁਟਪਾਥ ’ਤੇ ਜਾ ਪਈਆਂ। ਪੱਗ ਲੱਥ ਕੇ ਹੱਥ ਦੀ ਪਹੁੰਚ ਤੋਂ ਪਰੇ ਜਾ ਪਈ। ਛੇਤੀ ਛੇਤੀ ਉਠ ਕੇ ਪੱਗ ਚੁੱਕ ਕੇ ਭੱਜੇ ਜਾਂਦੇ ਨੇ ਹੀ ਸਿਰ ’ਤੇ ਵਲ੍ਹੇਟ ਲਈ ਤੇ ਛੇਤੀ ਛੇਤੀ ਗੇਟ ਜਾ ਖੋਲ੍ਹਿਆ। ਘਰ ਦੇ ਅੰਦਰ ਵੜਨ ਤੇ ਚਾਨਣੇ ਵਿਚ ਪਹਿਲਾਂ ਨਿਆਣਿਆਂ ਨੇ ਉਧੜ-ਗੁਧੜੀ ਵਲ੍ਹੇਟੀ ਹੋਈ ਪੱਗ ਵੇਖ ਕੇ ਹੈਰਾਨੀ ਵਿਚ ਇਹਦਾ ਕਾਰਨ ਪੁੱਛਿਆ। ਜਵਾਬ ਦੇਣ ਤੋਂ ਪਹਿਲਾਂ ਹੀ ਹੱਥਾਂ ਦੀਆਂ ਤਲ਼ੀਆਂ ਦਿਸੀਆਂ ਤਾਂ ਉਹ ਸੀਮੈਂਟ ਨਾਲ਼ ਛਿੱਲੀਆਂ ਹੋਈਆਂ ਪਾਈਆਂ ਗਈਆਂ। ਨਜ਼ਰਾਂ ਥੱਲੇ ਉਤਰੀਆਂ ਤਾਂ ਦੋਵੇਂ ਗੋਡੇ ਲਹੂ-ਲੁਹਾਨ!  ਪੈਂਟ ਦੋਹਾਂ ਗੋਡਿਆਂ ਤੋਂ ਪਾਟੀ ਹੋਈ ਸਾਫ਼ ਪਈ ਦਿਸੇ। ਇਹ ਵੇਖ ਸਭ ਤੋਂ ਪਹਿਲਾਂ ਮਾਲਕਣ ਦੇ ਮੁਖਾਰਬਿੰਦ ’ਚੋਂ ਸ਼ਬਦਾਂ ਨੇ ਉਚਰਨਾ ਕੀਤਾ, “ਹਅ ਹਾਅ! ਇਹੋ ਹੀ ਇਕੋ ਕੰਮ ਦੀ ਪੈਂਟ ਸੀ!” ਬੱਚਿਆਂ ਦੇ ਚਿਹਰਿਆਂ ਤੋਂ ਜਾਪੇ ਕਿ ਜਿਵੇਂ ਉਹਨਾਂ ਦੀ ਪਿਉ ਨਾਲ਼ ਹਮਦਰਦੀ ਹੈ; ਪਰ ਵਿਚਾਰੇ ਮੂੰਹ ਤੋਂ ਇਹਨੂੰ ਜ਼ਾਹਰ ਨਾ ਕਰ ਸਕੇ ਤੇ ਨਾ ਹੀ ਅਜ ਤਕ ਕਿਸੇ ਨੇ ਇਹ ਜਾਨਣ ਦੀ ਖੇਚਲ ਕੀਤੀ ਹੈ ਕਿ ਮੇਰੇ ਨਾਲ਼ ਕੀ ਭਾਣਾ ਵਾਪਰਿਆ! ਸਿਆਣੇ ਠੀਕ ਹੀ ਆਖਦੇ ਨੇ, “ਗ਼ਰੀਬ ਦੀ ਚਮੜੀ ਭਾਵੇਂ ਉਧੜ ਜਾਵੇ ਪਰ ਝੱਗਾ ਨਾ ਪਾਟੇ।”

ਅਗੋਂ ਹੋਰ ਰੱਬ ਦੀ ਮਾਰ ਵੇਖੋ ਕਿ ਓਹਨੀਂ ਦਿਨੀਂ ਮੈਂ ਜੌਬ ਕਲੱਬ ਦੇ ਕੋਰਸ ਵਿਚ ਦਾਖ਼ਲ ਸਾਂ ਜੋ ਕਿ ਨੌਕਰੀ ਲਭਣ ਵਿਚ ਸਹਾਇਤਾ ਕਰਦੀ ਸੀ। ਉਸ ਵਿਚ ਹਾਜਰੀ ਆਦਿ ਦਾ ਡਸਿਪਲਨ ਨੌਕਰੀ ਨਾਲੋਂ ਵੀ ਵਧ ਨਿਭਾਉਣਾ ਜ਼ਰੂਰੀ ਸੀ। ਉਸ ਵਿਚ ਇਕ ਇੰਦਰਾ ਨਾਮ ਦੀ ਭਾਰਤੀ ਇਸਤਰੀ ਵੀ ਦਾਖ਼ਲ ਸੀ। ਗੋਡਿਆਂ ’ਤੇ ਲੱਗੀਆਂ ਸੱਟਾਂ ਕਾਰਨ ਮੈਂ ਕੁਝ ਦਿਨਾਂ ਲਈ ਜਾ ਨਹੀਂ ਸੀ ਸਕਦਾ ਤੇ ਇਸ ਲਈ ਇੰਦਰਾ ਜੀ ਨੂੰ ਫ਼ੋਨ ਰਾਹੀਂ ਬੇਨਤੀ ਕੀਤੀ ਕਿ ਉਹ ਕਲਾਸ ਇੰਚਾਰਜ ਤਕ ਮੇਰੀ ਮਜਬੂਰੀ ਪੁਚਾ ਦੇਵੇ। ਉਸ ਭਲੀ ਨੇ ਇਹ ਖੇਚਲ ਨਾ ਕੀਤੀ ਤੇ ਜਦੋਂ ਮੈਂ ਦੋ-ਚਾਰ ਦਿਨਾਂ ਬਾਅਦ ਗਿਆ ਤਾਂ ਮੈਨੂੰ ਦਰਵਾਜ਼ੇ ਤੋਂ ਹੀ ਵਾਪਸ ਕਰ ਦਿਤਾ ਗਿਆ; ਕਲਾਸ ਰੂਮ ਅੰਦਰ ਪੈਰ ਹੀ ਨਾ ਧਰਨ ਦਿਤਾ। ਸਿੱਖਾਂ ਬਾਰੇ ਵਿਸ਼ੇਸ਼ ਸੋਚ ਦੀ ਧਾਰਨੀ ਹੋਣ ਕਰਕੇ, ਇੰਦਰਾ ’ਤੇ ਇਤਬਾਰ ਕਰਨ ਦੀ ਵੈਸੇ ਤਾਂ ਇਹ ਬਹੁਤ ਹੀ ਥੋਹੜੀ ਸਜ਼ਾ ਸੀ ਪਰ ਪਤਾ ਨਹੀਂ ਮੈਂ ਇਹਨੂੰ ਏਨੀ ਜ਼ਿਆਦਾ ਕਿਉਂ ਸਮਝ ਬੈਠਾ!

ਪੂਰੀ ਉਮਰ ਨੌਕਰੀ-ਕਮਾਈ ਆਦਿ ਕਰਕੇ, ਸਮੇ ਸਿਰ ਬਣਦੇ ਯੋਗ ਅਧਿਕਾਰ ਲੈ ਕੇ, ਰਿਟਾਇਰ ਹੋਣਾ ਸ਼ਾਇਦ ਏਨਾ ਕਸ਼ਟਦਾਇਕ ਨਾ ਹੀ ਹੁੰਦਾ ਹੋਵੇ ਪਰ ਕੰਮ ਕਰਨ ਦੀ ਆਯੂ ਅਤੇ ਇੱਛਾ ਹੋਣ ਦੇ ਬਾਵਜੂਦ ਵੀ ਵਿਅਕਤੀ ਘਰ ਵਿਹਲਾ ਬੈਠਾ ਮੱਖੀਆਂ ਮਾਰਦਾ ਰਹੇ ਅਤੇ ਇਹ ਸਿਲਸਿਲਾ ਕੁਝ ਹਫ਼ਤੇ ਜਾਂ ਮਹੀਨੇ ਨਹੀਂ ਸਗੋਂ ਸਾਲਾਂ ਤੋਂ ਟੱਪ ਕੇ ਦਹਾਕੇ ਦੀ ਦਹਿਲੀਜ਼ ’ਤੇ ਪੁੱਜ ਜਾਵੇ। ਇਸ ਅਵਸਥਾ ਵਿਚ ‘ਬਾਵਕਾਰ’ ਹੋਣ ਦਾ ਦਾਅਵੇਦਾਰ ਮਨੁੱਖ ਕੇਵਲ ਇਸ ਗੱਲ ਦੀ ਡੀਂਗ ਹੀ ਮਾਰ ਸਕਦਾ ਹੈ; ਬਲਕਿ ਸਹੀ ਮਾਅਨਿਆਂ ਵਿਚ ‘ਬਾਵਕਾਰ’ ਦੀ ਥਾਂ ‘ਬੇਕਾਰ’ ਹੀ ਅਖਵਾਏਗਾ। ਪਰ ਮੇਰੇ ਵਾਲੀ ਵਿਚਾਰਧਾਰਾ ਵਾਲੇ

ਵਿਅਕਤੀਆਂ ਦੀ ਅਵਸਥਾ ਉਸ ਕੂਕਰ ਸਮਾਨ ਹੀ ਹੈ ਜੋ ਭਲਾ ਜੀਵ ਤੁਰ ਤਾਂ ਗੱਡੇ ਦੇ ਥੱਲੇ ਉਹਦੀ ਛਾਂ ਦੀ ਠੰਡ ਮਾਨਣ ਵਾਸਤੇ ਰਿਹਾ ਸੀ ਪਰ ਕੁਝ ਸਮੇ ਪਿਛੋਂ ਇਉਂ ਸਮਝਣ ਦੀ ਗ਼ਲਤੀ ਖਾ ਗਿਆ ਕਿ ਸ਼ਾਇਦ ਗੱਡਾ ਉਸ ਦੇ ਮੋਢਾ ਦੇਣ ਸਦਕਾ ਹੀ ਰਿੜ੍ਹ ਰਿਹਾ ਹੈ।

ਇਹ ਸਾਡੀ ਆਪਣੀ ਗ਼ਲਤੀ ਹੈ ਕਿ ਅਸੀਂ ਬੇਲੋੜੇ ਖਲਜਗਣਾਂ ਵਿਚ ਟੰਗਾਂ ਅੜਾ ਅੜਾ, ਹਮੇਸ਼ਾਂ ਹੀ ਆਪਣੇ ਅਸ਼ਾਂਤ ਰਹਿਣ ਦਾ ਖ਼ੁਦ ਹੀ ਪ੍ਰਬੰਧ ਕਰ ਰੱਖੀਏ। "ਆਹ ਨਹੀਂ ਕਰ ਸਕੇ, ਅਹੁ ਨਹੀਂ ਕੀਤਾ ਜਾ ਸਕਿਆ, ਜੇ ਮੈਂ ਉਸ ਸਮੇ ਇਉਂ ਕਰਦਾ ਤਾਂ ਇਉਂ ਨਾ ਹੁੰਦਾ ਜਿਵੇਂ ਹੁਣ ਹੋ ਗਿਆ ਹੈ।" ਆਦਿ; ਹਿਕਮਤਾਂ,-ਹੁੱਜਤਾਂ ਤੇ ਉਕਤੀਆਂ-ਯੁਕਤੀਆਂ ਸੋਚ ਸੋਚ ਕੇ ਭਾਵੇਂ ਜਿੰਨਾ ਮਰਜ਼ੀ ਹੋਵੇ ਅਸੀਂ ਸਿਰ-ਖਪਾਈ ਕਰਦੇ ਰਹੀਏ, ਕਿਤੇ ਅੰਤ ਨਹੀਂ। ਠੀਕ ਹੀ ਹੈ, "ਸਾਰੇ ਜਹਾਂ ਕਾ ਦਰਦ ਹਮਾਰੇ ਦਿਲ ਮੇਂ ਹੈ" ਵਾਲੀ ਸੋਚ ਦਾ ਫ਼ਾਲਤੂ ਭਾਰ ਸਿਰ 'ਤੇ ਚੁੱਕੀ ਫਿਰਨ ਵਾਲੇ ਬੰਦੇ ਭਲਾ ਸੁਖੀ ਰਹਿ ਵੀ ਕਿਵੇਂ ਸਕਦੇ ਹਨ! ਫੇਰ, "ਮਨਮੁਖ ਸਉ ਕਰਿ ਦੋਸਤੀ ਸੁਖ ਕਿ ਪੁਛਹਿ ਮਿਤ ॥" ਵੱਡੇ ਦੁਨੀਆਂਦਾਰਾਂ ਨਾਲ਼ ਸਾਂਝਾਂ ਪਾਉਣੀਆਂ ਤੇ ਸੁਖ ਦੀ ਆਸ ਰੱਖਣੀ ਲਗਪਗ ਅਸੰਭਵ ਜਿਹੀ ਬਾਤ ਮਾਲੂਮ ਹੁੰਦੀ ਹੈ। ਇਹ ਇਉਂ ਹੀ ਹੈ ਜਿਵੇਂ ਕੋਈ ਨਿਕੇ ਜਿਹੇ ਬੂਹੇ ਵਾਲੇ, ਛੋਟੇ ਜਿਹੇ ਘਰ ਵਿਚ ਰਹਿਣ ਵਾਲਾ, ਅਦਨਾ ਜਿਹਾ ਸੱਜਣ ਪੁਰਸ਼, ਊਠਾਂ ਵਾਲ਼ਿਆਂ ਨਾਲ਼ ਯਰਾਨਾ ਕਾਇਮ ਰੱਖਣ ਦਾ ਨਿਸਫਲ ਜਿਹਾ ਯਤਨ ਜਾਰੀ ਰੱਖੇ। ਦੁਨਿਆਵੀ ਪਖੋਂ ਵੱਡਾ ਬਣਨ ਦੇ ਯਤਨਾਂ 'ਚ ਮਨੁੱਖਾ ਜਨਮ ਸਾਰਾ ਹੀ ਬੀਤ ਜਾਂਦਾ ਹੈ; ਫੇਰ ਵੀ, ਹਰ ਤਰ੍ਹਾਂ ਦੇ ਹੱਥ-ਕੰਡੇ ਅਜ਼ਮਾਉਣ ਦੇ ਬਾਵਜੂਦ ਵੀ, ਕਿਸੇ ਵਿਰਲੇ ਨੂੰ ਹੀ ਅਧੂਰੀ ਜਿਹੀ ਸਫਲਤਾ ਪ੍ਰਾਪਤ ਹੁੰਦੀ ਹੈ। ਜੇਕਰ ਇਹ ਸਫਲਤਾ ਪ੍ਰਾਪਤ ਹੋ ਵੀ ਜਾਵੇ, ਅਰਥਾਤ ਮਨੁੱਖ ਵੱਡਾ ਦੁਨੀਆਂਦਾਰ ਬਣ ਵੀ ਜਾਵੇ ਤਾਂ "ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ॥" ਵਾਲੀ ਅਵਸਥਾ 'ਤੇ ਹੀ ਪੁਜਿਆ ਜਾ ਸਕਦਾ ਹੈ। ਬਾਕੀ ਉਤਲੇ ਦੀਆਂ ਉਤਲਾ ਹੀ ਜਾਣੇ! "ਕਾਠ ਕੀ ਪੁਤਰੀ ਕਹਾ ਕਰੈ ਬਪੁਰੀ ਖਿਲਾਵਨਹਾਰੋ ਜਾਨੈ।।" ਇਕ ਲੋਕੋਕਤੀ ਹੈ, "ਧੰਧਾ ਕਿਨੈ ਨਾ ਸਾਧਿਉ, ਸਭ ਧੰਧੈ ਸਾਧੇ।" ਮਨੁੱਖ ਜੇਕਰ ਸੋਚੇ ਕਿ ਸਭ ਧੰਧੇ ਮੈਂ ਮੁਕਾ ਲਵਾਂਗਾ ਤਾਂ ਅਜਿਹੀ ਖ਼ੁਸ਼-ਨਸੀਬੀ ਸ਼ਾਇਦ ਕਿਸੇ ਵਿਰਲੇ ਦੇ ਹੀ ਹਿਸੇ ਆ ਸਕੇ! ਫੇਰ ਵੀ ਇਸ ਸਭ ਕੁਝ ਦਾ ਅਰਥ ਇਹ ਨਹੀਂ ਹੈ ਕਿ ਅਸੀਂ ਹੱਥ 'ਤੇ ਹੱਥ ਧਰ ਕੇ ਬਹਿ ਰਹੀਏ ਤੇ ਦਾਤੇ ਦੀ ਦਿਤੀ ਦਾਤ, ਅਰਥਾਤ ਹਿੰਮਤ ਨੂੰ ਕੰਜੂਸ ਵਾਂਗ ਗੰਢ ਮਾਰ ਛੱਡੀਏ ਤੇ ਵਰਤੀਏ ਬਿਲਕੁਲ ਨਾ; ਤੇ ਨਿਰੇ ਸਾਧ ਦੇ ਬਚਨਾਂ ਦੇ ਪੂਰੇ ਹੋਣ ਦੀ ਆਸ 'ਤੇ, ਖ਼ੁਦ ਉਦਮ ਕਰਨ ਤੋਂ ਸਿਰ ਹੀ ਫੇਰ ਛੱਡੀਏ! ਸਗੋਂ ਇਹਦੇ ਉਲਟ, "ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ ॥" ਦੇ ਉਪਦੇਸ਼ ਉਪਰ ਅਮਲ ਕਰਨ ਦਾ ਗੁਰੂ ਕੇ ਸਿੱਖ ਵਾਸਤੇ ਵਿਧਾਨ ਹੈ। ਅਕਾਲ ਪੁਰਖ ਵਲੋਂ ਸਾਜੀ ਗਈ ਅਸਚਰਜ ਸ੍ਰਿਸ਼ਟੀ ਦਾ ਹਰੇਕ ਜੀਅ-ਜੰਤ ਆਹਰੇ ਲੱਗਾ ਹੋਇਆ ਹੈ ਤੇ ਆਹਰ ਅੰਦਰ ਲੱਗਾ ਹੋਇਆ ਹੀ ਸੋਭਾ ਪਾਉਂਦਾ ਹੈ; ਨਹੀਂ ਤਾਂ ਸਿਆਣੇ ਆਖਣਾ ਕਰਦੇ

ਨੇ, "ਵਿਹਲਾ ਦਿਮਾਗ਼ ਸ਼ੈਤਾਨ ਦਾ ਚਰਖਾ।" ਏਸੇ ਲਈ ਹੀ ਲੋਕੋਕਤੀ ਬਣੀ ਏ, "ਬੇਕਾਰ ਮਬਾਸ਼ ਕੁਝ ਕੀਆ ਕਰ। ਔਰ ਨਹੀਂ ਤੋ ਤੰਬੀ ਉਧੇੜ ਕੇ ਸੀਆ ਕਰ।" ਵਿਹਲੇ ਬੈਠ ਕੇ ਕਾਗ਼ਜ਼ ਕਾਲ਼ੇ ਕਰਨ ਨਾਲੋਂ ਤਾਂ, ਚੰਡੀਗੜ੍ਹੀਏ ਚਾਚੇ ਵਾਲੀ ਚਾਚੀ ਅਨੁਸਾਰ, ਕੁੱਤੇ ਦੀਆਂ ਜੂੰਆਂ ਕਢਣੀਆਂ ਹੀ ਚੰਗੀਆਂ ਨੇ। ਹੋਰ ਕੁਝ ਨਹੀਂ ਤਾਂ ਇਸ ਮਹਾਨ ਕਾਰਜ ਦੁਆਰਾ ਜੂੰ-ਮਾਰ ਦਵਾਈ ਦਾ ਖ਼ਰਚਾ ਤਾਂ ਬਚਾਇਆ ਹੀ ਜਾ ਸਕਦਾ ਹੈ। Something is better than nothing. ਕੁਝ ਨਾ ਹੋਣ ਨਾਲੋਂ ਕੁਝ ਹੋਣਾ ਤਾਂ ਆਮ ਤੌਰ 'ਤੇ ਚੰਗਾ ਹੀ ਸਮਝਿਆ ਜਾਂਦਾ ਹੈ। ਵੈਸੇ ਕਈ ਸਿਆਣੇ ਸੱਜਣ, Nothing is better than something nonsense. ਵਰਗੀ ਸੋਚ ਉਪਰ ਵੀ ਵਿਸ਼ਵਾਸ ਰੱਖਦੇ ਹਨ। ਅਗੋਂ ਤੁਸੀਂ ਖ਼ੁਦ ਸਿਆਣੇ ਹੋ। ਕਲਮ-ਘਸਾਈ ਵਰਗੀ 'ਫੈਲਸੂਫ਼ੀ' 'ਚ ਤਾਂ ਸਿਵਾਏ ਘਾਟੇ ਤੋਂ ਹੋਰ ਕੁਝ ਦੀ ਆਸ ਕਰਨੀ ਇਉਂ ਹੈ ਜਿਵੇਂ ਸੰਢਿਆਂ ਵਾਲੇ ਘਰੋਂ ਲੱਸੀ ਲਭ ਜਾਣ ਦੀ ਹੁੜਕ ਰੱਖਣੀ।

ਮੇਰੀਆਂ ਅੱਲ-ਵਲੱਲੀਆਂ ਜਿਹੀਆਂ ਪੜ੍ਹਨ ਵਿਚ ਤੁਹਾਡਾ ਫ਼ਾਲਤੂ ਸਮਾ ਤਾਂ ਲਗਿਆ ਹੈ ਪਰ ਕਦੀ-ਕਦਾਈਂ ਕੁਝ ਕੁ ਊਲ-ਜਲੂਲ ਪੜ੍ਹਨਾ ਸੁਣਨਾ ਵੀ ਸੋਚ ਦਾ ਸਵਾਦ ਬਦਲ ਕੇ ਕੁਝ ਅਨੰਦ ਜਿਹਾ ਬਣਾ ਦਿੰਦਾ ਹੈ ਸ਼ਾਇਦ!

ਬਾਕੀ ਤਕਰੀਬਨ ਸਭ ਠੀਕ ਠਾਕ ਹੈ ਜੀ। ਪਰਵਾਰ ਅਤੇ ਸਨੇਹੀਆਂ ਨੂੰ ਨਿੱਘੀ ਯਾਦ। ਪੱਤਰ ਦਾ ਉਤਰ ਜਰੂਰ ਦੇਣਾ ਤਾਂ ਕਿ ਮੈਨੂੰ ਪਤਾ ਲਗ ਜਾਵੇ ਕਿ ਇਹ ਪਾਤੀ ਸੇਵਾ ਵਿਚ ਪਹੁੰਚ ਗਈ ਹੈ।

ਤੁਹਾਡਾ ਆਪਣਾ ਹੀ,

ਸੰਤੋਖ ਸਿੰਘ

ਨੋਟ : ਇਹ ਚਿੱਠੀ ਲਿਖਣ ਸਮੇ ਹਾਲਾਤ ਚਿੱਠੀ ਵਿਚਲੇ ਮਜ਼ਮੂਨ ਅਨੁਸਾਰ ਹੀ ਸਨ। ਹੁਣ ਸਮਾਂ ਬੀਤਣ ਨਾਲ ਇਹਨਾਂ ਵਿਚ ਖ਼ਾਸਾ ਅੰਤਰ ਆ ਗਿਆ ਹੈ।

B.S. Ramoowalia
Member of Parliament

10.10.99

ਪਰਮ ਪਿਆਰੇ ਅਤੇ ਗਿਆਨ-ਵਿਵੇਕੀ, ਗੌਰਵ ਤੇ ਪਿਆਰ ਦੇ ਪਾਤਰ
ਵੀਰ ਸ: ਸੰਤੋਖ ਸਿੰਘ ਜੀ,

ਗੁਰਫ਼ਤਿਹ!

ਇਸ ਐਤਵਾਰ ਦੇ ਚਿਰਾਂ ਪਿੱਛੋਂ ਮਿਲ਼ੇ ਕੁਝ ਵੇਹਲ ਦੌਰਾਨ ਅਜ ਪੁਰਾਣੇ ਕਾਗ਼ਜ਼ਾਂ ਵਿਚੋਂ ਜ਼ਰੂਰੀ ਦਸਤਾਵੇਜ਼ਾਂ ਨੂੰ ਆਮ ਸਮੱਗਰੀ ਤੋਂ ਵੱਖਰਾ ਕਰਦਿਆਂ VIP ਫ਼ਾਈਲ ਵਿਚੋਂ ਤੁਹਾਡੀ ਚਿਠੀ (੨੩.੧.੯੬ ਵਾਲੀ) ਮਿਲੀ। ਦੋ ਵਾਰ ਪੜ੍ਹੀ। ਤੁਸੀਂ ਯਾਦਾਂ ਨੂੰ ਪਿਆਰ ਨਾਲ਼ ਜਗਾਇਆ ਹੈ। ਇਕ ਇਕ ਸ਼ਬਦ ਨੂੰ ਸਾਰੰਗੀ ਦੀਆਂ ਤਾਰਾਂ ਸੁਰ ਕਰਨ ਵਾਂਗ ਕੋਮਲ ਟੁਣਕ ਦਿਤੀ ਹੈ; ਜਾਂ ਇੰਦਰ ਦੇ ਦਰਬਾਰ ਘੂਕ ਸੁੱਤੀਆਂ ਪਰੀਆਂ ਨੂੰ ਜਗਾਉਣ ਲਈ ਖੜਕਾ ਰਹਿਤ ਛੋਹ ਦਿਤੀ ਹੈ। ਪਹਿਲੀ ਗੱਲ ਕਿ ਝੋਰਾ, ਪਛਤਾਵਾ ਤੇ ਹੀਣਤਾ ਨੇ ਸਾਰੀ ਸੋਚ ਨੂੰ ਲਿਤਾੜ-ਝੰਜੋੜ ਦਿਤਾ ਹੈ ਕਿ ਕਿਸ ਕਰਮਚਾਰੀ ਨੇ ਇਹ ਗੁਨਾਹ ਕੀਤਾ ਕਿ ਚਿਠੀ ਮੈਨੂੰ ਬਿਨਾ ਦਿਖਾਇਆਂ ਹੀ ਫ਼ਾਈਲ ਕਰ ਦਿਤੀ। ਗ਼ਲਤੀ ਕਿਸੇ ਦੀ ਪਰ ਹੋਰ ਝੋਰਾ ਕਿ ਸੰਤੋਖ ਵੀਰ ਕੀ ਸੋਚਦਾ ਹੋਵੇਗਾ ਕਿ, "ਡੰਗਰ ਚਾਰਦਾ ਵੜ ਗਿਆ ਸ਼ੀਸ਼ ਮਹਿਲੀਂ" ਤੇ ਭੁੱਲ ਗਿਆ। ਹਾਏ ਸੱਚ! ਮੈਂ ਨਹੀਂ ਭੁੱਲਿਆ; ਨਾਲੇ ਸੰਤੋਖ ਜੀ ਵਰਗੇ ਨੂੰ ਭੁੱਲਣ ਜਾਂ ਅਣਗੌਲਣ ਦਾ ਗੁਨਾਹ ਮੈਂ ਤਾਂ ਕੀ ਕੋਈ ਭੀ ਨਹੀਂ ਕਰ ਸਕਦਾ। "ਭੰਗ, ਪੋਸਤ, ਅਫ਼ੀਮ, ਮਦਰਾ" ਦੇ ਗੱਫੇ ਲਾ ਕੇ ਭੀ ਕੋਈ ਨਹੀਂ ਕਰ ਸਕਦਾ। ਸੋ ਇਹ ਗਿਲਾ ਨਾ ਕਰਨਾ ਕਿ ਚਿਠੀ ਦਾ ਉਤਰ ਕਿਉਂ ਨਹੀਂ ਆਇਆ।

੧੯੭੦-੭੧ ਵਾਲੇ ਦਿਨ ਮੇਰੇ ਲਈ ਜਿਥੇ ਸ਼ੇਖ਼ ਚਿੱਲੀ ਵਾਲੇ ਸੁਪਨੇ ਲੈ ਕੇ ਸੰਘਰਸ਼ ਦੇ ਸਨ, ਓਥੇ ਤੁਹਾਡੇ ਵਰਗੇ ਸੁਹਿਰਦ ਤੇ ਸੂਝਵਾਨ ਵੀਰਾਂ ਨਾਲ਼ ਸਾਂਝ ਬਿਤਾਉਣ ਤੇ ਅਪਣੱਤ ਦੀ ਪ੍ਰੇਰਨਾ ਦੇ ਸ੍ਰੋਤ ਦੇ ਦਿਨ ਸਨ। ਅਜੀਤ ਮੌਲਵੀ ਤੇ ਮਜਬੂਰ ਸੰਸਾਰ ਨੇ ਨਿਰਾਦਰੀ ਨਾਲ਼ ਉਸ ਥਾਂ ਸੁੱਟ ਦਿਤੇ ਜਿਥੋਂ ਮੁੜ ਵਾਪਸ ਕੋਈ ਨਹੀਂ ਮੁੜਿਆ। ਤੁਹਾਡਾ ਥਹੁ-ਪਤਾ ਨਾ ਲੱਗੇ। ਮੈਂ ੩.੮.੮੨ ਤੋਂ ੭ ਜੂਨ ੧੯੮੪ ਤਕ ਸ੍ਰੀ ਦਰਬਾਰ ਸਾਹਿਬ ਰਿਹਾ। ਮਾਹੌਲ ਨਿਰੀਆਂ ਨਫ਼ਰਤਾਂ ਤੇ ਅਹੰਕਾਰ ਦਾ ਗ਼ੁਲਾਮ ਸੀ। "ਬਿਸਰਿ ਗਈ ਸਭ ਤਾਤਿ ਪਰਾਈ ॥" ਦੀ ਥਾਂ ਧੜੇਬੰਦੀ; ਤੇ "ਨਾ ਕੋ ਬੈਰੀ ਨਹੀ ਬਿਗਾਨਾ" ਦੀ ਥਾਂ 'ਸਭ ਕੋ ਵੈਰੀ' ਦੇ ਭਿਆਨਕ ਚੇਹਰੇ 'ਤੇ ਗੋਲ਼ ਦਸਤਾਰਾਂ, ਚੋਲਿਆਂ ਤੇ ਦਸਮੇਸ਼ ਜੀ ਦੇ ਬਖ਼ਸ਼ਿਸ਼

ਬਾਣੇ ਵਿਚ 'ਬਾਬਰ ਕੇ' ਜਲ੍ਹੀਆਂ ਪਾਉਂਦੇ, ਚਿੰਘਾੜਦੇ, ਤੇ ਦਹਾੜਦੇ ਨਜ਼ਰ ਆਉਂਦੇ ਸਨ। 'ਅਨੰਦਪੁਰੀ ਸੋਚ' ਦੀ ਧੌਣ ਨੂੰ 'ਔਰੰਗਜ਼ੇਬੀ ਧੌਂਸ' ਨੇ ਘੁੱਟ ਤੇ ਕੁੱਟ ਛੱਡਿਆ ਸੀ। ਖ਼ੈਰ, ਗੁਰੂ ਦੀ ਕਿਰਪਾ, ਮੈਂ ਮਾਨਵ ਏਕਤਾ ਦੇ ਆਤਮਾ ਵਿਚ ਧਸ ਚੁੱਕੇ ਸਿਧਾਂਤ ਦਾ ਪੱਲੂ ਨਹੀਂ ਸੀ ਛੱਡਿਆ।

ਤੁਸੀਂ ਸਾਰੀ ਚਿਠੀ ਵਿਚ ਯਾਦਾਂ ਤਾਜ਼ਾ ਕਰਨ, ਯਾਦਾਂ ਦੀ ਸੂਖਮਤਾ 'ਚੋਂ ਪੁਰਾਣੇ ਸਰੂਰ ਨੂੰ ਸੁਰਜੀਤ ਕਰ ਦਿਤਾ, ਠੀਕ ਹੈ। ਪੁਰਾਣੀ ਮਿੱਤਰਤਾ ਪੁਰਾਣੇ ਸ਼ਹਿਦ ਵਾਂਗ ਗੁਣਕਾਰੀ ਹੁੰਦੀ ਹੈ। ਕਈ ਉਹ ਘਟਨਾਵਾਂ ਲਿਖੀਆਂ ਹਨ ਜੋ ਮੈਨੂੰ ਭੀ ਯਾਦ ਨਹੀਂ ਸਨ ਪਰ ਪੜ੍ਹਦਿਆਂ ਹੀ ਇੰਜ ਲੱਗਿਆ ਜਿਵੇਂ ਤੁਹਾਡੇ ਜਾਂ ਮੇਰੇ ਘਰ ਦੇ ਅਰਦ ਵਿਚ ਬਹਿ ਕੇ, ਸਭ ਫ਼ਿਕਰ ਦੂਰ ਸੁੱਟ, ਸਿਰਫ਼ ਪੁਰਾਣੀਆਂ ਯਾਦਾਂ ਦੀ ਪਟਾਰੀ ਫਰੋਲ ਕੇ ਗੁਆਚੇ ਹੀਰੇ ਲਭ ਰਹੇ ਹੋਈਏ।

ਮੈਨੂੰ ਜਦੋਂ ਦੀ ਇਹ ਬਹੁਮੁੱਲੀ ਪੱਤਰਕਾ ਮਿਲ਼ੀ ਹੈ ਓਦੋਂ ਤੋਂ ਹੀ, ਓਦੋਂ ਤੇ ਹੁਣ ਦੇ ਸ: ਸੰਤੋਖ ਸਿੰਘ ਵਿਚ Comparison ਕਰੀ ਜਾਂਦਾ ਹਾਂ। ਕੋਮਲ, ਮਿੱਠੀ ਸ਼ਬਦਾਵਲੀ ਤੇ ਦੂਸਰੇ ਨੂੰ ਅੱਗੇ ਰੱਖਣ ਤੇ ਸਾਥੀ ਨੂੰ ਵਿਚਾਰ ਰੱਖਣ ਦੀ ਪਹਿਲ ਦੇਣ ਵਾਲੇ; ਹੁਣ ਵੱਡੀ ਉਮਰ ਵਾਲੇ ਇਹਨਾਂ ਗੁਣਾਂ ਕਰਕੇ ਹੋਰ ਭੀ ਮਿਠੀ ਸ਼ਖ਼ਸੀਅਤ ਬਣ ਗਏ ਹੋਵੋਗੇ। ਤੁਹਾਡੀ ਸ਼ਬਦਾਵਲੀ ਤੇ ਅੰਦਾਜ਼ ਦਾ ਨਿਵੇਕਲ਼ਾਪਣ ਸਦਾ ਸੋਹਣਾ ਲੱਗਦਾ ਸੀ। ਇਕ ਮੱਸਿਆ ਨੂੰ ਤੁਸੀਂ ਤੇ ਮੈਂ ਤਰਨ ਤਾਰਨ ਸੀ। ਮੈਂ ਅੰਕੜਿਆਂ ਭਰੀ ਸਪੀਚ ਕਰ ਦਿਤੀ। ਵੀਅਤਨਾਮ ਤੇ ਰੂਸੀ ਸੋਚ, ਆਰਥਕ ਢਾਂਚਾ, ਭਾਰਤ ਸਿਰ World Bank ਤੇ I.M.F. ਦੇ ਕਰਜ਼ੇ ਦੇ ਸਿਲਸਿਲੇ ਛੇੜ ਦਿਤੇ। ਲੋਕਾਂ ਤੋਂ ਜੈਕਾਰੇ ਛਡਾ ਲਏ। ਜਦੋਂ ਆਪਾਂ ਸੌਣ ਗਏ ਤਾਂ ਤੁਸੀਂ ਅਤੀ ਸੰਜੀਦਾ ਹੋ ਕੇ ਕਿਹਾ, "ਕੀ ਤੁਹਾਨੂੰ ਭਰੋਸਾ ਹੈ ਕਿ ਲੋਕ ਤੁਹਾਡੀ ਗੱਲ ਸਮਝ ਰਹੇ ਸਨ?" ਫਿਰ ਆਪ ਹੀ ਕਿਹਾ, "ਜੈਕਾਰੇ ਤਾਂ ਇਹੀ ਦੱਸਦੇ ਸਨ; ਪ੍ਰੰਤੂ ਜਿਨ੍ਹਾਂ ਗੱਲਾਂ ਦੀ ਮੈਨੂੰ ਸਮਝ ਮੁਸ਼ਕਲ ਨਾ਼ਲ ਆ ਰਹੀ ਸੀ, ਸੁਖਣਾਂ ਲਾਹੁਣ ਤੇ ਮੱਸਿਆ ਨਹਾਉਣ ਆਇਆਂ ਨੂੰ ਉਹਨਾਂ ਦਾ ਪਤਾ ਕਿਵੇਂ ਲੱਗਦਾ ਹੋਵੇਗਾ!" ਤਾਂ ਮੈਂ ਕਿਹਾ ਸੀ, "ਇਹ ਗਿਆਨ ਵੈਰਾਗੀ ਸਾਹਿਬ ਉਤੇ ਗਿਆਨ ਦਾ ਰੋਹਬ ਪਾਉਣ ਲਈ ਸੀ।" (ਪ੍ਰਸਿਧ ਪੰਥਕ ਬੁਲਾਰੇ ਸਵਰਗਵਾਸੀ ਗਿ: ਕੇਹਰ ਸਿੰਘ ਵੈਰਾਗੀ, ਜੋ ਕਿ ਰਾਮੂਵਾਲੀਆ ਜੀ ਦੇ ਵਿਰੋਧੀ ਸਨ, ਰਾਮੂਵਾਲੀਆ ਜੀ ਦੀ ਸਪੀਚ ਸਮੇ ਸਟੇਜ ਉਪਰ ਬੈਠੇ ਹੋਏ ਸਨ।)

ਲਿਖਣਾ ਕਿ ਬੱਚੇ ਕਿਡੇ ਕਿਡੇ ਹਨ। ਮੈਂ ਹੁਣ ੬ ਜਨ ਪਥ ਵਿਚ ਹਾਂ। ਏਹੀ ਕੋਠੀ ਮੰਤਰੀ ਹੋਣ ਸਮੇ ਮੇਰੇ ਕੋ਼ਲ ਸੀ ਅਤੇ ਤੀਜੀ ਵਾਰ MP ਹੋਣ ਕਰਕੇ ਇਹ ਮੇਰੇ ਕੋ਼ਲ ਰਹਿ ਸਕਦੀ ਹੈ। ਮੇਰਾ ਲੜਕਾ ਤੇ ਵੱਡੀ ਲੜਕੀ ਕੈਨੇਡਾ ਵਿਚ ਹਨ। ਛੋਟੀ ਬੇਟੀ ਭਾਰਤ ਵਿਚ ਹੀ ਪਾਇਲਟ ਹੈ।

ਤੁਸੀਂ ਖ਼ੁਸ਼ ਹੋਵੋਗੇ ਕਿ ਮੇਰੀ ਆਤਮਾ ਵਿਚ ਵਸ ਗਿਆ ਹੈ ਕਿ ਲੋਕ-ਸੇਵਾ ਹੀ ਸਭ ਤੋਂ ਵੱਡੀ ਸ਼ਕਤੀ, ਫ਼ਰਜ਼ ਤੇ ਸਦੀਵੀ ਪ੍ਰਾਪਤੀ ਹੈ। ਏਸੇ ਕਰਕੇ ਮੈਂ ਵੱਡੇ ਵੱਡੇ ਕੰਮਾਂ ਨੂੰ ਹੱਥ ਪਾਇਆ ਤੇ ਸਫਲਤਾ ਨੇ ਆਪਣਾ ਮੂੰਹ ਮੇਰੇ ਕੋਲੋਂ ਕਦੇ ਦੂਰ ਨਹੀਂ ਰੱਖਿਆ। ਅਜ ਸੰਤੁਸ਼ਟੀ ਦੇ ਅਗੰਮੀ ਸਾਗਰ ਦਾ ਆਭਾਸ ਪ੍ਰਾਪਤ ਹੈ। ਮੇਹਰ ਸਭ ਸਤਿਗੁਰੂ ਜੀ ਦੀ ਹੈ।

ਸਾਰੇ ਪਰਵਾਰ ਨੂੰ ਬਹੁਤ ਬਹੁਤ ਸ਼ੁਭ ਇਛਾਵਾਂ ਪ੍ਰਵਾਨ ਹੋਣ।

ਆਪ ਦਾ ਵੀਰ,

ਬਲਵੰਤ ਸਿੰਘ ਰਾਮੂਵਾਲੀਆ